# ਗੁਰਮਤਿ ਸੇਧਾਂ (ਭਾਗ ੪)

## ਗੁਰ ਕੀ ਨਿੰਦਾ ਸੁਨਹਿ ਨ ਕਾਨਿ


ਸੰਪਾਦਕ
**ਕੰਵਰ ਅਜੀਤ ਸਿੰਘ**



**ਪ੍ਰਕਾਸ਼ਕ**

**ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ**


**GURMAT SEDHAN (Part-IV)**


by
**Kanwar Ajit Singh**
20/77, Ranjit Nagar, G- Block,
Seona Road, Patiala.



**Publications**
Gurmat Vichar Kendar
Seona Road, Patiala.


....................................................


**ਕੰਵਰ ਅਜੀਤ ਸਿੰਘ**
20/77, ਰਣਜੀਤ ਨਗਰ, ਜੀ-ਬਲਾਕ
ਸਿਉਨਾ ਰੋਡ, ਪਟਿਆਲਾ
ਫ਼ੋਨ : 0175-2359328
ਮੋਬ : 98151-56818, 95018-77116
e-mail : sdkajitsingh@yahoo.co.in
www : gurmatvichar.info



**ਪਹਿਲੀ ਵਾਰ : ਜੂਨ 2013 (500)**



**@ : ਕਰਤਾ ਦੇ ਸਭ ਹੱਕ ਰਾਖਵੇਂ ਹਨ**



ਲੇਜ਼ਰ ਟਾਈਪ ਸੈਟਿੰਗ :
ਤੇਜਪ੍ਰੀਤ ਕੰਪਿਊਟਰ, ਪਟਿਆਲਾ
99882-59719

ਪ੍ਰਿੰਟਰਜ਼ :
ਡੈਫੋਡਿਲਜ਼ ਪ੍ਰਿੰਟਰਜ਼, ਫੈਕਟਰੀ ਏਰੀਆ, ਪਟਿਆਲਾ

ਕੀਮਤ : 160/- ਰੁਪਏ

# ਭੂਮਿਕਾ

ਗੁਰਮਤਿ ਵਿਚਾਰ ਕੇਂਦਰ 'ਸਿਉਨਾ ਰੋਡ' ਪਟਿਆਲਾ ਦੀ ਪੰਥ ਲਈ ਸਾਹਿਤਿਕ ਸੇਵਾ ਸੰਨ 2000 ਈ. ਵਿਚ ਅਰੰਭ ਹੋਈ ਸੀ। ਖ਼ਾਲਸਾ ਸਾਜਣਾ ਦਿਵਸ ਦੀ ਤੀਸਰੀ ਸ਼ਤਾਬਦੀ ਲਗਾਤਾਰ ਇਕ ਸਾਲ ਮਨਾਈ ਗਈ । ਉਸ ਸਮੇਂ ਕੇਂਦਰ ਵਿਚ ਬੀ.ਜੇ.ਪੀ. ਦੀ ਸਰਕਾਰ ਸੀ ਅਤੇ ਪੰਜਾਬ ਵਿਚ ਵੀ ਬੀ.ਜੇ.ਪੀ. ਦੀ ਭਾਈਵਾਲਤਾ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ । ਸਰਕਾਰੀ ਭਾਈਵਾਲਤਾ ਕਾਰਨ ਕੇਂਦਰ ਸਰਕਾਰ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ । ਅਪਣੀ ਕੂਟਨੀਤੀ ਅਨੁਸਾਰ 100 ਕਰੋੜ ਦੀ ਰਾਸ਼ੀ ਵਾਲੀ ਭੇਲੀ ਸੁੱਟ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਫੁੱਟ ਪਾ ਦਿੱਤੀ । ਦੂਸਰੇ ਪਾਸੇ ਆਰ.ਐੱਸ.ਐੱਸ. ਨੂੰ ਇਸ ਮੰਤਵ ਲਈ 100 ਕਰੋੜ ਦੀ ਰਾਸ਼ੀ ਦਿੱਤੀ ਗਈ । ਹਿੰਦੂ, ਹਿੰਦੀ ਅਤੇ ਹਿੰਦੁਸਤਾਨ ਦੀ ਵੀਚਾਰਧਾਰਾ ਵਾਲੀ ਇਸ ਸੰਸਥਾ ਨੇ ਜੈਸਾ ਪ੍ਰਚਾਰ ਕੀਤਾ ਅਤੇ ਜਿਸ ਤਰ੍ਹਾਂ ਕੀਤਾ, ਉਸ ਨੂੰ ਸਿੱਖ ਸੰਗਤਾਂ ਵਿਚ ਪ੍ਰਗਟ ਕਰਨ ਲਈ ਦਾਸ ਨੇ ਦੋ ਟ੍ਰੈਕਟ, 1. ਰਾਸ਼ਟਰੀ ਸਿੱਖ ਸੰਗਤ ਝੂਠ ਦਾ ਪੁਲੰਦਾ 2. ਆਰ.ਐੱਸ.ਐੱਸ. ਝੂਠ ਦਾ ਪੁਲੰਦਾ ਵੱਡੀ ਗਿਣਤੀ ਵਿਚ ਛਾਪ ਕੇ ਸਿੱਖ ਸੰਗਤਾਂ ਵਿਚ ਭੇਟਾ ਰਹਿਤ ਵੰਡੇ । ਜਿਸ ਦਾ ਸਦਕਾ ਦਾਸ ਨੂੰ ਸੰਗਤਾਂ ਵਲੋਂ ਬਹੁਤ ਅਸੀਸਾਂ ਮਿਲੀਆਂ ਅਤੇ ਸ਼ੁਭਚਿੰਤਕਾਂ ਨੇ ਅੱਗੇ ਤੋਂ ਇਹ ਸੇਵਾ ਜਾਰੀ ਰੱਖਣ ਲਈ ਪ੍ਰੇਰਨਾ ਦਿੱਤੀ, ਨਾਲ ਹੀ ਮਾਲੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ । ਆਰ.ਐੱਸ.ਐੱਸ. ਦੀਆਂ ਪੰਥ ਵਿਰੋਧੀ ਨੀਤੀਆਂ ਨੂੰ ਜ਼ਾਹਰ ਕਰਨ ਲਈ ਹੋਰ ਵੀ ਕਾਫ਼ੀ ਕੁਝ ਲਿਖਿਆ ਗਿਆ ।

ਕਾਮਰੇਡੀ ਵੀਚਾਰਧਾਰਾ ਵਾਲੇ ਦਾੜ੍ਹੀ ਕੇਸਾਂ ਵਾਲੇ ਵਿਦਵਾਨਾਂ ਦੀਆਂ ਲਿਖਤਾਂ ਦਾ ਨੋਟਿਸ ਲੈਂਦੇ ਹੋਏ ਦਾਸ ਨੇ ਪਹਿਲਾਂ ਫ਼ਰਵਰੀ 1997 ਈ. ਵਿਚ ਪੰਜਾਬੀ ਟ੍ਰਿਬਿਊਨ ਵਿਚ ਛਪੇ ਸੁਰਜੀਤ ਸਿੰਘ ਦੁਸਾਂਝ, ਪ੍ਰੋਫ਼ੈਸਰ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਲਿਖੇ ਲੇਖ "ਪੰਜਾਬ ਦਾ ਅਜੋਕਾ ਸੰਕਟ-ਬ੍ਰਾਹਮਣਵਾਦੀ ਸਿੱਖਾਂ ਦੀ ਦੇਣ" ਦੇ ਜਵਾਬ ਵਿਚ ਤਕਰੀਬਨ 30 ਪੰਨਿਆਂ ਦਾ ਕਿਤਾਬਚਾ ਛਾਪ ਕੇ ਵੰਡਿਆ । ਇਸ ਦੀ ਇਕ ਕਾਪੀ ਵਿਦਵਾਨ ਲੇਖਕ ਨੂੰ ਭੇਜੀ ਗਈ । ਜਿਸ ਦੇ ਉੱਤਰ ਵਿਚ ਉਸਨੇ ਲਿਖਤੀ ਮੁਆਫ਼ੀ ਮੰਗੀ । ਇਸ ਪਿੱਛੋਂ ਗਿਆਨੀ ਹਰਬੰਸ ਸਿੰਘ ਜੀ ਟੀਕਾਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੁਹੱਲਾ ਡੋਗਰਾ, ਪਟਿਆਲਾ ਤੋਂ ਦਾਸ ਨੂੰ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀ ਲਿਖੀ ਕਿਤਾਬ "ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ" ਭਾਗ ਦਸਵਾਂ (ਬਚਿੱਤਰ ਨਾਟਕ) ਮਿਲੀ । ਦਾਸ ਨੇ ਪਹਿਲਾਂ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੇ ਨਾਂ ਖੁੱਲ੍ਹੀ ਚਿੱਠੀ ਲਿਖ ਕੇ ਖ਼ਾਲਸਾ ਖੰਡੇਧਾਰ (ਮਾਸਿਕ ਪੱਤਰ ਦਮਦਮੀ ਟਕਸਾਲ) ਤੋਂ ਛਪਵਾਈ । ਇਸ ਦੀ ਇਕ-ਇਕ ਕਾਪੀ ਜੋਗਿੰਦਰ ਸਿੰਘ, ਐਡੀਟਰ ਸਪੋਕਸਮੈਨ, ਸ. ਗੁਰਤੇਜ ਸਿੰਘ ਚੰਡੀਗੜ੍ਹ ਅਤੇ ਗੁਰਬਖਸ਼ ਸਿੰਘ ਕਾਲਾ ਅਫਗਾਨਾ ਕੈਨੇਡਾ ਨੂੰ ਭੇਜੀ । ਜਿਸ ਦਾ ਕਿਸੇ ਪਾਸਿਓਂ ਕੋਈ ਜਵਾਬ ਨਹੀਂ ਆਇਆ । ਇਸ ਪਿੱਛੋਂ ਸੰਨ 2005 ਵਿਚ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੀਆਂ 10 ਕਿਤਾਬਾਂ ਦੇ ਉੱਤਰ ਵਿਚ "ਸਭ ਦੁਸਟ ਝਖ ਮਾਰਾ" ਕਿਤਾਬ ਛਪਾਈ ਗਈ ।

ਇਸ ਤੋਂ ਇਲਾਵਾ ਇੰਦਰ ਸਿੰਘ ਘੱਗਾ ਅਤੇ ਇਸ ਦੀ ਵੀਚਾਰਧਾਰਾ ਦੇ ਸਮਰਥਕ ਸਿੱਖ ਮਿਸ਼ਨਰੀ ਕਾਲਜ ਦੇ ਸੰਚਾਲਕਾਂ ਅਤੇ ਪ੍ਰਚਾਰਕਾਂ ਵੱਲੋਂ ਜੋ ਖ਼ਾਲਸਾ ਪੰਥ ਦੇ ਸਿਧਾਂਤ ਅਤੇ ਇਤਿਹਾਸ ਨੂੰ ਵਿਗਾੜਿਆ ਜਾ ਰਿਹਾ ਹੈ, ਉਸ ਦਾ ਨੋਟਿਸ ਲੈਂਦਿਆਂ ਦਾਸ ਵੱਲੋਂ 2 ਕਿਤਾਬਾਂ ਕਾਮਰੇਡੀ ਸਿੱਖਾਂ ਦੇ ਕੌਤਕ ਭਾਗ ਪਹਿਲਾ ਅਤੇ ਦੂਜਾ ਸੰਗਤਾਂ ਨੂੰ ਭੇਟ ਕੀਤੀਆਂ । ਇਸ ਤੋਂ ਇਲਾਵਾ ਜਿੱਥੋਂ ਕਿਤੋਂ ਵੀ ਦਾਸ ਨੂੰ ਪੰਥ ਵਿਰੋਧੀ ਲਿਖਤ ਪ੍ਰਾਪਤ ਹੋਈ ਆਪਣੀ ਤੁੱਛ ਬੁੱਧੀ ਅਨੁਸਾਰ ਉਸ ਦਾ ਢੁਕਵਾਂ ਉੱਤਰ ਦੇਣ ਦਾ ਉਪਰਾਲਾ ਕੀਤਾ ਗਿਆ । ਇਸ ਸੰਦਰਭ ਵਿਚ ਦਾਸ ਤੋਂ ਜੋ ਕੁਝ ਵੀ ਸਰ ਬਣ ਆਇਆ ਅਤੇ ਜੋ ਪਹਿਲਾਂ ਟ੍ਰੈਕਟਾਂ ਦੇ ਰੂਪ ਵਿਚ ਛਾਪ ਕੇ ਵੰਡਿਆ ਗਿਆ ਉਸ ਨੂੰ ਇਕੱਠਿਆਂ ਕਰਕੇ ਗੁਰਮਤਿ ਸੇਧਾਂ ਭਾਗ ਚੌਥਾ ਦੇ ਰੂਪ ਵਿਚ ਖ਼ਾਲਸਾ ਪੰਥ ਦੀ ਸੇਵਾ ਵਿਚ ਹਾਜ਼ਰ ਕੀਤਾ ਜਾ ਰਿਹਾ ਹੈ । ਦਾਸ ਕੋਈ ਵਿਦਵਾਨ ਨਹੀਂ ਹੈ । ਪੇਸ਼ੇ ਵਜੋਂ ਰੇਲਵੇ ਤੋਂ ਰਿਟਾਇਰ ਹੋਇਆ ਹੈ । ਇਸ ਲਈ ਅਨੇਕਾਂ ਭਾਸ਼ਾਈ ਤਰੁੱਟੀਆਂ ਅਤੇ ਇਤਿਹਾਸਿਕ ਗ਼ਲਤੀਆਂ ਹੋ ਸਕਦੀਆਂ ਹਨ । ਦਾਸ ਇਸ ਲਈ ਖਿਮਾ ਦਾ ਜਾਚਕ ਹੈ । ਇਸ ਕਿਤਾਬ ਦੀ ਸੁਧਾਈ ਦੀ ਸੇਵਾ ਜੋ ਸ. ਨਾਹਰ ਸਿੰਘ ਜੀ ਰਣਜੀਤ ਵਿਹਾਰ, ਸਰਹਿੰਦ ਰੋਡ, ਪਟਿਆਲਾ ਨੇ ਕੀਤੀ ਦਾਸ ਉਸ ਦਾ ਧੰਨਵਾਦ ਕਰਦਾ ਹੈ । ਇਸ ਤੋਂ ਇਲਾਵਾ ਕਾਕਾ ਜਸਜੀਤ ਸਿੰਘ ਦਾ ਵੀ ਇਸ ਸਾਰੇ ਕੰਮ ਵਿਚ ਬਹੁਤ ਵੱਡਾ ਯੋਗਦਾਨ ਹੈ । ਦਾਸ ਉਮੀਦ ਕਰਦਾ ਹੈ ਕਿ ਗੁਣਵਾਨ ਸੱਜਣ ਅਤੇ ਸਿੱਖ ਸੰਗਤਾਂ ਇਸ ਤੋਂ ਲਾਭ ਉਠਾ ਕੇ ਦਾਸ ਨੂੰ ਅੱਗੇ ਵਾਸਤੇ ਸੁਚਾਰੂ ਰੂਪ ਵਿਚ ਪੰਥ ਦੀ ਸੇਵਾ ਕਰਨ ਲਈ ਸੇਧ ਬਖ਼ਸ਼ਣਗੇ ।

ਦਾਸ
ਕੰਵਰ ਅਜੀਤ ਸਿੰਘ

# ਸਮਰਪਣ

ਸਿੰਘ ਸਭਾ ਲਹਿਰ ਦੇ ਮੋਢੀ
ਪੰਥ ਰਤਨ ਗਿਆਨੀ ਦਿੱਤ ਸਿੰਘ
ਜੀ ਅਤੇ ਪ੍ਰੋਫ਼ੈਸਰ ਗੁਰਮੁੱਖ ਸਿੰਘ
ਜੀ ਨੂੰ

## ਤਤਕਰਾ


| | | |
|---|---|---|
| 1. | ਰਾਸ਼ਟਰੀ ਸਿੱਖ ਸੰਗਤ ਝੂਠ ਦਾ ਪੁਲੰਦਾ | 1 |
| 2. | ਆਰ.ਐੱਸ.ਐੱਸ. ਝੂਠ ਦਾ ਪੁਲੰਦਾ | 12 |
| 3. | ਏਕਤਾ-ਅਖੰਡਤਾ ਦੀ ਮੌਜੂਦਾ ਪਹੁੰਚ ਪਿੱਛੇ, ਅਸਲ ਮਨਸ਼ਾ ਏਕਤਾ-ਅਖੰਡਤਾ ਪਿੱਛੇ ਗੁੱਝਾ ਰਾਜ਼ | 27 |
| 4. | ਜਾਗਹੁ ਜਾਗਹੁ ਸੁਤਿਹੋ | 37 |
| 5. | ਖ਼ਾਲਸਾ ਪੰਥ ਤੇ ਆਰੀਆ ਸਮਾਜ | 50 |
| 6. | ਰੱਬ ਕੋਲੋਂ ਡਰ ਸੱਜਣਾ | 58 |
| 7. | ਆਰ.ਐੱਸ.ਐੱਸ ਦਾ ਗੁਪਤ ਦਸਤਾਵੇਜ਼ | 67 |
| 8. | ਇਨ੍ ਪੜਿਆ ਮੁਕਤ ਨ ਹੋਈ | 73 |
| 9. | ਸਚੁ ਸੁਣਾਇਸੀ ਸਚ ਕੀ ਬੇਲਾ | 82 |
| 10. | ਬ੍ਰਾਹਮਣਵਾਦ-ਬਿਪਰਵਾਦ | 95 |
| 11. | ਗੁਰ ਸਿਮਰਿ ਮਨਾਈ ਕਾਲਿਕਾ? | 103 |
| 12. | ਵਾਹੁ ਵਾਹੁ ਬਾਣੀ ਨਿਰੰਕਾਰ ਹੈ | 119 |
| 13. | ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 132 |
| 14. | ਕਾਮਰੇਡੀ ਪਰਉਪਕਾਰ | 140 |
| 15. | ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦਾ ਪਿਛੋਕੜ-ਕਿਰਦਾਰ-ਵੀਚਾਰਧਾਰਾ | 147 |
| 16. | ਸਪੋਕਸਮੈਨ ਦੇ ਸੰਪਾਦਕ 'ਤੇ ਗੰਭੀਰ ਇਲਜ਼ਾਮ | 158 |
| 17. | ਭਾਈ ਰਣਧੀਰ ਸਿੰਘ ਜੀ ਦੀ ਸਰਦਾਰ ਭਗਤ ਸਿੰਘ ਨਾਲ ਮੁਲਾਕਾਤ | 170 |
| 18. | ਪਰਉਪਕਾਰੀ ਸਤਿਗੁਰੂ ਬਨਾਮ ਪਖੰਡੀ ਗੁਰੂ | 183 |
| 19. | ਸਰਦਾਰ ਖੁਸ਼ਵੰਤ ਸਿੰਘ ਦੇ ਨਾਉਂ ਖ਼ੁੱਲ੍ਹੀ ਚਿੱਠੀ | 192 |
| 20. | ਕੀ ਮਹਾਤਮਾ ਗਾਂਧੀ ਹਾਰ ਗਏ? | 198 |
| 21. | ਨਿਰਮਲਿਆਂ ਨੇ ਪੰਥ ਗਾਲ਼ ਦਿੱਤਾ? | 204 |
| 22. | ਸਰਦਾਰ ਦਲਬੀਰ ਸਿੰਘ ਜੀ ਦੇ ਨਾਉਂ ਖ਼ੁੱਲੀ ਚਿੱਠੀ | 213 |
| 23. | ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ ਨੂੰ ਕੁਝ ਸਵਾਲ | 228 |

# ਰਾਸ਼ਟਰੀ ਸਿੱਖ ਸੰਗਤ ਝੂਠ ਦਾ ਪੁਲੰਦਾ

ਸੰਨ 1999 ਦੀ ਵਿਸਾਖੀ ਤੋਂ ਲਗਾਤਾਰ ਪੂਰਾ ਸਾਲ ਦੇਸ-ਪ੍ਰਦੇਸ ਦੀਆਂ ਗੁਰਸਿੱਖ ਸੰਗਤਾਂ ਅਤੇ ਹੋਰ ਸੰਸਥਾਵਾਂ ਨੇ 300 ਸਾਲਾ ਖ਼ਾਲਸਾ ਸਾਜਨਾ ਦਿਵਸ, ਆਪਣੇ-ਆਪਣੇ ਢੰਗ ਨਾਲ ਮਨਾਇਆ । ਹਰ ਇਕ ਨੇ ਖ਼ਾਲਸਾ ਪੰਥ ਦੇ ਇਤਿਹਾਸਿਕ, ਧਾਰਮਿਕ, ਸਮਾਜਿਕ, ਸਿਧਾਂਤਿਕ ਅਤੇ ਰਾਜਨੀਤਿਕ ਪੱਖੋਂ ਆਪਣੀ ਵਿੱਤ ਅਨੁਸਾਰ ਪ੍ਰਚਾਰਨ ਅਤੇ ਪੰਥਕ ਚੜ੍ਹਤ, ਪ੍ਰਗਟਾਉਣ ਦੀ ਵੱਧ ਤੋਂ ਵੱਧ ਕੋਸ਼ਸ਼ ਕੀਤੀ । ਇੱਥੋਂ ਤੱਕ ਕੇ ਦੇਸ-ਪ੍ਰਦੇਸ ਤੋਂ ਆਏ ਸੰਸਾਰ ਪੱਧਰ ਦੇ ਗ਼ੈਰ-ਸਿੱਖ ਧਾਰਮਿਕ (ਆਗੂਆਂ) ਨੇ ਅਨੰਦਪੁਰ ਸਾਹਿਬ ਆ ਕੇ ਖ਼ਾਲਸੇ ਦੇ ਵਿਲੱਖਣ ਸੁਭਾਅ, ਰਹੁ-ਰੀਤ, ਧਾਰਮਿਕ ਵਿਸ਼ਵਾਸ, ਜੀਵਨ-ਜਾਚ ਨੂੰ ਸਲਾਹੁੰਦੇ ਹੋਏ ਖ਼ਾਲਸੇ ਦੀ ਖ਼ੁਦ-ਮੁਖ਼ਤਿਆਰੀ ਅਤੇ ਵੱਖਰੀ ਪਹਿਚਾਨ ਨੂੰ ਕਬੂਲਿਆ ।

ਇਸ ਦੇਸ ਦੀ ਬਹੁ ਸੰਖਿਆ ਵਸੋਂ ਦੀ ਪ੍ਰਤਿਨਿਧਤਾ ਕਰਨ ਵਾਲਾ ਵਿਸ਼ੇਸ਼ ਵਰਗ, ਇੰਨੇ ਵੱਡੇ ਸੰਸਾਰ ਪੱਧਰ ਦੇ ਮਨਾਏ ਗਏ ਪੁਰ ਅਮਨ ਸਮਾਗਮ (ਜਦ ਕਿ ਪਿਛਲੇ 20 ਸਾਲਾਂ ਤੋਂ ਸਿੱਖਾਂ ਨੂੰ ਖ਼ੂੰਖਾਰ ਅੱਤਵਾਦੀ ਅਤੇ ਜ਼ਰਾਇਮ-ਪੇਸ਼ਾ ਪ੍ਰਚਾਰਿਆ ਗਿਆ ਹੋਵੇ) ਅਤੇ ਚੜ੍ਹਤ ਨੂੰ ਬਰਦਾਸ਼ਤ ਨਾ ਕਰ ਸਕਿਆ । ਇਸ ਲਈ ਉਸ ਨੇ ਆਪਣੇ ਕੁਟਿਲ ਸੁਭਾਅ ਅਤੇ ਸੋਚੀ ਸਮਝੀ ਰਣਨੀਤੀ ਅਨੁਸਾਰ ਖ਼ਾਲਸਾ ਸਾਜਨਾ ਦਿਵਸ ਤਾਂ ਮਨਾਇਆ, ਜਲੂਸ ਭੀ ਕੱਢੇ ਲਾਊਡ ਸਪੀਕਰ ਰਾਹੀਂ ਦੁਨੀਆਂ ਨੂੰ ਦਿਖਾਉਣ ਲਈ ਇਕੱਠ ਕਰਕੇ ਪ੍ਰਚਾਰ ਭੀ ਕੀਤਾ, ਪਰ ਜੋ ਭਾਸ਼ਨ ਦਿੱਤੇ, ਜੋ ਪ੍ਰਚਾਰ ਕੀਤਾ ਅਤੇ ਜੋ ਲਿਖਤੀ ਸਾਹਿਤ ਵੰਡਿਆ ਉਸ ਰਾਹੀਂ ਖ਼ਾਲਸੇ ਦੀ ਪਹਿਚਾਨ ਖ਼ਤਮ ਕਰਨ ਲਈ ਪੂਰਾ ਟਿੱਲ ਲਾ ਕੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਅਤੇ ਹਿੰਦੂ ਧਰਮ ਦਾ ਸ਼ਸਤਰਧਾਰੀ ਹਰਿਆਵਲ ਦਸਤਾ ਪ੍ਰਚਾਰਿਆ ।

ਇਨ੍ਹਾਂ ਦੇ ਇਕੱਠਾਂ ਵਿਚ ਵੰਡੇ ਗਏ ਸਾਹਿਤ ’ਚੋਂ ਇਕ ਮਾਸਿਕ ਪੱਤਰ ‘ਰਵਾਨੀ’ (ਪੰਜਾਬੀ ਦਾ ਇੱਕੋ-ਇਕ ਰਾਸ਼ਟਰਵਾਦੀ ਮਾਸਿਕ ਪੱਤਰ) ਸੰਪਾਦਕ ਸੁਰਿੰਦਰ ਸਿੰਘ ਦਰਵੇਸ਼ ਅਤੇ ਪ੍ਰਕਾਸ਼ਕ ਕਾਲੀਆ ਕੰਪਿਊਟਰਜ਼ ਅਤੇ ਬੈਰਨ ਪ੍ਰਿੰਟਰਜ਼ ਮੰਡੀ ਰੋਡ ਜਲੰਧਰ ਫ਼ੋਨ ਨੰ. 230154 ਪ੍ਰਾਪਤ ਹੋਇਆ ਹੈ । ਇਸ ਦਾ ਇਹ ਅੰਕ ‘ਖ਼ਾਲਸਾ ਸਾਜਣਾ’ ਦੇ 300ਵੇਂ ਵਰ੍ਹੇ ਨੂੰ ਸਮਰਪਿਤ ਹੈ ।

ਇਸ 'ਰਵਾਨੀ' ਮਾਸਿਕ ਦੇ ਪਹਿਲੇ ਪੰਨੇ ਤੇ ਤਿੰਨ ਕਾਲਮਾਂ ਵਿਚ ਇਸ ਸਦੀ ਦੇ ਮਹਾਨ ਵਿਦਵਾਨ ਅਤੇ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖ ਰਿਲੀਜਨ ਸਿਰਦਾਰ ਕਪੂਰ ਸਿੰਘ ਦੀ ਕਿਤਾਬ 'ਸਾਚੀ ਸਾਖੀ' ਵਿੱਚੋਂ ਇਕ ਲੇਖ ਦਾ ਇਕ ਅੰਗ ਲੈ ਕੇ ਇਹ ਦਰਸਾਇਆ ਗਿਆ ਹੈ ਕਿ ਏਕਾ ਕੇਂਦਰਿਤ ਇਸਲ਼ਾਮੀ ਸਮਾਜ ਦੀ ਕੱਟੜਤਾਪਣ, ਧੱਕੇਸ਼ਾਹੀ ਅਤੇ ਅਸਮਾਨਤਾ ਭਰਪੂਰ ਇਸਲ਼ਾਮੀ ਰਾਜ ਦਾ ਭੋਗ ਪਾਉਣਾ ਹੀ ਗੁਰੂ ਸਾਹਿਬ ਅਤੇ ਖ਼ਾਲਸੇ ਦਾ ਪ੍ਰਯੋਜਨ ਸੀ । ਪਰ ਜੇ ਕਦੇ ਪਾਠਕ ਇਸ ਕਿਤਾਬ ਨੂੰ ਪੜ੍ਹ ਲੈਣ ਤਾਂ ਪਤਾ ਲੱਗੇਗਾ ਕਿ ਦੇਸ ਦੀ ਅਜ਼ਾਦੀ ਵੇਲੇ ਤੋਂ ਹੀ ਦੇਸ ਦੇ ਅਖੌਤੀ ਸੈਕੂਲਰ ਲੀਡਰਾਂ ਨੇ ਕਿਸ ਤਰ੍ਹਾਂ ਕੁਟਿਲਤਾ ਅਤੇ ਕੁਚੇਸ਼ਟਾ ਭਰੇ ਢੰਗ ਨਾਲ ਸਿੱਖਾਂ ਨਾਲ ਅਯੋਗ ਅਤੇ ਅਸਮਾਨਤਾ ਵਾਲੇ ਢੰਗ ਅਪਨਾਏ । ਸਰਦਾਰ ਸਾਹਿਬ ਨੇ ਨਿਧੜਕ ਹੋ ਕੇ ਇਸ ਦੀਆਂ ਪਰਤਾਂ ਉਤਾਰੀਆਂ ਹਨ । ਇਸ ਪੁਸਤਕ ਵਿਚ ਵਰਨਨ ਕੀਤੀ ਸਚਾਈ ਨੂੰ ਬਰਦਾਸ਼ਤ ਨਾ ਕਰਦੇ ਹੋਏ ਭਾਰਤ ਸਰਕਾਰ ਨੇ ਇਸ ਦੇ ਪ੍ਰਕਾਸ਼ਨ ਤੇ ਰੋਕ ਲਗਾ ਦਿੱਤੀ ਸੀ । ਅੱਜ-ਕੱਲ੍ਹ ਇਹ ਕਿਤਾਬ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਪ੍ਰਕਾਸ਼ਿਤ ਹੋ ਰਹੀ ਹੈ ।

ਇਸ ਪੰਨੇ ਦੇ ਅਖ਼ੀਰਲੇ ਕਾਲਮ ਵਿਚ ਮਨ ਘੜਤ ਕਹਾਣੀ ਲਿਖੀ ਹੈ ਕਿ 1762 ਈ. ਦੇ ਹਮਲੇ ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਅੰਮ੍ਰਿਤਸਰ ਜੀ ਦਾ ਗੁਰਦੁਆਰਾ ਢਾਹ ਦਿੱਤਾ ਤਾਂ ਗੁਰੂ ਕੀਆਂ ਫ਼ੌਜਾਂ ਜਿੱਧਰ ਜਾਂਦੀਆਂ ਹਿੰਦੂ ਸਮਾਜ ਮੋਹਰਾਂ ਅਤੇ ਰੁਪਈਆਂ ਦੇ ਢੇਰ ਗੁਰਦੁਆਰੇ ਦੀ ਉਸਾਰੀ ਲਈ ਲਗਾ ਦਿੰਦਾ ਅਤੇ ਇਹ ਸਭ ਪੈਸਾ ਭਾਈ ਹੇਮਰਾਜ ਅਤੇ ਉਸ ਦੀ ਪਤਨੀ ਮਾਈ ਰੱਜੋ ਕੋਲ ਅਮਾਨਤ ਦੇ ਤੌਰ ਤੇ ਪਿਆ ਰਹਿੰਦਾ । ਇਸ ਬਾਰੇ ਕੋਈ ਇਤਿਹਾਸਿਕ ਹਵਾਲਾ ਕਿਸੇ ਲਿਖਤ ਦਾ ਨਹੀਂ । ਜਦੋਂ ਕਿ ਹਕੀਕਤ ਇਹ ਹੈ ਕਿ ਸਿੱਖਾਂ ਦਾ ਪਹਿਲਾ ਘਲੂਘਾਰਾ ਲਖਪਤ ਰਾਏ ਚੌਧਰੀ ਨੇ ਕਰਾਇਆ । ਇਸ ਵਿਚ 6 ਮਹੀਨੇ ਸਿੱਖਾਂ ਦਾ ਕਤਲੇਆਮ ਚਲਦਾ ਰਿਹਾ ਅਤੇ ਤਕਰੀਬਨ 30 ਹਜ਼ਾਰ ਸਿੱਖ ਸ਼ਹੀਦ ਕੀਤੇ ਗਏ । ਇਸ ਦਾ ਕਾਰਨ ਇਹ ਸੀ, ਕਿ ਕਈ ਦਿਨਾਂ ਦੇ ਭੁੱਖੇ ਸਿੰਘਾਂ ਦਾ ਇਕ ਜਥਾ ਜਦ ਐਮਨਾਬਾਦ ਪੁੱਜਾ ਤਾਂ ਜਸਪਤ ਰਾਏ ਦੀਵਾਨ (ਲਖਪਤ ਰਾਏ ਦਾ ਭਰਾ) ਨੂੰ ਸੁਨੇਹਾ ਭੇਜਿਆ ਕਿ ਸਾਨੂੰ ਪੈਸੇ ਲੈ ਕੇ ਰਸਦ ਦਿੱਤੀ ਜਾਵੇ । ਰਸਦ ਦੇਣ ਦੀ ਬਜਾਏ ਇਸ ਨੇ ਸਿੰਘਾਂ ਤੇ ਚੜ੍ਹਾਈ ਕਰ ਦਿੱਤੀ ਜਿਸ ਵਿਚ ਉਹ ਮਾਰਿਆ ਗਿਆ । ਭਰਾ ਦਾ ਬਦਲਾ ਲੈਣ ਲਈ ਲਖਪਤ ਰਾਏ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕਸਮ ਖਾ ਲਈ ਅਤੇ ਆਖਿਆ ਕਿ ਇਕ ਖੱਤਰੀ (ਗੁਰੂ ਨਾਨਕ ਦੇਵ ਮਹਾਰਾਜ) ਨੇ ਇਹ ਪੰਥ ਚਲਾਇਆ ਸੀ ਤੇ ਹੁਣ ਖੱਤਰੀ (ਲਖਪਤ ਰਾਏ) ਹੀ ਇਸ ਦਾ ਨਾਸ਼ ਕਰੇਗਾ । ਜੋ-ਜੋ ਜ਼ੁਲਮ ਇਸ ਨੇ ਖ਼ਾਲਸੇ ਤੇ ਢਾਹੇ ਪੜ੍ਹ ਕੇ ਅੱਖਾਂ 'ਚੋਂ ਹੰਝੂ ਅਤੇ ਜੋਸ਼ ਨਾਲ



ਰੌਂਗਟੇ ਖੜ੍ਹੇ ਹੋ ਜਾਂਦੇ ਹਨ । ਦੇਖੋ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਪੰਨਾ 306, ਇਹ ਭਾਈ ਰਤਨ ਸਿੰਘ ਭੰਗੂ ਭਾਈ ਮਹਿਤਾਬ ਸਿੰਘ ਜੀ, ਜਿਨ੍ਹਾਂ ਨੇ ਮੱਸੇ ਦਾ ਸਿਰ ਵੱਢਿਆ ਸੀ ਦੇ ਪੋਤਰੇ ਸਨ ਅਤੇ ਇਹਨਾਂ ਦੀ ਲਿਖਤ ਪ੍ਰਮਾਣਿਤ ਮੰਨੀ ਗਈ ਹੈ ।

ਉੱਪਰ ਦੱਸੇ ਪਰਚੇ 'ਰਵਾਨੀ' ਦੇ ਪੰਨਾ 4 ਦੇ ਪਹਿਲੇ ਅਤੇ ਦੂਜੇ ਕਾਲਮ ਵਿਚ 'ਹਿੰਦੂ ਸਿੱਖ ਵਖਰੇਵੇਂ ਦੇ ਜ਼ਹਿਰੀਲੇ ਬੀਜ' ਦੇ ਸਿਰਲੇਖ ਹੇਠ ਦੋ ਗੱਲਾਂ ਦਾ ਪ੍ਰਚਾਰ ਕੀਤਾ ਗਿਆ ਹੈ ।

1. "ਅੰਗਰੇਜ਼ਾਂ ਨੇ ਪੰਜਾਬ ਆਪਣੇ ਅਧੀਨ ਕਰਨ ਪਿੱਛੋਂ 1868 ਈ. ਵਿਚ ਜਦੋਂ ਅੰਗਰੇਜ਼ਾਂ ਨੇ ਮਰਦਮ-ਸ਼ੁਮਾਰੀ ਕੀਤੀ ਤਾਂ ਅੰਗਰੇਜ਼ਾਂ ਨੇ ਇਸ ਵਿਚ ਸਿੱਖਾਂ ਨੂੰ ਹਿੰਦੂਆਂ ਤੋਂ ਅੱਡ ਦਰਜ ਕਰ ਦਿੱਤਾ ਪਹਿਲੇ ਸਾਰੇ ਸਿੱਖ ਆਪਣੇ ਆਪ ਨੂੰ ਹਿੰਦੂ ਹੀ ਸਮਝਦੇ ਅਤੇ ਕਹਾਉਂਦੇ ਸਨ।" ਇਸ ਤੋਂ ਵੱਡਾ ਝੂਠ ਕੋਈ ਹੋ ਸਕਦਾ ਹੈ? ਜਦੋਂ ਇਸ ਤੋਂ ਪਹਿਲਾਂ ਸਰਕਾਰੀ ਤੌਰ ਤੇ ਕੋਈ ਮਰਦਮ-ਸ਼ੁਮਾਰੀ ਹੋਈ ਹੀ ਨਹੀਂ, ਅੰਗਰੇਜ਼ਾਂ ਨੇ ਹੀ ਇਹ ਕੰਮ ਸ਼ੁਰੂ ਕੀਤਾ ਤਾਂ ਸਰਕਾਰੀ ਤੌਰ ਤੇ ਰਿਕਾਰਡ ਕੀ ਹੋਣਾ ਸੀ? ਇਹ ਭੀ ਲਿਖਿਆ ਹੈ ਕਿ ਜਦੋਂ ਇਸ ਜਨ-ਗਣਨਾ ਵਿਚ ਅੰਗਰੇਜ਼ਾਂ ਨੇ ਆਪਣੇ ਕ੍ਰਿੰਦਿਆਂ ਨੂੰ ਹੁਕਮ ਦੇ ਕੇ ਅੱਡ ਦਰਸਾਇਆ ਹੈ । ਇਸ ਬਾਰੇ ਕੋਈ ਪੱਕਾ ਸਬੂਤ ਇਨ੍ਹਾਂ ਪੇਸ਼ ਨਹੀਂ ਕੀਤਾ। ਪਰ ਜਦੋਂ ਅਜ਼ਾਦੀ ਤੋਂ ਪਿੱਛੋਂ ਭਾਰਤ ਸਰਕਾਰ ਨੇ ਪਹਿਲੀ ਮਰਦਮ-ਸ਼ੁਮਾਰੀ ਕੀਤੀ ਤਾਂ ਸੈਂਟਰ ਤੋਂ ਗੁਪਤ ਆਦੇਸ਼ ਤੇ ਬਹੁਤ ਸਾਰੇ ਪੰਜਾਬੀਆਂ ਦੀ ਮਾਤ ਭਾਸ਼ਾ ਹਿੰਦੀ ਲਿਖ ਦਿੱਤੀ। ਸ਼ਾਇਦ ਇਸੇ ਆਧਾਰ ਤੇ ਇਹਨਾਂ ਨੇ ਇਹ ਲਿਖਿਆ ਹੋਵੇ ।

2. "ਜਰਮਨ ਲਿਖਾਰੀ ਟ੍ਰੰਪ ਸਾਹਿਬ ਨੇ ਤਾਂ ਸਿੱਖਾਂ ਨੂੰ ਹਿੰਦੂ ਹੀ ਮੰਨਿਆ ਹੈ ਪਰ ਇਸ ਦੇ ਉਲਟ ਅੰਗਰੇਜ਼ਾਂ ਨੇ ਆਪਣੇ ਇਕ ਮੁਲਾਜ਼ਮ ਮਿ. ਮੈਕਾਲਿਫ਼ ਨੂੰ ਨੌਕਰੀ ਤੋਂ ਹਟਾ ਕੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਇਸ ਰਾਹੀਂ ਹੀ ਕਿਤਾਬ ਲਿਖਾ ਕੇ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਲਿਖਾ ਕੇ ਪ੍ਰਚਾਰ ਕਰਾਇਆ। ਜਿਸ ਬਦਲੇ ਉਸ ਨੂੰ ਬਹੁਤ ਇਨਾਮ ਅੰਗਰੇਜ਼ ਸਰਕਾਰ ਵੱਲੋਂ ਮਿਲਿਆ ।" ਇਹ ਪ੍ਰਸੰਗ ਸਚਾਈ ਤੋਂ ਕੋਹਾਂ ਦੂਰ ਹੈ । ਅਸਲੀਅਤ ਇਹ ਹੈ ਕਿ ਮਿ. ਮੈਕਾਲਿਫ਼ ਸਾਹਿਬ ਜ਼ਿਲ੍ਹਾ ਕੈਮਲਪੁਰ (ਹੁਣ ਪਾਕਿਸਤਾਨ) ਦੇ ਡੀ.ਸੀ. ਲੱਗੇ ਹੋਏ ਸੀ । ਇਕ ਦਿਨ ਭਾਈ ਸਾਧੂ ਸਿੰਘ ਦੀ ਬਹਾਦਰੀ ਦਾ ਕਾਰਨਾਮਾ ਦੇਖ ਕੇ ਸਿੱਖ ਧਰਮ ਬਾਰੇ ਜਾਣਨ ਦੀ ਲਾਲਸਾ ਪੈਦਾ ਹੋਈ । ਖ਼ੁਸ਼ਕਿਸਮਤੀ ਨਾਲ ਇਸ ਦਾ ਮਿਲਾਪ ਭਾਈ ਕਾਨ੍ਹ ਸਿੰਘ ਜੀ ਨਾਭਾ ਅਤੇ ਹੋਰ ਸਿੱਖ ਵਿਦਵਾਨਾਂ ਨਾਲ ਹੋਇਆ । ਪਹਿਲਾਂ ਛੁੱਟੀ ਲੈ ਕੇ ਸ੍ਰੀ ਅੰਮ੍ਰਿਤਸਰ ਵਿਚ ਸਿੱਖ ਧਰਮ ਦਾ ਅਧਿਐਨ ਕੀਤਾ ਇਤਿਹਾਸ ਅਤੇ ਗੁਰਬਾਣੀ ਦੀ ਜਾਣਕਾਰੀ ਪ੍ਰਾਪਤ ਕਰਕੇ 'The Sikh Religion' ਕਿਤਾਬ 6 ਭਾਗਾਂ ਵਿਚ

ਲਿਖੀ । ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਹਿਬ ਮਹਾਰਾਜ ਦੇ ਕੁੱਝ ਸ਼ਬਦਾਂ ਦਾ ਅਨੁਵਾਦ ਅੰਗਰੇਜ਼ੀ ਵਿਚ ਕੀਤਾ ਅਤੇ ਗੁਰੂ ਸਾਹਿਬਾਨ ਦਾ ਜੀਵਨ ਇਤਿਹਾਸ ਲਿਖਿਆ । ਮੈਕਾਲਿਫ਼ ਸਾਹਿਬ ਦੀ ਆਪਣੀ ਲਿਖਤ ਅਨੁਸਾਰ ਗੁਰਬਾਣੀ ਦਾ ਅਨੁਵਾਦ ਸਮੇਂ ਦੇ ਹੋਰ ਸਿੱਖ ਵਿਦਵਾਨਾਂ ਤੋਂ ਇਲਾਵਾ ਭਾਈ ਸਰਦੂਲ ਸਿੰਘ (ਗ੍ਰੰਥੀ ਦਰਬਾਰ ਸਾਹਿਬ), ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ ਅਤੇ ਭਾਈ ਪ੍ਰੇਮ ਸਿੰਘ ਜੀ ਗਿਆਨੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਵਾਨਤਾ ਲਈ । ਇਨ੍ਹਾਂ ਕਿਤਾਬਾਂ ਦੀ ਛਪਾਈ ਦਾ ਸਾਰਾ ਖ਼ਰਚ ਮਹਾਰਾਜਾ ਸਾਹਿਬ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਅਤੇ ਛਛਰੌਲੀ ਦੇ ਇਕ ਸਰਦਾਰ ਸਾਹਿਬ ਨੇ ਦਿੱਤਾ । ਮੈਕਾਲਿਫ਼ ਸਾਹਿਬ ਕਦੇ ਅੰਮ੍ਰਿਤ ਛਕ ਕੇ ਸਿੰਘ ਨਹੀਂ ਸਜੇ ਇਹ 'ਰਵਾਨੀ' ਦੇ ਲਿਖਾਰੀ ਦਾ ਕੋਰਾ ਝੂਠ ਹੈ । ਮੈਕਾਲਿਫ਼ ਸਾਹਿਬ ਦੀਆਂ ਜੋ ਫ਼ੋਟੋਆਂ ਭਾਸ਼ਾ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਅਤੇ ਸ੍ਰੀ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਹਨ ਇਸ ਦਾ ਪੱਕਾ ਸਬੂਤ ਹੈ । ਟ੍ਰੰਪ ਸਾਹਿਬ ਨੇ ਗੁਰਬਾਣੀ ਦਾ ਅਨੁਵਾਦ ਅਧੂਰਾ ਹੀ ਛੱਡ ਦਿੱਤਾ । ਭਾਰਤੀ ਸਾਹਿਤ ਦੇ ਮਹਾਨ ਗਿਆਤਾ ਮਿ. ਮੈਕਸ ਮੂਲਰ ਨੇ ਵੀ ਟ੍ਰੰਪ ਸਾਹਿਬ ਦੀ ਲਿਖਤ ਨੂੰ ਬੇਈਮਾਨੀ ਵਾਲਾ ਕਬੂਲਿਆ ਹੈ । ਮੈਕਾਲਿਫ਼ ਸਾਹਿਬ ਬਾਰੇ ਪੂਰੀ ਜਾਣਕਾਰੀ ਲਈ ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਮਹਾਨ ਕੋਸ਼ ਪੰਨਾ 936-39 ਦੇਖੋ ।

ਇਸ ਪੰਜਾਬੀ ਮਾਸਿਕ 'ਰਵਾਨੀ' ਦੇ ਪੰਨਾ ਚਾਰ ਦੇ ਕਾਲਮ 3 ਅਤੇ 4 ਸਿਰਲੇਖ 'ਅੰਗਰੇਜ਼ਾਂ ਸਿੱਖ ਪੰਥ ਕੁਰਾਹੇ ਇਉਂ ਪਾਇਆ' ਅਨੁਸਾਰ, ਬੜੇ ਗੁੱਝੇ ਢੰਗ ਨਾਲ ਸੰਨ 1857 ਦੀ ਲਹਿਰ ਨੂੰ ਫ਼ੇਲ੍ਹ ਹੋਣ ਦਾ ਦੋਸ਼ ਸਿੱਖਾਂ ਉੱਪਰ ਮੜ੍ਹ ਦਿੱਤਾ । ਇਸ ਵਿਚ ਲਿਖਿਆ ਹੈ ਅੰਗਰੇਜ਼ਾਂ ਦੀ ਮੱਦਦ ਲਈ ਦਿੱਲੀ ਵਿਚ 30 ਹਜ਼ਾਰ ਰਿਆਸਤੀ ਫ਼ੌਜੀ ਪੰਜਾਬ ਵਿੱਚੋਂ ਸਨ । ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ। 'ਰਵਾਨੀ' ਦੀ ਲਿਖਤ ਅਨੁਸਾਰ ਜੇ ਇਹ ਫ਼ੌਜੀ ਥੋੜ੍ਹੀ ਜਿਹੀ ਵੀ ਅੰਗਰੇਜ਼ੀ ਮੱਦਦ ਲਈ ਢਿੱਲ ਮੱਠ ਕਰਦੇ ਤਾਂ ਦੇਸ 100 ਸਾਲ ਪਹਿਲਾਂ ਅਜ਼ਾਦ ਹੋ ਜਾਂਦਾ । ਜਦੋਂ ਕਿ ਸਭ ਨੂੰ ਪਤਾ ਹੈ ਕਿ ਪੰਜਾਬ ਦੀਆਂ ਸੱਤ ਰਿਆਸਤਾਂ ਵਿੱਚੋਂ ਮਲੇਰਕੋਟਲਾ ਦਾ ਹਾਕਮ ਮੁਸਲਮਾਨ ਸੀ ਅਤੇ ਨਾਲਾਗੜ੍ਹ ਦਾ ਰਾਜਾ ਹਿੰਦੂ ਸੀ ਅਤੇ ਕਸ਼ਮੀਰ ਦਾ ਰਾਜਾ ਵੀ ਹਿੰਦੂ ਸੀ । ਪੰਜਾਬ ਤੋਂ ਇਲਾਵਾ ਤਕਰੀਬਨ 600 ਰਿਆਸਤਾਂ ਪੂਰੇ ਦੇਸ ਵਿਚ ਹਿੰਦੂ ਅਤੇ ਮੁਸਲਮਾਨਾਂ ਦੀਆਂ ਸਨ । ਇਨ੍ਹਾਂ ਵਿਚ ਰਾਜਸਥਾਨ ਦੇ ਰਾਜਪੂਤ ਅਤੇ ਮਰਹੱਟੇ ਵੀ ਸਨ । ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਸਮੇਂ ਬਾਗ਼ੀਆਂ ਦੀ ਮੱਦਦ ਨਹੀਂ ਕੀਤੀ, ਪਰ 'ਰਵਾਨੀ' ਨੇ ਸਭ ਨੂੰ ਬਰੀ ਕਰ ਕੇ ਸਾਰਾ ਦੋਸ਼ ਸਿੱਖ ਫ਼ੌਜਾਂ ਤੇ ਲਾ ਕੇ ਗ਼ਦਾਰੀ ਦਾ ਠੱਪਾ ਲਗਾ ਦਿੱਤਾ । ਸਿੱਖਾਂ ਬਾਰੇ ਐਸਾ ਕੋਝਾ ਪ੍ਰਚਾਰ ਇਹ ਚਿਰਾਂ ਤੋਂ ਕਰਦੇ ਆਏ ਹਨ ਪਰ ਜਦੋਂ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ



ਨੇ ਸੰਨ 1956 ਦੇ 15 ਅਗਸਤ ਨੂੰ ਅੰਗਰੇਜ਼ੀ ਟ੍ਰਿਬਿਊਨ ਵਿਚ ਲੇਖ ਲਿਖ ਕੇ ਸਭ ਦਾ ਮੂੰਹ-ਤੋੜ ਜਵਾਬ ਦਿੱਤਾ ਤਾਂ ਅੱਗੇ ਵਾਸਤੇ ਇਨ੍ਹਾਂ ਦੀ ਕਲਮ ਦੀ ਸਿਆਹੀ ਬਹੁਤ ਦੇਰ ਸੁੱਕੀ ਰਹੀ । ਇਹ ਕਿਤਾਬਚੇ ਦੇ ਰੂਪ ਵਿਚ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਛਾਪਿਆ ਗਿਆ ਸੀ । ਨਾਮ ਸੀ 'Mutiny and the Sikhs' ਉਸ ਵੇਲੇ ਕੀਮਤ ਇਕ ਰੁਪਿਆ ਸੀ । ਇਸ ਕਿਤਾਬ ਵਿਚ ਜੋ ਮੋਟੇ ਨੁਕਤੇ ਡਾਕਟਰ ਸਾਹਿਬ ਨੇ ਦਿੱਤੇ ਉਹਨਾਂ ਦਾ ਕਿਸੇ ਕੋਲ ਉੱਤਰ ਨਹੀਂ ਸੀ ਜੋ ਇਸ ਤਰ੍ਹਾਂ ਸਨ:

1. 1849 ਈ. ਦੀਆਂ ਐਂਗਲੋ ਸਿੱਖ ਵਾਰ ਵੇਲੇ ਪੂਰੇ ਦੇਸ ਦੀਆਂ ਰਿਆਸਤੀ ਫ਼ੌਜਾਂ (ਹਿੰਦੂ ਮੁਸਲਮਾਨ) ਦੇਸ ਦੀ ਇੱਕੋ ਇਕ ਅਜ਼ਾਦ, ਲਾਹੌਰ ਦੀ ਰਿਆਸਤ ਖ਼ਾਲਸਾ ਰਾਜ ਨੂੰ ਅੰਗਰੇਜ਼ਾਂ ਅਧੀਨ ਲੜ ਕੇ ਜਦੋਂ ਗ਼ੁਲਾਮੀ ਦਾ ਹਾਰ ਪਹਿਨਾ ਗਈਆਂ ਤਾਂ ਕੇਵਲ 8 ਸਾਲ ਪਿੱਛੋਂ ਇਹਨਾਂ ਵਿਚ ਅਜ਼ਾਦੀ ਦੀ ਚਿਣਗ ਕਿਵੇਂ ਸੁਲਘ ਪਈ?
2. ਇਸੇ ਲਈ 1857 ਈ. ਵੇਲੇ ਬਾਗ਼ੀਆਂ ਨੇ ਨਾ ਤਾਂ ਕਿਸੇ ਸਿੱਖ ਰਾਜੇ ਨਾਲ ਸਲਾਹ ਕਰਨ ਦਾ ਹੌਂਸਲਾ ਕੀਤਾ ਅਤੇ ਨਾ ਹੀ ਇਨ੍ਹਾਂ 'ਚੋਂ ਕਿਸੇ ਨੂੰ ਪੁੱਛਿਆ ਜਾਂ ਰਾਏ ਲਈ । ਡਾਕਟਰ ਸਾਹਿਬ ਨੇ ਚੈਲਿੰਜ ਕੀਤਾ ਕਿ ਜੇ ਇਸ ਬਾਰੇ ਕੋਈ ਲਿਖਤੀ ਸਬੂਤ ਕਿਸੇ ਕੋਲ ਹੈ ਤਾਂ ਪੇਸ਼ ਕੀਤਾ ਜਾਵੇ । ਬਿਨ ਬੁਲਾਇਆ ਮਹਿਮਾਨ ਕੌਣ ਬਣੇ?
3. ਡਾਕਟਰ ਸਾਹਿਬ ਨੇ ਤੱਥਾਂ ਦੇ ਆਧਾਰ ਤੇ ਸਾਬਤ ਕੀਤਾ ਕਿ ਨਾ ਤਾਂ ਬਾਗ਼ੀਆਂ ਦਾ ਆਪਸ ਵਿਚ ਤਾਲ-ਮੇਲ ਸੀ ਅਤੇ ਨਾ ਹੀ ਕੋਈ ਯੋਜਨਾ ਜਿਸ ਕਾਰਨ ਇਹ ਫ਼ੇਲ੍ਹ ਹੋਏ ।
4. ਜਿਸ ਬਾਦਸ਼ਾਹ (ਬਹਾਦਰਸ਼ਾਹ ਜ਼ਫ਼ਰ) ਨੇ ਜ਼ਿੰਦਗੀ ਵਿਚ ਕਦੇ ਕੋਈ ਲੜਾਈ ਨਹੀਂ ਲੜੀ, ਲਾਲਪਰੀ ਦੇ ਸੋਹਿਲੇ ਗਾਉਂਦਾ ਰਿਹਾ ਅਤੇ ਨਾ ਹੀ ਉਹ ਅੱਗੇ ਆਉਣਾ ਚਾਹੁੰਦਾ ਸੀ, ਉਸ ਨੂੰ ਬਾਗ਼ੀਆਂ ਨੇ ਜ਼ਬਰਦਸਤੀ ਵਾਗ-ਡੋਰ ਸੰਭਾਲ ਦਿੱਤੀ । ਵੈਸੇ ਵੀ ਬਹਾਦਰਸ਼ਾਹ ਬੁੱਢੇ ਵਾਰੇ ਸਰੀਰਿਕ ਤੌਰ ਤੇ ਲੜਾਈ ਲੜਨ ਦੇ ਯੋਗ ਨਹੀਂ ਸੀ ।
5. ਜਿਸ ਮੁਗ਼ਲੀਆ ਹਕੂਮਤ ਦੇ ਬਰਖ਼ਿਲਾਫ਼ ਤਕਰੀਬਨ ਇਕ ਸਦੀ ਤੋਂ ਜੱਦੋ-ਜਹਿਦ ਕਰਕੇ ਸਿੱਖਾਂ ਨੇ ਰਾਜ-ਪਾਟ ਪ੍ਰਾਪਤ ਕੀਤਾ ਉਸੇ ਮੁਗ਼ਲ ਬਾਦਸ਼ਾਹ ਦੀ ਕੌਣ ਸਿੱਖ ਹਿਮਾਇਤ ਕਰੇਗਾ?
6. ਬਹਾਦਰਸ਼ਾਹ ਆਪ ਅਤੇ ਉਸ ਦੇ ਪੁੱਤਰ ਹੀ ਇਕ ਦੂਜੇ ਤੋਂ ਅੱਗੇ ਹੋ ਕੇ ਅੰਗਰੇਜ਼ਾਂ ਨਾਲ ਗੁਪਤ ਵਾਰਤਾ ਬਾਗ਼ੀਆਂ ਵਿਰੁੱਧ ਕਰਦੇ ਰਹੇ।
7. ਉਸ ਵੇਲੇ ਸਿੱਖਾਂ ਦੀ ਅਬਾਦੀ ਹੁਣ ਵਾਂਗ ਦੇਸ ਵਿਚ ਆਟੇ ਵਿਚ ਲੂਣ ਵਾਂਗ

ਤਕਰੀਬਨ ਡੇਢ ਤੋਂ ਦੋ ਫ਼ੀਸਦੀ ਸੀ । ਡਾ. ਗੰਡਾ ਸਿੰਘ ਜੀ ਲਿਖਦੇ ਹਨ ਕਿ ਕਿੰਨੀ ਅਫ਼ਸੋਸਨਾਕ ਅਤੇ ਸ਼ਰਮਨਾਕ ਗੱਲ ਹੈ ਕਿ 98% ਦੀ ਵੱਸੋਂ ਇਹ ਕਹਿੰਦੀ ਹੈ ਕਿ ਅਸੀਂ ਇਸ ਲਈ ਹਾਰ ਗਏ ਕਿ 2% ਵੱਸੋਂ ਨੇ ਸਾਡੀ ਮੱਦਦ ਨਹੀਂ ਕੀਤੀ । ਪੂਰੇ ਵੇਰਵੇ ਜਾਣਨ ਲਈ ਡਾ. ਗੰਡਾ ਸਿੰਘ ਦੀ ਲਿਖਤ ਪੜ੍ਹੋ ।

8. ਇਸ ਤੋਂ ਇਲਾਵਾ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਇਤਿਹਾਸਕਾਰ ਐਸ.ਐਨ.ਸੇਨ ਦੀ ਲਿਖਤ 1857 ਈ. ਅਤੇ ਭਾਰਤ ਸਰਕਾਰ ਵੱਲੋਂ ਪ੍ਰਕਾਸ਼ਿਤ ਕੀਤਾ ਦੇ ਮੁੱਖ ਬੰਦ ਵਿਚ ਨਿਰਨਾ ਦਿੱਤਾ ਹੈ "ਕੁਝ ਰਾਜਨੀਤਿਕ ਇਸ ਲਹਿਰ ਨੂੰ ਦੇਸ ਦੀ ਅਜ਼ਾਦੀ ਦੀ ਪਹਿਲੀ ਲੜਾਈ ਕਹਿ ਰਹੇ ਹਨ ਪਰ ਮੇਰੇ ਵਿਚਾਰ ਅਨੁਸਾਰ ਇਸ ਨੂੰ ਅਜ਼ਾਦੀ ਦੀ ਪਹਿਲੀ ਲੜਾਈ ਕਹਿਣਾ ਉਨ੍ਹਾਂ ਮਹਾਨ ਸ਼ਹੀਦਾਂ ਦੀ ਆਤਮਾ ਨਾਲ ਮਖ਼ੌਲ ਕਰਨ ਤੁਲ ਹੈ ਜਿਨ੍ਹਾਂ ਨੇ ਦੇਸ ਦੀ ਅਜ਼ਾਦੀ ਲਈ ਜਾਨਾਂ ਵਾਰੀਆਂ ।"

ਇਸੇ ਸਿਰਲੇਖ ਹੇਠ ਅੱਗੇ ਚੱਲ ਕੇ ਲਿਖਦੇ ਹਨ ਕਿ ਸਿੱਖ ਫ਼ੌਜੀਆਂ ਦੇ ਜਜ਼ਬਾਤ ਨੂੰ ਭੜਕਾ ਕੇ ਆਪਣੇ ਵੱਲ ਕਰਨ ਲਈ ਇਕ ਅੰਗਰੇਜ਼ ਅਫ਼ਸਰ ਨੇ ਬਹਾਦਰਸ਼ਾਹ ਦੇ ਪੁੱਤਰਾਂ ਨੂੰ ਕਤਲ ਕਰਕੇ ਇਨ੍ਹਾਂ ਲਾਸ਼ਾਂ ਦੀ ਨੁਮਾਇਸ਼ ਐਨ ਉਸ ਜਗ੍ਹਾ ਲਗਾਈ ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਮਹਾਰਾਜ ਨੂੰ ਸ਼ਹੀਦ ਕੀਤਾ ਸੀ ਕਿ ਤਾਂ ਕਿ ਸਿੱਖਾਂ ਨੂੰ ਯਕੀਨ ਦਿਵਾਇਆ ਜਾਵੇ ਕਿ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਅਸੀਂ ਲਿਆ ਹੈ ।

ਇਤਿਹਾਸਿਕ ਪੱਖੋਂ ਇਹ ਕੋਰਾ ਝੂਠ ਹੈ ਇਤਿਹਾਸਕਾਰ ਐਸ.ਐਨ.ਸੇਨ ਅਤੇ ਹੋਰ ਇਤਿਹਾਸਕਾਰਾਂ ਅਨੁਸਾਰ ਜਦੋਂ ਬਹਾਦਰਸ਼ਾਹ ਨੂੰ ਪਰਵਾਰ ਸਮੇਤ ਹਮਾਯੂੰ ਦੇ ਮਕਬਰੇ ਤੋਂ ਕੈਦ ਕਰਕੇ ਕਾਫ਼ਲੇ ਦੇ ਰੂਪ ਵਿਚ ਲਿਆਇਆ ਜਾ ਰਿਹਾ ਸੀ, ਅਤੇ ਜਦੋਂ ਇਹ ਕਾਫ਼ਲਾ ਦਿੱਲੀ ਸ਼ਹਿਰ ਦੇ ਬਾਹਰ ਦਿੱਲੀ ਗੇਟ ਕੋਲ ਪਹੁੰਚਿਆ ਤਾਂ ਦਿੱਲੀ ਵਾਸੀਆਂ ਦੀ ਇੱਥੇ ਕਾਫ਼ੀ ਵੱਡੀ ਭੀੜ ਉੱਥੇ ਆਪਣੇ ਬਾਦਸ਼ਾਹ ਦੀ ਹਮਦਰਦੀ ਲਈ ਇਕੱਠੀ ਹੋ ਗਈ । ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਕਾਫ਼ਲੇ ਦੇ ਇੰਚਾਰਜ ਮੇਜਰ ਹਡਸਨ ਨੇ ਭੀੜ ਨੂੰ ਖਿੰਡਾਉਣ ਲਈ ਗੋਲੀ ਚਲਾ ਦਿੱਤੀ ਜਿਸ ਵਿਚ ਬਾਦਸ਼ਾਹ ਦੇ ਦੋ ਪੁੱਤਰ ਮਾਰੇ ਗਏ, ਭੀੜ ਖਿੰਡ ਗਈ ਅਤੇ ਬਹਾਦਰਸ਼ਾਹ ਨੂੰ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ । ਜਿੱਥੇ ਇਹ ਕਾਂਡ ਵਰਤਿਆ ਦਿੱਲੀ ਗੇਟ ਦੇ ਬਾਹਰ 1970 ਈ. ਤੱਕ ਇਕ ਸਮਾਰਕ ਬਣਿਆ ਹੋਇਆ ਸੀ ਜਿਸ ਤੇ ਇਹ ਸਭ ਕੁਝ ਲਿਖਿਆ ਹੋਇਆ ਸੀ ਸ਼ਾਇਦ ਹੁਣ ਵੀ ਇਹ ਸਮਾਰਕ ਉੱਥੇ ਹੋਵੇ ਅਤੇ ਇਹ ਜਗ੍ਹਾ ਚਾਂਦਨੀ ਚੌਂਕ ਤੋਂ ਤਕਰੀਬਨ 3 ਕਿਲੋਮੀਟਰ ਦੀ ਦੂਰੀ ਤੇ ਹੈ । ਬਾਕੀ ਰਹੀ ਬਦਲਾ ਲੈਣ ਦੀ ਗੱਲ, 1857 ਈ. ਦੀ ਘਟਨਾ ਤੋਂ



ਤਕਰੀਬਨ 60-70 ਸਾਲ ਪਹਿਲਾਂ ਸ. ਬਘੇਲ ਸਿੰਘ ਦੀ ਕਮਾਨ ਹੇਠ ਦਿੱਲੀ ਪਾਤਸ਼ਾਹੀ ਨੂੰ ਪੈਰਾਂ ਹੇਠ ਰੋਲ ਕੇ ਸਿੱਖਾਂ ਨੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਲਈਆਂ ਸਨ । ਤਕਰੀਬਨ 9 ਮਹੀਨੇ ਦਿੱਲੀ ਦੇ ਤੀਸ ਹਜ਼ਾਰੀ ਇਲਾਕੇ ਵਿੱਚ ਸ. ਬਘੇਲ ਸਿੰਘ ਨੇ ਰਾਜ ਕੀਤਾ ਅਤੇ ਇਸ ਸਮੇਂ ਹੀ ਦਿੱਲੀ ਵਿਚ ਇਤਿਹਾਸਿਕ ਗੁਰਦੁਆਰੇ ਖ਼ਾਲਸੇ ਵੱਲੋਂ ਬਣਾਏ ਗਏ ਤਾਂ ਫਿਰ ਅੰਗਰੇਜ਼ਾਂ ਰਾਹੀਂ ਬਦਲਾ ਲੈਣ ਦੀ ਕੀ ਮੁਛਿੰਦਗੀ ਸਿੰਘਾਂ ਨੂੰ ਸੀ?

ਇਸ 'ਰਵਾਨੀ' ਦੇ ਪੰਨਾ 3 ਅਤੇ ਕਾਲਮ 3 ਵਿਚ ਪ੍ਰੇਰਿਕ ਪ੍ਰਸੰਗ ਦੇ ਸਿਰਲੇਖ ਹੇਠ ਲਿਖਿਆ ਹੈ ਕਿ ਅਬਦਾਲੀ ਦੇ ਦਰਬਾਰ ਸਾਹਿਬ ਦੇ ਢਾਹੁਣ ਪਿੱਛੋਂ ਜਦੋਂ ਦੁਬਾਰਾ ਉਸਾਰੀ ਹੋਈ ਤਾਂ ਗ੍ਰੰਥੀ ਦੀ ਡਿਊਟੀ ਲਈ ਭਾਈ ਚੰਚਲ ਸਿੰਘ ਨੂੰ ਸਭ ਤੋਂ ਯੋਗ ਸਮਝ ਕੇ ਇਸ ਪਦਵੀ ਤੇ ਲਗਾਇਆ ਗਿਆ । ਇਹ ਜਾਤ ਦੇ ਨਾਈ ਸਨ ਪਰ ਗੁਰਬਾਣੀ ਦੇ ਬੜੇ ਗਿਆਤਾ ਸਨ । ਇਨ੍ਹਾਂ ਦੀ ਲਿਖਤ ਅਨੁਸਾਰ ਭਾਈ ਚੰਚਲ ਸਿੰਘ ਨਿਸ਼ਕਾਮ ਸੇਵਾ ਕਰਦੇ ਸਨ। ਇਸ ਲਈ ਗ੍ਰੰਥੀ ਦੀ ਸੇਵਾ ਕਰਨ ਦੇ ਨਾਲ-ਨਾਲ ਇਹ ਆਪਣੇ ਨਾਈ-ਪੁਣੇ ਦਾ ਕੰਮ ਵੀ ਕਰਦੇ ਰਹੇ ।

ਤਵਾਰੀਖ਼ ਸ੍ਰੀ ਅੰਮ੍ਰਿਤਸਰ, ਲੇਖਕ ਗਿਆਨੀ ਗਿਆਨ ਸਿੰਘ, ਜੀ ਪ੍ਰਕਾਸ਼ਿਤ ਕੇਂਦਰੀ ਸਿੰਘ ਸਭਾ ਅਕੈਡਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਸੈਕਟਰ-28 ਚੰਡੀਗੜ੍ਹ ਪੰਨਾ 43-45 'ਗ੍ਰੰਥੀਆਂ ਦਾ ਹਾਲ' ਅਨੁਸਾਰ ਅਬਦਾਲੀ ਦੇ ਗੁਰਦੁਆਰਾ ਸਾਹਿਬ ਦੀ ਬੇਅਦਬੀ ਪਿੱਛੋਂ ਸਭ ਤੋਂ ਪਹਿਲਾਂ ਬਾਵਾ ਗੁਪਾਲ ਦਾਸ ਉਦਾਸੀ ਨੂੰ ਗ੍ਰੰਥੀ ਦੀ ਸੇਵਾ ਤੇ ਲਾਇਆ । ਕੁਝ ਦੇਰ ਸੇਵਾ ਕਰਨ ਪਿੱਛੋਂ ਜਦ ਇਸ ਨੇ ਕਈ ਕੁਰੀਤੀਆਂ ਕੀਤੀਆਂ ਤਾਂ ਭਾਈ ਚੰਚਲ ਸਿੰਘ ਗ੍ਰੰਥੀ ਥਾਪਿਆ ਗਿਆ, ਕਿਉਂਕਿ ਭਾਈ ਚੰਚਲ ਸਿੰਘ ਇਕੱਲੇ ਸਾਰਾ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਨਹੀਂ ਸਕਦੇ ਸੀ, ਇਸ ਲਈ ਉਨ੍ਹਾਂ ਦੀ ਮੱਦਦ ਲਈ ਭਾਈ ਆਤਮਾ ਸਿੰਘ ਪਸ਼ੌਰੀਆ ਅਤੇ ਭਾਈ ਗੁਪਾਲ ਸਿੰਘ ਨੂੰ ਉਨ੍ਹਾਂ ਦੀ ਮੱਦਦ ਲਈ ਲਗਾਇਆ ਗਿਆ । ਪਹਿਲਾਂ-ਪਹਿਲ ਸਾਰੀ ਭੇਟਾ ਇਕੱਲੇ ਭਾਈ ਚੰਚਲ ਸਿੰਘ ਜੀ ਕੋਲ ਜਾਂਦੀ ਸੀ ਜਿਸ ਵਿੱਚੋਂ ਉਹ ਲੰਗਰ ਵੀ ਲਾਉਂਦੇ ਸਨ ਅਤੇ ਗ਼ਰੀਬਾਂ ਦੀ ਲੋੜ ਵੀ ਪੂਰੀ ਕਰਦੇ ਸੀ । ਫਿਰ ਇਹ ਵਿਧਾਨ ਬਣਾਇਆ ਕਿ ਜਿਸ ਗ੍ਰੰਥੀ ਦੀ ਡਿਊਟੀ ਵੇਲੇ ਜੋ ਚੜ੍ਹਾਵਾ ਆਵੇ ਉਹ ਉਸੇ ਦੇ ਕੋਲ ਰਹੇਗਾ ।

**ਫੁੱਟ ਦੇ ਬੀਜ:** ਇਸ ਪੰਨੇ ਤੇ ਕਾਲਮ 1, 2 ਅਤੇ 3 ਹੇਠਲੇ ਹਿੱਸੇ ਵਿਚ 'ਫੁੱਟ ਦੇ ਬੀਜ' ਸਿਰਲੇਖ ਹੇਠ ਇਹ ਲਿਖਦੇ ਹਨ ਕਿ "1849 ਈ. ਵਿਚ ਅੰਗਰੇਜ਼ਾਂ ਨੇ ਪੰਜਾਬ ਦੇ ਕਬਜ਼ਾ ਕਰਨ ਪਿੱਛੋਂ ਮੁਸਲਮਾਨਾਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਾਈ ਗਊ ਹੱਤਿਆ ਦੀ ਪਾਬੰਦੀ ਖ਼ਤਮ ਕਰ ਦਿੱਤੀ । ਇਸ

ਤੋਂ ਇਲਾਵਾ ਮਹਾਰਾਜੇ ਵੱਲੋਂ ਉਸਾਰੀ ਵਿਸ਼ਾਲ ਖ਼ਾਲਸਾ ਸੈਨਾ ਦੇ 50 ਹਜ਼ਾਰ ਫ਼ੌਜੀਆਂ ਨੂੰ ਇੱਕੋ ਦਿਨ ਵਿਚ ਹੀ ਬਰਖ਼ਾਸਤ ਕਰ ਦਿੱਤਾ । ਇਉਂ ਕਰਨ ਦਾ ਭਾਵ ਇਹ ਸੀ ਕਿ ਹਿੰਦੂ ਵੱਸੋਂ ਮੁਸਲਿਮ ਜ਼ਿਆਦਤੀਆਂ ਦਾ ਵਿਰੋਧ ਕਰਨ ਦੇ ਸਮਰੱਥ ਨਾ ਰਹਿ ਜਾਵੇ ਅਤੇ ਨਾ ਹੀ ਮੁਸਲਿਮ ਅਬਾਦੀ ਦੇ ਮਨ ਵਿਚ ਹਥਿਆਰਬੰਦ ਹਿੰਦੂਆਂ (ਭਾਵ ਖ਼ਾਲਸੇ) ਦਾ ਕਿਸੇ ਤਰ੍ਹਾਂ ਡਰ ਪੈਦਾ ਹੋਵੇ । ਇਉਂ ਪਹਿਲਾਂ ਮੁਸਲਿਮ ਅਬਾਦੀ ਨੂੰ ਪਹਿਲਾਂ ਹਿੰਦੂ ਸਮਾਜ ਦੇ ਵਿਰੁੱਧ ਖੜ੍ਹਾ ਕੀਤਾ ਗਿਆ ਇਸ ਤੋਂ ਅਗਲਾ ਨਿਸ਼ਾਨਾ ਸੀ ਹਿੰਦੂ ਸਮਾਜ ਵਿਚ ਵੰਡੀਆਂ ਪਾਉਣਾ ।"

'ਰਵਾਨੀ' ਦੇ ਪੰਨਾ 2 ਦੇ ਕਾਲਮ 2 ਵਿਚ 'ਸਨਾਤਨੀ ਸੱਭਿਆਚਾਰ ਨਾਲ ਜੋੜੀਏ' ਦੇ ਸਿਰਲੇਖ ਹੇਠ ਇਹ ਦੱਸਦੇ ਹਨ "ਮਲੇਛ ਜਾਤੀਆਂ ਦੇ ਹਮਲਿਆਂ ਨੇ ਸਾਡੀ ਇਸ ਪ੍ਰਾਚੀਨ ਵਿਰਾਸਤ ਦਾ ਸਤਿਆਨਾਸ਼ ਕਰ ਦਿੱਤਾ । ਸਾਥੋਂ ਸਾਡਾ ਪ੍ਰਾਚੀਨ ਜੀਵਨ ਦਰਸ਼ਨ ਤਾਂ ਖੁੱਸ ਗਿਆ ਪ੍ਰੰਤੂ ਮਲੇਛ ਜਾਤੀਆਂ ਸਾਨੂੰ ਸਾਡੀ ਤਬਾਹ ਕੀਤੀ ਵਿਰਾਸਤ ਦੇ ਮੁਕਾਬਲੇ ਕੁੱਝ ਵੀ ਨਾ ਦੇ ਸਕੀਆਂ ... ਪ੍ਰੰਤੂ ਦੁੱਖ ਦੀ ਗੱਲ ਤਾਂ ਇਹ ਹੈ ਕਿ ਸਾਡੇ ਆਪਣੇ ਸਮਾਜ, ਵਿਰਾਟ ਹਿੰਦੂ ਸਮਾਜ ਦੇ ਅਣਗਿਣਤ ਅੰਗ ਅੱਜ ਵੀ ਆਪਣੀ ਕਦੀਮੀ (ਪ੍ਰਾਚੀਨ) ਆਤਮਿਕ ਦੌਲਤ ਵੇਦ ਗਿਆਨ ਤੋਂ ਟੁੱਟੇ ਹੋਏ ਹਨ, ਜਿਵੇਂ ਉਹ ਗੁਰੂ ਅਮਰਦਾਸ ਜੀ ਦੇ ਸਮਿਆਂ ਵਿਚ ਵੀ ਸਨ... ਗੁਰੂ ਨਾਨਕ ਪਾਤਸ਼ਾਹ ਨੇ ਵਿਦੇਸੀ ਸੰਸਕ੍ਰਿਤੀ ਦੇ ਸ਼ਿਕਾਰ ਹੋ ਕੇ ਆਤਮਿਕ ਤੌਰ ਤੇ ਗਰਕ ਚੁੱਕੇ ਹਿੰਦੂ ਸਮਾਜ ਨੂੰ ਵੈਦਿਕ ਸਭਿਅਤਾ ਨਾਲ ਜੋੜਨ ਦਾ ਰਾਹ ਚਲਾਇਆ । ਗੁਰੂ ਅਮਰਦਾਸ ਜੀ ਇਸੇ ਮਾਰਗ ਦੇ ਤੀਸਰੇ ਮਾਰਗ ਦਰਸ਼ਕ ਸਨ । ਗੁਰੂ ਅਮਰਦਾਸ ਜੀ, ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਵੇਦਾਂ ਵਿਚ ਉੱਤਮ ਗਿਆਨ ਦਾ ਜਿਹੜਾ ਮਾਰਗ ਦੱਸਿਆ ਗਿਆ ਹੈ, ਇਹ ਹੀ ਸੱਚ ਦਾ ਮਾਰਗ ਹੈ ।"

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਦਾ ਵੇਦਾਂ, ਸ਼ਾਸਤਰਾਂ ਦੀ ਬਾਣੀ ਦਾ ਸਹੀ ਪ੍ਰਬੰਧ ਜਾਣਨ ਲਈ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋ ਛਾਪੀ ਜਾਂਦੀ ਸੁਆਮੀ ਰਾਮ ਤੀਰਥ ਦੰਡੀ ਸੁਆਮੀ ਜੀ ਦੀ ਲਿਖੀ ਪੁਸਤਕ "ਸਰਬੋਤਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ" ਪੜ੍ਹੋ । ਵੇਦਾਂ ਅਤੇ ਹੋਰ ਸਨਾਤਨ ਧਰਮ ਦੀਆਂ ਪੁਸਤਕਾਂ ਬਾਰੇ ਗੁਰੂ ਸਾਹਿਬ ਦੇ ਆਪਣੇ ਵਿਚਾਰ ਇਸ ਤਰ੍ਹਾਂ ਹਨ ।

1. **ਬੇਦ ਕਤੇਬੀ ਭੇਦੁ ਨ ਜਾਤਾ॥** (ਅੰਗ ੧੦੨੧)
2. **ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ॥** (ਅੰਗ ੬੫੪)
3. **ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥** (ਅੰਗ ੪੨੮)
4. **ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ॥**



(ਅੰਗ ੭੪੭)

5. **ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨਾ ਜਾਣੀ॥** (ਅੰਗ ੯੨੦)
6. **ਪੜੇ ਰੇ ਸਗਲ ਬੇਦ ਨਹ ਚੂਕੇ ਮਨ ਭੇਦ**
   **ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥** (ਅੰਗ ੬੮੭)
7. **ਬ੍ਰਹਮਾ ਚਾਰ ਹੀ ਬੇਦ ਬਨਾਏ॥**
   **ਸਰਬ ਲੋਕ ਤਿਹ ਕਰਮ ਚਲਾਏ ॥**
   **ਜਿਨ ਕੀ ਲਿਵ ਹਰਿ ਚਰਨਨ ਲਾਗੀ॥**
   **ਤੇ ਬੇਦਨ ਤੇ ਭਏ ਤਿਆਗੀ॥੧੯॥**
   **ਜਿਨ ਮਨੁ ਹਰਿ ਚਰਨਨ ਠਹਿਰਾਜੋ॥**
   **ਸੋ ਸਿੰਮ੍ਰਿਤਨ ਕੇ ਰਾਹ ਨਾ ਆਜੋ॥੧੮॥** (ਬਚਿਤ੍ਰ ਨਾਟਕ ਖਸਮੋ ਅਧਿਆਏ)
8. **ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥**
   **ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥**
   **ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥**
   (ਅੰਗ ੬੪੧)
9. **ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ॥**
   **ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ॥** (ਅੰਗ ੧੨੭੬)

'ਰਵਾਨੀ' ਦਾ ਇਹ ਸਾਰਾ ਕਾਰਾ ਖ਼ਾਲਸਾ ਸਿਰਜਨਾ ਦੇ 300ਵੇਂ ਵਰ੍ਹੇ ਨੂੰ ਸਮਰਪਿਤ ਹੈ । ਹੈ ਨਾ, ਕੈਸਾ ਪਵਿੱਤਰ ਹਿਰਦੇ ਨਾਲ ਕੈਸਾ ਸੁੰਦਰ ਪ੍ਰਚਾਰ ਖ਼ਾਲਸਾ ਪੰਥ ਲਈ ਇਹ ਸੰਸਥਾ ਕਰ ਰਹੀ ਹੈ ।

**ਆਖੋਂ ਮੇ ਆਤਿਸ਼ ਹੋਠੋਂ ਮੇ ਮੁਸਕਾਨ**
**ਬਗਲ ਮੇ ਹੈ ਛੁਰੀ ਪਰ ਮੀਠੀ ਹੈ ਜ਼ੁਬਾਨ**
**ਹਿੰਦੀ ਹੈਂ ਹਮ ਔਰ ਦੇਸ ਹਿੰਦੁਸਤਾਨ**
**ਰਾਸ਼ਟਰੀ ਸਿੱਖ ਸੰਗਤ ਕੀ ਯਹਿ ਸਹੀ ਪਹਿਚਾਨ ।**

**ਰਾਸ਼ਟਰੀ ਸਿੱਖ ਸੰਗਤ ਨੂੰ ਦਸ ਸਵਾਲ:**

ਆਪਣੇ ਆਪ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਅਖਵਾਉਣ ਵਾਲੀ, ਖ਼ਾਲਸਾ ਪੰਥ ਨੂੰ ਹਿੰਦੂ ਧਰਮ ਦੀ ਸ਼ਾਖ਼ਾ ਦੱਸਣ ਵਾਲੀ ਅਤੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਪ੍ਰਚਾਰਨ ਵਾਲੀ, ਰਾਸ਼ਟਰੀ ਸਿੱਖ ਸੰਗਤ ਦੇ ਲੀਡਰ ਲੋਕਾਂ ਦੀ ਖੁੱਲ੍ਹੀ ਅਦਾਲਤ ਵਿਚ ਹੇਠ ਲਿਖੇ ਸਵਾਲਾਂ ਦਾ ਜਵਾਬ ਦੇਣ ਦੀ ਕਿਰਪਾਲਤਾ ਕਰਨਗੇ?

1. ਜੂਨ 1984 ਈ. ਵਿਚ ਦਰਬਾਰ ਸਾਹਿਬ, ਜਿਸ ਬਾਰੇ ਤੁਹਾਡੇ ਲਾਏ ਸਟਾਲ ਤੇ ਵਿਕਣ ਵਾਲੀ ਕਿਤਾਬ 'ਗਾਥਾਏਂ ਪੰਜਾਬ ਕੀ' ਭਾਗ-2 ਲੇਖਕ ਮਦਨ ਲਾਲ ਵਿਰਮਾਨੀ, ਪ੍ਰਕਾਸ਼ਕ ਲੋਕ ਹਿੱਤ ਪ੍ਰਕਾਸ਼ਨ ਲਖਨਊ ਦੀ ਪਹਿਲੀ ਐਡੀਸ਼ਨ 17 ਸਤੰਬਰ 1993 ਈ. ਪੰਨਾ 37 ਵਿਚ ਲਿਖਿਆ ਹੈ ਕਿ ਵਿਸ਼ਨੂੰ ਭਗਵਾਨ ਜੀ ਨੇ ਮਨੁੱਖ ਦਾ ਰੂਪ ਧਾਰ ਕੇ ਗੁਰੂ ਅਰਜਨ ਦੇਵ ਮਹਾਰਾਜ ਨੂੰ ਆਦੇਸ਼ ਦਿੱਤਾ ਕਿ ਇਹ ਮੇਰਾ ਮੰਦਰ ਹੈ । ਇਸ ਦਾ ਨਾਮ ਹਰਿਮੰਦਰ ਰੱਖਣਾ ਅਤੇ ਇਸ ਦੇ 4 ਦਰਵਾਜ਼ੇ ਰੱਖਣਾ ਐਸੇ ਹਰਿਮੰਦਰ ਨੂੰ ਜਦ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਰਾਸ਼ਟਰੀ ਸਿੱਖ ਸੰਗਤ ਕਿੱਥੇ ਸੀ? ਅਤੇ ਇਸ ਨੂੰ ਬਚਾਉਣ ਲਈ ਉਪਾਓ ਕਰਨ ਦੀ ਬਜਾਇ ਕੀ ਖ਼ੁਸ਼ੀਆਂ ਨਹੀਂ ਮਨਾਈਆਂ ਗਈਆਂ ਅਤੇ ਮਿਠਾਈਆਂ ਨਹੀਂ ਵੰਡੀਆਂ ਗਈਆਂ?

2. ਇਸੇ ਤਰ੍ਹਾਂ ਜਦੋਂ ਪੰਜਾਬ ਵਿਚ ਹੋਰ 38 ਗੁਰਦੁਆਰਿਆਂ ਤੇ ਹਮਲੇ ਕਰਕੇ ਨਿਰਦੋਸ਼ ਸਿੱਖ ਸੰਗਤ ਦਾ ਕਤਲੇਆਮ ਹੋਇਆ ਉਦੋਂ ਤੁਹਾਡੀ ਸੰਸਥਾ ਆਪਣੇ ਸਿੱਖ ਭਾਈਆਂ ਦੀ ਮੱਦਦ ਲਈ ਮੈਦਾਨ ਵਿਚ ਕਿਉਂ ਨਹੀਂ ਆਈ? ਅਤੇ ਇਹ ਸਭ ਕੁਝ ਦੀ ਜ਼ੁੰਮੇਵਾਰ ਸ੍ਰੀਮਤੀ ਇੰਦਰਾ ਗਾਂਧੀ ਨੂੰ ਕੀ ਤੁਸੀਂ ਦੁਰਗਾ ਮਾਤਾ ਕਹਿ ਕੇ ਨਹੀਂ ਵਡਿਆਇਆ?

3. ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਜਦ ਦਿੱਲੀ ਅਤੇ ਦੇਸ ਦੇ ਹੋਰ ਸੂਬਿਆਂ ਵਿਚ ਲਗਾਤਾਰ ਕਈ ਦਿਨ ਕਤਲੇਆਮ ਹੁੰਦੀ ਰਹੀ ਅਤੇ ਐਸੇ-ਐਸੇ ਜ਼ੁਲਮ ਸਿੱਖਾਂ ਤੇ ਢਾਹੇ ਜਾ ਰਹੇ ਸੀ ਜਿਸ ਨੂੰ ਦੇਖ ਕੇ ਨਾਦਰਸ਼ਾਹ ਦਾ ਕਤਲੇਆਮ ਭੀ ਫਿੱਕਾ ਪੈ ਗਿਆ, ਲੋਕਲ ਗੁਰਦੁਆਰਿਆਂ ਦੀ ਸਾੜ-ਫੂਕ ਕੀਤੀ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਅਗਨ ਭੇਂਟ ਉਪਦਰਵੀਆਂ ਨੇ ਕੀਤੀਆਂ ਤਾਂ ਤੁਸੀਂ ਕੇਵਲ ਮੂਕ ਦਰਸ਼ਕ ਬਣ ਕੇ ਹੀ ਕਿਉਂ ਰਹਿ ਗਏ?

4. ਉੱਪਰ ਦੱਸੇ ਕਤਲੇਆਮ ਵਿਚ ਹੋਏ ਅਨਾਥ ਸਿੱਖ ਬੱਚਿਆਂ ਅਤੇ ਵਿਧਵਾਵਾਂ ਨੂੰ ਧਰਵਾਸ ਦਿਵਾਉਣ ਲਈ ਅਤੇ ਮੁੜ ਵਸੇਬੇ ਲਈ ਸੰਨ 1984 ਤੋਂ ਲੈ ਕੇ ਹੁਣ ਤੱਕ ਤੁਹਾਡੀ ਅਖੌਤੀ ਸਿੱਖ ਸੰਗਤ ਨੇ ਕੀ ਉਪਰਾਲਾ ਕੀਤਾ ਹੈ?

5. ਸੰਨ 1982 ਵਿਚ ਜਦ ਹਰਿਆਣਾ ਪ੍ਰਾਂਤ ਵਿਚ ਵੇਲੇ ਦੀ ਹਕੂਮਤ ਵੱਲੋਂ ਜੀ.ਟੀ. ਰੋਡ ਤੇ ਸ਼ਰੇਆਮ, ਬੱਸਾਂ, ਕਾਰਾਂ, ਪ੍ਰਾਈਵੇਟ ਕਾਰਾਂ ਅਤੇ ਟ੍ਰੈਕਟਰ ਟਰਾਲੀਆਂ ਵਿੱਚੋਂ ਉਤਾਰ ਕੇ ਸਿੱਖਾਂ ਦੀਆਂ ਦਸਤਾਰਾਂ ਉਤਾਰੀਆਂ ਜਾ ਰਹੀਆਂ ਸਨ ਅਤੇ ਬੇਇੱਜ਼ਤ ਕੀਤਾ ਜਾ ਰਿਹਾ ਸੀ ਤਾਂ ਤੁਹਾਡੀ ਬਣਾਈ ਰਾਸ਼ਟਰੀ ਸਿੱਖ ਸੰਗਤ ਨੇ ਮੋਨ ਕਿਉਂ ਧਾਰ ਲਿਆ ਸੀ? ਤੁਹਾਡੇ ਵਿੱਚੋਂ ਕਿਸੇ ਇਕ ਨੇ ਵੀ ਪਾਰਲੀਮੈਂਟ ਵਿਚ ਇਸ ਦੇ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਈ?



6. ਸਾਕਾ ਨੀਲਾ ਤਾਰਾ ਪਿੱਛੋਂ ਤਕਰੀਬਨ 450 ਨਿਰਦੋਸ਼ ਸਿੱਖ ਕੈਦੀ ਜੋ ਜੋਧਪੁਰ ਦੀ ਜੇਲ੍ਹ ਵਿਚ ਤਸੀਹੇ ਝੱਲਦੇ ਰਹੇ ਜੋ ਤੁਹਾਡੀ ਬਣਾਈ ਦੁਰਗਾ ਮਾਤਾ (ਸ੍ਰੀਮਤੀ ਇੰਦਰਾ ਗਾਂਧੀ) ਮੁਤਾਬਕ ਦੇਸ ਦੇ ਗ਼ਦਾਰ ਗਰਦਾਨੇ ਗਏ ਪਰ ਮਾਤਾ ਦੇ ਪੁੱਤਰ (ਸ੍ਰੀ ਰਾਜੀਵ ਗਾਂਧੀ) ਮੁਤਾਬਕ ਨਿਰਦੋਸ਼ ਕਰਾਰ ਦੇ ਕੇ ਬਰੀ ਕਰ ਦਿੱਤੇ ਗਏ । ਤੁਸੀਂ ਇਨ੍ਹਾਂ ਨੂੰ ਆਪਣੇ ਸਿੱਖ ਭਰਾ ਜਾਣ ਕੇ ਕੋਈ ਮੱਦਦ ਕਿਉਂ ਨਾ ਕੀਤੀ ।

7. ਹਿਊਮਨ ਰਾਈਟਸ ਵੱਲੋਂ ਪ੍ਰਗਟ ਕੀਤੇ ਤੱਥਾਂ ਅਨੁਸਾਰ, ਜਿਸ ਦੇਸ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਭੀ ਸਵੀਕਾਰ ਕੀਤਾ ਹੈ, ਵੀਹ ਹਜ਼ਾਰ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਦੱਸ ਕੇ ਸਾੜਨ ਵਾਸਤੇ ਤੁਹਾਡੇ ਮਨ ਵਿਚ ਸਿੱਖ ਬੱਚਿਆਂ ਲਈ ਮੋਹ ਕਿਉਂ ਨਹੀਂ ਜਾਗਿਆ? ਬਲਕਿ ਤੁਸੀਂ ਅਤੇ ਤੁਹਾਡੀਆਂ ਸਹਾਇਕ ਸੰਸਥਾਵਾਂ (ਬਜਰੰਗ ਦਲ ਅਤੇ ਸ਼ਿਵ ਸੈਨਾ ਆਦਿ) ਨੇ ਇਨ੍ਹਾਂ ਨਿਰਦੋਸ਼ ਬੱਚਿਆਂ ਦੇ ਕਾਤਲ ਪੁਲਿਸ ਅਫ਼ਸਰਾਂ ਦੀਆਂ ਵਡਿਆਈਆਂ ਕਰਕੇ ਇਨਾਮ ਦਿਵਾਏ ਅਤੇ ਤਰੱਕੀਆਂ ਦਿਵਾਈਆਂ ।

8. ਜਦੋਂ ਜਸਟਿਸ ਕੁਲਦੀਪ ਸਿੰਘ, ਸਾਬਕਾ ਸੁਪਰੀਮ ਕੋਰਟ ਜੱਜ ਅਤੇ ਦੋ ਹੋਰ ਰਿਟਾਇਰ ਗ਼ੈਰ-ਸਿੱਖ ਜੱਜਾਂ ਨੇ ਮਿਲ ਕੇ, ਇਕ ਕਮਿਸ਼ਨ ਦੇ ਰੂਪ ਵਿਚ ਪੰਜਾਬ ਦੇ ਦੁਖਾਂਤ ਬਾਰੇ ਸਹੀ ਤੱਥ ਲੋਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਤਾਂ ਤੁਸੀਂ ਇਸ ਦੀ ਮੱਦਦ ਕਿਉਂ ਨਾ ਕੀਤੀ?

9. ਸਕੂਲੀ ਬੱਚਿਆਂ ਦੇ ਸਿਲੇਬਸ ਦੀਆਂ ਕਿਤਾਬਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਬਾਰੇ ਘਿਨੌਣੀਆਂ ਟਿੱਪਣੀਆਂ (ਜਿਨ੍ਹਾਂ ਬਾਰੇ ਅਦਾਲਤ ਵਿਚ ਕੇਸ ਚੱਲ ਰਹੇ ਹਨ) ਨੂੰ ਲਿਖਣ ਬਾਰੇ ਤੁਹਾਡੇ ਮਨ ਨੂੰ ਕੋਈ ਠੇਸ ਕਿਉਂ ਨਹੀਂ ਲੱਗੀ?

10. ਤੁਹਾਡੇ ਇਕ ਨਾਉਂ ਦੇ ਦੋ ਅਰਥ ਕਿਉਂ ਹਨ? ਜਮਨਾ ਪਾਰ ਆਰ.ਐਸ.ਐਸ. ਦਾ ਮਤਲਬ ਹੈ ਰਾਸ਼ਟਰੀ ਸੋਇਮ ਸੰਘ ਅਤੇ ਪੰਜਾਬ ਵਿਚ ਇਸ ਦਾ ਮਤਲਬ ਹੈ ਰਾਸ਼ਟਰੀ ਸਿੱਖ ਸੰਗਤ । ਜਦੋਂ ਤੁਸੀਂ ਨਿੱਕਰ ਪਾ ਕੇ ਸ਼ਾਖ਼ਾ ਵਿਚ ਹਾਜ਼ਰੀ ਭਰਦੇ ਹੋ ਤਾਂ ਰਾਸ਼ਟਰੀ ਸੋਇਮ ਸੰਘ ਦਾ ਭਾਗ ਬਣ ਜਾਂਦੇ ਹੋ ਅਤੇ ਜਦੋਂ ਤੁਸੀਂ ਕੁੜਤਾ ਪਜਾਮਾ ਪਾ ਕੇ ਗੁਰਦੁਆਰੇ ਆਉਂਦੇ ਹੋ ਤਾਂ ਰਾਸ਼ਟਰੀ ਸਿੱਖ ਸੰਗਤ ਦਾ ਅੰਗ ਬਣ ਜਾਂਦੇ ਹੋ । ਕੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਐਸੇ ਬਹੁ ਰੂਪੀਏ ਦੋਗ਼ਲੇ ਸਿੱਖ ਬਣਾਏ ਸੀ?

❊❊❊

# ਆਰ.ਐੱਸ.ਐੱਸ. ਝੂਠ ਦਾ ਪੁਲੰਦਾ

ਬੱਸ ਵਿਚ ਸਫ਼ਰ ਕਰਦਿਆਂ, ਇਕ ਵਾਰ ਅਗਲੀ ਸੀਟ ਤੇ ਬੈਠ ਸੱਜਣਾਂ ਦੀ ਵਾਰਤਾਲਾਪ ਸੁਣਨ ਦਾ ਮੌਕਾ ਮਿਲਿਆ ਜੋ ਬੜੇ ਰੌਚਿਕ ਢੰਗ ਨਾਲ ਗੱਲਾਂ ਕਰ ਰਹੇ ਸੀ ।

**ਪਹਿਲਾ ਪੁਰਸ਼ :** ਅੱਜ ਸਾਡੇ ਦੇਸ ਦੀ ਸਾਰੀ ਦੁਨੀਆਂ ਵਿਚ ਚਰਚਾ ਹੈ ਹਰ ਪਾਸਿਓਂ ਦੇਸ ਨੇ ਬਹੁਤ ਤਰੱਕੀ ਕੀਤੀ ਹੈ ਵਿਗਿਆਨ, ਨਵੀਂ ਤਕਨੀਕ, ਖ਼ਗੋਲ, ਭੂਗੋਲ, ਸੁਰੱਖਿਆ, ਕ੍ਰਿਸ਼ੀ ਵਿਗਿਆਨ ਹਰ ਪਾਸੇ ਤੋਂ ਦੇਸ ਬਹੁਤ ਉੱਨਤ ਹੋਇਆ ਹੈ । ਸਾਨੂੰ ਸਭ ਨੂੰ ਗੌਰਵ ਹੋਣਾ ਚਾਹੀਦਾ ਹੈ ਕਿ 'ਹਮ ਹਿੰਦੂ ਵਾ ਹਿੰਦੁਸਤਾਨੀ ਹੈਂ।'

**ਦੂਸਰਾ ਪੁਰਸ਼ :** ਇਕ ਹੋਰ ਖੇਤਰ ਵਿਚ ਜੋ ਤੁਸੀਂ ਦੱਸਣਾ ਭੁੱਲ ਗਏ, ਅਸੀਂ ਇੰਨੀ ਤਰੱਕੀ ਕੀਤੀ ਹੈ ਕਿ ਸਾਰੀ ਦੁਨੀਆਂ ਨੂੰ ਮਾਤ ਕਰ ਦਿੱਤਾ ਅਤੇ ਇਸ ਖੇਤਰ ਵਿਚ ਦੁਨੀਆਂ 'ਚੋਂ ਨੰਬਰ ਇਕ ਤੇ ਹਾਂ ।

**ਪਹਿਲਾ ਪੁਰਸ਼ :** ਉਹ ਕੀ?

**ਦੂਸਰਾ ਪੁਰਸ਼ :** ਜਿੰਨੀ ਬੇਈਮਾਨੀ, ਰਿਸ਼ਵਤਖੋਰੀ, ਹਰਾਮਖੋਰੀ, ਘੁਟਾਲੇ ਅਤੇ ਸਕੈਂਡਲ ਸਾਡੇ ਦੇਸ ਵਿਚ ਹੋਏ ਹਨ ਅਤੇ ਹੋ ਰਹੇ ਹਨ ਸਾਰੀ ਦੁਨੀਆਂ ਵਿਚ ਕਿਤੇ ਨਹੀਂ ਹੋਏ । ਉਪਰੋਂ ਸਿਤਮ ਇਹ ਹੈ ਕਿ ਅੱਜ ਤੱਕ ਕਿਸੇ ਨੂੰ ਭੀ ਦੇਸ ਦਾ ਕਨੂੰਨ ਕੁਝ ਵੀ ਨਹੀਂ ਕਹਿ ਸਕਿਆ । ਇਸ ਹਿਸਾਬ ਨਾਲ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਪੱਕੇ ਹਿੰਦੂ ਹਾਂ । ਕਿਉਂਕਿ ਤੁਰਕੀ ਭਾਸ਼ਾ ਵਿਚ ਹਿੰਦੂ ਦਾ ਅਰਥ ਹੀ ਬੇਈਮਾਨ, ਝੂਠਾ, ਦਗੇਬਾਜ਼, ਲੁਟੇਰਾ ਅਤੇ ਕਾਫ਼ਰ ਹਨ ਅਤੇ ਅਸੀਂ ਇਸ ਹੁਨਰ ਵਿਚ ਸਾਰੇ ਸੰਸਾਰ ਵਿਚ ਮਸ਼ਹੂਰ ਹਾਂ । ਸਾਡੇ ਦੇਸ ਦਾ ਨਾਮ ਭੀ ਤੁਰਕ ਹਮਲਾਵਰਾਂ ਨੇ ਇਸੇ ਲਈ ਹਿੰਦੁਸਤਾਨ ਰੱਖਿਆ ਹੈ ਅਤੇ ਇਸੇ ਲਈ ਸਾਨੂੰ ਹਿੰਦੂ ਕਹਿੰਦੇ ਸੀ । ਫ਼ਾਰਸੀ ਦੀ ਡਿਕਸ਼ਨਰੀ-ਲੁਗ਼ਾਤੇ ਫਿਰੋਜ਼ੀ ਅਤੇ ਲੁਗ਼ਾਤੇ ਕਿਸ਼ੋਰੀ ਵਿਚ ਹਿੰਦੂ ਦੇ ਇਹੀ ਅਰਥ ਹਨ।

**ਪਹਿਲਾ ਪੁਰਸ਼**: ਤੁਸੀਂ ਬਹੁਤ ਭੁਲੇਖੇ ਵਿਚ ਹੋ? ਤੁਸੀਂ ਟੀ.ਵੀ. ਦਾ



ਐਤਵਾਰ ਨੂੰ ਆਉਣ ਵਾਲਾ ਸੁਰਭੀ ਪ੍ਰੋਗਰਾਮ ਨਹੀਂ ਦੇਖਦੇ ਉਨ੍ਹਾਂ ਨੇ ਦੱਸਿਆ ਸੀ ਕਿ ਇੱਥੇ ਸਿੰਧੂ ਘਾਟੀ ਦੀ ਸਭਿਅਤਾ ਦੁਨੀਆਂ ਵਿਚ ਸਭ ਤੋਂ ਪੁਰਾਣੀ ਸਭਿਅਤਾ ਵਿਕਸਿਤ ਹੋਈ ਜੋ ਕਿ ਸਿੰਧੂ ਪਰਬਤ ਤੋਂ ਲੈ ਕੇ ਧੁਰ ਦੱਖਣ ਤੱਕ ਫੈਲੀ ਹੋਈ ਸੀ ਇੱਥੇ ਰਹਿਣ ਵਾਲਿਆਂ ਨੂੰ ਸਿੰਧੂ ਕਹਿੰਦੇ ਸਨ ਜੋ ਕਿ ਹੁਣ ਹਿੰਦੂ ਬਣ ਗਿਆ ।

**ਦੂਸਰਾ ਪੁਰਸ਼:** ਜੇ ਇਹ ਗੱਲ ਹੁੰਦੀ ਤਾਂ ਸਿੰਧੂ ਘਾਟੀ ਦੀ ਸਭਿਅਤਾ ਨੂੰ ਭੀ ਹੁਣ ਹਿੰਦੂ ਘਾਟੀ ਦੀ ਸਭਿਅਤਾ ਕਹਿਣਾ ਚਾਹੀਦਾ ਸੀ ਅਤੇ 'ਕੋਹ ਹਿੰਦੂਕੁਸ਼' ਪਹਾੜ ਦਾ ਨਾਉਂ ਵੀ ਕੋਹ ਸਿੰਧੂਕੁਸ਼ ਹੋਣਾ ਚਾਹੀਦਾ ਸੀ ।

**ਪਹਿਲਾ ਪੁਰਸ਼:** ਤੁਸੀਂ ਸ਼ਾਇਦ ਭੂਗੋਲ ਤੋਂ ਅਨਜਾਣ ਹੋ । ਹਿਮਾਲਾ ਪਰਬਤ ਦੀ ਸ੍ਰੰਖਲਾ ਵਿਚ ਇਕ ਪਹਾੜ ਦਾ ਨਾਉਂ ਕੋਹ ਹਿੰਦੂਕੁਸ਼ ਹੈ ।

**ਦੂਸਰਾ ਪੁਰਸ਼:** ਇਸ ਪਹਾੜ ਦਾ ਨਾਉਂ ਭੀ ਤੁਰਕਾਂ ਨੇ ਹੀ ਰੱਖਿਆ ਸੀ । ਇਹ ਤਿੰਨੇ ਸ਼ਬਦ ਤੁਰਕੀ ਅਤੇ ਫ਼ਾਰਸੀ ਦੇ ਹਨ । ਕੋਹ = ਪਹਾੜ, ਹਿੰਦੂ ਦੇ ਅਰਥ ਦੱਸ ਚੁੱਕਾ ਹਾਂ ਅਤੇ ਕੁਸ਼ ਦੇ ਅਰਥ ਹਨ ਕਤਲ ਕਰਨਾ । ਜਦੋਂ ਚੰਗੇਜ਼ ਖਾਂ ਹਿੰਦੁਸਤਾਨ ਤੇ ਹਮਲਾ ਕਰਨ ਪਿੱਛੋਂ ਬਹੁਤ ਸਾਰੇ ਦੇਸ ਵਾਸੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਦੇਸ ਲਿਜਾ ਰਿਹਾ ਸੀ ਤਾਂ ਇੱਥੇ ਪੜਾਓ ਕੀਤਾ । ਮੌਸਮ ਖ਼ਰਾਬ ਹੋਣ ਕਾਰਨ ਕਾਫ਼ੀ ਦਿਨ ਰੁਕਣਾ ਪਿਆ । ਜਦੋਂ ਉਸ ਦੇ ਜਰਨੈਲਾਂ ਨੇ ਦੱਸਿਆ ਕਿ ਰਾਸ਼ਨ ਬਹੁਤ ਘੱਟ ਰਹਿ ਗਿਆ ਹੈ ਜਿਸ ਨਾਲ ਸਾਰੇ ਲਸ਼ਕਰ ਅਤੇ ਗ਼ੁਲਾਮਾਂ ਨੂੰ ਖੁਆ ਕੇ ਮੁਕਾਮ ਤੇ ਪਹੁੰਚਣਾ ਮੁਸ਼ਕਲ ਹੈ । ਉਸ ਨੇ ਹੁਕਮ ਦਿੱਤਾ ਕਿ ਸਾਰੇ ਹਿੰਦੂ ਗ਼ੁਲਾਮਾਂ ਨੂੰ ਕਤਲ ਕਰ ਦੇਵੋ । ਇਸ ਤਰ੍ਹਾਂ ਕਤਲ ਕਰਨ ਪਿੱਛੋਂ ਇਸ ਪਹਾੜ ਦਾ ਨਾਉਂ ਪੈ ਗਿਆ 'ਕੋਹ ਹਿੰਦੂਕੁਸ਼' ਸੰਨ 1331 ਈ. ਵਿਚ ਆਏ ਮਿਸਰੀ ਯਾਤਰੀ ਇਬਨ ਬਤੂਤਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਅਤੇ Encyclopedia of Americana ਦੇ ਪੰਨਾ 206 ਤੇ 'ਕੋਹ ਹਿੰਦੂਕੁਸ਼' ਦੇ ਅਰਥਾਂ ਵਿਚ ਇਹੀ ਦੱਸਿਆ ਗਿਆ ਹੈ ।

**ਪਹਿਲਾ ਪੁਰਸ਼:** ਮੇਰਾ ਖ਼ਿਆਲ ਹੈ ਕਿ ਤੁਸੀਂ ਭਾਸ਼ਾ ਗਿਆਨ ਤੋਂ ਕੋਰੇ ਹੋ । ਤੁਸੀਂ ਰਾਸ਼ਟਰੀ ਸਿੱਖ ਸੰਗਤ ਵੱਲੋਂ 11, 12, 13, 1998 ਈ. ਦੇ ਆਪਣੇ ਇਕੱਠ ਦੀ ਰਿਪੋਰਟ 'ਸੰਗਤ ਸੰਦੇਸ਼' ਨਹੀਂ ਪੜ੍ਹਿਆ । ਇਸ ਵਿੱਚ 'ਸਿੱਖ ਪੰਥ ਦਾ ਰਾਸ਼ਟਰੀ ਸਰੂਪ' ਦੇ ਲੇਖ ਪੰਨਾ 20 ਕਾਲਮ ਵਿੱਚ ਜੋ ਵਿਆਖਿਆ ਕੀਤੀ ਹੈ ਉਹ ਇਸ ਤਰ੍ਹਾਂ ਹੈ । "ਹਿੰਦੂ ਪਦ ਕੋਈ ਵੈਦਿਕ ਪਦ ਨਹੀਂ, ਪਰ ਲੋਕਿਕ ਪਦ ਹੈ । ਨਕਿਕ ਭਾਸ਼ਾ ਮੇਂ ਕਈ ਬੋਲੀਓਂ ਕੇ ਪਦ ਮਿਲੇ ਹੋਤੇ ਹੈਂ । ਹਿੰਸਾ ਸੇ ਦੂਰ ਰਹਿਨੇ ਵਾਲੇ ਕਾ ਨਾਮ ਹਿੰਦੂ ਹੈ । ਹਿੰਸਾ ਪਦ ਸੇ 'ਹਿੰ' ਔਰ ਦੂ ਪਦ ਸੇ ਅਕਸ਼ਰ 'ਦੂ' ਲੇ ਕਰ ਹਿੰਦੂ ਬਨਾ ਹੈ ।"

**ਦੂਸਰਾ ਪੁਰਸ਼:** ਮੈਂ ਅਨੇਕਾਂ ਭਾਸ਼ਾਈ ਕੋਸ਼ ਦੇਖੇ ਹਨ ਪਰ ਇਹ ਵਿਆਖਿਆ ਕਿਸੇ

ਕੋਸ਼ ਵਿਚ ਨਹੀਂ ਮਿਲਦੀ । ਸ਼ਾਇਦ ਲੇਖਕ ਨੇ ਕੋਈ ਆਪਣਾ ਨਵਾਂ ਕੋਸ਼ ਬਣਾਇਆ ਹੋਵੇ । ਬਲਕਿ ਭਾਈ ਕਾਨ੍ਹ ਸਿੰਘ ਨਾਭਾ ਜੋ ਪੰਜਾਬੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਤੋਂ ਇਲਾਵਾ ਅਰਬੀ, ਫ਼ਾਰਸੀ ਦੇ ਮਹਾਨ ਵਿਦਵਾਨ ਸਨ ਨੇ ਭੀ ਆਪਣੇ ਕੋਸ਼ ਵਿਚ ਲਿਖਿਆ ਹੈ ਕਿ ਇਹ ਤੁਰਕੀ ਭਾਸ਼ਾ ਦਾ ਸ਼ਬਦ ਹੈ ਅਤੇ ਜੋ ਮੈਂ ਦੱਸੇ ਹਨ ਇਹੀ ਅਰਥ ਲਿਖੇ ਹਨ । ਇਸ ਤੋਂ ਇਲਾਵਾ ਹੁਣ ਵਾਲਾ ਪੰਜਾਬ ਦਾ ਨਾਉਂ ਭੀ ਫ਼ਾਰਸੀ ਜ਼ਬਾਨ ਦਾ ਲਫਜ਼ ਹੈ । ਪੰਜ = 5 ਆਬ = ਪਾਣੀ ਭਾਵ ਪੰਜ ਪਾਣੀਆਂ ਦਾ ਦੇਸ ਭਾਵ ਪੰਜ ਦਰਿਆਵਾਂ ਦਾ ਦੇਸ ਪੰਜਾਬ । ਪਹਿਲਾਂ ਇਸ ਦੇਸ ਦਾ ਨਾਉਂ ਪੰਚਾਲ ਦੇਸ ਸੀ ਭਾਵ ਪੰਜ ਪਾਂਡੂਆਂ ਦਾ ਦੇਸ । ਮੁਗਲਾਂ ਨੇ ਨਾਉਂ ਪੰਜਾਬ ਰੱਖਿਆ ਹੈ ।

**ਪਹਿਲਾ ਪੁਰਸ਼:** ਮਲੇਛਾਂ ਦੀ ਅਤੇ ਮਲੇਛ ਬੋਲੀ ਦੀ ਗੱਲ ਨਾ ਕਰੋ । ਜੋ ਮੈਂ ਕਹਿ ਰਿਹਾ ਹਾਂ ਉਹੋ ਠੀਕ ਹੈ। ਇੱਥੇ ਰਹਿਣ ਵਾਲੇ ਕੀ ਜੈਨੀ, ਕੀ ਬੋਧੀ ਜਾਂ ਸਿੱਖ ਅਸੀਂ ਸਾਰੇ ਹਿੰਦੂ ਹਾਂ ਜੋ ਹਿੰਦੁਸਤਾਨ ਵਿਚ ਰਹਿ ਰਹੇ ਹਾਂ ।

**ਦੂਸਰਾ ਪੁਰਸ਼:** ਵੀਰ ਜੀ, ਇਹ ਸਾਰੇ ਅੱਡ-ਅੱਡ ਧਰਮ ਹਨ, ਇਨ੍ਹਾਂ ਧਰਮਾਂ ਨੂੰ ਬਣਾਉਣ ਵਾਲੇ ਅੱਡ-ਅੱਡ ਮਹਾਂਪੁਰਸ਼ ਹਨ ਅਤੇ ਇਨ੍ਹਾਂ ਦੇ ਆਪਣੇ-ਆਪਣੇ ਨਿਯਮ ਹਨ । ਵਿਚਾਰਧਾਰਾ ਅਲੱਗ ਹੈ, ਪੂਜਾ ਅਸਥਾਨ ਅਤੇ ਪੂਜਾ ਦੀਆਂ ਵਿਧੀਆ ਅਲੱਗ ਹਨ, ਇਹ ਸਾਰੇ ਇਕ ਕਿਸ ਤਰ੍ਹਾਂ ਹੋ ਗਏ । ਫਿਰ ਇਸ ਦੇਸ ਵਿਚ ਇਨ੍ਹਾਂ ਤੋਂ ਇਲਾਵਾ ਪਾਰਸੀ ਇਸਾਈ ਅਤੇ ਇਸਲ਼ਾਮ ਨੂੰ ਮੰਨਣ ਵਾਲੇ ਭੀ ਬਹੁਤ ਹਨ ।

**ਪਹਿਲਾ ਪੁਰਸ਼:** ਬਾਕੀ ਸਾਰੇ ਧਰਮ ਬਾਹਰੋਂ ਆਏ ਹਨ । ਜਿਨ੍ਹਾਂ ਦਾ ਮੈਂ ਉੱਪਰ ਜ਼ਿਕਰ ਕੀਤਾ ਹੈ ਸਾਡੀ ਉਨ੍ਹਾਂ ਨਾਲ ਹਰ ਤਰ੍ਹਾਂ ਸਾਂਝ ਹੈ । ਰੋਟੀ-ਬੇਟੀ ਦੀ ਸਾਂਝ ਹੈ, ਰਿਸ਼ਤੇਦਾਰੀਆਂ ਹਨ ਅਤੇ ਤਿਉਹਾਰ ਸਾਂਝੇ ਹਨ ਅਸੀਂ ਸਾਰੇ ਹਿੰਦੂ ਹਾਂ ਬਾਹਰੋਂ ਆਇਆ ਨੂੰ ਛੱਡ ਕੇ ।

**ਤੀਸਰਾ ਪੁਰਸ਼:** ਕੀ ਸਾਰੇ ਮੁਸਲਮਾਨ ਅਰਬ ਤੋਂ ਆਏ ਹਨ? ਜਾਂ ਈਸਾਈ ਰੋਮ ਤੋਂ? ਅਤੇ ਪਾਰਸੀ ਸਾਰੇ ਖਾੜੀ ਫਾਰਸ ਤੋਂ ਆਏ ਹਨ, ਇਹ ਇਸੇ ਦੇਸ ਦੇ ਜੰਮ-ਪਲ ਹਨ ਸਦੀਆਂ ਤੋਂ ਇੱਥੇ ਰਹਿ ਰਹੇ ਹਨ । ਸਦੀਆਂ ਪਹਿਲਾਂ ਇਨ੍ਹਾਂ ਦੇ ਬਜ਼ੁਰਗਾਂ ਨੇ ਇਹ ਅੱਡ ਧਰਮ ਧਾਰਨ ਕਰ ਲਏ, ਫਿਰ ਇਹ ਹਿੰਦੂ ਕਿਉਂ ਨਹੀਂ? ਫਿਰ ਇਨ੍ਹਾਂ ਦੀ ਰੋਟੀ-ਬੇਟੀ ਦੀ ਸਾਂਝ ਭੀ ਜੱਗ ਜ਼ਾਹਰ ਹੈ । ਸਿਲੂਕਸ ਰੋਮਨ (ਸਿਕੰਦਰ ਦੇ ਜਰਨੈਲ) ਨੇ ਇੱਥੇ ਦੀ ਜੰਮ-ਪਲ ਲੜਕੀ ਨਾਲ ਸ਼ਾਦੀ ਕਰਵਾਈ, ਹੂਨ, ਸ਼ੱਕ, ਸਭ ਇੱਥੇ ਹੀ ਰਿਸ਼ਤੇ-ਨਾਤੇ ਕਰਦੇ ਰਹੇ। ਅਨੇਕਾਂ ਰਾਜਪੂਤ ਮਹਾਰਾਜਿਆਂ ਨੇ ਮੁਗਲਾਂ ਨਾਲ ਰਿਸ਼ਤੇਦਾਰੀਆਂ ਪਾਈਆਂ । ਬਹੁਤ ਦੂਰ ਦੀ ਗੱਲ ਛੱਡੋ ਹੁਣ ਦੇ ਸਮੇਂ ਹੀ ਇੰਦਰਾ ਗਾਂਧੀ ਦੀ ਸ਼ਾਦੀ ਪਾਰਸੀ ਨਾਲ ਹੋਈ । ਰਾਜੀਵ ਗਾਂਧੀ ਨੇ ਇਟਲੀ ਦੀ ਈਸਾਈ ਲੜਕੀ ਨਾਲ ਸ਼ਾਦੀ ਕੀਤੀ । ਤੁਸੀਂ ਇਨ੍ਹਾਂ



ਸਾਰਿਆਂ ਨੂੰ ਤਾਂ ਹਿੰਦੂ ਮੰਨਦੇ ਹੋ ਬਲਕਿ ਇੰਦਰਾ ਗਾਂਧੀ ਨੂੰ ਤੁਸੀਂ ਦੁਰਗਾ ਮਾਤਾ ਦੀ ਉਪਾਧੀ ਦਿੰਦੇ ਹੋ ਪਰ ਬਾਕੀ ਸਭ ਨੂੰ ਧਰਮ ਅੱਡ ਹੋਣ ਕਰਕੇ ਵਿਦੇਸੀ ਕਹਿ ਕੇ ਨਫ਼ਰਤ ਕਰਦੇ ਹੋ ।

**ਪਹਿਲਾ ਪੁਰਸ਼:** ਇਕ ਤਾਂ ਵਿਦੇਸੀ ਧਰਮ ਮੰਨਣ ਵਾਲੇ ਗਊ ਦਾ ਮਾਸ ਖਾਂਦੇ ਹਨ ਦੂਸਰੇ ਇਨ੍ਹਾਂ ਨੇ ਹਿੰਦੂਆਂ ਤੇ ਬਹੁਤ ਜ਼ੁਲਮ ਕੀਤੇ ਹਨ ।

**ਤੀਸਰਾ ਪੁਰਸ਼:** ਮੈਂ ਤਾਂ ਸੁਣਿਆ ਹੈ ਕਿ ਰਿਗਵੇਦ, ਮੰਡਲ 10 ਸੂਤਰ, 86 ਮੰਤਰ, 13, 14 ਅਨੁਸਾਰ ਇੰਦਰ ਨੂੰ ਸਾਨ੍ਹਾਂ ਦਾ ਮਾਸ ਖਾਂਦਾ ਦਰਸਾਇਆ ਹੈ । ਜੇ ਦੇਵਤਿਆਂ ਦਾ ਰਾਜਾ ਸਾਂਢ ਦਾ ਮਾਸ ਖਾ ਸਕਦਾ ਹੈ ਤਾਂ ਆਮ ਆਦਮੀ ਦੇ ਗਊ ਦਾ ਮਾਸ ਖਾਣ ਵਿਚ ਕੀ ਹਰਜ਼ ਹੈ । ਇਕ ਵਾਰੀ ਵਿਦੇਸੀ ਪੱਤਰਕਾਰ ਨੇ ਪੰਡਤ ਨਹਿਰੂ ਜੀ ਨੂੰ ਪੁੱਛਿਆ, ਕੀ ਤੁਸੀਂ ਮਾਸ ਖਾਂਦੇ ਹੋ? ਪੰਡਤ ਨਹਿਰੂ ਜੀ ਦਾ ਉੱਤਰ ਸੀ ਹਾਂ ਮੈਂ ਮਾਸ ਖਾਂਦਾ ਹਾਂ **(Yes, I take beef)** ਤੇ ਹੁਣ ਜਗਤ ਪ੍ਰਸਿੱਧ ਗੱਲ ਹੈ ਕਿ ਇੰਦਰਾ ਗਾਂਧੀ ਸਭ ਕੁਝ ਖਾਂਦੀ ਸੀ ਅਤੇ ਅਣਗਿਣਤ ਹਿੰਦੂ ਵਿਦੇਸਾਂ ਵਿਚ ਵੱਸਣ ਵਾਲੇ ਗਊ ਦਾ ਮਾਸ ਖਾਂਦੇ ਹਨ । ਜਿੱਥੋਂ ਤੱਕ ਜ਼ੁਲਮ ਦੀ ਗੱਲ ਹੈ, ਸ਼ੰਕਰਾਚਾਰੀਆ ਜੀ ਸਮੇਂ ਬੋਧੀਆਂ ਤੇ ਬੜੇ ਜ਼ੁਲਮ ਢਾਹੇ ਗਏ ਮੰਦਰ ਢਾਹੇ ਗਏ ਲਾਇਬ੍ਰੇਰੀਆਂ ਸਾੜੀਆਂ ਗਈਆ ਬੋਧੀਆਂ ਦਾ ਕਤਲੇਆਮ ਹੋਇਆ । ਫ਼ਲਸਰੂਪ ਬੁੱਧ ਮਤ ਨੂੰ ਦੇਸ ਨਿਕਾਲਾ ਮਿਲ ਗਿਆ । ਦੇਸ ਦੀ ਅਜ਼ਾਦੀ ਪਿੱਛੋਂ ਹੁਣ ਤੱਕ ਅਨੇਕਾਂ ਕਤਲੇਆਮ ਮੁਸਲਮਾਨਾਂ ਦੇ ਇਸ ਦੇਸ ਵਿਚ ਹੋਏ ਅਤੇ ਹੁਣੇ-ਹੁਣੇ 1984 ਵਿਚ ਸਿੱਖਾਂ ਦਾ ਕਤਲੇਆਮ ਭੀ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿਚ ਇਸ ਦੇਸ ਵਿੱਚ ਹੋਇਆ ਹੈ ।

**ਪਹਿਲਾ ਪੁਰਸ਼:** ਇਹ ਸਭ ਹਿੰਦੂਆਂ ਨੂੰ ਬਦਨਾਮ ਕਰਨ ਲਈ ਵਿਦੇਸੀ ਪ੍ਰਾਪੇਗੰਡਾ ਹੈ । ਬੋਧੀ, ਜੈਨੀ ਅਤੇ ਸਿੱਖ ਸਾਡੇ ਭਾਈ ਹਨ । ਸਾਡੀ ਧਾਰਮਿਕ ਸਾਂਝ ਹੈ । ਸਾਰਿਆਂ ਦੇ ਧਾਰਮਿਕ ਅਸਥਾਨਾਂ ਨੂੰ ਮੰਦਰ ਕਿਹਾ ਜਾਂਦਾ ਹੈ ਚਾਹੇ ਬੋਧੀ ਹੋਵੇ, ਚਾਹੇ ਜੈਨੀ ਜਾਂ ਫਿਰ ਸਿੱਖ । ਉਦਾਹਰਣ ਵੱਜੋਂ ਸਿੱਖਾਂ ਦਾ ਸਭ ਤੋਂ ਵੱਡਾ ਪੂਜਾ ਸਥਲ ਭੀ ਹਰਿਮੰਦਰ ਜਾਂ ਗੋਲਡਨ ਟੈਂਪਲ ਦੇ ਨਾਉਂ ਨਾਲ ਪ੍ਰਸਿੱਧ ਹੈ ।

**ਦੂਸਰਾ ਪੁਰਸ਼:** ਪਹਿਲੀ ਗੱਲ ਤਾਂ ਇਹ ਹੈ ਕਿ ਹਿੰਦੂਆਂ ਵਿਚ ਨਿਰੰਕਾਰ, ਪਰਮੇਸ਼ਰ ਨੂੰ ਕੋਈ ਜਾਣਦਾ ਨਹੀਂ। ਅੱਡ-ਅੱਡ ਦੇਵੀ ਦੇਵਤਿਆਂ, ਅਵਤਾਰਾਂ, ਜਾਂ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਪੂਜਾ ਹੁੰਦੀ ਹੈ । ਇਸ ਲਈ ਸਾਰੇ ਦੇਸ ਵਿਚ ਇਨ੍ਹਾਂ ਦੇਵੀ ਦੇਵਤਿਆਂ ਦੇ ਨਾਉਂ ਤੇ ਮੰਦਰ ਹਨ । ਕੋਈ ਭੀ ਮੰਦਰ ਆਦਿ ਅਨਾਦਿ ਪਰਮੇਸ਼ਰ ਦਾ ਨਹੀਂ । ਸਿੱਖ ਧਰਮ ਵਿਚ ਕਿਉਂਕਿ ਇਕ ਅਕਾਲ, ਅਜੋਨੀ, ਅਨਾਦਿ, ਪਰਮੇਸ਼ਰ ਦੀ ਅਰਾਧਨਾ ਦਾ ਵਿਧਾਨ ਹੈ, ਇਸ ਲਈ ਜੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਨਗਰ ਵਸਾਇਆ ਤਾਂ ਨਾਉਂ ਰੱਖਿਆ ਕਰਤਾਰਪੁਰ ਅਤੇ ਜੇ ਸ੍ਰੀ

ਗੁਰੂ ਅਰਜਨ ਦੇਵ ਜੀ ਨੇ ਅਰਾਧਨਾ ਅਸਥਾਨ ਬਣਾਇਆ ਤਾਂ ਨਾਉਂ ਰੱਖਿਆ ਹਰਿਮੰਦਰ । ਇਸ ਦੀ ਬਣਤਰ ਭੀ ਹਿੰਦੂਆਂ ਦੇ ਮੰਦਰਾਂ ਨਾਲੋਂ ਬਿਲਕੁਲ ਵੱਖਰੀ ਹੈ । ਹਿੰਦੂਆਂ ਦੇ ਸਾਰੇ ਮੰਦਰਾਂ ਦਾ ਮੂੰਹ ਚੜ੍ਹਦੇ ਵੱਲ ਹੁੰਦਾ ਹੈ ਪਰ ਇਸ ਦੇ ਚਾਰ ਦਰਵਾਜ਼ੇ ਹਨ । ਕਿਉਂਕਿ ਪ੍ਰਾਚੀਨ ਹਿੰਦੂ ਕਾਲ ਵਿਚ ਭਵਨ ਕਲਾ ਉਸਾਰੀ ਵਿਚ ਕਿਸੇ ਨੂੰ ਡਾਟ ਬਣਾਉਣੀ ਨਹੀਂ ਆਉਂਦੀ ਸੀ । ਇਸ ਲਈ ਪੁਰਾਤਨ ਕਿਸੇ ਮੰਦਰ ਵਿਚ ਡਾਟ ਦਾ ਕੰਮ ਨਜ਼ਰ ਨਹੀਂ ਆਉਂਦਾ । ਡਾਟ ਭੇੜਨੀ ਅਤੇ ਗੁੰਬਦ ਬਣਾਉਣਾ ਮੁਗ਼ਲ ਕਾਲ ਵੇਲੇ ਇਸ ਦੇਸ ਵਿਚ ਆਇਆ ਹੈ । ਪਰ ਹਰਿਮੰਦਰ ਸਾਹਿਬ ਦੀ ਚਾਰ ਡਾਟਾਂ ਦੇ ਸਿਰ 'ਤੇ ਸਾਰੀ ਦੀ ਸਾਰੀ ਇਮਾਰਤ ਖੜ੍ਹੀ ਹੈ ਅਤੇ ਛੱਤ ਉੱਪਰ ਹਿੰਦੂ ਮੰਦਰਾਂ ਤੋਂ ਵੱਖਰਾ ਗੁੰਬਦ ਭੀ ਹੈ ਅਤੇ ਮਹਿਰਾਬਾਂ ਹਨ । ਫਿਰ ਇਹ ਗੁੰਬਦ ਭੀ ਮੁਗ਼ਲਾਂ ਦੀ ਨਕਲ ਵਾਲਾ ਗੁੰਬਦ ਨਹੀਂ । ਮੁਗ਼ਲਈ ਗੁੰਬਦ ਉੱਪਰ ਉਭਰਵੇਂ ਹੁੰਦੇ ਹਨ ਜਦ ਕਿ ਇਹ ਬੈਠਵਾਂ ਹੈ । ਸਾਰੀ ਦੁਨੀਆਂ ਵਿਚ ਹਰਿਮੰਦਰ ਸਾਹਿਬ ਦਾ ਗੁੰਬਦ ਆਪਣੀ ਮਿਸਾਲ ਆਪ ਹੈ । ਫਿਰ ਇਸ ਵਿਚ ਹਿੰਦੂਆਂ ਦੇ ਮੰਦਰਾਂ ਵਾਂਗ ਕੋਈ ਮੂਰਤੀ ਸਥਾਪਿਤ ਨਹੀਂ ਹੈ । ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਆਪ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ । ਸੋ, ਭੀ ਸਾਰੀ ਦੁਨੀਆਂ ਵਿਚ ਵਿਲੱਖਣ ਚੀਜ਼ ਹੈ । ਤੀਸਰੇ ਇਸ ਦੀ ਨੀਂਹ ਦੀ ਇੱਟ ਭੀ ਗੁਰੂ ਸਾਹਿਬ ਨੇ ਇਕ ਮੁਸਲਮਾਨ ਪੀਰ ਹਜ਼ਰਤ ਸਾਂਈ ਮੀਆਂ ਮੀਰ ਤੋਂ ਰਖਵਾਈ । ਫਿਰ ਭੀ ਜੇ ਤੁਸੀਂ ਇਸ ਦੀ ਤੁਲਨਾ ਹਿੰਦੂ ਮੰਦਰਾਂ ਨਾਲ ਕਰੋ ਤਾਂ ਤੁਹਾਡੀ ਬੁੱਧੀ ਤੇ ਹੀ ਤਰਸ ਆਉਂਦਾ ਹੈ ।

**ਤੀਸਰਾ ਪੁਰਸ਼:** ਫਿਰ ਹਿੰਦੂ ਤਾਂ ਕਿਸੇ ਭਗਵਾਨ ਨੂੰ ਮੰਨਦੇ ਹਨ ਚਾਹੇ ਕਿਸੇ ਦੇਵੀ ਦੇਵਤੇ ਨੂੰ ਜਾਂ ਅਵਤਾਰ ਨੂੰ, ਪਰ ਬੁੱਧ ਧਰਮ ਤਾਂ ਕਿਸੇ ਭਗਵਾਨ ਨੂੰ ਮੰਨਦਾ ਹੀ ਨਹੀਂ । ਉਹ ਤਾਂ ਸਿਰਫ਼ ਕਰਮ ਨੂੰ ਪ੍ਰਧਾਨਤਾ ਦਿੰਦਾ ਹੈ, ਫਿਰ ਬੋਧੀਆਂ ਦੇ ਧਾਰਮਿਕ ਅਸਥਾਨ ਮੰਦਰ ਕਿਵੇਂ ਕਹਾ ਸਕਦੇ ਹਨ?

**ਦੂਸਰਾ ਪੁਰਸ਼:** ਬੋਧੀਆਂ ਦੇ ਧਾਰਮਿਕ ਅਸਥਾਨਾਂ ਦਾ ਅਸਲ ਨਾਉਂ ਬੋਧ ਮੱਠ ਸੀ ਜਾਂ ਬੋਧ ਵਿਹਾਰ । ਨਾਸਤਿਕ ਹੋਣ ਦਾ ਮੂਲ ਆਧਾਰ ਬਣਾ ਕੇ ਹੀ ਬ੍ਰਾਹਮਣ ਸ਼ੰਕਰਚਾਰੀਆਂ ਨੇ ਇਨ੍ਹਾਂ ਦਾ ਇਕ ਪਾਸੇ ਕਤਲੇਆਮ ਕਰਵਾ ਕੇ ਦੇਸ ਨਿਕਾਲਾ ਕਰ ਦਿੱਤਾ । ਦੂਸਰੇ ਪਾਸੇ ਧਾਰਮਿਕ ਤੌਰ ਤੇ ਨਾਸਤਿਕ ਗੁਰੂ (ਮਹਾਤਮਾ ਬੁੱਧ ਜੀ) ਨੂੰ ਆਪਣੀਆਂ ਕਿਤਾਬਾਂ ਵਿਚ ਵਿਸ਼ਨੂੰ ਦੇ ਅਵਤਾਰ ਦੀ ਪਦਵੀ ਦੇ ਕੇ ਬੋਧ ਮਤ ਦਾ ਹਿੰਦੂ ਕਰਨ ਕਰਕੇ ਮੂਰਤੀਆ ਰਖਵਾ ਦਿੱਤੀਆਂ । ਬਿਲਕੁਲ ਇਹੀ ਪੈਂਤੜਾ ਇਹ ਸਿੱਖਾਂ ਨਾਲ ਅਪਣਾ ਰਹੇ ਹਨ ।

**ਪਹਿਲਾ ਪੁਰਸ਼:** ਤੁਸੀਂ ਭੁੱਲਦੇ ਹੋ ਗੁਰੂ ਨਾਨਕ ਦੇਵ ਮਹਾਰਾਜ ਭੀ ਵਿਸ਼ਨੂੰ ਦਾ



ਅਵਤਾਰ ਸੀ ਅਤੇ ਪੂਰਨ ਤਰ੍ਹਾਂ ਹਿੰਦੂ ਸਮਾਜ ਦੇ ਇਕ ਸੁਧਾਰਕ ਸੀ ਅਤੇ ਕਈ ਰੀਤਾਂ, ਜੈਸਾ ਕਿ ਉਨ੍ਹਾਂ ਦਾ ਸ੍ਰਾਧ ਹੁਣ ਤੱਕ ਕੀਤਾ ਜਾਂਦਾ ਹੈ ਕੀ ਇਹ ਗ਼ਲਤ ਹਨ?

**ਦੂਸਰਾ ਪੁਰਸ਼:** ਇਹ ਤੁਹਾਡੀ ਕਲਪਨਾ ਹੈ । ਸ੍ਰੀ ਜਪੁ ਜੀ ਸਾਹਿਬ ਗੁਰੂ ਨਾਨਕ ਮਹਾਰਾਜ ਦੀ ਪ੍ਰਮੁੱਖ ਬਾਣੀ ਹੈ । ਸਿੱਖ ਧਰਮ ਦੀ ਫ਼ਿਲਾਸਫ਼ੀ ਦਾ ਧੁਰਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਮੂਲ ਆਧਾਰ ਹੈ ਇਸ ਬਾਣੀ ਵਿਚ ਬ੍ਰਹਮਾ ਵਿਸ਼ਨੂੰ ਮਹੇਸ਼ ਬਾਰੇ 26ਵੀਂ ਪਉੜੀ ਵਿਚ ਇਸ ਤਰ੍ਹਾਂ ਹੈ ।

**ਅਮੁਲੋ ਅਮੁਲੁ ਆਖਿਆ ਨ ਜਾਇ ॥**
**ਆਖਿ ਆਖਿ ਰਹੇ ਲਿਵ ਲਾਇ ॥** (ਅੰਗ ੫)

ਅੰਦਾਜ਼ਾ ਉਸ ਦੀ ਵਡਿਆਈ ਦਾ ਕੋਈ ਨਹੀਂ ਲਗਾ ਸਕਦਾ, ਲਿਵ ਲਾ ਕੇ ਭਾਵ ਧਿਆਨ ਜੋੜ ਕੇ ਉਸ ਦੀ ਕੀਮਤ ਨੂੰ ਪਾਉਂਦੇ-ਪਾਉਂਦੇ ਥੱਕ ਗਏ ।

**ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥**
**ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥**
(ਅੰਗ ੫-੬)

**ਅਰਥ:** ਵੇਦਾਂ ਦੇ ਮੰਤਰ ਤੇ ਪੁਰਾਣ, ਅਕਾਲ ਪੁਰਖ ਦਾ ਅੰਦਾਜ਼ਾ ਲਾਉਂਦੇ ਹਨ । ਵਿਦਵਾਨ ਮਨੁੱਖ ਭੀ ਜੋ (ਹੋਰਨਾਂ ਨੂੰ) ਉਪਦੇਸ਼ ਕਰਦੇ ਹਨ । (ਅਕਾਲ ਪੁਰਖ ਦਾ) ਬਿਆਨ ਕਰਦੇ ਹਨ। ਕਈ ਬ੍ਰਹਮਾ, ਕਈ ਇੰਦਰ, ਗੋਪੀਆਂ ਤੇ ਕਈ ਕਾਨ੍ਹ ਅਕਾਲ ਪੁਰਖ ਦਾ ਅੰਦਾਜ਼ਾ ਲਗਾਉਂਦੇ ਹਨ ।

ਅੱਗੇ 27ਵੀਂ ਪਉੜੀ ਵਿਚ ਪਰਮੇਸ਼ਰ ਦੀ ਕੌਣ-ਕੌਣ ਗਾ ਕੇ ਸਿਫ਼ਤਾਂ ਕਰਦੇ ਹਨ ਉਸ ਦਾ ਜ਼ਿਕਰ ਕਰਦੇ ਹਨ ।

**ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥**
**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥** (ਅੰਗ ੬)

ਇਸ ਤੋਂ ਅੱਗੇ 30ਵੀਂ ਪਉੜੀ ਵਿਚ ਦਰਸਾਉਂਦੇ ਹਨ :

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥** (ਅੰਗ ੭)

ਪਰਮੇਸ਼ਰ ਦੀ ਮਾਇਆ ਕਿਸੇ ਖ਼ਾਸ ਜੁਗਤੀ ਨਾਲ ਪ੍ਰਸੂਤ ਹੋਈ ਅਤੇ ਪ੍ਰਤੱਖ ਤੌਰ ਤੇ ਉਸ ਦੇ ਤਿੰਨ ਪੁੱਤਰ ਜੰਮੇ । ਉਨ੍ਹਾਂ ਵਿੱਚੋਂ ਇਕ ਬ੍ਰਹਮਾ ਘਰ-ਬਾਰੀ ਪੈਦਾ ਕਰਨ ਵਾਲਾ, ਇਕ ਵਿਸ਼ਨੂੰ ਜੀਵਾਂ ਨੂੰ ਰਿਜ਼ਕ ਦੇਣ ਵਾਲਾ ਅਤੇ ਇਕ ਸ਼ਿਵ, ਕਚਹਿਰੀ ਲਾਉਂਦਾ ਹੈ । ਭਾਵ ਜੀਵਾਂ ਨੂੰ ਸੰਘਾਰਦਾ ਹੈ ।

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥** (ਅੰਗ ੭)

(ਪਰ ਅਸਲ ਗੱਲ ਇਹ ਹੈ) ਜਿਵੇਂ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ । (ਇਨ੍ਹਾਂ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਦੇ ਹੱਥ ਕੁਝ ਨਹੀਂ) । ਇਹ ਬੜੀ ਅਸਚਰਜ ਗੱਲ ਹੈ ਕਿ ਉਹ ਅਕਾਲ ਪੁਰਖ ਇਨ੍ਹਾਂ (ਬ੍ਰਹਮਾ, ਵਿਸ਼ਨੂੰ ਮਹੇਸ਼) ਦੀ ਕਿਰਿਆ ਨੂੰ ਵੇਖ ਰਿਹਾ ਹੈ ਪਰ ਇਨ੍ਹਾਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਨੂੰ ਪਰਮੇਸ਼ਰ ਨਹੀਂ ਦਿਸਦਾ । ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਫੁਰਮਾਨ ਹੈ:

**ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ ॥**
**ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥**
**ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ ॥**
**ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥** (ਅੰਗ ੫੧੮)

ਅਜੇ ਭੀ ਤੁਸੀਂ ਕਹੋਗੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਿਸ਼ਨੂੰ ਦਾ ਅਵਤਾਰ ਸਨ । ਇਸ ਤਰ੍ਹਾਂ ਆਸਾ ਦੀ ਵਾਰ ਅਤੇ ਹੋਰ ਜਗ੍ਹਾ-ਜਗ੍ਹਾ ਸ੍ਰਾਧਾਂ ਦਾ ਖੰਡਨ ਗੁਰਬਾਣੀ ਵਿੱਚ ਦਰਜ ਹੈ ।

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥**
(ਅੰਗ ੩੩੨)

ਅਤੇ ਦੱਸਿਆ ਹੈ ।

**ਨਾਨਕ ਅਗੈ ਸੋ ਮਿਲੇ ਜਿ ਖਟੇ ਘਾਲੇ ਦੇਇ ॥** (ਅੰਗ ੪੭੨)

ਭਾਵ ਅੱਗੇ ਆਦਮੀ ਨੂੰ ਉਹੀ ਮਿਲੇਗਾ ਜੋ ਉਹ ਜ਼ਿੰਦਗੀ ਵਿਚ ਆਪ ਹੱਕ ਦੀ ਕਮਾਈ ਕਰਕੇ ਪਰਮੇਸ਼ਰ ਦੀ ਖ਼ਲਕਤ ਦੀ ਸੇਵਾ ਲਈ ਕਿਸੇ ਨੂੰ ਦੇਵੇਗਾ । ਇਸ ਤਰ੍ਹਾਂ ਜੇ ਕੋਈ ਮੂਰਖ ਗੁਰੂ ਸਾਹਿਬ ਦੇ ਉਪਦੇਸ਼ਾਂ ਦੇ ਉਲਟ ਕੋਈ ਕੰਮ ਕਰਦਾ ਹੈ ਉਸ ਦੀ ਮੱਤ ਨੂੰ ਕੀ ਕਹੀਏ?

**ਤੀਸਰਾ ਪੁਰਸ਼:** ਫਿਰ ਗੁਰੂ ਨਾਨਕ ਦੇਵ ਜੀ ਦਾ ਜੀਵਨ ਸਾਥੀ ਮੁਸਲਮਾਨ ਦੇ ਘਰ ਜਨਮਿਆਂ ਭਾਈ ਮਰਦਾਨਾ ਸੀ ਅਤੇ ਪਹਿਲਾ ਸਿੱਖ ਭੀ ਰਾਇ ਭੋਇ ਦੀ ਤਲਵੰਡੀ ਦਾ ਹਾਕਮ ਰਾਇ ਬੁਲਾਰ ਸੀ ਅਤੇ ਇਸ ਤਰ੍ਹਾਂ ਅੱਗੇ ਸ਼ਰਧਾਲੂ ਸਿੱਖ ਸੁਲਤਾਨਪੁਰ ਲੋਧੀ ਦਾ ਹਾਕਮ ਪਠਾਣ ਦੌਲਤ ਖ਼ਾਨ ਸੀ ਫਿਰ ਤੁਹਾਡੀ ਗੱਲ ਗ਼ਲਤ ਸਿੱਧ ਹੁੰਦੀ ਹੈ।

**ਪਹਿਲਾ ਪੁਰਸ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਦ, ਰਾਮ, ਕ੍ਰਿਸ਼ਨ ਅਤੇ ਹੋਰ ਅਨੇਕ ਦੇਵੀ ਦੇਵਤਿਆਂ ਦੇ ਨਾਮ ਆਉਂਦੇ ਹਨ ਅਤੇ ਮਹਿਮਾ ਦਰਜ ਕੀਤੀ ਹੋਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਭੀ ਸ਼ਾਸਤਰੀ ਸੰਗੀਤ ਅਨੁਸਾਰ ਪ੍ਰਾਚੀਨ ਰਾਗ ਰਾਗਣੀਆਂ ਵਿਚ ਦਰਜ ਹੈ ਜੋ ਕਿ ਹਿੰਦੂ ਪ੍ਰੰਪਰਾ ਹੈ ।



**ਦੂਸਰਾ ਪੁਰਸ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਤਾ, ਸੱਪ, ਡੱਡੂ ਆਦਿ ਜਾਨਵਰਾਂ ਦੇ ਨਾਉਂ ਭੀ ਆਉਂਦੇ ਹਨ ਕੀ ਇਹ ਸਭ ਪੂਜਣਯੋਗ ਹਨ । ਇਸੇ ਤਰ੍ਹਾਂ 'ਗ਼ਰੀਬ' ਸ਼ਬਦ ਭੀ ਬਹੁਤ ਵਰਤਿਆ ਗਿਆ ਹੈ ਹੁਣ ਜੇ ਕੋਈ ਗ਼ਰੀਬ ਦਾਸ ਨਾਉਂ ਦਾ ਬੰਦਾ ਕਹੇ ਕਿ ਮੇਰਾ ਨਾਉਂ ਭੀ ਗੁਰਬਾਣੀ ਵਿਚ ਹੈ ਮੈਨੂੰ ਪੂਜੋ, ਕੀ ਇਹ ਮੂਰਖਤਾ ਨਹੀਂ ਹੋਵੇਗੀ ? ਅਵਤਾਰਾਂ ਅਤੇ ਦੇਵੀ ਦੇਵਤਿਆਂ ਬਾਰੇ ਗੁਰਬਾਣੀ ਦਾ ਉਪਦੇਸ਼ ਸੁਣੋ:

**ਅਵਤਾਰ ਨ ਜਾਨਹਿ ਅੰਤੁ ॥**
**ਪਰਮੇਸਰੁ ਪਾਰਬ੍ਰਹਮ ਬੇਅੰਤੁ ॥** (ਅੰਗ ੮੯੪)
**ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥**
**ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥**
(ਅੰਗ ੪੨੩)

**ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥**
**ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥** (ਅੰਗ ੪੫੫)
**ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥**
**ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥** (ਅੰਗ ੭੪੭)
**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥**
(ਅੰਗ ੬੩੭)

ਗੁਰਬਾਣੀ ਅਨੁਸਾਰ ਸਾਰੇ ਅਵਤਾਰ ਅਤੇ ਦੇਵੀ ਦੇਵਤੇ ਕੋਈ ਮਾਇਆ ਨੂੰ ਜਿੱਤ ਨਹੀਂ ਸਕਿਆ ਸਭ ਮਾਇਆ ਦੇ ਦਾਸ ਹਨ:

**ਮਾਇਆ ਮੋਹੇ ਦੇਵੀ ਸਭਿ ਦੇਵਾ ॥** (ਅੰਗ ੨੨੭)
**ਭਰਮੇ ਸੁਰਿ ਨਰ ਦੇਵੀ ਦੇਵਾ ॥** ( ਅੰਗ ੨੫੮)
**ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥** (ਅੰਗ ੩੯੪)
**ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥**
**ਮਹਾਦੇਉ ਗਿਆਨੀ ਵਰਤੈ ਘਰਿ ਆਪਣੈ**
**ਤਾਮਸੁ ਬਹੁਤੁ ਅਹੰਕਾਰਾ ॥** (ਅੰਗ ੫੫੯)

ਇਸ ਲਈ ਗੁਰੂ ਨਾਨਕ ਦੇਵ ਮਹਾਰਾਜ ਆਸਾ ਦੀ ਵਾਰ ਵਿਚ ਉਪਦੇਸ਼ ਕਰਦੇ ਹਨ:

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** (ਅੰਗ ੪੭੦)

ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਪਦੇਸ਼ ਹੈ:

**ਤਿਸਹਿ ਤਿਆਗਿ ਆਨ ਕਉ ਜਾਚਹਿ**

**ਮੁਖ ਦੰਤ ਰਸਨ ਸਗਲ ਘਸਿ ਜਾਵਤ॥**
**ਰੇ ਮਨ ਮੂੜ ਸਿਮਰਿ ਸੁਖਦਾਤਾ**
**ਨਾਨਕ ਦਾਸ ਤੁਝਹਿ ਸਮਝਾਵਤ॥** (ਅੰਗ ੧੩੯੮)

ਜੇ ਰਾਗਾਂ ਤੇ ਆਧਾਰਿਤ ਗੁਰੂ ਬਾਣੀ ਹੋਣ ਕਰਕੇ ਇਹ ਹਿੰਦੂ ਬਾਣੀ ਮੰਨਦੇ ਹੋ ਤਾਂ ਪਹਿਲਾਂ ਤਾਂ ਹਿੰਦੂ ਮਤ ਦਾ ਕੋਈ ਭੀ ਧਾਰਮਿਕ ਗ੍ਰੰਥ ਵੇਦ, ਸ਼ਾਸਤਰ, ਉਪਨਿਸ਼ਦ ਅਤੇ ਸਿਮ੍ਰਿਤੀਆਂ ਰਾਗ ਆਧਾਰਿਤ ਨਹੀਂ ਹਨ । ਦੂਸਰੇ ਆਸਾ ਰਾਗ ਅਤੇ ਤੁਖਾਰੀ ਰਾਗ ਆਦਿ ਕਿਸੇ ਭੀ ਹਿੰਦੂ ਸੰਗੀਤ ਮਤ ਵਿਚ ਨਹੀਂ ਮਿਲਦੇ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਬਣਾਏ ਹੋਏ ਹਨ । ਫਿਰ ਘੋੜੀਆਂ, ਬਿਰਹੜੇ, ਕਰਹਲੇ, ਛੰਤ ਆਦਿ ਧੁਨੀਆਂ ਕਿਸੇ ਇਕ ਹਿੰਦੂ ਦੀ ਮਲਕੀਅਤ ਨਹੀਂ ਸਮੁੱਚੀ ਪੰਜਾਬੀਅਤ ਦੀ ਮਲਕੀਅਤ ਹੈ । ਇਸ ਤੋਂ ਇਲਾਵਾ ਗੁਰਬਾਣੀ ਅੰਦਰ ਵਾਰਾਂ ਦੀਆਂ ਦਰਜ ਧੁਨੀਆਂ ਜਿਹਾ ਕਿ ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ, ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ ਅਤੇ ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ, ਇਹ ਸਭ ਮੁਸਲਮਾਨ ਜੋਧਿਆਂ ਦੀਆਂ ਵਾਰਾਂ ਦੀਆਂ ਧੁਨੀਆਂ ਹਨ ਕਿਸੇ ਹਿੰਦੂ ਦੀ ਨਹੀਂ ।

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਜੋ ਕੀਰਤਨ ਲਈ ਸਾਜ ਚੁਣਿਆ 'ਰਬਾਬ' ਭੀ ਹਿੰਦੂ ਮਤ ਵਾਲਾ ਵੀਣਾ ਆਦਿ ਨਹੀਂ । ਰਬਾਬ ਨਿਰੋਲ ਮੁਸਲਮਾਨੀ ਸਾਜ਼ ਹੈ ਜੋ ਅਰਬ ਦੇਸ ਤੋਂ ਇਸ ਦੇਸ ਵਿਚ ਆਇਆ ਹੈ ।

ਫਿਰ ਜੇ ਤੁਹਾਡੀ ਗੱਲ ਨੂੰ ਆਧਾਰ ਮੰਨ ਲਿਆ ਜਾਵੇ ਤਾਂ ਤਬਲਾ ਵਜਾਉਣ ਵਾਲੇ ਸਾਰੇ ਮੁਸਲਮਾਨ ਹਨ ਕਿਉਂਕਿ ਇਸ ਦੀ ਕਾਢ ਹੀ ਅਮੀਰ ਖੁਸਰੋ ਮੁਸਲਮਾਨ ਨੇ ਕੀਤੀ ਸੀ ਅਤੇ ਦਰਬਾਰੀ ਕਾਨ੍ਹੜਾ ਅਤੇ ਮੀਆਂ ਕੀ ਮਲ੍ਹਾਰ ਗਾਉਣ ਵਾਲੇ ਸਾਰੇ ਮੁਸਲਮਾਨ ਬਣ ਜਾਣਗੇ ਕਿਉਂਕਿ ਇਹ ਰਾਗ ਅਕਬਰ ਦੇ ਦਰਬਾਰੀ ਸੰਗੀਤਕਾਰ ਮੀਆਂ ਤਾਨਸੈਨ ਦੇ ਬਣਾਏ ਹੋਏ ਹਨ । ਇਸ ਆਧਾਰ ਤੇ ਸਾਰਾ ਦੇਸ ਹੀ ਈਸਾਈ ਬਣ ਜਾਵੇਗਾ ਕਿਉਂਕਿ 'ਹਰਮੋਨੀਅਮ' ਅੰਗਰੇਜ਼ ਇਸ ਦੇਸ ਵਿਚ ਲੈ ਕੇ ਆਏ ਹਨ । ਇਸ ਤੋਂ ਇਲਾਵਾ ਦੇਸ ਦਾ ਵਿਧਾਨ, ਸੁਪਰੀਮ ਕੋਰਟ ਦੀ ਸਾਰੀ ਕਾਰਵਾਈ, ਰੇਲ, ਕਾਰਾਂ ਅਤੇ ਹੋਰ ਸਾਰੀ ਮਸ਼ੀਨਰੀ ਐਲੋਪੈਥਿਕ ਦਵਾਈਆਂ, ਸਾਡੀ ਹੁਣ ਦੀ ਸਿੱਖਿਆ ਪ੍ਰਣਾਲੀ ਫ਼ਿਲਮ ਇੰਡਸਟਰੀ ਅਤੇ ਹੋਰ ਅਣਗਿਣਤ ਚੀਜ਼ਾਂ ਸਭ ਵਿਦੇਸ਼ ਤੋਂ ਆਈਆਂ ਹਨ । ਸੋ ਤੁਹਾਡੀ ਦਲੀਲ ਨਾਲ ਇਹ ਦੇਸ ਹਿੰਦੁਸਤਾਨ ਨਾ ਰਹਿ ਕੇ ਯੂਰਪ ਦਾ ਇਕ ਭਾਗ ਬਣ ਜਾਵੇਗਾ ।

**ਪਹਿਲਾ ਪੁਰਸ਼:** ਸ੍ਰੀ ਗੁਰੂ ਤੇਗ ਬਹਾਦਰ ਦਾ ਇਹ ਸਲੋਕ:

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥**



**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥** (ਅੰਗ ੧੪੨੯)

ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਰਾਜਾ ਦਸਰਥ ਦੇ ਪੁੱਤਰ ਰਾਮ ਚੰਦਰ ਦੇ ਉਪਾਸ਼ਕ ਸੀ ।

**ਦੂਸਰਾ ਪੁਰਸ਼:** ਇਸ ਤੋਂ ਅੱਗੇ ਜੋ ਸਲੋਕ ਗੁਰੂ ਤੇਗ ਬਹਾਦਰ ਸਾਹਿਬ ਦਾ ਹੈ ਉਸ ਨੂੰ ਭੀ ਧਿਆਨ ਨਾਲ ਪੜ੍ਹੋ:

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥** (ਅੰਗ ੧੪੨੯)

ਕੀ ਗੁਰੂ ਸਾਹਿਬ ਜੋ ਆਉਣ-ਜਾਣ ਦੇ ਚੱਕਰ ਵਿਚ ਫਸਿਆ ਹੋਇਆ ਹੈ ਭਾਵ ਜੰਮਦਾ ਮਰਦਾ ਹੈ ਉਸ ਦੇ ਉਪਾਸ਼ਕ ਸੀ? ਇਸ ਰਘੁਨਾਥ ਦੇ ਗੁਰਬਾਣੀ ਦੇ ਚਾਨਣ ਵਿਚ ਸਹੀ ਅਰਥ ਹਨ ਰਘੂ=ਸੂਰਜ ਅਤੇ ਨਾਥ=ਮਾਲਕ ਜੋ ਸੂਰਜਾਂ ਦਾ ਮਾਲਕ ਹੈ, ਜਿਸ ਬਾਰੇ ਕਲਗੀਧਰ ਮਹਾਰਾਜ ਨੇ ਲਿਖਿਆ ਹੈ:

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥** (ਜਾਪੁ ਸਾਹਿਬ)

ਦਸਰਥ ਦੇ ਪੁੱਤਰ ਰਾਮ ਚੰਦਰ ਜੀ ਬਾਰੇ ਗੁਰਬਾਣੀ ਵਿਚ ਦਰਜ ਹੈ।

**ਰੋਵੈ ਰਾਮੁ ਨਿਕਾਲਾ ਭਇਆ॥**
**ਸੀਤਾ ਲਖਮਣੁ ਵਿਛੁੜਿ ਗਇਆ॥** (ਅੰਗ ੯੫੪)
**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥**
**ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥** (ਅੰਗ ੪੬੪)

ਰਵਾਲ ਦੇ ਅਰਥ ਹਨ ਮਿੱਟੀ ਦੀ ਮੁੱਠ । ਕੰਨ੍ ਦੇ ਅਰਥ ਹਨ ਕ੍ਰਿਸ਼ਨ

ਕਲਗੀਧਰ ਮਹਾਰਾਜ ਦਾ ਫ਼ੁਰਮਾਨ ਹੈ:

**ਏਕ ਸਿਵ ਭਏ ਏਕ ਗਏ ਏਕ ਫੇਰ ਭਏ॥**
**ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ॥**
**ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔਰ ਪੁਰਾਨ ਕੇਤੇ**
**ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈ॥**
**ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ**
**ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈ॥**
**ਪੀਰ ਔਰ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ**
**ਭੂਮ ਹੀ ਤੇ ਹੁਇਕੈ ਫੇਰਿ ਭੂਮ ਹੀ ਮਿਲਏ ਹੈ॥** (ਅਕਾਲ ਉਸਤਤ)

**ਪਹਿਲਾ ਪੁਰਸ਼:** ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਭਾਈ ਮਤੀਦਾਸ ਅਤੇ ਸਤੀਦਾਸ, ਜੋ ਬ੍ਰਾਹਮਣ ਸੀ, ਦੀ ਸ਼ਹੀਦੀ ਤੋਂ ਜ਼ਾਹਰ ਹੁੰਦਾ ਹੈ ਕਿ ਹਿੰਦੂਆਂ ਨੇ ਗੁਰੂ ਸਾਹਿਬ ਨਾਲ ਬਰਾਬਰ ਕੁਰਬਾਨੀ ਵਿਚ ਹਿੱਸਾ ਪਾਇਆ ।

**ਦੂਸਰਾ ਪੁਰਸ਼:** ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ਼ ਦੀ ਵਰਨ-ਵੰਡ ਹਿੰਦੂਆਂ ਵਿਚ ਹੀ ਹੈ । ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦਾ ਉਪਦੇਸ਼ ਦੇ ਕੇ ਸਭ ਨੂੰ ਪਿਆਰ ਕੀਤਾ । ਸ੍ਰੀ ਗੁਰੂ ਅਮਰਦਾਸ ਜੀ ਨੇ ਵਰਨ-ਵੰਡ ਨੂੰ ਖ਼ਤਮ ਕਰਨ ਲਈ ਹੀ ਸਭ ਲਈ ਇਕੱਠੇ ਇਸ਼ਨਾਨ ਕਰਨ ਲਈ ਇਕ ਬਉਲੀ ਬਣਾਈ ਅਤੇ ਲੰਗਰ ਲਈ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਨਾਲ ਗੁਰਸਿੱਖਾਂ ਵਿਚ ਵਰਨ-ਵੰਡ ਦਾ ਭੋਗ ਪਾ ਦਿੱਤਾ । ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਜੋ ਪੰਜ ਗੁਰਸਿੱਖ ਦਿੱਲੀ ਗਏ ਉਹ ਭਾਈ ਮਤੀਦਾਸ, ਭਾਈ ਸਤੀਦਾਸ ਬ੍ਰਾਹਮਣ, ਭਾਈ ਦਿਆਲਾ ਜੀ, ਬਾਬਾ ਗੁਰਦਿੱਤਾ ਜੀ ਖੱਤਰੀ ਸੀ । ਭਾਈ ਜੈਤਾ ਜੀ ਸ਼ੂਦਰ ਸੀ, ਜਿਨ੍ਹਾਂ ਦੀ ਮਹਾਨ ਕੁਰਬਾਨੀ ਹੈ ਕਿ ਗੁਰੂ ਸਾਹਿਬ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਗਏ । ਇਹ ਸਾਰੇ ਗੁਰੂ ਦੇ ਪੱਕੇ ਸਿੱਖ ਸੀ । ਭਾਈ ਮਤੀਦਾਸ ਨੂੰ ਸ਼ਹੀਦੀ ਤੋਂ ਪਹਿਲਾਂ ਅੰਤਮ ਇੱਛਾ ਪੁੱਛੀ ਗਈ ਤਾਂ ਉੱਤਰ ਸੀ ਕਿ ਮੈਨੂੰ ਗੁਰੂ ਸਾਹਿਬ ਦੇ ਦਰਸ਼ਨ ਹੁੰਦੇ ਰਹਿਣ ਅਤੇ ਆਰੇ ਨਾਲ ਚੀਰਨ ਵੇਲੇ ਭੀ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸੀ ਜਿਸ ਤੋਂ ਸਿੱਧ ਹੁੰਦਾ ਹੈ ਕਿ ਵਰਨ-ਜਾਤ ਤੋਂ ਉੱਪਰ ਉੱਠ ਕੇ ਗੁਰੂ ਕੇ ਪੱਕੇ ਸਿੱਖ ਸਨ ਨਹੀਂ ਤਾਂ ਉਹ ਗਾਇਤਰੀ ਮੰਤਰ ਜਾਂ ਹੋਰ ਕੋਈ ਬੇਦ ਬਾਣੀ ਪੜ੍ਹਦੇ ।

**ਪਹਿਲਾ ਪੁਰਸ਼:** ਦਿੱਲੀ ਦਾ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਇਕ ਹਿੰਦੂ ਨੇ ਆਪਣੀ ਕੋਠੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਭੇਟ ਕੀਤੀ ਸੀ ।

**ਦੂਸਰਾ ਪੁਰਸ਼:** ਗੱਲ ਦੀ ਗਹਿਰਾਈ ਤੱਕ ਜਾਣ ਦੀ ਕੋਸ਼ਸ਼ ਕਰੋ । ਇਹ ਮਿਰਜ਼ਾ ਰਾਜਾ ਜੈ ਸਿੰਘ ਜੋ ਕਿ ਔਰੰਗਜ਼ੇਬ ਦਾ ਦਰਬਾਰੀ ਸੀ ਗੁਰੂ ਘਰ ਦਾ ਸ਼ਰਧਾਲੂ ਸੀ, ਦੀ ਨਿੱਜੀ ਰਹਾਇਸ਼ ਸੀ । ਇਸ ਦੇ ਪਿਤਾ ਰਾਜਾ ਜਸਵੰਤ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਸਿੱਖੀ ਧਾਰਨ ਕੀਤੀ ਅਤੇ ਉਨ੍ਹਾਂ ਦੀ ਕਿਰਪਾ ਸਦਕਾ ਅਸਾਮ ਦੀ ਮੁਹਿੰਮ ਵਿਚ ਕਾਮਯਾਬੀ ਪ੍ਰਾਪਤ ਕੀਤੀ । ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਮਹਾਰਾਜ ਨੇ ਆਪਣੀ ਦਿੱਲੀ ਫੇਰੀ ਸਮੇਂ ਰਾਜਾ ਜੈ ਸਿੰਘ ਦੀ ਬੇਨਤੀ ਪ੍ਰਵਾਨ ਕਰਕੇ ਇੱਥੇ ਰਹਾਇਸ਼ ਕੀਤੀ । ਇੱਥੇ ਹੀ ਸਰੀਰ ਛੱਡਿਆ । ਇਹ ਬੰਗਲਾ ਕਿਸੇ ਨੇ ਭੇਂਟ ਨਹੀਂ ਕੀਤਾ, ਬਲਕਿ ਸਿੱਖ ਮਿਸਲਾਂ ਦੀ ਚੜ੍ਹਤ ਵੇਲੇ ਸ. ਬਘੇਲ ਸਿੰਘ ਦੀ ਕਮਾਨ ਹੇਠ ਜਦੋਂ ਸਿੰਘਾਂ ਨੇ ਦਿੱਲੀ ਜਿੱਤੀ ਉਸ ਵੇਲੇ ਦਿੱਲੀ ਦੇ ਬਾਦਸ਼ਾਹ ਨਾਲ ਜੋ ਸਮਝੌਤਾ ਹੋਇਆ ਉਸ ਅਨੁਸਾਰ ਜਦ ਬਾਕੀ ਇਤਿਹਾਸਿਕ ਗੁਰਦੁਆਰੇ ਬਣਾਏ ਗਏ ਤਾਂ ਇਸ ਨੂੰ ਗੁਰਦੁਆਰੇ ਦਾ ਰੂਪ ਦਿੱਤਾ ਗਿਆ । ਹੁਣ ਵੇਲੇ ਦੀ ਸਾਰੀ ਜ਼ਮੀਨ ਅਤੇ ਜੋ ਸਰੋਵਰ ਦੀ ਜਗ੍ਹਾ ਹੈ, ਇੰਦਰਾ ਗਾਂਧੀ ਵੇਲੇ ਸਿੱਖਾਂ ਨੇ ਕਚਹਿਰੀ ਵਿਚ ਮੁਕੱਦਮਾ ਜਿੱਤ ਕੇ ਇਹ ਗੁਰਦੁਆਰਾ ਸਾਹਿਬ ਨਾਲ ਰਲਾਈ ਹੈ ।

**ਪਹਿਲਾ ਪੁਰਸ਼:** ਸਿੱਖਾਂ ਦਾ ਜੋ ਕਲੰਡਰ ਪ੍ਰਚਲਿਤ ਹੈ ਉਹ ਹਿੰਦੂਆਂ ਵਾਲਾ ਹੀ ਹੈ ਅਰਥਾਤ ਬਿਕ੍ਰਮੀ ਸੰਮਤ । ਲੋਹੜੀ, ਵਿਸਾਖੀ, ਦੀਵਾਲੀ ਤਿਉਹਾਰ ਭੀ ਸਾਂਝੇ ਹਨ । ਇਸ ਤੋਂ ਭੀ ਜ਼ਾਹਰ ਹੁੰਦਾ ਹੈ ਕਿ ਸਿੱਖ ਹਿੰਦੂ ਸਮਾਜ ਦਾ ਹੀ ਅੰਗ ਹਨ । ਹਿੰਦੂ ਤੀਰਥਾਂ ਤੇ ਭੀ ਅਨੇਕ ਸਿੱਖ ਜਾਂਦੇ ਹਨ ।



**ਦੂਸਰਾ ਪੁਰਸ਼:** ਮੁਗ਼ਲ ਕਾਲ ਵੇਲੇ ਕਈ ਸਦੀਆਂ ਤੱਕ ਸਾਰੇ ਦੇਸ ਵਿਚ ਮੁਸਲਮਾਨਾਂ ਦੀ ਹਿਜਰੀ ਸੰਮਤ ਚਲਦਾ ਰਿਹਾ । ਫਿਰ ਅੰਗਰੇਜ਼ਾਂ ਦੇ ਆਉਣ ਨਾਲ ਈਸਵੀ ਸੰਮਤ ਚਲ ਪਿਆ । ਦੇਸ ਅਜ਼ਾਦ ਹੋਣ ਪਿੱਛੋਂ ਹੁਣ ਤੱਕ ਸਾਰੇ ਦੇਸ ਦਾ ਸਰਕਾਰੀ ਅਤੇ ਗ਼ੈਰ-ਸਰਕਾਰੀ ਕੰਮ ਈਸਵੀ ਸੰਮਤ ਨਾਲ ਹੋ ਰਹੇ ਹਨ । ਦੇਸ ਦੀ ਅਜ਼ਾਦੀ ਦਾ ਦਿਨ 15 ਅਗਸਤ ਅਤੇ 26 ਜਨਵਰੀ ਦਾ ਦਿਨ ਭੀ ਸਾਰਾ ਦੇਸ ਈਸਵੀ ਸੰਮਤ ਨਾਲ ਮਨਾਉਂਦਾ ਹੈ ਇਸ ਹਿਸਾਬ ਨਾਲ ਸਾਰਾ ਦੇਸ ਈਸਾਈ ਬਣ ਜਾਂਦਾ ਹੈ ।

**ਤੀਸਰਾ ਪੁਰਸ਼:** ਮੁਸਲਮਾਨ ਸੂਫ਼ੀ ਫ਼ਕੀਰਾਂ ਦੀਆਂ ਦਰਗ਼ਾਹਾਂ ਤੇ ਅਣਗਿਣਤ ਹਿੰਦੂ ਉਰਸ ਮਨਾਉਣ ਜਾਂਦੇ ਹਨ, ਚਾਦਰਾਂ ਚੜ੍ਹਾਉਂਦੇ ਹਨ ਵੱਡੇ-ਵੱਡੇ ਹਿੰਦੂ ਲੀਡਰਾਂ ਨੂੰ ਚਾਦਰ ਚੜ੍ਹਾਉਂਦੇ ਟੀ.ਵੀ. ਤੇ ਦਿਖਾਇਆ ਜਾਂਦਾ ਹੈ ਤਾਂ ਫਿਰ ਇਸ ਹਿਸਾਬ ਨਾਲ ਤਾਂ ਮੁਸਲਮਾਨਾਂ ਦੀ ਅਬਾਦੀ ਹੋਰ ਵਧ ਜਾਵੇਗੀ ।

**ਦੂਸਰਾ ਪੁਰਸ਼:** ਜੋ ਵਿਦੇਸਾਂ ਵਿਚ ਹਿੰਦੂ ਰਹਿੰਦੇ ਹਨ ਅਤੇ ਲੋਕਲ ਬੰਦਿਆਂ ਨਾਲ ਮਿਲ ਕੇ ਕ੍ਰਿਸਮਿਸ, ਗੁੱਡ ਫ਼ਰਾਈਡੇ, ਮਦਰ ਡੇ ਅਤੇ ਹੋਰ ਤਿਉਹਾਰ ਮਨਾਉਂਦੇ ਹਨ ਤੁਸੀਂ ਉਨ੍ਹਾਂ ਨੂੰ ਕੀ ਕਹੋਗੇ? ਫਿਰ ਗੁਰੂ ਕੇ ਸਿੱਖ ਜੋ ਵਿਸਾਖੀ, ਦੀਵਾਲੀ ਅਤੇ ਹੋਲੀ ਮਨਾਉਂਦੇ ਹਨ, ਉਹ ਬਿਲਕੁਲ ਹਿੰਦੂਆਂ ਤੋਂ ਵੱਖ ਕਿਸਮ ਦੀ ਮਨਾਉਂਦੇ ਹਨ । ਨਾ ਕਿਸੇ ਦੇਵੀ ਦੀ ਪੂਜਾ ਨਾ ਸੂਰਜ ਦੀ, ਕੇਵਲ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੁੰਦਾ ਹੈ ਜਾਂ ਲੰਗਰ ਦੀ ਸੇਵਾ ਕਰਦੇ ਹਨ ।

**ਪਹਿਲਾ ਪੁਰਸ਼:** ਰਾਮਕਲੀ ਸਦੁ ਮ:੪ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਮੇਰੇ ਮਰਨ ਪਿੱਛੋਂ ਕੇਸ਼ੋ ਦਾਸ ਪੰਡਤ ਨੂੰ ਬੁਲਾ ਕੇ ਅੰਤਿਮ ਸੰਸਕਾਰ ਕਰਵਾਓਣੇ ਅਤੇ ਮੇਰੀਆ ਅਸਥੀਆਂ ਹਰਿਦੁਆਰ ਪਾਈਆਂ ਜਾਣ । ਇਸੇ ਤਰ੍ਹਾਂ ਬਾਕੀ ਸਿੱਖ ਸਮਾਜ ਕਰਦਾ ਹੈ ।

**ਦੂਸਰਾ ਪੁਰਸ਼:** ਤੁਹਾਨੂੰ ਗੁਰਬਾਣੀ ਬਾਰੇ ਮੇਰਾ ਖ਼ਿਆਲ ਹੈ ਕੋਈ ਗਿਆਨ ਨਹੀਂ ਹੈ । ਰਾਮਕਲੀ ਰਾਗ ਵਿਚ ਬਾਣੀ 'ਸਦੁ' ਕਿਸੇ ਭੀ ਗੁਰੂ ਸਾਹਿਬ ਦੀ ਨਹੀਂ ਬਲਕਿ ਸ੍ਰੀ ਗੁਰੂ ਅਮਰਦਾਸ ਮਹਾਰਾਜ ਦੇ ਪੜਪੋਤੇ ਬਾਬਾ ਸੁੰਦਰ ਜੀ ਦੀ ਲਿਖੀ ਹੋਈ ਹੈ ਅਤੇ ਇਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਿਮ ਸਮੇਂ ਦਾ ਅੱਖੀਂ ਡਿੱਠਾ ਹਾਲ ਬਾਬਾ ਸੁੰਦਰ ਜੀ ਦਾ ਵਰਨਨ ਕੀਤਾ ਹੋਇਆ ਹੈ ।

ਇਸ ਵਿਚ ਜੋ ਪੰਕਤੀ ਤੁਸੀਂ ਆਪਣੇ ਮਨੋਰਥ ਲਈ, ਲਈ ਹੈ ਉਹ ਇਸ

ਤਰ੍ਹਾਂ ਹੈ:

**ਅੰਤੇ ਸਤਿਗੁਰੁ ਬੋਲਿਆ ਮੈ ਪਿਛੈ**
**ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥**
**ਕੇਸੋ ਗੋਪਾਲ ਪੰਡਿਤ ਸਦਿਅਹੁ**
**ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥**
**ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ**
**ਬੇਬਾਣੁ ਹਰਿ ਰੰਗੁ ਗੁਰ ਭਾਵਏ ॥**
**ਪਿੰਡੁ ਪਤਲਿ ਕਿਰਿਆ**
**ਦੀਵਾ ਫੁਲ ਹਰਿ ਸਰਿ ਪਾਵਏ ॥** (ਅੰਗ ੯੨੩)

ਸਾਰੀ ਗੁਰਬਾਣੀ ਇਕ ਨਿਯਮ ਭਾਵ ਵਿਆਕਰਨ ਦੇ ਅਨੁਸਾਰ ਲਿਖੀ ਗਈ ਹੈ ਜਿਸ ਅਨੁਸਾਰ ਸਹੀ ਅਰਥ ਬਣਦਾ ਹੈ ਕਿ ਅੰਤ ਵੇਲੇ ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਨੇ ਹਿਦਾਇਤ ਕੀਤੀ ਕਿ ਮੇਰੇ ਪਿੱਛੋਂ ਨਿਰੋਲ ਕੀਰਤਨ (ਗੁਰਬਾਣੀ ਦਾ) ਕਰਨਾ ਹੈ । ਅਗਲੀ ਤੁਕ ਅੰਦਰ ਆਏ ਸ਼ਬਦ ਕੇਸੋ ਦੇ ਅਰਥ ਹਨ ਪਰਮੇਸ਼ਰ (**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ**) ਅਤੇ ਗੋਪਾਲ ਦੇ ਅਰਥ ਹਨ ਧਰਤੀ ਦੀ ਪਾਲਨਾ ਕਰਨ ਵਾਲਾ ਪਰਮਾਤਮਾ । ਇਸੇ ਤਰ੍ਹਾਂ ਵਿਆਕਰ**ਨ** ਅਨੁਸਾਰ ਪੰਡਤ ਦਾ ਅਰਥ ਹੈ ਗਿਆਨ ਵਾਨ, ਵੀਚਾਰਵਾਨ ਸ਼ਰਧਾਲੂ ਸਿੱਖ । ਜੇ ਇਹ ਇਕ ਵਚਨ ਕਿਸੇ ਦਾ ਨਾਉਂ ਹੁੰਦਾ ਤਾਂ ਪੰਡਤ ਭਾਵ 'ਤ' ਹੇਠਾਂ ਔਂਕੜ ਹੁੰਦਾ । ਸਾਰੀ ਗੁਰਬਾਣੀ ਦਾ ਇਹੀ ਨਿਯਮ ਹੈ। ਹਿੰਦੂ ਮਤ ਅਨੁਸਾਰ ਮਰਨ ਵੇਲੇ ਗਰੁੜ ਪੁਰਾਣ ਦੀ ਕਥਾ ਹੁੰਦੀ ਹੈ ਹੋਰ ਕੁਝ ਨਹੀਂ । ਸੋ ਗੁਰਮਤਿ ਅਨੁਸਾਰ ਇਸ ਪੰਗਤੀ ਦਾ ਅਰਥ ਹੈ ਕਿ ਪਰਮੇਸ਼ਰ ਦੇ ਪਿਆਰ ਵਾਲੇ ਸ਼ਰਧਾਵਾਨ ਪਿਆਰੇ ਗੁਰਸਿੱਖਾਂ ਨੂੰ ਬਲਾਉਣ ਤਾਂ ਜੋ ਉਹ ਸੰਗਤ ਵਿਚ ਬੈਠ ਕੇ ਸਿਮਰਨ ਕਰਨ, ਗੁਰਬਾਣੀ ਦਾ ਪਾਠ ਜਾਂ ਕੀਰਤਨ ਕਰਨ । ਵਧੇਰੇ ਜਾਣਕਾਰੀ ਲਈ ਪ੍ਰੋ. ਸਾਹਿਬ ਸਿੰਘ ਜਾਂ ਕਿਸੇ ਹੋਰ ਵਿਦਵਾਨ ਦਾ ਸਟੀਕ ਦੇਖੋ ਫਿਰ ਸਮਝ ਆਵੇਗੀ । ਤੁਹਾਨੂੰ ਗੁਰਬਾਣੀ ਦੀ ਸੂਝ ਹੈ ਨਹੀਂ ਅਤੇ ਇਸ ਤਰ੍ਹਾਂ ਜਨ ਸਧਾਰਨ ਵਿਚ ਭੁਲੇਖੇ ਪਾ ਰਹੇ ਹੋ ।

ਚਰਚਾ ਚੱਲ ਰਹੀ ਸੀ ਕਿ ਸਾਡਾ ਸਟੇਸ਼ਨ ਆ ਗਿਆ । ਅਸੀਂ ਉੱਤਰ ਕੇ ਆਪਣੇ ਘਰ ਪਹੁੰਚੇ ਤਾਂ ਇਕ ਚਾਰ ਪੰਨਿਆਂ ਦਾ ਪੈਂਫ਼ਲਿਟ ਪ੍ਰਾਪਤ ਹੋਇਆ ਜੋ ਕਿ ਸੰਨਿਆਸੀ ਆਰਟ ਪ੍ਰੈੱਸ ਬਠਿੰਡਾ ਫੋਨ 3898 ਵੱਲੋਂ ਛਾਪਿਆ ਹੋਇਆ ਸੀ ਪਰ ਲੇਖਕ ਦਾ ਨਾਉਂ ਕੋਈ ਨਹੀਂ ਸੀ ਅਤੇ ਸਿਰਲੇਖ ਸੀ 'ਪੰਜਾਬ ਦੀ ਵਰਤਮਾਨ ਪਰਿਸਥਿਤੀ ਮੇਂ ਸੰਘ ਕਾ ਦ੍ਰਿਸ਼ਟੀਕੋਣ ।'

ਜਦ ਗ਼ੌਰ ਨਾਲ ਪੜ੍ਹਿਆ ਤਾਂ ਪਤਾ ਲੱਗਾ ਕਿ ਬੱਸ ਵਾਲੀ ਸਾਰੀ ਚਰਚਾ ਇਸੇ



ਪੈਂਫ਼ਲਿਟ ਤੇ ਆਧਾਰਿਤ ਸੀ । ਜਿਸ ਦੇ ਸ਼ੁਰੂ ਵਿਚ ਹੀ ਲਿਖਿਆ ਹੋਇਆ ਸੀ ਕਿ 'ਰਾਸ਼ਟਰੀ ਸਵਯੰ ਸੇਵਕ ਸੰਘ ਕੀ ਸਪੱਸ਼ਟ ਭੂਮਿਕਾ ਹੈ ਕਿ ਸਿੱਖ, ਹਿੰਦੂ ਸਮਾਜ ਦਾ ਹੀ ਅੰਗ ਹੈਂ ।'Sikhs are part and Parcel of Hindu Society. ਅਤੇ ਉਹ ਸਾਰੇ ਨੁਕਤੇ ਜੋ ਪਹਿਲਾ ਪੁਰਸ਼ ਉਠਾ ਰਿਹਾ ਸੀ ਸਾਰੇ ਇਸ ਵਿਚ ਦਰਜ ਹਨ । ਦੂਸਰਾ ਅਤੇ ਤੀਸਰਾ ਪੁਰਸ਼ ਜੋ ਸ਼ਕਲ ਸੂਰਤ ਤੋ ਭੀ ਪਹਿਲੇ ਪੁਰਸ਼ ਤੋਂ ਵੱਖਰੇ ਸਨ ਆਪਣੀ ਵੀਚਾਰਧਾਰਾ ਅਨੁਸਾਰ ਪਹਿਲੇ ਪੁਰਸ਼ ਦਾ ਢੁਕਵਾਂ ਅਤੇ ਦਲੀਲ ਨਾਲ ਉੱਤਰ ਦੇ ਰਹੇ ਸਨ ਪਰ ਪਹਿਲਾ ਪੁਰਸ਼ ਮੈਂ ਨਾ ਮਾਨੂੰ ਦੀ ਤਰ੍ਹਾਂ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ ।

ਇਸੇ ਤਰ੍ਹਾਂ ਹੀ ਤਕਰੀਬਨ ਸਵਾ ਸੌ ਸਾਲ ਤੋਂ ਖ਼ਾਲਸਾ ਪੰਥ ਕਿਤਾਬਾਂ ਰਾਹੀਂ (ਹਮ ਹਿੰਦੂ ਨਹੀਂ ਹੈਂ ਆਦਿ) ਦੀਵਾਨ ਸਜਾ ਕੇ ਲੈਕਚਰਾਂ ਰਾਹੀਂ ਅਤੇ ਹੋਰ ਮਾਧਿਅਮਾਂ ਰਾਹੀਂ ਜਨ ਸੰਘ, ਆਰੀਆ ਸਮਾਜ ਆਰ.ਐੱਸ.ਐੱਸ. ਅਤੇ ਉਸ ਦੇ ਸਹਿਯੋਗੀ ਦਲਾਂ ਨੂੰ ਸਮਝਾਉਣ ਦੀ ਕੋਸ਼ਸ਼ ਕਰ ਰਿਹਾ ਸੀ ਪਰ 'ਮਰਜ਼ ਬੜ੍ਹਤ ਗਈ ਜਿਉਂ ਜਿਉਂ ਦਵਾ ਕੀ' ਦੀ ਅਖਾਣ ਅਨੁਸਾਰ ਇਨ੍ਹਾਂ ਦੀ ਬੁੱਧੀ ਵਿਚ ਇਹ ਗੱਲ ਬੈਠ ਹੀ ਨਹੀਂ ਰਹੀ । ਸਾਰਾ ਸੰਸਾਰ ਅਤੇ ਯੂ.ਐਨ.ਓ ਤੱਕ ਦੀਆਂ ਜਥੇਬੰਦੀਆਂ ਤਾਂ ਖ਼ਾਲਸੇ ਦੀ ਅੱਡ ਪਹਿਚਾਨ ਨੂੰ ਕਬੂਲਣ ਲੱਗ ਪਈਆਂ ਹਨ ਪਰ ਇਨ੍ਹਾਂ ਦੀ ਮੱਤ ਨੂੰ ਕੀ ਕਹੀਏ?

ਇਨ੍ਹਾਂ ਦੀਆਂ ਆਪਣੀਆਂ ਮਜ਼ਬੂਰੀਆਂ ਹਨ । ਕਈ ਕਰੋੜ ਰੁਪਏ 300 ਸਾਲਾ ਖ਼ਾਲਸਾ ਸਾਜਨਾ ਦਿਵਸ ਮਨਾਉਣ ਦੇ ਬਹਾਨੇ ਇਨ੍ਹਾਂ ਨੂੰ ਮਿਲੇ ਹੋਏ ਹਨ, ਆਖ਼ਰਕਾਰ ਕੁਝ ਤਾਂ ਮਾਲਕਾਂ ਨੂੰ ਕਾਰਗੁਜ਼ਾਰੀ ਕਰ ਕੇ ਦਿਖਾਉਣੀ ਹੀ ਹੋਈ । ਦੂਸਰੇ ਕੁਝ ਲਾਲਸਾਵਾਂ ਭੀ ਹੋ ਸਕਦੀਆ ਹਨ । ਜੈਸਾ ਕਿ ਇਸ ਤਰ੍ਹਾਂ ਦੇ ਪ੍ਰਚਾਰ ਨਾਲ ਅਤੇ ਸ਼ਾਮ, ਦਾਮ, ਦੰਡ ਭੇਦ ਦੀ ਨੀਤੀ ਵਰਤ ਕੇ ਗੁਰਦੁਆਰਾ ਚੋਣਾਂ ਲੜ ਕੇ ਗੋਲਕ ਤੇ ਕਬਜਾ ਕਰਨਾ । ਤੀਸਰੇ ਮੁਸਲਮਾਨਾਂ, ਜਿਨ੍ਹਾਂ ਨੂੰ ਇਹ ਗਊ ਦੇ ਮਾਸ ਜਿੰਨੀ ਨਫ਼ਰਤ ਕਰਦੇ ਹਨ, ਸਿੱਖਾਂ ਦੀਆ ਭਾਵਨਾਵਾਂ ਭੜਕਾ ਕੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਸਹਿਯੋਗ ਲੈਣਾ । ਕਿਉਂਕਿ ਸੰਨ 1984 ਸਿੱਖਾਂ ਦੀ ਕਤਲੇਆਮ ਸਿੱਖ ਸਮਾਜ ਕੁਝ ਮੁਸਲਮਾਨਾਂ ਵੱਲ ਝੁਕਾ ਕਰ ਰਿਹਾ ਹੈ । ਖ਼ੈਰ ਕੁਝ ਭੀ ਹੋਵੇ ਪਰ ਅਸੀਂ ਤਾਂ ਗੁਰੂ ਸਾਹਿਬ ਦੇ ਉਪਦੇਸ਼ ਤੇ ਪਹਿਰਾ ਦੇਣਾ ਹੈ ।

**ਨਾ ਹਮ ਹਿੰਦੂ ਨ ਮੁਸਲਮਾਨ ॥** (ਅੰਗ ੧੧੩੬)
**ਹਮਰਾ ਝਗਰਾ ਰਹਾ ਨ ਕੋਊ ॥**
**ਪੰਡਿਤ ਮੁਲਾਂ ਛਾਡੇ ਦੋਊ ॥** (ਅੰਗ ੧੧੫੯)
**ਪੰਡਿਤ ਮੁਲਾਂ ਜੋ ਲਿਖਿ ਦੀਆ ॥**

ਛਾਡਿ ਚਲੇ ਹਮ ਕਛੂ ਨਾ ਲੀਆ॥ (ਅੰਗ ੧੧੫੯)
ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਅਪਣਾ ਪੰਥੁ ਨਿਰਾਲਾ॥ (ਵਾ.ਭਾ.ਗੁ. ੧/੩੧)

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੇ ਬਿਪ੍ਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪਰਤੀਤ॥

❊❊❊

# ਏਕਤਾ-ਅਖੰਡਤਾ ਦੀ ਮੌਜੂਦਾ ਪਹੁੰਚ ਪਿੱਛੇ, ਅਸਲ ਮਨਸ਼ਾ

## ਏਕਤਾ-ਅਖੰਡਤਾ ਪਿੱਛੇ ਗੁੱਝਾ ਰਾਜ਼

**ਡਾ. ਜੋਧ ਸਿੰਘ ਪੰ.ਯੂ. ਪਟਿਆਲਾ**

ਹਿੰਦੂ-ਸਿੱਖ ਸੰਬੰਧਾਂ ਨੂੰ ਲੈ ਕੇ ਕਾਫ਼ੀ ਵਿਵਾਦ ਖੜ੍ਹਾ ਕੀਤਾ ਗਿਆ ਹੈ ਅਤੇ ਪਿਛਲੇ 2-3 ਸਾਲਾਂ ਵਿਚ ਇਹ ਵਿਵਾਦ ਇਕ ਸੁਨਿਸ਼ਚਿਤ ਢੰਗ ਨਾਲ ਚਲਾਇਆ ਜਾ ਰਿਹਾ ਹੈ । ਸਿੱਖ ਸੁਭਾਅ ਦਾ ਇਕ ਜ਼ਰੂਰੀ ਪੱਖ ਹੈ ਕਿ ਆਪਣੀ ਖੁੱਲ੍ਹਦਿਲੀ ਕਾਰਨ ਪਹਿਲਾਂ ਇਹ ਵਿਰੋਧੀ ਸੁਰ ਨੂੰ ਪਛਾਣਨ ਦੀ ਗੱਲ ਨਹੀਂ ਕਰਦਾ, ਵਿਰੋਧੀ ਨੂੰ ਵਿਰੋਧੀ ਨਾ ਮੰਨ ਕੇ ਮਨੁੱਖੀ ਭਾਈਚਾਰੇ ਦੇ ਅੰਗ ਵਜੋਂ ਆਪਣਾ ਹੀ ਅੰਗ ਤਸੱਵਰ ਕਰਕੇ ਆਪਣੇ ਪਿਆਰ ਕਲਾਵੇ ਵਿਚ ਲੈ ਲੈਂਦਾ ਹੈ ।

ਸਾਰੇ ਜਾਣਦੇ ਹਨ ਕਿ ਸੁਆਮੀ ਦਯਾਨੰਦ ਜੀ ਗੁਜਰਾਤ ਵਿਚ ਪੈਦਾ ਹੋਏ, ਮੱਧ-ਪ੍ਰਦੇਸ਼ ਵਿਚ ਵਿਚਰੇ, ਬੰਗਾਲ ਤੱਕ ਗਏ ਪਰ ਕਿਧਰੇ ਵੀ ਆਰੀਆ ਸਮਾਜ ਦੀਆਂ ਜੜ੍ਹਾਂ ਨਾ ਲੱਗ ਸਕੀਆਂ । ਪੰਜਾਬ ਦੇ ਸਿੱਖਾਂ ਨੇ ਦਯਾਨੰਦ ਜੀ ਦੇ ਅਦਵੈਤ-ਵਾਦੀ ਸਿਧਾਂਤ ਨੂੰ ਸੁਣ ਕੇ ਉਨ੍ਹਾਂ ਦੀਆਂ ਜਾਤ-ਪਾਤ ਵਿਰੋਧੀ ਚਰਚਾ ਬਾਰੇ ਜਾਣ ਕੇ ਉਨ੍ਹਾਂ ਨੂੰ ਪੰਜਾਬ ਵਿਚ ਸੱਦਾ ਦਿੱਤਾ, ਉਨ੍ਹਾਂ ਦਾ ਸਤਿਕਾਰ ਕੀਤਾ, ਕਿਉਂਕਿ ਇੱਥੇ ਗੁਰੂ ਸਾਹਿਬਾਨ ਦੇ ਜੀਵਨ ਸਿਧਾਂਤਾਂ ਨੇ ਲੋਕਾਂ ਦੇ ਦਿਲਾਂ ਨੂੰ ਕਾਫ਼ੀ ਵਿਸ਼ਾਲ ਬਣਾ ਦਿੱਤਾ ਹੋਇਆ ਸੀ । ਜਾਤ-ਪਾਤ ਦੀਆਂ ਪੀਡੀਆਂ ਸਨਾਤਨੀ ਗੰਢਾਂ ਕਾਫ਼ੀ ਢਿੱਲੀਆਂ ਪੈ ਚੁੱਕੀਆਂ ਸਨ । ਇਸ ਸਤਿਕਾਰ ਦਾ ਗ਼ਲਤ ਪ੍ਰਭਾਵ ਲੈ ਕੇ ਜਦੋਂ ਸੁਆਮੀ ਜੀ ਨੇ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਜੀ ਬਾਰੇ ਕੋਝੀ ਅਤੇ ਨੀਵੇਂ ਪੱਧਰ ਦੀ ਸ਼ਬਦਾਵਲੀ ਵਰਤਣੀ ਸ਼ੁਰੂ ਕਰ ਦਿੱਤੀ ਅਤੇ ਹਿੰਦੂ ਧਰਮ ਦੀ ਸਰਬ-ਉੱਚਤਾ ਦਰਸਾਉਣੀ ਸ਼ੁਰੂ ਕਰ ਦਿੱਤੀ ਤਾਂ ਸਿੱਖਾਂ ਨੂੰ ਜਾਗ ਆਈ ਅਤੇ ਸੁਆਮੀ ਜੀ ਦਾ ਤੀਬਰ ਵਿਰੋਧ ਸ਼ੁਰੂ ਹੋ ਗਿਆ । ਹਾਲਾਤ ਇੱਥੋਂ ਤੱਕ ਅੱਪੜ ਗਏ ਕਿ ਭਾਈ ਕਾਨ੍ਹ ਸਿੰਘ ਜੀ ਨਾਭਾ ਵਰਗੇ ਵਿਦਵਾਨ ਨੂੰ 'ਹਮ ਹਿੰਦੂ ਨਹੀ" ਨਾਮੀ ਪੁਸਤਕ ਲਿਖਣੀ ਪਈ ।

ਛੇ-ਸੱਤ ਦਹਾਕਿਆਂ ਬਾਅਦ ਇਸੇ ਤਰ੍ਹਾਂ ਹੀ ਮੈਕਲੋਡ ਨਾਮਕ ਪਾਦਰੀ ਨੇ ਜਿਹੜਾ ਕਿ ਬਟਾਲੇ ਸਥਿਤ ਸੀ, ਸਿੱਖ ਧਰਮ ਦਾ ਅਧਿਐਨ ਸ਼ੁਰੂ ਕੀਤਾ, ਇੱਥੋਂ ਦੀ ਭਾਸ਼ਾ ਸਿੱਖੀ ਅਤੇ ਸਿੱਖ ਧਰਮ ਬਾਰੇ ਲੇਖ ਅਤੇ ਇਕ ਪੁਸਤਕ ਲਿਖੀ । ਲਗਪਗ ਸਾਰੇ ਸਿੱਖ ਵਿਦਵਾਨਾਂ ਨੇ ਉਸ ਨੂੰ ਸਿਰ ਤੇ ਚੁੱਕ ਲਿਆ । ਸਿੱਖ-ਜਗਤ ਨੇ ਉਸ ਦਾ ਬਹੁਤ ਮਾਣ-ਸਨਮਾਨ ਕੀਤਾ । ਉਸਨੇ ਕਈ ਇਤਿਹਾਸਕਾਰ ਆਪਣੇ ਚੇਲੇ ਵੀ ਬਣਾ ਲਏ । ਆਪਣੀ ਪ੍ਰਸਿੱਧੀ, ਅੰਗਰੇਜ਼ੀ ਗਿਆਨ ਅਤੇ ਚੁਸਤੀ ਦੇ ਆਸਰੇ ਜਦੋਂ

ਉਸ ਨੇ ਸਿੱਖ ਵਿਸ਼ਵਾਸ ਦੇ ਮੂਲ-ਧੁਰੇ, ਜਨਮ-ਸਾਖੀਆਂ ਦਾ ਖੰਡਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਸਿੱਧ ਕਰਨ ਦਾ ਯਤਨ ਕੀਤਾ ਕਿ ਗੁਰੂ ਨਾਨਕ ਸਾਹਿਬ ਤਾਂ ਕਦੀ ਪੰਜਾਬੋਂ ਬਾਹਰ ਹੀ ਨਹੀਂ ਗਏ ਤਾਂ ਸਿੱਖ ਵਿਦਵਾਨਾਂ ਨੂੰ ਹੋਸ਼ ਆਇਆ ਕਿ ਇਹ ਕੀ ਬਣ ਗਿਆ?

ਏਨੇ ਸਮੇਂ ਵਿਚ ਉਹ ਪੰਜਾਬੋਂ ਚਲਾ ਗਿਆ ਪਰ ਉਸ ਦੇ ਪੈਰੋਕਾਰ ਜਿਨ੍ਹਾਂ ਵਿੱਚੋਂ ਕਾਫ਼ੀ ਗਿਣਤੀ ਵਿਚ ਸਿੱਖ ਵੀ ਹਨ ਅਜੇ ਤੱਕ ਉਸ ਦੇ ਨਕਸ਼ੇ-ਕਦਮਾਂ ਤੇ ਚਲ ਰਹੇ ਹਨ? ਅਤੇ ਸਿੱਖ ਅਧਿਐਨ ਦੇ 'ਵਿਕਾਸ' ਵਿਚ ਰੋਲ-ਘਚੋਲੇ ਪਾ ਕੇ ਪੂਰਾ ਯੋਗਦਾਨ ਦੇ ਰਹੇ ਹਨ ।

ਪਿਛਲੇ ਵੀਹ ਕੁ ਸਾਲਾਂ ਵਿਚ ਕਈ ਸਭਾ-ਸੁਸਾਇਟੀਆਂ ਬਣੀਆਂ, ਕਈ ਇੰਸਟੀਚਿਊਟ ਹੋਂਦ ਵਿਚ ਆਏ, ਕਈ ਆਪੂੰ ਥਾਪੇ ਪ੍ਰੋਫ਼ੈਸਰ, ਇੰਟਰਨੈਸ਼ਨਲ ਸਕਾਲਰ ਮੈਦਾਨ ਵਿਚ ਨਿੱਤਰੇ, ਅਨੇਕਾਂ ਹੀ ਮਿਸ਼ਨਰੀ ਕਾਲਜ ਹੋਂਦ ਵਿਚ ਆਏ ਜਿਹੜੇ ਦੇਸ-ਵਿਦੇਸ ਦੀਆਂ ਸੰਗਤਾਂ ਦੇ ਧਨ ਨਾਲ ਚਲਾਏ ਜਾ ਰਹੇ ਹਨ ਪਰ ਸਿੱਖ-ਸਿਧਾਂਤਾਂ ਨੂੰ ਧੁੰਦਲਾਉਣ ਦਾ ਕੰਮ ਵੀ ਪੂਰੇ ਜ਼ੋਰ-ਸ਼ੋਰ ਨਾਲ ਚਲ ਰਿਹਾ ਹੈ । ਕਾਰਨ ਸਪੱਸ਼ਟ ਹੈ ।

ਪਿਛਲੇ 15-20 ਸਾਲਾਂ ਤੋਂ ਸਿੱਖ ਧਰਮ ਨਾਲ ਸੰਬੰਧਿਤ ਬਹੁਤ ਸਿੱਖ ਵਿਦਵਾਨਾਂ ਵੱਲੋਂ ਜੋ ਵੀ ਲਿਖਿਆ ਜਾ ਰਿਹਾ ਹੈ ਉਹ ਸੁਤੇ ਸਿੱਧ ਨਾ ਹੋ ਕੇ ਪ੍ਰਤੀ-ਕਰਮ (ਰੀਐਕਸ਼ਨ) ਵਜੋਂ ਹੀ ਲਿਖਿਆ ਜਾ ਰਿਹਾ ਹੈ । ਸਿੱਖ ਅਧਿਐਨ ਦੀ ਬਦਕਿਸਮਤੀ ਇਹ ਵੀ ਰਹੀ ਹੈ ਕਿ ਇਸ ਦਾ ਅਧਿਐਨ ਅਜੋਕੇ ਸਮੇਂ ਵਿਚ ਜ਼ਿਆਦਾਤਰ ਇਤਿਹਾਸਕਾਰਾਂ ਨੇ ਜਾਂ ਫਿਰ ਪੰਜਾਬੀ ਭਾਸ਼ਾ ਦੇ ਵਿਦਵਾਨਾਂ ਨੇ ਸ਼ੁਰੂ ਕੀਤਾ, ਫ਼ਿਲਾਸਫ਼ੀ ਜਾਣਨ ਵਾਲਿਆਂ ਨੇ ਨਹੀਂ । ਸਿੱਖ ਇਤਹਾਸ ਨੂੰ ਸਿੱਖ ਫ਼ਲਸਫ਼ਾ ਸਮਝਿਆ ਸਮਝਾਇਆ ਜਾ ਰਿਹਾ ਹੈ ।

ਅੱਜ ਸਿੱਖਾਂ ਦੀ ਟੱਕਰ ਜਿੱਥੇ ਇਕ ਪਾਸੇ ਈਸਾਈ ਪ੍ਰਚਾਰਕਾਂ ਨਾਲ ਹੈ ਉੱਥੇ ਨਾਲ ਹੀ ਉਸ ਸਨਾਤਨੀ ਵਿਚਾਰਧਾਰਾ ਜਾਂ ਉਸ ਦਰਸ਼ਨ ਨਾਲ ਵੀ ਹੈ ਜਿਸ ਨੇ ਕੇਵਲ ਬਹੁਤ ਸਾਰੇ ਸ੍ਵੈ-ਵਿਰੋਧੀ ਖ਼ਿਆਲਾਂ ਨੂੰ ਹੀ ਆਪਣੇ ਵਿਚ ਸਮੋਇਆ ਜਾਂ ਜਜ਼ਬ ਹੀ ਨਹੀਂ ਕੀਤਾ ਹੋਇਆ ਸਗੋਂ, ਆਰੀਆ ਦੇ ਭਾਰਤ ਵਿਚ ਆ ਕੇ ਵਸਣ ਤੋਂ ਪਹਿਲਾਂ ਇੱਥੇ ਸਥਾਪਿਤ ਨਸਲਾਂ ਨਿਗਰੀਟੋ, ਪ੍ਰੋਟੋਆ-ਸਟੋਰਲਾਇਡ, ਆਸਟਰੋਲਇਡ ਸ਼ੱਕ, ਹੂਣ, ਆਦਿ ਨਸਲਾਂ ਨੂੰ ਵੀ ਆਪਣੇ ਵਿਚ ਜਜ਼ਬ ਕੀਤਾ ਹੋਇਆ ਹੈ ।

ਉਂਵ ਇੱਥੇ ਜਜ਼ਬੀਕਰਨ ਨੂੰ ਹਿਰਦੇ ਦੀ ਵਿਸ਼ਾਲਤਾ ਦਾ ਨਾਮ ਦਿੱਤਾ ਜਾ ਰਿਹਾ ਹੈ ਪਰ ਇਹ ਸਭ ਸਾਹਿਤਿਕ, ਸਮਾਜਿਕ ਤੇ ਰਾਜਨੀਤਿਕ ਪੱਧਰ 'ਤੇ



ਦਰਅਸਲ ਕਿਸ ਤਰ੍ਹਾਂ ਹੋਇਆ ਜਾਂ ਕੀਤਾ ਗਿਆ, ਇਹ ਇਕ ਲੰਮਾ ਇਤਿਹਾਸ ਹੈ ਜਿਹੜਾ ਦਿਲਚਸਪ ਵੀ ਹੈ ਅਤੇ ਜਿਸ ਨੂੰ ਜਾਣਨਾ ਸਿੱਖ ਧਰਮ ਦੇ ਪੈਰੋਕਾਰਾਂ ਲਈ ਅਤਿ ਜ਼ਰੂਰੀ ਵੀ ਹੈ ਪਰ ਇਹ ਸਭ ਤਾਂ ਹੀ ਹੋ ਸਕੇਗਾ ਜੇ ਸਿੱਖ ਜਲਸੇ-ਜਲੂਸਾਂ ਵਰਗੇ ਸੌਖੇ ਕੰਮਾਂ ਤੋਂ ਫ਼ੁਰਸਤ ਪਾ ਸਕਣ ਅਤੇ ਭਾਰਤ ਦੇ ਧਰਮਾਂ ਦੇ ਇਤਿਹਾਸ ਨੂੰ ਡੂੰਘਾਈ ਨਾਲ ਘੋਖਣ ।

ਹਨ੍ਹੇਰੇ ਤੋਂ ਬਚਣ ਦਾ ਢੰਗ ਹਨ੍ਹੇਰੇ ਨੂੰ ਲਾਠੀ ਡੰਡਿਆਂ ਨਾਲ ਕੁੱਟਣਾ ਨਹੀਂ, ਕੁੱਟਣ ਮਾਰਨ ਨਾਲ ਕਦੇ ਵੀ ਹਨ੍ਹੇਰਾ ਦੂਰ ਨਹੀਂ ਹੋ ਸਕਦਾ । ਹਨ੍ਹੇਰੇ ਨੂੰ ਦੂਰ ਕਰਨ ਲਈ ਤਾਂ ਦੀਵਾ ਜਗਾਉਣ ਦੀ ਲੋੜ ਹੁੰਦੀ ਹੈ । ਗਿਆਨ ਦਾ ਦੀਵਾ ਹੀ ਹਨ੍ਹੇਰਾ ਦੂਰ ਕਰ ਸਕਦਾ ਹੈ ਅਤੇ ਗਿਆਨ ਦਾ ਝਾੜੂ ਹੀ ਸਾਡੇ ਧੁਰ ਅੰਦਰ ਬੈਠੇ ਡਰ ਅਤੇ ਬੇਚਾਰਗੀ ਦੇ ਅਹਿਸਾਸ ਨੂੰ ਹੂੰਝ ਕੇ ਬਾਹਰ ਸੁੱਟ ਸਕਦਾ ਹੈ । ਗਿਆਨ ਤੋਂ ਇੱਥੇ ਮੇਰਾ ਭਾਵ ਹਾਲ ਦੀ ਘੜੀ ਬ੍ਰਹਮਗਿਆਨ ਨਹੀਂ ਹੈ ਸਗੋਂ ਕੇਵਲ ਜਾਣਕਾਰੀ ਜਾਂ ਡੂੰਘੀ ਅਤੇ ਨਿਰਪੱਖ ਘੋਖ ਹੈ ।

ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਅਤੇ ਹੁਣੇ-ਹੁਣੇ ਹੀ ਸਰਦਾਰ ਤਰਲੋਚਨ ਸਿੰਘ ਦੇ ਹੌਂਸਲੇ ਅਤੇ ਮਿਹਨਤ ਸਦਕਾ ਮਾਈਨਾਰਿਟੀ ਕਮਿਸ਼ਨ ਵੱਲੋਂ ਸਿੱਖ ਮਤ ਦੀ ਵਿਲੱਖਣਤਾ ਅਤੇ ਵੱਖਰੀ ਪਛਾਣ ਨੂੰ ਸਵੀਕਾਰ ਕਰਨ ਦੇ ਬਾਵਜੂਦ ਵੀ ਸਿੱਖ ਮਤ ਨੂੰ ਹਿੰਦੂ ਮਤ ਨਾਲ ਰਲਗੱਡ ਕਰਨ ਵਾਲੇ ਕੱਚ ਘਰੜ ਵਿਦਵਾਨ ਆਮ ਤੌਰ ਤੇ ਕਹਿੰਦੇ ਸੁਣੇ ਜਾਂਦੇ ਹਨ ਕਿ ਹਿੰਦੂ ਮਤ ਇਕ ਵਿਸ਼ਾਲ ਬੋਹੜ ਦਾ ਦਰਖ਼ਤ (ਵਟ-ਵ੍ਰਕਸ਼) ਹੈ ਅਤੇ ਬੁੱਧ ਮਤ, ਜੈਨ ਮਤ, ਸਿੱਖ ਮਤ ਇਸੇ ਮਹਾਨ ਦਰਖ਼ਤ ਦੀਆਂ ਟਹਿਣੀਆਂ, ਫੁੱਲ ਅਤੇ ਪੱਤੀਆਂ ਆਦਿ ਹਨ । ਦੂਜੇ ਲਫ਼ਜ਼ਾਂ ਵਿਚ ਇਹ ਸਾਰੇ ਹਿੰਦੂ ਮਤ ਹੀ ਹਨ ।

ਇਸੇ ਅਨੁਰੂਪਤਾ (Analogy) ਨੂੰ ਜੇ ਜ਼ਰਾ ਧਿਆਨ ਨਾਲ ਵੇਖਿਆ ਜਾਵੇ ਤਾਂ ਸਹਿਜੇ ਹੀ ਇਹ ਦਾਅਵਾ ਖੋਖਲਾ ਸਿੱਧ ਹੋ ਜਾਂਦਾ ਹੈ । ਕੀ ਕਦੀ ਕਿਸੇ ਨੇ ਟਹਿਣੀ ਨੂੰ ਤਣਾ ਜਾਂ ਜੜ੍ਹ ਕਿਹਾ ਹੈ? ਜਾਂ ਫਿਰ ਕਦੀ ਜੜ੍ਹ ਨੂੰ ਪੱਤਾ ਜਾਂ ਫੁੱਲ ਕਿਹਾ ਜਾ ਸਕਦਾ ਹੈ? ਕੀ ਇਹ ਸੰਭਵ ਹੈ ਕਿ ਕੋਈ ਤਣੇ ਨੂੰ ਜੜ੍ਹ ਕਹੇ? ਇੱਕੋ ਰੁੱਖ 'ਤੇ ਸਥਿਤ ਹੁੰਦਿਆਂ ਹੋਇਆਂ ਵੀ ਜਦੋਂ ਹਰ ਇਕ ਦੀ ਵੱਖਰੀ ਪਛਾਣ ਹੈ ਅਤੇ ਆਪਣਾ ਗੁਣ ਧਰਮ ਹੈ ਤਾਂ ਫਿਰ ਸਿੱਖ ਮਤ ਜਾ ਹੋਰ ਮਤਾਂ ਦੀ ਵੱਖਰੀ ਪਛਾਣ ਵਿਚ ਕੀ ਅੜਿੱਕਾ ਹੈ? ਕਿਉਂ ਬੇਤੁਕੀਆਂ ਸ਼ਰਾਰਤਾਂ ਕਰਕੇ ਮਾਹੌਲ ਖ਼ਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ?

ਨਵੰਬਰ 1995 ਈ. ਵਿਚ ਦਿੱਲੀ ਦੇ ਪ੍ਰਸਿੱਧ ਮਾਵਲੰਕਰ ਆਡੀਟੋਰੀਟਮ ਵਿਚ ਵਿਸ਼ਵ ਹਿੰਦੂ ਫੈਡਰੇਸ਼ਨ ਵੱਲੋਂ ਇਕ ਵਿਸ਼ਾਲ ਸੈਮੀਨਾਰ ਕੀਤਾ ਗਿਆ ।

ਸੈਮੀਨਾਰ ਦਾ ਵਿਸ਼ਾ ਸੀ 'Unity Among Religions Originated in India' ਅਰਥਾਤ 'ਭਾਰਤ ਵਿਚ ਜਨਮੇਂ ਮਤਾਂ ਦੀ ਏਕਤਾ ।' ਇਨ੍ਹਾਂ ਮਤਾਂ ਵਿਚ ਕੇਵਲ ਚਾਰ ਮਤ ਰੱਖੇ ਗਏ ਸਨ-ਹਿੰਦੂ ਮਤ, ਬੁੱਧ ਮਤ, ਜੈਨ ਮਤ ਅਤੇ ਸਿੱਖ ਮਤ । ਮੈਨੂੰ ਵੀ ਸੱਦਾ ਆਇਆ । ਮੈਂ ਦੁਬਿਧਾ ਵਿਚ ਫ਼ਸ ਗਿਆ ਕਿ ਕੀ ਕੀਤਾ ਜਾਵੇ, ਜਾਇਆ ਜਾਵੇ ਜਾਂ ਨਾ ਜਾਇਆ ਜਾਵੇ? ਸੈਮੀਨਾਰ ਦੇ ਉਦੇਸ਼ ਸਮਝ ਆ ਰਹੇ ਸਨ ਕਿ ਦਰਅਸਲ ਉੱਥੇ ਫਿਰ ਉਹੀ ਰਾਗ ਅਲਾਪਿਆ ਜਾਣਾ ਹੈ ਕਿ ਸਾਰੇ ਇੱਕੋ ਬੋਹੜ ਰੂਪੀ ਹਿੰਦੂ ਮਤ ਦੇ ਹੀ ਅੰਗ ਹਨ । ਮੇਰੇ ਕੋਲੋਂ ਵੀ ਕੁਝ ਇਸੇ ਤਰ੍ਹਾਂ ਦੀ ਉਮੀਦ ਕੀਤੀ ਜਾ ਰਹੀ ਹੋਵੇਗੀ ।

ਕੁਝ ਹੀ ਦਿਨਾਂ ਬਾਅਦ ਛਾਪਿਆ ਹੋਇਆ ਕਾਰਡ ਪੁੱਜ ਗਿਆ । ਜਿਸ ਵਿਚ ਸਤਾਈ ਬੁਲਾਰਿਆਂ ਵਿੱਚੋਂ ਇੱਕੀ ਹਿੰਦੂ ਵਿਦਵਾਨ ਅਤੇ ਧਰਮਚਾਰੀਆ ਸਨ । ਇਕ ਮੇਰਾ ਨਾਂ ਵੀ ਸੀ, ਤਿੰਨ ਬੋਧੀ-ਹਿਜ਼ ਹੋਲੀਨੈੱਸ ਦਲਾਈਲਾਮਾ, ਡਾ. ਐਸ.ਰਿੰਨਪੋਚੇ ਅਤੇ ਬੋਧ ਗਯਾ ਤੋਂ ਇਕ ਭਿਕਸ਼ੂ, ਇਕ ਜੈਨ ਸਾਧਵੀ ਸਾਧਨਾ ਜੀ ਅਤੇ ਇਕ ਗਾਂਧੀਵਾਦੀ ਵਿਦਵਾਨ ਸ੍ਰੀ ਆਨੰਦ ਸੰਕਰ ਪੰਡਯਾ ਸਨ । ਕਾਰਡ ਵੇਖ ਕੇ ਮੈਨੂੰ ਸਾਰੀ ਖੱਚਰ-ਖੇਡ ਪੂਰੀ ਤਰ੍ਹਾਂ ਸਮਝ ਆ ਗਈ ।

ਬਹੁਤ ਸੋਚ-ਵਿਚਾਰ ਕੇ ਫ਼ੈਸਲਾ ਕੀਤਾ ਕਿ ਮੈਂ ਜਾਵਾਂਗਾ ਅਤੇ ਆਪਣਾ ਪੱਖ ਬੇਝਿਜਕ ਹੋ ਕੇ ਰੱਖਾਂਗਾ । ਸਮਾਗਮ ਵਿਚ ਜਦੋਂ ਪੁੱਜਾ ਤਾਂ ਵਿਦਵਾਨਾਂ ਦੇ ਭਾਸ਼ਣ ਚੱਲ ਰਹੇ ਸਨ । ਮੈਨੂੰ ਵੀ ਸਟੇਜ 'ਤੇ ਬਿਠਾਇਆ ਗਿਆ ਜਿੱਥੇ ਸ੍ਰੀ ਦਲਾਈਲਾਮਾ ਜੀ, ਡਾ. ਰਿੰਨਪੋਚੇ, ਜੋਤਿਸ਼ਪੀਠ ਦੇ ਜਗਤ-ਗੁਰੂ ਸ਼ੰਕਰਾਚਰਯ, ਸੁਆਮੀ ਵਾਸੁਦੇਵ ਨੰਦ ਜੀ, ਆਚਾਰਯ ਧਰਮੇਂਦਰ ਜੀ ਮਹਾਰਾਜ, ਪ੍ਰੋਫ਼ੈਸਰ ਵਿਜੈ ਕੁਮਾਰ ਮਲਹੋਤਰਾ, ਆਚਾਰਯ ਸੁਸ਼ੀਲ ਮੁਨੀ ਜੀ ਦੀ ਸਿਖਿਆਰਥੀ ਸਾਧਵੀ ਸਾਧਨਾ ਜੀ ਬਿਰਾਜਮਾਨ ਸਨ । ਸਾਮ੍ਹਣੇ ਲੰਮੇ-ਚੌੜੇ ਹਾਲ ਵਿਚ ਨਜ਼ਰ ਮਾਰੀ ਤਾਂ ਮੇਰੇ ਤੋਂ ਸਿਵਾ ਕੋਈ ਦੂਜਾ ਸਿੱਖ ਮੈਨੂੰ ਨਜ਼ਰ ਨਹੀਂ ਆਇਆ । ਸਾਮ੍ਹਣੇ ਪਹਿਲੀ ਕਤਾਰ ਵਿਚ ਸ੍ਰੀ ਅਸ਼ੋਕ ਸਿੰਘਲ ਦੇ ਨਾਲ ਬਜਰੰਗ ਦਲ ਅਤੇ ਸ਼ਿਵ ਸੈਨਾ ਦੇ ਪ੍ਰਮੁੱਖ ਨੇਤਾ ਬੈਠੇ ਸਨ । ਇਕ ਪਾਸੇ ਪ੍ਰੈੱਸ ਅਤੇ ਫੋਟੋਗ੍ਰਾਫਰਾਂ ਲਈ ਸੀਟਾਂ ਰਾਖਵੀਆਂ ਸਨ ਅਤੇ ਉਨ੍ਹਾਂ ਦੀ ਗਿਣਤੀ ਵੀ 20-25 ਦੇ ਕਰੀਬ ਸੀ ।

ਮੇਰੀ ਚਿੰਤਾ ਹੋਰ ਡੂੰਘੀ ਹੋ ਗਈ । ਜਿਹੜੇ ਵਕਤਾ ਮਹਾਨ 'ਵਟ ਵ੍ਰਕਸ਼' ਦਾ ਗੁਣਗਾਨ ਕਰ ਰਹੇ ਸਨ ਜਦੋਂ ਉਨ੍ਹਾਂ ਨੇ ਸਮਾਪਤ ਕੀਤਾ ਤਾਂ ਪ੍ਰੋ. ਵਿਜੈ ਕੁਮਾਰ ਮਲਹੋਤਰਾ ਨੂੰ ਮਾਈਕ ਤੇ ਬੁਲਾਇਆ ਗਿਆ । ਇਸ ਦੌਰਾਨ ਮੈਂ ਸੰਤੁਲਿਤ ਹੋ ਚੁੱਕਾ ਸਾਂ ਅਤੇ ਕੀ ਕਹਿਣਾ ਹੈ, ਮਨ ਵਿਚ ਪੱਕਾ ਕਰ ਚੁੱਕਾ ਸਾਂ । ਮਲਹੋਤਰਾ ਜੀ ਨੇ ਅਰੰਭ ਹੀ ਇਸ ਗੱਲ ਤੋਂ ਕੀਤਾ ਕਿ ਸੰਨ 1951 ਕੀ ਜਨਗਣਨਾ ਸਮੇਂ ਭਾਰਤ ਵਿਚ



38% ਹਿੰਦੂ ਸਨ ਪਰ ਸੰਨ 1991 ਦੀ ਜਨਗਣਨਾ ਸਮੇਂ ਇਹ 35% ਰਹਿ ਗਏ ਅਰਥਾਤ 3% ਘੱਟ ਗਏ ਹਨ । ਇਹ ਬੜੀ ਚਿੰਤਾ ਦਾ ਵਿਸ਼ਾ ਹੈ । ਸਾਨੂੰ ਹਿੰਦੂ ਸਵਾਭਿਮਾਨ ਨੂੰ ਬਲ ਪ੍ਰਦਾਨ ਕਰਨਾ ਚਾਹੀਦਾ ਹੈ ਅਤੇ ਹਿੰਦੂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰਨੇ ਚਾਹੀਦੇ ਹਨ ਆਦਿ-ਆਦਿ ।

ਜਿਸ ਵੇਲੇ ਉਹ ਬੋਲੇ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਸਟੇਜ ਸਕੱਤਰ ਨੂੰ ਕਿਹਾ ਕਿ ਕਿਰਪਾ ਕਰਕੇ ਮੈਨੂੰ ਇਨ੍ਹਾਂ ਤੋਂ ਬਾਅਦ ਹੀ ਸਮਾਂ ਦਿੱਤਾ ਜਾਵੇ । ਮੈਨੂੰ ਸਮਾਂ ਦੇ ਦਿੱਤਾ ਗਿਆ । ਬੋਲਣਾ ਹਿੰਦੀ ਵਿਚ ਸੀ ਅਤੇ ਸੰਨ 1983 ਵਿਚ ਬਨਾਰਸ ਤੋਂ ਪਟਿਆਲਾ ਯੂਨੀਵਰਸਿਟੀ ਵਿਚ ਆ ਜਾਣ ਪਿੱਛੋਂ ਇਹ ਪਹਿਲਾ ਮੌਕਾ ਸੀ ਕਿ ਮੇਰੀ ਹਿੰਦੀ ਅਤੇ ਸੰਸਕ੍ਰਿਤੀ ਦੀ ਜਾਣਕਾਰੀ ਪੂਰੀ ਤਰ੍ਹਾਂ ਮੇਰੇ ਕੰਮ ਆਈ । ਮਹਾਂਭਾਰਤ, ਰਾਮਚਰਿਤਮਾਨਸ, ਮੀਮਾਂਸਾ ਸ਼ਾਸਤਰ, ਗੀਤਾ ਆਦਿ ਦੀਆਂ ਤੁਕਾਂ ਵਰਤ ਕੇ ਮੈਂ ਪਹਿਲਾਂ ਧਰਮ ਦੀ ਵਿਆਖਿਆ ਕੀਤੀ । ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਧਰਮ ਦਾ ਵਿਲੱਖਣ ਚਿੰਤਨ-ਦਰਸ਼ਨ ਪ੍ਰਸਤੁਤ ਕੀਤਾ ਤਾਂ ਕਿ ਸ੍ਰੋਤਿਆਂ ਨੂੰ ਸਮਝ ਆ ਜਾਵੇ ਕਿ ਵਕਤਾ ਕੇਵਲ ਸਿੱਖ ਮਤ ਬਾਰੇ ਹੀ ਨਹੀਂ, ਸਾਡੇ ਮਤ ਬਾਰੇ ਵੀ ਲੋੜੀਂਦੀ ਜਾਣਕਾਰੀ ਰੱਖਦਾ ਹੈ । ਆਪਣੀ ਹਮਦਰਦੀ ਪ੍ਰਗਟ ਕਰਦਿਆਂ ਮੈਂ ਕਿਹਾ ਕਿ ਇਹ ਵਾਕਈ ਚਿੰਤਾ ਦਾ ਵਿਸ਼ਾ ਹੈ ਕਿ ਹਿੰਦੁਸਤਾਨ ਵਿਚ ਹੀ ਹਿੰਦੂਆਂ ਦੀ ਗਿਣਤੀ ਨੂੰ ਖੋਰਾ ਲੱਗ ਰਿਹਾ ਹੈ । ਤਿੰਨ ਪ੍ਰਤੀਸ਼ਤ ਦਾ ਮਤਲਬ ਸਿੱਧਾ 3 ਕਰੋੜ ਹੈ । ਇਹ ਬਹੁਤ ਚੰਗਾ ਹੈ ਕਿ ਮਾਨਯੋਗ ਸ਼ੰਕਰਾਚਾਰਯ ਜੀ ਇੱਥੇ ਬਿਰਾਜਮਾਨ ਹਨ ਪਰ ਮੇਰੇ ਮਨ ਵਿਚ ਖ਼ਿਆਲ ਬਾਰ-ਬਾਰ ਆ ਰਿਹਾ ਹੈ ਕਿ ਗਿਣਤੀ ਨੂੰ ਖੋਰਾ ਕਿਧਰੇ ਇਸ ਕਰਕੇ ਤੇ ਨਹੀਂ ਲੱਗ ਰਿਹਾ ਕਿ ਇਹ ਮਹਾਨਭ ਕੌਮ ਅਜੇ ਵੀ ਚਾਰ-ਪੰਜ ਹਜ਼ਾਰ ਸਾਲ ਪੁਰਾਣੀਆਂ, ਵਿਸ਼ੇਸ਼ ਕਰਕੇ ਵਰਨ-ਵਿਵਸਥਾ ਨਾਲ ਸੰਬੰਧਿਤ ਮਾਨਤਾਵਾਂ ਨਾਲ ਚੰਬੜੀ ਹੋਈ ਹੈ ਅਤੇ ਲੋਕ ਊਚ-ਨੀਚ ਦੇ ਭਾਰੀ ਡੰਡੇ ਹੇਠੋਂ ਬੱਚ ਕੇ ਦੂਜੇ ਪਾਸਿਆਂ ਵੱਲ ਭੱਜ ਰਹੇ ਹਨ ।

ਉਂਞ ਦੂਜੇ ਮਤਾਂ ਵਾਲਿਆਂ ਨੂੰ ਕਿਹਾ ਜਾਂਦਾ ਹੈ ਕਿ ਤੁਹਾਡੇ ਮਤ ਅਤੇ ਉਨ੍ਹਾਂ ਦੀ ਰਹਿਤ-ਮਰਯਾਦਾ ਉਸ ਸਮੇਂ ਦੀ ਜ਼ਰੂਰਤ ਸੀ ਜਦੋਂ ਇਹ ਹੋਂਦ ਵਿਚ ਆਏ ਸਨ, ਹੁਣ ਇ੍ਹਨਾਂ ਦੀ ਕੋਈ ਲੋੜ ਨਹੀਂ ਹੈ, ਇਨ੍ਹਾਂ ਨੂੰ ਛੱਡਿਆ ਜਾਣਾ ਚਾਹੀਦਾ ਹੈ । ਕੀ, ਇਸ ਮਹਾਨ ਧਰਮ ਵਿਚ ਸਭ ਕੁਝ ਤਰੋ-ਤਾਜ਼ਾ ਹੈ?

ਕੀ ਕਿਧਰੇ ਵੀ ਕੁਝ ਸੜਿਆ-ਗਲਿਆ ਨਹੀਂ ਜਿਸ ਦਾ ਤਿਆਗ ਕੀਤਾ ਜਾਏ ਅਤੇ ਲੋਕਾਂ ਨੂੰ ਨਕਲੀ ਵੰਡੀਆ ਵਿੱਚੋਂ ਕੱਢ ਕੇ ਇਕ ਧਰਾਤਲ 'ਤੇ ਆਉਣ ਦਾ ਮੌਕਾ ਦਿੱਤਾ ਜਾਵੇ?

ਕੀ ਅੱਜ ਇਸ ਸਮਾਗਮ ਵਿਚ ਮਾਨਯੋਗ ਸ਼ੰਕਰਾਚਾਰਯ ਜੀ ਕੋਈ ਦਿਸ਼ਾ

ਨਿਰਦੇਸ਼ ਦੇਣ ਦੀ ਖੇਚਲ ਕਰਨਗੇ?

ਸਿੱਖ ਮਤ ਇਸ ਵਰਨ ਵਿਵਸਥਾ ਨੂੰ ਪੰਜ ਸੌ ਸਾਲ ਪਹਿਲਾਂ ਹੀ ਨਕਾਰ ਚੁੱਕਾ ਹੈ ਅਤੇ ਇਹੋ ਹੀ ਇਸ ਦੀ ਵਿਲੱਖਣਤਾ ਅਤੇ ਭਿੰਨਤਾ ਹੈ ।

ਦੂਜੀ ਇਕ ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਮੰਚ ਤੋਂ ਗੱਲ ਤਾਂ ਏਕਤਾ (Unity) ਦੀ ਕੀਤੀ ਜਾ ਰਹੀ ਹੈ ਪਰ ਭਾਰਤ ਦੇ ਵਸਨੀਕਾਂ ਦੀ ਅਨੇਕਤਾ (Diversity) ਉਨ੍ਹਾਂ ਦੇ ਵੱਖਰੇ ਸੱਭਿਆਚਾਰਾਂ ਦੀ ਹੋਂਦ ਨੂੰ ਮੰਨਿਆ ਹੀ ਨਹੀਂ ਜਾ ਰਿਹਾ । ਏਕਤਾ ਦੀ ਮੁੱਢਲੀ ਸ਼ਰਤ ਅਤੇ ਸਥਿਤੀ ਹੀ ਅਨੇਕਤਾ ਹੈ, ਜੇਕਰ ਅਨੇਕਤਾ ਨਹੀਂ ਹੈ ਤਾਂ ਏਕਤਾ ਕਿੱਥੇ ਖੋਜੀ ਜਾ ਰਹੀ ਹੈ?

ਦਰਅਸਲ ਏਕਤਾ ਦੇ ਪਰਦੇ ਪਿੱਛੇ ਇਕਪੂਰਤਾ (Uniformity) ਦੀ ਗੱਲ ਕੀਤੀ ਜਾ ਰਹੀ ਹੈ ਜਿਸ ਨੂੰ ਮੰਨਣਾ ਸੰਭਵ ਨਹੀਂ ਹੈ । ਇਹ ਸੰਭਵ ਇਸ ਲਈ ਵੀ ਨਹੀਂ ਕਿਉਂਕਿ ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਵਿਚ ਪਰਮਾਤਮਾ ਬੇਸ਼ੱਕ ਕਿਣਕੇ-ਕਿਣਕੇ ਵਿਚ ਵੱਸ ਰਿਹਾ ਹੈ ਪਰ ਫਿਰ ਵੀ ਨਾ ਕੋਈ ਰੁੱਖ ਇਕ ਦੂਜੇ ਵਰਗਾ ਹੈ, ਨਾ ਕੋਈ ਮਨੁੱਖ ਦੂਜੇ ਮਨੁੱਖ ਵਰਗਾ ਅਤੇ ਨਾ ਹੀ ਕੋਈ ਪਸ਼ੂ ਦੂਜੇ ਪਸ਼ੂ ਵਰਗਾ ਹੈ । ਹਰ ਇਕ ਵਿਲੱਖਣ ਹੈ ਅਤੇ ਪਰਮਾਤਮਾ ਦੀ ਕਲਾ ਦਾ ਅਦਭੁੱਤ ਨਮੂਨਾ ਹੈ । ਕੁਦਰਤ ਦੇ ਖ਼ਿਲਾਫ਼ ਚੱਲਣ ਵਾਲੇ ਜੇਕਰ ਇਹ ਸੋਚਣ ਅਤੇ ਮਨਵਾਉਣ ਦੀ ਕੋਸ਼ਿਸ਼ ਕਰਨ ਕਿ ਸਾਰੇ ਭਾਰਤ ਰੂਪੀ ਚਰਾਗਾਹ ਵਿਚ ਇੱਕੋ ਹੀ ਕਿਸਮ ਦੀ ਘਾਹ ਹੋਵੇ ਅਤੇ ਇੱਕੋ ਹੀ ਕਿਸਮ ਦੇ ਪਸ਼ੂ ਇਸ ਨੂੰ ਚਰਨ ਤਾਂ ਇਹ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ ।

ਭਾਰਤੀ ਹੋਣ ਵਿੱਚ ਇਕ ਸਿੱਖ ਨੂੰ, ਮੁਸਲਮਾਨ ਨੂੰ, ਈਸਾਈ ਨੂੰ, ਬੋਧੀ ਨੂੰ, ਜੈਨੀ ਨੂੰ ਪੂਰਾ ਫ਼ਖ਼ਰ ਹੋ ਸਕਦਾ ਹੈ ਪਰ ਜੇਕਰ ਭਾਰਤੀਅਤਾ ਦੀ ਠੇਕੇਦਾਰੀ ਕੇਵਲ ਕੋਈ ਇਕ ਮਤ ਹੀ ਕਰੇਗਾ ਅਤੇ ਆਪਣੀ ਬਹੁਗਿਣਤੀ ਦੇ ਬਲ 'ਤੇ ਦੂਜਿਆ ਨੂੰ ਨੀਵਾਂ ਵੇਖਣ ਵਿਖਾਉਣ ਦੀ ਕੋਸ਼ਿਸ਼ ਕਰੇਗਾ ਤਾਂ ਦਰਅਸਲ ਉਹ ਭਾਰਤ ਅਤੇ ਭਾਰਤੀਅਤਾ ਦਾ ਸਭ ਤੋਂ ਵੱਡਾ ਦੁਸ਼ਮਣ ਸਮਝਿਆ ਜਾਵੇਗਾ ।

ਬੜੀ ਸ਼ਰਮ ਅਤੇ ਅਫ਼ਸੋਸ ਕੀ ਗੱਲ ਹੈ ਕਿ ਭਾਰਤ ਵਿਚ ਗ਼ਰੀਬੀ, ਬਿਮਾਰੀ, ਅਨਪੜ੍ਹਤਾ ਦੀਆਂ ਲਾਹਨਤਾਂ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ । ਉਨ੍ਹਾਂ ਦੇ ਖ਼ਾਤਮੇਂ 'ਤੇ ਤਾਕਤ ਲਾਉਣ ਦੀ ਬਜਾਏ ਦੇਸ ਵਾਸੀਆਂ ਨੂੰ ਹੋਰਨਾਂ ਭੰਬਲਭੂਸਿਆਂ ਵਿਚ ਪਾਇਆ ਜਾ ਰਿਹਾ ਹੈ ।

ਸਿੱਖ ਮਤ ਤੇ ਪੈਰੋਕਾਰਾਂ ਨੂੰ ਇਕ ਗੱਲ ਹੋਰ ਵੀ ਸੁਨਿਯੋਜਿਤ ਢੰਗ ਨਾਲ ਸਮਝਾਈ ਜਾ ਰਹੀ ਹੈ ਕਿ ਸਿੱਖ ਧਰਮ ਗ੍ਰੰਥਾਂ ਵਿਚ ਸੈਂਕੜੇ ਹਜ਼ਾਰਾਂ ਵਾਰ ਰਾਮ ਅਤੇ ਕ੍ਰਿਸ਼ਨ ਦਾ ਨਾਮ ਆਇਆ ਹੈ । ਹੋਰਨਾਂ ਦੇਵੀ-ਦੇਵਤਿਆਂ ਦਾ ਵੀ ਜ਼ਿਕਰ



ਆਇਆ ਹੈ । ਇਸ ਲਈ ਸਿੱਖ ਮਤ ਦਰਅਸਲ ਹਿੰਦੂ ਮਤ ਦਾ ਹੀ ਇਕ ਰੂਪ ਹੈ । ਭੋਲੇ-ਭਾਲੇ ਇਸ ਪ੍ਰਚਾਰ ਦੇ ਪ੍ਰਭਾਵ ਥੱਲੇ ਆ ਵੀ ਰਹੇ ਹਨ ਅਤੇ ਰਾਸ਼ਟਰੀ ਸਿੱਖ ਸੰਗਤ ਵਿਚ ਆਪਣੀਆਂ ਹਾਜ਼ਰੀਆਂ ਵੀ ਭਰ ਰਹੇ ਹਨ । ਜਨੂੰਨ ਦੀ ਹੱਦ ਤੱਕ ਜਾਣ ਵਾਲੇ ਰਾਸ਼ਟਰਵਾਦੀ ਸਿੱਖ ਸੰਗਤੀਆਂ ਨੂੰ ਇਕ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਮਾਨਯੋਗ ਈਸਾ ਮਸੀਹ ਇਕ ਯਹੂਦੀ ਘਰ ਵਿਚ ਪੈਦਾ ਹੋਏ ਹਨ । ਈਸਾਈਅਤ ਯਹੂਦੀ ਮਤ ਤੋਂ ਨਿਕਲੀ ਹੈ ਅਤੇ ਇਸਲਾਮ ਦੇ ਪੈਰੋਕਾਰ ਦੀ ਪਵਿੱਤਰ ਕੁਰਾਨ ਸ਼ਰੀਫ਼ ਵਿਚ ਯਹੂਦੀ ਅਤੇ ਈਸਾਈ ਮਤਾਂ ਦੇ ਪੈਗੰਬਰਾਂ ਦੇ ਨਾਂ ਬੜੇ ਆਦਰ ਨਾਲ ਲਏ ਗਏ ਹਨ । ਇਸੇ ਆਧਾਰ 'ਤੇ ਰਾਸ਼ਟਰੀਅਤਾ ਜਾਂ ਇਉਂ ਕਹਿ ਲਓ ਭਾਰਤੀਅਤਾ ਦੇ ਨਵ ਜਨਮੇ ਠੇਕੇਦਾਰ ਕਿਸੇ ਮੁਸਲਮਾਨ ਨੂੰ ਈਸਾਈ ਜਾਂ ਯਹੂਦੀ ਮੰਨੇ ਜਾਣ ਲਈ ਮਜ਼ਬੂਰ ਕਰ ਸਕਦੇ ਹਨ? ਜਾਂ ਫਿਰ ਕਿਸੇ ਈਸਾਈ ਨੂੰ ਯਹੂਦੀ ਜਾਂ ਮੁਸਲਮਾਨ ਕਿਹਾ ਜਾ ਸਕਦਾ?

ਉਹ ਮਤ ਤਾਂ ਵੱਖਰੇ ਮਤ ਹਨ ਪਰ ਭਾਰਤ ਵਿਚ ਪੈਦਾ ਹੋਣ ਵਾਲੇ ਰਾਮ ਕ੍ਰਿਸ਼ਨ ਦੇ ਨਾਵਾਂ ਨੂੰ ਆਦਰ ਪੂਰਵਕ ਵਰਤਣ ਅਤੇ ਆਮ ਜਨਤਾ ਨੂੰ ਧਾਰਮਿਕਤਾ ਦੇ ਘੇਰੇ ਵਿਚ ਲਿਆਉਣ ਲਈ ਉਨ੍ਹਾਂ ਨਾਲ ਸੰਬੰਧਿਤ ਕੇਵਲ ਪ੍ਰੇਰਿਕ ਪ੍ਰਸੰਗਾਂ ਨੂੰ ਵਰਤਣ ਦੀ ਸਿੱਖ ਮਤ ਨੂੰ ਸਜ਼ਾ ਇਹ ਹੈ ਕਿ ਉਹ ਆਪਣੇ ਆਪ ਨੂੰ ਹਿੰਦੂ ਕਹੇ ਅਤੇ ਰਿਆਇਤ ਇਹ ਦਿੱਤੀ ਜਾਂਦੀ ਹੈ ਕਿ ਜੇ ਇਹ ਨਹੀਂ ਤਾਂ ਘੱਟੋ-ਘੱਟ ਕੇਸਧਾਰੀ ਹਿੰਦੂ ਕਹੇ ।

ਸਿੱਖ ਮਤ ਦੇ ਮੂਲ ਗ੍ਰੰਥ ਦੀ ਭਾਵਨਾ ਨੂੰ ਅੱਖੋਂ ਪਰੋਖੇ ਕਰਕੇ ਦੂਜੇ ਤੀਜੇ ਦਰਜੇ ਦੇ ਸਾਹਿਤ ਵਿੱਚੋਂ ਉਦਾਹਰਣਾਂ ਦੇ ਕੇ ਗੁਮਰਾਹ ਕਰਨ ਅਤੇ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਸਿੱਖਾਂ ਦਾ ਮੂਲ-ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਇਹ ਹੀ ਇਕੱਲਾ ਭਾਰਤੀ ਗ੍ਰੰਥ ਹੈ ਜਿਸ ਨੇ ਪਿਛਲੇ ਪੰਜ ਹਜ਼ਾਰ ਸਾਲਾਂ ਦੇ ਚਲਾਏ ਹੋਏ ਪਰਪੰਚਾਂ ਦੀ ਜਕੜ ਵਿੱਚੋਂ ਕੱਢ ਕੇ ਭਾਰਤੀ ਲੋਕਾਂ ਨੂੰ ਇਹ ਜਾਚ ਸਿਖਾਈ ਹੈ ਕਿ ਕਿਵੇਂ ਸਾਰੀਆਂ ਕੌਮਾਂ ਅਤੇ ਉਨ੍ਹਾਂ ਦੀ ਲਤਾੜੀਆਂ ਹੋਈਆਂ ਸ਼੍ਰੇਣੀਆਂ ਨੂੰ ਸਨਮਾਨ ਪੂਰਵਕ ਜੀਵਨ ਜੀਊਣ ਦੀ ਕਲਾ ਦੇ ਸਨਮੁਖ ਕਰਨਾ ਹੈ । ਆਦਰ ਕਰਨ ਅਤੇ ਪਰਮਾਤਮਾ ਨੂੰ ਮੰਨਣਾ ਦੋਵੇਂ ਵੱਖਰੀਆਂ ਗੱਲਾਂ ਹਨ । ਸਿੱਖ ਮੱਤ ਦਾ ਮੂਲ ਮੰਤਰ ਹੀ ਇਹ ਹੈ ਕਿ ਉਹ ਅਵਤਾਰਵਾਦ ਨੂੰ ਨਹੀਂ ਮੰਨਦਾ ਪਰ ਯੁੱਗ ਪੁਰਸ਼ਾਂ ਦਾ ਨਿਰਾਦਰ ਵੀ ਨਹੀਂ ਕਰਦਾ । ਇਹ ਆਪਣੇ ਸਮਿਆਂ ਦੇ ਮਹਾਨ ਰਾਜਾਗਣ ਸਨ । ਜਿਨ੍ਹਾਂ ਨੂੰ ਲੋਕਾਂ ਨੇ ਉਨ੍ਹਾਂ ਦੀ ਹਰਮਨ ਪਿਆਰਤਾ ਕਾਰਨ ਅਵਤਾਰੀ ਪੁਰਸ਼ ਦੀ ਸੰਗਿਆ ਦਿੱਤੀ ਹੈ ।

**ਜੁਗਹ ਜੁਗਹ ਕੇ ਰਾਜੇ ਕੀਏ**

**ਗਾਵਹਿ ਕਰਿ ਅਵਤਾਰੀ॥** (ਅੰਗ ੪੨੩)

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਕੋਈ ਵੀ ਭੜਕਾਹਟ ਸਿੱਖਾਂ ਨੂੰ ਮਜ਼ਬੂਰ ਨਹੀਂ ਕਰ ਸਕਦੀ ਕਿ ਉਹ ਇਹਨਾਂ ਮਹਾਂਪੁਰਸ਼ਾਂ ਦਾ ਨਿਰਾਦਰ ਕਰਨ ਅਤੇ ਜੇ ਅਜਿਹਾ ਹੁੰਦਾ ਤਾਂ ਇਸ ਦੇ ਜ਼ੁੰਮੇਵਾਰ ਇਹ ਰਾਸ਼ਟਰੀ ਸਿੱਖ ਸੰਗਤੀਏ ਜਾਂ ਇਹਨਾਂ ਦੇ ਦੂਰ-ਦੁਰਾਡੇ ਬੈਠੇ, 'ਮਾਰਗ-ਦਰਸ਼ਕ' ਹੋਣਗੇ ।

ਮੇਰੇ ਇਸ ਕਥਨ ਤੋਂ ਬਾਅਦ ਉੱਥੇ ਬੈਠੇ ਸ੍ਰੋਤਿਆਂ ਵਿਚ 'ਸੂਈ ਸੱਟ ਸੰਨਾਟਾ' ਪਸਰ ਗਿਆ । ਅਯੋਜਕਾਂ ਨੂੰ ਮਹਿਸੂਸ ਹੋਣ ਲੱਗ ਗਿਆ ਕਿ ਅਸੀਂ ਸ਼ਾਇਦ ਗ਼ਲਤ ਆਦਮੀ ਬੁਲਾ ਲਿਆ ਹੈ ਪਰ ਮੈਂ ਇਸ ਗੱਲ ਦੀ ਤਾਰੀਫ਼ ਵੀ ਕਰਾਂਗਾ ਕਿ ਕਿਸੇ ਨੇ ਭੀ ਮੈਨੂੰ ਟੋਕਿਆ ਨਹੀਂ ਅਤੇ ਨਾ ਕੋਈ ਜੈਕਾਰੇ-ਲਲਕਾਰੇ ਵਰਗੀ ਕਾਰਵਾਈ ਕੀਤੀ । ਦਾਸ ਨੇ ਆਪਣੀ ਬੇਨਤੀ ਜਾਰੀ ਰੱਖੀ ਕਿ ਭਾਰਤੀ ਦਰਸ਼ਨ ਦਾ ਬਨਾਰਸ ਦੀ ਯੂਨੀਵਰਸਿਟੀ ਵਿਚ ਉਚੇਰਾ ਅਧਿਐਨ ਅਧਿਆਪਨ ਕਰਨ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਭਾਰਤੀ ਦਰਸ਼ਨ ਰਿਗਵੇਦ ਤੋਂ ਅਰੰਭ ਹੋ ਕੇ ਤੇਹਰਵੀਂ ਚੌਦ੍ਹਵੀਂ ਸਦੀ ਤੱਕ ਰਾਮਾਨੁਜ਼, ਮਧਵਾਚਾਰਯ, ਵਲਭਾਚਾਰਯ ਅਤੇ ਨਿੰਬਾਰਕਾਚਾਰਯ 'ਤੇ ਆ ਕੇ ਸਮਾਪਤ ਹੋ ਗਿਆ ਮੰਨਿਆ ਗਿਆ ਹੈ । ਫਿਰ ਛਾਲ ਮਾਰ ਕੇ ਅਸੀਂ ਵੀਹਵੀਂ ਸਦੀ ਵਿਚ ਆ ਜਾਂਦੇ ਹਾਂ ਜਿਸ ਵਿਚ ਸਾਨੂੰ ਦੱਸਿਆ ਜਾਂਦਾ ਹੈ ਕਿ ਸ੍ਰੀ ਰਾਬਿੰਦਰ ਨਾਥ ਟੈਗੋਰ, ਸ੍ਰੀ ਅਰਬਿੰਦ ਪ੍ਰੋਫ਼ੈਸਰ ਕੇ. ਸੀ. ਭੱਟਾਚਾਰਯ, ਡਾ. ਰਾਧਾ ਕ੍ਰਿਸ਼ਨਨ ਅਤੇ ਮਹਾਤਮਾ ਗਾਂਧੀ ਆਦਿ ਸਾਰੇ ਫ਼ਿਲਾਸਫ਼ਰ ਹਨ, ਹਾਲਾਂ ਕਿ ਇਹਨਾਂ ਵਿੱਚੋਂ ਬਹੁਤਿਆਂ ਨੇ ਕੋਈ ਨਵਾਂ ਦਰਸ਼ਨ (ਫ਼ਲਸਫ਼ਾ) ਨਹੀਂ ਦਿੱਤਾ ਬਲਕਿ ਭਾਰਤੀ ਦਰਸ਼ਨ ਦੀ ਹੀ ਵਿਆਖਿਆ ਕੀਤੀ ਹੈ ਅਤੇ ਬੜੀ ਚੰਗੀ ਵਿਆਖਿਆ ਕੀਤੀ ਹੈ ਪਰ ਕੀ ਕੋਈ ਦੱਸੇਗਾ ਕਿ ਸੰਨ 1469 ਤੋਂ ਲੈ ਕੇ ਸੰਨ 1709 ਤੱਕ ਉੱਤਰੀ ਭਾਰਤ ਵਿਚ ਇਕ ਮਹਾਨ ਅਤੇ ਸਫ਼ਲ ਪ੍ਰਯੋਗ ਦੇ ਫ਼ਲਸਰੂਪ ਹੋਂਦ ਵਿਚ ਆਏ ਖ਼ਾਲਸਾ ਦਰਸ਼ਨ ਜਾਂ ਸਿੱਖ ਫ਼ਿਲਾਸਫ਼ੀ ਨੂੰ ਭਾਰਤੀ ਦਰਸ਼ਨਾਂ ਦੇ ਇਤਿਹਾਸ ਵਿਚ ਕਿਧਰੇ ਇਕ ਫੁੱਟ ਨੋਟ ਜਿੰਨੀ ਵੀ ਥਾਂ ਕਿਉਂ ਨਹੀਂ ਦਿੱਤੀ ਗਈ? ਇਹ ਕਿਹੋ ਜਿਹਾ ਭਾਈਚਾਰਾ ਅਤੇ ਕਿਹੋ ਜਿਹੀ ਏਕਤਾ ਹੈ?

ਸਿੱਖ ਫ਼ਿਲਾਸਫ਼ੀ ਉਹ ਫ਼ਿਲਾਸਫ਼ੀ ਹੈ ਜਿਸ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਕਹਾਵਤ ਨੂੰ ਉਲਟਾ ਕੇ ਰੱਖ ਦਿੱਤਾ ਕਿ ਹਾਥੀ, ਘੋੜੇ ਦੀ ਬਲੀ ਨਹੀਂ ਦਿੱਤੀ ਜਾਂਦੀ ਅਤੇ ਸ਼ੇਰ ਦੀ ਤਾਂ ਬਿਲਕੁਲ ਹੀ ਨਹੀਂ ਦਿੱਤੀ ਜਾਂਦੀ ਜਦੋਂ ਵੀ ਬਲੀ ਦਿੱਤੀ ਜਾਂਦੀ ਹੈ ਤਾਂ ਬੱਕਰੀ ਦੇ ਬੱਚੇ ਦੀ ਹੀ ਬਲੀ ਦਿੱਤੀ ਜਾਂਦੀ ਹੈ । ਵਿਧਾਤਾ ਵੀ ਸ਼ਾਇਦ ਕਮਜ਼ੋਰ ਨੂੰ ਹੀ ਮਾਰਦਾ ਹੈ:

**ਗਜ਼ਮ ਨੈਵ ਹਯਮ ਨੈਵ: ਵਿਆਘਰਮ ਨੈਵ ਚ ਨੈਵ ਚ।**



**ਅਜਾ ਸੁਤਿਮ ਬਲਿਮ ਦਦਯਾਤ ਦੈਵੋ ਦੁਰਬਲ ਘਾਤਕ।**

ਬੱਕਰੀ ਦੇ ਬੱਚਿਆਂ ਨੂੰ ਸ਼ੇਰ ਬਣਾਉਣ ਵਾਲੇ, ਭਾਰਤੀ ਪੱਛਮੀ ਹੱਦਾਂ ਨੂੰ ਸਦਾ ਲਈ ਸੁਰੱਖਿਅਤ ਅਤੇ ਸੀਲ ਕਰ ਦੇਣ ਵਾਲੇ ਸਿੱਖ ਫ਼ਲਸਫ਼ੇ ਨੂੰ ਫ਼ਿਲਾਸਫ਼ੀ ਦੇ ਅਧਿਐਨ ਦੀ ਕਿਸੇ ਪੱਧਰ ਤੇ ਵੀ ਕਿਸੇ ਸਿਲੇਬਸ ਵਿਚ ਸ਼ਾਮਲ ਨਾ ਕਰਨਾ ਕਿਸ ਤਰ੍ਹਾਂ ਦੀ ਵੱਖਵਾਦੀ ਸੋਚ ਹੈ? ਇਸ ਦਾ ਨਿਰਪੱਖ ਜਵਾਬ ਲੱਭਿਆ ਜਾਣਾ ਚਾਹੀਦਾ ਹੈ । ਆਪਣੀ ਸ਼ਕਤੀ ਨੂੰ ਬੇਅਰਥ ਕੰਮਾਂ ਵਿਚ ਲਾਉਣ ਦੀ ਬਜਾਇ ਅਨੇਕਤਾ ਪ੍ਰਫੁਲਿਤ ਕਰਨ ਦੇ ਵੱਧ ਤੋਂ ਵੱਧ ਮੌਕੇ ਦਿੱਤੇ ਜਾਣੇ ਚਾਹੀਦੇ ਹਨ ।

ਗੱਲਾਂ ਹੋਰ ਵੀ ਬਹੁਤ ਹੋਈਆਂ ਅਤੇ ਮੰਚ ਤੋਂ ਮੇਰਾ ਧੰਨਵਾਦ 'ਦੈਨਿਕ ਜਾਗਰਣ' ਸਮਾਚਾਰ ਸਮੂਹ ਦੇ ਮੁੱਖ ਸੰਪਾਦਕ ਨਰਿੰਦਰ ਮੋਹਨ ਨੇ ਕੀਤਾ ਤੇ ਸੈਸ਼ਨ ਸਮਾਪਤ ਹੋਣ 'ਤੇ ਸ੍ਰੀ ਅਸ਼ੋਕ ਸਿੰਘਲ ਨੇ ਮੇਰੇ ਬੇਬਾਕ ਕਥਨਾਂ ਉੱਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ । ਮੇਰੇ ਤੋਂ ਬਾਅਦ ਬੁੱਧ ਮਤ ਦੇ ਪ੍ਰਮੁੱਖ ਵਿਦਵਾਨ ਅਤੇ ਸਾਰਨਾਥ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ ਇੰਨ ਬੁਧਿਜ਼ਮ, ਡਾ. ਐਸ. ਰਿੰਨਪੋਚੇ ਨੇ ਵੀ ਮੇਰੇ ਕਥਨਾ ਦੀ ਪ੍ਰੋੜਤਾ ਕੀਤੀ ਅਤੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਸਾਨੂੰ ਏਕਤਾ (ਇਕਰੂਪਤਾ) ਦੀ ਵਧੇਰੇ ਚਿੰਤਾ ਨਾ ਕਰਕੇ ਅਨੇਕਤਾ ਨੂੰ ਪੁਸ਼ਟ ਕਰਨਾ ਚਾਹੀਦਾ ਹੈ ।

ਨਤੀਜਾ ਇਹ ਨਿਕਲਿਆ ਕਿ ਅਨੇਕਾਂ ਸਮਾਚਾਰ ਸੰਵਾਦਦਾਤਾ ਅਤੇ ਫ਼ੋਟੋਗ੍ਰਾਫਰ ਉੱਥੇ ਮੌਜੂਦ ਹੋਣ ਦੇ ਬਾਵਜੂਦ ਸੈਮੀਨਾਰ ਦੀ ਕਾਰਵਾਈ ਦੀ ਕੋਈ ਰਿਪੋਰਟਿੰਗ ਨਹੀਂ ਕੀਤੀ ਗਈ ਅਤੇ ਕੋਈ ਸਮਾਚਾਰ ਅਗਲੇ ਦਿਨ ਨਹੀਂ ਛਪਿਆ (ਜਾਂ ਛਾਪਣ ਨਾ ਦਿੱਤਾ ਗਿਆ) । ਸੋ ਇਹ ਹੈ ਸਾਡੀ ਏਕਤਾ ਤੇ ਅਖੰਡਤਾ ਦੀ ਪਹੁੰਚ ਵਿਧੀ ।

ਇਸ ਸਾਰੇ ਪ੍ਰਸੰਗ ਦੇ ਸੰਦਰਭ ਵਿਚ ਇਹ ਗੱਲ ਸਿੱਖਾਂ ਨਾਲ ਵੀ ਕਰਨੀ ਬਣਦੀ ਹੈ । ਸਿੱਖਾਂ ਦੀਆਂ ਸ਼ਕਤੀਸ਼ਾਲੀ ਸੰਸਥਾਵਾਂ, ਧਰਮ ਕੇਂਦਰਿਤ ਨਾ ਹੋ ਕੇ ਵਿਅਕਤੀ ਕੇਂਦਰਿਤ ਸੰਸਥਾਵਾਂ ਬਣ ਕੇ ਰਹਿ ਗਈਆਂ ਹਨ ।

ਕੌਣ ਨਹੀਂ ਜਾਣਦਾ ਕਿ ਪਿਛਲੇ 25-30 ਸਾਲਾ ਵਿਚ ਇਕ ਪੂਰੇ ਨਿਯੋਜਿਤ ਢੰਗ ਨਾਲ ਸਿੱਖਾਂ ਦੇ ਇਤਿਹਾਸਿਕ ਧਰਮ-ਅਸਥਾਨਾਂ ਨੂੰ ਕੇਵਲ ਹਾਲ ਕਮਰਿਆਂ ਵਿਚ ਤਬਦੀਲ ਹੀ ਨਹੀਂ ਕਰ ਦਿੱਤਾ ਗਿਆ ਬਲਕਿ ਉਨ੍ਹਾਂ ਦੀ ਪੁਸਤਕਾਂ ਵਿਚ ਆਈ ਰੂਪ ਬਣਤਰ ਨੂੰ ਮੂਲੋਂ ਹੀ ਨਸ਼ਟ ਕਰਕੇ ਸਾਰੀ ਇਤਿਹਾਸਕਾਰੀ ਅਤੇ ਸਿੱਖ ਪਨੀਰੀ ਦੀ ਆਸਥਾ 'ਤੇ ਹੀ ਸੁਆਲੀਆ ਨਿਸ਼ਾਨ ਲਗਾ ਦਿੱਤਾ ਗਿਆ ਹੈ ।

ਹਜ਼ਾਰਾਂ ਸਾਲ ਪੁਰਾਣੇ ਜਗਨਨਾਥ ਪੁਰੀ ਦੇ ਮੰਦਰ, ਤਿਰੁਪਤੀ ਦੇ ਮੰਦਰ, ਮਦੁਰਾਇ ਦੇ ਮੀਨਾਕਸ਼ੀ ਮੰਦਰ ਨੂੰ ਜਿਉਂ ਦਾ ਤਿਉਂ ਰੱਖਣ ਦੇ ਭਰਪੂਰ ਉਪਰਾਲੇ

ਕੀਤੇ ਜਾ ਰਹੇ ਹਨ ਅਤੇ ਮੈਂ ਸਮਝਦਾ ਹਾਂ ਕਲਾ-ਸੰਸਕ੍ਰਿਤੀ ਦੀ ਰਾਖੀ ਦੇ ਇਹ ਉੱਦਮ ਸ਼ਲਾਘਾਯੋਗ ਹਨ ਪਰ ਅਫ਼ਸੋਸ ਹੈ ਕਿ ਸਿੱਖ ਅਠ੍ਹਾਰਵੀਂ ਉਨ੍ਹੀਵੀਂ ਸਦੀ ਦੀ ਬਣਾਏ ਇਤਿਹਾਸਿਕ ਸਥਾਨਾਂ ਨੂੰ ਵੀ ਉਨ੍ਹਾਂ ਦੇ ਮੂਲ ਰੂਪ ਵਿਚ ਸੁਰੱਖਿਅਤ ਨਹੀਂ ਰੱਖ ਸਕੇ ।

ਸਿੱਖਾਂ ਦੀ ਦੂਜੀ ਬਦਕਿਸਮਤੀ ਇਹ ਹੈ ਕਿ ਸਿੱਖ ਲੀਡਰਾਂ ਨੂੰ ਜਾਂ ਤਾਂ ਕੁਰਸੀ ਪ੍ਰਾਪਤੀ ਦੀ ਤੜਫ ਨੇ ਬੇਹਾਲ ਕੀਤਾ ਹੋਇਆ ਹੈ ਅਤੇ ਜਾਂ ਜਿਸ ਨੂੰ ਕੋਈ ਨਾ ਕੋਈ ਕੁਰਸੀ ਮਿਲ ਗਈ ਹੈ ਉਹ ਉਸ ਨੂੰ ਬਚਾਉਣ ਲਈ ਕਲਾਬਾਜ਼ੀਆਂ ਲਾ ਰਿਹਾ ਹੈ । ਸਿੱਖ ਕੌਮ ਦੇ ਪਿਛਲੇ ਪੰਜ ਸਾਲਾਂ ਵਿਚ ਘੱਟੋ-ਘੱਟ ਦਸ ਅਰਬ ਰੁਪਿਆ ਸਿਰਫ਼ ਜਲਸੇ, ਜਲੂਸਾਂ, ਮਾਰਚਾਂ, ਸੁਆਗਤਾਂ ਜਾਂ ਧੰਨਵਾਦਾਂ ਦੇ ਉੱਤੇ ਹੀ ਖ਼ਰਚ ਕਰ ਦਿੱਤਾ ਹੋਵੇਗਾ ਪਰ ਕੋਈ ਦੱਸੇ ਕਿ ਇਸ ਖ਼ਰਚ ਦਾ ਨਤੀਜਾ ਕੀ ਹੈ?

ਰਾਜਨੀਤੀ ਦਾ ਜਿੰਨਾ ਘਟੀਆ ਮਿਆਰ ਪਿਛਲੇ ਕੁਝ ਵਰ੍ਹਿਆਂ ਵਿਚ ਲੋਕਾਂ ਦੇ ਸਾਮ੍ਹਣੇ ਪੇਸ਼ ਕੀਤਾ ਗਿਆ ਹੈ ਉਸ ਦੀ ਮਿਸਾਲ ਸਿੱਖਾਂ ਦੇ 500 ਸਾਲਾਂ ਦੇ ਇਤਿਹਾਸ ਵਿਚ ਵੀ ਨਹੀਂ ਮਿਲਦੀ ।

ਪਿੰਡਾਂ ਵਿੱਚ 80% ਲੋਕਾਂ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਈ ਹੈ । ਨਸ਼ਿਆਂ ਦੀ ਤਾਂ ਗੱਲ ਹੀ ਬੇ-ਮਾਇਨੀ ਹੋ ਗਈ ਹੈ ।

ਪੰਜਾਬੀ ਵਿਚ ਬਣਨ ਵਾਲੀਆਂ ਲਗਪਗ ਸਾਰੀਆਂ ਫਿਲਮਾਂ ਦਾ ਨਾਂ ਪੰਜਾਬ ਦੇ ਜੱਟ ਦੇ ਨਾਂ ਨਾਲ ਸ਼ੁਰੂ ਹੁੰਦਾ ਹੈ ਅਤੇ ਉਨ੍ਹਾਂ ਸਾਰੀਆਂ ਹੀ ਫ਼ਿਲਮਾਂ ਦੇ ਹੀਰੋ ਸਫ਼ਾਚਟ (ਕਲੀਨਸ਼ੇਵ) ਹੁੰਦੇ ਹਨ । ਅਜੇ ਤੱਕ ਕਦੀ ਕਿਸੇ ਕਮੇਟੀ ਵੱਲੋਂ ਇਸ ਬਾਰੇ ਚੇਤੰਨ ਨਹੀਂ ਕੀਤਾ ਗਿਆ ਕਿ ਪੰਜਾਬ ਦੇ ਵਿਅਕਤੀ ਜਿਸ ਦੇ ਨਾਂ ਨਾਲ ਸਿੰਘ ਲੱਗਦਾ ਹੈ ਉਸ ਦੀ ਇਕ ਖ਼ਾਸ ਦਿੱਖ ਹੁੰਦੀ ਹੈ ।

ਮਾਇਨਾਰਟੀ ਕਮਿਸ਼ਨ ਦੇ ਸਿੱਖ ਮਤ ਦੀ ਵਿਲੱਖਣਤਾ ਸੰਬੰਧੀ ਐਲਾਨ ਤੋਂ ਬਾਅਦ ਕੀ ਹੁਣ ਵੀ ਸਿੱਖ ਨੇਤਾਵਾਂ ਦਾ ਇਹ ਫ਼ਰਜ਼ ਨਹੀਂ ਬਣਦਾ ਕਿ ਸੰਵਿਧਾਨ ਦੀ ਧਾਰਾ 25 ਵਿਚ ਲੋੜੀਂਦੀ ਸੋਧ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦੀ ਹਿੰਮਤ ਕਰਨ?

❁❁❁

# ਜਾਗਹੁ ਜਾਗਹੁ ਸੁਤਿਹੋ

ਇਸਲਾਮ ਦੇ ਭਾਰਤ ਵਿਚ ਆਗਮਨ ਅਤੇ ਸਿੱਖ ਧਰਮ ਦੇ ਪ੍ਰਚਾਰ, ਪਾਸਾਰ ਨਾਲ ਹਿੰਦੂ ਧਰਮ ਨੂੰ ਕੰਟ੍ਰੋਲ ਕਰਨ ਵਾਲੇ ਬ੍ਰਾਹਮਣ ਨੂੰ ਬਹੁਤ ਵੱਡਾ ਧੱਕਾ ਲੱਗਾ । ਜਿੱਥੇ ਸਾਰੇ ਦੇਸ ਵਿਚ ਬ੍ਰਾਹਮਣ ਇਕ ਪੂਜਣਯੋਗ ਵਿਅਕਤੀ ਹੈ ਉੱਥੇ ਸਿੱਖਾਂ ਵਿਚ ਉਸ ਦੀ ਅਹਿਮੀਅਤ ਇਕ ਆਮ ਲਾਗੀ ਤੋਂ ਵੱਧ ਨਹੀਂ ਹੈ । ਵਿਆਹ-ਸ਼ਾਦੀ ਦੇ ਸਮੇਂ ਪਿੰਡਾਂ ਵਿਚ ਬ੍ਰਾਹਮਣੀ ਦੂਸਰੇ ਲਾਗੀਆਂ ਵਾਂਗ ਹੀ ਰੋਟੀ ਬਣਾਉਂਦੀ ਹੈ ਅਤੇ ਹੋਰ ਕੰਮ ਕਰਦੀ ਹੈ ।

ਜਦੋਂ ਕਿਸੇ ਵਿਅਕਤੀ ਦੀ ਕਿਸੇ ਦੂਸਰੇ ਦੀ ਹੋਂਦ ਕਾਰਨ ਆਮਦਨ ਘੱਟ ਜਾਵੇ ਅਤੇ ਸਤਿਕਾਰ ਵੀ ਘੱਟ ਜਾਵੇ ਤਾਂ ਉਹ ਮਿੱਤਰ ਕਿਸ ਤਰ੍ਹਾਂ ਬਣ ਸਕਦਾ ਹੈ? ਇਸੇ ਲਈ ਗੁਰੂ ਕਾਲ ਤੋਂ ਹੀ ਬ੍ਰਾਹਮਣ ਪੰਥ ਵਿਰੋਧੀ ਘਾੜਤਾਂ ਘੜਨ ਵਿਚ ਰੁੱਝਾ ਰਿਹਾ ਹੈ ।

ਇਸਲਾਮੀ ਰਾਜ ਅਤੇ ਫਿਰ ਅੰਗਰੇਜ਼ੀ ਰਾਜ ਕਾਰਨ ਸਿੱਖਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਿਆ ਪਰ ਹੁਣ, ਜਦੋਂ ਦੇਸ ਵਿਚ ਉਸ ਦਾ ਆਪਣਾ ਰਾਜ ਹੈ ਤਾਂ ਉਹ, ਸਭ ਕੁਝ ਕਰਨ ਦੇ ਸਮਰੱਥ ਹੈ ।

ਇਕ ਆਮ ਕਹਾਵਤ ਅਨੁਸਾਰ ਅੰਗਰੇਜ਼ ਕੋਈ ਕੰਮ ਨੇਪਰੇ ਚਾੜ੍ਹਨ ਲਈ ਸੌ ਸਾਲ ਪਹਿਲਾਂ ਸੋਚਦਾ ਹੈ, ਬ੍ਰਾਹਮਣ ਪੰਜਾਹ ਸਾਲ ਪਹਿਲਾਂ, ਮੁਸਲਮਾਨ ਕਾਫ਼ੀ ਸਮਾਂ ਪਹਿਲਾਂ ਸੋਚਦੇ ਹਨ ਪਰ ਸਿੱਖ ਕੰਮ ਹੱਥ ਵਿਚ ਲੈ ਕੇ ਸੋਚਦੇ ਹਨ । ਇਸ ਲਈ ਜਦੋਂ ਕਦੀ ਵੀ ਸਿੱਖਾਂ ਦੇ ਕਿਸੇ ਸੂਝਵਾਨ ਵਰਗ ਦੇ ਲੋਕਾਂ ਨਾਲ ਕੋਈ ਅਜਿਹੀ ਗੱਲ ਕਰੀਏ ਤਾਂ ਉੱਤਰ ਮਿਲੇਗਾ, ਜੀ ਚਿੰਤਾ ਨਾ ਕਰੋ: ਗੁਰੂ ਮਹਾਰਾਜ ਨੇ ਪੰਥ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਰੱਖੀਆਂ ਹਨ, ਨਿਸ਼ਚਿੰਤ ਰਹੋ । ਜਾਂ ਫਿਰ ਕਹਿਣਗੇ, ਪੰਥ ਦੇ ਵਾਲੀ ਨੂੰ ਆਪਣੇ ਪੰਥ ਦਾ ਆਪ ਫ਼ਿਕਰ ਹੈ ਤੁਸੀਂ ਕਿਉਂ ਚਿੰਤਾ ਕਰਦੇ ਹੋ, ਜੋ ਹੋਵੇਗਾ ਉਸ ਦੇ ਹੁਕਮ ਅਨੁਸਾਰ ਹੀ ਹੋਵੇਗਾ ।

ਦੇਸ ਦੀ ਬਹੁ-ਗਿਣਤੀ ਵਾਲੇ ਫ਼ਿਰਕੇ ਨੇ ਆਪਣੇ ਵਿਰੋਧੀਆਂ ਨਾਲ ਨਜਿੱਠਣ ਲਈ ਕਿਸ ਤਰ੍ਹਾਂ ਯੋਜਨਾਬੱਧ ਪ੍ਰਬੰਧ ਕੀਤਾ ਹੋਇਆ ਹੈ ਉਸ ਦੀ ਝਾਕੀ ਅਸੀਂ ਕੈਨੇਡਾ ਤੋਂ ਛਪਣ ਵਾਲੇ 'ਸਿੱਖ ਵਿਰਸਾ' (ਜੁਲਾਈ 2001) ਵਿੱਚੋਂ ਲੈ ਕੇ ਹੂ-ਬ-ਹੂ ਛਾਪ ਰਹੇ ਹਾਂ । ਸ਼ਾਇਦ ਗੁਰੂ ਕਿਰਪਾ ਸਦਕਾ ਪੰਥ ਦੇ ਅਖੌਤੀ ਲੀਡਰਾਂ ਨੂੰ ਕੁਝ ਸੋਝੀ ਆ ਜਾਵੇ । ਜੇ ਇਹ ਪੜ੍ਹ ਕੇ ਭੀ ਪੰਥ ਦੇ ਬੁੱਧੀਜੀਵੀ ਵਰਗ ਅਤੇ

ਅਖੌਤੀ ਪੰਥਕ ਲੀਡਰਾਂ ਦੀ ਜਾਗ ਨਾ ਖੁੱਲ੍ਹੀ ਜਾਂ ਆਖ਼ਰੀ ਮੁਗ਼ਲ ਬਾਦਸ਼ਾਹ ਵਾਂਗ 'ਹਨੂ ਦਿੱਲੀ ਦੂਰ ਅਸਤ' ਦਾ ਹੋਕਾ ਹੀ ਲਾਇਆ ਤਾਂ ਇਸ ਦਾ ਜੋ ਭਿਆਨਕ ਸਿੱਟਾ ਭੁਗਤਣਾ ਪਵੇਗਾ, ਉਸ ਦਾ ਅੰਦਾਜ਼ਾ ਲਗਾ ਕੇ ਮਨ ਕੰਬ ਉੱਠਦਾ ਹੈ ।

ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਲਈ ਯਤਨਸ਼ੀਲ ਪ੍ਰਮੁੱਖ ਨਾਜ਼ੀਵਾਦੀ ਸੰਗਠਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੀ ਸਥਾਪਨਾ ਮਹਾਰਾਸ਼ਟਰ ਦੇ ਇਕ ਬ੍ਰਾਹਮਣ, ਕੇਸ਼ਵ ਬਾਲੀਰਾਮ ਹੈਡਗੇਵਾਰ ਨੇ 1925 ਈ. ਵਿਚ ਨਾਗਪੁਰ ਵਿਚ ਕੀਤੀ ਸੀ ।

ਆਰ.ਐਸ.ਐਸ. ਦੀ ਸਥਾਪਨਾ ਹਿੰਦੂਤਵ ਕਦਰਾਂ ਕੀਮਤਾਂ ਦੀ ਪੁਨਰ ਸੁਰਜੀਤੀ ਹਿਤ ਕੀਤੀ ਗਈ ਸੀ । ਇਸ ਮੰਤਵ ਲਈ ਇਸਦਾ ਕੌਮੀ ਨਿਸ਼ਾਨ 'ਸਵਾਸਤਿਕਾ' ਬਣਾਇਆ ਗਿਆ । ਇਸ ਦਾ ਸਿੱਧਾ-ਸਾਦਾ ਅਰਥ ਹੈ 'ਪਾੜੋ ਤੇ ਰਾਜ ਕਰੋ' । ਇਹ ਨਿਸ਼ਾਨ ਅੱਜ ਵੀ ਭਾਰਤ ਦਾ ਕੌਮੀ ਚੋਣ ਨਿਸ਼ਾਨ ਹੈ, ਜੋ ਇਸ ਖਿੱਤੇ ਵਿਚ ਰਹਿੰਦੇ ਹਰ ਬਾਸ਼ਿੰਦੇ ਤੋਂ ਵੋਟਾਂ ਸਮੇਂ ਪਰਚੀਆਂ ਤੇ ਲਗਵਾਇਆ ਜਾਂਦਾ ਹੈ । 'ਸਵਾਸਤਿਕਾ' (ਨਿਸ਼ਾਨ) ਨੂੰ ਆਰ. ਐਸ. ਐਸ. ਦਾ ਨਿਸ਼ਾਨ ਬਣਾਉਣ ਸਮੇਂ ਹਿਟਲਰੀ ਭਾਵਨਾ ਦਾ ਵੀ ਪੂਰਾ ਖ਼ਿਆਲ ਰੱਖਿਆ ਗਿਆ ਸੀ, ਜਿਸਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਪਾਲਦਿਆਂ ਲੋਕਾਂ ਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ ਸਨ । ਆਰ.ਐਸ.ਐਸ. ਦੀ ਵਰਦੀ ਫ਼ੌਜੀਆਂ ਵਾਲੀ ਰੱਖੀ ਗਈ, ਖ਼ਾਕੀ ਨਿੱਕਰ, ਚਿੱਟੀ ਕਮੀਜ਼ ਬਨੈਣ, ਕਾਲੀ ਟੋਪੀ ਤੇ ਕਾਲੇ ਬੂਟ । ਇਹ ਲੋਕ ਰੋਜ਼ਾਨਾ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਖੁੱਲ੍ਹੀਆਂ ਪਾਰਕਾਂ, ਗ੍ਰਾਊਂਡਾਂ ਵਿਚ ਕਸਰਤਾਂ ਕਰਦੇ ਹਨ ਤੇ ਡਾਂਗਾਂ ਤ੍ਰਿਸ਼ੂਲ ਚਲਾਉਣ ਦੀ ਟ੍ਰੇਨਿੰਗ ਕਰਦੇ ਹਨ । ਇਕ ਲੱਖ ਸਵੈਮ ਸੇਵਕਾਂ ਨੂੰ ਆਤਸ਼ੀ ਹਥਿਆਰ (ਬੰਦੂਕ ਆਦਿ) ਚਲਾਉਣ ਦੀ ਟ੍ਰੇਨਿੰਗ ਦੇ ਚੁੱਕੇ ਹਨ । ਰੋਜ਼ਾਨਾ ਦੀਆਂ ਇਨ੍ਹਾਂ ਕਲਾਸਾਂ ਨੂੰ ਇਹ 'ਸ਼ਾਖਾਵਾਂ' ਕਹਿੰਦੇ ਹਨ । ਇਕ ਸ਼ਾਖਾ, ਜਿਸ ਵਿਚ ਜੇ ਛੇ ਜਾਂ ਇਸ ਤੋਂ ਵੱਧ ਵਿਅਕਤੀ ਹੋਣ, ਦਾ ਇਕ ਗਰੁੱਪ ਲੀਡਰ ਹੁੰਦਾ ਹੈ, ਜਿਸ ਨੂੰ ਇਹ 'ਗਣਸ਼ਿਖਸ਼ਕ (Martial Arts Instructor) ਬੋਲਦੇ ਹਨ । ਹਰ 'ਸ਼ਾਖਾ' ਦਾ ਇਕ ਸੈਕਟਰੀ ਹੁੰਦਾ ਹੈ । ਆਰ.ਐਸ.ਐਸ. ਵਾਲਿਆਂ ਨੂੰ ਸ਼ਾਖਾਵਾਂ ਵਿਚ ਫ਼ੌਜੀ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿਚ ਹਿੰਦੂ ਫ਼ੌਜੀ ਨਾਇਕਾਂ (Heroes) ਦੇ ਪੈੜ ਚਿੰਨ੍ਹਾਂ ਤੇ ਚੱਲਣ ਦੇ ਪ੍ਰਣ ਕਰਵਾਏ ਜਾਂਦੇ ਹਨ । 'ਸ਼ਾਖਾਵਾਂ' ਤੇ ਹੋਰ ਸਰਗਰਮੀਆਂ ਲਈ ਫੰਡ ਆਰ.ਐਸ.ਐਸ. ਦੇ ਝੰਡੇ ਹੇਠ ਇਕੱਤਰ ਕੀਤੇ ਜਾਂਦੇ ਹਨ । ਆਰ.ਐਸ.ਐਸ. ਦੇ ਹੁਣ ਤੱਕ ਪੰਜ ਮੁਖੀ ਹੋ ਚੁੱਕੇ ਹਨ, ਜਿਸ ਨੂੰ ਇਹ 'ਸੰਘਚਾਲਕ' ਆਖਦੇ ਹਨ । ਹੈਡਗੇਵਾਰ (1925-40), ਗੋਲਵਾਲਕਰ (1940-73), ਦੇਵਰਸ (1973-94), ਰਾਜੂ ਭਈਆ (1994-2000) ਤੇ



2000 ਤੋਂ ਹੁਣ ਸੁਦਰਸ਼ਨ ਆਰ.ਐਸ.ਐਸ. ਦਾ ਮੁਖੀ ਹੈ ।
ਭਾਰਤ ਵਿਚ ਚੱਲ ਰਹੀਆਂ ਸ਼ਾਖਾਵਾਂ ਦਾ ਵੇਰਵਾ:

| | |
|---|---|
| ਉੱਤਰ-ਪ੍ਰਦੇਸ਼ | 10,000 |
| ਮਹਾਰਾਸ਼ਟਰ | 5,000 |
| ਕੇਰਲਾ | 4,149 |
| ਰਾਜਸਥਾਨ | 3,500 |
| ਮੱਧ ਪ੍ਰਦੇਸ਼ | 3,230 |
| ਦਿੱਲੀ | 2,500 |
| ਕਰਨਾਟਕਾ | 2,305 |
| ਬਿਹਾਰ | 2,300 |
| ਗੁਜਰਾਤ | 1,900 |
| ਪੰਜਾਬ | 1,775 |
| ਆਂਧਰਾ ਪ੍ਰਦੇਸ਼ | 1,660 |
| ਹਰਿਆਣਾ | 1,600 |
| ਪੱਛਮੀ ਬੰਗਾਲ | 1,500 |
| ਉੜੀਸਾ | 1,481 |
| ਤਾਮਿਲਨਾਡੂ | 1,051 |
| ਅਸਾਮ | 900 |
| ਕਸ਼ਮੀਰ ਤੇ ਹਿਮਾਚਲ | 450 |
| ਭਾਰਤ ਭਰ ਵਿਚ ਕੁੱਲ ਸ਼ਾਖਾਵਾਂ | 45,301 |

ਨੋਟ: ਇਹ ਵੇਰਵਾ ਅੱਜ ਤੋਂ ਤਕਰੀਬਨ 15 ਸਾਲ ਪਹਿਲਾਂ ਦਾ ਹੈ, ਹੁਣ ਹੋਰ ਵਿਸਤਾਰ ਹੋ ਚੁੱਕਾ ਹੈ ।

ਆਰ. ਐਸ. ਐਸ. ਦੇ ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੇ ਪ੍ਰਮੁੱਖ ਵਿੰਗ

**ਸਿਆਸਤ**

**ਭਾਜਪਾ** : ਇਹ ਆਰ.ਐਸ.ਐਸ. ਦਾ ਮਜ਼ਬੂਤ ਸਿਆਸੀ ਵਿੰਗ ਹੈ । ਇਸ ਦਾ ਪੂਰਾ ਨਾਂ ਭਾਰਤੀ ਜਨਤਾ ਪਾਰਟੀ ਹੈ ਤੇ ਇਸ ਦੀ ਸਥਾਪਨਾ 1980 ਈ. ਵਿਚ ਕੀਤੀ ਗਈ ਸੀ, ਸਭ ਤੋਂ ਪਹਿਲਾਂ ਇਸ ਦਾ ਨਾਮ ਜਨ ਸੰਘ ਸੀ । ਉਦੋਂ ਤੋਂ ਲੈ ਕੇ ਅੱਜ ਤੱਕ ਭਾਜਪਾ ਨੇ ਹਰ ਦਿਨ ਆਪਣੀ ਪਕੜ ਮਜ਼ਬੂਤ ਬਣਾਈ ਹੈ । ਜਿੱਥੇ 1980 ਈ. ਦੀਆਂ ਆਮ ਚੋਣਾਂ ਵਿਚ ਭਾਜਪਾ ਨੇ ਭਾਰਤ ਭਰ ਵਿਚ ਦੋ ਸੀਟਾਂ ਹਾਸਲ ਕੀਤੀਆਂ ਸਨ, ਉੱਥੇ ਹੁਣ ਇਸ ਕੋਲ 182 ਸੀਟਾਂ ਹਨ ਤੇ ਇਸ ਨੇ 11 ਹੋਰ

ਪਾਰਟੀਆਂ ਨਾਲ ਮਿਲ ਕੇ ਸਰਕਾਰ ਬਣਾਈ ਹੋਈ ਹੈ । ਇਸ ਦਾ ਮੁੱਖ ਏਜੰਡਾ ਹੈ 'ਹਿੰਦੀ, ਹਿੰਦੂ, ਹਿੰਦੁਸਤਾਨ । ਇਸ ਏਜੰਡੇ ਦੀ ਪੂਰਤੀ ਲਈ ਭਾਜਪਾ ਨੇ 3000 ਮਸਜਦਾਂ, 1000 ਗਿਰਜੇ, 200 ਗੁਰਦੁਆਰੇ ਢਾਹੁਣ ਦੀ ਸੂਚੀ ਬਣਾਈ ਹੋਈ ਹੈ ਤੇ ਹੁਣ ਤੱਕ 2000 ਮਸਜਦਾਂ, 300 ਗਿਰਜੇ ਤੇ ਕਈ ਗੁਰਦੁਆਰੇ ਢਾਹੇ ਜਾ ਚੁੱਕੇ ਹਨ । ਇਹ 'ਅਖੰਡ ਭਾਰਤ' ਦੀ ਹਾਮੀ ਹੈ ਤੇ ਇਸ ਤਹਿਤ ਪਾਕਿਸਤਾਨ, ਬੰਗਲਾਦੇਸ, ਨੇਪਾਲ, ਭੂਟਾਨ, ਬਰਮਾ (ਨਵਾਂ ਨਾਂ ਮਾਈਨਾਮਾਰ), ਤੇ ਸ੍ਰੀਲੰਕਾ ਨੂੰ ਭਾਰਤ ਵਿਚ ਮਿਲਾਉਣਾ ਚਾਹੁੰਦੀ ਹੈ । ਇਸ ਦੀਆਂ ਭਾਰਤ ਦੇ 7 ਸੂਬਿਆਂ ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਕਰਨਾਟਕਾ, ਕੇਰਲ, ਉੱਤਰ-ਪ੍ਰਦੇਸ਼ ਤੇ ਹਿਮਾਚਲ ਵਿਚ ਵੀ ਸੂਬਾਈ ਸਰਕਾਰਾਂ ਹਨ । ਪੰਜਾਬ ਵਿਚ ਵੀ ਬਾਦਲਕਿਆਂ ਦੀ ਬਦੌਲਤ ਆਪਣਾ ਆਧਾਰ ਮਜ਼ਬੂਤ ਕਰ ਰਹੀ ਹੈ ।

## ਹਥਿਆਰਬੰਦ ਫ਼ੌਜਾਂ

**ਆਰਮੀ :** ਭਾਰਤੀ ਫ਼ੌਜ ਵਿਚਲੇ ਕੋਈ ਪੰਜ ਸੌ ਹਿੰਦੂ ਅਫ਼ਸਰ ਆਰ.ਐੱਸ.ਐੱਸ. ਦੇ ਰੈਗੂਲਰ ਮੈਂਬਰ ਹਨ, ਜੋ ਰੋਜ਼ਾਨਾ ਸ਼ਾਖਾਵਾਂ ਵਿਚ ਜਾ ਕੇ ਹਥਿਆਰ ਚਲਾਉਣ ਦੀ ਟ੍ਰੇਨਿੰਗ ਨਵੇਂ ਰੰਗਰੂਟਾਂ ਨੂੰ ਦਿੰਦੇ ਹਨ । ਆਰਮੀ ਦਾ ਝੰਡਾ 'ਦੁਰਗਾ' 'ਸ਼ਿਵ ਜੀ' ਤੇ 'ਹਨੂੰਮਾਨ' ਦੇ ਹਥਿਆਰਾਂ ਦਾ ਮਿਲਵਾਂ ਪ੍ਰਤੀਕ ਹੈ । ਭਾਰਤੀ ਆਰਮੀ ਦਾ ਮੁਖੀ ਕੇਵਲ ਹਿੰਦੂ ਹੀ ਬਣ ਸਕਦਾ ਹੈ, ਹਾਲਾਂਕਿ ਜ਼ਿਆਦਾਤਰ ਕੁਰਬਾਨੀਆਂ ਮੁਸਲਮਾਨ ਤੇ ਸਿੱਖ ਕਰਦੇ ਹਨ । ਆਰ.ਐੱਸ.ਐੱਸ. ਦੀ ਫ਼ੌਜ ਦੇ ਸਾਰੇ ਜਰਨੈਲ ਚਾਰਜ ਸੰਭਾਲਣ ਵੇਲੇ ਰਾਮਾਇਣ, ਮਹਾਂਭਾਰਤ ਤੇ ਗੀਤਾ ਉੱਪਰ ਹੱਥ ਰੱਖ ਕੇ ਫ਼ੌਜ ਦੇ ਭੇਤ ਗੁਪਤ ਰੱਖਣ ਦੀ ਸਹੁੰ ਖਾਂਦੇ ਹਨ ।

**ਨੇਵੀ ਤੇ ਏਅਰਫੋਰਸ :** ਨੇਵੀ ਤੇ ਏਅਰਫੋਰਸ ਵਿਚਲੇ ਕੋਈ 35 ਅਫ਼ਸਰ ਆਰ.ਐੱਸ. ਐੱਸ. ਦੇ ਮੈਂਬਰ ਹਨ । ਇਨ੍ਹਾਂ ਦਾ ਮੁਖੀ ਵੀ ਕੇਵਲ ਹਿੰਦੂ ਹੀ ਬਣ ਸਕਦਾ ਹੈ । ਇਸਦੇ ਅਫ਼ਸਰ ਵੀ ਚਾਰਜ ਸੰਭਾਲਣ ਵੇਲੇ ਰਾਮਾਇਣ, ਮਹਾਂਭਾਰਤ ਤੇ ਗੀਤਾ ਉੱਪਰ ਹੱਥ ਰੱਖ ਕੇ ਫ਼ੌਜੀ ਭੇਤ ਗੁਪਤ ਰੱਖਣ ਤੇ ਦੇਸ ਦੀ ਵਫ਼ਾਦਾਰੀ ਦੀ ਸਹੁੰ ਖਾਂਦੇ ਹਨ ।

**ਪੂਰਵ ਸੈਨਿਕ ਸੇਵਾ ਪਰਿਸ਼ਦ :** ਇਹ ਸਾਬਕਾ ਫ਼ੌਜੀਆਂ ਦਾ ਮਜ਼ਬੂਤ ਵਿੰਗ ਹੈ । ਇਸਦੀ ਸਥਾਪਨਾ 1993 ਈ. ਵਿਚ ਕੀਤੀ ਗਈ ਸੀ, ਤਾਂ ਜੋ ਸਾਬਕਾ ਫ਼ੌਜੀਆਂ ਦੀਆਂ ਸੇਵਾਵਾਂ ਲੈ ਕੇ ਨਵੇਂ ਆਰ.ਐੱਸ.ਐੱਸ. ਰੰਗਰੂਟਾਂ ਨੂੰ ਫ਼ੌਜੀ ਸਿਖਲਾਈ ਦਿੱਤੀ ਜਾ ਸਕੇ । ਇਸ ਵਿੰਗ ਦੇ ਪੰਜਾਹ ਲੱਖ ਤੋਂ ਉੱਪਰ ਮੈਂਬਰ ਹਨ ਤੇ ਇਹ ਭਾਰਤ ਦੇ 18 ਸੂਬਿਆਂ ਵਿਚ ਫੈਲਿਆ ਹੋਇਆ ਹੈ । ਇਸ ਵਿੰਗ ਦੇ ਅਧੀਨ 15 ਰਿਹਾਇਸ਼ੀ ਮਿਲਟਰੀ ਸਕੂਲ ਵੀ ਚੱਲਦੇ ਹਨ, ਜਿੱਥੇ ਪੜ੍ਹਦੇ ਬੱਚਿਆਂ ਨੌਜਵਾਨਾਂ



ਨੂੰ (Services Selection Board) ਦੇ ਇਮਤਿਹਾਨਾਂ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਜਾਂਦਾ ਹੈ, ਤਾਂ ਜੋ ਹਥਿਆਰਬੰਦ ਫ਼ੌਜਾਂ ਵਿਚ ਵੱਧ ਤੋਂ ਵੱਧ ਅਫ਼ਸਰ ਹਿੰਦੂਤ੍ਵ ਵਿਚਾਰਧਾਰਾ ਵਾਲੇ ਹੀ ਭਰਤੀ ਹੋਣ, ਜੋ 'ਹਿੰਦੂ ਰਾਸ਼ਟਰ' ਦੀ ਮਜ਼ਬੂਤੀ ਲਈ ਕੰਮ ਕਰ ਸਕਣ ।

## ਸਿੱਖਿਆ

**ਵਿੱਦਿਆ ਭਾਰਤੀ :** ਇਸਦੀ ਸਥਾਪਨਾ 1978 ਈ. ਵਿਚ ਕੀਤੀ ਗਈ ਸੀ, ਤਾਂ ਜੋ ਬੱਚਿਆਂ ਦੇ ਕੋਮਲ ਮਨਾਂ ਤੇ ਹਿੰਦੂਤ੍ਵ ਪਾਣ ਸ਼ੁਰੂ ਤੋਂ ਹੀ ਚੜ੍ਹਾਈ ਜਾ ਸਕੇ। ਇਸ ਦੇ ਅਧੀਨ ਕੋਈ 25,000 ਸਕੂਲ ਚੱਲ ਰਹੇ ਹਨ, ਜਿਨ੍ਹਾਂ ਵਿਚ ਦੋ ਲੱਖ ਅਧਿਆਪਕ ਤੇ ਅੱਸੀ ਲੱਖ ਤੋਂ ਉੱਪਰ ਵਿਦਿਆਰਥੀ ਪੜ੍ਹਦੇ ਹਨ । ਵਿੱਦਿਆ ਭਾਰਤੀ ਦਾ ਸਿਲੇਬਸ ਆਮ ਸਕੂਲਾਂ ਨਾਲੋਂ ਵੱਖਰਾ ਹੈ, ਜਿਸ ਵਿਚ ਸਰੀਰਿਕ ਸਿੱਖਿਆ, ਯੋਗ ਅਭਿਆਸ, ਸੰਗੀਤ, ਸੰਸਕ੍ਰਿਤ ਅਤੇ ਅਧਿਆਤਮਿਕ ਸਿੱਖਿਆ ਦੇ ਵਿਸ਼ੇ ਪੜ੍ਹਨੇ ਲਾਜ਼ਮੀ ਹਨ । ਬੱਚਿਆਂ ਦਾ ਸਕੂਲਾਂ ਵਿਚ ਦਾਖ਼ਲਾ ਹੋਣ ਤੋਂ ਬਾਅਦ ਮਾਪਿਆਂ ਨੂੰ 15 ਰੋਜ਼ਾ ਟ੍ਰੇਨਿੰਗ ਕੈਂਪਾਂ ਲਈ ਸਕੂਲਾਂ ਵਿਚ ਬੁਲਾਇਆ ਜਾਂਦਾ ਹੈ ਤੇ ਉਨ੍ਹਾਂ ਨੂੰ ਘਰ ਵਿਚ ਬੱਚਿਆਂ ਨੂੰ ਪੜ੍ਹਾਈ ਦੇ ਅਨੁਕੂਲ ਵਾਤਾਵਰਣ ਬਣਾਉਣ ਲਈ ਪ੍ਰੇਰਿਆ ਜਾਂਦਾ ਹੈ । ਵਿੱਦਿਆ ਭਾਰਤੀ ਦੇ ਸਕੂਲਾਂ ਵਿਚ ਹਿੰਦੂ ਕਲਚਰ ਦੀ ਮਜ਼ਬੂਤੀ ਲਈ ਸੰਸਕ੍ਰਿਤ ਮੁਕਾਬਲੇ, ਕੁਇਜ਼ ਕੰਪੀਟੀਸ਼ਨ ਤੇ ਪੇਟਿੰਗ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਆਰ.ਐੱਸ.ਐੱਸ. ਦੇ ਮੋਢੀਆਂ ਦੇ ਪੈੜ ਚਿੰਨ੍ਹਾਂ ਨੂੰ ਅਪਣਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ ।

**ਭਾਰਤੀ ਅਧਿਆਪਕ ਪ੍ਰੀਸ਼ਦ :** ਇਸ ਦੀ ਸਥਾਪਨਾ 1980 ਈ. ਵਿਚ ਕੀਤੀ ਗਈ ਸੀ, ਤਾਂ ਜੋ ਵਿੱਦਿਆ ਭਾਰਤੀ ਅਧੀਨ ਚਲ ਰਹੇ ਸਕੂਲਾਂ ਨੂੰ ਟ੍ਰੇਂਡ ਅਧਿਆਪਕ ਮੁਹੱਈਆ ਕੀਤੇ ਜਾ ਸਕਣ । ਇਹ ਵਿੰਗ ਸਕੂਲਾਂ ਲਈ ਸਿਲੇਬਸ, ਕਾਰਜ ਪ੍ਰਣਾਲੀ, ਟੀਚੇ ਤੇ ਪ੍ਰੋਗਰਾਮ ਨਿਰਧਾਰਿਤ ਕਰਦਾ ਹੈ । ਇਸਦੇ ਟ੍ਰੇਂਡ ਕੀਤੇ 18 ਲੱਖ ਅਧਿਆਪਕ ਭਾਰਤ ਭਰ ਵਿਚ ਚਲ ਰਹੇ ਲੱਖਾਂ 'ਸ਼ਿਸ਼ੂ ਮੰਦਰਾਂ' (Children's Home) ਵਿਚ ਪੜ੍ਹਾ ਰਹੇ ਹਨ । ਇਨ੍ਹਾਂ ਨੂੰ ਤਨਖਾਹ ਵਿੱਦਿਆ ਭਾਰਤੀ ਦੇ ਫ਼ੰਡ ਵਿਚੋਂ ਦਿੱਤੀ ਜਾਂਦੀ ਹੈ । ਭਾਜਪਾ ਦੀਆਂ ਸਰਕਾਰਾਂ ਇਨ੍ਹਾਂ 'ਸ਼ਿਸ਼ੂ ਮੰਦਰਾਂ' ਨੂੰ ਵਿਸ਼ੇਸ਼ ਗੁਪਤ ਗ੍ਰਾਂਟਾਂ ਜਾਰੀ ਕਰਦੀਆਂ ਹਨ ।

**ਮੇਧਾਵੀ ਵਿਦਿਆਰਥੀ ਕਲਿਆਣ ਸੰਕਲਪ:** ਇਹ ਵਿੰਗ 1986 ਵਿਚ ਬਣਾਇਆ ਗਿਆ ਸੀ, ਜਿਸਦਾ ਮਕਸਦ ਮੁਕਾਬਲੇ ਦੇ ਇਮਤਿਹਾਨਾਂ ਲਈ ਹੋਣਹਾਰ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੈ ਜਿਵੇਂ Civil Services, Staff Selection Commission, I.A.S., I.P.S., I.F.S., ਵਗੈਰਾ ਦੇ ਇਮਤਿਹਾਨ ।

ਇਸ ਦੀਆਂ ਦਿੱਲੀ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਲਖਨਊ ਯੂਨੀਵਰਸਿਟੀ ਦੇ ਆਈ. ਆਈ. ਟੀ. ਦਿੱਲੀ ਵਿਚ ਪ੍ਰਮੁੱਖ ਬ੍ਰਾਂਚਾਂ ਹਨ । ਇਹ ਯੂਨੀਵਰਸਿਟੀਆਂ ਇਸ ਵਿੰਗ ਦੀ ਆਰਥਿਕ ਮੱਦਦ ਵੀ ਕਰਦੀਆਂ ਹਨ ।

**ਭਾਰਤੀ ਇਤਿਹਾਸ ਸੰਕਲਨ ਸੰਸਥਾਨ :** ਇਹ 1973 ਈ. ਵਿਚ ਕਾਇਮ ਕੀਤਾ ਗਿਆ ਸੀ, ਤਾਂ ਜੋ ਹਿੰਦੂਤ੍ਵ ਇਤਿਹਾਸ ਸੰਭਾਲਿਆ ਜਾ ਸਕੇ । ਇਸਦਾ ਮੁੱਖ ਕੰਮ ਪਿਛਲੇ 5000 ਸਾਲਾਂ ਦਾ ਭਾਰਤੀ ਇਤਿਹਾਸ ਸਾਂਭਣਾ, ਪੜਚੋਲਣਾ ਤੇ ਲਿਖਣਾ ਹੈ । ਇਹ ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਦਾ ਇਤਿਹਾਸ ਹੂ-ਬ-ਹੂ ਸਾਂਭਦਾ ਹੈ ਤੇ ਮਗਰੋਂ ਦਾ ਇਤਿਹਾਸ 'ਸ਼ੁੱਧ' ਕਰਕੇ ਲਿਖਦਾ ਹੈ । ਇਸ ਵਿੰਗ ਕੋਲ ਭਾਰਤ ਦੇ ਸਾਰੇ ਫ਼ਿਰਕਿਆਂ ਦਾ ਮੁਕੰਮਲ ਇਤਿਹਾਸ ਹੈ ਤੇ ਇਸ ਕੰਮ ਲਈ ਇਸ ਨੇ ਪੰਜ ਸੌ ਤੋਂ ਉੱਪਰ ਪ੍ਰੋਫ਼ੈਸਰ, ਡਾਕਟਰ, ਵਾਈਸ ਚਾਂਸਲਰ ਤੇ ਇਤਿਹਾਸ ਦੇ ਖੋਜਾਰਥੀ ਤਨਖ਼ਾਹ ਤੇ ਰੱਖੇ ਹੋਏ ਹਨ । ਇਸ ਦਾ ਹੈਡਕੁਆਟਰ ਆਰ. ਐਸ.ਐਸ. ਦੇ ਹੈਡਕੁਆਟਰ ਦੇ ਨਾਲ ਨਾਗਪੁਰ ਵਿਚ ਹੀ ਹੈ ਤੇ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਇਤਿਹਾਸਿਕ ਖੋਜਾਂ ਕਰਦੇ ਰਹਿੰਦੇ ਹਨ । ਇਸ ਕੰਮ ਲਈ ਲੱਖਾਂ ਵਰਕਰ ਵੀ ਹਨ । ਇਹ ਗੱਲ ਬੜੀ ਭੇਦ ਭਰੀ ਹੈ ਦੇਸ ਅਜ਼ਾਦ ਹੋਣ ਪਿੱਛੋਂ ਅਨੇਕ ਪੁਸਤਕਾਂ ਬਜ਼ਾਰ ਵਿਚ ਆਈਆਂ ਹਨ, ਜਿਨ੍ਹਾਂ ਵਿਚ ਸਿੱਖ ਇਤਿਹਾਸ ਵਿਗਾੜਿਆ ਗਿਆ ਹੈ ਅਤੇ ਗੁਰੂ ਸਾਹਿਬ ਬਾਰੇ ਭੀ ਬਹੁਤ ਇਤਰਾਜ਼ਯੋਗ ਗੱਲਾਂ ਹਨ ਪਰ ਅੱਜ ਤੱਕ ਕਿਸੇ ਲੇਖਕ ਨੂੰ ਭੀ ਕਨੂੰਨਨ ਸਜ਼ਾ ਨਹੀਂ ਹੋਈ ।

**ਅਖਿਲ ਭਾਰਤੀ ਵਿਦਿਆਰਥੀ ਪਰੀਸ਼ਦ :** ਇਸ ਵਿੰਗ ਦੀ ਸਥਾਪਨਾ 1948 ਈ. ਵਿਚ ਕੀਤੀ ਗਈ ਸੀ । ਉਦੋਂ ਤੋਂ ਹੁਣ ਤੱਕ ਇਸ ਦੀਆਂ ਭਾਰਤ ਭਰ ਦੀਆਂ 50 ਯੂਨੀਵਰਸਿਟੀਆਂ ਵਿਚ ਬ੍ਰਾਂਚਾਂ ਖੁੱਲ੍ਹ ਚੁੱਕੀਆਂ ਹਨ ਤੇ 20 ਯੂਨੀਵਰਸਿਟੀ ਵਿਦਿਆਰਥੀ ਚੋਣਾਂ ਵਿਚ ਇਸਦੀ ਝੰਡੀ ਹੈ । ਇਸ ਦੇ ਕੋਈ 20 ਲੱਖ ਮੈਂਬਰ ਹਨ, ਜੋ ਵੱਖ-ਵੱਖ ਕਾਲਜਾਂ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ । ਇਸ ਦਾ ਮੁੱਖ ਮਕਸਦ ਵਿਦਿਆਰਥੀਆਂ ਵਿਚ ਹਿੰਦੂਤ੍ਵ ਭਾਵਨਾ ਮਜ਼ਬੂਤ ਕਰਨਾ ਤੇ ਹਿੰਦੂ ਰਾਸ਼ਟਰ ਲਈ ਤਨ, ਮਨ, ਧਨ ਅਰਪਣ ਕਰਨ ਦੀ ਸਪਿਰਿਟ ਭਰਨਾ ਹੈ । ਇਸਦੇ ਮੈਂਬਰ ਮੁਸਲਮਾਨ ਵਿਦਿਆਰਥੀਆਂ ਨੂੰ ਗੁੱਠੇ ਲਾ ਕੇ ਰੱਖਣ ਲਈ ਕਾਲਜਾਂ ਯੂਨੀਵਰਸਿਟੀਆਂ ਵਿਚ ਸ਼ਰੇਆਮ ਗੁੰਡਾਗਰਦੀ ਕਰਦੇ ਰਹਿੰਦੇ ਹਨ । 6 ਦਸੰਬਰ 1992 ਈ. ਨੂੰ ਬਾਬਰੀ ਮਸਜਦ ਢਾਹੁਣ ਵੇਲੇ ਵੀ ਇਸਦੇ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਸੀ ।

## ਖ਼ੁਫ਼ੀਆ ਏਜੰਸੀਆਂ



Research & Analysis Wing (RAW) ਬਦਨਾਮ ਖ਼ੁਫ਼ੀਆਂ ਏਜੰਸੀ 'RAW' ਆਰ. ਐਸ. ਐਸ. ਨੇ ਜੂਨ 1984 'ਚ ਹਰਿਮੰਦਰ ਸਾਹਿਬ ਤੇ ਕੀਤੇ ਗਏ ਫ਼ੌਜੀ ਹਮਲੇ ਤੋਂ ਪਹਿਲਾਂ ਖੜ੍ਹੀ ਕੀਤੀ ਸੀ । ਇਨ੍ਹਾਂ ਮੈਂਬਰਾਂ ਨੂੰ ਬਕਾਇਦਾ ਤਨਖ਼ਾਹ ਮਿਲਦੀ ਹੈ ਤੇ ਵਿਸ਼ੇਸ਼ ਪ੍ਰਾਪਤੀ ਕਰਨ ਤੇ ਵਾਧੂ ਮਿਹਨਤਾਨਾ ਦਿੱਤਾ ਜਾਂਦਾ ਹੈ । ਇਸਦਾ ਪਹਿਲਾ ਵੱਡਾ ਕਾਰਨਾਮਾ ਹਰਿਮੰਦਰ ਸਾਹਿਬ ਤੇ ਫ਼ੌਜੀ ਹਮਲਾ ਕਰਵਾਉਣਾ ਦੂਜਾ ਸਿੱਖ ਸੰਘਰਸ਼ ਨੂੰ ਅੰਦਰ ਵੜ ਕੇ ਢਾਹ ਲਾਉਣਾ। ਇਸ ਖ਼ੁਫੀਆ ਏਜੰਸੀ ਦੇ ਮੈਂਬਰਾਂ ਨੂੰ ਨਾਗਪੁਰ ਤੇ ਹੋਰ ਥਾਵਾਂ ਤੇ ਸਪੈਸ਼ਲ ਟ੍ਰੇਨਿੰਗ ਦਿੱਤੀ ਜਾਂਦੀ ਹੈ। ਜੇਕਰ 'ਆਪਣੇ ਮੈਂਬਰ' ਸਿੱਖਾਂ ਵਿਚ ਵਾੜਨੇ ਹੋਣ, ਤਾਂ ਅੰਮ੍ਰਿਤਧਾਰੀ ਤੇ ਪੱਕੇ ਨਿੱਤਨੇਮੀ ਬਣਾ ਕੇ ਭੇਜੇ ਜਾਂਦੇ ਹਨ ਤੇ ਜੇਕਰ ਮੁਸਲਮਾਨਾਂ ਵਿਚ ਵਾੜਨੇ ਹੋਣ, ਤਾਂ ਪੱਕੇ ਨਮਾਜ਼ੀ ਮੁਸਲਮਾਨ ਬਣਾ ਕੇ । ਇਹ ਏਜੰਸੀ ਭਾਰਤ ਭਰ ਵਿਚ ਕੋਈ ਚਾਰ ਸੌ ਹਥਿਆਰ ਸਿਖਲਾਈ ਕੈਂਪ ਵੀ ਚਲਾ ਰਹੀ ਹੈ, ਹਥਿਆਰ ਸਿਖਲਾਈ ਕੈਂਪਾਂ ਲਈ ਮੈਂਬਰ ਆਰ.ਐਸ.ਐਸ. ਦੀਆਂ ਸ਼ਾਖਾਵਾਂ ਵਿਚੋਂ ਲਏ ਜਾਂਦੇ ਹਨ ।

**ਇੰਟੈਲੀਜੈਂਸ ਬਿਊਰੋ (ਜ਼ੋਨ), ਸੀ.ਬੀ.ਆਈ. ਅਤੇ ਹੋਰ ਏਜੰਸੀਆਂ :** ਇੰਟੈਲੀਜੈਂਸ ਬਿਓਰੋ 1948 ਈ. ਵਿਚ ਸਥਾਪਿਤ ਹੋਇਆ ਸੀ, ਜਿਸਦਾ ਮੁੱਖ ਕੰਮ ਹਿੰਦੂਤ੍ਵ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਤੇ ਤਿੱਖੀ ਨਜ਼ਰ ਰੱਖਣਾ ਹੈ। ਇਸਦੇ ਕੋਈ 15 ਲੱਖ ਮੈਂਬਰ ਵਰਕਰ ਹਨ । ਇਸ ਸਮੇਂ ਆਰ.ਐਸ.ਐਸ. ਦੇ ਇਸ ਵਿਚ ਕੋਈ ਦਸ ਹਜ਼ਾਰ ਮੈਂਬਰ ਹਨ, ਜੋ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ । ਇਨ੍ਹਾਂ ਤੋਂ ਇਲਾਵਾ ਕਈ ਹੋਰ ਖ਼ੁਫੀਆ ਏਜੰਸੀਆਂ ਵੀ ਹਨ, ਜੋ ਆਰ.ਐਸ.ਐਸ. ਦੇ ਵਿੰਗ ਬਣ ਕੇ ਕੰਮ ਕਰ ਰਹੀਆਂ ਹਨ । ਇਹ ਸਾਰੀਆਂ ਖੁਫੀਆ ਏਜੰਸੀਆਂ ਹਿੰਦੂਤ੍ਵ ਵਿਰੋਧੀ ਲੋਕਾਂ ਤੇ ਘੱਟ ਗਿਣਤੀ ਫਿਰਕਿਆਂ (ਸਿੱਖਾਂ, ਮੁਸਲਮਾਨਾਂ, ਈਸਾਈਆਂ, ਦਲਿਤਾਂ ਵਗ਼ੈਰਾ) ਤੇ ਤਿੱਖੀ ਨਜ਼ਰ ਰੱਖਦੀਆਂ ਹਨ ਤੇ ਆਪਣੀ ਹਫ਼ਤਾਵਾਰੀ ਰਿਪੋਰਟ ਆਰ.ਐਸ.ਐਸ. ਦੇ ਹੈਡਕੁਆਟਰ ਨੂੰ ਭੇਜਦੀਆਂ ਹਨ ।

## ਖੇਤੀਬਾੜੀ

**ਭਾਰਤੀ ਕਿਸਾਨ ਸੰਘ :** ਇਹ ਕਿਸਾਨੀ ਮਸਲਿਆਂ ਨਾਲ ਸੰਬੰਧਿਤ ਵਿੰਗ ਹੈ, ਜਿਸਦੀ ਸਥਾਪਨਾ ਸੱਠਵਿਆਂ ਦੇ ਦਹਾਕੇ ਵਿਚ ਕੀਤੀ ਗਈ ਸੀ । ਇਸ ਦਾ ਮੁੱਖ ਕੰਮ ਹਿੰਦੂ ਕਿਸਾਨਾਂ ਨੂੰ ਜਿਣਸਾਂ ਦੇ ਲਾਹੇਵੰਦ ਮੁੱਲ ਦਿਵਾਉਣਾ, ਖਾਦਾਂ ਤੇ ਕੀੜੇ- ਮਾਰ ਦਵਾਈਆਂ ਤੇ ਸਬਸਿਡੀ ਦਿਵਾਉਣਾ, ਬਿਜਲੀ ਦੀ ਸਪਲਾਈ ਲਈ ਸੰਘਰਸ਼ ਕਰਨਾ ਤੇ ਇਲਾਕਿਆਂ ਦੀ ਲੋੜ ਅਨੁਸਾਰ ਖੇਤੀ ਆਧਾਰਿਤ ਸਨਅਤਾਂ ਦੀ ਸਥਾਪਨਾ ਕਰਵਾਉਣਾ ਹੈ । ਇਸਦੇ ਭਾਰਤ ਭਰ ਵਿਚ ਚਾਲੀ ਲੱਖ ਤੋਂ ਉੱਪਰ ਮੈਂਬਰ

ਹਨ । ਇਹ ਸਰਕਾਰ ਅਤੇ ਕਿਸਾਨਾਂ ਵਿਚਕਾਰ ਕੜੀ ਬਣਕੇ ਕੰਮ ਕਰਦਾ ਹੈ । ਜਿੱਥੇ ਇਕ ਪਾਸੇ ਸਰਕਾਰ ਨੂੰ ਖ਼ੁਸ਼ ਰੱਖਦਾ ਹੈ, ਉੱਥੇ ਦੂਜੇ ਪਾਸੇ ਕਿਸਾਨਾਂ ਦਾ ਮਸੀਹਾ ਬਣ ਕੇ ਵੀ ਪੇਸ਼ ਹੁੰਦਾ ਹੈ ।

**ਸਵਦੇਸ਼ੀ ਜਾਗਰਣ ਮੰਚ :** ਇਹ 1992 ਈ. ਵਿਚ ਗੈਟ (GATT) ਸਮਝੌਤੇ ਤੇ ਉਦੋਂ ਦੀ ਭਾਰਤ ਸਰਕਾਰ (ਕਾਂਗਰਸ ਦੀ) ਵਲੋਂ ਦਸਤਖ਼ਤ ਕਰਨ ਵਿਰੁੱਧ ਹੋਂਦ ਵਿਚ ਆਇਆ ਸੀ । ਇਸਦਾ ਮੁੱਖ ਕੰਮ ਦੇਸ ਵਿਚ ਬਣੀਆਂ ਚੀਜਾਂ ਦੀ ਖ਼ਰੀਦ ਵੇਚ ਲਈ ਸੰਘਰਸ਼ ਕਰਨਾ ਹੈ । ਇਹ ਵਿਦੇਸ਼ੀ ਚੀਜ਼ਾਂ ਵਸਤਾਂ ਦੇ ਭਾਰਤ ਵਿਚ ਦਾਖ਼ਲੇ ਦੇ ਵਿਰੁੱਧ ਹੈ । ਇਹ ਉਦਾਰੀਕਰਨ ਤੇ ਸੰਸਾਰੀਕਰਨ ਦਾ ਵੀ ਵਿਰੋਧੀ ਹੈ । ਇਸਦਾ ਨਾਅਰਾ 'Be Indian Buy Indian' ਹੈ। ਮੁੱਖ ਤੌਰ ਤੇ ਆਰਥਿਕ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਇਹ ਖੇਤੀਬਾੜੀ ਤੇ ਸਨਅਤੀ ਖੇਤਰ ਵਿਚ ਬਿਹਤਰ ਤਾਲਮੇਲ ਦਾ ਮੁੱਦਈ ਹੈ । ਇਸਦੇ ਮੈਂਬਰਾਂ ਦੀ ਗਿਣਤੀ ਵੀ ਲੱਖਾਂ ਵਿਚ ਹੈ ।

## ਵਿਗਿਆਨ

**ਵਿਗਿਆਨ ਭਾਰਤੀ :** ਇਹ 1996 ਈ. 'ਚ ਹੋਂਦ ਵਿਚ ਆਇਆ ਸੀ, ਜਿਸਦਾ ਪ੍ਰਮੁੱਖ ਕਾਰਣ ਉਦੋਂ ਦੇ ਆਰ.ਐੱਸ.ਐੱਸ. ਮੁਖੀ ਰੱਜੂ ਭਈਆ ਦਾ ਸਾਇੰਸ ਵਿਚ ਕਈ ਉੱਚ ਡਿਗਰੀਆਂ ਪ੍ਰਾਪਤ ਹੋਣਾ ਸੀ । ਮੌਜੂਦਾ ਮੁਖੀ ਸੁਦਰਸ਼ਨ ਵੀ ਇਲੈਕਟ੍ਰਾਨਿਕ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਹੈ । ਇਸ ਵਿੰਗ ਦਾ ਮੁੱਖ ਕੰਮ ਵਿਗਿਆਨ ਦੇ ਖੇਤਰ ਵਿਚ ਭਾਰਤੀ ਟੈਕਨਾਲੋਜੀ ਨੂੰ ਵਰਤੋਂ ਵਿਚ ਲਿਆਉਣਾ ਤੇ ਸਨਅਤੀ ਅਦਾਰਿਆਂ ਨਾਲ ਤਾਲਮੇਲ ਬਣਾ ਕੇ 'ਦੇਸੀ ਵਸਤਾਂ' ਦੀ ਪੈਦਾਵਾਰ ਯਕੀਨੀ ਬਣਾਉਣਾ ਹੈ । ਇਹ ਵਿੰਗ 'ਵਿਗਿਆਨ ਭਾਰਤੀ' ਨਾਂ ਦਾ ਹੀ ਇਕ ਮਾਸਿਕ ਰਸਾਲਾ ਵੀ ਛਾਪਦਾ ਹੈ, ਜੋ ਇਸਦੀਆਂ ਪ੍ਰਾਪਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਂਦਾ ਹੈ ।

## ਵਕਾਲਤ

**ਆਖਿਲ ਭਾਰਤੀ ਅਧਿਵਕਤਾ ਪ੍ਰੀਸ਼ਦ :** ਇਸਦੀ ਸਥਾਪਨਾ 1992 ਈ. 'ਚ ਕੀਤੀ ਗਈ ਸੀ । ਇਸ ਵਿੰਗ ਦਾ ਮੁੱਖ ਕੰਮ ਹਿੰਦੂਤਵੀ ਵਿਚਾਰਧਾਰਾ ਵਾਲੇ ਵਕੀਲ ਤੇ ਜੱਜ ਤਿਆਰ ਕਰਨਾ ਹੈ । ਸਿੱਕਮ ਹਾਈਕੋਰਟ ਨੂੰ ਛੱਡ ਕੇ ਭਾਰਤ ਦੇ ਸਾਰੇ ਹਾਈਕੋਰਟਾਂ ਵਿਚ ਇਸਦੀਆਂ ਤਕੜੀਆਂ ਬ੍ਰਾਂਚਾਂ ਹਨ । ਰਾਮ ਜੇਠਮਲਾਨੀ, ਅਰੁਣ ਸ਼ੋਰੀ, ਕਪਿਲ ਸਿੱਬਲ ਇਸ ਦੇ ਪੈਦਾ ਕੀਤੇ ਪ੍ਰਮੁੱਖ ਵਕੀਲ ਹਨ । ਇਸ ਤੋਂ ਇਲਾਵਾ ਸਾਰੇ ਹਾਈਕੋਰਟਾਂ ਨੂੰ 'ਹਿੰਦੂਤਵੀ ਜੱਜ' ਵੀ ਇਹੀ ਵਿੰਗ ਪ੍ਰਦਾਨ ਕਰਦਾ ਹੈ । ਸੁਪਰੀਮ ਕੋਰਟ ਦੇ ਸਾਰੇ ਜੱਜ ਇਸ ਦੀ ਮਾਰ ਹੇਠ ਹਨ । ਇਸ ਦੇ ਵਕੀਲ



ਆਰ.ਐੱਸ.ਐੱਸ. ਨਾਲ ਸੰਬੰਧਿਤ ਸਾਰੇ ਕੇਸ ਮੁਫ਼ਤ ਲੜਦੇ ਹਨ, ਜਦਕਿ ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਤੋਂ ਆਮ ਨਾਲੋਂ ਦੁੱਗਣੀ ਫ਼ੀਸ ਵਸੂਲਦੇ ਹਨ । ਇਸਦੇ ਭਾਰਤ ਭਰ ਵਿਚ ਇਕ ਲੱਖ ਤੋਂ ਉੱਪਰ ਮੈਂਬਰ ਹਨ ਤੇ ਕਾਫ਼ੀ ਖੁੱਲ੍ਹ–ਦਿਲੇ ਸੁਭਾਅ ਕਰਕੇ ਅਲੱਗ ਹੀ ਪਛਾਣੇ ਜਾਂਦੇ ਹਨ । ਇਹ 'ਹਿੰਦੂਤ੍ਵ' ਤੋਂ ਵੱਖਰੀ ਵਿਚਾਰਧਾਰਾ ਵਾਲੇ ਲੋਕਾਂ ਤੋਂ ਮੋਟੀ ਕਮਾਈ ਕਰਦੇ ਹਨ ।

## ਆਦਿਵਾਸੀ

**ਵਨਵਾਸੀ ਕਲਿਆਣ ਆਸ਼ਰਮ :** ਇਸ ਵਿੰਗ ਦੀ ਸਥਾਪਨਾ ਈਸਾਈ ਮਿਸ਼ਨਰੀਆਂ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ 1952 ਈ. ਵਿਚ ਝਾਰਖੰਡ ਇਲਾਕੇ ਵਿਚ ਕੀਤੀ ਗਈ ਸੀ । ਇਸਦੇ ਝਾਰਖੰਡ ਸਮੇਤ ਭਾਰਤ ਦੇ ਉੱਤਰ ਪੂਰਬੀ ਇਲਾਕੇ (ਅਸਾਮ, ਅਰੁਣਾਚਲ, ਨਾਗਲੈਂਡ, ਮਿਜ਼ੋਰਮ, ਮਣੀਪੁਰ, ਤ੍ਰਿਪੁਰਾ, ਸਿੱਕਮ, ਵ.ਗੈਰਾ) ਵਿਚ ਦਸ ਹਜ਼ਾਰ ਤੋਂ ਉੱਪਰ ਪ੍ਰੋਗਰਾਮ ਚੱਲ ਰਹੇ ਹਨ । ਇਹ 'ਹਨੂੰਮਾਨ ਚਾਲੀਸਾ' ਤੇ 'ਰਾਮਚਰਿਤ ਮਾਨਸ' ਦੇ ਪਾਠ ਕਰਵਾਉਂਦੇ ਹਨ ਤੇ ਰਾਮਾਇਣ ਮੰਡਲੀਆਂ ਸਥਾਪਿਤ ਕਰਦੇ ਹਨ, ਜੋ ਰਾਮ ਨੂੰ 'ਮੁਕਤੀਦਾਤਾ' ਵਜੋਂ ਪ੍ਰਚਾਰਦੀਆਂ ਹਨ । ਅਜਿਹਾ ਈਸਾਈਆਂ ਦਾ ਪ੍ਰਭਾਵ ਮਨਫ਼ੀ ਕਰਨ ਲਈ ਕੀਤਾ ਜਾਂਦਾ ਹੈ । ਇਸ ਵਿੰਗ ਦੇ ਕੋਈ 40 ਲੱਖ ਮੈਂਬਰ ਹਨ, ਜੋ ਆਦਿਵਾਸੀ ਇਲਾਕਿਆਂ ਵਿਚੋਂ ਹੀ ਲਏ ਗਏ ਹਨ । ਆਦਿਵਾਸੀਆਂ ਦੇ ਕੁੱਲ 1 ਲੱਖ 36 ਹਜ਼ਾਰ 535 ਪਿੰਡਾਂ ਵਿਚੋਂ 45,768 ਪਿੰਡਾਂ ਵਿਚ ਆਰ.ਐੱਸ.ਐੱਸ. ਦੇ ਇਸ ਵਿੰਗ ਨੇ ਜੜ੍ਹਾਂ ਜਮਾ ਲਈਆਂ ਹਨ । ਇਹ ਆਦਿਵਾਸੀ ਇਲਾਕਿਆਂ ਵਿਚ ਖ਼ੂਨਦਾਨ ਕੈਂਪ, ਮੁਫ਼ਤ ਮੈਡੀਕਲ ਕੈਂਪ ਤੇ ਪੈਸੇ ਦਾ ਲਾਲਚ ਦੇਣ ਤੋਂ ਇਲਾਵਾ ਰਾਤਾਂ ਨੂੰ ਈਸਾਈ ਮਤ ਦੇ ਆਦਿਵਾਸੀਆਂ ਦੇ ਲੱਕੜਾਂ ਦੇ ਘਰਾਂ ਨੂੰ ਅੱਗਾਂ ਵੀ ਲਗਾ ਦਿੰਦੇ ਹਨ । ਇਸ ਵਿੰਗ ਦਾ ਮੁੱਖ ਕੰਮ ਆਦਿਵਾਸੀਆਂ ਨੂੰ ਸਾਮ, ਦਾਮ, ਦੰਡ, ਭੇਦ ਦੀ ਨੀਤੀ ਅਪਣਾ ਕੇ ਹਿੰਦੂ ਮਤ ਵਿਚ ਲਿਆਉਣਾ ਹੈ ।

## ਔਰਤਾਂ

**ਰਾਸ਼ਟਰੀ ਸੇਵਕਾ ਸਮਿਤੀ :** ਇਹ ਵਿੰਗ ਪੂਰੀ ਤਰ੍ਹਾਂ ਔਰਤਾਂ ਨਾਲ ਸੰਬੰਧਿਤ ਹੈ । ਇਸ ਦੀ ਸਥਾਪਨਾ ਭਾਰਤੀ ਔਰਤਾਂ ਵਿਚ 'ਹਿੰਦੂਤ੍ਵ' ਦੀ ਭਾਵਨਾ ਜਗਾਉਣ ਲਈ 1936 ਈ. ਵਿਚ ਕੀਤੀ ਗਈ ਸੀ । ਇਸ ਵਿੰਗ ਦਾ ਪ੍ਰਮੁੱਖ ਨਾਅਰਾ ਹੈ– 'ਹਿੰਦੂ ਯੁਵਤੀਓ ! ਲੋ ਹੁੰਕਾਰ, ਜਗੇ ਵੀਰਤਾ ਸ਼ੁੱਭ ਸੰਸਕਾਰ ।' ਭਾਰਤ ਦੀ ਆਦਰਸ਼ ਨਾਰੀ ਬਣਾਉਣ ਲਈ ਇਸ ਵਿੰਗ ਦੀਆਂ ਔਰਤਾਂ ਘਰਾਂ ਵਿਚ ਜਾ ਕੇ ਹਿੰਦੂ ਔਰਤਾਂ ਦੇ ਸੁਭਾਅ, ਕੰਮਕਾਰ ਤੇ ਚਾਲ–ਚਲਣ ਬਾਰੇ ਹੋਰਨਾਂ ਔਰਤਾਂ ਨੂੰ ਦੱਸਦੀਆਂ ਹਨ । ਭਾਰਤੀ ਖਾਣਾ ਪਕਾਉਣ ਤੇ ਪਰੋਸਣ ਦਾ ਸਲੀਕਾ ਦੱਸਦੀਆਂ

ਹਨ । ਬੱਚਿਆਂ ਨੂੰ ਸਾਂਭਣ ਦੀ ਵਿਸ਼ੇਸ਼ ਸਿਖਲਾਈ ਦਿੰਦੀਆਂ ਹਨ । ਸੱਸ, ਸਹੁਰੇ, ਭਰਾ, ਪਤੀ ਆਦਿ ਨਾਲ ਕਿਹੋ ਜਿਹਾ ਵਿਹਾਰ ਕਰਨਾ ਹੈ, ਬਾਰੇ ਦੱਸਦੀਆਂ ਹਨ । ਇਸ ਵਿੰਗ ਦੀਆਂ ਵੱਖਰੀਆਂ 6000 ਸ਼ਾਖਾਵਾਂ ਭਾਰਤ ਭਰ ਵਿਚ ਚਲ ਰਹੀਆਂ ਹਨ । ਇਸ ਦੀਆਂ ਮੈਂਬਰ ਔਰਤਾਂ, ਮਰਦਾਂ ਵਾਂਗ ਚਿੱਟੀ ਕਮੀਜ਼, ਖਾਕੀ ਨਿੱਕਰ ਤੇ ਕਾਲੀ ਟੋਪੀ ਪਾਉਂਦੀਆਂ ਹਨ । ਇਸ ਦੇ ਕੋਈ 50,000 ਮੈਂਬਰ ਹਨ । ਇਸ ਵਿੰਗ ਦੀਆਂ ਬ੍ਰਾਂਚਾਂ ਇੰਗਲੈਂਡ, ਅਮਰੀਕਾ, ਕਨੇਡਾ ਤੇ ਮਲੇਸ਼ੀਆ ਵਿਚ ਵੀ ਹਨ । ਇਨ੍ਹਾਂ ਨੇ 6 ਦਸੰਬਰ 1992 ਈ. ਨੂੰ ਬਾਬਰੀ ਮਸਜਦ ਢਾਹੁਣ ਦੀ 'ਕਾਰ ਸੇਵਾ ਕਰਨ ਵਾਲਿਆਂ ਲਈ ਲੰਗਰ ਲਗਾਏ ਸਨ'। ਅਜਿਹੇ ਹੋਰ ਵੀ ਮੌਕਿਆਂ ਤੇ ਇਹ ਲੰਗਰ ਦਾ ਪ੍ਰਬੰਧ ਕਰਦੀਆਂ ਹਨ । ਇਨ੍ਹਾਂ ਨੂੰ ਲੰਗਰ ਪਕਾਉਣ ਦੇ ਪੈਸੇ ਮਿਲਦੇ ਹਨ ।

## ਵਿਦੇਸ਼ੀ ਮਾਮਲੇ

**ਵਿਦੇਸ਼ ਵਿਭਾਗ :** ਕੌਮਾਂਤਰੀ ਪਲੇਟਫ਼ਾਰਮ 'ਤੇ ਭਾਰਤ ਦੀ ਪੁਜ਼ੀਸ਼ਨ ਮਜ਼ਬੂਤ ਬਣਾਉਣ ਲਈ ਇਸ ਵਿੰਗ ਦੀ ਸਥਾਪਨਾ ਕੀਨੀਆ ਦੇ ਮੋਬਾਸਾ ਸ਼ਹਿਰ ਵਿਚ 1947 ਈ. ਵਿਚ ਕੀਤੀ ਗਈ ਸੀ । ਇਹ ਭਾਰਤ ਦੇ ਹੋਰਨਾਂ ਦੇਸਾਂ ਵਿਚ ਹਾਈ ਕਮਿਸ਼ਨਾਂ ਤੇ ਅੰਬੈਸੀਆਂ ਨਾਲ ਨਿਰੰਤਰ ਸੰਪਰਕ ਵਿਚ ਰਹਿੰਦਾ ਹੈ । ਇਸ ਦੀਆਂ 45 ਦੇਸਾਂ ਵਿਚ 500 ਤੋਂ ਉੱਪਰ ਬ੍ਰਾਂਚਾਂ ਹਨ, ਜੋ ਭਾਰਤ ਨੂੰ 'ਮਹਾਨ ਦੇਸ' ਵਜੋਂ ਪੇਸ਼ ਕਰਵਾਉਣ ਲਈ ਸੰਬੰਧਿਤ ਦੇਸ ਦੀਆਂ ਸਰਕਾਰਾਂ ਤੇ ਵਿੰਗੇ ਟੇਢੇ ਢੰਗ ਨਾਲ ਦਬਾਅ ਪਾਉਂਦੇ ਰਹਿੰਦੇ ਹਨ । ਇਹ ਮੀਡੀਏ ਨਾਲ ਵੀ ਸੰਪਰਕ ਵਿਚ ਰਹਿੰਦੇ ਹਨ । ਇਸ ਵਿੰਗ ਨੂੰ ਵਿਦੇਸਾਂ ਵਿਚ 'Friends of Indian Society International' ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਇਹ ਵਿਦੇਸ਼ਾਂ ਵਿਚਲੀਆਂ ਭਾਰਤ ਵਿਰੋਧੀ ਜਥੇਬੰਦੀਆਂ ਤੇ ਵੀ ਨਿਗ੍ਹਾ ਰੱਖਦਾ ਹੈ । ਇਸਦੇ ਕੋਈ ਚਾਰ ਹਜ਼ਾਰ ਮੈਂਬਰ ਹਨ ।

## ਸਮਾਜ ਸੇਵਾ

**ਸੇਵਾ ਭਾਰਤੀ :** ਇਸ ਵਿੰਗ ਦੀ ਸਥਾਪਨਾ 1980 ਈ. ਵਿਚ ਕੀਤੀ ਗਈ ਸੀ, ਤਾਂ ਜੋ ਸਮਾਜ ਦੇ ਗ਼ਰੀਬ ਤੇ ਪਛੜੇ ਵਰਗਾਂ ਨੂੰ ਹਿੰਦੂਤ੍ਵ ਵਿਚਾਰਧਾਰਾ ਦਾ ਧਾਰਨੀ ਬਣਾਇਆ ਜਾ ਸਕੇ । ਇਹ ਝੁੱਗੀਆਂ ਝੌਂਪੜੀਆਂ ਵਿਚ ਸਮਾਜ ਭਲਾਈ ਦੇ ਕੰਮ ਕਰਦਾ ਹੈ ਜਵੇਂ ਗ਼ਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਉਣ ਲਈ ਸਕੂਲ ਖੋਲ੍ਹਣੇ, ਬੇਰੁਜ਼ਗਾਰਾਂ ਨੂੰ ਕੰਮ ਦਿਵਾਉਣ ਲਈ ਮੱਦਦ ਕਰਨੀ, ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਦੇਣਾ, ਸਸਤੇ ਵਿਆਜ ਤੇ ਬੈਂਕਾਂ ਤੋਂ ਕਰਜ਼ੇ ਦਿਵਾਉਣੇ ਤੇ ਮੁਫ਼ਤ ਡਾਕਟਰੀ ਇਲ਼ਾਜ ਮੁਹੱਈਆ ਕਰਵਾਉਣਾ ਆਦਿ । ਇਹ ਲੋਕ ਕੁਦਰਤੀ ਆਫ਼ਤਾਂ ਮੌਕੇ ਵੀ ਵੱਧ ਚੜ੍ਹ ਕੇ ਸਮਾਜ ਸੇਵਾ ਕਰਦੇ ਹਨ ਤੇ ਆਫ਼ਤ ਵਿਚ ਮਰੇ ਵਿਅਕਤੀਆਂ ਦਾ ਸਮਾਨ ਚੁੱਕ ਕੇ



ਝੁੱਗੀਆਂ ਝੌਂਪੜੀਆਂ ਵਾਲਿਆਂ ਨੂੰ ਵੰਡ ਦਿੰਦੇ ਹਨ । ਦਿੱਲੀ ਵਿਚ ਜਮਨਾ ਪਾਰਲਾ ਇਲ਼ਾਕਾ ਇਸ ਵਿੰਗ ਦਾ ਤਕੜਾ ਗੜ੍ਹ ਹੈ । ਇੱਥੋਂ ਦੇ ਝੁੱਗੀਆਂ ਝੌਂਪੜੀਆਂ ਵਾਲੇ ਹਿੰਦੂਤ੍ਵ ਵਿਚਾਰਧਾਰਾ ਨਾਲ ਪ੍ਰਣਾਏ ਹੋਣ ਕਰਕੇ 1984 ਦੇ ਸਿੱਖ ਕਤਲੇਆਮ ਮੌਕੇ ਵਧ ਚੜ੍ਹ ਕੇ ਅੱਗੇ ਆਏ ਸੀ । ਇਸਦੇ ਵੀ ਲੱਖਾਂ ਮੈਂਬਰ ਹਨ, ਜੋ 'ਸ਼ਾਖਾਵਾਂ' ਰਾਹੀਂ ਸਿਖਿਅਕ ਹੋ ਕੇ ਆਏ ਹੁੰਦੇ ਹਨ ।

## ਕਿਰਤ

**ਭਾਰਤੀ ਮਜ਼ਦੂਰ ਸੰਘ :** ਕਮਿਊਨਿਸਟ ਟ੍ਰੇਡ ਯੂਨੀਅਨਾਂ ਦੇ ਮੁਕਾਬਲੇ ਤੇ ਆਰ.ਐੱਸ.ਐੱਸ ਨੇ ਇਸ ਵਿੰਗ ਦੀ ਸਥਾਪਨਾ 1955 ਈ. ਵਿਚ ਕੀਤੀ ਸੀ । ਇਸਦਾ ਮੁੱਖ ਨਾਅਰਾ ਹੈ 'ਭਾਰਤ ਮਾਤਾ ਕੀ ਜੈ ।' 1996 ਈ. 'ਚ ਇਸ ਨੂੰ ਭਾਰਤ ਦੇ ਕਿਰਤ ਮੰਤਰਾਲੇ ਨੇ ਦੇਸ ਦੀ ਸਭ ਤੋਂ ਵੱਡੀ ਟ੍ਰੇਡ ਯੂਨੀਅਨ ਹੋਣ ਦਾ ਮਾਣ ਬਖ਼ਸ਼ਿਆ। ਇਸ ਦੇ ਕੋਈ ਸੱਠ ਲੱਖ ਮਜ਼ਦੂਰ ਮੈਂਬਰ ਹਨ । ਇਹ ਜਾਤੀ ਤੇ ਜਮਾਤੀ ਸੰਘਰਸ਼ ਵਿਚ ਯਕੀਨ ਨਹੀਂ ਰੱਖਦੇ, ਸਗੋਂ ਮਾਲਕ ਤੇ ਮਜ਼ਦੂਰ ਨੂੰ ਚੰਗੇ ਦੋਸਤ ਮੰਨਣ ਤੇ ਜ਼ੋਰ ਦਿੰਦੇ ਹਨ । ਇਹ ਕਮਿਊਨਿਸਟਾਂ ਦੀਆਂ ਟ੍ਰੇਡ ਯੂਨੀਅਨਾਂ ਵਾਂਗ ਰੈਲੀਆਂ, ਧਰਨੇ, ਮੁਜ਼ਾਹਰੇ, ਹੜਤਾਲਾਂ ਵਗ਼ੈਰਾ ਕਰਨ ਨਾਲੋਂ ਵਰਕਰਾਂ ਦੀ ਚੜ੍ਹਦੀ ਕਲਾ ਲਈ 'ਹਵਨ ਯੱਗ' ਕਰਵਾਉਂਦੇ ਹਨ ਤੇ ਲੋੜ ਪੈਣ ਤੇ ਰਾਮਾਇਣ ਦੇ ਅਖੰਡ-ਪਾਠ ਵੀ ਕਰਵਾ ਲੈਂਦੇ ਹਨ । ਇਹ ਵਿੰਗ ਮਾਲਕਾਂ ਦੀ ਵਫ਼ਾਦਾਰੀ ਵਿਚ ਹੀ ਕੰਮ ਕਰਦਾ ਹੈ । ਇਹ ਖੇਤੀ ਸਨਅਤ ਤੇ ਵਪਾਰਿਕ ਖੇਤਰ ਵਿਚ ਹਿੰਦੂਤ੍ਵ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਹੈ ਅਤੇ ਕਾਰਜ ਰਾਸ ਹੋਣ ਹਿਤ ਇਸ ਦੇ ਮੈਂਬਰ ਸਿੱਖਾਂ ਦੇ ਕੜੇ ਵਾਂਗ ਸੱਜੇ ਹੱਥ ਤੇ ਲਾਲ ਖੰਮਣੀ ਬੰਨ੍ਹਦੇ ਹਨ ।

## ਮੀਡੀਆ

**ਪ੍ਰਸਾਰ ਭਾਰਤੀ :** ਇਹ ਵਿੰਗ ਮੀਡੀਏ 'ਤੇ ਕੰਟਰੋਲ ਕਰਨ ਲਈ 1990 ਈ. ਵਿਚ ਬਣਾਇਆ ਗਿਆ ਸੀ । ਇਸ ਦਾ ਮੁੱਖ ਕੰਮ ਰੇਡੀਓ ਤੇ ਟੀ.ਵੀ. ਨੈੱਟਵਰਕ ਨੂੰ **ਹਿੰਦੂਤ੍ਵ** ਪੁੱਠ ਚਾੜ੍ਹਨਾ ਹੈ । ਇਸ ਦੇ ਅਧੀਨ ਇਕ ਬ੍ਰਾਡਕਾਸਟਿੰਗ ਕੌਂਸਲ ਬਣਾਈ ਗਈ ਹੈ, ਜੋ ਆਰ.ਐੱਸ.ਐੱਸ. ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕਰਦੀ ਹੈ । ਟੀ.ਵੀ. ਤੇ ਵੱਧ ਤੋਂ ਵੱਧ ਪ੍ਰੋਗਰਾਮ ਤੇ ਸੀਰੀਅਲ ਹਿੰਦੂ ਮਿਥਿਹਾਸ ਨਾਲ ਸੰਬੰਧਿਤ ਦਿਖਾਏ ਜਾਂਦੇ ਹਨ ਤੇ ਰੇਡੀਓ ਤੇ ਵੀ ਹਿੰਦੂਤ੍ਵ ਪ੍ਰੋਗਰਾਮਾਂ ਦਾ ਟਾਈਮ ਵਧਾ ਦਿੱਤਾ ਗਿਆ ਹੈ । ਪ੍ਰਾਈਵੇਟ ਟੀ. ਵੀ. ਚੈਨਲ ਵੀ ਇਸ ਵਿੰਗ ਦੇ ਅਧੀਨ ਹਨ । ਕੇਬਲ ਅਪਰੇਟਰਾਂ ਨੂੰ ਵੀ ਇਸਦੇ ਅਧੀਨ ਹੀ ਰੱਖਿਆ ਗਿਆ ਹੈ ।

**ਨੋਟ:** ਇਸ ਸਾਜਿਸ਼ ਅਧੀਨ ਸਿੱਖਾਂ ਦਾ ਅਕਸ ਵਿਗਾੜ ਕੇ ਪੇਸ਼ ਕੀਤਾ ਜਾਂਦਾ ਹੈ ।

ਸਿੱਖ ਵਿਰੋਧੀ ਖ਼ਬਰਾਂ ਨੂੰ ਵਾਰ-ਵਾਰ ਦਿਖਾਇਆ ਜਾਂਦਾ ਹੈ ਅਤੇ ਸਿੱਖਾਂ ਦੀ ਚੜ੍ਹਦੀਕਲਾ ਵਾਲੀਆਂ ਖ਼ਬਰਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ । ਤਾਜਾ ਮਿਸਾਲ 2013 ਵਿਚ ਉੱਤਰਾਖੰਡ ਵਿਚ ਕੇਦਾਰਨਾਥ ਜਾਂ ਬੱਦਰੀ ਨਾਥ ਦੀਆਂ ਖ਼ਬਰਾਂ ਦੀ ਪੇਸ਼ਕਾਰੀ ਉੱਤਮ ਤਰੀਕੇ ਨਾਲ ਕੀਤੀ ਗਈ ਪਰ ਹੇਮਕੁੰਟ ਸਾਹਿਬ ਅਤੇ ਹੋਰ ਸੰਬੰਧਿਤ ਗੁਰਦਵਾਰਿਆਂ ਦੇ ਨੁਕਸਾਨ ਨੂੰ ਅਣਡਿੱਠ ਕੀਤਾ ਗਿਆ । ਸ਼ਦਨਾਮੀ ਨੂੰ ਧੋਣ ਲਈ 14 ਦਿਨ ਪਿੱਛੋਂ ਕੁਝ ਥੋੜ੍ਹਾ ਬਹੁਤ ਦਿਖਾਇਆ ਗਿਆ । ਇਸੇ ਤਰ੍ਹਾਂ ਸਿੱਖ ਜੱਥੇਬੰਦੀਆਂ ਵੱਲੋਂ ਕੀਤੇ ਰਾਹਤ ਕਾਰਜਾਂ ਨੂੰ ਛੂਹਿਆ ਤੱਕ ਨਹੀਂ ।

**ਫ਼ਿਲਮਾਂ, ਅਖ਼ਬਾਰਾਂ ਤੇ ਰਸਾਲੇ :** ਭਾਰਤੀ ਫ਼ਿਲਮਾਂ ਤੇ ਕੰਟ੍ਰੋਲ ਲਈ ਬਣਿਆ ਸੈਂਸਰ ਬੋਰਡ ਇਸ ਸਮੇਂ ਆਰ.ਐੱਸ.ਐੱਸ. ਦੇ ਹਵਾਲੇ ਹੈ । ਵੱਧ ਤੋਂ ਵੱਧ ਕੋਸ਼ਸ਼ ਕਰਕੇ ਗ਼ੈਰ-ਹਿੰਦੂ ਫ਼ਿਲਮੀ ਤੇ ਟੀ.ਵੀ. ਕਲਾਕਾਰਾਂ ਤੇ ਐਕਟਰਾਂ ਨੂੰ ਲਾਂਭੇ ਕਰਨ ਲਈ ਫ਼ਿਲਮ ਸੈਂਸਰ ਬੋਰਡ ਯਤਨਸ਼ੀਲ ਹੈ । ਹਿੰਦੂਤ੍ਵ ਪੱਖੀ ਫ਼ਿਲਮਾਂ ਤਿਆਰ ਕਰਨ ਤੇ ਘੱਟ ਗਿਣਤੀਆਂ ਦਾ ਖੁੱਲ੍ਹ ਕੇ ਮਜ਼ਾਕ ਉਡਾਉਣ ਦੀ ਨੀਤੀ ਬਣਾਈ ਗਈ ਹੈ । ਭਾਰਤ ਵਿਚ ਛਪਦੀਆਂ ਕੋਈ 17000 ਰੋਜ਼ਾਨਾ ਅਖ਼ਬਾਰਾਂ, 2 ਲੱਖ ਵੀਕਲੀਆਂ ਤੇ 25 ਲੱਖ ਮਾਸਿਕ ਰਸਾਲਿਆਂ ਤੇ ਹਿੰਦੂਤਵੀ ਕੁੰਡਾ ਰੱਖਣ ਲਈ ਪ੍ਰੈੱਸ ਕੌਂਸਲ ਬਣੀ ਹੋਈ ਹੈ, ਜੋ ਸਮੇਂ-ਸਮੇਂ ਤੇ ਅਖਬਾਰਾਂ ਰਸਾਲਿਆਂ ਦੇ ਕੰਨ ਖਿੱਚ ਕੇ ਹਿੰਦੂਤ੍ਵ ਵੱਲ ਮੋੜਨ ਦਾ ਕੰਮ ਕਰਦੀ ਰਹਿੰਦੀ ਹੈ । ਇਸ ਤੋਂ ਇਲਾਵਾ ਆਰ.ਐੱਸ.ਐੱਸ. ਦੇ ਆਪਣੇ ਅਖ਼ਬਾਰ 'ਪਾਂਚਜਨਯ' (ਹਿੰਦੀ) ਅਤੇ 'ORGANISE' (ਅੰਗਰੇਜ਼ੀ) ਛਪਦੇ ਹਨ ।

## ਧਰਮ

**ਵਿਸ਼ਵ ਹਿੰਦੂ ਪ੍ਰੀਸ਼ਦ :** ਹਿੰਦੂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਇਹ ਵਿੰਗ ਅੱਸੀਵਿਆਂ ਦੇ ਦਹਾਕੇ ਵਿਚ ਹੋਂਦ ਵਿਚ ਆਇਆ ਸੀ । ਇਸਦਾ ਮੁੱਖ ਕੰਮ ਹੈ ਹਿੰਦੂ ਧਰਮ ਦੀ ਡਿੱਗ ਰਹੀ ਸ਼ਾਖ ਨੂੰ ਸੰਭਾਲਣਾ, ਵਿਛੜੇ ਹੋਏ ਪੰਥਾਂ ਨੂੰ ਮੁੜ ਹਿੰਦੂ ਧਰਮ ਵਿਚ ਸ਼ਾਮਲ ਕਰਨਾ ਤੇ ਵਿਸ਼ਵ ਪੱਧਰ ਤੇ ਹਿੰਦੂ ਧਰਮ ਦਾ ਫੈਲਾਅ ਕਰਨ ਲਈ ਯਤਨ ਕਰਨੇ । ਇਸ ਦੀਆਂ ਭਾਰਤ ਤੋਂ ਇਲਾਵਾ ਇੰਗਲੈਂਡ, ਅਮਰੀਕਾ, ਕਨੇਡਾ, ਹਾਲੈਂਡ, ਜਰਮਨ, ਕੀਨੀਆ, ਬਰਮਾ, ਥਾਈਲੈਂਡ, ਮਲੇਸ਼ੀਆ, ਸ੍ਰੀਲੰਕਾ ਸਮੇਤ ਚਾਲੀ ਦੇਸਾਂ ਵਿਚ ਦੋ ਸੌ ਬ੍ਰਾਂਚਾਂ ਹਨ । ਇਸ ਦੇ ਪੰਜਾਹ ਲੱਖ ਦੇ ਕਰੀਬ ਮੈਂਬਰ ਹਨ । ਇਹ ਲੋਕ ਟ੍ਰੇਨਿੰਗ ਕੈਂਪ, ਸੈਮੀਨਾਰ, ਮਾਰਚ ਪਾਸਟ, ਕੰਪੀਟੀਸ਼ਨ ਮੁਕਾਬਲੇ ਆਦਿ ਕਰਵਾਉਂਦੇ ਹਨ ।

**ਰਾਸ਼ਟਰੀ ਸਿੱਖ ਸੰਗਤ :** ਇਸ ਵਿੰਗ ਦੀ ਸਥਾਪਨਾ ਸਿੱਖਾਂ ਨੂੰ ਹਿੰਦੂ ਬਣਾਉਣ ਲਈ 1986 ਈ. ਵਿਚ ਕੀਤੀ ਗਈ ਸੀ । ਇਹ ਸਿੱਖਾਂ ਨੂੰ ਹਿੰਦੂ ਧਰਮ



ਦਾ ਹੀ ਇਕ ਅੰਗ ਦੱਸਦੇ ਹਨ ਤੇ ਆਪਣੇ ਨਾਲ ਰਲਾਉਣ ਲਈ ਸੈਮੀਨਾਰ, ਕੈਂਪ ਵਗ਼ੈਰਾ ਲੈ ਕੇ ਹਿੰਦੂਤ੍ਵ ਪ੍ਰਚਾਰ ਕਰਦੇ ਰਹਿੰਦੇ ਹਨ । ਫ਼ਰਜ਼ੀ ਜਿਹੇ 200 ਕੁ ਸਿੱਖਾਂ ਦਾ ਇਹ ਵਿੰਗ ਖ਼ਾਲਸਾ ਪੰਥ ਦੇ ਤਿੰਨ ਸੌ ਸਾਲਾ ਸਿਰਜਣਾ ਦਿਵਸ ਵੇਲੇ ਤੋਂ ਬਾਦਲਕਿਆਂ ਦੀ ਕਿਰਪਾ ਨਾਲ ਪੰਜਾਬ ਵਿਚ ਸਰਗਰਮ ਹੈ । ਇਹ ਗੁਰਬਾਣੀ ਅਰਥਾਂ ਨੂੰ ਤਰੋੜ-ਮਰੋੜ ਪੇਸ਼ ਕਰ ਕੇ ਗੁਰਬਾਣੀ ਨੂੰ ਵੇਦਾਂ ਦੀ ਸਰਲ ਵਿਆਖਿਆ ਆਖਦਾ ਹੈ ਅਤੇ ਸਿੱਖ ਇਤਿਹਾਸ ਨੂੰ ਹਿੰਦੂਤਵੀ ਪੁੱਠ ਦਿੰਦਾ ਹੈ ।

ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੇ ਆਰ.ਐੱਸ.ਐੱਸ. ਦੇ ਇਨ੍ਹਾਂ ਪ੍ਰਮੁੱਖ ਵਿੰਗਾਂ ਤੋਂ ਇਲਾਵਾ ਕੋਈ ਡੇਢ ਸੌ ਵਿੰਗ ਹੋਰ ਹਨ ਜੋ ਉਪਰੋਕਤ ਖੇਤਰਾਂ ਦੇ ਨਾਲ-ਨਾਲ ਖੇਡਾਂ, ਸਾਹਿਤ, ਸੰਗੀਤ, ਕਲਾ, ਸਾਫ਼ਟਵੇਅਰ ਆਦਿ ਵਿਚ ਸਰਗਰਮ ਹਨ । ਇਹ ਜਾਂ ਤਾਂ ਉਪਰੋਕਤ ਵਿੰਗਾਂ ਦੇ ਸਹਾਇਕ ਹਨ, ਜਾਂ ਫਿਰ ਆਪੋ ਆਪਣੀ ਵੱਖਰੀ ਹੋਂਦ ਰੱਖਦੇ ਹਨ । ਆਰ.ਐੱਸ.ਐੱਸ. ਦੀ ਕਾਰਜ ਪ੍ਰਣਾਲੀ ਜਾਣ ਲੈਣ ਤੋਂ ਬਾਅਦ ਸਾਨੂੰ ਜ਼ਿਹਨ ਵਿਚ ਉਠਦੇ ਇਸ ਸਵਾਲ ਦੇ ਰੂ-ਬ-ਰੂ ਹੋਣਾ ਪਵੇਗਾ ਕਿ ਕੀ ਅਸੀਂ ਆਪਣੇ ਦੁਸ਼ਮਣ ਆਰ.ਐੱਸ.ਐੱਸ. ਦਾ ਮੁਕਾਬਲਾ ਕਰਨ ਲਈ ਤਿਆਰ ਹਾਂ ? ਕੀ ਸਾਡਾ ਆਰ.ਐੱਸ.ਐੱਸ. ਵਰਗਾ ਸਿਸਟਮ ਬਣਾਉਣ ਦਾ ਕੋਈ ਪ੍ਰੋਗਰਾਮ ਹੈ ? ਕੀ ਸਿੱਖਾਂ ਸਮੇਤ ਭਾਰਤੀ ਘੱਟ ਗਿਣਤੀਆਂ (ਜੋ ਕਿ ਬ੍ਰਾਹਮਣਵਾਦ ਤੋਂ ਅਜ਼ਾਦੀ ਹਾਸਲ ਕਰਨ ਲਈ ਸਿਰਫ਼ ਜਜ਼ਬਾਤੀ ਲੜਾਈ ਲੜਦੀਆਂ ਹਨ) ਕੋਲ ਆਰ.ਐੱਸ.ਐੱਸ. ਵਰਗਾ ਮਜ਼ਬੂਤ ਕੇਡਰ ਵਾਲੀ ਇਕ ਵੀ ਸੰਸਥਾ ਨਹੀਂ, ਇਹੀ ਕਾਰਨ ਹੈ ਕਿ ਲੱਖਾਂ ਸਿੱਖ ਮਰਵਾ ਕੇ, ਗੁਰਦੁਆਰੇ ਢਹਾ ਕੇ, ਪੱਤ ਲੁਟਵਾ ਕੇ ਵੀ ਅਸੀਂ ਅੱਤਵਾਦੀ ਤੇ ਵੱਖਵਾਦੀ ਹਾਂ, ਦੁਨੀਆਂ ਭਰ ਵਿਚ ਸਾਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ । ਦੁਨੀਆਂ ਦਾ ਇੱਕ ਦੇਸ ਵੀ ਸਾਡੀ ਬਾਂਹ ਫੜਨ ਨੂੰ ਤਿਆਰ ਨਹੀਂ । ਸਾਨੂੰ ਨਾਜ਼ੀਵਾਦੀ ਸੋਚ ਵਾਲੇ ਆਰ.ਐੱਸ.ਐੱਸ. ਵਾਲਿਆਂ ਨਾਲ ਲੜਾਈ ਲੜਨ ਦੀ ਦੂਰਅੰਦੇਸ਼ੀ ਨੀਤੀ ਅਪਣਾ ਕੇ ਮਜਬੂਤ ਜਥੇਬੰਦਕ ਢਾਂਚਾ ਉਸਾਰਨ ਦੀ ਲੋੜ ਹੈ ਤਾਂ ਹੀ ਬ੍ਰਾਹਮਣਵਾਦ ਤੋਂ ਮਾਨਸਿਕ ਤੇ ਰਾਜਨੀਤਿਕ ਅਜ਼ਾਦੀ ਹਾਸਲ ਕੀਤੀ ਜਾ ਸਕਦੀ ਹੈ ।

('ਸਿੱਖ ਵਿਰਸਾ' ਜੁਲਾਈ 2001) ਵਿਚੋਂ ਧੰਨਵਾਦ ਸਹਿਤ)

❁❁❁

# ਖ਼ਾਲਸਾ ਪੰਥ ਤੇ ਆਰੀਆ ਸਮਾਜ

ਸਵਾਮੀ ਦਯਾਨੰਦ ਜੀ ਦਾ ਜਨਮ ਰਿਆਸਤ ਮੋਰਵੀ ਦੇ ਇਲਾਕੇ ਟੰਕਰਾ ਗਰਾਮ ਵਿਚ, ਬ੍ਰਾਹਮਣ ਅੰਬਾ ਸ਼ੰਕਰ ਦੇ ਘਰ ਸੰਨ 1824 ਈ. ਵਿਚ ਹੋਇਆ । ਬਚਪਨ ਦਾ ਨਾਉਂ ਮੂਲਸ਼ੰਕਰ ਸੀ, ਪਰ ਪਰਮਾਨੰਦ ਸਰਸਵਤੀ ਦਾ ਚੇਲਾ ਬਣ ਕੇ ਦਯਾਨੰਦ ਸਰਸਵਤੀ ਦੇ ਨਾਮ ਨਾਲ ਮਸ਼ਹੂਰ ਹੋਇਆ । ਮਥੁਰਾ ਨਿਵਾਸੀ ਵਿਰਜਾ ਨੰਦ ਪੰਡਤ ਤੋਂ ਸੰਸਕ੍ਰਿਤ ਦੀ ਵਿਆਕਰਨ, ਵੇਦ ਅਤੇ ਹੋਰ ਧਾਰਮਿਕ ਗ੍ਰੰਥ ਪੜ੍ਹ ਕੇ, ਇਨ੍ਹਾਂ ਨੇ 'ਆਰੀਆ ਸਮਾਜ' ਮਤ ਦਾ ਸੰਚਾਲਨ ਕੀਤਾ ਅਤੇ ਆਪਣਾ 'ਸਤਿਆਰਥ ਪ੍ਰਕਾਸ਼' ਨਾਮੀ ਧਰਮ ਗ੍ਰੰਥ ਬਣਾਇਆ, ਇਨ੍ਹਾਂ ਦਾ ਮਤ, ਵੇਦ-ਮਤ ਤੇ ਆਧਾਰਿਤ ਹੈ ।

ਸਵਾਮੀ ਦਯਾ ਨੰਦ ਜੀ ਸੱਚਿਦਾਨੰਦ ਰੂਪ, ਸਰਬ ਵਿਆਪੀ ਨਿਰੰਕਾਰ ਵਿਚ ਵਿਸ਼ਵਾਸ ਰੱਖਦੇ ਸਨ । ਇਸ ਲਈ ਇਹ ਅਵਤਾਰਵਾਦ ਅਤੇ ਮੂਰਤੀ ਪੂਜਾ ਦਾ ਖੰਡਨ ਕਰਦੇ ਸਨ ਅਤੇ ਆਪਣੇ ਆਪ ਨੂੰ ਹਿੰਦੂ ਨਾ ਮੰਨ ਕੇ ਆਰੀਆ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਸਨ ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਪੰਜਾਬ, ਅੰਗਰੇਜ਼ ਸਰਕਾਰ ਦੇ ਅਧੀਨ ਹੋਣ ਨਾਲ ਜਿੱਥੇ ਇਕ ਪਾਸੇ ਖ਼ਾਲਸਾ ਪੰਥ ਦੀ ਚੜ੍ਹਤ ਰੁਕ ਗਈ ਦੂਸਰੇ ਪਾਸੇ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਭੀ ਗਿਰਾਵਟ ਆ ਗਈ ।

ਹਾਲਾਤ ਇਥੋਂ ਤੱਕ ਪਹੁੰਚ ਗਏ ਵੱਡੇ-ਵੱਡੇ ਸਿੱਖ ਘਰਾਣਿਆਂ ਦੇ ਬੰਦੇ ਈਸਾਈ ਅਤੇ ਮੁਸਲਮਾਨ ਬਣਨ ਲੱਗ ਪਏ । ਇਸ ਤੋਂ ਇਕ ਕਦਮ ਹੋਰ ਅੱਗੇ ਵਧ ਕੇ ਇਕ ਸਰਦਾਰ ਨੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਆਪਣਾ ਰਹਾਇਸ਼ੀ ਬੁੰਗਾ ਈਸਾਈ ਮਿਸ਼ਨਰੀਆਂ ਨੂੰ ਦੇ ਦਿੱਤਾ । ਦੂਸਰੇ ਪਾਸੇ ਉਦਾਸੀ ਸੰਤਾਂ ਦੀ ਕਿਰਪਾ ਸਦਕਾ ਬ੍ਰਾਹਮਣੀ ਕਰਮ ਕਾਂਡ ਸਿੱਖੀ ਵਿਚ ਪ੍ਰਵੇਸ਼ ਕਰ ਗਿਆ ਜਿਸ ਦਾ ਸਦਕਾ ਸਧਾਰਣ ਸਿੱਖ ਹਿੰਦੂਆਂ ਵਾਂਗ, ਹਰਿਦੁਆਰ, ਗਯਾ, ਪਹੋਏ ਅਤੇ ਕੁਰੂਕਸ਼ੇਤਰ ਦੇ ਇਸ਼ਨਾਨ ਭੀ ਕਰਦੇ ਸਨ, ਪਿੰਡ ਭੀ ਭਰਦੇ ਸਨ ਅਤੇ ਸ੍ਰਾਧ ਭੀ ਕਰਨ ਲੱਗ ਪਏ ਸਨ । ਹਾਲਾਤ ਇੰਨੇ ਵਿਗੜ ਗਏ ਕਿ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਮੂਰਤੀਆਂ ਸਥਾਪਿਤ ਹੋ ਗਈਆਂ ।

ਸਨਾਤਨ ਧਰਮ ਦੀਆਂ ਜਿਨ੍ਹਾਂ ਕੁਰੀਤੀਆਂ ਨੂੰ ਗੁਰਮਤਿ ਖੰਡਨ ਕਰਦੀ ਹੈ, ਉਨ੍ਹਾਂ ਬਹੁਤ ਸਾਰੀਆਂ ਗੱਲਾਂ ਨੂੰ ਸਵਾਮੀ ਦਯਾਨੰਦ ਜੀ ਭੀ ਨਹੀਂ ਮੰਨਦੇ ਸੀ ਇਸ ਲਈ ਪਹਿਲਾਂ ਸਿੱਖਾਂ ਨੇ ਸਵਾਮੀ ਜੀ ਨਾਲ ਮਿਲ ਕੇ ਚਲਣ ਦਾ ਸੰਕਲਪ ਲਿਆ ।

ਅੰਮ੍ਰਿਤਸਰ ਸ਼ਹਿਰ ਦੇ ਆਰੀਆ ਸਮਾਜ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ ਜੀ ਸਨ । ਇਸੇ ਤਰ੍ਹਾਂ ਨਨਕਾਣਾ ਸਾਹਿਬ ਦੇ ਸ਼ਹੀਦ ਭਗਤ ਲਛਮਣ ਸਿੰਘ ਜੀ ਆਪਣੇ ਇਲਾਕੇ ਦੇ ਜਨਰਲ ਸੈਕਟਰੀ ਅਤੇ ਗਿਆਨੀ ਦਿੱਤ ਸਿੰਘ ਜੀ ਭੀ ਮੂਹਰਲੀ ਕਤਾਰ ਦੇ ਪ੍ਰਚਾਰਕ ਸਨ । ਪਰ ਸ਼ਰਧਾ ਨੰਦ ਫਿਲੌਰੀ ਦੇ ਵਖਿਆਨ ਅਤੇ ਸਵਾਮੀ ਦਯਾਨੰਦ ਜੀ ਦੇ ਲਿਖੇ 'ਸਤਿਆਰਥ ਪ੍ਰਕਾਸ਼' ਦੀ ਲਿਖਤ ਦਾ ਜਦ ਸਿੱਖ ਸਮਾਜ ਨੂੰ ਪਤਾ ਲੱਗਾ ਤਾਂ ਸਿੱਖ ਹਿਰਦੇ ਵਲੂੰਧਰੇ ਗਏ । ਗੁਰੂ ਸਾਹਿਬ ਬਾਰੇ ਜੋ ਅਪਮਾਨਜਨਕ ਟਿੱਪਣੀਆਂ ਇਸ ਗ੍ਰੰਥ ਵਿਚ ਦਿੱਤੀਆਂ ਗਈਆਂ ਹਨ ਅਸੀਂ ਹੂ-ਬ-ਹੂ ਲਿਖਤ, ਹਿੰਦੀ ਤੋਂ ਗੁਰਮੁਖੀ ਲਿਪੀਅੰਤਰ ਕਰ ਕੇ ਸੰਗਤਾਂ ਨੂੰ ਦੱਸ ਰਹੇ ਹਾਂ ।

ਇੱਥੇ ਇਹ ਭੀ ਦੱਸਣਾ ਠੀਕ ਰਹੇਗਾ ਕਿ ਸਵਾਮੀ ਦਯਾਨੰਦ ਜੀ ਨੇ ਇਸ ਗ੍ਰੰਥ ਵਿਚ ਕੇਵਲ ਗੁਰਮਤਿ ਦਾ ਖੰਡਨ ਹੀ ਨਹੀਂ ਕੀਤਾ ਬਲਕਿ ਬੁੱਧ, ਜੈਨ, ਇਸਲਾਮ, ਸੰਨਿਆਸੀ ਆਦਿ ਸਭ ਧਰਮਾਂ ਦਾ ਖੰਡਨ ਕਰਨ ਲਈ ਸ਼ਬਦਾਵਲੀ ਭੀ ਬਹੁਤ ਭੱਦੀ ਵਰਤੀ ਹੈ । ਇਸ ਬਾਰੇ ਜਦ ਬਹੁਤ ਰੌਲਾ ਪਿਆ ਤਾਂ ਅੰਗਰੇਜ਼ ਸਰਕਾਰ ਨੇ ਇਸ 'ਤੇ ਪਾਬੰਦੀ ਲਗਾ ਦਿੱਤੀ ਸੀ ਅਤੇ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਇਸ ਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਸਨ । ਦੇਸ ਅਜ਼ਾਦ ਹੋਣ ਪਿਛੋਂ ਇਹ ਗ੍ਰੰਥ ਤੀਸਰੀ ਵਾਰ "ਸਾਰਵਦੇਸ਼ਿਕ ਆਰੀਯਾ ਪ੍ਰਤੀਨਿਧੀ ਸਭਾ ਦਯਾ ਨੰਦ ਭਵਨ ਨਵੀਂ ਦਿੱਲੀ-3" ਵਲੋਂ 1966 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ । ਇਸ ਦੀ ਇਕ-ਇਕ ਕਾਪੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰਮਤਿ ਕਾਲਜ, ਸੂਲਰ ਰੋਡ, ਪਟਿਆਲਾ ਵਿਚ ਪਈ ਹੈ । ਅਸੀਂ ਇਸ ਦੇ ਪੰਨਾ 445 ਤੋਂ 448 ਤੱਕ ਜੋ ਗੁਰੂ ਸਾਹਿਬ ਨਾਲ ਸੰਬੰਧਿਤ ਹੈ ਸਿੱਖ ਸੰਗਤ ਦੀ ਜਾਣਕਾਰੀ ਲਈ ਦੇ ਰਹੇ ਹਾਂ ।

"ਪੰਜਾਬ ਦੇਸ ਮੇਂ ਨਾਨਕ ਜੀ ਨੇ ਮਾਰਗ ਚਲਾਇਆ ਹੈ ਕਿਉਂਕਿ ਵਹ ਮੂਰਤੀ ਪੂਜਾ ਕੋ ਖੰਡਨ ਕਰਤੇ ਥੇ, ਉਨਹੋਂ ਨੇ ਹਿੰਦੂ ਮੁਸਲਮਾਨ ਹੋਨੇ ਸੇ ਬਚਾਏ, ਵੇ ਸਾਧੂ ਭੀ ਨਹੀਂ ਬਨੇ ਕਿੰਤੂ ਗ੍ਰਿਹਸਥੀ ਬਨੇ ਰਹੇ । ਦੇਖੋ ਉਨਹੋਂ ਨੇ ਯਹ ਮੰਤ੍ਰ ਉਪਦੇਸ਼ ਕੀਆ ਹੈ ਜਿਸ ਸੇ ਵਿਦਿੱਤ ਹੋਤਾ ਹੈ ਕਿ ਉਨ੍ਹਾਂ ਕਾ ਆਸ਼ਾ ਅੱਛਾ ਥਾ ।

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**

ਜਿਸ ਕਾ ਸਤਿ ਨਾਮੁ ਹੈ ਵਹ ਕਰਤਾ ਪੁਰਸ਼ ਭੈ ਔਰ ਵੈਰ ਰਹਿਤ ਹੈ ਅਕਾਲ ਮੂਰਤ ਜੋ ਕਾਲ ਮੇਂ ਔਰ ਜੋਨੀ ਮੇਂ ਨਹੀਂ ਆਤਾ, ਪ੍ਰਕਾਸ਼ਮਾਨ ਹੈ ਉਸੀ ਕਾ

ਜਾਪ ਗੁਰੂ ਕੀ ਕਿਰਪਾ ਸੇ ਕਰ, ਵਹ ਪ੍ਰਮਾਤਮਾ ਆਦਿ ਮੇਂ ਸਚ ਥਾ ਜੁਗੋ ਕੇ ਆਦਿ ਮੇਂ ਸਚ, ਵਰਤਮਾਨ ਮੇਂ ਸਚ ਔਰ ਆਗੇ ਭੀ ਸਚ ਹੋਗਾ ।

ਨਾਨਕ ਜੀ ਕਾ ਆਸ਼ਾ ਤੋਂ ਅੱਛਾ ਥਾ ਪ੍ਰੰਤੂ ਵਿੱਦਿਆ ਕੁਛ ਭੀ ਨਹੀਂ ਥੀ । ਹਾਂ ਭਾਸ਼ਾ ਉਸ ਦੇਸ ਕੀ ਜੋ ਗਰਾਮੋਂ ਕੀ ਹੈ ਉਸੇ ਜਾਨਤੇ ਥੇ । ਵੇਦ ਸ਼ਾਸਤਰ ਔਰ ਸੰਸਕ੍ਰਿਤ, ਕੁਝ ਭੀ ਨਹੀਂ ਜਾਨਤੇ ਥੇ । ਜੋ ਜਾਨਤੇ ਹੋਤੇ ਸੰਸਕ੍ਰਿਤ ਸ਼ਬਦ 'ਨਿਰਭੈ' ਕੋ 'ਨਿਰਭੌ' ਕਿਉ ਲਿਖਤੇ? ਔਰ ਇਸ ਕਾ ਦ੍ਰਿਸ਼ਟਾਂਤ ਉਨ ਕਾ ਬਨਾਯਾ ਸੰਸਕ੍ਰਿਤ ਸਤੋਤ੍ਰ ਹੈ । ਚਾਹਤੇ ਥੇ ਕਿ ਮੈਂ ਸੰਸਕ੍ਰਿਤ ਮੇਂ ਭੀ ਪਗ ਅੜਾਊਂ, ਪਰ ਬਿਨਾਂ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਤਾ ਹੈ? ਹਾਂ ਉਨ ਗਰਾਮੀਣੋਂ ਕੇ ਸਾਹਮਣੇ ਕਿ ਜਿਨਹੋਂ ਨੇ ਸੰਸਕ੍ਰਿਤ ਕਭੀ ਸੁਨਾ ਹੀ ਨਹੀਂ ਥਾ 'ਸੰਸਕ੍ਰਿਤੀ' ਬਨਾ ਕਰ ਸੰਸਕ੍ਰਿਤ ਕੇ ਭੀ ਪੰਡਤ ਬਨ ਗਏ ਹੋਂਗੇ । ਭਲਾ ਯਹ ਬਾਤ ਮਾਨਪ੍ਰਤਿਸ਼ਠਾ ਔਰ ਅਪਨੀ ਪ੍ਰਖਿਆਤੀ ਕੀ ਇੱਛਾ ਕੇ ਬਿਨਾ ਕਭੀ ਨਾ ਕਰਤੇ । ਉਨ ਕੋ ਆਪਨੀ ਪ੍ਰਤਿਸ਼ਠਾ ਕੀ ਇੱਛਾ ਅਵੱਸ਼ ਥੀ, ਨਹੀਂ ਤੋ ਜੈਸੀ ਭਾਸ਼ਾ ਜਾਨਤੇ ਥੇ ਕਹਤੇ ਰਹਤੇ ਔਰ ਯਹ ਭੀ ਕਹਿਤੇ ਮੈਂ ਸੰਸਕ੍ਰਿਤ ਨਹੀਂ ਪੜ੍ਹਾ । ਜਬ ਕੁਛ ਅਭਿਮਾਨ ਥਾ ਤੋ ਮਾਨਪ੍ਰਤਿਸ਼ਠਾ ਕੇ ਲੀਏ ਦੰਭ ਭੀ ਕੀਆ ਹੋ ਗਾ? ਇਸ ਲੀਏ ਉਨ ਕੇ ਗ੍ਰੰਥ ਮੇਂ ਜਹਾਂ ਤਹਾਂ ਵੇਦੋਂ ਕੀ ਨਿੰਦਾ ਔਰ ਉਸਤਤਿ ਭੀ ਹੈ । ਕਿਉਂਕਿ ਜੋ ਐਸਾ ਨਾ ਕਰਤੇ ਤੋ ਉਨਸੇ ਭੀ ਕੋਈ ਵੇਦੋਂ ਕਾ ਅਰਥ ਪੂਛਤਾ, ਜਬ ਨ ਆਤਾ ਤੋ ਪ੍ਰਤਿਸ਼ਠਾ ਨਸ਼ਟ ਹੋਤੀ । ਇਸ ਲੀਏ ਪਹਿਲੇ ਹੀ ਅਪਨੇ ਸ਼ਿਸ਼ੋਂ ਕੇ ਸਾਮਨੇ ਕਹੀ ਵੇਦੋਂ ਕੇ ਵਿਰੁੱਧ ਬੋਲਤੇ ਥੇ ਔਰ ਕਹੀਂ ਕਹੀਂ ਵੇਦ ਕੀ ਲੀਏ ਅੱਛਾ ਭੀ ਕਹਾ ਹੈ । ਕਿਉਂਕਿ ਜੋ ਕਹੀਂ ਅੱਛਾ ਨਾ ਬੋਲਤੇ ਤੋ ਲੋਗ ਨਾਸਤਿਕ ਬਨਾਤੇ ਜੈਸੇ:

**"ਵੇਦ ਪੜ੍ਹਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ"**

**ਨੋਟ :** ਇਹ ਪੰਗਤੀ ਗੁਰਬਾਣੀ ਵਿਚ ਕਿਤੇ ਨਹੀਂ ਹੈ ।

**ਸੰਤ ਕੀ ਮਹਿਮਾ ਬੇਦ ਨ ਜਾਨਹਿ ॥**

(ਸੁਖਮਨੀ ਅਸਟਪਦੀ ੭ ਚੌਪਈ ੮)

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥**

(ਸੁਖਮਨੀ ਅਸਟਪਦੀ ੨ ਚੌਪਈ ੬)

ਕਯਾ ਵੇਦ ਪੜ੍ਹਨੇ ਵਾਲੇ ਮਰ ਗਏ ਔਰ ਨਾਨਕ ਜੀ ਆਪਨੇ ਆਪ ਕੋ ਅਮਰ ਸਮਝਤੇ ਥੇ? ਕਯਾ ਵੇਹ ਨਹੀਂ ਮਰ ਗਏ? ਵੇਦ ਤੋ ਸਭ ਵਿਦਿਆਉਂ ਕਾ ਭੰਡਾਰ ਹੈ ਪ੍ਰੰਤੂ ਜੋ ਚਾਰੋ ਵੇਦੋਂ ਕੋ ਕਹਾਨੀ ਕਹੈ ਉਸ ਕੀ ਸਭ ਬਾਤੇਂ ਕਹਾਨੀ ਹੈਂ । ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ ਵੇ ਵਿਚਾਰੇ ਵੇਦੋਂ ਕੀ ਮਹਿਮਾ ਕਭੀ ਨਹੀ ਜਾਨ ਸਕਤੇ । ਜੋ ਨਾਨਕ ਜੀ ਵੇਦੋਂ ਹੀ ਕਾ ਮਾਨ ਕਰਤੇ ਤੋ ਉਨ ਕੀ ਸੰਪ੍ਰਦਾਇ ਨ ਚਲਤੀ ਨ ਵੇ ਗੁਰੂ ਬਨ ਸਕਤੇ ਥੇ



ਕਿਉਂਕਿ ਸੰਸਕ੍ਰਿਤ ਤੋ ਪੜ੍ਹੇ ਨਹੀਂ ਥੇ ਤੋ ਦੂਸਰੇ ਕੋ ਪੜ੍ਹਾ ਕਰ ਸ਼ਿਸ਼ ਕੈਸੇ ਬਨਾ ਸਕਤੇ ਥੇ? ਯਹ ਸਚ ਹੈ ਕਿ ਜਿਸ ਸਮੇਂ ਨਾਨਕ ਜੀ ਪੰਜਾਬ ਮੇਂ ਹੁਏ ਥੇ ਉਸ ਸਮੇਂ ਪੰਜਾਬ ਸੰਸਕ੍ਰਿਤ ਵਿਦਿਆ ਸਰਵਰਥਾ ਰਹਿਤ ਮੁਸਲਮਾਨੋਂ ਸੇ ਪੀੜਤ ਥਾ । ਉਸ ਸਮੇਂ ਉਨਹੋਂ ਨੇ ਕੁਝ ਲੋਗੋ ਕੇ ਬਚਾਯਾ । ਨਾਨਕ ਜੀ ਕੇ ਸਾਮਨੇ ਕੁਛ ਉਨ੍ਹ ਕੀ ਸੰਪ੍ਰਦਾਇ ਕੇ ਬਹੁਤ ਸੇ ਸ਼ਿਸ਼ ਨਹੀਂ ਹੁਏ ਥੇ ਕਿਉਂਕਿ ਅਵਿਦਵਾਨੋਂ ਮੇਂ ਯਹ ਚਾਲ ਕਿ ਮੇਰੇ ਪੀਛੇ ਉਨ ਕੋ ਸਿੱਧ ਬਨਾ ਦੇਤੇ ਹੈਂ । ਪਸ਼ਚਾਤ ਬਹੁਤ ਸਾ ਮਹਾਤਮਯ ਕਰ ਕੇ ਈਸ਼ਰ ਕੇ ਸਮਾਨ ਮਾਨ ਦੇਤੇ ਹੈਂ । ਹਾਂ ਨਾਨਕ ਜੀ ਬੜੇ ਧਨਾਢ ਔਰ ਰਈਸ ਭੀ ਨਹੀਂ ਥੇ ਪ੍ਰੰਤੂ ਉਨ ਕੇ ਚੇਲੋਂ ਨੇ 'ਨਾਨਕ ਚੰਦ੍ਰੋਦਯ' ਔਰ 'ਜਨਮ ਸਾਖੀ' ਆਦਿ ਮੇਂ ਬੜੇ ਸਿੱਧ ਔਰ ਬੜੇ-ਬੜੇ ਐਸ਼ਵਰਯੇਵਾਲੇ ਥੇ, ਲਿਖਾ ਹੈ । ਨਾਨਕ ਜੀ ਬ੍ਰਹਮਾ ਆਦਿ ਸੇ ਮਿਲੇ ਬੜੀ-ਬੜੀ ਬਾਤ ਚੀਤ ਕੀ, ਸਭ ਨੇ ਇਨ ਕਾ ਮਾਨਯ ਕੀਆ, ਨਾਨਕ ਜੀ ਕੇ ਵਿਵਾਹ ਮੇਂ ਬਹੁਤ ਸੇ ਘੋੜੇ, ਰੱਥ, ਹਾਥੀ, ਸੋਨੇ ਚਾਂਦੀ ਮੋਤੀ ਪੰਨਾ ਆਦਿ ਰਤਨੋਂ ਸੇ ਜੜੇ ਹੂਏ ਔਰ ਅਮੁੱਲ ਰਤਨੋਂ ਕਾ ਪਾਰਾਵਾਰ ਨਾ ਥਾ ਲਿਖਾ ਹੈ । ਭਲਾ ਯਿਹ ਗਪੌੜ ਨਹੀਂ ਤੋ ਔਰ ਕਿਆ ਹੈ? ਇਸ ਮੇਂ ਇਨਕੇ ਚੇਲੋਂ ਕਾ ਦੋਸ਼ ਹੈ ਨਾਨਕ ਜੀ ਕਾ ਨਹੀਂ । ਦੂਸਰਾ, ਜੋ ਉਨ੍ਹਕੇ ਪੀਛੇ ਉਨ੍ਹਾਂ ਕੇ ਲੜਕੇ ਸੇ ਉਦਾਸੀ ਚਲੇ ਔਰ ਰਾਮਦਾਸ ਆਦਿ ਸੇ ਨਿਰਮਲੇ । ਕਿਤਨੇ ਹੀ ਗੱਦੀ ਵਾਲੋਂ ਨੇ ਭਾਸ਼ਾ ਬਨਾ ਕਰ ਗ੍ਰੰਥ ਮੇਂ ਰੱਖੀ ਹੈ । ਅਰਥਾਤ ਇਨ ਕਾ ਗੁਰੂ ਗੋਵਿੰਦ ਸਿੰਘ ਦਸ਼ਮਾ ਹੂਆ । ਉਨ੍ਹ ਕੇ ਪੀਛੇ ਉਸ ਗ੍ਰੰਥ ਮੇਂ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਗਈ, ਕਿੰਤੂ ਵਹਾਂ ਤੱਕ ਕੇ ਜਿਤਨੇ ਛੋਟੇ-ਛੋਟੇ ਪੁਸਤਕ ਥੇ ਉਨ ਸਭ ਕੋ ਇਕੱਠੇ ਕਰਕੇ ਜਿਲਦ ਬੰਧਵਾ ਦੀ । ਇਨ੍ਹ ਲੋਗੋਂ ਨੇ ਭੀ ਨਾਨਕ ਜੀ ਕੇ ਪੀਛੇ ਬਹੁਤ ਸੀ ਭਾਸ਼ਾ ਬਨਾਈ । ਕਿਤਨੋਂ ਹੀ ਨੇ ਨਾਨਾ ਪ੍ਰਕਾਰ ਕੀ ਪੁਰਾਣੋਂ ਕੇ ਮਿਥਿਆ ਕਥਾ ਕੇ ਤੁਲ ਬਨਾ ਦੀਏ ਪ੍ਰੰਤੂ ਬ੍ਰਹਮਗਿਆਨੀ ਆਪ ਪ੍ਰਮੇਸਵਰ ਬਨਕੇ ਉਸ ਪਰ ਕਰਮੋ ਪਾਸ ਨਾ ਛੋੜ ਕਰ ਇਨ ਕੇ ਸ਼ਿਸ਼ ਭੁਗਤੇ ਆਏ । ਇਸ ਨੇ ਬਹੁਤ ਬਿਗਾੜ ਕਰ ਦੀਆ, ਨਹੀਂ ਜੋ ਨਾਨਕ ਜੀ ਨੇ ਕੁਝ ਭਗਤੀ ਵਿਸ਼ੇਸ਼ ਈਸ਼ਵਰ ਕੀ ਲਿਖੀ ਥੀ ਉਸੇ ਕਰਤੇ ਆਤੇ ਤੋ ਅੱਛਾ ਥਾ ।

ਅਬ ਉਦਾਸੀ ਕਹਤੇ ਹੈ ਹਮ ਬੜੇ, ਨਿਰਮਲੇ ਕਹਿਤੇ ਹੈਂ ਹਮ ਬੜੇ ਅਕਾਲੀਏ ਤਥਾ ਸੁਥਰਾਸ਼ਾਹੀ ਕਹਤੇ ਹੈਂ ਸਰਵੋਪਰ ਹਮ ਹੈਂ । ਇਨ ਮੇਂ ਗੋਬਿੰਦ ਸਿੰਘ ਜੀ ਸੂਰਵੀਰ ਹੂਏ । ਜੋ ਮੁਸਲਮਾਨੋਂ ਨੇ ਉਨ੍ਹ ਕੇ ਪੁਰਸ਼ਾਓਂ ਕੋ ਬਹੁਤ ਸਾ ਦੁਖ ਦੀਆ ਥਾ ਉਨ ਸੇ ਬੈਰ ਲੇਨਾ ਚਾਹਤੇ ਥੇ ਪ੍ਰੰਤੂ ਇਨਕੇ ਪਾਸ ਕੁਛ ਸਾਮਗਰੀ ਨ ਥੀ ਔਰ ਮੁਸਲਮਾਨੋਂ ਕੀ ਬਾਦਸ਼ਾਹੀ ਪ੍ਰਜਵਲਤ ਹੋ ਰਹੀ ਥੀ । ਇਨਹੋਂ ਨੇ ਏਕ ਪੁਰਸਚਰਣ ਕਰਵਾਯਾ । ਪ੍ਰਸਿੱਧੀ ਕੀ ਕਿ ਮੁਝ ਕੋ ਦੇਵੀ ਨੇ ਵਰ ਔਰ ਖੜਗ ਦੀਆ ਹੈ ਕਿ ਤੁਮ ਮੁਸਲਮਾਨੋ ਸੇ ਲੜੋ ਤੁਮਾਰਾ ਵਿਜੇ ਹੋਗਾ । ਬਹੁਤ ਸੇ ਲੋਗ ਉਨ ਕੇ ਸਾਥੀ

ਹੋ ਗਏ ਔਰ ਉਨਹੋ ਨੇ ਜੈਸੇ 'ਵਾਮਮਾਰਗੀਓ' ਨੇ 'ਪੰਚ ਮਕਾਰ' 'ਚਕ੍ਰਾਂਕਿਤੋਂ' ਨੇ 'ਪੰਚ ਸੰਸਕਾਰ' ਚਲਾਏ ਥੇ ਵੈਸੇ 'ਪੰਚ ਕਕਾਰ' । ਅਰਥਾਤ ਉਨ੍ਹ ਕੇ 'ਪੰਚ ਕਰਾਰ' ਯੁਧ ਮੇਂ ਉਪਯੋਗੀ ਥੇ । ਏਕ 'ਕੇਸ਼' ਅਰਥਾਤ ਜਿਸ ਕੇ ਰਖਨੇ ਸੇ ਲੜਾਈ ਮੇ ਲਕੜੀ ਔਰ ਤਲਵਾਰ ਸੇ ਕੁਝ ਬਚਾਵਟ ਹੋ । ਦੂਸਰਾ 'ਕੰਗਣ' ਜੋ ਸਿਰ ਕੇ ਉਪਰ ਪਗੜੀ ਮੇ ਅਕਾਲੀ ਲੋਗ ਰਖਤੇ ਹੈ । ਔਰ ਹਾਥ ਮੇ 'ਕੜਾ' ਜਿਸ ਸੇ ਹਾਥ ਔਰ ਸਿਰ ਬਚ ਸਕੇ । ਤੀਸਰਾ ਕਾਛ ਅਰਥਾਤ 'ਜਾਨੂ' ਕੇ ਉਪਰ ਏਕ ਜਾਂਘੀਆ ਕਿ ਜੋ ਦੌੜਤੇ ਔਰ ਕੂਦਨੇ ਮੇਂ ਅੱਛਾ ਹੋਤਾ ਹੈ । ਬਹੁਤ ਕਰਕੇ ਅਖਾੜ ਮੱਲ ਔਰ ਨਟ ਭੀ ਇਸ ਕੋ ਇਸ ਲੀਏ ਧਾਰਨ ਕਰਤੇ ਹੈਂ ਕਿ ਜਿਸ ਸੇ ਸਰੀਰ ਕਾ ਮਰਮ ਸਥਾਨ ਬਚਾ ਰਹੇ ਔਰ ਅਟਕਾਵ ਨ ਹੋ । ਚੌਥਾ 'ਕੰਘਾ' ਜਿਸ ਸੇ ਕੇਸ ਸੁਧਰਤੇ ਹੈਂ । ਪਾਂਚਵਾ ''ਕਾਚੂ' (ਕਰਦ) ਕਿ ਜਿਸ ਸੇ ਸ਼ਤਰੂ ਸੇ ਭੇਦ ਭਟੱਕਾ ਹੋਨੇ ਸੇ ਲੜਾਈ ਮੇਂ ਕਾਮ ਆਵੇ । ਇਸੀ ਲੀਏ ਯਹ ਰੀਤ ਗੋਬਿੰਦ ਸਿੰਘ ਜੀ ਨੇ ਆਪਣੀ ਬੁੱਧੀਮਤਾ ਸੇ ਉਸ ਸਮੇਂ ਕੇ ਲੀਏ ਕੀ ਥੀ, ਅਬ ਇਸ ਸਮੇਂ ਮੇਂ ਉਨ੍ਹ ਕਾ ਰਖਨਾ ਕੁਝ ਉਪਯੋਗੀ ਨਹੀਂ ਹੈ । ਪ੍ਰੰਤੂ ਅਬ ਜੋ ਯੁੱਧ ਕੇ ਪ੍ਰਯੋਗ ਕੇ ਪ੍ਰਯੋਜਨ ਕੇ ਲੀਏ ਬਾਤੇਂ ਕਰਤੱਵ ਥੀ ਉਨ੍ਹ ਕੋ ਧਰਮ ਕੇ ਸਾਥ ਮਾਨ ਲੀ ਹੈਂ । ਮੂਰਤੀ ਪੂਜਾ ਤੋਂ ਨਹੀਂ ਕਰਤੇ ਉਸ ਸੇ ਵਿਸ਼ੇਸ਼ ਗ੍ਰੰਥ ਕੀ ਪੂਜਾ ਕਰਤੇ ਹੈਂ । ਕਯਾ ਯਹ ਮੂਰਤੀ ਪੂਜਾ ਨਹੀਂ ਹੈ? ਕਿਸੀ ਜੜ੍ਹ ਪਦਾਰਥ ਕੇ ਸਾਮਨੇ ਸਿਰ ਝੁਕਾਨਾ ਵਾ ਉਸ ਕੀ ਪੂਜਾ ਕਰਨਾ ਸਭ ਮੂਰਤੀ ਪੂਜਾ ਹੈ । ਜੈਸੇ ਮੂਰਤੀ ਵਾਲੋਂ ਨੇ ਆਪਨੀ ਦੁਕਾਨ ਜਮਾ ਕਰ ਜੀਵਕਾ ਠਾਢੀ ਕੀ ਹੈ ਵੈਸੇ ਇਨ ਲੋਗੋਂ ਨੇ ਭੀ ਕਰ ਲੀ ਹੈ । ਜੈਸੇ ਪੁਜਾਰੀ ਲੋਗ ਮੂਰਤੀ ਕੇ ਦਰਸ਼ਨ ਕਰਾਤੇ ਭੇਟ ਚੜ੍ਹਾਤੇ ਹੈ ਅਰਥਾਤ ਮੂਰਤੀ ਪੂਜਾ ਵਾਲੇ ਵੇਦ ਕਾ ਮਾਨਯ ਕਰਤੇ ਹੈ ਉਤਨਾ ਯਹ ਲੋਗ ਗ੍ਰੰਥ ਸਾਹਿਬ ਵਾਲੇ ਨਹੀਂ ਕਰਤੇ? ਹਾਂ ਯਹ ਕਹਾ ਜਾ ਸਕਤਾ ਹੈ ਕਿ ਇਨਹੋਂ ਨੇ ਵੇਦੋਂ ਕੋ ਨ ਸੁਨਾ ਨ ਦੇਖਾ ਕਯਾ ਕਰੇਂ? ਜੋ ਸੁਨਨੇ ਔਰ ਦੇਖਨੇ ਮੇ ਆਵੇ ਤੋ ਬੁੱਧੀਮਾਨ ਬਨੇ । ਲੋਗ ਜੋ ਕਿ ਅੱਛੀ ਦੁਰਾਗ੍ਰਹੀ ਹੈਂ ਵੇ ਸਭ ਸੰਪ੍ਰਦਾਇ ਵਾਲੇ ਵੇਦ ਮਤ ਮੇਂ ਆ ਜਾਤੇ ਹੈਂ । ਪ੍ਰੰਤੂ ਇਨ ਸਭ ਨੇ ਭੋਜਨ ਕਾ ਬਖੇੜਾ ਬਹੁਤ ਸਾ ਹਟਾ ਦੀਆ ਹੈ । ਜੈਸੇ ਇਸ ਕੋ ਹਟਾਇਆ ਹੈ ਵੈਸੇ ਵਿਸ਼ਯਾਸਕਿਤ ਦੁਰਭਿਮਾਨ ਕੋ ਭੀ ਹਟਾ ਕਰ ਵੇਦ ਮਨ ਕੋ ਭੀ ਉਨਤ ਕਰੇਂ ਤੋਂ ਬਹੁਤ ਅੱਛੀ ਬਾਤ ਹੈ ।''

ਸਤਿਆਰਥ ਪ੍ਰਕਾਸ਼ ਦੀ ਇਸ ਲਿਖਤ ਤੋਂ ਸਾਬਤ ਹੁੰਦਾ ਹੈ ਕਿ ਸਵਾਮੀ ਦਯਾ ਨੰਦ ਜੀ ਨੂੰ ਨਾ ਗੁਰਬਾਣੀ ਦਾ, ਬੋਧ ਸੀ ਅਤੇ ਨਾ ਹੀ ਸਿੱਖ ਇਤਿਹਾਸ ਦੀ ਜਾਣਕਾਰੀ ਸੀ । ਇਸ ਲਈ ਬਗ਼ੈਰ ਸਿਰ ਪੈਰ ਤੋਂ ਯੱਕੜ ਮਾਰੇ ਹਨ ।

ਇਕ ਪਾਸੇ ਯੂ. ਐਨ. ਓ. ਦੀ ਪੱਧਰ ਤੇ ਗੁਰੂ ਬਾਣੀ ਨੂੰ ਮਾਨਤਾ ਮਿਲ ਰਹੀ ਹੈ । ਦੂਸਰੇ ਪਾਸੇ ਸਾਰੇ ਵੇਦ, ਸ਼ਾਸਤਰ ਅਤੇ ਹੋਰ ਹਿੰਦੂ ਧਰਮ ਦੇ ਗਿਆਤਾ ਸਵਾਮੀ



ਰਾਮ ਤੀਰਥ ਦੰਡੀ ਸੁਆਮੀ ਤੁਲਨਾਤਮਿਕ ਅਧਿਐਨ ਕਰਕੇ ਕਿਤਾਬ 'ਚ ਲਿਖ ਰਹੇ ਹਨ 'ਸਰਬ'ਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਸਰਬੋਤਮ ਪੰਥ ਖ਼ਾਲਸਾ ਪੰਥ' ਨਾਲ ਹੀ ਪਿਛਲੀ ਸਦੀ ਦੇ ਪ੍ਰਸਿੱਧ ਆਰੀਆ ਸਮਾਜੀ ਦੌਲਤ ਰਾਇ ਜੀ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਨਾਮੀ ਪੁਸਤਕ ਵਿਚ ਦਸਮੇਸ਼ ਪਿਤਾ ਦੇ ਗੁਣ ਗਾਉਂਦੇ ਥੱਕਦੇ ਨਹੀਂ ਅਤੇ 'ਮਿਲਾਪ' ਅਖ਼ਬਾਰ ਦੇ ਐਡੀਟਰ 'ਰਣਬੀਰ ਜੀ' ਕਲਗੀਧਰ ਮਹਾਰਾਜ ਨੂੰ ਯੱਗ ਪੁਰਸ਼ ਦੱਸ ਰਹੇ ਹਨ । ਦੂਸਰੇ ਪਾਸੇ ਪਾਠਕਾਂ ਸਾਮ੍ਹਣੇ ਦਯਾਨੰਦ ਜੀ ਦੀ ਲਿਖਤ ਹੈ ।

ਅਜਿਹੀ ਹੂੜ੍ਹਮੱਤ ਵਾਲੇ, ਈਰਖਾਲੂ, ਅਹੰਕਾਰੀ ਅਤੇ ਉਪਦਰਵੀ ਆਫ਼ਰੇ ਹੋਏ ਸਾਨ੍ਹ ਦੇ ਸਿੰਗ ਗਿਆਨੀ ਦਿੱਤ ਸਿੰਘ ਜੀ ਨੇ ਆਪਣੇ ਸੰਵਾਦ ਨਾਲ ਭੰਨੇ ਹਨ । ਪੂਰੇ ਵੇਰਵੇ ਲਈ ਪੜ੍ਹੋ ਗਿਆਨੀ ਦਿੱਤ ਸਿੰਘ ਜੀ ਦੀ ਪੁਸਤਕ 'ਮੇਰਾ ਅਤੇ ਸਾਧੂ ਦਯਾਨੰਦ ਦਾ ਸੰਵਾਦ ।'

ਇਸ ਪਿਛੋਂ ਜਦ ਸਿੰਘ ਸਭਾ ਲਹਿਰ ਪ੍ਰਚੰਡ ਹੋਈ ਤਾਂ ਖ਼ਾਲਸਾ ਪੰਥ ਦਾ ਆਰੀਆ ਸਮਾਜ ਨਾਲ ਪੂਰਨ ਤੌਰ 'ਤੇ ਤੋੜ-ਵਿਛੋੜਾ ਹੋ ਗਿਆ । ਸਿੰਘ ਸਭਾ ਲਹਿਰ ਨੇ ਤਾਂ ਕੇਵਲ ਸਿੱਖੀ ਸਿਧਾਂਤ ਦਾ ਹੀ ਪ੍ਰਚਾਰ ਕੀਤਾ ਪਰ ਆਰੀਆ ਸਮਾਜ ਨੇ ਸ਼ਰਾਰਤੀ ਅੰਦਾਜ਼ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸਿੱਖ ਮਤ ਕੋਈ ਵੱਖਰਾ ਮਤ ਨਹੀਂ । ਇਹ ਹਿੰਦੂ ਧਰਮ ਦਾ ਹੀ ਅੰਗ ਹਨ । ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ਲਈ ਬਲੀਦਾਨ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਿੰਦੂਆਂ ਦੀ ਰੱਖਿਆ ਲਈ ਹੀ ਸ਼ਸਤਰਧਾਰੀ ਖ਼ਾਲਸਾ ਪੰਥ ਬਣਾਇਆ ਸੀ । ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਦਲੀਲਾਂ ਦਿੱਤੀਆਂ ਕਿ ਹਿੰਦੂਆਂ ਤੋਂ ਹੀ ਸਿੱਖ ਬਣੇ ਹਨ, ਸਾਡੇ ਤਿਉਹਾਰ ਸਾਂਝੇ ਹਨ ਬਹੁਤ ਸਾਰੇ ਸੰਸਕਾਰ ਸਾਂਝੇ ਹਨ ਇਤਿ ਆਦਿ ।

ਇਸ ਕੂੜ ਪ੍ਰਚਾਰ ਨੂੰ ਰੋਕਣ ਲਈ ਹੀ ਅੱਜ ਤੋਂ ਤਕਰੀਬਨ ਸੌ ਸਾਲ ਪਹਿਲਾਂ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਕਿਤਾਬ ਲਿਖੀ 'ਹਮ ਹਿੰਦੂ ਨਹੀ" ਕਿਤਾਬ ਛਪਾਉਣ ਤੋਂ ਪਹਿਲਾਂ ਭਾਈ ਸਾਹਿਬ ਨੇ ਇਸ ਨੂੰ ਸਾਰੇ ਤਖ਼ਤਾਂ ਅਤੇ ਕਈ ਹੋਰ ਸਭਾਵਾਂ ਕੋਲ ਪ੍ਰਵਾਨਗੀ ਲਈ ਭੇਜਿਆ ਅਤੇ ਪ੍ਰਵਾਨਿਤ ਹੋਣ ਪਿਛੋਂ ਹੀ ਛਪਾਈ । ਇਸ ਵਿਚ ਭਾਈ ਸਾਹਿਬ ਨੇ ਠੋਸ ਦਲੀਲਾਂ ਨਾਲ ਗੁਰਬਾਣੀ ਅਤੇ ਇਤਿਹਾਸਿਕ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਜਿਆ ਪੰਥ, ਸਭ ਧਰਮਾਂ ਤੋਂ ਨਿਆਰਾ, ਸੁਤੰਤਰ ਪੰਥ ਹੈ । ਕਿਤਾਬ ਛਪਣ ਪਿੱਛੋਂ ਨਾਭਾ ਸ਼ਹਿਰ ਦੇ ਆਰੀਆ ਸਮਾਜੀਆਂ ਨੇ ਨਾਭਾ ਪਤੀ ਮਹਾਰਾਜਾ ਹੀਰਾ ਸਿੰਘ ਜੀ ਕੋਲ ਬਹੁਤ ਸ਼ਿਕਾਇਤਾਂ ਕੀਤੀਆਂ ਅਤੇ ਅੰਗਰੇਜ਼ੀ ਸਰਕਾਰ ਨੂੰ ਗੁਮਨਾਮ ਚਿੱਠੀਆਂ

ਲਿਖੀਆਂ । ਪਰ ਸਚਾਈ ਪ੍ਰਗਟ ਹੋਣ ’ਤੇ ਸਭ ਠੰਢੇ ਹੋ ਗਏ । ਦੂਸਰੇ ਪਾਸੇ ਸਿੰਘ ਸਭਾ ਦੇ ਮੋਹਰੀ, ਗਿਆਨੀ ਦਿੱਤ ਸਿੰਘ, ਪੰਡਤ ਕਰਤਾਰ ਸਿੰਘ ਦਾਖਾ, ਭਾਈ ਵੀਰ ਸਿੰਘ ਆਦਿ ਨੇ ਇਨ੍ਹਾਂ ਦੇ ਕੂੜ ਪ੍ਰਚਾਰ ਦੇ ਦੰਦ ਖੱਟੇ ਕੀਤੇ ।

ਅੰਗਰੇਜ਼ੀ ਸਰਕਾਰ ਦੇ ਖ਼ਾਲਸਾ ਪੰਥ ਨਾਲ ਹਾਂ ਪੱਖੀ ਰੁਝਾਨ ਅਤੇ ਸਿੱਖ ਰਿਆਸਤਾਂ ਹੋਣ ਕਰਕੇ ਇਹ ਪੰਥ ਦਾ ਕੁਝ ਵਿਗਾੜ ਨਾ ਸਕੇ ਪਰ ਦੇਸ ਅਜ਼ਾਦ ਹੋਣ ਪਿਛੋਂ ਹਕੂਮਤ ਹਿੰਦੂਆਂ ਦੇ ਹੱਥ ਵਿਚ ਹੋਣ ਨਾਲ ਇਕ ਵਾਰੀ ਫਿਰ ਆਰੀਆ ਸਮਾਜ ਨੇ ਬਾਕੀ ਹਿੰਦੂ ਜਥੇਬੰਦੀਆਂ ਦੀ ਮੱਦਦ ਨਾਲ ਆਪਣਾ ਕੂੜ ਪ੍ਰਚਾਰ ਪ੍ਰਚੰਡ ਕਰ ਦਿੱਤਾ ਹੈ । ਇਸ ਕੰਮ ਲਈ ਇਨ੍ਹਾਂ ਨੇ ਕਈ ਪੈਂਤੜੇ ਅਪਣਾ ਰੱਖੇ ਹਨ ਅਤੇ ਸ਼ਾਮ, ਦਾਮ, ਦੰਡ ਭੇਦ ਦੀ ਨੀਅਤ ਨਾਲ ਖ਼ਾਲਸਾ ਪੰਥ ਨੂੰ ਬੁੱਧ ਧਰਮ ਵਾਂਗ ਤਹਿਸ਼-ਨਹਿਸ਼ ਕਰਨ ’ਤੇ ਤੁਲੇ ਹੋਏ ਹਨ ।

ਇਨ੍ਹਾਂ ਦੇ ਸਿਆਸੀ ਵਿੰਗ ਭਾਜਪਾ ਨੇ ਅਕਾਲੀ ਦਲ ਨਾਲ ਗਲਵਕੜੀ ਪਾ ਕੇ ਹਿੰਦੂ-ਸਿੱਖ ਏਕਤਾ ਦੇ ਨਾਅਰੇ ਹੇਠ ਸਿੱਖੀ ਹੋਂਦ ਨੂੰ ਢਾਹ ਲਾਉਣ ਦਾ ਬੀੜਾ ਚੁੱਕਿਆ ਹੈ । ਦੂਸਰੇ ਪਾਸੇ ਸ਼ਿਵ ਸੈਨਾ ਬਜਰੰਗ ਦਲ ਅਤੇ ਰਾਸ਼ਟਰੀ ਸ਼ਵੈਯੰ ਸੰਘ ਵਰਗੀਆਂ ਜਥੇਬੰਦੀਆਂ ਨੂੰ ਖੜ੍ਹਾ ਕਰ ਰੱਖਿਆ ਹੈ । ਤੀਸਰੇ ਪਾਸੇ, ਦਾੜ੍ਹੀ ਕੇਸਾਂ ਵਾਲੇ ਬੰਦਿਆਂ ਨੂੰ ਖ਼ਰੀਦ ਕੇ ਰਾਸ਼ਟਰੀ ਸਿੱਖ ਸੰਗਤ ਦੇ ਨਾਉਂ ਹੇਠ ਸਿੱਖੀ ਵਿਚ ਘੁਸਪੈਠ ਕਰ ਕੇ ਸਿੱਖ ਵਿਚਾਰਧਾਰਾ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਵਿਗਾੜਨ ’ਤੇ ਤੁਲੇ ਹੋਏ ਹਨ । ਅੱਜ ਤੋਂ ਤਕਰੀਬਨ ਨੌਂ ਦਸ ਸਾਲ ਪਹਿਲਾਂ ਇਨ੍ਹਾਂ ਦੀ ਇਸ ਚਾਲ ਨੂੰ ਨੰਗਾ ਕਰਨ ਲਈ ਦੋ ਛੋਟੇ-ਛੋਟੇ ਕਿਤਾਬਚੇ, ਰਾਸ਼ਟਰੀ ਸਿੱਖ ਸੰਗਤ ਝੂਠ ਦਾ ਪੁਲੰਦਾ ਅਤੇ ਆਰ.ਐੱਸ.ਐੱਸ. ਝੂਠ ਦਾ ਪੁਲੰਦਾ ਛਾਪ ਕੇ ਸੰਗਤਾਂ ਵਿਚ ਵੰਡੇ ਸਨ ਅਤੇ ਸੰਗਤਾਂ ਦੀ ਮੰਗ ਨੂੰ ਮੁੱਖ ਰੱਖ ਕੇ ਫੇਰ ਭੀ ਵੰਡੇ ਹਨ । ਤੀਸਰਾ ਟ੍ਰੈਕਟ ‘ਜਾਗਹੁ ਜਾਗਹੁ ਸੁਤਿਹੋ’ ਦੇ ਨਾਉਂ ਹੇਠ ਆਰ.ਐੱਸ.ਐੱਸ. ਦੇ ਜਥੇਬੰਦਕ ਢਾਂਚੇ ਦੇ ਪ੍ਰਬੰਧ ਬਾਰੇ ਛਾਪਿਆ ਸੀ ਜਿਸ ਬਾਰੇ ਸੰਗਤਾਂ ਤੋਂ ਬਹੁਤ ਖ਼ੁਸ਼ੀਆਂ ਪ੍ਰਾਪਤ ਹੋਈਆਂ ਹਨ ।

ਗੁਰੂ ਸਾਹਿਬ ਨੇ ਤਾਂ ‘ਵਾਹਿਗੁਰੂ ਜੀ ਕਾ ਖ਼ਾਲਸਾ’ ਬਣਾਇਆ ਸੀ ਪਰ ਇਨ੍ਹਾਂ ਨੇ ਰਾਸ਼ਟਰੀ ਸਿੱਖ ਸੰਗਤ ਬਣਾਈ ਹੈ ਜਿਸ ਤੋਂ ਸਾਫ਼ ਪਤਾ ਚਲਦਾ ਹੈ ਕਿ ਇਸ ਸੰਸਥਾ ਦਾ ਅਕਾਲ ਪੁਰਖ ਵਾਹਿਗੁਰੂ ਨਾਲ ਕੋਈ ਸੰਬੰਧ ਨਹੀਂ ਬਲਕਿ ਹਿੰਦੂ, ਹਿੰਦੀ ਵਾਲੇ ਰਾਸ਼ਟਰ ਲਈ ਹੈ । ਪੰਜਾਬੀ ਵਿਚ ਇਹ ਰਾਸ਼ਟਰੀ ਸਿੱਖ ਸੰਗਤ ਹੈ ਪਰ ਹਿੰਦੀ ਅਤੇ ਅੰਗਰੇਜ਼ੀ ਵਿਚ ਇਹ ਆਰ.ਐੱਸ.ਐੱਸ. ਹੈ । ਕੁੜਤਾ ਪਜਾਮਾ ਪਾ ਕੇ ਜੋ ਰਾਸ਼ਟਰੀ ਸਿੱਖ ਬਣ ਜਾਂਦੇ ਹਨ ਉਹੀ ਖਾਕੀ ਨਿੱਕਰ ਅਤੇ ਟੋਪੀ ਪਾ ਕੇ ਆਰ.ਐੱਸ.ਐੱਸ. ਵਾਲੇ ਬਣ ਜਾਂਦੇ ਹਨ ।



ਰਾਸ਼ਟਰੀ ਸਿੱਖ ਸੰਗਤ ਦੇ ਪੂਰੇ ਕਾਰ-ਵਿਹਾਰ, ਉਦੇਸ਼ ਅਤੇ ਸੰਗਠਨ ਬਾਰੇ ਡਾ. ਸੁਖਬੀਰ ਸਿੰਘ ਉਦੋਕੇ ਨੇ ਤਸਵੀਰਾਂ ਸਹਿਤ ‘ਤਬੈ ਰੋਸ ਜਾਗਯੋ’ ਨਾਮ ਦੀ 584 ਪੰਨੇ ਦੀ ਕਿਤਾਬ ਛਾਪੀ ਹੈ ਪਰ ਪੰਥ ਦੀ ਬਦਕਿਸਮਤੀ ਹੈ ਕਿ ਜਿਸ ਤਰ੍ਹਾਂ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ ਸਭ ਨੇ ਚੁੱਪ ਵੱਟ ਲਈ । ਸੰਤ ਸਮਾਜ ਤਾਂ ਡੇਰੇ ਬਣਾਉਣ, ਮੱਥੇ ਟਿਕਾ ਕੇ ਪੈਸਾ ਇਕੱਠਾ ਕਰਨ ਅਤੇ ਤੀਹ-ਤੀਹ ਲੱਖ ਦੀਆਂ ਏਅਰ ਕੰਡੀਸ਼ਨ ਗੱਡੀਆਂ ਦੇ ਹੁਲਾਰੇ ਵਿਚ ਮਸਤ ਹੈ । ਰਾਜਸੀ ਧੜੇ ਨੇ ਕੁਰਸੀ ਲਈ ਇਨ੍ਹਾਂ ਨਾਲ ਗਲਵਕੜੀ ਪਾ ਲਈ, ਇਸ ਲਈ ਦੜ ਵੱਟੀ ਹੋਈ ਹੈ ਅਤੇ ਜੇ ਕੋਈ ਸਾਡੇ ਵਰਗਾ ਕਮਲਾ ਜਗਾਉਣ ਦੀ ਕੋਸ਼ਸ਼ ਕਰੇ ਉੱਤਰ ਹੁੰਦਾ ਹੈ ‘ਚੱਲ ਹੋਊ’, ਉਹ ਜਾਣੇ ਆਪ ਭੁਗਤਣਗੇ । ਇੰਦਰ ਸਿੰਘ ਘੱਗਾ, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਜਾਂ ਹੋਰ ਅਖੌਤੀ ਸਿੱਖ ਵਿਦਵਾਨ ਤਬਕਾ, ਕਾਮਰੇਡੀ ਪਰਛਾਵੇਂ ਹੇਠ ਸਿੱਖਾਂ ਨੂੰ ਬ੍ਰਾਹਮਣਵਾਦੀ ਕਹਿ ਕੇ ਤਾਂ ਭੰਡ ਰਿਹਾ ਹੈ ਪਰ ਆਰ.ਐੱਸ.ਐੱਸ. ਦੇ ਖ਼ਿਲਾਫ਼ ਇਕ ਲਾਈਨ ਭੀ ਲਿਖਣ ਨੂੰ ਤਿਆਰ ਨਹੀਂ ਕਿਉਂਕਿ ਸਿੱਖਾਂ ਨੂੰ ਦਿਸ਼ਾਹੀਣ ਕਰਨ ਦਾ ਇਨ੍ਹਾਂ ਦਾ ਆਪਣਾ ਏਜੰਡਾ ਹੈ ।

❃❃❃

# ਰੱਬ ਕੋਲੋਂ ਡਰ ਸੱਜਣਾ

ਸਨਾਤਨ ਧਰਮ ਦੇ ਧਾਰਮਿਕ ਗ੍ਰੰਥਾਂ, ਵੇਦਾਂ, ਸ਼ਾਸਤਰਾਂ ਅਤੇ ਸਿਮ੍ਰਿਤੀਆਂ ਅਨੁਸਾਰ ਸਾਰੀ ਸ੍ਰਿਸ਼ਟੀ ਬ੍ਰਹਮਾ ਜੀ ਨੇ ਬਣਾਈ ਹੈ, ਵਿਸ਼ਨੂੰ ਜੀ ਸਾਰੇ ਜੀਵਾਂ ਨੂੰ ਆਹਾਰ ਪਹੁੰਚਾਉਂਦੇ ਹਨ ਅਤੇ ਸ਼ਿਵ ਜੀ ਸਾਰੇ ਜੀਵਾਂ ਦਾ ਖ਼ਾਤਮਾ ਕਰਦੇ ਹਨ । ਪਰਮੇਸ਼ਰ ਦੀਆਂ ਵੰਡੀਆਂ ਪਾਉਣ ਵਾਲੀ ਇਸ ਸੋਚ ਨੇ ਮਨੁੱਖ ਜਾਤੀ ਵਿਚ ਭੀ ਵੰਡਾਂ ਪਾ ਦਿੱਤੀਆਂ । ਇਨ੍ਹਾਂ ਦੇ ਧਾਰਮਿਕ ਵੀਚਾਰਾਂ ਅਨੁਸਾਰ ਬ੍ਰਾਹਮਣ, ਬ੍ਰਹਮਾ ਜੀ ਦੇ ਮੁੱਖ ਤੋਂ ਪੈਦਾ ਹੋਣ ਕਾਰਨ ਸਭ ਤੋਂ ਸ੍ਰੇਸ਼ਠ, ਪੂਜਣਯੋਗ ਹੈ । ਖੱਤਰੀ, ਬ੍ਰਹਮਾ ਜੀ ਦੀਆਂ ਬਾਹਵਾਂ ਤੋਂ ਪੈਦਾ ਹੋਣ ਕਾਰਨ ਸ਼ਕਤੀਸ਼ਾਲੀ, ਰਾਜ ਦਾ ਅਧਿਕਾਰੀ, ਵੈਸ਼ ਪੇਟ ਤੋਂ ਪੈਦਾ ਹੋ ਕੇ ਵਣਜ ਵਪਾਰ ਅਤੇ ਖੇਤੀ ਕਰਦਾ ਹੈ ਅਤੇ ਸ਼ੂਦਰ ਪੈਰਾਂ ਤੋਂ ਉਤਪੰਨ ਹੋ ਕੇ ਇਨ੍ਹਾਂ ਸਾਰਿਆਂ ਦੀ ਸੇਵਾ ਕਰਨ ਲਈ ਬਣਿਆ ਹੈ ।

ਧਰਮ ਇਕ ਜੀਵਨ ਜਾਚ ਅਤੇ ਵੀਚਾਰਧਾਰਾ ਹੈ, ਜਿਸ ਨਾਲ ਪ੍ਰਾਣੀ ਮਾਤਰ ਦਾ ਲੋਕ-ਪ੍ਰਲੋਕ ਸੁਖੀ ਹੁੰਦਾ ਹੈ । ਕਿਉਂਕਿ ਧਾਰਮਿਕ ਗ੍ਰੰਥਾਂ ਦੇ ਪੜ੍ਹਨ ਅਤੇ ਪੜ੍ਹਾਉਣ ਦਾ ਅਧਿਕਾਰੀ ਕੇਵਲ ਬ੍ਰਾਹਮਣ ਸੀ, ਇਸ ਲਈ ਨਿਰਪੱਖ ਸੋਚ ਨਾਲ ਸੋਚਿਆਂ ਕਿਹਾ ਜਾ ਸਕਦਾ ਹੈ ਕਿ ਸਨਾਤਨ ਧਰਮੀ ਜਿਸ ਨੂੰ ਅੱਜਕੱਲ੍ਹ ਹਿੰਦੂ ਕਿਹਾ ਜਾਂਦਾ ਹੈ ਕੇਵਲ ਬ੍ਰਾਹਮਣ ਹੀ ਹੋ ਸਕਦਾ ਹੈ । ਕਿਉਂਕਿ ਜਦੋਂ ਹੋਰ ਕੋਈ ਧਾਰਮਿਕ ਗ੍ਰੰਥ ਪੜ੍ਹਨ ਦਾ ਅਧਿਕਾਰੀ ਹੀ ਨਹੀਂ ਤਾਂ ਉਹ ਇਨ੍ਹਾਂ ਗ੍ਰੰਥਾਂ ਦੀ ਵੀਚਾਰ ਕਿਸ ਤਰ੍ਹਾਂ ਅਪਣਾਏਗਾ?

ਧਾਰਮਿਕ ਗ੍ਰੰਥਾਂ ਦੀ ਬਣਾਈ ਮਨੁੱਖੀ ਵੰਡ ਪ੍ਰਣਾਲੀ ਅਨੁਸਾਰ, ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਦੇ ਜੀਵਨ ਵਿਚ ਐਸ਼ਪ੍ਰਸਤੀ ਦੇ ਅਨੇਕ ਸਾਧਨ ਆਪਣੀ ਚਤੁਰ ਬੁੱਧੀ ਨਾਲ ਧਾਰਮਿਕ ਗ੍ਰੰਥਾਂ ਦਾ ਸਹਾਰਾ ਲੈ ਕੇ ਸਹਿਜੇ ਹੀ ਉਪਲਬਧ ਕਰ ਲਏ ਅਤੇ ਨੀਵੀਂ ਜਾਤਾਂ ਦੇ ਬੰਦਿਆਂ ਤੇ ਅਨੇਕਾਂ ਅਤਿਆਚਾਰ ਕੀਤੇ ਹਨ ।

ਮਹਾਤਮਾ ਗੌਤਮ ਬੁੱਧ ਜੀ ਨੇ ਇਸ ਵੰਡ ਪ੍ਰਣਾਲੀ ਨੂੰ ਨਜਾਇਜ਼ ਦੱਸ ਕੇ ਮਨੁੱਖ ਜਾਤੀ ਦੀ ਬਰਾਬਰੀ ਦਾ ਪ੍ਰਚਾਰ ਕੀਤਾ । ਬੁੱਧ ਧਰਮ, ਅਸ਼ੋਕ ਦੇ ਰਾਜ ਕਾਲ ਵਿਚ ਰਾਜ ਧਰਮ ਬਣ ਗਿਆ ਅਤੇ ਇਸ ਤਰ੍ਹਾਂ ਬ੍ਰਾਹਮਣ ਦੀ ਸਮਾਜਿਕ ਅਤੇ ਆਰਥਿਕ ਸਰਦਾਰੀ ਨੂੰ ਕਰਾਰੀ ਸੱਟ ਲੱਗੀ ।

ਬੁੱਧ ਧਰਮ ਦੇ ਰਾਜ ਦਾ ਪਤਨ ਹੋਣ ਤੇ ਬ੍ਰਾਹਮਣ ਨੇ ਸ਼ੰਕਰਾਚਾਰੀਆ ਦੇ ਰੂਪ ਵਿਚ ਰਾਜਪੂਤ ਰਾਜਿਆਂ ਦੀ ਮੱਦਦ ਨਾਲ, ਬੋਧ ਮੱਠ ਢਾਹ, ਬੁੱਧ ਧਰਮ ਦੀਆਂ ਲਾਇਬ੍ਰੇਰੀਆਂ ਸਾੜ ਕੇ ਅਤੇ ਬੋਧੀਆਂ ਦਾ ਕਤਲੇਆਮ ਕਰਾ ਕੇ, ਦੇਸ ਵਿੱਚੋਂ ਬੁੱਧ ਧਰਮ ਦਾ ਸਫ਼ਾਇਆ ਕਰਨ ਉਪਰੰਤ ਫਿਰ ਆਪਣੀ ਸਰਦਾਰੀ ਕਾਇਮ ਕਰ ਲਈ।



ਇਸਲ਼ਾਮ ਧਰਮ ਇਕ ਤਾਂ ਵਿਦੇਸ਼ ਵਿੱਚੋਂ ਆਇਆ ਸੀ ਦੂਸਰੇ ਕਿਉਂਕਿ ਇਸਲਾਮ ਨੂੰ ਮੰਨਣ ਵਾਲੇ ਤਲਵਾਰ ਦੇ ਜ਼ੋਰ ਤੇ ਦੇਸ ਦੇ ਹਾਕਮ ਬਣੇ ਸੀ, ਜਿਨ੍ਹਾਂ ਅੱਗੇ ਹਿੰਦੂ ਰਾਜਿਆਂ ਦੀ ਕੋਈ ਪੇਸ਼ ਨਹੀਂ ਚਲਦੀ ਸੀ, ਇਸ ਲਈ ਬ੍ਰਾਹਮਣ ਕੁਝ ਕਰ ਨਹੀਂ ਸਕਿਆ । ਇਸਲ਼ਾਮ ਭੀ ਮਨੁੱਖੀ ਬਰਾਬਰਤਾ ਦਾ ਹਾਮੀ ਹੈ । ਇਸ ਲਈ ਇਸਲ਼ਾਮ ਦੇ ਆਉਣ ਨਾਲ, ਜੋ ਦੇਸ-ਵਾਸੀ ਮੁਸਲਮਾਨ ਬਣ ਗਏ ਉਨ੍ਹਾਂ ਦਾ ਛੁਟਕਾਰਾ ਤਾਂ ਬ੍ਰਾਹਮਣ ਤੋਂ ਹੋ ਗਿਆ ਪਰ ਜਿਨ੍ਹਾਂ ਦੇਸ ਵਾਸੀਆਂ ਨੇ ਇਸਲ਼ਾਮ ਕਬੂਲ ਨਾ ਕੀਤਾ, ਉਨ੍ਹਾਂ ਉਪਰ ਬ੍ਰਾਹਮਣ ਦੀ ਜਕੜ ਬ-ਦਸਤੂਰ ਕਾਇਮ ਰਹੀ ।

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਵੀਚਾਰਧਾਰਾ ਦੇਸ ਵਿਚ ਪ੍ਰਵੇਸ਼ ਕਰਨ ਨਾਲ ਇਕ ਨਵੀਂ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਇਸ ਦੇਸ ਵਿਚ ਆਈ । ਗੁਰੂ ਸਾਹਿਬਾਨ ਦਾ ਉਪਦੇਸ਼ ਸੀ ਕਿ ਪਰਮੇਸ਼ਰ ਇਕ, ਦੋ ਜਾਂ ਤਿੰਨ ਨਹੀਂ ਬਲਕਿ ਕੇਵਲ ਇਕ ਹੀ ਹੈ ਅਤੇ ਸਾਰੀ ਮਨੁੱਖ ਜਾਤੀ ਇਕ ਪਰਮੇਸ਼ਰ ਦੇ ਬੱਚੇ ਹਨ ਅਤੇ ਸਭ ਵਿਚ ਇਕ ਪਰਮੇਸ਼ਰ ਦੀ ਜੋਤ ਹੈ । ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਬਖ਼ਸ਼ਿਆ ਮੂਲ ਮੰਤਰ:

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ**
**ਅਜੂਨੀ ਸੈਭੰ ਗੁਰਪ੍ਰਸਾਦਿ ॥**

ਦੇ ਪ੍ਰਚਾਰ ਨਾਲ ਜਨਤਾ ਦੇ ਦਿਲਾਂ ਤੋਂ ਬ੍ਰਹਮਾ ਵਿਸ਼ਨੂੰ ਮਹੇਸ਼ ਦਾ ਭੈ ਲੱਥ ਗਿਆ । ਇਸੇ ਤਰ੍ਹਾਂ ਗੁਰਬਾਣੀ ਦੇ ਹੇਠਲੇ ਸਿਧਾਂਤ:

**ਸਭ ਮਹਿ ਜੋਤਿ ਜੋਤਿ ਹੈ ਸੋਇ ॥** (ਅੰਗ ੬੬੩)
**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥** (ਅੰਗ ੩੪੯)
**ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥** (ਅੰਗ ੧੦੯੪)
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥**
(ਅਕਾਲ ਉਸਤਤ ੮੫)

ਦੇ ਪ੍ਰਚਾਰ ਨਾਲ ਗੁਰੂ ਸਾਹਿਬ ਦੀ ਸ਼ਰਨ ਵਿਚ ਆਏ ਦੇਸ ਵਾਸੀ, ਬ੍ਰਾਹਮਣ ਦੀ ਅਜਾਰੇਦਾਰੀ ਤੋਂ ਮੁਕਤ ਹੋ ਗਏ । ਇਸ ਦੇ ਫ਼ਲਸਰੂਪ ਬ੍ਰਾਹਮਣ ਦੇ ਸਮਾਜਿਕ ਸਤਿਕਾਰ ਅਤੇ ਆਰਥਿਕ ਸਥਿਤੀ ਨੂੰ ਕਰਾਰੀ ਸੱਟ ਲੱਗੀ । ਜਿੱਥੇ ਬਾਕੀ ਸਾਰੇ ਦੇਸ ਵਾਸੀ ਬ੍ਰਾਹਮਣ ਨੂੰ ਦੇਵਤੇ ਵਾਂਗ ਪੂਜਦੇ ਸੀ ਉੱਥੇ ਸਿੱਖ ਸਰਦਾਰਾਂ ਦੇ ਘਰਾਂ ਵਿਚ ਬ੍ਰਾਹਮਣ ਅਤੇ ਬ੍ਰਾਹਮਣੀ ਆਮ ਲਾਗੀਆਂ ਵਾਂਗ ਕੰਮ ਕਰਦੇ ਸਨ । ਵਿਆਹ ਸ਼ਾਦੀਆ ਦੇ ਸਮੇਂ ਬ੍ਰਾਹਮਣੀ ਰੋਟੀ ਬਣਾਉਂਦੀ ਅਤੇ ਭਾਂਡੇ ਮਾਂਜਦੀ ਸੀ ਅਤੇ ਬ੍ਰਾਹਮਣ ਭੀ ਖਾਣਾ ਬਣਾਉਣ ਅਤੇ ਪਰੋਸਣ ਦਾ ਕੰਮ ਕਰਦਾ ਸੀ ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਦੇ ਉੱਦਮ ਸਦਕਾ ਜਦੋਂ 22 ਮੰਜੀਆਂ

ਸਥਾਪਿਤ ਹੋ ਗਈਆਂ ਅਤੇ ਸਾਰੇ ਦੇਸ ਵਿਚ ਸਿੱਖੀ ਦੇ ਪ੍ਰਚਾਰ ਕਾਰਨ ਵੱਡੇ ਪੱਧਰ ਤੇ ਲੋਕ ਬ੍ਰਾਹਮਣ ਦੀ ਗ਼ੁਲਾਮੀ ਤੋਂ ਅਜ਼ਾਦ ਹੋਣ ਲੱਗੇ ਤਾਂ ਬ੍ਰਾਹਮਣ ਵਰਗ ਬਹੁਤ ਦੁਖੀ ਹੋਇਆ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ, ਈਰਾਨ ਦਾ ਇਕ ਸੈਲਾਨੀ ਮੁਹਸਨ ਫ਼ਾਨੀ ਜਿਸ ਨੇ ਗੁਰੂ ਸਾਹਿਬ ਦੇ ਖ਼ੁਦ ਦਰਸ਼ਨ ਕੀਤੇ ਸਨ ਕਈ ਵਾਰ ਮਿਲਣ ਪਿੱਛੋਂ ਜਦੋਂ ਵਾਪਸ ਦੇਸ ਪਰਤਿਆ ਤਾਂ ਉੱਥੋਂ ਭੀ ਚਿੱਠੀਆਂ ਲਿਖਦਾ ਰਿਹਾ, ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਵਿਚ ਨਾਨਕ ਪੰਥੀਆਂ ਬਾਰੇ ਲਿਖਦਾ ਹੈ ਕਿ ਗੁਰੂ ਦੇ ਸਿੱਖ ਨਾ ਹਿੰਦੂਆਂ ਵਾਂਗ ਮੰਦਰਾਂ ਵਿਚ ਜਾ ਕੇ ਬੁੱਤ ਪੂਜਦੇ ਹਨ ਅਤੇ ਨਾ ਹੀ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਨੂੰ ਮੰਨਦੇ ਹਨ । ('ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪੱਤਰੇ' ਕ੍ਰਿਤ ਡਾ. ਗੰਡਾ ਸਿੰਘ) ।

ਵਿਦੇਸ਼ੀਆਂ ਦਾ ਰਾਜ ਹੋਣ ਕਾਰਨ ਬ੍ਰਾਹਮਣ ਕੁਝ ਕਰ ਤਾਂ ਸਕਦੇ ਨਹੀਂ ਸਨ ਪਰ ਅੰਦਰੋਂ ਦੁਖੀ ਹੋ ਕੇ ਹਾਕਮਾਂ ਕੋਲ, ਮੌਕਾ ਤਾੜ ਕੇ ਸ਼ਿਕਾਇਤ ਕਰਨ ਤੋਂ ਢਿੱਲ ਨਹੀਂ ਕਰਦੇ ਸਨ । ਪਹਿਲਾਂ ਬਾਦਸ਼ਾਹ ਅਕਬਰ ਕੋਲ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਿਕਾਇਤ ਕੀਤੀ । ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਆਪ ਮਿਲ ਕੇ ਸਾਰੀ ਗੱਲ ਸਮਝ ਕੇ ਕੋਈ ਅਮਲ ਨਾ ਕੀਤਾ ਬਲਕਿ ਗੁਰੂ ਸਾਹਿਬ ਦਾ ਸ਼ਰਧਾਲੂ ਹੋ ਗਿਆ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਬਾਰੇ ਭੀ ਕਈ ਉਪੱਦਰ ਕੀਤੇ ।

ਦੂਸਰੇ ਪਾਸੇ ਜੋ ਪਿੰਡਾਂ ਸ਼ਹਿਰਾਂ ਵਿਚ ਸਿੱਖ ਰਹਿੰਦੇ ਸਨ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਹਿ ਕੇ ਮਾਨਸਿਕ ਪੀੜਾ ਦਿੰਦੇ ਸਨ । ਜਿਸ ਦਾ ਵਰਨਨ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਰਚਨਾ ਭਗਤ ਰਤਨਾਵਲੀ ਵਿਚ ਵਿਸਤਾਰ ਨਾਲ ਮਿਲਦਾ ਹੈ । ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਪੁਸਤਕ ਗੁਰਮਤਿ ਸੁਧਾਰਕ ਪੰਨਾ 205 ਤੋਂ 210 ਤੱਕ ਛਪੇ, ਇਹ ਲਿਖਤ ਸੰਗਤਾਂ ਦੀ ਜਾਣਕਾਰੀ ਲਈ ਦਿੱਤੀ ਜਾਂਦੀ ਹੈ ।

## ਟੀਕਾ ਤੇਈਵੀਂ ਪਉੜੀ ਦਾ

(੧) ਭਾਈ ਢੇਸੀ, ਭਾਈ ਜੋਧਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ ਤੇ ਉਨ੍ਹਾਂ ਨੇ ਅਰਦਾਸ ਕੀਤੀ, 'ਸੱਚੇ ਪਾਤਸ਼ਾਹ! ਅਸਾਂ ਨੂੰ ਪੰਡਤ ਲੋਕੀ ਪੰਗਤ ਵਿਚ ਨਹੀਂ ਬੈਠਣ ਦਿੰਦੇ, ਜੋ ਤੁਸੀਂ ਬ੍ਰਾਹਮਣ ਜਗਤ ਗੁਰੂ ਦੇ ਸਿੱਖ ਨਾ ਹੋ ਕੇ ਖੱਤਰੀ (ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ) ਦੇ ਸਿੱਖ ਹੋਏ ਹੋ, ਤੇ ਗੰਗਾ ਕਾਸ਼ੀ ਆਦਿ ਤੀਰਥ ਜੋ ਸ਼ਿਵ ਤੇ ਵਿਸ਼ਨੂੰ ਦੀ ਪੁਰੀਆਂ ਹੈਂਨ ਉਨ੍ਹਾਂ ਦੀ ਸੇਵਨ ਛੱਡ ਕੇ ਅੰਮ੍ਰਿਤਸਰ ਕ੍ਰਿਤਮੀ ਤੀਰਥ ਸੇਂਵਦੇ ਹੋ, ਤੇ ਵੇਦਾਂ ਦੀ ਬ੍ਰਹਮਬਾਣੀ ਤਿਆਗ ਕੇ ਭਾਖਾ ਬਾਣੀ ਗੁਰੂ ਕੇ ਸ਼ਬਦ ਗਾਂਵਦੇ ਹੋ, ਤੇ ਜਨਮ ਅਸ਼ਟਮੀ, ਸ਼ਿਵਰਾਤਰੀ, ਏਕਾਦਸੀ ਤਿਆਗ ਕੇ



ਸੰਤਾਂ ਸਿੱਖਾਂ ਦੀ ਉਚਿਸ਼ਟੀ ਭੋਜਨ ਕਰਦੇ ਹੋ, ਗਾਇਤ੍ਰੀ, ਤਰਪਣ, ਸੰਧਿਆ, ਪਿੰਡ, ਪੱਤਲ, ਜਨਮ-ਮਰਨ ਦੀ ਕਿਰਿਆ ਤਿਆਗ ਕੇ ਅਰਦਾਸ ਦੇ ਕੜਾਹ ਮ੍ਰਿਤਕ ਦੇ ਪਾਂਵਦੇ ਹੋ । ਹੇ ਗੁਰੂ ਗ਼ਰੀਬ ਨਿਵਾਜ਼ ! ਅਸੀਂ ਤੇਰੀ ਸ਼ਰਨ ਹਾਂ, ਅਸਾਡਾ ਤੁਸਾਂ ਉਧਾਰ ਕੀਤਾ ਹੈ ਤਾਂ ਜੋ ਬ੍ਰਾਹਮਣ ਦਾ ਅਭਿਮਾਨ ਅਸਾਂ ਤੋਂ ਦੂਰ ਹੋਇਆ ਹੈ, ਤੇਰੇ ਸੰਤਾਂ ਦਾ ਤੇ ਤੁਹਾਡੀ ਰਸਨਾ ਦਾ ਸੀਤ ਪ੍ਰਸਾਦਿ ਅਸਾਂ ਨੂੰ ਪ੍ਰਾਪਤ ਹੋਇਆ ਹੈ, ਪਰ ਜੀ ! ਓਨਾਂ ਨੂੰ ਕੀ ਉੱਤਰ ਦੇਵੀਏ? ਬਚਨ ਹੋਇਆ, "ਏਹ ਅੰਮ੍ਰਿਤਸਰ ਨਿਰੰਕਾਰ ਦੀ ਪੁਰੀ ਹੈ ਜਿੱਥੇ ਬ੍ਰਹਮੇ ਬਿਸ਼ਨੂ ਅਰ ਸ਼ਿਵ ਦੀਆਂ ਪੁਰੀਆਂ ਔਰ ਤੀਰਥ ਸਭ ਹੀ ਪਵਿੱਤਰ ਹੁੰਦੇ ਹੈਂਨ, ਇੱਥੇ ਜਲਾਂ ਕਾ ਤੀਰਥ ਹੈ ਸਾਥ ਹੀ ਨਾਮ ਕਾ ਤੀਰਥ ਹੈ ਅਤੇ ਸਭ ਸੰਤ ਭਗਤ ਭਜਨ ਕਰਨ ਵਾਲੇ ਏਥੇ ਨਿਵਾਸ ਕਰਦੇ ਹੈਂਨ" ਬਚਨ ਹੈ:

**ਗੰਗਾ ਜਮੁਨਾ ਗੋਦਾਵਰੀ ਸਰਸੁਤੀ**
**ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥**
**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ**
**ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥** (ਅੰਗ ੧੨੬੩)

ਤਾਂ ਉਨ੍ਹਾਂ ਕਿਹਾ, 'ਮੈਲ ਤਾਂ ਜਲ ਨਾਲ ਧੋਈਦੀ ਹੈ, ਧੂੜਿ ਨਾਲ ਮੈਲ ਕਿਉਂਕਰ ਧੋਈਦੀ ਹੈ?' ਬਚਨ ਹੋਇਆ, 'ਬਸਤਰਾਂ ਵਿਚ ਭੀ ਮੈਲ ਹੁੰਦੀ ਹੈ ਤੇ ਸੱਜੀ ਸਾਬੂਣ ਭੀ ਮੈਲ ਰੂਪ ਹੈ, ਪਰ ਬਸਤਰਾਂ ਦੀ ਮੈਲ ਦੇ ਗਵਾਵਣੇ ਨੂੰ ਸਮਰੱਥ ਹੈ, ਤੈਸੇ ਬਚਨਾਂ ਦੀ ਜੋ ਧੁਨਿ ਹੈ ਸੋ ਜਲ ਹੈ, ਜੋ ਪ੍ਰੇਮ ਭਗਤਿ ਉਤਪਤ ਕਰਦੀ ਹੈ, ਹੋਰਥੇ ਇਕ ਜਲ ਦਾ ਹੀ ਤੀਰਥ ਹੈ ਇੱਥੇ ਜਲ ਦੇ ਸਾਥ ਹੀ ਨਾਮ ਦਾ ਤੀਰਥ ਹੈ, ਬਚਨ ਹੈ:

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥** (ਅੰਗ ੬੮੭)

ਗੁਰੂ ਦੇ ਸੰਤ ਸਦਾ ਸੰਜਮ ਨਾਲ ਆਹਾਰ ਕਰਦੇ ਹਨ, ਸਦਾ ਉਨ੍ਹਾਂ ਦੇ ਪਾਸ ਬਿਰਤੀ ਰਹਿੰਦੀ ਹੈ ਤੇ ਜਗਤ ਨੂੰ (ਕੇਵਲ) ਇਕ ਦਿਨ ਇਕਾਦਸ਼ੀ ਆਂਵਦੀ ਹੈ, ਬਚਨ ਹੈ:

**ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥**
**ਏਕਾਦਸੀ ਬ੍ਰਤ ਰਹੈ ਕਾਹੇ ਕੋ ਤੀਰਥ ਜਾਈ ॥** (ਅੰਗ ੭੧੮)

ਜਿਸ ਨੂੰ ਮਹਾਰਾਜ ਦੇ ਨਾਮ ਦੀ ਪ੍ਰਤੀਤ ਹੈ ਸੋ ਭਰਮ ਨਹੀਂ ਕਰਦੇ,

ਬ੍ਰਾਹਮਣ ਦਾ ਅਭਿਮਾਨ ਦੇਹ ਤੇ ਹੈ ਸੋ ਅਗਿਆਨ ਕਰਕੇ ਹੈ, ਗੁਰੂ ਕੇ ਸੰਤਾਂ ਨੂੰ ਆਤਮ ਗਿਆਨ ਹੁੰਦਾ ਹੈ, ਜੋ ਦੇਹ ਅਭਿਮਾਨੀ ਹਨ ਸੋਈ ਚੰਡਾਲ ਹਨ, ਬ੍ਰਾਹਮਣ ਸੋਈ ਹੈ, ਜਿਸ ਬ੍ਰਹਮ ਨੂੰ ਪਛਾਤਾ ਹੈ, ਬਚਨ ਹੈ:

**ਕਹੁ ਕਬੀਰ ਜੋ ਬ੍ਰਹਮੁ ਬੀਚਾਰੇ॥**

**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੇ ॥** (ਅੰਗ ੩੨੪)

ਤਾਂ ਤੇ ਤੁਸੀਂ ਬ੍ਰਹਮ ਨੂੰ ਚੀਨੋ ਤੇ ਆਪਣਾ ਸਰੂਪ ਵੀਚਾਰੋ, ਗਾਇਤ੍ਰੀ ਤਰਪਣ ਪਿੰਡ ਪੱਤਲ ਕਰਕੇ ਪਿੱਤਰ ਲੋਕ ਨੂੰ ਪ੍ਰਾਪਤ ਹੋਈਦਾ ਹੈ, ਵਾਹਿਗੁਰੂ ਦੇ ਨਾਮ ਜਪਣ ਕਰ ਕੇ ਵਾਹਿਗੁਰੂ ਦੇ ਚਰਨਾਂ ਨੂੰ ਜਾਇ ਪ੍ਰਾਪਤ ਹੋਈਦਾ ਹੈ, ਪਿੱਤਰ ਲੋਕ ਨੂੰ ਵਾਹਿਗੁਰੂ ਕੇ ਸੰਤ ਕਦੋਂ ਚਾਹੁੰਦੇ ਹਨ? ਜੈਸੇ ਰਾਜਾ ਇਕ ਪਿੰਡ ਤੇ ਰਾਜ਼ੀ ਨਹੀਂ ਹੁੰਦਾ ਤੇ ਗ਼ਰੀਬ ਰਾਜ਼ੀ ਹੁੰਦਾ ਹੈ, ਤੈਸੇ ਨਰਕੀ ਜੀਵ ਪਿੱਤਰ ਲੋਕ ਤੇ ਰਾਜ਼ੀ ਹਨ, ਗੁਰੂ ਕੇ ਸੰਤ ਸਵਰਗ ਦੀ ਭੀ ਚਾਹ ਨਹੀਂ ਕਰਦੇ ।

## ਟੀਕਾ ਚੌਬਹਵੀਂ ਪਉੜੀ ਦਾ

(੨) ਪੈੜਾ ਚੰਡਾਲੀਆ ਤੇ ਜੇਠਾ ਸੇਠੀ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਆਏ ਤੇ ਬਚਨ ਕੀਤੋ ਨੇ, "ਤੁਸਾਡੇ ਬਚਨ ਕਰਕੇ ਅਸੀਂ ਕਿਰਤ ਕਰਕੇ ਪ੍ਰਸਾਦ ਸੰਤਾਂ ਨਾਲ ਵਰਤ ਖਾਂਦੇ ਹਾਂ ਤੇ ਅਸੀਂ ਨੂੰ ਬ੍ਰਾਹਮਣ ਕਹਿੰਦੇ ਹਨ, ਪਹਿਲੇ ਚੱਕੀ ਪੀਸਣ ਕਰ, ਬਹੁੜ ਉੱਖਲੀ ਦੇ ਕੁੱਟਣ ਵਿਚ, ਚੁੱਲ੍ਹੇ ਦੇ ਤਪਾਣ ਕਰ, ਝਾੜੂ ਦੇ ਫੇਰਨ ਕਰ, ਅਰ ਆਟੇ ਦੇ ਛਾਣਨ ਕਰ ਜੀਉ ਹਿੰਸਾ ਹੁੰਦੀ ਹੈ, ਅਸੀਂ ਦੇਵਤਿਆਂ ਦਾ ਹੋਮ ਅਹੂਤੀਆਂ ਅਗਨੀ ਵਿਚ ਡਾਲ ਦੇਂਦੇ ਹਾਂ ਤਾਂ ਪਿੱਛੋਂ ਪ੍ਰਸਾਦ ਖਾਂਦੇ ਹਾਂ, ਤੇ ਤੁਸੀਂ ਅਹੂਤੀਆਂ ਨਹੀਂ ਕਰਦੇ, ਤੁਸਾਡਾ ਪ੍ਰਸਾਦਿ ਕਿਉਂ ਕਰ ਪਵਿੱਤਰ ਹੁੰਦਾ ਹੈ? ਬਚਨ ਹੋਇਆ, "ਤੁਸੀਂ ਪ੍ਰਿਥਮੇ ਜੋ ਗ਼ਰੀਬਾਂ ਸੰਤਾਂ ਨੂੰ ਪ੍ਰਸਾਦਿ ਛਕਾਵੋਗੇ ਤੇ ਆਪ ਭੀ ਅਰਦਾਸ ਕਰਕੇ ਤੇ ਵਾਹਿਗੁਰੂ ਨਾਮ ਲੈ ਕੇ ਮੁੱਖ ਪਾਵੋਗੇ ਤਾਂ ਵਾਹਿਗੁਰੂ ਤੁਸਾਡੇ ਪਰ ਪ੍ਰਸੰਨ ਹੋਵੇਗਾ, ਵਿਘਨ ਤੁਸਾਡੇ ਨਿਵਿਰਤ ਹੋਣਗੇ ।"

## ਟੀਕਾ ਛੱਬੀਹਵੀਂ ਪਉੜੀ ਦਾ

(੩) ਸਿੱਖਾਂ ਅਰਦਾਸ ਕੀਤੀ, "ਜੀ ਸੱਚੇ ਪਾਤਸ਼ਾਹ ਕਸ਼ਮੀਰ ਵਿਚ ਜੋ ਪੰਡਤ ਹੈਂਨ ਸੋ ਗੁਰੂ ਕੀ ਬਾਣੀ ਸਿੱਖਾਂ ਨੂੰ ਪੜ੍ਹਨ ਨਹੀਂ ਦੇਂਦੇ, ਕਹਿੰਦੇ ਹੈਂਨ ਜੁ ਸੰਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਾਨੁਖ ਬਾਣੀ ਹੈ, ਤੇ ਤੁਸਾਂ ਸਭ ਨਿੱਤ ਨਮਿੱਤ ਕਰਮ ਛੱਡ ਦਿੱਤੇ ਹੈਂਨ, ਅਸੀਂ ਤੁਸਾਡੇ ਨਾਲ ਵਰਤਣ ਨਹੀਂ ਕਰਦੇ" ਤਾਂ ਮਾਧੋ ਸੋਢੀ ਨੂੰ ਆਗਿਆ ਹੋਈ, "ਤੇਰੇ ਬਚਨਾਂ ਵਿਚ ਮੈਂ ਬਲ ਪਾਇਆ ਹੈ, ਤੂੰ ਜਾਇਕੇ ਕਸ਼ਮੀਰ ਵਿਚ ਗੁਰਸਿੱਖੀ ਦੀ ਰੀਤ ਚਲਾਉ।"

## ਟੀਕਾ ਅਠਾਈਵੀਂ ਪਉੜੀ ਦਾ

(੪) ਭਾਈ ਜੈਤਾ ਤੇ ਭਾਈ ਨੰਦਾ ਤੇ ਭਾਈ ਪਿਰਾਗਾ, ਪੰਜਵੀਂ ਪਾਤਸ਼ਾਹੀ ਦੇ ਹਜ਼ੂਰ ਆਏ ਤੇ ਅਰਦਾਸ ਕੀਤੀ, "ਜੀ ਅਸਾਨੂੰ ਕੋਈ ਐਸੇ ਉਪਦੇਸ਼ ਦੇਈਐ ਜੋ ਅਸਾਨੂੰ ਫੇਰ ਕਰਤੱਤ ਕਰਨਾ ਕੁਛ ਨ ਰਹੈ" ਬਚਨ ਹੋਇਆ, "ਇੰਦ੍ਰੀਆਂ ਨੂੰ ਸੰਕੋਚ ਕੇ ਤੁਸਾਂ ਸ੍ਵਾਸ-ਸ੍ਵਾਸ ਵਾਹਿਗੁਰੂ ਦਾ ਭਜਨ ਕਰਨਾ, ਤੇ ਜਿਸ ਸਮੇਂ ਬਿਰਤੀ ਬਾਹਰ



ਆਵੇ ਤਿਸ ਸਮੇਂ ਸ਼ਬਦ ਦਾ ਵੀਚਾਰ ਕਰਨਾ" ਤਾਂ ਓਹ ਇਸੇ ਪ੍ਰਕਾਰ ਲੱਗੇ ਵਰਤਣ । ਬ੍ਰਾਹਮਣਾਂ ਨੇ ਉਨ੍ਹਾਂ ਨੂੰ ਕਹਿਆ, "ਤੁਸਾਂ ਨਿੱਤ ਨਮਿੱਤ ਕਰਮ ਛੱਡ ਦਿੱਤੇ ਹੈਂਨ ਤੁਸੀਂ ਭ੍ਰਸ਼ਟ ਹੋਏ ਹੋ" ਤਾਂ ਓਨਾਂ ਸਿੱਖਾਂ ਕਹਿਆ, "ਅਸਾਨੂੰ ਪੰਡਤਾਂ ਨੇ ਕਹਿਆ ਹੈ 'ਜਿਸ ਦੇ ਘਰ ਸੂਤਕ ਕੈ ਮ੍ਰਿਤਕ ਹੋਂਦਾ ਹੈ ਉਸ ਦੇ ਕਰਮ ਲੇਖੇ ਨਹੀਂ ਪੌਂਦੇ ਸੋ ਅਸੀਂ ਜਿਸ ਦਿਨ ਸਤਗੁਰਾਂ ਨੂੰ ਮਿਲੇ ਹਾਂ ਅਗਿਆਨ ਸਾਡਾ ਮਿਰਤਕ ਹੋਇਆ ਹੈ ਤੇ ਗਿਆਨ ਅਸਾਡੇ ਘਰ ਜਨਮਿਆ ਹੈ ਤਾਂ ਅਸੀਂ ਕਰਮ ਇਸੇ ਵਾਸਤੇ ਨਹੀਂ ਕਰਦੇ" ਉਨ੍ਹਾਂ ਕਹਿਆ, "ਸੂਤਕ ਤਾਂ ਥੋੜੇ ਦਿਨ ਹੋਂਦਾ ਹੈ" ਤਾਂ ਓਨਾਂ ਫੇਰ ਕਹਿਆ, "ਸਤਗੁਰਾਂ ਆਗਿਆ ਕੀਤੀ ਹੈ, 'ਜੋ ਸ੍ਵਾਸ ਨਾਭ ਥੀਂ ਉਪਜਦਾ ਹੈ ਸੋ ਜਨਮਦਾ ਹੈ, ਜੋ ਸ੍ਵਾਸ ਨਾਸਕਾ ਦੁਆਰਾ ਬਾਹਰ ਜਾਂਦਾ ਹੈ ਸੋ ਮਰਦਾ ਹੈ, ਤੁਸਾਂ ਸ੍ਵਾਸ-ਸ੍ਵਾਸ ਨਾਮ ਦਾ ਆਧਾਰ ਰੱਖਣਾ, ਅਸਾਂ ਨੂੰ ਕਰਮਾਂ ਦਾ ਸਮਾਂ ਕੋਈ ਨਹੀਂ ਹੱਥ ਆਣਾ" ਤਾਂ ਤੇ ਬ੍ਰਾਹਮਣ ਮਸ਼ਟ ਹੋ ਰਹੇ ।

**ਨੋਟ:-** ਸ੍ਰੀ ਮਾਨ ਭਾਈ ਮਨੀ ਸਿੰਘ ਜੀ ਨੇ, ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ, (ਜਿਸ ਵਿੱਚ ਛੇ ਸਤਿਗੁਰਾਂ ਦੇ ਸ਼੍ਰੋਮਣੀ ਸਿੱਖਾਂ ਦੇ ਪਵਿੱਤਰ ਨਾਉਂ ਹੈਨ) ਦੀਆਂ ਪਉੜੀਆਂ ਦਾ ਟੀਕਾ ਕੀਤਾ ਹੈ ਜਿਸ ਦਾ ਨਾਉਂ ਭਗਤ ਰਤਨਾਵਲੀ ਹੈ ।

ਇਨ੍ਹਾਂ ਸਾਖੀਆਂ ਤੋਂ ਨਿਰਸੰਸੇ ਇਹ ਸਿੱਧ ਹੁੰਦਾ ਹੈ ਕਿ ਖੰਡੇ ਦੇ ਅੰਮ੍ਰਿਤ ਤੋਂ ਪਹਿਲਾਂ ਹੀ ਗੁਰੂ ਦੇ ਸਿੱਖ ਅੰਨਯਮਤੀਆਂ ਦੇ ਬੰਧਨਾਂ ਤੋਂ ਮੁਕਤ ਹੋ ਗਏ ਸਨ । ਅੰਮ੍ਰਿਤ ਦੀ ਰੀਤ ਵਿਚ ਚਾਹੇ ਰਹਿਤ ਮਰਯਾਦਾ ਦਾ ਕੁਝ ਭੇਦ ਹੈ ਪਰ ਨਿਯਮਾਂ ਦਾ ਕੁਝ ਭੇਦ ਨਹੀਂ, ਜੋ ਸਿੱਖ ਧਰਮ ਦੇ ਅਸੂਲ ਗੁਰੂ ਨਾਨਕ ਸਾਹਿਬ ਨੇ ਆਪ ਥਾਪੇ ਹਨ ਓਹੀ ਨਿਯਮ ਕਲਗੀਧਰ ਮਹਾਰਾਜ ਨੇ ਖ਼ਾਲਸੇ ਨੂੰ ਦੱਸੇ ਹਨ, ਜੋ ਲੋਕ ਸਹਿਜਧਾਰੀ ਅਤੇ ਸਿੰਘਾਂ ਦੇ ਨਿਯਮ ਵੱਖਰੇ ਮੰਨਦੇ ਹਨ ਓਹ ਗੁਰਮਤਿ ਤੋਂ ਅਗਿਆਤ ਹਨ ।

ਇਸ ਵਿਸ਼ੇ ਤੇ ਗੁਰੁ ਪ੍ਰਤਾਪ ਸੂਰਜ ਪ੍ਰਕਾਸ਼ ਦੀ ਰਾਸਿ ੧ ਅਧਯਾਯ ੪੩ ਵਿਚ ਇਸ ਤਰ੍ਹਾਂ ਦਰਜ ਹੈ:

**ਪੰਥ ਨਵੀਨ ਪ੍ਰਕਾਸ਼ਨ ਕਰਯੋ,**
**ਭੇਦ ਬਰਨ ਜਾਤੀ ਪਰਹਰਯੋ,**
**ਚਤੁਰ ਬਰਨ ਇਕ ਦੇਗ ਅਹਾਰਾ,**
**ਇਕ ਸਮ ਸੇਵਹਿਂ ਧਰ ਉਰ ਪਯਾਰਾ,**
**ਚਰਨਾਮ੍ਰਿਤ ਕੋ ਦੇ ਸਿਖ ਕਰੈਂ,**
**ਵਾਹਿਗੁਰੂ ਸਿਮਰਹਿ ਹਿਤ ਧਰੈਂ,**
**ਸੁਨ ਖਤ੍ਰੀ ਦਿਜ ਗਨ ਅਗਯਾਨੀ,**
**ਪਰਮ ਅਭਗਤ ਜਾਤਿ ਅਭਿਮਾਨੀ,**

**ਜਰਹਿੰ ਨ ਗੁਰੁ ਕੀ ਸਿਫ਼ਤ ਉਦਾਰਾ,**
**ਕਹੈਂ ਸੁ, "ਕਯਾ ਪਰਪੰਚ ਪਸਾਰਾ?"**
**ਇਕ ਦਿਨ ਮਿਲ ਸਭ ਮਸਲਤ ਕਰੀ,**
**"ਇਹ ਰੀਤਿ ਬੁਰੀ ਜਗ ਪਰੀ,**
**ਅਬ ਦਿਜ (ਬ੍ਰਾਹਮਣ) ਕੋ ਨਹਿੰ ਮਾਨਹਿੰ ਕੋਇ,**
**ਖਤ੍ਰੀ ਧਰਮ ਨਸ਼ਟ ਸਭ ਹੋਇ,**
**ਚਤੁਰ ਬਰਨ ਕੋ ਇਕ ਮਤ ਕਰਯੋ,**
**ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ,**
**ਇਕ ਥਲ ਭੋਜਨ ਸਭਕੋ ਖਈ,**
**ਸ਼ੰਕਰ ਬਰਨ ਪ੍ਰਜਾ ਅਬ ਭਈ,**
**ਦੇਵ ਪਿਤਰ ਕੀ ਮਨਤਾ ਛੋਰੀ,**
**ਸਭ ਮਰਯਾਦਾ ਜਗਤ ਕੀ ਤੋਰੀ,**
**ਅਬ ਉਪਾਇ ਇਕ ਕਰਨ ਪੁਕਾਰ,**
**ਬਰਜਹਿ ਪਾਤਸ਼ਾਹ ਇਸ ਫਾਰ,**
**ਇਮ ਮਸਲਤ ਕਰ ਇਕਠੇ ਹ੍ਵੈਕੇ,**
**ਦਿਜ ਖਤ੍ਰੀ ਮੁਖ ਅਤਿ ਦੁਖ ਪੈਕੇ,**
**ਲਵਪੁਰ ਗਏ ਫਿਰਾਦੀ ਸਾਰੇ,**
**ਢਿਗ ਅਕਬਰ ਕੇ ਜਾਇ ਪੁਕਾਰੇ:**
**"ਤੁਮ ਮਰਯਾਦਾ ਰਾਖਨਹਾਰੇ,**
**ਬਿਗਰਤ ਕੋ ਜਗ ਦੇਤ ਸੁਧਾਰੇ,**
**ਗੋਇੰਦਵਾਲ ਅਮਰ ਗੁਰੁ ਹੋਵਾ,**
**ਭੇਦ ਬਰਨ ਚਾਰੋਂ ਕਾ ਖੋਵਾ,**
**ਰਾਮ ਗਾਇਤ੍ਰੀ ਮੰਤ੍ਰ ਨ ਜਪੈ,**
**ਵਾਹਿਗੁਰੂ ਕੀ ਥਾਪਨ ਥਪੈ,**
**ਜੁਗ ਚਾਰਹੁੰ ਮਹਿ ਕਹੀਂ ਨ ਹੋਈ,**
**ਜਿਮ ਮਰਯਾਦ ਬਿਗਾਰੀ ਸੋਈ,**
**ਸ੍ਰੁਤਿ ਸਿੰਮ੍ਰਿਤਿ ਕੇ ਰਾਹ ਨ ਚਾਲੇ,**
**ਮਨ ਕੋ ਮਤ ਕਰ ਭਏ ਨਿਰਾਲੇ,**
**ਹਮਰੀ ਕਰਹੁ ਅਦਾਲਤ ਏਹੀ,**
**ਦ੍ਰਿੜ੍ਹ ਹੁਇ ਧਰਮ ਸੁ ਰਾਜ ਬ੍ਰਿਧੇਹੀ,**



**ਪਸਰ ਜਾਇ ਜਬ ਜਗਤ ਬਿਸਾਲਾ,**
**ਪੁਨ ਮੁਸ਼ਕਲ ਇਹ ਟਲਹਿ ਨ ਟਾਲਾ"**

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਮਾਪਤ ਹੋਣ ਪਿੱਛੋਂ ਸਿੱਖ ਸਮੁਦਾਇ ਵਿਚ ਗਿਰਾਵਟ ਆ ਜਾਣ ਕਾਰਨ ਅਤੇ ਗੁਰਦਵਾਰਿਆਂ ਤੇ ਉਦਾਸੀ ਮਹੰਤਾਂ ਦੇ ਕਾਬਜ਼ ਹੋਣ ਕਾਰਨ ਇਕ ਵਾਰ ਫਿਰ ਬ੍ਰਾਹਮਣ ਸਿੱਖਾਂ ਤੇ ਭਾਰੂ ਹੋ ਗਿਆ । ਗੁਰਦਵਾਰਿਆਂ ਵਿਚ ਟੱਲ ਖੜਕਨ ਲੱਗ ਪਏ, ਸੰਖ ਪੂਰੇ ਜਾਣ ਲੱਗ ਪਏ । ਅਨਪੜ੍ਹ ਪੇਂਡੂ ਸਿੱਖ ਗੁਰਦੁਆਰੇ ਭੀ ਜਾਂਦਾ ਸੀ, ਸ੍ਰਾਧ ਭੀ ਕਰਾਉਂਦਾ ਸੀ ਅਤੇ ਪਹੋਏ ਜਾਂ ਗੰਗਾ ਇਸ਼ਨਾਨ ਭੀ ਜਾਂਦਾ ਸੀ । ਹਾਲਤ ਇੱਥੋਂ ਤੱਕ ਵਿਗੜ ਗਈ ਕਿ ਸ੍ਰੀ ਅੰਮ੍ਰਿਤਸਰ ਜੀ ਦੀਆਂ ਪਰਕਰਮਾ ਵਿਚ ਬ੍ਰਾਹਮਣ ਮੂਰਤੀਆਂ ਲੈ ਕੇ ਬੈਠਦੇ ਸਨ ।

ਗੁਰੂ ਮਹਾਰਾਜ ਦੀ ਕਿਰਪਾ ਸਦਕਾ ਪੰਥ ਵਿਚ, ਸਿੰਘ ਸਭਾ ਲਹਿਰ ਦੇ ਪ੍ਰਚੰਡ ਪ੍ਰਚਾਰ ਨਾਲ ਇਕ ਵਾਰ ਫਿਰ ਸਿੱਖ ਪੰਥ ਦੇ ਗਲੋਂ ਬ੍ਰਾਹਮਣ ਦਾ ਜੂਲਾ ਲਹਿ ਕੇ ਨਿਰੋਲ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਗੁਰਦਵਾਰਿਆਂ ਵਿਚ ਸ਼ੁਰੂ ਹੋ ਗਿਆ ਅਤੇ ਗੁਰਪੁਰਬ ਸਿੱਖੀ ਢੰਗ ਨਾਲ ਮਨਾਏ ਜਾਣ ਲੱਗੇ ।

ਅੰਗਰੇਜ਼ੀ ਰਾਜ ਵੇਲੇ, ਇਕ ਤਾਂ ਆਪਣੇ ਫ਼ਾਇਦੇ ਵਾਸਤੇ ਅੰਗਰੇਜ਼ੀ ਹਕੂਮਤ ਨੇ ਸਿੱਖੀ ਵਿਚ ਦਖ਼ਲ ਨਾ ਦਿੱਤਾ । ਦੂਸਰੇ ਬ੍ਰਾਹਮਣ ਦੀ ਵੀ ਦਾਲ ਨਾ ਗਲ਼ੀ ਕਿਉਂਕਿ ਈਸਾਈ ਮਿਸ਼ਨਰੀ ਭੀ ਆਪਣੇ ਧਰਮ ਪ੍ਰਚਾਰ ਕਰਨ ਵਿਚ ਤਤਪਰ ਹੋ ਗਏ ਸਨ ।

ਦੇਸ ਦੇ ਅਜ਼ਾਦ ਹੁੰਦਿਆਂ ਹੀ ਬ੍ਰਾਹਮਣ ਨੇ ਫਿਰ ਸਿੱਖੀ ਨੂੰ ਖ਼ਤਮ ਕਰਨ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ । ਬ੍ਰਾਹਮਣ ਕੋਲ ਹੁਣ ਪੈਸਾ, ਸੁਤੰਤਰ ਹਕੂਮਤ ਅਤੇ ਬਹੁਤ ਗਿਣਤੀ ਤੇ ਸਰਦਾਰੀ ਹੋਣ ਕਾਰਨ ਪਿਛਲੀਆਂ ਕਈ ਸਦੀਆਂ ਦਾ ਹਿਸਾਬ ਚੁਕਤਾ ਕਰਨ ਦੀ ਇਸ ਨੇ ਠਾਣ ਲਈ । 1984 ਈ. ਦਾ ਸਾਕਾ ਨੀਲਾ ਤਾਰਾ, ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਅਨੇਕਾਂ ਸ਼ਹਿਰਾਂ ਵਿਚ ਸਿੱਖਾਂ ਦੀ ਕਤਲੇਆਮ ਇਸ ਦੀਆਂ ਉਦਾਹਰਨਾਂ ਹਨ ।

ਅਸਾਡੇ ਲੀਡਰਾਂ ਦੀਆਂ ਕਮਜ਼ੋਰੀਆਂ ਅਤੇ ਸੰਤ ਸਮਾਜ ਦੀਆਂ ਆਪ ਹੁਦਰੀਆਂ ਦਾ ਫ਼ਾਇਦਾ ਉਠਾ ਕੇ ਹਕੂਮਤ ਦੇ ਨਸ਼ੇ ਅਤੇ ਆਪਣੇ ਹੁੱਲੜਬਾਜ ਸਹਿਯੋਗੀ ਦਲਾਂ ਨਾਲ ਰਲ ਕੇ ਬ੍ਰਾਹਮਣ ਸਿੱਖਾਂ ਨਾਲ ਕਿਵੇਂ ਨਜਿੱਠੇਗਾ ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ ।

ਬੋਧੀਆਂ ਦੇ ਕਤਲੇਆਮ ਪਿੱਛੋਂ ਪਰਮੇਸ਼ਰ ਦੀ ਕਰੋਪੀ ਦਾ ਸ਼ਿਕਾਰ ਹੋਏ ਦੇਸ ਵਾਸੀਆਂ ਨੂੰ ਪੂਰੇ ਬਾਰਾਂ ਸੌ ਸਾਲ ਗ਼ੁਲਾਮੀ ਭੋਗਣੀ ਪਈ ਹੈ । ਔਰੰਗਜ਼ੇਬ ਦੀ

ਵੀਚਾਰਧਾਰਾ ਕਿ ਦੇਸ ਵਿਚ ਕੇਵਲ ਇਕ ਹੀ ਧਰਮ ਪ੍ਰਫੁਲਿਤ ਹੋਵੇ, ਐਨੀ ਵੱਡੀ ਬਾਦਸ਼ਾਹਤ ਦਾ ਖੁਰਾ-ਖੋਜ ਮਿਟ ਗਿਆ । ਹੁਣ ਭਗਵਾਂ ਕਰਨ ਦੀ ਲਹਿਰ ਹੇਠ, ਸਾਰੇ ਦੇਸ ਨੂੰ ਹਿੰਦੂ ਸਟੇਟ ਐਲਾਨਣ ਦਾ ਚਾਹਵਾਨ ਕਿਤੇ ਫਿਰ ਅਜਿਹੀ ਗ਼ਲਤੀ ਤਾਂ ਨਹੀਂ ਕਰ ਰਹੇ ਜਿਸ ਨਾਲ ਦੇਸ ਦਾ ਭਵਿੱਖ ਖ਼ਤਰੇ ਵਿਚ ਪੈ ਜਾਵੇ?

**ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥**
**ਤੇਰੇ ਸੰਤਨ ਦੀ ਹਉ ਚੇਰੀ ॥੧॥ ਰਹਾਉ ॥**
**ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥**
**ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ ॥੧॥**
**ਜਲ ਤੇ ਥਲ ਕਰਿ ਥਲਿ ਤੇ ਕੂਆ ਕੂਪ ਤੇ ਮੇਰੁ ਕਰਾਵੈ ॥**
**ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥**
**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥**
**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਤਿ ਤੇ ਮੁਗਧਾਰੀ ॥੩॥**
**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥**
**ਕਹੁ ਕਬੀਰ ਸਾਧੂ ਕੋ ਪ੍ਰੀਤਮ**
**ਤਿਸੁ ਮੂਰਤਿ ਬਲਿਹਾਰੀ ॥੪॥੨॥** (ਅੰਗ ੧੨੫੨)

## ਆਰ.ਐੱਸ.ਐੱਸ ਦਾ ਗੁਪਤ ਦਸਤਾਵੇਜ਼

**-ਡੀ. ਰਾਜਾ (ਦਿੱਲੀ)**

ਇਹ ਉਹ ਦਸਤਾਵੇਜ਼ ਹੈ ਜਿਹੜੀ ਕਿ ਸੀਕਰਟ ਤੇ ਕਾਨਫੀਡੈਂਸਲ ਦੀ ਫ਼ਾਇਲ ਵਿਚ ਦਰਜ ਹੈ ਅਤੇ ਸੰਘ ਦੇ ਸਾਰੇ ਹੀ ਪ੍ਰਚਾਰਕਾਂ ਨੂੰ ਭੇਜੀ ਗਈ ਹੈ । ਇਸ ਦਸਤਾਵੇਜ਼ ਉੱਤੇ ਭਾਵੇਂ ਕਿਸੇ ਦੇ ਦਸਤਖ਼ਤ ਤਾਂ ਨਹੀਂ ਹਨ ਪ੍ਰੰਤੂ ਇਹ ਕੋਡ ਨੰਬਰ 411/ Ro-3003/RSSCo3 ਤਰੀਕ 21, 2001 ਤਹਿਤ ਜਾਰੀ ਕੀਤਾ ਗਿਆ ਹੈ।

"ਪਿਆਰੇ ਪ੍ਰਚਾਰਕੋ ਸਿੱਖਾਂ ਨੂੰ ਵਿਸ਼ਾਲ ਹਿੰਦੂ ਧਰਮ ਵਿਚ ਲਿਆਉਣਾ ਸਾਡਾ ਕਰਤਵ ਹੈ ਔਰ ਧਰਮ ਵੀ । ਇਸ ਵਾਸਤੇ ਅਭਿਆਨ ਤੇਜ਼ ਕੀਤਾ ਜਾਵੇ । ਈਸਾਈਆਂ ਮੁਸਲਮਾਨਾਂ, ਦਲਿਤਾਂ, ਸਿੱਖਾਂ ਅਤੇ ਹੋਰ ਘੱਟ ਗਿਣਤੀ ਲੋਕਾਂ ਨੂੰ ਹਿੰਦੁਸਤਾਨ ਵਿੱਚੋਂ ਖ਼ਤਮ ਕਰਨਾ ਜਾਂ ਹਿੰਦੂ ਧਰਮ ਵਿਚ ਲਿਆਉਣਾ ਤੁਹਾਡਾ ਪਰਮ ਧਰਮ ਹੈ । ਪਹਿਲਾਂ ਦਿੱਤੀਆਂ ਹਿਦਾਇਤਾਂ ਤੋਂ ਇਲਾਵਾ ਕੁਝ ਨਵੀਆਂ ਜ਼ੁੰਮੇਵਾਰੀਆਂ ਲਗਾਈਆਂ ਗਈਆਂ ਹਨ ਅਤੇ ਕੁਝ ਹਿਦਾਇਤਾਂ ਨੂੰ ਸੋਧਿਆ ਵੀ ਗਿਆ ਹੈ । ਦੇਸ ਭਗਤਾਂ ਅਤੇ ਸੋਇਮ ਸੇਵਕਾਂ ਨੂੰ ਦਸਤਾਵੇਜ਼ ਅਨੁਸਾਰ ਸਿੱਖਿਅਤ ਕਰਨ ਦੀ ਲੋੜ ਹੈ । ਇਸ ਉੱਤੇ ਪ੍ਰਤੀਕਰਮ ਦੀ ਰਿਪੋਰਟ ਹੈੱਡਕਵਾਟਰ ਨੂੰ ਭੇਜੀ ਜਾਵੇ । ਹਿਦਾਇਤਾਂ ਜਾਰੀ ਕਰਨ ਮਗਰੋਂ ਕਾਗਜ਼ਾਂ ਨੂੰ ਜਾਂ ਤਾਂ ਜਲਾ ਦਿੱਤਾ ਜਾਵੇ ਜਾਂ ਨਸ਼ਟ ਕਰ ਦਿੱਤਾ ਜਾਵੇ ।"

(1) ਹਥਿਆਰਾਂ ਅਤੇ ਬਰੂਦ ਦੇ ਇਕੱਠੇ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ, ਅਵਰਣਾਂ ਦੇ ਮਨ ਮੁੜ ਜਿੱਤੇ ਜਾਣ ਅਤੇ ਪਛੜੀਆਂ ਜਾਤਾਂ ਨੂੰ ਮੁਸਲਮਾਨਾਂ ਅਤੇ ਅੰਬੇਦਕਰ ਦੇ ਪੈਰੋਕਾਰਾਂ ਵਿਰੁੱਧ ਲੜਨ ਲਈ ਤਿਆਰ ਕੀਤਾ ਜਾਵੇ ।

(2) ਸਰਕਾਰੀ ਅਧਿਕਾਰੀਆਂ ਵਿਚ ਹਿੰਦੂਤ੍ਵ ਨੂੰ ਵਧਾਉਣ ਫ਼ੈਲਾਉਣ ਦੀਆਂ ਕੋਸ਼ਸ਼ਾਂ ਨੂੰ ਤੇਜ਼ ਕੀਤਾ ਜਾਵੇ ।

(3) ਡਾਕਟਰਾਂ ਅਤੇ ਕੈਮਿਸਟਾਂ ਵਿਚ ਹਿੰਦੂਤ੍ਵ ਭਾਵਨਾ ਦੇ ਪ੍ਰਸਾਰ ਨੂੰ ਵਧਾਇਆ ਜਾਵੇ, ਤਾਂ ਜੋ ਉਨ੍ਹਾਂ ਨੂੰ ਅਵਰਣਾਂ (ਸਿੱਖ) ਆਦਿਵਾਸੀਆਂ ਅਤੇ ਮੁਸਲਮਾਨਾਂ ਵਿਚ ਨਕਲੀ, ਮਿਆਦ ਸਮਾਪਤੀ ਵਾਲੀਆਂ ਅਤੇ ਜ਼ਹਿਰੀਲੀਆਂ ਦਵਾਈਆ ਦੀ ਵੰਡ ਲਈ ਪ੍ਰੇਰਿਤ ਕੀਤਾ ਜਾ ਸਕੇ । ਅਖੌਤੀ ਸ਼ੂਦਰਾਂ ਦੇ ਨਵਜਨਮੇ ਬੱਚਿਆਂ ਨੂੰ ਅਪੰਗ ਬਣਾਉਣ ਲਈ ਟੀਕੇ ਲਾਏ ਜਾਣ ਅਤੇ ਸ਼ੂਦਰਾਂ, ਮੁਸਲਮਾਨਾਂ ਤੇ ਈਸਾਈਆਂ ਦੀਆਂ ਬਸਤੀਆਂ ਵਿਚ ਖ਼ੂਨ-ਦਾਨ ਕੈਂਪ ਲਾਏ ਜਾਣ । ਨਵਜਨਮੇ ਅਵਰਣਾਂ (ਜਿਹੜੇ ਵਰਨ ਵੰਡ ਨਹੀਂ ਮੰਨਦੇ) ਅਤੇ ਦਲਿਤਾਂ ਨੂੰ ਓਮ ਅਤੇ ਜੈ ਸ੍ਰੀ ਰਾਮ ਦਾ ਸਹੀ ਉਚਾਰਨ ਸਿਖਾਉਣਾ ।

(4) ਦਲਿਤਾਂ ਅਤੇ ਪਛੜਿਆਂ ਦੀਆਂ ਬਸਤੀਆਂ ਵਿਚ ਓਮ ਅਤੇ ਜੈ ਸ੍ਰੀ ਰਾਮ ਨੂੰ ਆਪਸੀ ਸੰਬੋਧਨ ਸਮੇਂ ਪ੍ਰਚਲਿਤ ਕੀਤਾ ਜਾਵੇ ਅਤੇ ਉਹਨਾਂ ਦੇ ਬੱਚਿਆਂ ਨੂੰ ਹਿੰਦੂਤ੍ਵ ਦੀ ਸਿਖਲਾਈ ਦਿੱਤੀ ਜਾਵੇ ।

(5) ਹਿੰਦੂ ਵਿਰੋਧੀ (ਬ੍ਰਾਹਮਣਾਂ ਵਿਰੋਧੀ) ਅਖੌਤੀ ਧਰਮ ਨਿਰਪੱਖਤਾ ਦਾ ਬਾਈਕਾਟ ਕੀਤਾ ਜਾਵੇ ।

(6) ਅਵਰਣਾਂ ਤੇ ਪਛੜੇ ਵਰਗਾਂ ਦੀ ਅਬਾਦੀ ਵਾਲੇ ਇਲਾਕਿਆਂ ਵਿਚ ਸਰਗਰਮ ਜ਼ਰਾਇਮ ਪੇਸ਼ਾ ਲੋਕਾਂ ਨੂੰ ਸ਼ਰਾਬ, ਨਸ਼ੀਲੀਆਂ ਵਸਤਾਂ, ਦਵਾਈਆਂ, ਜੂਏਬਾਜ਼ੀ ਅਤੇ ਲਾਟਰੀਆਂ ਰਾਹੀਂ ਆਪਣੀ ਆਮਦਨ ਵਧਾਉਣ ਲਈ ਪ੍ਰੇਰਿਆ ਜਾਵੇ । ਇਨ੍ਹਾਂ ਇਲਾਕਿਆਂ ਵਿਚਲੇ ਦਫ਼ਤਰਾਂ ਅਤੇ ਆਮ ਥਾਵਾਂ ਉੱਤੇ ਧਾਰਮਿਕ ਸਮਾਰੋਹ ਤੇ ਜਗਰਾਤੇ ਆਯੋਜਿਤ ਕੀਤੇ ਜਾਣ । ਨਵੇਂ ਮੰਦਰਾਂ ਦੀ ਉਸਾਰੀ ਅਤੇ ਪੁਰਾਣੇ ਮੰਦਰਾਂ ਦੀ ਮੁੜ ਉਸਾਰੀ ਲਈ ਫ਼ੰਡ ਇਕੱਠੇ ਕੀਤੇ ਜਾਣ । ਦੰਗਿਆਂ ਦੌਰਾਨ ਗ਼ੈਰ-ਹਿੰਦੂ ਵਪਾਰੀਆਂ ਦੀ ਜਾਇਦਾਦ ਨੂੰ ਲੁੱਟਣ ਦਾ ਕਾਰਜ ਤੇਜ਼ ਕੀਤਾ ਜਾਵੇ ।

(7) ਅਵਰਣਾਂ, ਮੁਸਲਮਾਨਾਂ ਤੇ ਈਸਾਈਆਂ ਦੀਆਂ ਮੁਟਿਆਰਾਂ ਨੂੰ ਦੇਹ ਵਪਾਰ ਦੇ ਧੰਦੇ ਵਿਚ ਸ਼ਾਮਲ ਹੋਣ ਲਈ ਉਕਸਾਇਆ ਜਾਵੇ । 'ਢਾਡੇਵਾਲਾ ਮੌਲਾ' (Code Word) ਜਾਰੀ ਰੱਖਣਾ ।

(8) ਅਵਰਣਾਂ, ਪਛੜੀਆਂ ਜਾਤਾਂ, ਮੁਸਲਮਾਨਾਂ, ਈਸਾਈਆਂ ਤੇ ਖ਼ਾਸ ਕਰਕੇ ਅੰਬੇਦਕਰ ਦੇ ਹਮਾਇਤੀਆਂ ਦੇ ਸਕੂਲਾਂ ਵਿਚ ਸਿੱਖਿਆ ਪ੍ਰਾਪਤੀ ਲਈ ਜਾਣ ਵਾਲੇ ਬੱਚਿਆਂ ਨੂੰ ਸੋਇਮ ਸੇਵਕਾਂ, ਛਾਬੜੀ ਫਰੋਸ਼ਾਂ ਤੇ ਅਧਿਆਪਕਾਂ ਰਾਹੀਂ ਅਜਿਹੀਆਂ ਖਾਣ-ਪੀਣ ਵਾਲੀਆਂ ਵਸਤਾਂ ਪ੍ਰਾਪਤ ਕਰਵਾਈਆਂ ਜਾਣ, ਜਿਹੜੀਆਂ ਉਹਨਾਂ ਦੇ ਮਾਨਸਿਕ ਤੇ ਸਰੀਰਿਕ ਵਿਕਾਸ ਨੂੰ ਖੁੰਢਾ ਕਰ ਦੇਣ ।

(9) ਅਵਰਣਾਂ, ਪੱਟੀ-ਦਰਜ ਜਾਤਾਂ ਕਬੀਲਿਆਂ ਅਤੇ ਸ਼ੂਦਰਾਂ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਸਿੱਖਿਆ ਪ੍ਰਾਪਤੀ ਲਈ ਆਪਣੇ ਸਕੂਲਾਂ ਵਿਚ ਦਾਖ਼ਲ ਕਰਕੇ ਉਹਨਾਂ ਨੂੰ ਹਿਦਾਇਤਾਂ ਅਨੁਸਾਰ ਆਪਣੇ ਢੰਗ ਦਾ ਇਤਿਹਾਸ ਪੜ੍ਹਾਇਆ ਜਾਵੇ ।

(10) ਫ਼ਸਾਦਾਂ ਦੌਰਾਨ ਮੁਸਲਮਾਨਾਂ ਅਤੇ ਅਵਰਣਾਂ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਣ । ਦੋਸਤਾਂ ਮਿੱਤਰਾਂ ਅਤੇ ਪਹਿਚਾਣ ਵਾਲਿਆਂ ਦਾ ਬਿਲਕੁਲ ਲਿਹਾਜ਼ ਨਾ ਕੀਤਾ ਜਾਵੇ । ਇਸ ਕਾਰਜ ਲਈ ਸੂਰਤ ਵਾਲੇ ਮਾਡਲ ਦੀ ਪੈਰਵੀ ਕੀਤੀ ਜਾਵੇ ।



(11) ਮੁਸਲਮਾਨਾਂ, ਅੰਬੇਦਕਰ ਹਮਾਇਤੀਆਂ ਤੇ ਬੋਧੀਆਂ ਵਿਰੁੱਧ ਫਿਰਕੂ ਫ਼ਸਾਦ ਭੜਕਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ । ਫ਼ਸਾਦਾਂ ਦੌਰਾਨ ਦੂਰ ਦੁਰਾਡੇ ਦੇ ਕਾਰਕੁੰਨਾਂ ਨੂੰ ਨਵੇਂ ਸ਼ਰਾਰਤੀਆਂ ਨਾਲ ਲਿਆਇਆ ਜਾਵੇ । ਇਸ ਮੰਤਵ ਦੀ ਪੂਰਤੀ ਲਈ ਪੁਲਿਸ ਅਤੇ ਨੀਮ ਹਥਿਆਬੰਦ ਫੋਰਸ ਨੂੰ ਵੀ ਭਰੋਸੇ ਵਿਚ ਲਿਆ ਜਾਵੇ ।

(12) ਗ਼ੈਰ-ਹਿੰਦੂ ਧਾਰਮਿਕ ਸਥਾਨਾਂ ਤੇ ਇਮਾਰਤਾਂ ਨੇੜੇ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਜ਼ਮੀਨ ਹੇਠ ਦਬਾਉਣ ਦਾ ਕਾਰਜ ਜਾਰੀ ਰੱਖਿਆ ਜਾਵੇ । ਇਸ ਮਾਮਲੇ ਵਿਚ ਕਿਸੇ ਵੀ ਕਿਸਮ ਦੀ ਲੋੜੀਂਦੀ ਮੱਦਦ ਲਈ ਹੈੱਡ ਕੁਆਟਰ ਨਾਲ ਸੰਪਰਕ ਕੀਤਾ ਜਾਵੇ । ਅਜਿਹਾ ਸਾਹਿਤ ਰਚਿਆ ਜਾਵੇ ਜਿਸ ਨਾਲ ਇਹ ਸਾਬਤ ਕੀਤਾ ਜਾ ਸਕੇ ਕਿ ਚਰਚ, ਮਸਜਦਾਂ ਅਤੇ ਸਤੂਪੇ (ਬੋਧੀ) ਪੁਰਾਣੇ ਹਿੰਦੂ ਧਰਮ ਅਸਥਾਨ ਹਨ, ਜਿਨ੍ਹਾਂ ਨੂੰ ਈਸਾਈ ਮੁਸਲਮਾਨ ਤੇ ਬੋਧੀ ਹਮਾਲਾਵਰਾਂ ਨੇ ਢਹਿ-ਢੇਰੀ ਕਰ ਦਿੱਤਾ ਸੀ ।

(13) ਮੁਸਲਿਮ ਵਿਰੋਧੀ, ਈਸਾਈ ਵਿਰੋਧੀ ਅਤੇ ਅੰਬੇਦਕਰ ਵਿਰੋਧੀ ਅਤੇ ਸਿੱਖ ਵਿਰੋਧੀ ਸਾਹਿਤ ਦੀ ਪ੍ਰਕਾਸ਼ਨਾ ਨੂੰ ਤੇਜ਼ ਕੀਤਾ ਜਾਵੇ । ਵੱਧ ਤੋਂ ਵੱਧ ਅਜਿਹਾ ਇਤਿਹਾਸ ਘੜਿਆ ਜਾਵੇ, ਜਿਸ ਤੋਂ ਇਹ ਸਾਬਤ ਹੋ ਸਕੇ ਕਿ ਇਹ ਸਮਰਾਟ ਅਸ਼ੋਕ ਗ਼ੈਰ-ਬੋਧੀ ਸੀ ਅਤੇ ਸ਼ਹਿਨਸ਼ਾਹ ਅਕਬਰ ਮੁਸਲਿਮ ਧਰਮ ਦਾ ਪੈਰੋਕਾਰ ਹੋਣ ਦੀ ਥਾਂ ਨਾਸਤਿਕ ਸੀ ।

(14) ਹਿੰਦੂ ਵਿਰੋਧੀ (ਬ੍ਰਾਹਮਣ ਵਿਰੋਧੀ) ਸਾਹਿਤ, ਦਲਿਤ, ਮੁਸਲਿਮ, ਈਸਾਈ, ਬੋਧੀ ਅਤੇ ਅੰਬੇਦਕਰ ਪੱਖੀ ਸਾਹਿਤ ਨੂੰ ਬਰਬਾਦ ਕੀਤਾ ਜਾਵੇ, ਕਿਰਪਾ ਕਰਕੇ ਇਸ ਗੱਲ ਨੂੰ ਯਕੀਨੀ ਬਣਾਓ ਕਿ ਕਾਲਜ ਤੇ ਪਬਲਿਕ ਜਾਂ ਸਰਕਾਰੀ ਲਾਇਬ੍ਰੇਰੀਆਂ ਵਿਚ ਅਜਿਹਾ ਸਾਹਿਤ ਕੋਈ ਥਾਂ ਹਾਸਲ ਨਾ ਕਰ ਸਕੇ । ਪਛੜੀਆਂ ਜਾਤਾਂ ਅਤੇ ਅੰਬੇਦਕਰ ਦੇ ਹਮਾਇਤੀਆਂ ਵਿਚ ਹਿੰਦੀ ਸਾਹਿਤ ਨੂੰ ਜ਼ੋਰ-ਸ਼ੋਰ ਨਾਲ ਪ੍ਰਚਲਿਤ ਕੀਤਾ ਜਾਵੇ ।

(15) ਪਛੜੀਆਂ ਜਾਤਾਂ ਤੇ ਪਛੜੇ ਕਬੀਲਿਆਂ ਦੇ ਉਮੀਦਵਾਰਾਂ ਦੇ ਸਰਕਾਰੀ ਨੌਕਰੀਆਂ ਵਿਚਲੇ ਹਿੱਸੇ ਨੂੰ ਪੂਰਾ ਕਰਨ ਲਈ ਨਵੀਆਂ ਨਿਯੁਕਤੀਆਂ ਬਾਰੇ ਜਾਰੀ ਕੀਤੀਆਂ ਗਈਆ ਹਿਦਾਇਤਾਂ, ਪ੍ਰਸ਼ਾਸਨ ਤੇ ਸਰਵਜਨਕ ਅਦਾਰਿਆਂ ਵਿੱਚ ਮਿਲਣ ਵਾਲੀਆਂ ਤਰੱਕੀਆਂ ਬਾਰੇ ਦਿਸ਼ਾ ਨਿਰਦੇਸ਼ਾਂ ਨੂੰ ਅਣਗੌਲਿਆ ਕਰ ਦਿੱਤਾ ਜਾਵੇ । ਉਨ੍ਹਾਂ ਦੇ ਸੇਵਾ ਰਿਕਾਰਡ ਨੂੰ ਲਗ਼ਾਤਰ ਖ਼ਰਾਬ ਕੀਤਾ ਜਾਵੇ ।

(16) ਆਪਣੇ ਦੇਵੀ-ਦੇਵਤਿਆਂ ਤੇ ਖ਼ਾਸ ਕਰਕੇ ਸ੍ਰੀ ਰਾਮ ਚੰਦਰ ਬਾਰੇ ਪ੍ਰਚਾਰ ਸਮੱਗਰੀ ਸਟਿੱਕਰ, ਕੈਲੰਡਰ, ਪੈਂਫ਼ਲਿਟ ਆਦਿ ਦੀ ਵੱਧ ਤੋਂ ਵੱਧ ਪ੍ਰਕਾਸ਼ਨਾ ਕੀਤੀ ਜਾਵੇ । ਰਾਮਾਇਣ ਕਥਾ ਅਤੇ ਜਗਰਾਤਿਆਂ ਦੇ ਪ੍ਰੋਗਰਾਮ ਨੂੰ ਵੱਧ ਤੋਂ ਵੱਧ ਤੇਜ਼ ਕੀਤਾ ਜਾਵੇ ।

(17) ਅਵਰਣਾਂ ਅਤੇ ਪਛੜੀਆਂ ਜਾਤਾਂ ਵਿਚ ਵਹਿਮਾਂ-ਭਰਮਾਂ ਭਾਵ ਅੰਧ-ਵਿਸ਼ਵਾਸ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ । ਇਸ ਮੰਤਵ ਲਈ ਸਾਧੂਆਂ ਅਤੇ ਬਾਬਿਆਂ ਨੂੰ ਵਰਤਿਆ ਜਾਵੇ ।

(18) ਜੈਨੀਆਂ, ਬੋਧੀਆਂ, ਮੁਸਲਮਾਨਾਂ ਅਤੇ ਸਿੱਖਾਂ ਦਾ ਹਿੰਦੂਕਰਨ ਜਾਰੀ ਰੱਖਿਆ ਜਾਵੇ । ਪਟਨੇ ਵਾਲੇ ਮਾਡਲ ਦੇ ਆਧਾਰ ਤੇ ਜੈਨ ਮੰਦਰਾਂ ਵਿਚ ਸ੍ਰੀ ਰਾਮ ਦੀ ਪੂਜਾ ਸ਼ੁਰੂ ਕਰਵਾਈ ਜਾਵੇ ।

(19) ਕਮਿਊਨਿਜ਼ਮ, ਕਮਿਊਨਿਸਟਾਂ, ਅੰਬੇਦਕਰਵਾਦ ਤੇ ਉਸ ਦੇ ਹਮਾਇਤੀਆਂ, ਇਸਲ਼ਾਮੀ ਸਿੱਖਿਆਵਾਂ, ਈਸਾਈ ਮਿਸ਼ਨਰੀਆਂ ਤੇ ਪ੍ਰਚਾਰਕਾਂ ਤੇ ਹਮਲਿਆਂ ਨੂੰ ਤੇਜ਼ ਕੀਤਾ ਜਾਵੇ ।

(20) ਮੰਡਲ ਵਿਰੋਧੀ ਤੇ ਪਛੜੀਆਂ ਜਾਤਾਂ ਵਿਰੋਧੀ ਨੀਤੀਆਂ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ ਜਾਵੇ ।

(21) ਅਵਰਣਾਂ, ਸ਼ੂਦਰਾਂ (ਪਛੜੇ ਵਰਗ) ਦੀਆਂ ਵੱਖ-ਵੱਖ ਜਾਤਾਂ ਵਿਚਾਲੇ ਮੱਤ ਭੇਦ ਨੂੰ ਉਕਸਾਇਆ ਜਾਵੇ । ਇਸ ਲਈ ਹੇਠ ਲਿਖੀ ਕੂਟਨੀਤੀ ਅਪਨਾਈ ਜਾਵੇ ।

(22) ਅੰਬੇਦਕਰ ਦੇ ਬੁੱਤਾਂ ਤੇ ਹਮਲਿਆਂ ਦਾ ਸਿਲਸਿਲਾ ਜਾਰੀ ਰੱਖਿਆ ਜਾਵੇ।

(23) ਚਾਣਕਿਆ ਨੀਤੀ ਤੇ ਅਮਲ ਜਾਰੀ ਰੱਖੋ ।

(24) ਅਵਰਣਾਂ ਤੇ ਪਛੜੀਆਂ ਜਾਤੀਆਂ ਦੀਆਂ ਤ੍ਰੀਮਤਾਂ ਨਾਲ ਗੰਧਰਵ ਨੀਤੀ ਵਾਲੇ ਜਿਣਸੀ ਸੰਬੰਧਾਂ ਨੂੰ ਉਤਸ਼ਾਹਿਤ ਕੀਤਾ ਜਾਵੇ । ਉਨ੍ਹਾਂ ਦੀਆ ਯੁਵਤੀਆਂ ਦੇ ਗੁਪਤ ਅੰਗਾਂ ਨੂੰ ਨੰਗਿਆ ਕਰਕੇ ਤਸਵੀਰਾਂ ਤੇ ਵੀਡੀਓ ਤਕਨੀਕ ਨਾਲ ਫ਼ਿਲਮਾਂ ਬਣਾਈਆ ਜਾਣ ਅਤੇ ਇਸ ਮਕਸਦ ਖ਼ਾਤਰ ਉਹਨਾਂ ਨੂੰ ਹਲਕੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਾਇਆ ਜਾਵੇ ।

(25) ਆਦਿਵਾਸੀਆਂ ਅਤੇ ਅਵਰਣਾਂ (ਸਿੱਖਾਂ) ਦੀ ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਖ਼ੁਰਾਕ ਜਾਰੀ ਰੱਖੋ । ਉਨ੍ਹਾਂ ਵੱਲੋਂ ਪੀਤੀ ਜਾਣ ਵਾਲੀ ਸ਼ਰਾਬ ਵਿਚ ਜ਼ਹਿਰ ਦੀ ਮਿਲਾਵਟ ਹਿਦਾਇਤਾਂ ਅਨੁਸਾਰ ਜਾਰੀ ਰੱਖੀ ਜਾਵੇ । ਦਲਿਤਾਂ, ਮੁਸਲਮਾਨਾਂ ਤੇ ਪਛੜੀਆਂ ਜਾਤਾਂ ਦੀ ਵਸੋਂ ਵਾਲੇ ਇਲਾਕਿਆਂ ਦੀਆਂ ਦੁਕਾਨਾਂ ਤੇ ਬਜ਼ਾਰਾਂ ਵਿਚ ਨਕਲੀ ਦਵਾਈਆਂ ਤੇ ਮਸਾਲਿਆਂ ਦੀ



ਵੇਚ ਵੰਡ ਦਾ ਸਿਲਸਿਲਾ ਤੇਜ਼ ਕੀਤਾ ਜਾਵੇ ।

(26) ਇਲੈਕਟ੍ਰਾਨਿਕਸ ਪ੍ਰਿੰਟ ਮੀਡੀਏ ਤੇ ਮੁਕੰਮਲ ਕਬਜ਼ਾ ਕਾਇਮ ਰੱਖਿਆ ਜਾਵੇ ਤੇ ਪ੍ਰਚਾਰ ਸਾਧਨਾਂ ਵਿਚ ਦਾਖ਼ਲ ਹੋਣ ਵਾਲਿਆਂ ਨੂੰ ਨਕਾਰਿਆ ਜਾਵੇ। ਉਰਦੂ ਤੇ ਅੰਗਰੇਜ਼ੀ ਮੀਡੀਏ ਤੇ ਨਜ਼ਰ ਰੱਖੀ ਜਾਵੇ । ਹਿੰਦੂ ਧਰਮ ਦੇ ਪ੍ਰਚਾਰ ਲਈ ਵੱਧ ਤੋਂ ਵੱਧ ਥਾਂ ਹਾਸਲ ਕੀਤੀ ਜਾਵੇ ।

(27) ਦਲਿਤਾਂ, ਪਛੜੀਆਂ ਤੇ ਆਦਿਵਾਸੀਆਂ ਤੇ ਏਥੋਂ ਤੱਕ ਕੇ ਮੁਸਲਮਾਨਾਂ ਤੇ ਈਸਾਈ ਆਗੂਆਂ ਨੂੰ ਵੀ ਆਪਣੀਆਂ ਸਿਆਸੀ ਪਾਰਟੀਆਂ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ ਜਾਵੇ, ਤਾਂ ਜੋ ਅੰਬੇਦਕਰਵਾਦੀਆਂ ਤੇ ਮੁਸਲਮਾਨਾਂ ਦੀਆਂ ਸਿਆਸੀ ਪਾਰਟੀਆਂ ਤੇ ਗ਼ੈਰ-ਸਿਆਸੀ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਸਕੇ ।

(28) ਦਲਿਤਾਂ ਤੇ ਮੁਸਲਿਮ ਲੇਖਕਾਂ ਨੂੰ ਰੁਪਏ ਤੇ ਯੋਗ ਸਨਮਾਨਾਂ ਰਾਹੀਂ ਉਤਸ਼ਾਹਿਤ ਕਰਕੇ ਮੁਸਲਿਮ ਵਿਰੋਧੀ, ਦਲਿਤ ਵਿਰੋਧੀ ਅਤੇ ਅੰਬੇਦਕਰਵਾਦ ਵਿਰੋਧੀ ਸਾਹਿਤ ਲਿਖਣ ਲਈ ਪ੍ਰੇਰਿਆ ਜਾਵੇ । ਪੁਣ-ਛਾਣ ਕਰਨ ਲਈ ਗ਼ੈਰ-ਰਵਾਇਤੀ ਤਰੀਕੇ ਅਪਣਾਏ ਜਾਣ ।

(29) ਵਪਾਰੀਆਂ ਜੌਹਰੀਆਂ ਤੇ ਸ਼ਾਹੂਕਾਰਾਂ ਨੂੰ ਅਜਿਹੀਆਂ ਨੀਤੀਆਂ ਅਪਣਾਉਣ ਲਈ ਪ੍ਰੇਰਿਆ ਜਾਵੇ ਤਾਂ ਜੋ ਉਹ ਗ਼ੈਰ-ਹਿੰਦੂਆਂ ਨੂੰ ਲੁੱਟਣ ਦੀ ਨੀਤੀ ਦਾ ਪ੍ਰਯੋਗ ਕਰਨ ।

(30) ਗ਼ੈਰ-ਹਿੰਦੂ ਤੇ ਹਿੰਦੂ ਵਿਰੋਧੀ ਵਿਅਕਤੀਆਂ ਅਤੇ ਸੰਸਥਾਵਾਂ ਜਿਹੜੀਆਂ ਹਿੰਦੂ ਵਿਰੋਧੀ ਤੇ ਬ੍ਰਾਹਮਣ ਵਿਰੋਧੀ ਸਰਗਰਮੀਆਂ ਵਿੱਚ ਰੁੱਝੀਆਂ ਹੋਣ ਦੀਆਂ ਗਤੀਵਿਧੀਆਂ ਬਾਰੇ ਮੁੱਖ ਦਫ਼ਤਰ ਨੂੰ ਫ਼ੌਰੀ ਜਾਣਕਾਰੀ ਭੇਜੀ ਜਾਵੇ।

(31) ਹਿੰਦੂ ਵਿਰੋਧੀ ਵਿਅਕਤੀਆਂ ਨੂੰ ਮਾਰਨ ਦੀ ਯੋਜਨਾ ਨੂੰ ਅਮਲ ਵਿਚ ਲਿਆਇਆ ਜਾਵੇ । ਪੁਲਿਸ ਤੇ ਨੀਮ ਸੁਰੱਖਿਆ ਬਲਾਂ ਹੱਥੋਂ ਉਹਨਾਂ ਨੂੰ ਕਥਿਤ ਮੁਕਾਬਲਿਆਂ ਵਿਚ ਮਰਵਾਇਆ ਜਾਵੇ ਅਤੇ ਹਿਦਾਇਤਾਂ ਅਨੁਸਾਰ ਉਨ੍ਹਾਂ ਦੀਆਂ ਲਾਸ਼ਾਂ ਨੂੰ ਖ਼ੁਰਦ-ਬੁਰਦ ਕੀਤਾ ਜਾਵੇ । ਵਿਸਲਾਂ ਵਜਾਉਣ ਵਾਲੇ ਕੋਡ ਜਾਰੀ ਰੱਖੇ ਜਾਣ ਅਤੇ ਨਕਲੀ ਧਰਮ ਵਾਲੇ ਸਿੱਕੇ ਦੀ ਵਰਤੋਂ ਕੀਤੀ ਜਾਵੇ ।

(32) ਪੂਰਨਮਾਸ਼ੀ ਵਾਲੀਆਂ ਮੀਟਿੰਗਾਂ ਅਤੇ ਸੋਇਮ ਸੇਵਕਾਂ ਦੀਆਂ ਦੂਜੀਆਂ ਸਰਗਰਮੀਆਂ ਜਾਰੀ ਰੱਖੀਆਂ ਜਾਣ ।

(33) ਜੈ ਸ੍ਰੀ ਰਾਮ ਦੇ ਨਾਅਰੇ ਬੁਲੰਦ ਕਰਨ ਦਾ ਸਿਲਸਿਲਾ ਜਾਰੀ ਰੱਖਿਆ

ਜਾਵੇ ।"

ਜੈ ਸ੍ਰੀ ਰਾਮ ।

(ਡ੍ਰੋ. ਸੁਖਬੀਰ ਸਿੰਘ ਉਦੋਕੇ ਦੀ ਕਿਤਾਬ 'ਤਬੈ ਰੋਸ ਜਾਗਿਓ' ਵਿੱਚੋਂ ਧੰਨਵਾਦ ਸਹਿਤ)

## ...ਇਨ੍ ਪੜਿਆ ਮੁਕਤਿ ਨ ਹੋਈ॥

ਸੂਹੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਗ ੭੪੭ ਤੇ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਫ਼ਰਮਾਨ ਹੈ:

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ**
**ਇਨ੍ ਪੜਿਆ ਮੁਕਤਿ ਨ ਹੋਈ ॥** (ਅੰਗ ੭੪੭)

**ਭਾਵ:** ਸਨਾਤਨ ਧਰਮ ਦੇ (ਚਾਰੇ) ਵੇਦ, (ਛੇ) ਸ਼ਾਸਤਰ, ਸਿਮ੍ਰਿਤੀਆਂ ਆਦਿ ਧਾਰਮਿਕ ਗ੍ਰੰਥ ਅਤੇ ਪੱਛਮੀ ਧਰਮ ਦੀਆਂ ਕਿਤਾਬਾਂ (ਕੁਰਾਨ, ਅੰਜੀਲ, ਤੌਰੇਤ ਅਤੇ ਜੰਬੂਰ) ਪੜ੍ਹਨ ਨਾਲ ਕੋਈ ਬੰਦਾ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ।

ਭਾਦੋਂ ਦੀਆਂ ਖੁੰਬਾਂ ਵਾਂਗ ਪਨਪ ਰਹੇ ਦੇਹਧਾਰੀ ਪਖੰਡੀ ਗੁਰੂ ਇਸ ਪੰਗਤੀ ਦਾ ਸਹਾਰਾ ਲੈ ਕੇ ਪ੍ਰਚਾਰ ਕਰ ਰਹੇ ਹਨ ਕਿ ਗੁਰੂ ਸਾਹਿਬ ਕਹਿ ਰਹੇ ਹਨ ਕਿ ਧਾਰਮਿਕ ਗ੍ਰੰਥਾਂ ਦੇ ਪਾਠ ਨਾਲ (ਸਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ) ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਇਸ ਲਈ ਗੁਰਬਾਣੀ ਦਾ ਕੀਤਾ ਪਾਠ ਭੀ ਬੰਦੇ ਦਾ ਕੁਝ ਨਹੀਂ ਸਵਾਰ ਸਕਦਾ ।

ਇਨ੍ਹਾਂ ਦੇਹਧਾਰੀ ਗੁਰੂਆਂ ਦੇ ਪਾਲਤੂ ਪ੍ਰਚਾਰਕ ਜਨ-ਸਧਾਰਨ ਨਾਲ ਵਾਰਤਾਲਾਪ ਵੇਲੇ ਆਪਣੀਆਂ ਨਿੱਜੀ ਉਦਾਹਰਣਾਂ ਦਿੰਦੇ ਹਨ ਕਿ ਮੈਂ ਹਰ-ਰੋਜ਼ ਗੁਰਦੁਆਰੇ ਜਾਂਦਾ ਸੀ, ਨਿੱਤਨੇਮ ਨਾਲ ਗੁਰਬਾਣੀ ਪੜ੍ਹਦਾ ਸੀ, ਕਈ ਵਾਰ ਸਹਿਜ-ਪਾਠ ਅਤੇ ਅਨੇਕਾਂ ਅਖੰਡ-ਪਾਠ ਭੀ ਕੀਤੇ ਪਰ ਮੇਰਾ ਕੁਝ ਨਹੀਂ ਬਣਿਆ । ਹੁਣ ਜਦੋਂ ਦਾ ਮੈਂ ਪੂਰੇ ਗੁਰੂ ਦੀ ਸ਼ਰਨ ਵਿਚ ਆਇਆ ਹਾਂ ਮੇਰਾ ਮਨ ਟਿਕ ਗਿਆ ਹੈ ਅਤੇ ਬਾਬਾ ਜੀ ਨੇ ਮੈਨੂੰ ਪਰਮਾਤਮਾ ਦੇ ਦਰਸ਼ਨ ਕਰਵਾ ਦਿੱਤੇ ਹਨ ।

ਗੁਰਬਾਣੀ ਤੋਂ ਨਾਵਾਕਿਫ਼ ਆਮ ਸਿੱਖ ਇਨ੍ਹਾਂ ਦੀਆਂ ਮੋਮੋ-ਠਗਣੀਆਂ ਗੱਲਾਂ ਵਿਚ ਫਸ ਕੇ ਥਿੜਕ ਜਾਂਦਾ ਹੈ। ਮਜ਼ੇ ਦੀ ਗੱਲ ਹੈ ਕਿ ਕਈ ਅਖੌਤੀ ਪੂਰਨ ਬ੍ਰਹਮਗਿਆਨੀ ਬਾਬੇ ਅਤੇ ਉਨ੍ਹਾਂ ਦੇ ਚੇਲੇ ਭੀ ਘੁੰਮਾ ਫਿਰਾ ਕੇ ਇਹੋ ਪ੍ਰਚਾਰ ਕਰ ਰਹੇ ਹਨ, ਫ਼ਲਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਲਾਏ ਨਿਰਮਲ ਖ਼ਾਲਸਾ ਪੰਥ ਨੂੰ, ਸਹੀ ਪ੍ਰਚਾਰ ਨਾ ਹੋਣ ਕਰਕੇ ਖ਼ੋਰਾ ਲੱਗ ਰਿਹਾ ਹੈ ।

ਅੱਜ ਅਸੀਂ ਸਨਾਤਨੀ ਧਰਮ ਗ੍ਰੰਥਾਂ ਦੀ ਚਰਚਾ ਕਰਕੇ ਸਹੀ ਤੱਥ ਸੰਗਤਾਂ ਦੀ ਭੇਂਟ ਕਰਾਂਗੇ ਤਾਂ ਜੋ ਗੁਰਵਾਕ ਦੇ ਅਰਥਾਂ ਦੀ ਸਹੀ ਵੀਚਾਰ ਕਰਕੇ ਪਾਠਕ ਆਪ ਸਹੀ ਨਿਰਨਾ ਕਰ ਸਕਣ । ਸਨਾਤਨ ਮਤ ਅਨੁਸਾਰ ਵੇਦਾਂ ਦੇ ਰਚੈਤਾ ਬ੍ਰਹਮਾ ਜੀ ਨੂੰ ਮੰਨਿਆ ਗਿਆ ਹੈ, ਜਿਸ ਨੂੰ ਭਗਵਾਨ ਦੀ ਪਦਵੀ ਪ੍ਰਾਪਤ ਹੈ ।

ਇਹ ਇਕ ਵੱਡੀ ਸਚਾਈ ਹੈ ਕਿ ਆਦਿ ਕਾਲ ਵਿਚ ਵੇਦ ਜ਼ੁਬਾਨੀ ਬੋਲ ਕੇ ਹੀ ਇਕ ਮਨੁੱਖ ਤੋਂ ਦੂਸਰੇ ਕੋਲ ਪਹੁੰਚੇ । ਲਿਖਤੀ ਰੂਪ ਵਿਚ, ਬਹੁਤ ਦੇਰ ਬਾਅਦ,

ਪਹਿਲਾਂ ਭੋਜ ਪੱਤਰਾਂ ਤੇ ਲਿਖੇ ਗਏ ਫਿਰ ਕਾਗ਼ਜ਼ ਦੀ ਕਾਢ ਨਾਲ ਅੱਜ-ਕੱਲ੍ਹ ਵਾਂਗ ਗ੍ਰੰਥਾਂ ਦੀ ਸ਼ਕਲ ਵਿਚ ਆਏ । ਇਸ ਲਈ ਇਨ੍ਹਾਂ ਦੀ ਪ੍ਰਮਾਣਿਕਤਾ ਸ਼ੱਕ ਦੇ ਦਾਇਰੇ ਤੋਂ ਬਾਹਰ ਨਹੀਂ ਕਹੀ ਜਾ ਸਕਦੀ ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਅਤੇ ਹੋਰ ਕਈ ਵਿਦਵਾਨਾਂ ਦੀ ਰਾਇ ਅਨੁਸਾਰ ਵੇਦ ਕਿਸੇ ਇਕ ਰਿਸ਼ੀ ਦੇ ਰਚੇ ਹੋਏ ਨਹੀਂ ਇਨ੍ਹਾਂ ਵਿਚ ਵਸ਼ਿਸ਼ਟ, ਵਿਸ਼ਵਾਮਿੱਤਰ, ਭਾਰਦਵਾਜ ਆਦਿ ਅਨੇਕਾਂ ਰਿਸ਼ੀਆਂ ਦੇ ਬਣਾਏ ਹੋਏ ਮੰਤਰ ਹਨ, ਜਿਨ੍ਹਾਂ ਵਿਚ ਸੂਰਜ, ਅਗਨੀ, ਵਾਯੂ, ਇੰਦਰ ਆਦਿ ਦੇਵਤਿਆਂ ਦੀ ਮਹਿਮਾ ਹੈ ।

(1) ਸਭ ਤੋਂ ਪੁਰਾਣਾ ਰਿਗਵੇਦ ਹੈ । (ਰਿਗ) ਨਾਮ ਉਸਤਤ ਦਾ ਹੈ, ਇਸੇ ਧਾਤੂ ਤੋਂ ਰਿਗ ਸ਼ਬਦ ਬਣਿਆ ਹੈ, ਜਿਸ ਵਿਚ ਦੇਵਤਿਆਂ ਦੀ ਉਸਤਤ ਹੋਵੇ ਸੋ ਰਿਗਵੇਦ ਹੈ । ਇਸ ਵੇਦ ਦੇ ਦਸ ਮੰਡਲ ਹਨ, 1028 ਸੂਕਤ ਅਤੇ 153826 ਸ਼ਲੋਕ ਹਨ ।

(2) ਯਜੁਰ ਵੇਦ : ('ਯਜ') ਧਾਤੂ ਦਾ ਅਰਥ ਹੈ ਯੱਗ ਕਰਨਾ, ਪੂਜਨ ਕਰਨਾ। ਸੋ ਜਿਸ ਵਿੱਚ ਬਲੀਦਾਨ ਅਤੇ ਯੱਗ ਹੋਮ ਆਦਿ ਦਾ ਵਰਨਣ ਹੈ ਉਹ ਯਜੁਰ ਵੇਦ ਹੈ ਇਸ ਵੇਦ ਦੇ ਦੋ ਭਾਗ ਹਨ (ੳ) ਕੰਡਿਕਾ ਜਿਸ ਵਿਚ 2198 ਸ਼ਲੋਕ ਹਨ । (ਅ) ਸ਼ੁਕਲ, ਜਿਸਦੇ 1974 ਸ਼ਲੋਕ ਹਨ।

(3) ਸਿਆਮ ਵੇਦ : ਜਿਸ ਦੇ ਮੰਤਰ, ਗਾਉਣ ਵਜੋਂ ਸਮਾਨ ਵਜ਼ਨ ਦੇ ਹੋਣ ਉਹ ਸਾਮ ਵੇਦ ਹੈ । ਗਾਯਕ ਬ੍ਰਾਹਮਣ ਸਿਆਮ ਵੇਦ ਨੂੰ ਯੱਗ ਆਦਿ ਮੰਗਲ ਕਰਮਾਂ ਸਮੇਂ ਗਾਉਂਦੇ ਹਨ । ਇਸ ਦੇ ਸਾਰੇ ਮੰਤਰ 1549 ਹਨ ।

(4) ਅਥਰਵਨ ਵੇਦ : ਅਥਰਵਨ ਦਾ ਅਰਥ ਹੈ ਹਵਨ ਕਰਨ ਵਾਲਾ ਜਿਸ ਵਿਚ ਹੋਤ੍ਰਿ ਦੇ ਕਰਮ ਅਤੇ ਹਵਨ ਦੇ ਪ੍ਰਕਾਰ ਹੋਣ ਉਹ ਅਥਰਵਨ ਵੇਦ ਹੈ। ਇਸ ਵਿਚ ਤੰਤਰ, ਮੰਤਰ, ਜੰਤਰ, ਟੂਣੇ, ਜਾਦੂ ਆਦਿ ਦਾ ਬਹੁਤ ਜ਼ਿਕਰ ਹੈ । ਇਸ ਦੇ ਮੰਤਰ 760 ਹਨ ।

* ਹਿੰਦੂ ਮਤ ਦੇ ਗ੍ਰੰਥਾਂ ਅਨੁਸਾਰ ਵੇਦਾਂ ਦਾ ਅਧਿਕਾਰ ਕੇਵਲ ਬ੍ਰਾਹਮਣ, ਛੱਤਰੀ ਅਤੇ ਵੈਸ਼ ਨੂੰ ਹੈ । ਸ਼ੂਦਰ ਅਤੇ ਨੀਚ ਜਾਤੀ ਦੇ ਲੋਕ ਵੇਦ ਪੜ੍ਹਨਾ ਤਾਂ ਇਕ ਪਾਸੇ ਰਿਹਾ ਸੁਣਨ ਦੇ ਵੀ ਅਧਿਕਾਰੀ ਨਹੀਂ ।

ਹੁਣ ਅਸੀਂ ਵੇਦਾਂ ਦੇ ਰਚਨਹਾਰ ਬ੍ਰਹਮਾ ਬਾਰੇ, ਗੁਰਬਾਣੀ ਦੇ ਚਾਨਣ ਵਿਚ ਵਿਚਾਰ ਕਰਦੇ ਹਾਂ । ਸਨਾਤਨ ਧਰਮ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਭਗਵਾਨ ਵੱਡੇ ਮੰਨੇ ਗਏ ਹਨ । ਹੋਰ ਛੋਟੇ ਮੋਟਿਆਂ ਦੀ ਤਾਂ ਗਿਣਤੀ ਕਰਨੀ ਹੀ ਮੁਸ਼ਕਲ ਹੈ। ਪ੍ਰਚੱਲਿਤ ਮਤ ਅਨੁਸਾਰ, ਬ੍ਰਹਮਾ ਸ੍ਰਿਸ਼ਟੀ ਪੈਦਾ ਕਰਦਾ



ਹੈ, ਵਿਸ਼ਨੂੰ ਜੀ ਪਾਲਣ ਪੋਸ਼ਣ ਕਰਦੇ ਹਨ ਭਾਵ ਸਭ ਨੂੰ ਰਿਜ਼ਕ ਦਿੰਦੇ ਹਨ ਅਤੇ ਸ਼ਿਵਜੀ ਸਭ ਦਾ ਕਾਲ ਵਿਚ ਲੈਅ ਕਰਨ ਵਾਲੇ ਹਨ ।

ਜਪੁ ਜੀ ਸਾਹਿਬ ਦੀ 30ਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਦੱਸਦੇ ਹਨ :

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥** (ਅੰਗ ੭)

ਅਰਥ : (ਇਕ ਪੌਰਾਣਿਕ ਵਿਚਾਰ ਅਨੁਸਾਰ) ਪਹਿਲਾਂ ਇਕ ਮਾਈ, (ਮਾਇਆ) ਜੁਗਤੀ ਨਾਲ ਪ੍ਰਸੂਤ ਹੋਈ। ਉਸ (ਮਾਇਆ ਦੀ ਕੁਖੋਂ) ਤਿੰਨ ਚੇਲੇ (ਪੁੱਤਰ) ਸੰਸਾਰ ਤੇ ਪ੍ਰਮਾਣਿਕ ਹੋਏ, (ਉਨ੍ਹਾਂ ਵਿਚੋਂ) ਇਕ ਸੰਸਾਰੀ (ਬ੍ਰਹਮਾ, ਸ੍ਰਿਸ਼ਟੀ ਰਚਣ ਵਾਲਾ), ਇਕ ਭੰਡਾਰੀ (ਜਗਤ ਦੀ ਪਾਲਨਾ ਕਰਨ ਵਾਲਾ ਵਿਸ਼ਨੂੰ ਅਤੇ) ਇਕ ਦਰਬਾਰੀ (ਜੀਵਨ ਦਾ ਅੰਤ ਕਰਨ ਵਾਲਾ ਸ਼ਿਵਜੀ ਹੋਇਆ) ।

(ਅਸਲੀਅਤ ਇਹ ਹੈ ਕਿ ਬ੍ਰਹਮਾ, ਵਿਸ਼ਨੂੰ ਮਹੇਸ਼ ਆਦਿਕ ਦੀ ਆਪਣੀ ਸੁਤੰਤਰ ਹਸਤੀ ਨਹੀਂ) ਜਿਸ ਤਰ੍ਹਾਂ ਉਸ (ਅਕਾਲ ਪੁਰਖ) ਦਾ ਹੁਕਮ ਹੁੰਦਾ ਹੈ, ਜਿਸ ਤਰ੍ਹਾਂ ਉਸ (ਅਕਾਲ ਪੁਰਖ) ਨੂੰ ਚੰਗਾ ਲਗਦਾ ਹੈ ਉਸੇ ਤਰ੍ਹਾਂ (ਸੰਸਾਰ ਦਾ ਪ੍ਰਬੰਧ) ਚਲਾਉਂਦਾ ਹੈ।

ਫਿਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਖੇਡ ਵਿਚ ਉਹ (ਪਰਮੇਸ਼ਰ) ਉਨ੍ਹਾਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਨੂੰ ਵੇਖਦਾ ਹੈ, ਪਰ ਉਨ੍ਹਾਂ (ਤਿੰਨ ਚੇਲਿਆਂ, ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ) ਉਹ ਅਕਾਲ ਪੁਰਖ ਨਹੀਂ ਦਿਸਦਾ।

ਮਾਇਆ ਤੋਂ ਪ੍ਰਸੂਤ ਹੋਣ ਕਾਰਨ ਬ੍ਰਹਮਾ ਨੇ ਮਾਇਆਵੀ ਰਚਨਾ (ਅਗਨੀ, ਹਵਾ, ਪਾਣੀ, ਇੰਦਰ, ਆਦਿਕ ਦੀ ਹੀ ਉਸਤਤ ਵੇਦਾਂ ਵਿਚ ਕੀਤੀ ਹੈ । ਦੂਸਰੇ, ਬ੍ਰਹਮਾ ਸਮੇਤ ਵਿਸ਼ਨੂੰ ਅਤੇ ਮਹੇਸ਼ ਮਾਇਆ ਦੇ ਅਧੀਨ ਹਨ ਇਹ ਮਾਇਆ ਨੂੰ ਜਿੱਤ ਨਹੀਂ ਸਕੇ । ਤੀਸਰੇ ਹੋਮ, ਯੱਗ, ਹਵਨ ਅਤੇ ਬਲੀਆਂ ਦਾ ਜੋ ਵਰਨਣ ਵੇਦਾਂ ਵਿਚ ਹੈ, ਗੁਰਮਤਿ ਇਸ ਨੂੰ ਬਿਲਕੁਲ ਨਹੀਂ ਮੰਨਦੀ ਇਸ ਲਈ ਮਹਾਰਾਜ ਨੇ ਕਹਿ ਦਿੱਤਾ ।

**ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥** (ਅੰਗ ੪੭੮)
**ਬੇਦ ਪਾਠ ਸੰਸਾਰ ਕੀ ਕਾਰ ॥** (ਅੰਗ ੭੯੧)
**ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥**
**ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥**

*'ਗੁਰੂ ਨਾਨਕ ਸ਼ਬਦ ਰਤਨਾਕਰ' ਲੇਖਕ ਕਾਲਾ ਸਿੰਘ ਬੇਦੀ ਪੰਨਾ 337-339 ਪ੍ਰਕਾਸ਼ਿਕ ਭਾਸ਼ਾ ਵਿਭਾਗ, ਪਟਿਆਲਾ ।

**ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥** (ਅੰਗ ੨੨੪)

**ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥** (ਅੰਗ ੫੫੯)

ਆਟੇ ਵਿਚ ਲੂਣ ਵਾਂਗ ਕਿਤੇ-ਕਿਤੇ ਨਾਮ ਜਪਣ ਦੀ ਗੱਲ ਕੀਤੀ ਹੈ ਬਾਕੀ ਸਭ ਹੋਮ, ਯੱਗ, ਹਵਨ, ਬਲੀਆਂ, ਤੰਤਰ, ਜੰਤਰ, ਮੰਤਰ ਅਤੇ ਸਮਾਜਿਕ ਵਿਵਸਥਾ ਬਾਰੇ ਵਿਖਿਆਨ ਹੈ । ਇਸੇ ਲਈ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੇ ਲਿਖ ਦਿੱਤਾ ਕਿ :

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ**
**ਫਿਰਹਿ ਜਿਉ ਬੇਤਾਲਿਆ ॥** (ਅੰਗ ੯੧੯)

ਨਿਰੰਕਾਰ ਦੀ ਪ੍ਰੇਮਾ ਭਗਤੀ ਜੋ ਗੁਰੂ ਘਰ ਵਿਚ ਪ੍ਰਵਾਨ ਹੈ, ਉਹ ਵੇਦਾਂ ਵਿਚ ਅਲੋਪ ਹੈ । ਇਸ ਲਈ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਤੱਤਸਾਰ ਗੱਲ ਕਹਿ ਦਿੱਤੀ ।

**ਭਾਉ ਨ ਬ੍ਰਹਮੈ ਲਿਖਿਆ**
**ਚਾਰਿ ਬੇਦ ਸਿੰਮ੍ਰਿਤਿ ਪੜ੍ਹਿ ਪੇਖੈ ॥** (ਭਾ. ਗੁ. ਵਾ. ੧/੨੫)

ਵੇਦਾਂ ਤੋਂ ਹੇਠਾਂ ਉੱਤਰ ਕੇ ਸਨਾਤਨ ਧਰਮ ਦੇ ਛੇ ਸ਼ਾਸਤਰ ਹਨ । ਇਨ੍ਹਾਂ ਦੇ ਅੱਡ-ਅੱਡ ਛੇ ਕਰਤਾ ਹਨ । ਇਨ੍ਹਾਂ ਨੇ ਵੇਦਾਂ ਦਾ ਅਧਿਐਨ ਕਰ ਕੇ ਆਪਣੀ ਬੁੱਧੀ ਅਨੁਸਾਰ ਅੱਡ-ਅੱਡ ਵੀਚਾਰ ਪੇਸ਼ ਕੀਤੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਦੇ ਅਰੰਭ ਵਿਚ ਪਹਿਲੀ ਵਾਰ ਦੀ ਪਉੜੀ ੮ ਤੋਂ ੧੪ ਤੱਕ, ਕਲਾਤਮਿਕ ਤਰੀਕੇ ਨਾਲ ਸਾਗਰ ਨੂੰ ਕੁੱਜੀ ਵਿਚ ਬੰਦ ਕਰਨ ਵਾਂਗ ਇੰਵ ਵਰਨਣ ਕੀਤਾ ਹੈ ।

(1) * **ਨਯਾਯ ਸ਼ਾਸਤਰ :** ਰਿਗਵੇਦ ਦਾ ਮੰਥਨ ਕਰਕੇ ਗੌਤਮ ਰਿਖੀ ਨੇ ਇਸ ਸ਼ਾਸਤਰ ਵਿਚ ਸਭ ਕੁਝ ਕਰਤੇ ਹੱਥ ਦੱਸ ਕੇ ਤੱਤ ਕੱਢਿਆ ਹੈ ਕਿ ਕਰਤਾ ਪੁਰਖ ਜੀਵ ਤੋਂ ਅਲੱਗ ਹੈ । ਭਾਈ ਸਾਹਿਬ ਦੱਸਦੇ ਹਨ ਕਿ:

**ਸੋਹੰ ਬ੍ਰਹਮੁ ਛਪਾਇ ਕੈ ਪੜਦਾ ਭਰਮੁ ਕਰਤਾਰੁ ਸੁਣਾਈ ॥**
(ਭਾ. ਗੁ. ਵਾ. ੧/੯)

**ਭਾਵ :** ਸੋਹੰ ਬ੍ਰਹਮ (ਮਹਾਂਵਾਕ) ਨੂੰ ਛੁਪਾਇ ਕੇ ਭਰਮ ਦੇ ਪੜਦੇ ਦੀ ਗੱਲ (ਰਿਖੀ) ਨੇ ਕੀਤੀ ਹੈ ।

(2) **ਮੀਮਾਂਸਾ ਸ਼ਾਸਤਰ :** ਜੈਮਿਨ ਰਿਖੀ ਨੇ ਯਜੁਰ ਵੇਦ ਨੂੰ ਸੋਧ ਕੇ ਕਰਮ ਨੂੰ ਪ੍ਰਧਾਨ ਮੰਨਿਆ ਹੈ ।

(3) **ਵੇਦਾਂਤ :** ਰਿਖੀ ਬਿਆਸ ਨੇ ਸਿਆਮ ਵੇਦ ਦਾ ਤੱਤਸਾਰ ਇਸ ਸ਼ਾਸਤਰ ਵਿਚ ਲਿਖਿਆ ਹੈ । ਇਸ ਵਿਚ ਆਤਮਾ ਨੂੰ ਹੀ ਪਰਮਾਤਮਾ ਮੰਨਿਆ ਗਿਆ ਹੈ ।



(4) **ਸਾਂਖ ਸ਼ਾਸਤਰ :** ਕਪਲ ਰਿਖੀ ਨੇ ਅਥਰਬਨ ਵੇਦ ਨੂੰ ਆਧਾਰ ਮੰਨ ਕੇ ਗਿਆਨ ਨੂੰ ਪ੍ਰਧਾਨਤਾ ਦਿੱਤੀ ਹੈ।

(5) **ਵੈਖਕ :** ਕਵਾਦ ਨਾਮੇ ਆਚਾਰੀਯਾ ਨੇ ਭੀ ਅਥਰਬਣ ਵੇਦ ਦੀ ਵੀਚਾਰ ਕਰਕੇ ਇਸ ਸ਼ਾਸਤਰ ਵਿਚ ਤੱਤ ਕੱਢਿਆ ਹੈ ਕਿ ਕਰਮਾਂ ਉੱਪਰ ਨਿਬੇੜਾ ਹੋਵੇਗਾ ਜੈਸਾ ਬੀਜੇਗਾ ਵੈਸਾ ਹੀ ਕੱਟੇਗਾ । ਫਿਰ ਸਮਾਂ ਪ੍ਰਧਾਨ ਹੈ ਹਰ ਚੀਜ਼ ਆਪਣੇ ਸਮੇਂ ਤੇ ਹੀ ਹੁੰਦੀ ਹੈ ।

(5) **ਪਾਤੰਜਲ :** ਨਾਗਾਂ ਵਿਚ ਸ਼੍ਰੋਮਣੀ ਨਾਗ ਹੈ (ਉਸ) ਨਾਗ ਨੇ ਵੇਦਾਂ ਨੂੰ ਮੱਥ ਕੇ ਪਾਤੰਜਲ (ਰਿਖੀ ਦਾ ਅਵਤਾਰ ਲੈ ਕੇ) ਆਪਣੇ ਨਾਮ ਵਾਲਾ ਪਾਤੰਜਲ ਸ਼ਾਸਤਰ ਸੁਣਾਇਆ:

**ਸੇਖ ਨਾਗ ਪਾਤੰਜਲ ਮਥਿਆ ਗੁਰਮੁਖਿ ਸ਼ਾਸ਼ਤ੍ਰ ਨਾਗਿ ਸੁਣਾਈ।**
**ਵੇਦ ਅਥਰਬਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।**

ਭਾਵ ਇਸ ਵਿਚ ਅਰਥਬਣ ਵੇਦ ਦਾ ਵੀਚਾਰ ਦੱਸਿਆ ਕਿ ਜੋਗ ਤੋਂ ਬਗ਼ੈਰ ਭਰਮ ਨਹੀਂ ਹਟਦਾ । ਇਸ ਲਈ ਯੋਗ ਦੇ ਅੱਠ ਅੰਗ ਪ੍ਰਾਣਾਯਾਮ, ਯੋਗ ਆਸਣ ਅਤੇ ਧਿਆਨ ਆਦਿ ਤੇ ਜ਼ੋਰ ਦਿੰਦਾ ਹੈ ।

ਸ਼ਾਸਤਰਾਂ ਤੋਂ ਬਾਅਦ ਅਠਾਰਾਂ ਪੁਰਾਣ ਹਨ ਇਨ੍ਹਾਂ ਵਿਚ ਜ਼ਿਆਦਾ ਤਰ ਦੇਵਤਿਆਂ, ਦੈਤਾਂ, ਦਾਨੂਆਂ, ਸ੍ਰਿਸ਼ਟੀ ਰਚਨਾ, ਅਵਤਾਰਾਂ, ਰਾਜਿਆਂ ਅਤੇ ਰਿਸ਼ੀਆਂ, ਮੁਨੀਆਂ ਦੇ ਜੀਵਨ ਦੀਆਂ ਕਹਾਣੀਆਂ ਹਨ । ਨਾਲ ਹੀ ਗਿਆਨ, ਕਰਤੱਵ ਪਾਲਣ ਅਤੇ ਹੋਰ ਜੀਵਨ ਕਾਰ-ਵਿਹਾਰ ਦੇ ਉਪਦੇਸ਼ ਹਨ ।

ਇਸੇ ਤਰ੍ਹਾਂ ਵੇਦ, ਸ਼ਾਸਤਰ ਪੜ੍ਹ ਕੇ ਜੋ ਸਿਮ੍ਰਿਤੀ ਵਿਚ ਯਾਦ ਆ ਗਿਆ ਤੇ ਆਧਾਰਿਤ ਰਿਸ਼ੀਆਂ ਮੁਨੀਆਂ ਦੀ ਲਿਖੀਆਂ ਇਕੱਤੀ ਸਿਮ੍ਰਿਤੀਆਂ ਹਨ ।

ਪਟਿਆਲਾ ਸ਼ਹਿਰ ਤੋਂ ਤਕਰੀਬਨ ਵੀਹ, ਪੱਚੀ ਕਿਲੋਮੀਟਰ ਦੀ ਦੂਰੀ ਤੇ ਪਿੰਡ (ਟੌਹੜਾ) ਦੇ ਸਵਾਮੀ ਰਾਮ ਤੀਰਥ ਦੰਡੀ ਸੁਆਮੀ ਜੀ, ਪਿਛਲੀ ਸਦੀ ਦੇ ਸਨਾਤਮ ਧਰਮ ਦੇ ਮਹਾਨ ਵਿਦਵਾਨ ਹੋਏ ਹਨ । ਸਾਰੀ ਉਮਰ ਵੇਦ ਸ਼ਾਸਤਰ ਪੁਰਾਣ ਆਦਿ ਪੜ੍ਹ ਕੇ ਉਮਰ ਦੇ ਅਖ਼ੀਰਲੇ ਭਾਗ ਵਿਚ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੀਚਾਰ ਸਹਿਤ ਪਾਠ ਕੀਤਾ । ਤੁਲਨਾਤਮਿਕ ਅਧਿਐਨ ਦੇ ਆਧਾਰ ਤੇ ਇਨ੍ਹਾਂ ਜੋ ਤੱਤ ਕੱਢੇ ਹਨ ਉਹ ਉਨ੍ਹਾਂ ਆਪਣੇ ਕਿਤਾਬਚਿਆਂ 'ਸਰਵੋਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਸਰਵੋਤਮ ਪੰਥ ਖ਼ਾਲਸਾ ਪੰਥ' ਵਿਚ ਲਿਖੇ ਹਨ । ਇਹ ਕਿਤਾਬਚੇ ਇੱਕੋ ਜਿਲਦ ਵਿਚ ਕਰਕੇ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਛਾਪ ਕੇ ਭੇਟਾ ਰਹਿਤ, ਪਿਛਲੇ ਪੱਚੀ-ਤੀਹ ਸਾਲਾਂ ਤੋਂ ਵੰਡੇ ਜਾ ਰਹੇ ਹਨ ਅਤੇ ਸਾਰੇ ਇਤਿਹਾਸਿਕ ਗੁਰਦੁਆਰਿਆਂ ਦੇ ਸ਼੍ਰੋਮਣੀ ਕਮੇਟੀ ਦੇ ਸਟਾਲਾਂ ਤੋਂ ਫ਼੍ਰੀ ਮਿਲਦੇ

ਹਨ ।

* ਸਾਡੀ ਪਾਠਕਾਂ ਨੂੰ ਬੇਨਤੀ ਹੈ ਕਿ, ਗੁਰਬਾਣੀ ਦਾ ਫ਼ੈਸਲਾ 'ਇਨ੍ ਪੜਿਆ ਮੁਕਤਿ ਨ ਹੋਈ' ਸਮਝਣ ਲਈ ਇਹ ਕਿਤਾਬਚੇ ਜ਼ਰੂਰ ਪੜ੍ਹਨ । ਇਸੇ ਤਰ੍ਹਾਂ, ਨੋਬਲ ਪੁਰਸਕਾਰ ਵਿਜੇਤਾ ਮਿਸ. ਪਰਲ ਐਸ.ਬੱਕ, ਮੈਕਾਲਿਫ਼ ਸਾਹਿਬ ਅਤੇ ਯਹੂਦੀ ਇਤਿਹਾਸਕਾਰ ਮਿ. ਟਾਇਨਬੀ ਨੇ ਗੁਰਬਾਣੀ ਨੂੰ ਸੰਸਾਰ ਭਰ ਦੇ ਧਾਰਮਿਕ ਗ੍ਰੰਥਾਂ ਵਿਚੋਂ ਸ੍ਰੇਸ਼ਠ ਮੰਨਿਆ ਹੈ । ਸਿਆਣਿਆਂ ਦਾ ਕਥਨ ਹੈ:

**ਯੂੰ ਤੋਂ ਜ਼ਮਾਨੇ ਮੇ ਹਜ਼ਾਰੋਂ ਹੈਂ ਸੁਖਨਬਰ ।**
**ਅੰਦਾਜ਼ੇ ਬਿਆਂ .ਗਾਲਿਬ ਕਾ ਕੁਛ ਔਰ ਹੀ ਹੈ ।**

ਇਸੇ ਤਰ੍ਹਾਂ ਗੁਰਬਾਣੀ ਦੀ ਸ਼ਬਦਾਵਲੀ, ਸ਼ੈਲੀ, ਅਲੰਕਾਰ ਵਿਧੀ ਅਤੇ ਅੰਦਾਜ਼ ਹੋਰ ਹੀ ਹੈ । ਸਾਰੇ ਧਾਰਮਿਕ ਗ੍ਰੰਥਾਂ ਦੇ ਰਚਨਹਾਰਿਆਂ ਨੇ ਆਪਣੇ ਸੇਵਕਾਂ ਨੂੰ ਸੰਬੋਧਨ ਕਰ ਕੇ ਲਿਖਿਆ ਹੈ ਪਰ ਗੁਰੂ ਸਾਹਿਬ ਨੇ ਆਪਣੇ ਮਨ ਨੂੰ ਸੰਬੋਧਨ ਕੀਤਾ ਹੈ :

**ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥** (ਅੰਗ ੨੦)
**ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥** (ਅੰਗ ੫੭)

ਬਾਕੀ ਗ੍ਰੰਥਾਂ ਵਿਚ ਆਪਣੇ ਸੇਵਕਾਂ ਲਈ ਭਲਾ ਮੰਗਿਆ ਹੈ ਪਰ ਗੁਰੂ ਸਾਹਿਬ ਨੇ ਨਾਲ ਹੀ ਸਾਰੇ ਸੰਸਾਰ ਲਈ ਬੇਨਤੀਆਂ ਕੀਤੀਆਂ ਹਨ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** (ਅੰਗ ੮੫੩)

ਸਾਰੀ ਉਮਰ ਯੋਗਾ ਅਭਿਆਸ ਕਰਨ ਵਾਲੇ ਸਵਾਮੀ ਬ੍ਰਹਮਾ ਨੰਦ ਜੀ ਦੇ, ਗੁਰਬਾਣੀ, ਵਾਹਿਗੁਰੂ ਮੰਤਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ ਦੀ ਸਰਵਉੱਚਤਾ, ਸਵਾਮੀ ਜੀ ਦੇ ਚੇਲੇ ਨਿਤਯਾਨੰਦ ਜੀ ਦੀ ਲਿਖੀ ਪੁਸਤਕ 'ਗੁਰੂ ਗਿਆਨ', ਜੋ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਛਾਪੀ ਗਈ ਹੈ ਪੜ੍ਹ ਕੇ ਸਹੀ ਪਤਾ ਚਲਦਾ ਹੈ ।

ਪ੍ਰੇਮਾ ਭਗਤੀ ਵਿਚ ਸਰਸ਼ਾਰ ਮਨ ਚਿਤ ਕਰ ਕੇ ਪਰਮਾਤਮਾ ਨਾਲ ਅਭੇਦ ਹੋਏ ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਦੀ ਜੋ ਬਾਣੀ ਹੈ ਉਹ ਉਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਹੋਈ ਅਵਤ੍ਰਿਤ ਨਿਰੰਕਾਰੀ ਬਾਣੀ ਹੈ । ਇਸੇ ਲਈ ਗੁਰੂ ਸਾਹਿਬ ਦੱਸ ਰਹੇ ਹਨ:

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**
(ਅੰਗ ੭੨੨)

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

* **ਆਰ.ਐੱਸ.ਐੱਸ ਦੇ ਪ੍ਰਭਾਵ ਹੇਠ ਆ ਕੇ ਸ਼੍ਰੋ.ਗੁ.ਪ੍ਰ. ਕਮੇਟੀ ਨੇ ਹੁਣ ਇਹ ਕਿਤਾਬ ਛਾਪਣਾ ਬੰਦ ਕਰ ਦਿੱਤਾ ਹੈ ।**



(ਅੰਗ ੭੬੩)

ਸ੍ਰੀ ਗੁਰੂ ਰਾਮਦਾਸ ਮਹਾਰਾਜ ਦੱਸ ਰਹੇ ਹਨ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪ ਮੁਹਹੁ ਕਢਾਇ ॥** (ਅੰਗ ੩੦੮)

ਇਸ ਬਾਣੀ ਦੀ ਵਡਿਆਈ ਗੁਰੂ ਸਾਹਿਬ ਆਪ ਕਰਦੇ ਹਨ:

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥**
(ਅੰਗ ੬੭)

**ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਨਾਮੁ ਪਾਇਦਾ ॥**
(ਅੰਗ ੧੦੬੬)

**ਧੁਰਿ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**
(ਅੰਗ ੬੨੮)

**ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ**
**ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥** (ਅੰਗ ੪੯੪)

ਗੁਰੂ ਸਾਹਿਬ ਖ਼ੁਦ ਇਸ ਬਾਣੀ ਨੂੰ ਪੜ੍ਹਨ ਅਤੇ ਗਾਉਣ ਦੇ ਆਦੇਸ਼ ਦਿੰਦੇ ਹਨ ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**
(ਅੰਗ ੯੨੦)

ਕਿਸੇ ਧਾਰਮਿਕ ਗ੍ਰੰਥ ਵਿਚ ਗਿਆਨ ਪ੍ਰਧਾਨ ਹੈ, ਕਿਸੇ ਵਿਚ ਵੈਰਾ.ਗ ਜਾਂ ਤਿਆ.ਗ ਦੀ ਸੁਰ ਭਾਰੂ ਹੈ, ਕਿਸੇ ਵਿਚ ਕਰਮ ਦੀ ਵਡਿਆਈ ਹੈ, ਪਰ ਸਾਰੀਆਂ ਗੱਲਾਂ ਇਕੱਠੀਆਂ ਹੀ ਗੁਰਬਾਣੀ ਵਿਚ ਗੁਰੂ ਸਾਹਿਬ ਨੇ ਸਮੋ ਦਿੱਤੀਆਂ ਹਨ । ਫਿਰ ਪਰਮੇਸ਼ਰ ਦੇ ਪਿਆਰ ਦੇ ਉਹ ਵਲਵਲੇ, ਬਿਰਹਾ ਅਤੇ ਪਿਆਰ ਦੀ ਤੜਪ ਜੋ ਗੁਰਬਾਣੀ ਵਿਚ ਡੁੱਲ੍ਹ-ਡੁੱਲ੍ਹ ਪੈਂਦੀ ਹੈ ਵੇਦਾਂ, ਸ਼ਾਸਤਰਾਂ ਪੁਰਾਣਾਂ ਆਦਿ ਵਿੱਚ ਕਿਥੋਂ ਲੱਭੇਗੀ ?

**ਅੰਤਰਿ ਪਿਆਸ ਉਠੀ ਪ੍ਰਭ ਕੇਰੀ**
**ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥**
**ਮਨ ਕੀ ਬਿਰਥਾ ਮਨ ਹੀ ਜਾਣੈ**
**ਅਵਰੁ ਕਿ ਜਾਣੈ ਕੋ ਪੀਰ ਪਰਈਆ ॥ ੧ ॥**
**ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥**
**ਹਉ ਆਕਲ ਬਿਕਲ ਭਈ ਗੁਰ ਦੇਖੇ**
**ਹਉ ਲੋਟ ਪੋਟ ਹੋਇ ਪਈਆ ॥** (ਅੰਗ ੮੩੫)

ਇਸੇ ਵਾਸਤੇ ਅੱਜ-ਕੱਲ੍ਹ ਦੇ ਗ਼ੈਰ-ਸਿੱਖ ਸੰਤਾਂ ਨੂੰ ਪਰਮੇਸ਼ਰ ਦੇ ਪਿਆਰ ਦੇ ਵਲਵਲੇ ਪ੍ਰਗਟ ਕਰਨ ਲਈ ਕਬੀਰ ਸਾਹਿਬ ਜਾਂ ਹੋਰ ਕਿਸੇ ਭਗਤ ਦੀ ਬਾਣੀ ਦਾ ਸਹਾਰਾ ਲੈਣਾ ਪੈਂਦਾ ਹੈ ਜਾਂ ਫਿਰ ਆਪਣੇ ਬਣਾਏ ਗੀਤ ਗਾਉਣੇ ਪੈਂਦੇ ਹਨ ।

ਇਥੇ ਇਹ ਭੀ ਦੱਸ ਦੇਣਾ ਚੰਗਾ ਰਹੇਗਾ ਕਿ ਹਿੰਦੂ ਮੰਦਰਾਂ ਵਿਚ, ਜੋ ਆਰਤੀ ਪੜ੍ਹੀ ਜਾਂਦੀ ਹੈ ਇਹ ਕਿਸੇ ਪੁਰਾਤਨ ਧਰਮ ਗ੍ਰੰਥ ਵਿਚੋਂ ਨਹੀਂ ਬਲਕਿ ਪਿਛਲੀ ਸਦੀ ਦੇ ਵਿਦਵਾਨ ਸ਼ਰਧਾ ਨੰਦ ਫ਼ਿਲੌਰੀ ਦੀ ਲਿਖੀ ਹੋਈ ਹੈ ।

ਪੂਰਬ ਦੇ ਵੇਦ ਅਤੇ ਪੱਛਮੀ ਮਤ ਦੇ ਧਾਰਮਿਕ ਗ੍ਰੰਥ ਕਤੇਬ ਬਾਰੇ ਪੰਚਮ ਪਿਤਾ ਇੰਞ ਦੱਸ ਰਹੇ ਹਨ:

**ਜੈਤਸਰੀ ਮਹਲਾ ੫ ਘਰ ੩ ਦੁਪਦੇ**
**ੴ ਸਤਿਗੁਰ ਪ੍ਰਸਾਦਿ ॥**
**ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥**
**ਬਿਸਮੁ ਭਈ ਮੈ ਬਹੁ ਬਿਧਿ ਸੁਨਤੇ**
**ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥**
**ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥**
**ਬਰਨੁ ਨ ਦੀਸੈ ਚਿਹਨੁ ਨ ਲਖੀਐ**
**ਸੁਹਾਗਨਿ ਸਾਤਿ ਬੁਝਹੀਅਉ ॥੧॥**
**ਸਰਬ ਨਿਵਾਸੀ ਘਟਿ ਘਟਿ ਵਾਸੀ**
**ਲੇਪੁ ਨਹੀ ਅਲਪਹੀਅਉ ॥**
**ਨਾਨਕ ਕਹਤ ਸੁਨਹੁ ਰੇ ਲੋਗਾ**
**ਸੰਤ ਰਸਨ ਕੋ ਬਸਹੀਅਉ ॥੨॥** (ਅੰਗ ੭੦੦)

ਅਰਥ: ਹੇ ਸਹੇਲੀਓ ਮੈਨੂੰ ਪਿਆਰੇ (ਪ੍ਰਭੂ) ਦਾ ਸੁਨੇਹਾ ਦਿਓ । ਮੈਂ ਉਸ ਬਾਰੇ ਕਈ ਪ੍ਰਕਾਰ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਈ ਹਾਂ । ਕੋਈ ਆਖਦਾ ਹੈ ਕਿ ਉਹ ਬਾਹਰ-ਬਾਹਰ ਪਰੇ ਤੋਂ ਪਰੇ ਹੈ (ਕਤੇਬ ਮਤ ਅਨੁਸਾਰ ਖ਼ੁਦਾ ਸਤਵੇਂ ਅਕਾਸ਼ ਤੇ ਹੈ) । (ਵੇਦਾਂਤ ਅਨੁਸਾਰ) ਉਹ ਅੰਦਰ ਹੀ ਹੈ (ਭਾਵ ਆਤਮਾ ਹੀ ਪਰਮਾਤਮਾ ਹੈ), ਹੇ ਸੁਹਾਗਣੋ ਤੁਸੀਂ ਸਹੀ ਗੱਲ ਦੱਸੋ ਕਿਉਂਕਿ ਉਸ ਦਾ ਕੋਈ ਰੂਪ ਰੰਗ ਜਾਂ ਨਿਸ਼ਾਨ ਨਹੀਂ ਹੈ। (ਗੁਰੂ ਸਾਹਿਬ ਦਾ ਨਿਰਨਾ) ਉਹ ਪਰਮੇਸ਼ਰ ਸਭ ਜਗ੍ਹਾ ਹੈ, ਸਭ ਵਿਚ ਵਿਆਪਕ ਪਰ ਅਲਿਪਤ ਹੈ ਅਤੇ ਪਿਆਰ ਵਿਚ ਤ੍ਰਿਬੁੱਡ ਹੋਏ, ਸੰਤ ਜਨ ਪਿਆਰਿਆਂ ਦੀ ਰਸਨਾ ਤੇ ਵਸਦਾ ਹੈ ।

ਇਸ ਸ਼ਬਦ ਵਿਚ ਪੰਚਮ ਪਿਤਾ ਨੇ ਬੇਦਾਂ ਅਤੇ ਕਤੇਬਾਂ ਦੀ ਵੀਚਾਰਧਾਰਾ ਖੰਡਨ ਕਰ ਕੇ ਗੁਰਸਿਖਾਂ ਨੂੰ ਸਹੀ ਸੇਧ ਦਿੱਤੀ ਹੈ । ਇਸੇ ਲਈ ਗੁਰੂ ਸਾਹਿਬ ਨੇ



ਲਿਖਿਆ ਹੈ:

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥**
**ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥**

(ਅੰਗ ੭੪੭)

(ਜੋ ਬੰਦਾ) ਗੁਰੂ ਦੀ ਮਤ ਅਨੁਸਾਰ (ਵਾਹਿਗੁਰੂ ਦਾ) ਇਕ ਅੱਖਰੀ ਜਾਪ ਕਰਦਾ ਹੈ ਉਸ ਦੀ ਨਿਰਮਲ ਸੋਭਾ ਲੋਕ-ਪਰਲੋਕ ਵਿਚ ਹੁੰਦੀ ਹੈ ਤਾਂ ਤੇ ਗੁਰੂ ਸਾਹਿਬ ਦਾ ਬੇਦ ਕਤੇਬਾਂ ਬਾਰੇ ਫ਼ਰਮਾਨ ਸਹੀ ਹੈ, ਪਰ ਪਖੰਡੀ ਅਤੇ ਦੰਭੀ, ਗੁਰੂਆਂ ਅਤੇ ਉਨ੍ਹਾਂ ਦੇ ਪਾਲਤੂ ਚੇਲਿਆਂ ਦਾ ਗੁਰਬਾਣੀ ਪਾਠ ਬਾਰੇ ਕੂੜਾ ਪ੍ਰਚਾਰ ਨਿਰਾਰਥਕ ਹੈ ।

ਜੇ ਗੁਰੂ ਦੀ ਮੱਤ ਅਨੁਸਾਰ ਗੁਰਬਾਣੀ ਆਪ ਪੜ੍ਹ ਕੇ ਵੀਚਾਰੀ ਜਾਵੇ ਅਤੇ ਗੁਰ ਇਤਿਹਾਸ ਦਾ ਅਧਿਐਨ ਕੀਤਾ ਜਾਵੇ ਤਾਂ ਸਭ ਸ਼ੰਕੇ ਨਿਵਿਰਤ ਹੋ ਸਕਦੇ ਹਨ ਅਤੇ ਸਭ ਭਰਮ ਮਿਟ ਸਕਦੇ ਹਨ । ਪਰ ਇੱਥੇ ਤਾਂ ਜ਼ੋਰ-ਸ਼ੋਰ ਨਾਲ ਪ੍ਰਚਾਰ ਹੋ ਰਿਹਾ ਹੈ ਕਿ ਅਖੰਡਪਾਠ ਕਰਾਉਣ ਨਾਲ ਸਭ ਕੰਮ ਰਾਸ ਹੋਣਗੇ । ਇਕਵੰਜਾ-ਇਕਵੰਜਾ ਪਾਠ ਇੱਕੋ ਕਮਰੇ ਵਿਚ ਹੋ ਰਹੇ ਹਨ ਅਤੇ ਇਕੋਤਰੀਆਂ ਚੱਲ ਰਹੀਆਂ ਹਨ । ਫਿਰ ਪਾਠ ਕੌਣ ਕਰੇਗਾ । ਬਲਕਿ ਸਿਖਿਆਰਥੀ ਨੂੰ ਡਰਾਇਆ ਜਾਂਦਾ ਹੈ ਕਿ ਜਦ ਗ਼ਲਤ ਪਾਠ ਕੀਤਾ ਤਾਂ ਚਪੇੜਾਂ ਦੀ ਮਾਰ ਪਏਗੀ । ਇਸ ਲਈ ਪਾਠ ਕਰਨ ਦੀ ਜਾਂ ਸੰਥਿਆ ਲੈਣ ਦੀ ਕੋਈ ਹਿੰਮਤ ਹੀ ਨਹੀਂ ਕਰਦਾ । ਅਖੰਡਪਾਠ ਦੀਆਂ ਇਕੋਤਰੀਆਂ, ਵੱਡੇ-ਵੱਡੇ ਲੰਗਰਾਂ ਅਤੇ ਸੋਨੇ ਦੀ ਗੁੰਬਦਾਂ ਦੇ ਭਰਮ ਜਾਲ ਵਿਚ ਫਸਾ ਕੇ ਕੌਮ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ ।

## ...ਸਚੁ ਸੁਣਾਇਸੀ ਸਚ ਕੀ ਬੇਲਾ

**ਭਾਸ਼ਣ, ਜਿਹੜਾ ਕਿ ਸਿਰਦਾਰ ਕਪੂਰ ਸਿੰਘ, ਐਮ.ਪੀ. ਨੇ, 6 ਸਤੰਬਰ, 1966 ਈ. ਨੂੰ ਪਾਰਲੀਮੈਂਟ ਦੀ ਲੋਕ ਸਭਾ ਵਿਚ ਦਿੱਤਾ ਸੀ ।**

**ਸਵਰਗਵਾਸੀ ਸਿਰਦਾਰ ਕਪੂਰ ਸਿੰਘ ਦੀ ਲਿਖਤ ਕਿਤਾਬ 'ਸਾਚੀ ਸਾਖੀ' ਦੇ ਪੰਨਾ 170 ਤੋਂ 180 ਤੱਕ (ਅਸਲ ਅੰਗਰੇਜ਼ੀ ਵਿਚ) ।**

ਸ੍ਰੀਮਤੀ ਪ੍ਰਧਾਨ ਜੀਓ , ਮੈਂ ਇਸ ਬਿਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਗ੍ਰਹਿ ਮੰਤਰੀ ਸ੍ਰੀ ਨੰਦਾ ਜੀ ਨੇ ਜੋ ਭਾਸ਼ਣ ਹੁਣੇ ਦਿੱਤਾ ਹੈ ਮੈਂ ਬੜੇ ਧਿਆਨ, ਇਕ ਮਨ ਹੋ ਕੇ, ਸੁਣਿਆ ਅਤੇ ਸਮਝਿਆ ਹੈ । ਗ੍ਰਹਿ ਮੰਤਰੀ ਜਿਸ ਮਸਲੇ ਨੂੰ ਲੋਕ ਸਭਾ ਵਿਚ ਪੇਸ਼ ਕਰਨ ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ ਹੈ । ਸ੍ਰੀਮਤੀ ਪ੍ਰਧਾਨ ਜੀਓ, ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਹੈ ਕਿ ਮੈਂ ਇਸ ਸਾਰੇ ਦੇ ਸਾਰੇ ਬਿਲ ਦਾ ਵਿਰੋਧ ਕਰਾਂ । ਇਹ ਬਿਲ ਗੰਦਾ ਆਂਡਾ ਹੈ ਜਿਸ ਦੇ ਕੁਝ ਭਾਗ, ਭਾਵੇਂ ਵੇਖਣ ਨੂੰ ਠੀਕ ਲੱਗਣ, ਉਹ ਭੋਜਨ ਕਰਨ ਦੇ ਯੋਗ ਨਹੀਂ ਹੁੰਦਾ । ਕੋਈ ਐਵੇਂ ਇਸ ਦੇ ਟੁਕੜਿਆਂ ਨੂੰ ਦੰਦ ਪਿਆ ਮਾਰੇ, ਪਰ ਇਹ ਨਾ-ਖਾਣ ਵਾਲੀ, ਅਭਕਸ਼ ਵਸਤੂ ਹੈ ਤੇ ਨਾ-ਪਚਣ ਵਾਲੀ ਭੀ । ਕੋਈ ਸੂਝਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ।

**ਸ੍ਰੀ ਮਹਾਂਵੀਰ ਤਿਆਗੀ (ਐਮ.ਪੀ.):** ਇਹ ਤਾਂ ਆਪੋ-ਆਪਣੇ ਹਾਜ਼ਮੇ ਉੱਤੇ ਨਿਰਭਰ ਹੈ ।

**ਸਿਰਦਾਰ ਕਪੂਰ ਸਿੰਘ:** ਮੇਰੇ ਮਨ ਵਿੱਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਸਿੱਖਾਂ ਦਾ ਹਾਜ਼ਮਾਂ ਅਤੇ ਉਨ੍ਹਾਂ ਦੀ ਪਾਚਨ ਸ਼ਕਤੀ ਕਿੰਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇਂ ਕਿ ਮੇਰੇ ਮਿੱਤਰ, ਤਿਆਗੀ ਜੀ ਨੇ ਸੰਕੇਤ ਕੀਤਾ ਹੈ, ਇਸ ਗੰਦੇ ਆਂਡੇ ਨੂੰ ਖਾਣ ਨਾਲ ਉਨ੍ਹਾਂ ਨੂੰ ਢਿੱਡ ਪੀੜ ਨਹੀਂ ਹੋਏਗੀ । ਮੈਂ ਆਪਣੇ ਵੋਟਰਾਂ ਦੇ ਨਾਂ ਉੱਤੇ, ਆਪਣੇ ਚੋਣ ਹਲਕੇ ਦੇ ਨਾਂ ਉੱਤੇ, ਸਮੂਹ ਸਿੱਖਾਂ ਦੇ ਨਾਂ ਉੱਤੇ, ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਉੱਤੇ, ਇਸ ਬਿਲ ਨੂੰ ਰੱਦ ਕਰਦਾ ਹਾਂ । ਤਿੰਨ ਕਾਰਨ ਇਸ ਨੂੰ ਨਾ-ਕਬੂਲਣ ਦੇ ਹਨ । ਇਕ ਤਾ ਇਹ ਪਾਪ-ਭਰੀ ਮਨਸ਼ਾ ਦੀ ਉਪਜ ਹੈ । ਦੂਜੇ, ਇਸ ਨੂੰ ਜਮਾਉਣ ਵਾਲੀ ਦਾਈ ਕੁਚੱਜੀ ਹੈ । ਤੀਜੇ, ਇਹ ਦੇਸ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨੂੰ ਦੇਸ ਉੱਤੇ ਰਾਜ ਕਰਨ ਵਾਲੀ ਜਾਤੀ ਉੱਤੋਂ ਲੋਕਾਂ ਦਾ ਵਿਸ਼ਵਾਸ ਉੱਠ ਜਾਏਗਾ ਅਤੇ ਇੰਞ ਮੁਲਕ ਕਮਜ਼ੋਰ ਹੋਵੇਗਾ ।

**ਸ੍ਰੀ ਮਹਾਵੀਰ ਤਿਆਗੀ:** ਇਹ ਬੱਚਾ ਹਰਾਮੀ ਤਾਂ ਨਹੀਂ ਹੈ ।

**ਸਿਰਦਾਰ ਕਪੂਰ ਸਿੰਘ:** ਹਰਾਮੀ ਨਾ ਵੀ ਹੋਵੇ, ਪਰ ਇਸ ਦੀ ਪੈਦਾਇਸ਼ ਪਾਪ-ਭਰੇ ਸੰਕਲਪ ਦੁਆਰਾ ਹੋਈ ਹੈ ਅਤੇ ਇਹ ਮੁੱਢੋਂ ਹੀ ਜਾਤ-ਕੁਜਾਤ ਹੈ । ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ ਕਿ ਸਿੱਖਾਂ ਨਾਲ ਜੋ ਵਿਸਾਹਘਾਤ, ਸੁਤੰਤਰ ਭਾਰਤ, ਵਿਚ ਕੀਤਾ ਗਿਆ ਹੈ ਇਹ ਉਸ ਦੀ ਆਖ਼ਰੀ ਕੜੀ ਹੈ । ਹਿੰਦੁਸਤਾਨ ਦੀ ਬਹੁਗਿਣਤੀ ਦੇ ਲੀਡਰਾਂ ਵੱਲੋਂ ਸਿੱਖਾਂ ਨੂੰ ਜੋ ਵਿਸ਼ਵਾਸ ਦਿਵਾਏ ਗਏ



ਸੀ ਅਤੇ ਕਾਂਗਰਸ ਜਿਹੜੇ ਲਾਰੇ ਸਿੱਖਾਂ ਨਾਲ ਪਿਛਲੇ 30-35 ਸਾਲਾਂ ਤੋਂ ਲਾਉਂਦੀ ਆ ਰਹੀ ਹੈ, ਉਨ੍ਹਾਂ ਦਾ ਹੁਣ ਪਾਜ ਖੁੱਲ੍ਹ ਗਿਆ ਹੈ ।

ਇਹ ਗੱਲ ਇਸ ਲੋਕ ਸਭਾ ਲਈ, ਜਨਤਾ ਲਈ, ਸਾਰੇ ਹਿੰਦੁਸਤਾਨ ਵਾਸੀਆਂ ਲਈ ਅਤੇ ਸਾਰੀ ਦੁਨੀਆਂ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵੇਗੀ ਜਿਹੜੀ ਕਥਾ ਕਿ ਸਿੱਖਾਂ ਨਾਲ ਕੀਤੇ ਗਏ ਵਿਸਾਹ-ਘਾਤ ਦੀ ਮੈਂ ਅੱਜ ਸੁਣਾਉਣ ਲੱਗਾ ਹਾਂ । ਵਿਸਾਹ-ਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ, ਜਾਣ-ਬੁਝ ਕੇ ਅਤੇ ਅਕ੍ਰਿਤਘਣਤਾ, ਉਸ ਸਿੱਖ ਕੌਮ ਨਾਲ ਕੀਤਾ ਹੈ ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇ-ਪਨਾਹ ਤੇ ਬੇ-ਮਿਸਾਲ ਕੁਰਬਾਨੀਆਂ ਕੀਤੀਆਂ ਹਨ । ਇਹ ਵਿਸਾਹ-ਘਾਤ ਉਨ੍ਹਾਂ ਸਿੱਖਾਂ ਨਾਲ ਕੀਤਾ ਗਿਆ ਹੈ ਜਿਹੜੇ ਕਿ ਧਰਮ ਦੇ ਰੱਖਿਅਕ ਤੇ ਦੇਸ ਦੇ ਵੈਰੀਆਂ ਦੇ ਸ਼ੱਤਰੂ ਹਨ । ਇਹ ਧੋਖਾ ਉਨ੍ਹਾਂ ਸਿੱਖਾਂ ਨਾਲ ਹੋਇਆ ਹੈ ਜਿਨ੍ਹਾਂ ਦਾ ਹੌਂਸਲਾ, ਕੁਰਬਾਨੀ ਅਤੇ ਦੇਸ ਭਗਤੀ ਸੰਸਾਰ ਪ੍ਰਸਿੱਧ ਹੈ।

ਉਸ ਸਿੱਖ ਜਾਤੀ ਨਾਲ ਹੋਏ ਵਿਸ਼ਵਾਸ-ਘਾਤ ਦੀ ਕਹਾਣੀ, ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ, ਜਿਨ੍ਹਾਂ ਨਾਲ ਕਿ ਵਿਸ਼ਵਾਸ-ਘਾਤ ਬਿਗਾਨਿਆਂ ਨੇ ਨਹੀਂ, ਸਗੋਂ ਆਪਣਿਆਂ ਨੇ ਕੀਤਾ ਹੈ । ਇਹ ਉਹ ਸਿੱਖ ਹਨ ਜਿਹੜੇ ਸਵੇਰੇ ਸ਼ਾਮ ਅਰਦਾਸ ਵਿਚ ਕਹਿੰਦੇ ਹਨ: 'ਸਿੱਖਾਂ ਨੂੰ ਵਿਸਾਹ ਦਾਨ, ਭਰੋਸਾ ਦਾਨ' ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸ-ਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ । ਅਸਾਡੇ ਬਜ਼ੁਰਗ ਅਤੇ ਰਿਸ਼ੀ, ਜੋ ਕਿ ਹਿੰਦੂਆਂ ਅਤੇ ਸਿੱਖਾਂ ਦੋਹਾਂ ਦੇ ਪੂਜਯ ਹਨ, ਵਿਸ਼ਵਾਸ-ਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ । ਮਹਾਂਭਾਰਤ (ਆਦਿਪਰਵਮ, 7425) ਵਿੱਚ ਲਿਖਿਆ ਹੈ:

> **ਯੋ ਅਨਯਥਾਸੰਤਾਤਮਾਨਮ ਅਨਯਥਾ ਪ੍ਰਤਿਪਦਯਤੇ,**
> **ਕਿੰਤੇਣ ਨ ਕ੍ਰਤਮ ਪਾਪਮ ਚੋਰੈਣਾਤਮਾਪਹਾਰਿਣਮ॥**

ਅਰਥਾਤ, ਜਿਸ ਦੇ ਮਨ ਵਿਚ ਹੋਰ ਹੈ, ਪਰ ਬਚਨਾਂ ਦੁਆਰਾ ਹੋਰ ਪ੍ਰਗਟ ਕਰਦਾ ਹੈ ਉਸ ਕੋਲੋਂ ਕੋਈ ਪਾਪ ਵੀ ਅਸੰਭਵ ਨਹੀਂ ਹੈ । ਕਿਉਂ ਜੋ ਆਪਣੀ ਆਤਮਾ ਦਾ ਚੋਰ ਅਤੇ ਡਾਕੂ ਤਾਂ ਉਹ ਸਪੱਸ਼ਟ ਹੈ ਹੀ ।

ਮੈਂ ਇਸ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣਾ ਧਿਆਨ 1929 ਈ. ਦੀ ਹਿਮ ਰਿਤੂ ਵੱਲ ਲੈ ਜਾਣ ਜਦੋਂ ਕਿ, ਲਾਹੌਰ ਵਿਚ ਰਾਵੀ ਦੇ ਕੰਢੇ ਉੱਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੁਸਤਾਨ ਲਈ ਪੂਰਨ ਅਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ । ਮਾਘ ਦੀ ਉਸ ਠੰਡੀ ਰਾਤ ਮੈਂ ਇਕ ਵਿਦਿਆਰਥੀ-ਵਲੰਟੀਅਰ ਦੇ ਰੂਪ ਵਿਚ ਉੱਥੇ ਮੌਜੂਦ

ਸਾਂ । ਉਸ ਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ, ਬਾਬਾ ਖੜਕ ਸਿੰਘ ਦੀ ਸਰਕਰਦਗੀ ਵਿਚ, ਪੰਜ ਲੱਖ ਨਰ ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ ਸੀ, ਜਿਸ ਬਾਬਤ ਕਿ ਲੰਡਨ ਦੇ 'ਟਾਈਮਜ਼' ਅਖ਼ਬਾਰ ਨੇ ਲਿਖਿਆ ਸੀ ਕਿ,

"ਇਸ ਜਲੂਸ ਦੀ ਸ਼ਾਨ ਸਾਮ੍ਹਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫ਼ਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ।"

ਉਸ ਤੋਂ ਦੂਜੇ ਦਿਨ, ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ ਨਹਿਰੂ, ਬਾਬਾ ਖੜਕ ਸਿੰਘ ਜੀ ਦੇ ਨਿਵਾਸ ਅਸਥਾਨ, ਚਬੁਰਜੀ, ਵਿਖੇ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਅਜ਼ਾਦ ਹੋ ਜਾਏਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਏਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ, ਤੇ ਕਬੂਲ ਨਾ ਹੋਵੇ ਅਤੇ ਇਸੇ ਮਤਲਬ ਦਾ ਮਤਾ ਵੀ ਕਾਂਗਰਸ ਨੇ ਪਾਸ ਕਰ ਦਿੱਤਾ ।

ਉਸ ਤੋਂ ਪਿੱਛੋਂ ਸੰਨ 1947 ਈ. ਤੱਕ ਇਸ ਮਤੇ ਦੀ ਪ੍ਰੋੜ੍ਹਤਾ ਕਈ ਵਾਰ ਕਾਂਗਰਸ ਨੇ ਕੀਤੀ ਅਤੇ ਸੰਨ 1950 ਈ. ਤੱਕ ਇਸ ਮਤੇ ਨੂੰ ਕਾਂਗਰਸ ਨੇ ਮਨ੍ਹਾ ਨਹੀਂ ਕੀਤਾ । 1950 ਈ. ਵਿਚ ਜਦੋ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉੱਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ਼ ਇਨਕਾਰ ਕਰ ਦਿੱਤਾ ਗਿਆ ।

ਸਿੱਖ, ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ ਕਰਨ ਵਾਲੇ ਹਨ, ਉਨ੍ਹਾਂ ਨੇ ਪੂਰੇ 20 ਸਾਲ ਕਾਂਗਰਸ ਦੇ ਵਿਸ਼ਵਾਸ ਉੱਤੇ ਪੂਰਾ ਭਰੋਸਾ ਰੱਖਿਆ ਅਤੇ ਜਦੋਂ ਕਦੇ ਵੀ ਉਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ, ਜਾਂ ਮੁਸਲਮਾਨਾਂ ਵੱਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਵੀ ਹੋਈ, ਉਹ ਉਨ੍ਹਾਂ ਨੇ ਤੁਰੰਤ ਨਾ-ਮਨਜ਼ੂਰ ਕਰ ਦਿੱਤੀ । ਇਸ ਸਮੇਂ ਵਿਚ ਮੁਸਲਮਾਨਾਂ ਵੱਲੋਂ ਤੇ ਅੰਗਰੇਜ਼ਾਂ ਵੱਲੋਂ, ਇਕ ਤੋਂ ਵੱਧ ਵਾਰ ਸਿੱਖਾਂ ਨੂੰ ਸੁਤੰਤਰ ਰਾਜ, ਆਪਣਾ ਅਜ਼ਾਦ ਦੇਸ, ਦੇਣ ਤੱਕ ਦੇ ਯਤਨ ਹੋਏ, ਜਿਹੜਾ ਦੇਸ ਕਿ ਦਰਿਆ ਘੱਗਰ ਤੋਂ ਲੈ ਕੇ ਚਨਾਬ ਦੇ ਕੰਢਿਆਂ ਤੱਕ ਮਿੱਥਿਆ ਗਿਆ ਸੀ, ਪਰ ਸਿੱਖਾਂ ਨੇ ਇਸ ਨੂੰ ਕਬੂਲਣੋਂ ਨਾਂਹ ਕਰ ਦਿੱਤੀ ।

ਹੁਣ ਮੈਂ ਸੰਨ 1932 ਵੱਲ ਆਉਂਦਾ ਹਾਂ, ਜਦੋਂ ਲੰਦਨ ਵਿਚ ਦੂਜੀ ਗੋਲਮੇਜ਼ ਕਾਨਫ਼੍ਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸਨ । ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ, ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ, ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਆਪਣਾ ਸੰਬੰਧ ਪੱਕੇ ਤੌਰ ਤੇ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨੀ ਠੋਸ ਸ਼ਕਤੀ



ਦੇ ਦੇਣਗੇ ਜਿਸ ਦੁਆਰਾ ਕਿ, ਜਦੋਂ ਉਹ ਹਿੰਦੁਸਤਾਨ ਨੂੰ ਅਜ਼ਾਦ ਕਰਨ, ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ ।

ਇਹ ਮਾਸਟਰ ਤਾਰਾ ਸਿੰਘ, ਜਿਸ ਦੇ ਔਗੁਣਾਂ ਨੂੰ ਦਿਨ-ਰਾਤ ਗਿਣਿਆ ਜਾਂਦਾ ਹੈ, ਇਹ ਮਾਸਟਰ ਤਾਰਾ ਸਿੰਘ ਜਿਹੜਾ ਹੱਦ ਤੋਂ ਵੱਧ ਸਰਲ ਸੁਭਾਅ ਸੀ, ਉਸ ਨੇ ਇਹ ਭਾਰੀ ਪੇਸ਼ਕਸ਼ ਫ਼ੌਰਨ ਨਾ-ਮਨਜ਼ੂਰ ਕਰ ਦਿੱਤੀ।

ਸ੍ਰੀਮਤੀ ਪ੍ਰਧਾਨ ਸਾਹਿਬ, ਮੈਂ ਉਸ ਵੇਲੇ ਕੈਂਬਰਿਜ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਗੱਲਾਂ ਮੇਰੇ ਸਾਮ੍ਹਣੇ ਤੇ ਹੱਥੀਂ ਹੋਈਆਂ ਹਨ।

ਹੁਣ ਤੀਜੀ ਸਾਖ਼ੀ ਸੁਣੋ । ਸੰਨ 1946, ਜੁਲਾਈ ਦੇ ਮਹੀਨੇ, ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ, ਜਿਸ ਵਿਚ ਕਿ ਸਿੱਖਾਂ ਨਾਲ ਕੀਤੇ ਗਏ ਰਾਜਸੀ ਪ੍ਰਣ ਦੁਹਰਾਏ ਗਏ । 6 ਜੁਲਾਈ, 1946 ਈ. ਨੂੰ ਕਾਂਗਰਸ ਦੇ ਪ੍ਰਧਾਨ, ਪੰਡਤ ਜਵਾਹਰ ਲਾਲ ਨਹਿਰੂ, ਨੇ ਇਕ ਪ੍ਰੈੱਸ ਕਾਨਫ਼੍ਰੰਸ ਕਲਕੱਤੇ ਵਿਚ ਕੀਤੀ ਜਿਸ ਵਿੱਚ ਫਫੇ- ਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ:

**"ਪੰਜਾਬ ਦੇ ਬਹਾਦੁਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ । ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਵੇ ਜਿੱਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ ।"**

ਇਨ੍ਹਾਂ ਕਾਵਯਮਈ ਸ਼ਬਦਾਂ ਨਾਲ ਸਿੱਖਾਂ ਨੂੰ ਅਜ਼ਾਦ ਭਾਰਤ ਵਿਚ ਇਕ ਸੁਤੰਤਰ ਦੇਸ ਦੇਣ ਦਾ ਬਚਨ ਦਿੱਤਾ ਗਿਆ ।

ਚੌਥੀ ਸਾਖ਼ੀ ਇਉਂ ਹੈ ਕਿ ਸੰਨ 1946 ਦੀਆਂ ਸਰਦੀਆਂ ਵਿਚ, ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨ੍ਹਾਂ ਨੇ ਸਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵੱਲੋਂ ਇਹ ਸੁਨੇਹਾ ਦਿੱਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਰਹਿਣਾ ਚਾਹੁੰਦੇ ਹਨ ਤਾਂ, ਉਨ੍ਹਾਂ ਸ਼ੁੱਭ ਇੱਛਾਵਾਂ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿੱਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸ਼ਚਿਤ ਕਰਨ ਲਈ ਤਿਆਰ ਹੈ ਜਿਸ ਵਿਚ ਕਿ ਉਹ, ਜਿੱਥੇ ਤੱਕ ਸਿੱਖ ਹੋਮਲੈਂਡ, ਸਿੱਖਾਂ ਦੀ ਪਿੱਤਰੀ ਭੂਮੀ, ਅਥਵਾ ਸਿੱਖਸਤਾਨ ਦਾ ਸੰਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉੱਥੇ ਹਿੰਦੁਸਤਾਨ ਦੇ ਤਕਸੀਮ ਹੋਣ ਪਿੱਛੋਂ, ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ । ਸਰਦਾਰ ਬਲਦੇਵ ਸਿੰਘ ਨੇ ਝਟਪਟ ਇਹ ਸਾਰੀ ਗੱਲਬਾਤ ਨਹਿਰੂ ਜੀ ਨੂੰ

ਆ ਦੱਸੀ ਤੇ ਉਨ੍ਹਾਂ ਦੀ ਸਲਾਹ ਨਾਲ, ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ । ਜੇ ਸਿੱਖ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ ਤਾਂ ਇਹ ਕਾਂਗਰਸ ਦੇ, ਪੰਡਤ ਜਵਾਹਰ ਲਾਲ ਨਹਿਰੂ ਦੁਆਰਾ ਸੰਨ 1946 ਦੀ ਕਲਕੱਤੇ ਵਿਚ ਕੀਤੀ ਪੇਸ਼ਕਸ਼ ਨਾਲੋਂ ਵੀ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸਾਂ ਵਿੱਚ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸੀ ।

ਪੰਜਵੀਂ ਗੱਲ ਇਉਂ ਹੈ ਕਿ ਸੰਨ 1947, ਅਪਰੈਲ ਦੇ ਮਹੀਨੇ, ਵਿਚ ਮਿਸਟਰ ਜਿਨਾਹ ਨੇ, ਬਰਤਾਨਵੀ ਸਰਕਾਰ ਦੇ ਕੁਝ ਉੱਘੇ ਲੀਡਰਾਂ ਨਾਲ ਸਲਾਹ ਕਰ ਕੇ, ਸਿੱਖਾਂ ਨੂੰ ਇਕ ਪੇਸ਼ਕਸ਼ ਕੀਤੀ । ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਗਈ ਤੇ ਪਿੱਛੋਂ ਮਹਾਰਾਜਾ ਪਟਿਆਲਾ ਨਾਲ । ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ ਸਥਾਪਿਤ ਕਰ ਕੇ, ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤੱਕ ਦੇ ਇਲਾਕੇ ਵਿਚ ਮਿਲਾ ਦਿੱਤੇ ਜਾਣ। ਇਹੋ ਦੇਸ ਸਿੱਖਸਤਾਨ ਬਣ ਜਾਵੇ ਅਤੇ ਫਿਰ ਇਹ ਸਿੱਖਸਤਾਨ ਪਾਕਿਸਤਾਨ ਨਾਲ ਸੰਧੀ ਕਰ ਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ । ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼, ਬਿਨਾਂ ਕਿਸੇ ਨਾਲ ਸਲਾਹ ਕੀਤੇ ਦੇ ਹੀ, ਠੁਕਰਾ ਦਿੱਤੀ, ਪਰ ਮਹਾਰਾਜਾ ਪਟਿਆਲਾ ਨੇ ਸਰਦਾਰ ਪਟੇਲ ਤੇ ਪੰਡਤ ਜਵਾਹਰ ਲਾਲ ਨਹਿਰੂ ਨਾਲ ਸਲਾਹ ਕਰ ਕੇ ਇਸ ਨੂੰ ਰੱਦ ਕਰ ਦਿੱਤਾ ।

ਛੇਵੀਂ ਕੜੀ ਇਸ ਕਥਾ ਦੀ ਇਉਂ ਹੈ: 9 ਦਸੰਬਰ, ਸੰਨ 1946 ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਉਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿੱਲੀ ਵਿਚ ਹੋਈ ਤਾਂ ਉਸ ਸਮੇਂ, ਬਾਬੂ ਰਾਜਿੰਦਰ ਪ੍ਰਸਾਦ ਦੀ ਪ੍ਰਧਾਨਗੀ ਹੇਠ, ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾਂ ਤਾਂ ਬੁਨਿਆਦੀ ਮਤਾ ਪੇਸ਼ ਕੀਤਾ ਜਿਸ ਵਿਚ ਇਹ ਸ਼ਬਦ ਅੰਕਿਤ ਹਨ:

"ਘੱਟ-ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ । ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂ-ਬ-ਰੂ ਹਿੰਦੁਸਤਾਨ ਦੇ ਸ਼ਹਿਰੀਆਂ ਨੂੰ ਦਿੰਦੇ ਹਾਂ । ਇਸ ਲਈ ਇਹ ਇਕ ਪਵਿੱਤਰ ਸੌਗੰਧ ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ ।"

1. **ਆਪਣੀ ਸਵਾਰਥ-ਸਿੱਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸਹੁੰਆਂ ਸੌਗੰਧਾਂ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀਂ ਜਾਪਦੀ । 16 ਮਾਰਚ, ਸੰਨ 1931 ਨੂੰ ਮਹਾਤਮਾ ਗਾਂਧੀ, ਗੁਰਦੁਆਰਾ ਸੀਸ ਗੰਜ ਦੇ ਇਕ ਵਿਸ਼ੇਸ਼ ਦੀਵਾਨ ਵਿਚ ਗਏ ਜਿੱਥੇ ਕਿ ਉਨ੍ਹਾਂ ਨੂੰ ਮਾਣ-ਪੱਤਰ ਦਿੱਤਾ ਗਿਆ । ਉਨ੍ਹਾਂ ਕੋਲੋਂ ਪੁੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਤੋਂ ਖਿਸਕ ਗਈ ਤਾਂ ਫੇਰ ਸਿੱਖ ਕੀ ਕਰਨਗੇ । ਮਹਾਤਮਾ ਗਾਂਧੀ ਨੇ ਜੋ ਉੱਤਰ ਦਿੱਤਾ ਉਹ ਉਨ੍ਹਾਂ ਦੇ ਅਖ਼ਬਾਰ, "ਯੰਗ ਇੰਡੀਆ" ਮਿਤੀ 19 ਮਾਰਚ, ਸੰਨ 1931, ਵਿਚ ਛਪਿਆ ਹੋਇਆ ਹੈ ਅਤੇ ਉਸ ਵਿਚ ਇਹ ਸ਼ਬਦ ਹਨ: "ਸਰਦਾਰ ਮਧੂਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਗਿਆ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਣ ਕਰੇਗੀ ਅਤੇ ਕਦੇ ਕੋਈ ਅਜਿਹਾ ਕਦਮ ਨਹੀਂ ਚੁੱਕੇਗੀ ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ । ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਵਿਧਾਨ ਨਹੀਂ ਬਣਾਏਗੀ ਜਿਸ ਨੂੰ ਸਿੱਖ ਆਪੂੰ ਪ੍ਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ ।... ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉੱਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉੱਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ ਕਿਸੇ ਵੀ ਵਿਅਕਤੀ ਨਾਲ ਵੀ ਵਿਸ਼ਵਾਸ-ਘਾਤ ਨਹੀਂ ਕਰੇਗੀ । ਜੇ ਉਸ ਨੇ ਅਜਿਹਾ ਕੀਤਾ ਤਾਂ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ?ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ... ... ... ...ਸਿੱਖੋ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਅਤੇ ਸੰਸੇ ਛੱਡ ਦਿਓ... ਇਸ ਤੋਂ ਵੱਧ ਮੈਂ ਹੋਰ ਕੀ ਆਖਾਂ? ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ?**

**ਜਦੋਂ ਪੁੱਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਅਜ਼ਾਦ ਹੋਣ ਉੱਤੇ ਸਿੱਖ ਨਿਹੱਥੇ ਹੋ ਜਾਣਗੇ ਤੇ ਸਾਰੀ ਤਾਕਤ ਹਿੰਦੂਆਂ ਦੇ ਹੱਥ ਚਲੀ ਜਾਵੇਗੀ, ਤਾਂ ਮਹਾਤਮਾ ਗਾਂਧੀ ਨੇ ਉੱਤਰ ਦਿੱਤਾ, "ਕਿ ਉਸ ਸਮੇਂ ਸਿੱਖਾਂ ਦਾ ਇਹ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁੱਖ ਜਾਤੀ ਦੀ ਆਤਮਾ ਉਨ੍ਹਾਂ ਦੀ ਸਹਾਇਤਾ ਕਰਨਗੇ ।"**

2. **"He who controls the past controls the future"-George Orwell, in his book: "1884"**

ਜੋ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਅਜ਼ਾਦ ਹੋ ਜਾਂਦੇ ਹੋ ਕੇ ਝੂਠੀਆਂ ਸਹੁੰਆਂ ਸੁਗੰਧਾਂ ਰਾਜਸੀ ਪੱਧਰ ਉੱਤੇ ਚੁੱਕਦੇ ਹਨ ਉਨ੍ਹਾਂ ਦੀ ਅੰਤਿਮ ਗਤੀ ਦੀ ਬਾਬਤ ਮੈਂ ਕੀ ਆਖਾਂ? ਜਿਨ੍ਹਾਂ ਦੇ ਮਨ ਵਿੱਚੋਂ ਸ਼ਰਮ ਉੱਡ ਚੁੱਕੀ ਹੈ, ਜਿਨ੍ਹਾਂ ਦੀ ਆਤਮਾ ਵਿੱਚ ਧਰਮ ਦਾ ਅਭਾਵ ਹੋ ਗਿਆ, ਜਿਨ੍ਹਾਂ ਨੂੰ ਕੋਈ ਉਨ੍ਹਾਂ ਦੇ ਪਾਪ ਕਰਮਾਂ ਦਾ ਦੰਡ ਦੇਣ ਵਾਲਾ ਦਿਖਾਈ ਨਹੀਂ ਦਿੰਦਾ, ਉੱਥੋ ਜਿਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ, ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਦੇ ਸਿਵਾਏ ਹੋਰ ਕਰ ਵੀ ਕੀ ਸਕਦੇ ਹਨ? ਸਿੱਖ, ਇਸ ਸਮੇਂ ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਰਹੇ ਹਨ ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ ਉਹ ਆਪਣੀ ਤਵਾਰੀਖ਼ ਵੀ ਆਪ ਹੀ ਘੜ ਲੈਂਦੇ ਹਨ । ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸ-ਘਾਤ ਦੀ ਇਸ ਦੁਖਦਾਈ ਕਥਾ ਦਾ ਵਰਨਨ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ ।

ਹੁਣ ਮੈਂ ਸੱਤਵੀ ਸਾਖੀ ਵੱਲ ਆਉਂਦਾ ਹਾਂ। 12 ਮਈ, 1947 ਈ. ਨੂੰ, ਹਿੰਦੁਸਤਾਨ ਦੇ ਗਵਰਨਰ ਜਨਰਲ, ਲਾਰਡ ਮਾਊਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ, ਬਰਤਾਨਵੀ ਸਰਕਾਰ ਦੇ ਸੱਦੇ ਉੱਤੇ, ਲੰਡਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੋ ਉੱਥੇ ਹਿੰਦੁਸਤਾਨ ਦੀ ਫ਼ਿਰਕੂ ਅੜਚਣ ਦੇ ਹੱਲ ਲੱਭਣ ਦਾ ਆਖ਼ਰੀ ਯਤਨ ਕੀਤਾ ਜਾਏ । ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲਬਾਤ ਨੇਪਰੇ ਨਾ ਚੜ੍ਹ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੁਸਤਾਨ ਨੂੰ ਵਾਪਸੀ ਰਵਾਨਗੀ ਮਿੱਥ ਲਈ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁੱਖ ਨੇਤਾ ਨੇ ਸਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ ਦਿਨ ਪਿੱਛੇ ਠਹਿਰ ਜਾਣ ਤਦ, "ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦੁਆਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਾਲੀ ਪਾ ਸਕਣ ।"

ਸਰਦਾਰ ਬਲਦੇਵ ਸਿੰਘ ਨੇ, ਬਿਨ੍ਹਾਂ ਬਿਲੰਬ ਦੇ ਅਤੇ ਸ਼੍ਰਿਸ਼ਟਾਚਾਰ ਦੇ ਵਿਰੁੱਧ, ਇਹ ਭੇਤ ਵਾਲੀ ਗੱਲ ਝਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ, ਹਿੰਦੁਸਤਾਨ ਵਾਪਸ ਆਉਣ ਲਈ, ਉਨ੍ਹਾਂ ਨਾਲ ਹੀ ਹਵਾਈ ਜਹਾਜ਼ ਵਿਚ ਆ ਸਵਾਰ ਹੋਏ । ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਨੇ, ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ, ਬਿਨ੍ਹਾਂ ਨੀਤੀ ਵਿਚਾਰੇ ਦੇ, ਇਉਂ ਦਮਗਜਾ ਮਾਰਿਆ:

"ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ, ਨਾ ਕੁਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰਕੇ ਹਿੰਦੁਸਤਾਨ ਨੂੰ



ਛੱਡ ਜਾਣ । ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ।"

ਹੁਣ ਅੱਠਵੀ ਤੇ ਅੰਤਲੀ ਸਾਖੀ ਇਉਂ ਹੈ ਕਿ, ਜੁਲਾਈ 1947 ਈ. ਵਿਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿੱਚ ਹੋਈ ਜਿੱਥੇ ਕਿ ਉਨ੍ਹਾਂ ਨੇ ਸਰਬ ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜਤਾ ਕੀਤੀ । ਉਸ ਮਤੇ ਵਿਚ ਇਹ ਸ਼ਬਦ ਵੀ ਮੌਜੂਦ ਹਨ: "ਹਿੰਦੁਸਤਾਨ ਦੀ ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਬਾਨ੍ਹਣੂ ਬੰਨ੍ਹਿਆ ਜਾਏ ।"

ਇਹ ਪੰਜਾਬ ਦੇ ਓਹੋ ਹਿੰਦੂ ਹਨ ਜਿਨ੍ਹਾਂ ਦੀ ਕਿ ਬੁੱਧੀ ਨਾਲੋਂ ਉਨ੍ਹਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨ੍ਹਾਂ ਨੇ ਭਾਰਤ ਸੁਤੰਤਰ ਹੋਣ ਪਿੱਛੋਂ ਕੋਈ ਢੰਗ, ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ ਜਿਸ ਦਵਾਰਾ ਕਿ ਸਿੱਖਾਂ ਨੂੰ ਹੀਣੇ ਬਣਾ ਕੇ ਆਪਣੇ ਅਧੀਨ ਰੱਖ ਸਕਣ । ਇਨ੍ਹਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਪਿੱਛੋਂ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ ।

ਅੱਜ ਜਿਹੜਾ ਬਿਲ ਅਸੀਂ ਵਿਚਾਰ ਰਹੇ ਹਾਂ ਇਹ ਉਸ ਘਿਰਣਾ-ਭਰੀ ਕਥਾ ਦਾ ਹੀ ਅੰਤਿਮ ਅਧਿਆਇ ਹੈ, ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ । ਜਦੋਂ, ਸੰਨ 1950 ਵਿਚ, ਸੁਤੰਤਰ ਹਿੰਦੁਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ, ਅਥਵਾ ਅਕਾਲੀ ਮੈਂਬਰਾਂ ਨੇ, ਗੱਜ ਵੱਜ ਕੇ ਕਿਹਾ ਕਿ:

"ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ । ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।"

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖ਼ਰੜੇ ਉੱਤੇ ਦਸਤਖ਼ਤ ਕਰਨ ਤੋਂ ਉੱਕਾ ਹੀ ਨਾਂਹ ਕਰ ਦਿੱਤੀ ਤਾਂ ਜੋ ਸਭ ਸੰਸਾਰ ਅਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹ-ਘਾਤ ਕਰ ਕੇ ਬਣਾਇਆ ਗਿਆ ਹੈ ਅਤੇ ਇਸ ਕਾਰਨ, ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉੱਤੇ ਮਜ਼ਬੂਰ ਨਹੀਂ ਕੀਤੀ ਜਾ ਸਕਦੀ ।

ਸ੍ਰੀਮਤੀ ਪ੍ਰਧਾਨ ਜੀਓ, ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ, ਬੀਤ ਚੁੱਕੇ ਅਠਾਰ੍ਹਾਂ ਸਾਲਾਂ ਵਿਚ, ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਨ੍ਹਾਂ ਰਾਜਸੀ ਤੇ ਫ਼ਰੰਗੀ ਹਿੰਦੂਆਂ ਨੇ ਕੀਤੇ ਹਨ, ਉਸ ਦੁੱਖ ਭਰੇ ਕਾਂਡ ਨੂੰ ਮੈਂ ਅੱਜ,

ਸਮੇਂ ਦੀ ਥੁੜ ਦੇ ਕਾਰਨ, ਨਹੀਂ ਛੋਂਹਦਾ । ਕੇਵਲ ਇਤਨਾ ਦੱਸਾਂਗਾ ਕਿ ਜਦੋਂ ਸੰਨ 1954 ਵਿਚ ਮਾਸਟਰ ਤਾਰਾ ਸਿੰਘ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ ਤਦ ਪੰਡਤ ਜਵਾਹਰ ਲਾਲ ਨਹਿਰੂ ਨੇ, ਬਿਨਾਂ ਝਿਜਕ, ਉੱਤਰ ਦਿੱਤਾ, "ਕਿ ਹੁਣ ਸਮਾਂ ਬਦਲ ਗਿਆ ਹੈ।" ਸਿੱਖ ਭਲੀ ਪ੍ਰਕਾਰ ਜਾਣਦੇ ਹਨ, ਕਿ ਹੁਣ ਸਮਾਂ ਬਦਲ ਗਿਆ ਹੈ ।

3. **ਸੰਨ 1964 ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ, ਦਿੱਲੀ ਪਾਰਲੀਮੈਂਟ ਵਿਚ, ਪਾਰਲੀਮੈਂਟਰੀ ਸ੍ਵਤੰਤਰ ਪਾਰਟੀ ਦਾ ਸੈਕ੍ਰੇਟਰੀ ਸੀ ਅਤੇ ਇਸ ਹੈਸੀਅਤ ਵਿਚ ਉਹ ਮਦਰਾਸ, ਸ੍ਵਤੰਤਰ ਪਾਰਟੀ ਦੇ ਨੇਤਾ ਤੇ ਨਿਰਮਾਤਾ, ਸ੍ਰੀ ਰਾਜਗੋਪਾਲਾਚਾਰੀ ਨੂੰ ਮਿਲਣ ਗਿਆ ਤਦ ਰਾਜਾ ਜੀ ਨੇ ਦੱਸਿਆ ਕਿ ਸੰਨ 1946 ਵਿਚ ਹੀ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਨੂੰ ਖ਼ਬਰਦਾਰ ਕਰ ਦਿੱਤਾ ਸੀ ਕਿ ਹੁਣ ਜੋ ਕੁਝ ਸਿੱਖ ਪ੍ਰਾਪਤ ਕਰ ਸਕਦੇ ਹਨ, ਅੰਗਰੇਜ਼ਾਂ ਤੇ ਮੁਸਲਮਾਨਾਂ ਨਾਲ ਸੁਲਾਹ ਸਫ਼ਾਈ ਕਰਕੇ ਲੈ ਲੈਣ, ਪਿੱਛੋਂ ਹਿੰਦੂਆਂ ਨੇ ਕੁਛ ਭੀ ਨਹੀਂ ਦੇਣਾ ਦਵਾਣਾ । ਮੈਂ ਮੁੜਨ ਉਪਰੰਤ ਮਾਸਟਰ ਤਾਰਾ ਸਿੰਘ ਜੀ ਕੋਲੋਂ ਇਹੋ ਗੱਲ ਪੁੱਛੀ ਤਾਂ ਕਹਿਣ ਲੱਗੇ, 'ਹਾਂ ਗੱਲ ਹੋਈ ਤਾਂ ਸੀ, ਪਰ ਸੋਚਿਆ ਕਿ ਇਉਂ ਹਿੰਦੂਆਂ ਉੱਤੇ ਅਸਾਡੀ ਬੇਭਰੋਸਗੀ ਪਰਗਟ ਹੋਵੇਗੀ ਅਤੇ ਅਸੀਂ ਚੁੱਪ ਵੱਟੀ ਰੱਖਾ ।'**

**ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥**
**ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥**

(ਅੰਗ ੪੩੮)

ਹੁਣ ਮੈਨੂੰ ਇਸ ਬਿਲ ਉੱਤੇ ਥੋੜ੍ਹੀ ਜਿਹੀ ਟੀਕਾ-ਟਿੱਪਣੀ ਕਰਨ ਦੀ ਆਗਿਆ ਦਿੱਤੀ ਜਾਵੇ । 21 ਮਾਰਚ, ਸੰਨ 1966 ਨੂੰ, ਗ੍ਰਹਿ ਮੰਤਰੀ ਨੇ, ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ, ਕਮਿਸ਼ਨ ਨਿਯਤ ਕੀਤਾ ਕਿ ਪੰਜਾਬ ਦੀ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖਰੇ-ਵੱਖਰੇ ਕਰਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਿਤ ਕੀਤੇ ਜਾਣ ਅਤੇ ਇਹ ਵੰਡ ਸੰਨ 1961 ਦੀ ਜਨ-ਸੰਖਿਆ ਦੇ ਆਧਾਰ ਉੱਤੇ ਹੋਵੇ ਅਤੇ ਇਹ ਵੰਡ ਕਰਨ ਵੇਲੇ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ । ਇਨ੍ਹਾਂ ਤਿੰਨਾਂ ਆਦੇਸ਼ਾਂ ਦੇ ਗੁਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਨ੍ਹਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖਾਂ ਦਾ ਲੱਕ ਤੋੜਨਾ ਸੀ । 'ਸ਼ਾਹ ਕਮਿਸ਼ਨ' ਨੇ ਇਹ ਗੁਹਜ-ਰਹੱਸ ਨੂੰ ਸਮਝਣ ਵਿਚ ਅਣਗਹਿਲੀ ਨਹੀਂ ਵਿਖਾਈ । ਜਿੰਨਾ ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ, ਉਸ ਤੋਂ ਵੱਧ ਉਨ੍ਹਾਂ ਨਹੀਂ ਬਣਨ ਦਿੱਤਾ ਅਤੇ ਉਨ੍ਹਾਂ ਨੇ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ



ਸਰ ਬਣ ਸਕਿਆ ਕੀਤਾ ਹੈ ਤਾਂ ਜੁ ਪੰਜਾਬ ਦਾ ਇਲਾਕਾ ਤੇ ਹੱਕ ਖੋਹ-ਖਿੱਚ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ । ਡਲਹੌਜ਼ੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਰਨੀ, ਜਿਹੜਾ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ ਉਹ ਹਰਿਆਣਾ ਨੂੰ ਦੇ ਦਿੱਤਾ ਹੈ ਕਿ ਇੱਥੇ ਹਿੰਦੂ ਵਸਦੇ ਹਨ । ਇਹ ਦੁਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜ੍ਹ ਕੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਯਤਨ ਕੀਤੇ ਗਏ ਹਨ । ਸਿੱਟੇ ਵਜੋਂ ਪੰਜਾਬ ਹੁਣ ਐਵੇਂ ਇਕ ਚੋਪੜਿਆ ਲੇਪਿਆ ਜ਼ਿਲ੍ਹਾ ਪ੍ਰੀਸ਼ਦ ਰਹਿ ਗਿਆ ਹੈ ਅਤੇ ਇਹ ਸਿੱਖਾਂ ਲਈ ਇਕ ਕੁਰਾਟੀਨ ਬਣਾ ਦਿੱਤਾ ਗਿਆ ਹੈ । ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਪਾਪ ਕਰਮਾਂ ਦੀ ਪੂਰਤੀ ਲਈ ਦੇਸ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ । ਸ੍ਰੀਮਤੀ ਪ੍ਰਧਾਨ ਜੀਓ, ਮੈਨੂੰ ਇਹ ਕਹਿਣ ਦੀ ਆਗਿਆ ਦਿਓ ਕਿ ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ ਜੋ ਪਾਪ, ਸਭ ਤੋਂ ਵੱਡਾ, ਕਾਂਗਰਸੀ ਹਾਕਮਾਂ ਨੇ ਕੀਤਾ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਨਿਆਲਿਆ ਦੇ ਉੱਚ-ਅਧਿਕਾਰੀਆਂ ਨੂੰ ਮਹਾਨ ਅਨਿਆਇ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ । ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਤਾਂ ਤੋਂ ਉੱਠ ਗਿਆ ਹੈ । ਤਦ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ, 1966 ਨੂੰ ਮਤਾ ਪਾਸ ਕੀਤਾ:

"ਸਿੱਖਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰਿਪੋਰਟਾਂ ਸੁਤੰਤਰ ਭਾਰਤ ਵਿਚ ਹੋਈਆਂ ਹਨ, ਉਨ੍ਹਾਂ ਉੱਤੇ ਦੀਰਘ ਵੀਚਾਰ ਕਰਨ ਪਿੱਛੋਂ, ਇਹ ਸਿੱਟਾ ਨਿਕਲਦਾ ਹੈ ਕਿ ਅਜ਼ਾਦ ਹਿੰਦੁਸਤਾਨ ਵਿੱਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉੱਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਭਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ ਅਦਾਲਤੀ ਢੰਗ ਅਤੇ ਰਾਹ ਦਵਾਰਾ ਇਨਸਾਫ਼ ਦੀ ਉਮੀਦ ਨਹੀਂ ਰਹਿ ਗਈ ।"

ਮਾਨਯਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ, ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿਚ ਬੈਠੇ ਹਨ ਜਿਨ੍ਹਾਂ ਦੇ ਮਨ ਵਿੱਚ ਕਈ ਪ੍ਰਕਾਰ ਦੇ ਪ੍ਰਸ਼ਨ ਉੱਠ ਰਹੇ ਹੋਣਗੇ: "ਇਹ ਸਿਰਦਾਰ ਕਪੂਰ ਸਿੰਘ, ਸਿਆਣਾ-ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ ਸਭਾ ਵਿਚ ਕਿਉਂ ਛੇੜ ਬੈਠਾ ਹੈ? ਸਾਡੇ ਦੇਸ ਵਿਚ ਅਫ਼ਿਰਕੂ ਰਾਜ ਸਥਾਪਿਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ । ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇਂ ਹੋ ਸਕਦਾ ਹੈ, ਸਾਡੇ ਵਿਧਾਨ ਵਿਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ ।" ਇਨ੍ਹਾਂ ਪ੍ਰਸ਼ਨਾਂ ਦਾ ਉੱਤਰ

ਮੈਂ ਸਹਿਜੇ ਹੀ ਦੇ ਸਕਦਾ ਹਾਂ । ਵਿਧਾਨ ਅਤੇ ਕਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਉਨ੍ਹਾਂ ਉੱਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ, ਉਹ ਗੱਲ ਹੋਰ ਹੈ । ਗੱਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸ ਹੈ । ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ ਭੁਲਾਈਆਂ ਵਿਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਸਿੱਖਾਂ ਵਾਂਗ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵੱਧ ਚਲਾਕ । ਮੁੰਡੂਕੋਪਨਸ਼ਿਦ ਵਿਚ ਲਿਖਿਆ ਹੈ ਕਿ ਸੰਸਾਰ, ਆਤਮਾ ਦੀਆਂ ਚਾਰ ਗਤੀਆਂ ਤੋਂ ਉਤਪੰਨ ਹੁੰਦਾ ਹੈ । ਇਸ ਨੂੰ 'ਚਤੁਰਪਾਦ' ਕਿਹਾ ਹੈ । ਇਸੇ ਤਰ੍ਹਾਂ ਅੱਜ-ਕੱਲ੍ਹ ਦੇ ਰਾਜ ਪਰਪੰਚ ਦੇ ਵੀ ਚਾਰ ਪੈਰ ਹਨ, ਪਾਰਲੀਮੈਂਟ ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈੱਸ । ਜਿੰਨਾ ਚਿਰ ਰਾਜ ਦੇ ਇਨ੍ਹਾਂ ਚਹੁੰ ਅੰਗਾਂ ਦੀ ਰੂਪ ਰੇਖਾ ਨਾ ਪਛਾਣੀ ਜਾਵੇ, ਓਨਾ ਚਿਰ ਹਿੰਦੁਸਤਾਨ ਵਿਚ ਸਿੱਖਾਂ ਦੀ ਦੁੱਖ ਭਰੀ ਯੋਜਨਾ ਦੀ ਸੋਝੀ ਨਹੀਂ ਆ ਸਕਦੀ ।

ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁੱਲ੍ਹੇ ਸੰਕੇਤ ਕਰ ਚੁੱਕਾ ਹਾਂ । ਹੁਣ ਮੈਂ ਪਾਰਲੀਮੈਂਟ ਵੱਲ, ਇਸ ਲੋਕ ਸਭਾ ਵੱਲ, ਕੁਝ ਇਸ਼ਾਰੇ ਕਰਦਾ ਹਾਂ । ਇਹ ਲੋਕ ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ ਅਤੇ ਇਸ ਦੇ ਸਤਿਕਾਰ ਨੂੰ ਕੋਈ ਭੰਗ ਕਰਨ ਦਾ ਅਧਿਕਾਰੀ ਨਹੀਂ ਹੈ । ਪਰੰਤੂ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਰਾਹੀਂ ਉਹ ਦੋ-ਚਾਰ ਤੋਂ ਵੱਧ ਆਪਣੇ ਮੈਂਬਰ ਇੱਥੇ ਨਹੀਂ ਭੇਜ ਸਕਦੇ । ਇਹ ਹੋਂਦ ਚਹੁੰ ਮੈਂਬਰਾਂ ਨੂੰ ਵੀ ਖੁੱਲ੍ਹੀ, ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ । ਪਿਛਲੇ ਮਹੀਨਿਆਂ ਵਿਚ ਹੀ ਇਹ ਵੇਖਣ ਵਿੱਚ ਆਇਆ ਹੈ ਕਿ ਘੱਟ ਗਿਣਤੀ ਮੈਂਬਰਾਂ ਨੂੰ, ਬਿਨਾਂ ਸੁਣੇ ਤੇ ਬਿਨਾਂ ਵਿਚਾਰੇ, ਲੋਕ ਸਭਾ ਵਿਚੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ ਅਤੇ ਪਿੱਛੋਂ ਆਪਣਾ ਦੁੱਖ ਰੋਣ ਦੀ ਵੀ ਆਗਿਆ ਨਹੀਂ ਦਿੱਤੀ ਜਾਂਦੀ । ਅਜਿਹੀ ਲੋਕ ਸਭਾ ਦਵਾਰਾ ਸਿੱਖ ਆਪਣੇ ਦੁੱਖਾਂ ਦੀ ਨਿਵਿਰਤੀ ਕਿਵੇਂ ਕਰਨ? ਹੁਣ ਮੈਂ ਪ੍ਰੈੱਸ ਦੀ ਗੱਲ ਕਰਦਾ ਹਾਂ । ਸਾਡੇ ਦੇਸ ਦਾ ਪ੍ਰੈੱਸ ਅਜ਼ਾਦ ਹੈ ਅਤੇ ਬਹੁਤ ਹੱਦ ਤੱਕ ਨਿਰਪੱਖ ਵੀ, ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਸਿੱਖਾਂ ਦਾ ਸਵਾਲ ਹੋਵੇ, ਉਸ ਵੇਲੇ ਰਵੱਈਆ ਕੀ ਹੁੰਦਾ ਹੈ । ਕੁਝ ਸਾਲ ਹੋਏ ਇੰਗਲੈਂਡ ਵਿਚ ਕਈ ਅਖ਼ਬਾਰਾਂ ਦੇ ਮਾਲਕ, ਲਾਰਡ ਬੀਵਰਬਰੁਕ, ਦੀ ਪ੍ਰਧਾਨ ਮੰਤਰੀ ਬਾਲਡਵਿਨ ਨਾਲ ਖੜਕ ਪਈ ਸੀ ਤਦ ਬਾਲਡਵਿਨ ਨੇ ਪ੍ਰੈੱਸ ਬਾਰੇ, ਇੰਗਲੈਂਡ ਦੀ ਪਾਰਲੀਮੈਂਟ ਵਿਚ ਕਿਹਾ ਸੀ:

"ਪ੍ਰੈੱਸ ਕੋਲ ਸ਼ਕਤੀ ਹੈ, ਪਰ ਜ਼ੁੰਮੇਵਾਰੀ ਦਾ ਅਹਿਸਾਸ ਨਹੀਂ । ਇਨ੍ਹਾਂ ਕੋਲ ਕੰਜਰਾਂ ਤੇ ਕੰਜਰੀਆਂ ਵਾਲੇ ਸਭ ਅਧਿਕਾਰ ਹਨ ।"

ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿੰਦਾ । ਮੈਂ ਬਹੁਤ ਕੁਝ ਕਹਿ ਚੁੱਕਾ ਹਾਂ



ਜਿਸ ਨਾਲ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰਬਰ 2, ਜਿਹੜਾ ਕਿ 20 ਜੁਲਾਈ, ਸੰਨ 1966 ਨੂੰ ਪਾਸ ਕੀਤਾ ਗਿਆ, ਦੇ ਪਿਛੋਕੜ ਦੀ, ਜਿੱਥੋਂ ਤੱਕ ਕਿ ਇਸ ਦਾ ਸੰਬੰਧ ਇਸ ਬਿਲ ਨਾਲ ਹੈ, ਸਮਝ ਪੈ ਸਕਦੀ ਹੈ । ਉਹ ਮਤਾ ਇਉਂ ਹੈ:

"ਸਿੱਖ ਨਿਸ਼ਚੈ ਕਰਦੇ ਹਨ ਕਿ, ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ, ਹਰ ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਕਿ ਸਿੱਖਾਂ ਨੂੰ ਅਜ਼ਾਦ ਹਿੰਦੁਸਤਾਨ ਵਿਚ, ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਸ਼ਹਿਰੀ ਬਣਾ ਦੇਣਾ ਹੋਵੇ । ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫ਼ੌਰਨ ਚੁੱਕੇ ਜਾਣ ਤਾਂ ਜੋ ਸਿੱਖ, ਹਿੰਦੁਸਤਾਨ ਵਿਚ, ਬਰਾਬਰ ਦੇ ਭਰਾ ਬਣ ਕੇ ਰਹਿ ਸਕਣ:

(1) ਜਿਹੜੇ ਸਿੱਖ ਇਲਾਕੇ, ਜਾਣ ਬੁਝ ਕੇ ਅਤੇ ਬਿਨਾਂ ਕਾਰਨ, ਨਵੇਂ ਪੰਜਾਬ ਵਿੱਚੋਂ ਕੱਢ ਦਿੱਤੇ ਗਏ ਹਨ ਅਤੇ ਜੋੜੇ ਨਹੀਂ ਗਏ, ਜਿਹਾ ਕਿ, ਗੁਰਦਾਸਪੁਰ ਜਿਲ੍ਹੇ ਦਾ ਇਲਾਕਾ ਜਿਸ ਵਿਚ ਕਿ ਡਲਹੌਜ਼ੀ ਸ਼ਾਮਲ ਹੈ,ਅੰਬਾਲੇ ਦਾ ਜ਼ਿਲ੍ਹਾ, ਸਣੇ ਚੰਡੀਗੜ੍ਹ, ਪੰਜੌਰ, ਕਾਲਕਾ ਅਤੇ ਅੰਬਾਲਾ ਸਦਰ ਦੇ ਅਤੇ ਊਨੇ ਦੀ ਸਾਰੀ ਤਹਿਸੀਲ, ਅਤੇ ਨਾਲਾਗੜ੍ਹ ਦਾ ਦੇਸ ਨਾਮ ਦਾ ਇਲਾਕਾ, ਸਿਰਸੇ ਦੀ ਤਹਿਸੀਲ, ਗੂਹਲਾ ਸਬ-ਤਹਿਸੀਲ, ਸਣੇ ਟੋਹਾਣਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲ੍ਹੇ ਵਿਚ ਹਨ ਅਤੇ ਕਰਨਾਲ ਦੇ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਵਿਚ ਗੰਗਾ ਨਗਰ ਦਾ ਜਿਲ੍ਹਾ, ਇਨ੍ਹਾਂ ਇਲਾਕਿਆਂ ਨੂੰ ਝਟਪਟ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ, ਤਾਂ ਕਿ ਸਾਰੇ ਨਾਲ ਲੱਗਦੇ ਸਿੱਖ ਵਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ, ਸਿੱਖ ਹੋਮਲੈਂਡ, ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ ।

(2) ਇਸ ਨਵੇਂ ਨਿਰਮਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿੱਤੀ ਜਾਵੇ ਜਿਹੜੀ ਕਿ, ਸੰਨ 1950 ਵਿੱਚ, ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਹੋਏ ਸਨ ।

ਸ੍ਰੀਮਤੀ ਜੀਓ, ਮੈਂ ਹੁਣ ਆਪਣਾ ਭਾਸ਼ਨ ਸਮਾਪਤ ਕਰ ਚੁੱਕਾ ਹਾਂ । ਸਾਰੇ ਸਿੱਖਾਂ ਅਤੇ ਸਿੱਖ ਪੰਥ ਦੇ ਨਾਮ ਉੱਤੇ, ਜਿਨ੍ਹਾਂ ਦੀ ਜੱਥੇਬੰਦੀ ਕਿ ਸ਼੍ਰੋਮਣੀ ਅਕਾਲੀ ਦਲ ਹੈ, ਮੈਂ ਇਸ ਬਿਲ ਨੂੰ ਰੱਦ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ, ਇਸ ਨੂੰ ਨਾ-ਮਨਜ਼ੂਰ ਕਰਦਾ ਹਾਂ, ਅਤੇ ਇਸ ਬਿਲ ਦੇ ਪਿੱਛੇ ਜਿਹੜੀਆਂ ਭਾਵਨਾਵਾਂ ਹਨ ਉਨ੍ਹਾਂ ਨੂੰ ਧਿਰਕਾਰਦਾ ਹਾਂ । ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਵਿਧਾਨਿਕ ਕਦਮ ਚੁੱਕੇ ਜਿਸ ਦਵਾਰਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਉਨ੍ਹਾਂ

ਮੰਗਾਂ ਦੀ, ਜਿਨ੍ਹਾਂ ਦੀ ਵਿਆਖਿਆ ਕਿ ਮੈਂ ਹੁਣ ਕਰ ਚੁੱਕਾ ਹਾਂ, ਪੂਰਤੀ ਹੋਵੇ । ਮਾਨਯਵਰ ਪ੍ਰਧਾਨ ਦੇਵੀ ਜੀਓ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

❊❊❊

## ਬ੍ਰਾਹਮਣ-ਬਿਪਰਵਾਦ

ਮਹਾਰਾਜਾ ਰਣਜੀਤ ਸਿੰਘ ਕੋਲ ਆਪਣੇ ਦੁਸ਼ਮਣਾਂ ਨੂੰ ਖ਼ਤਮ ਕਰਨ ਲਈ ਦੋ ਤੋਪਾਂ ਸਨ, ਇਕ ਭੰਗੀਆਂ ਵਾਲੀ ਅਤੇ ਦੂਸਰੀ ਬਠਿੰਡੇ ਵਾਲੀ । ਪੰਡਤ ਜਵਾਹਰ ਲਾਲ ਕੋਲ ਇਕੋ ਤੋਪ (ਜੀਭ) ਤੋਂ ਦੋ ਅਲੱਗ-ਅਲੱਗ ਤਰ੍ਹਾਂ ਦੇ ਗੋਲੇ ਆਪਣੇ ਵਿਰੋਧੀਆਂ ਦਾ ਨਾਸ਼ ਕਰਦੇ ਸਨ । ਇਕ ਫਿਰਕਾਪ੍ਰਸਤ ਅਤੇ ਦੂਸਰਾ ਦੇਸ ਦੀ ਅਖੰਡਤਾ ਕੇ ਦੁਸ਼ਮਣ । ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਅਤੇ ਇੰਦਰ ਸਿੰਘ ਘੱਗਾ ਕੋਲ ਭੀ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਜੇ ਖ਼ਾਲਸਾ ਪੰਥ ਦੀਆਂ ਜੜ੍ਹਾਂ ਹਿਲਾਉਣ ਲਈ ਇਕੋ ਅਰਥ ਵਾਲੇ ਦੋ ਨਾਅਰੇ ਹਨ । ਬ੍ਰਾਹਮਣਵਾਦ ਅਤੇ ਬਿਪਰਵਾਦ ।

ਇੰਦਰ ਸਿੰਘ ਘੱਗਾ ਦੀ ਹਰ ਪੁਸਤਕ ਦੀ ਅਰੰਭਤਾ ਬ੍ਰਾਹਮਣ, ਬ੍ਰਾਹਮਣੀ ਕਿਰਦਾਰ ਤੋਂ ਸ਼ੁਰੂ ਹੁੰਦੀ ਹੈ । ਇਸ ਦੇ ਅੰਦਰ ਨਾਸਤਿਕਤਾ ਵਾਲੇ ਕਾਮਰੇਡੀ ਤੱਤ ਨੇ ਆਪਣੇ ਆਪ ਨੂੰ ਸਿੱਖੀ ਭੇਖ ਨਾਲ ਕੌਮਾ ਫਲੈਗ ਕੀਤਾ ਹੋਇਆ ਹੈ ਅਤੇ ਜਦ ਇਸ ਦਾ ਅੰਦਰਲਾ ਅਸਲੀ ਤੱਤ ਬਾਹਰਲੇ ਭੇਖ ਵਿਚੋਂ ਅੰਗੜਾਈ ਲੈ ਕੇ ਬਾਹਰ ਨਿਕਲਦਾ ਹੈ ਤਾਂ ਪਹਿਲਾਂ ਫ਼ਾਇਰ ਬ੍ਰਾਹਮਣਵਾਦ ਦਾ ਕਰ ਕੇ ਹੌਲੀ-ਹੌਲੀ ਸਿੱਖੀ ਸਿਧਾਂਤ ਤੇ ਵਾਰ ਕਰਦਾ ਹੈ ਅਤੇ ਅਤਿ ਦਰਜੇ ਦੀ ਮੱਕਾਰੀ ਵਾਲੀ ਚਤੁਰਾਈ ਨਾਲ ਗੁਰਬਾਣੀ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਅਣਜਾਣ ਸਿੱਖ ਇਸ ਦੇ ਸ਼ਬਦ ਬਾਣ ਤੋਂ ਬਚ ਨਹੀਂ ਸਕਦਾ । ਅੱਜ ਅਸੀਂ ਇਸ ਦੇ ਬ੍ਰਾਹਮਣਵਾਦ ਦੇ ਮੂਲ ਦੀ ਗੱਲ ਕਰਾਂਗੇ ।

ਸਭ ਤੋਂ ਪਹਿਲਾਂ ਤਾਂ ਅਸੀਂ ਪਾਠਕਾਂ ਨੂੰ ਇਹ ਦੱਸਣਾ ਚਾਹਾਂਗੇ ਕਿ ਸ੍ਰੀਮਾਨ ਘੱਗਾ ਜੀ ਕੇਵਲ ਅੱਠ ਕਲਾਸਾਂ ਪਾਸ ਹਨ ਕਿਸੇ ਕੇਸ ਵਿਚ ਫਸਣ ਕਾਰਨ ਇਹ ਡ੍ਰਾਈਵਰ ਦੀ ਪੋਸਟ ਤੋਂ ਡਿਸਮਿਸ ਹੋ ਕੇ ਘਰ ਬੈਠ ਗਏ । ਫਿਰ ਸਿੱਖ ਮਿਸ਼ਨਰੀ ਕਾਲਜ ਵਿਚ ਪੜ੍ਹਾਈ ਕਰਕੇ ਉੱਥੇ ਹੀ ਪੜ੍ਹਾਉਣ ਲੱਗ ਪਏ ਅਤੇ ਟੀਚਰ ਬਣਨ ਦੀ ਬਜਾਏ ਸਿੱਧੇ ਪ੍ਰੋਫ਼ੈਸਰ ਬਣ ਗਏ । ਇਨ੍ਹਾਂ ਨੇ ਨਾ ਕੋਈ ਹਿੰਦੂ ਧਾਰਮਿਕ ਗ੍ਰੰਥ, ਵੇਦ, ਪੁਰਾਣ, ਸ਼ਾਸ਼ਤਰ ਜਾਂ ਸਿੰਮ੍ਰਿਤੀਆਂ ਆਦਿ ਪੜ੍ਹਨੇ ਤਾਂ ਇਕ ਪਾਸੇ ਕਦੇ ਦਰਸ਼ਨ ਭੀ ਨਹੀਂ ਕੀਤੇ । ਕਿਉਂਕਿ ਇਨ੍ਹਾਂ ਨੂੰ ਪੜ੍ਹਨ ਲਈ ਸੰਸਕ੍ਰਿਤ ਭਾਸ਼ਾ ਦਾ ਗਿਆਨ ਲਾਜ਼ਮੀ ਹੈ ਜਿਸ ਤੋਂ ਇਹ ਕੋਰੇ ਹਨ । ਇਸ ਲਈ ਸਨਾਤਨ ਧਾਰਮਿਕ ਗ੍ਰੰਥਾਂ ਨੂੰ ਮੂਲੋਂ ਹੀ ਰੱਦ ਕਰਦੇ ਹਨ ਇਹੋ ਹਾਲ ਬਾਕੀ ਦਸਮ ਗ੍ਰੰਥ ਵਿਰੋਧੀਆਂ ਦਾ ਹੈ । ਜਦਕਿ ਗੁਰੂ ਸਾਹਿਬ ਨੇ ਗੁਰਬਾਣੀ ਰਾਹੀਂ ਬਹੁਤਾ ਬ੍ਰਾਹਮਣ ਦੇ ਉਸ ਕਿਰਦਾਰ ਨੂੰ ਭੰਡਿਆ ਹੈ ਜੋ ਕਿ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਸੀ ਅਤੇ ਜਿਸ ਤੋਂ ਸਾਡੇ ਅੱਜ ਦੇ ਅਨੇਕ ਧਾਰਮਿਕ ਆਗੂ ਪ੍ਰਚਾਰਕ, ਗ੍ਰੰਥੀ, ਰਾਗੀ, ਢਾਡੀ ਭੀ ਬਰੀ ਨਹੀਂ ਹੋ ਸਕਦੇ । ਬ੍ਰਾਹਮਣ ਦੇ ਪਾਏ ਜਨੇਊ ਬਾਰੇ ਗੁਰੂ ਸਾਹਿਬ ਦਾ ਸਲੋਕ ਪੜ੍ਹਕੇ ਇਹ ਫੂਲੇ ਨਹੀਂ ਸਮਾਉਂਦੇ:

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥** (ਅੰਗ ੪੭੧)

ਪਰ ਜਿਹੜਾ ਜਨੇਊ ਗੁਰੂ ਸਾਹਿਬ ਨੇ ਬ੍ਰਾਹਮਣ ਨੂੰ ਪਾਉਣ ਲਈ ਉਪਦੇਸ਼ ਦਿੱਤਾ ਹੈ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥** (ਅੰਗ ੪੭੧)

ਕੀ ਇਨ੍ਹਾਂ ਨੇ ਆਪ ਇਹ ਜਨੇਊ ਪਾਇਆ ਹੋਇਆ ਹੈ?

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥**
**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥**
**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥**
**ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥** (ਅੰਗ ੪੭੨)

ਕੀ ਇਹ ਆਪ ਅਤੇ ਇਨ੍ਹਾਂ ਦਾ ਸਮਰਥਕ ਇਸ ਸੂਤਕ ਤੋਂ ਮੁਕਤ ਹਨ?

ਜਦ ਅਸੀਂ ਇਨ੍ਹਾਂ ਦੇ ਕਿਰਦਾਰ ਦੇ ਦਰਸ਼ਨ ਕਰਦੇ ਹਾਂ ਤਾਂ ਅਸਲੀਅਤ ਕੁਝ ਹੋਰ ਪ੍ਰਗਟ ਹੁੰਦੀ ਹੈ ।

ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਚਾਰ ਕਰਦੇ ਹਾਂ, ਪ੍ਰਤੱਖ ਦਿਸਦਾ ਹੈ ਕਿ ਸੱਤ ਬ੍ਰਾਹਮਣ ਭਗਤਾਂ ਦੀ ਬਾਣੀ ਗੁਰੂ ਸਾਹਿਬ ਨੇ ਪ੍ਰਵਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ ਅਤੇ ਸਮੁੱਚੀ ਬਾਣੀ ਨੂੰ ਦਸਮੇਸ਼ ਪਿਤਾ ਨੇ ਮੱਥਾ ਟੇਕ ਕੇ ਗੁਰਿਆਈ ਬਖਸ਼ੀ ਹੈ ਜਿਸ ਨੂੰ ਅਸੀਂ ਗੁਰੂ ਰੂਪ ਸਤਿਕਾਰ ਦਿੰਦੇ ਹਾਂ । ਹੋਰ ਗਹਿਰਾਈ ਵਿਚ ਜਾਈਏ ਤਾਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਚੋਂ ਚਾਰ ਭਗਤ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਸੰਸਾਰ ਆਗਮਨ ਤੋਂ ਪਹਿਲਾਂ ਹੋਏ ਹਨ ।

| | | |
|---|---|---|
| ਭਗਤ ਜੈ ਦੇਵ ਜੀ | 1201 ਤੋਂ 1273 | ਬੰਗਾਲ |
| ਭਗਤ ਤਰਲੋਚਨ ਜੀ | 1267 ਤੋਂ 1335 | ਮਹਾਰਾਸ਼ਟਰ |
| ਭਗਤ ਬੇਣੀ ਜੀ | 15ਵੀਂ ਸਦੀ (ਸਹੀ ਸੰਮਤ ਪਤਾ ਨਹੀਂ) | ਬਿਹਾਰ |
| ਸੁਆਮੀ ਰਾਮਾ ਨੰਦ ਜੀ | 1366 ਤੋਂ 1467 | ਉੱਤਰ ਪ੍ਰਦੇਸ਼ |

ਇਨ੍ਹਾਂ ਤੋਂ ਵਰੋਸਾਏ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਪੀਪਾ ਜੀ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਨ੍ਹਾਂ ਵਿਚੋਂ ਭਗਤ ਪੀਪਾ ਜੀ ਭੀ ਰਾਜਸਥਾਨ ਦੇ ਬ੍ਰਾਹਮਣ ਸਨ ।

ਸੱਤਾਂ ਬ੍ਰਾਹਮਣ ਭਗਤਾਂ ਵਿਚੋਂ ਕੇਵਲ ਭਗਤ ਪਰਮਾਨੰਦ ਜੀ (1483-1533) ਮਹਾਂਰਾਸ਼ਟਰ ਅਤੇ ਭਗਤ ਸੂਰਦਾਸ ਜੀ (1478-1585 ਪੰਜਾਬ) ਹੀ ਗੁਰੂ ਸਾਹਿਬ ਦੇ ਸਮਕਾਲੀ ਸੀ ।



ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜੇ ਸਨਾਤਨ ਧਰਮ ਦੇ ਸਾਰੇ ਗ੍ਰੰਥ ਹੀ ਪੂਰਨ ਤੌਰ 'ਤੇ ਖੰਡਣਯੋਗ ਹਨ ਤਾਂ ਜੋ ਭਗਤ ਸਾਹਿਬ, ਗੁਰੂ ਸਾਹਿਬ ਤੋਂ ਕਈ ਸਦੀਆਂ ਪਹਿਲੇ ਹੋਏ ਉਨ੍ਹਾਂ ਨੂੰ ਤੱਤ ਗਿਆਨ ਕਿਸ ਤਰ੍ਹਾਂ ਅਤੇ ਕਿੱਥੋਂ ਪ੍ਰਾਪਤ ਹੋਇਆ । ਕੀ ਗ਼ਲਤ ਗ੍ਰੰਥ ਪੜ੍ਹ ਕੇ ਕੋਈ ਸਹੀ ਗਿਆਨ ਪ੍ਰਾਪਤ ਕਰ ਸਕਦਾ ਹੈ? ਇਸ ਤੋਂ ਇਲਾਵਾ ਗੁਰਬਾਣੀ ਵਿਚ ਦਰਜ ਹੈ:

**ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥**
**ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥**
**ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥**
**ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥** (ਅੰਗ ੫੯੧)

ਜੇ ਸਨਾਤਨ ਧਰਮ ਮੂਲੋਂ ਹੀ ਗ਼ਲਤ ਹੈ ਤਾਂ ਭਗਤ ਪ੍ਰਹਿਲਾਦ ਰਾਜਾ ਜਨਕ ਅਤੇ ਰਿਸ਼ੀ ਵਸ਼ਿਸ਼ਟ ਜੀ ਨੂੰ ਗੁਰਬਾਣੀ ਕਿਸ ਤਰ੍ਹਾਂ ਪ੍ਰਵਾਨ ਕਰ ਸਕਦੀ ਹੈ?

ਗੁਰਬਾਣੀ ਅਨੁਸਾਰ ਹੀ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭਗਤ ਧ੍ਰੂ ਸਮੇਤ ਇਨ੍ਹਾਂ ਮਹਾਂਪੁਰਸ਼ਾਂ ਦੀ ਬਹੁਤ ਉਪਮਾ ਕੀਤੀ ਹੈ ।

ਸੰਸਾਰ ਪ੍ਰਸਿੱਧ ਫਿਲਾਸਫਰ ਡਾ. ਰਾਧਾ ਕ੍ਰਿਸ਼ਨਨ (ਸਵਰਗੀ ਰਾਸ਼ਟਰਪਤੀ), ਜਰਮਨ ਮੂਲ ਦੇ ਸੰਸਕ੍ਰਿਤ ਸਕਾਲਰ ਮਿ. ਮੈਕਸ ਮੂਲਰ, ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਸਿਰਦਾਰ ਕਪੂਰ ਸਿੰਘ ਅਤੇ ਹੋਰ ਖੋਜੀ ਬੰਦੇ ਜਿਨ੍ਹਾਂ ਨੇ ਵੱਖ-ਵੱਖ ਧਰਮਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ ਉਨ੍ਹਾਂ ਨੂੰ ਸਨਾਤਨ ਧਾਰਮਿਕ ਗ੍ਰੰਥਾਂ ਵਿਚੋਂ ਭੀ ਬਹੁਤ ਕੁਝ ਠੀਕ ਪ੍ਰਾਪਤ ਹੋਇਆ ਹੈ । ਇਸੇ ਤਰ੍ਹਾਂ ਗੁਰੂ ਸਾਹਿਬ ਨੇ ਭੀ ਇਨ੍ਹਾਂ ਗ੍ਰੰਥਾਂ ਵਿਚ ਦੇ ਠੀਕ ਤੱਤ ਨੂੰ ਕਬੂਲਿਆ ਹੈ:

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ**
**ਫਿਰਹਿ ਜਿਉ ਬੇਤਾਲਿਆ ॥** (ਅੰਗ ੯੧੯)

**ਅਰਥ :** ਹੇ ਬ੍ਰਾਹਮਣ ਵੇਦਾਂ ਵਿਚ ਭੀ ਨਾਮ ਜਪਣ ਨੂੰ ਉੱਤਮ ਮੰਨਿਆ ਹੈ ਪਰ ਵੇਦ ਪੜ੍ਹਨ ਵਾਲੇ ਇਸ ਗੱਲ ਨੂੰ ਸੁਣਦੇ ਸਮਝਦੇ ਅਤੇ ਮੰਨਦੇ ਨਹੀਂ ਇਸ ਲਈ ਬੇਤਾਲ ਦੀ ਜ਼ਿੰਦਗੀ ਜੀ ਰਹੇ ਹਨ ।

**ਦੀਵਾ ਬਲੈ ਅੰਧੇਰਾ ਜਾਇ ॥**
**ਬੇਦ ਪਾਠ ਮਤਿ ਪਾਪਾ ਖਾਇ ॥** (ਅੰਗ ੭੯੧)

(ਮਹਾਨ ਕੋਸ਼ ਪੰਨਾ ੮੯੬)

**ਅਰਥ :** ਜਿਸ ਤਰ੍ਹਾਂ ਦੀਵਾ ਬਲਣ ਨਾਲ ਅੰਧੇਰਾ ਦੂਰ ਹੁੰਦਾ ਹੈ ਇਸੇ ਤਰ੍ਹਾਂ ਵੇਦਾਂ ਦਾ ਵਿਚਾਰ ਕੇ ਪਾਠ ਕਰਨ ਨਾਲ ਪਾਪਾਂ ਵਾਲੀ ਮੱਤ ਦੂਰ ਹੁੰਦੀ ਹੈ ।

**ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥**

**ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ॥** (ਅੰਗ ੪੦੮)
**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ**
**ਨਿਮਖ ਨ ਹੀਐ ਬਸਾਵੈ॥**
**ਪਰ ਧਨ ਪਰ ਦਾਰਾ ਸਿਉ ਰਚਿਓ**
**ਬਿਰਥਾ ਜਨਮੁ ਸਿਰਾਵੈ॥** (ਅੰਗ ੬੩੨)

**ਅਰਥ :** ਵੇਦ ਪੁਰਾਣ ਸਿਮ੍ਰਿਤੀਆਂ ਦੀ ਗੱਲ ਸੁਣ ਕੇ ਇਕ ਭੋਰਾ ਮਾਤਰ ਵੀ ਹਿਰਦੇ ਵਿਚ ਨਹੀਂ ਵਸਾਉਂਦਾ । ਪਰਾਇਆ ਧਨ ਅਤੇ ਪਰਾਈ ਇਸਤਰੀ ਨਾਲ ਰਚ ਕੇ ਜੀਵਨ ਗਵਾ ਰਿਹਾ ਹੈ ।

**ਬੇਦ ਪੜਹਿ ਪੜਿ ਬਾਦੁ ਬਖਾਣਹਿ॥**
**ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ॥**
**ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੈ।**
(ਅੰਗ ੧੦੫੮)

**ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥** (ਅੰਗ ੧੦੯੯)

**ਅਰਥ :** ਵੇਦਾਂ ਦਾ ਸੰਪੂਰਨ ਪਾਠ ਕਰਦੇ ਹਨ ਪਰ ਤੱਤ ਵਸਤੂ ਜੋ ਇਸ ਵਿਚ ਹੈ ਉਸ ਨੂੰ ਨਹੀਂ ਫੜਦੇ ।

ਇਸ ਨੂੰ ਅੱਗੇ ਹੋਰ ਖੋਲ੍ਹ ਕੇ ਦੱਸਦੇ ਹਨ:

**ਬੇਦ ਪੁਰਾਨ ਪੜੇ ਕਾ ਕਿਆ ਗੁਨੁ**
**ਖਰ ਚੰਦਨ ਜਸ ਭਾਰਾ॥**
**ਰਾਮ ਨਾਮ ਕੀ ਗਤਿ ਨਹੀ ਜਾਨੀ**
**ਕੈਸੇ ਉਤਰਸਿ ਪਾਰਾ॥** (ਅੰਗ ੧੧੦੨-੧੧੦੩)

**ਅਰਥ :** ਹੇ ਭਾਈ ਵੇਦਾਂ ਅਤੇ ਪੁਰਾਨਾਂ ਦੇ ਪੜ੍ਹਨ ਦਾ ਕੀ ਫ਼ਾਇਦਾ ਮਾਨੋ ਗਧੇ ਉੱਪਰ ਚੰਦਨ ਲੱਦਿਆ ਹੋਇਆ ਹੈ ਕਿਉਂਕਿ ਰਾਮ ਦਾ ਨਾਮ ਜਪਣ ਦਾ ਭੇਦ ਨਹੀਂ ਜਾਣਿਆ ਇਸ ਲਈ ਪਾਰ ਉਤਾਰਾ ਕਿਸ ਤਰ੍ਹਾਂ ਹੋਵੇਗਾ?

ਜਦ ਅਸੀਂ ਗੁਰਬਾਣੀ ਨੂੰ ਵਿਚਾਰ ਕੇ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਗੁਰਮਤਿ ਅਤੇ ਸਨਾਤਨ ਧਰਮ ਦੀਆਂ ਬਹੁਤ ਗੱਲਾਂ ਸਮਾਨਅੰਤਰ ਹਨ ।

ਸਨਾਤਨ ਧਰਮ ਦੇ ਸ਼ਬਦ (ਓਅੰ) ਅਤੇ ਓਅੰਕਾਰ ਨੂੰ ਬਾਣੀ ਪ੍ਰਵਾਨ ਕਰਦੀ ਹੈ ।

**ਓਅੰ ਸਾਧ ਸਤਿਗੁਰ ਨਮਸਕਾਰੰ॥** (ਅੰਗ ੨੫੦)
**ਓਅੰਕਾਰਿ ਏਕ ਧੁਨਿ ਏਕੈ ਰਾਗੁ ਅਲਾਪੈ॥** (ਅੰਗ ੮੮੫)
**ਓਅੰਕਾਰਿ ਏਕੋ ਰਵਿ ਰਹਿਆ**
**ਸਭੁ ਏਕਸ ਮਹਿ ਸਮਾਵੈਗੋ॥** (ਅੰਗ ੧੩੧੦)



ਮੱਧ ਪ੍ਰਦੇਸ਼ ਵਿਚ ਨਰਬਦਾ ਨਦੀ ਦੇ ਕੰਢੇ ਓਅੰਕਾਰ ਨਾਮ ਦਾ ਪ੍ਰਸਿੱਧ ਮੰਦਰ ਹੈ । ਇੱਥੇ ਹੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਰਾਮਕਲੀ ਰਾਗ ਵਿਚ 'ਦੱਖਣੀ ਓਅੰਕਾਰ' ਦੀ ਬਾਣੀ ਰਚੀ ।

ਹਿੰਦੂ ਗ੍ਰੰਥਾਂ ਅਨੁਸਾਰ ਰਜੋ, ਤਮੋ, ਸਤੋ, ਤ੍ਰਿਗੁਣੀ ਰੂਪ ਮਾਇਆ ਦੇ ਸਰੂਪ ਨੂੰ ਗੁਰੂ ਸਾਹਿਬ ਨੇ ਸਵੀਕਾਰ ਕੀਤਾ ਹੈ ।

**ਰਜ ਗੁਣ ਤਮ ਗੁਣ ਸਤ ਗੁਣ ਕਹੀਐ**
**ਇਹ ਤੇਰੀ ਸਭ ਮਾਇਆ॥** (ਅੰਗ ੧੧੨੩)
**ਰਾਜਸੁ ਸਾਤਕੁ ਤਾਮਸੁ ਡਰਪਹਿ**
**ਕੇਤੇ ਰੂਪ ਉਪਾਇਆ॥** (ਅੰਗ ੯੯੯)

ਇਸੇ ਤਰ੍ਹਾਂ ਆਵਾਗਵਣ (ਜਨਮ-ਮਰਨ) ਜੀਵ ਆਤਮਾ ਦੇ ਪਰਲੋਕ ਵਿਚ ਜਾ ਕੇ ਕਰਮਾਂ ਦਾ ਲੇਖ ਜੋਖਾ, ਧਰਮ, ਰਾਜ, ਜਮਦੂਤ, ਨਰਕ ਸੁਰਗ ਅਤੇ ਕਰਮ ਫ਼ਿਲਾਸਫ਼ੀ ਨੂੰ ਗੁਰਬਾਣੀ ਕਬੂਲਦੀ ਹੈ ਪਰ ਪਰਮੇਸ਼ਰ ਦੀ ਅਰਾਧਨਾ ਨਾਲ ਕਰਮ ਨਾਸ਼ ਹੁੰਦੇ ਹਨ ਇਹ ਗੁਰਮਤਿ ਵੀਚਾਰਧਾਰਾ ਹੈ । ਕਾਇਆਂ ਦੇ ਪੰਜ ਤੱਤ, ਨੌਂ ਦਰਵਾਜ਼ੇ, ਦਸਮ ਦੁਆਰ, ਕਰਮ ਇੰਦਰੇ, ਗਿਆਨ ਇੰਦਰੇ, ਮਨ, ਬੁੱਧ, ਚਿੱਤ, ਅਹੰਕਾਰ, ਚਾਰੇ ਖਾਣੀ, ਚਾਰੇ ਬਾਣੀ ਆਦਿ ਦੀ ਸਨਾਤਨੀ ਧਾਰਨਾਂ ਨੂੰ ਗੁਰਮਤਿ ਪ੍ਰਵਾਨ ਕਰਦੀ ਹੈ ।

ਸਨਾਤਨ ਧਰਮ ਦੀ ਵਰਨ ਵੰਡ, ਚਾਰ ਆਸ਼ਰਮ, ਕਰਮ ਕਾਂਡ, ਯੱਗ ਹਵਨ, ਤਪ ਸਾਧਨਾ, ਪੂਜਾ ਅਰਚਨਾ, ਤੀਰਥ ਇਸ਼ਨਾਨ, ਸ਼ਗਨ ਅਪਸ਼ਗਨ, ਥਿਤ ਵਾਰਾਂ ਦੀ ਪੂਜਾ, ਗਰੁੜ ਪੁਰਾਣ ਅਤੇ ਸ੍ਰਾਧ, ਕਿਰਿਆ ਅਤੇ ਅਵਤਾਰਵਾਦ ਆਦਿ ਨੂੰ ਗੁਰਮਤਿ ਪੂਰਨ ਤੌਰ 'ਤੇ ਨਕਾਰਦੀ ਹੈ ।

ਸਨਾਤਨ ਧਰਮ ਦੀਆਂ ਨਾਕਾਰਾਤਮਿਕ ਗੱਲਾਂ ਨੂੰ ਤਾਂ ਇਹ ਭੰਡਦੇ ਹਨ ਪਰ ਜੋ ਪਰਉਪਕਾਰ ਸਾਡੇ ਦੇਸ ਦੇ ਰਿਸ਼ੀਆਂ ਮੁਨੀਆਂ ਨੇ ਮਨੁੱਖਤਾ ਲਈ ਕੀਤੇ ਉਸ ਬਾਰੇ ਚੁੱਪ ਵੱਟ ਲੈਂਦੇ ਹਨ । ਸ਼ਾਸ਼ਤਰੀ ਸੰਗੀਤ ਅਤੇ ਵੀਣਾ, ਰੁਦਰ ਵੀਣਾ, ਮਿਰਦੰਗ ਆਦਿ ਸਾਜ਼ ਬ੍ਰਾਹਮਣ ਦੀ ਉਪਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ ਰਾਗ ਆਸਾ, ਮਾਝ, ਤੁਖਾਰੀ ਅਤੇ ਪੜਤਾਲ ਆਦਿ ਖ਼ਾਸ ਤਾਲਾਂ ਹੀ ਗੁਰੂ ਬਖ਼ਸ਼ਸ਼ ਹਨ ਬਾਕੀ ਸਭ ਬ੍ਰਾਹਮਣੀ ਸਮਾਜ ਦੀ ਦੇਣ ਹੈ ।

ਇਸੇ ਤਰ੍ਹਾਂ ਅਯੁਰਵੈਦਿਕ ਦਵਾਈਆਂ ਦਾ ਅਨਮੋਲ ਖ਼ਜ਼ਾਨਾ ਬ੍ਰਾਹਮਣੀ ਗ੍ਰੰਥਾਂ ਦੀ ਦੇਣ ਹੈ । ਤਾਰਾ ਵਿਗਿਆਨ ਦੇ ਮੋਢੀ ਭੀ 'ਆਰੀਆ ਭੱਟ' ਸਰਬ ਪ੍ਰਵਾਨਿਤ ਹਸਤੀ ਹੈ। ਸਾਡੇ ਦੇਸ ਦੇ ਨੋਬਲ ਇਨਾਮ ਜੇਤੂ ਰਾਬਿੰਦਰ ਨਾਥ ਟੈਗੋਰ, ਸਰ ਜਗਦੀਸ਼ ਚੰਦਰ ਬੋਸ ਅਤੇ ਸੀ.ਵੀ. ਰਮਨ ਜੈਸੇ ਵਿਗਿਆਨੀ ਅਤੇ ਪਿਛਲੀ

ਸਦੀ ਵਿਚ ਪੱਛਮੀ ਦੇਸਾਂ ਵਿਚ ਦੇਸ ਦਾ ਨਾਮ ਰੌਸ਼ਨ ਕਰਨ ਵਾਲੇ ਸਵਾਮੀ ਵਿਵੇਕਾ ਨੰਦ ਸਭ ਹਿੰਦੂ ਸਨ । ਹੁਣ ਭੀ ਯੋਗ ਦੁਆਰਾ ਸਰੀਰਿਕ ਬੀਮਾਰੀਆਂ ਨੂੰ ਠੀਕ ਕਰਨ ਵਾਲੇ ਸਵਾਮੀ ਰਾਮ ਦੇਵ ਨੂੰ ਸੰਸਾਰ ਜਾਣਦਾ ਹੈ । ਧੋਤੀ, ਲੰਗੋਟੀ ਵਾਲੇ ਇਸ ਸੁਆਮੀ ਨੂੰ ਇੰਗਲੈਂਡ ਦੀ ਮਹਾਰਾਣੀ ਨੇ ਬਕਿੰਘਮ ਪੈਲੇਸ ਵਿਚ ਬੁਲਾ ਕੇ ਸਨਮਾਨਿਤ ਕੀਤਾ ਹੈ। ਦੂਸਰੇ ਪਾਸੇ ਬ੍ਰਾਹਮਣਵਾਦ ਬਿਪਰਵਾਦ ਦੇ ਝੰਡਾ ਬਰਦਾਰ, ਕਾਲਾ ਅਫ਼ਗਾਨਾ ਅਤੇ ਇੰਦਰ ਸਿੰਘ ਘੱਗਾ ਆਦਿ ਨੂੰ ਸਿੱਖਾਂ ਦੇ ਗੁਰਦੁਆਰੇ ਵੀ ਵੜਨ ਦੀ ਮਨਾਹੀ ਹੈ।

ਗੁਰਬਾਣੀ ਦਾ ਫ਼ਰਮਾਨ ਹੈ:

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥** (ਅੰਗ ੭੬੫)

ਪਰ ਇਨ੍ਹਾਂ ਨੇ ਦੂਸਰਿਆਂ ਦੇ ਕੇਵਲ ਅਵਗੁਣ ਦੇਖਣ ਦੀ ਕਸਮ ਖਾਧੀ ਹੈ । ਇਕ ਪਾਸੇ ਸਨਾਤਨ ਧਰਮ ਦੇ ਵਿਦਵਾਨ ਹਨ ਜੋ ਹਜ਼ਾਰਾਂ ਸਾਲ ਪੁਰਾਣੀਆਂ ਆਪਣੀਆਂ ਮਾਨਤਾਵਾਂ ਨੂੰ ਅੱਜ ਦਲੀਲ ਨਾਲ ਅਤੇ ਵਿਗਿਆਨ ਨਾਲ ਸਹੀ ਸਿੱਧ ਕਰ ਰਹੇ ਹਨ, ਇਕ ਸਾਡੇ ਮਨਮੁਖੀ ਅਤੇ ਕਾਮਰੇਡੀ ਸਿੱਖ ਹਨ ਜੋ ਕੇਵਲ ਤਿੰਨ ਸੌ ਸਾਲ ਪੁਰਾਣੀਆਂ ਪ੍ਰੰਪਰਾਵਾਂ ਨੂੰ ਹੋਛੀਆਂ ਕੁਤਰਕਾਂ ਨਾਲ ਖ਼ਤਮ ਕਰਨ 'ਤੇ ਤੁਲੇ ਹਨ।

ਬ੍ਰਾਹਮਣਵਾਦ ਅਤੇ ਬਿਪਰਵਾਦ ਦਾ ਹਊਆ ਖੜ੍ਹਾ ਕਰਕੇ ਪੰਥ ਪ੍ਰਵਾਨਿਤ ਹਸਤੀਆਂ ਅਤੇ ਤਿੰਨ ਸੌ ਸਾਲ ਤੋਂ ਪ੍ਰਵਾਨਿਤ ਦਸਮ ਗ੍ਰੰਥ ਨੂੰ ਖੰਡਣ ਤੇ ਤੁਲੇ ਹੋਏ ਹਨ।

ਗੁਰਬਾਣੀ ਦਾ ਫ਼ਰਮਾਨ ਹੈ:

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥**
**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥**

(ਅੰਗ ੬੫੮)

ਅਰਥ: ਪਰਮਾਤਮਾ ਕਿਸੇ ਦੇ ਪਿਓ ਦੀ ਜਾਇਦਾਦ ਨਹੀਂ, ਹਰੀ ਰਾਜਾ ਭਾਵਨਾ ਅਧੀਨ ਹੈ । ਭਾਵ, ਜੋ ਉਸ ਨੂੰ ਪਿਆਰ ਕਰਦਾ ਹੈ ਉਸੇ ਦਾ ਹੀ ਉਹ ਹਰੀ ਰਾਜਾ ਹੈ । ਸੰਸਾਰ ਮੋਹ ਦੇ ਭਰਮ ਰੂਪੀ ਪੜ੍ਹਦੇ ਵਿਚ ਵਿਚਰ ਰਿਹਾ ਹੈ ਪਰ ਭਗਤ ਜਨਾ ਨੂੰ



ਇਸ ਦਾ ਕੋਈ ਦੁੱਖ ਨਹੀਂ ਹੈ ।

ਇਸੇ ਲਈ ਗੁਰੂ ਸਾਹਿਬ ਦੱਸ ਰਹੇ ਹਨ:

**ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥**
**ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥**
**ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥**
**ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥**
**ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥**
**ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥**
**ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥**
**ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥**

(ਅੰਗ ੩੦੦)

ਭਾਵਨਾ ਬਿਹੂਨ, ਤਰਕਵਾਦੀ ਅਤੇ ਮਿਸ਼ਨਰੀਆਂ ਨੇ ਸਹੀ ਗੱਲਾਂ ਨੂੰ ਛੱਡ ਕੇ ਬ੍ਰਾਹਮਣਵਾਦ ਦੀ ਰਟ ਲਗਾ ਕੇ ਗੁਰੂ ਪੰਥ ਦੀ ਹਰ ਪ੍ਰੰਪਰਾ, ਖੰਡਾ ਪਹੁਲ, ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਜਪਣ, ਗੁਰਧਾਮਾਂ ਦੇ ਦਰਸ਼ਨ ਦੀਦਾਰ, ਨਿੱਤਨੇਮ ਆਦਿ ਹਰ ਗੱਲ ਨੂੰ ਬ੍ਰਾਹਮਣਵਾਦ ਦੇ ਖਾਤੇ ਪਾ ਦਿੱਤਾ । ਜਦਕਿ ਬ੍ਰਾਹਮਣ ਦਾ ਕਿਰਦਾਰ (ਅੰਦਰੋਂ ਹੋਰ ਬਾਹਰੋਂ ਹੋਰ) ਇਨ੍ਹਾਂ ਦੇ ਹੱਡਾਂ ਵਿਚ ਰਚਿਆ ਹੋਇਆ ਹੈ ।

ਇੰਦਰ ਸਿੰਘ ਘੱਗਾ ਐਂਡ ਕੰਪਨੀ ਨਿਰਨੇ ਕਾਲਜੇ ਰੱਬ ਨੂੰ ਸੌ ਗਾਲ਼ਾਂ ਕੱਢ ਕੇ ਨਾਸ਼ਤਾ ਕਰਦੇ ਹਨ ਫਿਰ 'ਤਰਕ' ਦਾ ਬਰਛਾ ਫੜ ਕੇ ਘਰੋਂ ਨਿਕਲਦੇ ਹਨ ਅਤੇ ਜਿਹੜਾ ਭਾਵਨਾ ਵਾਲਾ ਬੰਦਾ ਸਾਹਮਣੇ ਮਿਲਿਆ ਤਰਕ ਦੇ ਬਰਛੇ ਨਾਲ ਸ਼ਰਧਾ ਦਾ ਢਿੱਡ ਪਾੜ ਕੇ ਹਸਦੇ ਹਨ । ਜਦ ਇਨ੍ਹਾਂ ਦਾ ਗੁਰੂ ਕਾਲਾ ਅਫ਼ਗਾਨਾ ਨਿੱਤਨੇਮ ਨੂੰ ਟਿੱਚਰਾਂ ਕਰਦਾ ਹੈ ਇਹ ਨਿੱਤਨੇਮ ਕਿਉਂ ਕਰਨ?

ਪੰਜਾਬ ਵਿਚ ਨਸ਼ਿਆਂ ਦਾ ਹੜ੍ਹ ਆਇਆ ਹੋਇਆ ਹੈ, ਵਿਆਹ ਸ਼ਾਦੀਆਂ ਦੇ ਮੈਰਿਜ ਪੈਲੇਸਾਂ ਤੇ ਪਰਸ਼ਾਦ ਵਾਂਗ ਸ਼ਰਾਬ ਵਰਤਾਈ ਜਾਂਦੀ ਹੈ । ਐਸਾ ਨਹੀਂ ਹੋ ਸਕਦਾ ਕਿ ਇਹ ਤਰਕਵਾਦੀ ਕਿਸੇ ਵਿਆਹ 'ਤੇ ਨਾ ਜਾਂਦੇ ਹੋਣ । ਇਹ, ਕਦੇ ਤਰਕ ਦਾ ਬਰਛਾ ਲੈ ਕੇ ਉੱਥੇ ਨਹੀਂ ਬੋਲੇ । ਡਾਕਟਰ, ਵਕੀਲ, ਦੁਕਾਨਦਾਰ, ਰੇਹੜੀ ਵਾਲਾ, ਰਿਕਸ਼ਾ ਵਾਲਾ ਆਦਿ ਹਰ ਇਕ, ਮੌਕਾ ਪੈਣ 'ਤੇ ਮੂਰਖ ਬਣਾ ਕੇ ਲੋਕਾਂ ਨੂੰ ਲੁੱਟ ਰਿਹਾ ਹੈ ਅਤੇ ਇਨ੍ਹਾਂ ਦਾ 'ਵਿਗਿਆਨਿਕ ਤਰਕ' ਮੋਨੀ ਬਣਿਆ ਰਹਿੰਦਾ ਹੈ । ਬਸ ! ਜਦੋਂ ਕੋਈ ਲੰਮੇ ਚੋਲੇ, ਗੋਲ ਪਗੜੀ ਵਾਲਾ ਦੇਖਿਆ ਫਿਰ ਇਨ੍ਹਾਂ ਦਾ ਵਿਗਿਆਨਿਕ ਤਰਕ ਟੁੱਟ ਕੇ ਪੈ ਜਾਂਦਾ ਹੈ ਜਾਂ ਫਿਰ ਦਸਮ ਗ੍ਰੰਥ ਦਾ ਨਾਉਂ ਸੁਣਦੇ ਸਾਰ ਇਨ੍ਹਾਂ ਦਾ ਤਰਕ ਹਰਕਤ ਵਿਚ ਆ ਕੇ 'ਪੰਥ ਖ਼ਤਰੇ ਵਿਚ ਹੈ' ਦਾ ਡੰਕਾ

ਵਜਾ ਦਿੰਦਾ ਹੈ ।

❁❁❁

## ਗੁਰ ਸਿਮਰਿ ਮਨਾਈ ਕਾਲਿਕਾ?

ਤਕਰੀਬਨ 1955 ਦੀ ਗੱਲ ਹੈ, ਪਟਿਆਲੇ ਦੇ ਅਦਾਲਤ ਬਜ਼ਾਰ ਵਿਚ ਚੀਫ਼ ਸ਼ੂ ਸਟੋਰ ਤੋਂ ਮੈਂ ਇਕ ਵਾਰੀ ਜੁੱਤੀ ਲੈਣ ਲਈ ਗਿਆ ਸੀ । ਦੁਕਾਨ ਦੇ ਮਾਲਕ ਸ੍ਰੀ ਰੱਤੀ ਰਾਮ ਜੀ ਆਪਣੇ ਇਕ ਮਿੱਤਰ, ਕਿਸੇ ਰਿਟਾਇਰਡ ਜੱਜ ਨਾਲ ਅਧਿਆਤਮਿਕ ਗੱਲਾਂ ਕਰ ਰਹੇ ਸਨ । ਗੱਲਾਂ ਕਰਦੇ-ਕਰਦੇ ਕਹਿਣ ਲੱਗੇ ਕਿ ਦੇਖੋ ਜੀ ! ਜਿਸ ਸ਼ਕਤੀ ਦੀ ਅਰਾਧਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਉਸ ਨੂੰ ਸਿੱਖ ਮੰਨਦੇ ਹੀ ਨਹੀਂ, ਗੁਰੂ ਸਾਹਿਬ ਦੀ ਲਿਖੀ, ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਛਪਾਈ ਪੋਥੀ ਮੇਰੇ ਕੋਲ ਹੈ । ਮੈਂ ਤਾਂ ਹਰ ਰੋਜ਼ ਅਤੇ ਨਰਾਤਿਆਂ ਦੇ ਦਿਨਾਂ ਵਿਚ ਖ਼ਾਸ ਕਰਕੇ ਇਸੇ ਦਾ ਪਾਠ ਕਰਦਾ ਹਾਂ ।

ਗੱਲ ਸੁਣ ਕੇ ਮੇਰੇ ਮਨ ਵਿਚ ਪੁਸਤਕ ਦੇਖਣ ਦੀ ਜਗਿਆਸਾ ਪੈਦਾ ਹੋਈ । ਮੇਰੀ ਇੱਛਾ ਨੂੰ ਦੇਖ ਕੇ ਪਹਿਲਾਂ ਤਾਂ ਟਾਲ-ਮਟੋਲ਼ ਕਰਦੇ ਰਹੇ ਫਿਰ ਸਤਿਕਾਰ ਨਾਲ ਰੁਮਾਲੇ ਵਿਚ ਲਪੇਟ ਕੇ, ਮੇਰੇ ਹੱਥ ਪਾਣੀ ਨਾਲ ਸੁੱਚੇ ਕਰਨ ਪਿੱਛੋਂ ਪੋਥੀ ਦੇ ਕੇ, ਪੜ੍ਹਕੇ, ਵਾਪਸ ਕਰਨ ਦੀ ਤਾਕੀਦ ਕਰ ਦਿੱਤੀ । ਮੈਂ ਘਰ ਆ ਕੇ ਪੋਥੀ ਦਾ ਪਹਿਲਾ ਵਰਕਾ ਦੇਖਿਆ ਅਤੇ ਪੋਥੀ ਬੰਦ ਕਰ ਕੇ ਅਗਲੇ ਦਿਨ ਉਨ੍ਹਾਂ ਨੂੰ ਵਾਪਸ ਕਰਨ ਚਲਾ ਗਿਆ । ਜਦ ਉਨ੍ਹਾਂ ਨੇ ਬਗ਼ੈਰ ਪੜ੍ਹੇ ਹੀ ਵਾਪਸ ਕਰਨ ਦਾ ਕਾਰਨ ਪੁੱਛਿਆ ਤਾਂ ਮੈਂ ਉੱਤਰ ਦਿੱਤਾ ਕਿ ਜੋ ਤੁਸਾਂ ਪੜ੍ਹਨ ਦੀ ਕੋਸ਼ਸ਼ ਨਹੀਂ ਕੀਤੀ ਮੈਂ ਉਹੀ ਪੜ੍ਹਿਆ ਹੈ, ਹੋਰ ਪੜ੍ਹਨ ਦੀ ਮੈਨੂੰ ਲੋੜ ਨਹੀਂ । ਉਨ੍ਹਾਂ ਦੀ ਹੈਰਾਨਗੀ ਦੂਰ ਕਰਨ ਲਈ ਮੈਂ ਪੋਥੀ ਦਾ ਪਹਿਲਾ ਪੰਨਾ ਖੋਲ੍ਹ ਕੇ ਪੜ੍ਹ ਕੇ ਸੁਣਾਇਆ 'ਅਥਿ ਮਾਰਕੰਡੇ ਪੁਰਾਣ ਅਧਿਆਇ 7 ਚੰਡੀ ਚਰਿੱਤਰ ਲਿਖਯਤੇ' ਤੇ ਦੱਸਿਆ ਕਿ ਇਹ ਕਲਗੀਧਰ ਮਹਾਰਾਜ ਦੀ ਆਪਣੀ ਰਚਨਾ ਨਹੀਂ ਹੈ, ਮਾਰਕੰਡੇ ਪੁਰਾਣ ਦਾ ਇਕ ਅਧਿਆਏ ਉਨ੍ਹਾਂ ਨੇ ਗੁਰਮੁਖੀ ਵਿਚ ਰੂਪਾਂਤਰ ਕੀਤਾ ਹੈ । ਜਿਸ ਤਾਂਤ੍ਰਿਕ ਦੀ ਪ੍ਰੇਰਨਾ ਨਾਲ (ਜਿਸਦਾ ਜ਼ਿਕਰ ਦੀਵਾਨ ਜਰਮਨੀ ਦਾਸ ਨੇ ਆਪਣੀ ਕਿਤਾਬ 'ਦੀ ਮਹਾਰਾਜਾ' ਵਿਚ ਵਿਸਤਾਰ ਨਾਲ ਕੀਤਾ ਹੈ) ਮਹਾਰਾਜਾ ਸਾਹਿਬ ਨੇ ਇਹ ਪੁਸਤਕ ਛਪਾਈ ਅਤੇ ਜਿਸ ਮਹਾਂਪੁਰਸ਼ ਦੀ ਕਿਰਪਾ ਸਦਕਾ ਉਸ ਤਾਂਤ੍ਰਿਕ ਦਾ ਬਿਸਤਰਾ ਗੋਲ ਹੋਇਆ ਬਾਰੇ ਦੱਸਿਆ ਤਾਂ ਉਹ ਹੱਕੇ-ਬੱਕੇ ਰਹਿ ਗਏ ।

ਇਸ ਤਰ੍ਹਾਂ ਕਈ ਅਨਜਾਣੇ ਅਤੇ ਕਈ ਜਾਣ-ਬੁੱਝ ਕੇ, ਵਿਅਕਤੀਗਤ ਤੌਰ ਤੇ ਅਤੇ ਕਈ ਸੰਸਥਾਵਾਂ, ਸਿੱਖੀ ਸਿਧਾਂਤਾਂ ਤੋਂ ਉੱਲਟ ਜਾ ਕੇ ਗੁਰੂ ਸਾਹਿਬ ਬਾਰੇ ਐਸਾ ਕੋਝਾ ਪ੍ਰਚਾਰ ਕਰ ਰਹੀਆਂ ਹਨ । ਸੰਨ 1984 ਦੇ ਜਨਮ ਅਸ਼ਟਮੀ ਦੇ ਦਿਨ ਦੂਰਦਰਸ਼ਨ ਦੇ ਪ੍ਰੋਗਰਾਮ 'ਗੁਰੂ ਗੋਬਿੰਦ ਸਿੰਘ ਸਾਹਿਬ ਕੀ ਹਿੰਦੀ ਸਾਹਿਤਿਕ ਰਚਨਾ' ਦੇ ਪ੍ਰੋਗਰਾਮ ਅਨੁਸਾਰ ਗੁਰੂ ਸਾਹਿਬ ਨੂੰ ਕ੍ਰਿਸ਼ਨ ਜੀ ਦਾ ਉਪਾਸ਼ਕ ਸਾਬਤ ਕਰ ਦਿੱਤਾ ਗਿਆ । ਸਾਰੇ ਦੇਸ ਵਿਚ ਜਿੱਥੇ ਭੀ ਬਿਰਲਾ ਮੰਦਰ ਬਣੇ ਹੋਏ ਹਨ ਕਲਗੀਧਰ ਮਹਾਰਾਜ ਦੀਆਂ ਫ਼ੋਟੋਆਂ ਲਗਾ ਕੇ ਹੇਠਾਂ ਚੰਡੀ ਚਰਿੱਤਰ ਵਿਚੋਂ ਸਲੋਕ ਲਿਖੇ ਹਨ ਜਿਸ ਨਾਲ ਸਿੱਧ ਹੋਵੇ ਕਿ ਉਹ ਚੰਡੀ ਦੇ ਉਪਾਸ਼ਕ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਫ਼ੋਟੋ ਲਗਾ ਕੇ ਗੁਰਬਾਣੀ 'ਚੋਂ ਉਹ ਸਲੋਕ ਲਿਖੇ ਹੋਏ ਹਨ ਜਿਸ ਤੋਂ ਪੜ੍ਹਨ ਵਾਲੇ ਨੂੰ ਇਹ ਪਤਾ ਲੱਗੇ ਕਿ ਉਹ ਦਸਰਥ ਪੁੱਤਰ ਰਾਮ ਚੰਦਰ ਜੀ ਦੇ ਭਗਤ ਸੀ **'ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ'** (ਅੰਗ ੧੪੨੯) । ਇਸੇ ਤਰ੍ਹਾਂ ਹੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮੰਦਰ ਵਿਚ ਕੀਤਾ

ਹੋਇਆ ਹੈ । ਮਾਨੋ ਚਤੁਰ ਅਤੇ ਸ਼ਰਾਰਤੀ ਦਿਮਾਗ਼ ਵਾਲਿਆਂ ਨੇ ਸਿੱਖੀ ਨੂੰ ਹਿੰਦੂ ਧਰਮ ਵਿਚ ਜ਼ਜਬ ਕਰਨ ਲਈ ਸ਼ਿਲਾ ਨਯਾਸ ਤਕਰੀਬਨ ਵੀਹਵੀਂ ਸਦੀ ਦੇ ਅਰੰਭ ਤੋਂ ਕੀਤਾ ਹੋਇਆ ਹੈ ।

300 ਸਾਲਾ ਖ਼ਾਲਸਾ ਸਾਜਨਾ ਦਿਵਸ 'ਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸਿੱਖ ਬੁੱਧੀਜੀਵੀਆਂ ਅਤੇ ਹੋਰ ਸਿੱਖ ਸੰਸਥਾਵਾਂ ਦੇ ਮੁਖੀਆਂ ਦੀ ਹਾਜ਼ਰੀ ਵਿਚ, ਜਦੋਂ ਅਨੰਦਪੁਰ ਸਾਹਿਬ ਪ੍ਰਧਾਨ ਮੰਤਰੀ, ਸ੍ਰੀ ਵਾਜਪਾਈ ਜੀ ਨੇ, ਜਿਸ ਅੰਦਾਜ਼ ਵਿਚ **'ਦੇਹ ਸਿਵਾ ਬਰ ਮੋਹਿ ਇਹੈ'** ਦਾ ਸ੍ਵੈਯਾ ਪੜ੍ਹਿਆ ਅਤੇ ਜੋ ਵਿਆਖਿਆ ਉਹ ਸਾਰੇ ਦੇਸ ਦੇ ਦੂਰਦਰਸ਼ਨ ਵੇਖਣ ਵਾਲਿਆਂ ਅੱਗੇ ਕਰ ਗਏ, ਕੌਣ ਇਨਕਾਰੀ ਹੋਏਗਾ ਕਿ ਕਲਗੀਧਰ ਮਹਾਰਾਜ ਨੇ ਇਹ ਬੇਨਤੀ ਸ਼ਿਵ ਜੀ ਅੱਗੇ ਨਹੀਂ ਕੀਤੀ? ਅਤੇ ਕਿੰਨੀ ਅਫ਼ਸੋਸਨਾਕ ਅਤੇ ਸ਼ਰਮਨਾਕ ਹਾਲਤ ਹੈ ਕਿ ਇੰਨੇ ਲੰਮੇ ਪ੍ਰੋਗਰਾਮ ਦੌਰਾਨ ਕਿਸੇ ਸਿੱਖ ਨੇ ਸਿੱਖੀ ਸਿਧਾਂਤ ਪੇਸ਼ ਕਰਨ ਦੀ ਕੋਸ਼ਸ਼ ਨਹੀਂ ਕੀਤੀ । ਪੰਥ ਦੀਆਂ ਅਜਿਹੀਆਂ ਕਮਜ਼ੋਰੀਆਂ ਨੂੰ ਭਾਂਪ ਕੇ ਹੀ ਹੁਣ ਕਈ ਗ਼ੈਰ-ਸਿੱਖ ਸੰਸਥਾਵਾਂ ਗੱਜ-ਵੱਜ ਕੇ ਇਹ ਪ੍ਰਚਾਰ ਕਰਨ ਲੱਗ ਪਈਆਂ ਹਨ ।

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਸਾਰੇ ਸਿੱਖੀ ਸਿਧਾਂਤ ਦੇ ਮੂਲ ਆਧਾਰ, ਮੂਲ ਮੰਤਰ,**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥** ਵਿਚ ਅਰਾਧਨਾ ਲਈ ਜੋ ਸਰੂਪ ਅਕਾਲ ਪੁਰਖ ਦਾ ਪੇਸ਼ ਕੀਤਾ ਹੈ, ਜਿਸ ਦਾ ਧਿਆਨ ਉਹ ਆਪ ਅਤੇ ਉਨ੍ਹਾਂ ਦੇ ਉਤਰਾਅਧਿਕਾਰੀ ਕਰਦੇ ਰਹੇ, ਇਸ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਜਾਂ ਕਿਸੇ ਦੇਵੀ ਦੇਵਤੇ ਲਈ ਕੋਈ ਜਗ੍ਹਾ ਨਹੀਂ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰੰਭਤਾ ਇਸੇ ਮੂਲ ਮੰਤਰ ਤੋਂ ਹੁੰਦੀ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀਆਂ ਸਾਰੀਆਂ ਰਚਨਾਵਾਂ 'ੴ ਅਕਾਲ ਜੀ ਸਹਾਇ' ਜਾਂ ੴ ਸ੍ਰੀ ਵਾਹਿਗੁਰੂ ਜੀ ਫ਼ਤਹਿ' ਨਾਲ ਹੀ ਸ਼ੁਰੂ ਹੁੰਦੀਆਂ ਹਨ ਜੋ ਕਿ ਲਿਖਾਰੀ ਦੇ ਇਸ਼ਟ ਦੀਆਂ ਪ੍ਰਤੀਕ ਹਨ ਤਾਂ ਤੇ ਗੁਰੂ ਸਾਹਿਬ ਨੂੰ ਕਿਸੇ ਦੇਵੀ ਦੇ ਪੁਜਾਰੀ ਕਹਿਣਾ ਅਨਿਆਇ ਹੈ ।

ਸਿੱਖ ਮਤ ਦੀ, ਬਾਕੀ ਪੂਰਵ ਦੇ ਧਰਮਾਂ ਨਾਲੋਂ ਸਭ ਤੋਂ ਵੱਡੀ ਵਿਲੱਖਣਤਾ ਹੀ ਇਹ ਹੈ ਕਿ ਗੁਰੂ ਮਹਾਰਾਜ ਨੇ ਸਾਰੀ ਲੁਕਾਈ ਨੂੰ ਇਕ ਪਰਮੇਸ਼ਰ, ਜੋ ਅਜੂਨੀ ਹੈ ਅਕਾਲ ਹੈ ਤੇ **'ਆਦਿ ਸਚੁ ਜੁਗਾਦਿ ਸਚੁ'** ਸੀ ਹੁਣ ਹੈ ਅਤੇ ਅੱਗੇ ਰਹੇਗਾ ਉਸ ਦੀ ਸ਼ਰਨ ਵਿਚ ਆ ਕੇ ਪ੍ਰੇਮਾ ਭਗਤੀ ਦੁਆਰਾ ਲਿਵ-ਲੀਨ ਹੋਣ ਦਾ ਉਪਦੇਸ਼ ਦਿੱਤਾ ।

**ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ॥**



(ਅੰਗ ੩੭੬)

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥** (ਅੰਗ ੭)

**ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥** (ਅੰਗ ੪੩੭)

ਅਤੇ ਜੋ ਇੱਕ ਪਰਮੇਸ਼ਰ ਨੂੰ ਛੱਡ ਕੇ ਹੋਰ ਦੂਏ ਤੀਏ ਨੂੰ ਸੇਂਵਦੇ ਹਨ ਉਨ੍ਹਾਂ ਨੂੰ ਫ਼ਿਟਕਾਰ ਪਾਈ ।

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥** (ਅੰਗ ੪੭੦)

ਇਸੇ ਤਰ੍ਹਾਂ ਕਲਗੀਧਰ ਮਹਾਰਾਜ ਨੇ ਉਪਦੇਸ਼ ਦਿੱਤਾ ।

**ਬਿਨ ਕਰਤਾਰ ਨ ਕਿਰਤਮ ਮਾਨੋ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪ੍ਰਮੇਸ਼ਰ ਜਾਨੋ॥**

(ਦਸਮ ਗ੍ਰੰਥ ਅੰਗ ੭੧੦)

**ਤਾਹੀ ਕੋ ਧਯਾਨ ਪ੍ਰਮਾਨਿ ਹੀਯੇ**
**ਜੋਊ ਥੇ ਅਬਹੈ ਅਰੁ ਆਗੈਊ ਹ੍ਵੈ ਹੈ॥** (ਦਸਮ ਗ੍ਰੰਥ ਅੰਗ ੭੧੪)

ਬਹੁਤ ਸਾਰੇ ਸੱਜਣ ਇਹ ਕਹਿੰਦੇ ਸੁਣੇ ਹਨ ਕਿ ਖ਼ਾਲਸਾਈ ਪੰਥ ਪ੍ਰਵਾਨਿਤ ਅਰਦਾਸ ਦੀ ਅਰੰਭਤਾ, **'ਪ੍ਰਿਥਮ ਭਗਉਤੀ ਸਿਮਰਿ ਕੈ'** ਤੋਂ ਸ਼ੁਰੂ ਹੁੰਦੀ ਹੈ ਜੋ ਕਿ ਕਲਗੀਧਰ ਮਹਾਰਾਜ ਦੀ ਰਚਨਾ ਹੈ ਇਸ ਲਈ ਗੁਰੂ ਸਾਹਿਬ ਨੇ ਆਪ ਦੇਵੀ ਦੀ ਪੂਜਾ ਕੀਤੀ ਅਤੇ ਸਿੱਖਾਂ ਨੂੰ ਐਸਾ ਕਰਨ ਦਾ ਉਪਦੇਸ਼ ਦਿੱਤਾ । ਇਸ ਦਾ ਨਿਰਨਾ ਕਰਨ ਦੀ ਭੀ ਬਹੁਤ ਜ਼ਰੂਰਤ ਹੈ ।

ਸਭ ਤੋਂ ਪਹਿਲਾਂ ਤਾਂ ਕਿਸੇ ਸ਼ਬਦ ਦੇ ਅਰਥ ਹਰ ਸਮੇਂ ਇਕ ਨਹੀਂ ਹੁੰਦੇ । ਫਿਰ ਇੱਕੋ ਸ਼ਬਦ ਦੇ, ਦੇਸ ਦੇ ਅੱਡ-ਅੱਡ ਹਿੱਸਿਆਂ ਅਤੇ ਬੋਲੀਆਂ ਵਿਚ ਵੱਖਰੇ-ਵੱਖਰੇ ਅਰਥ ਹਨ । 'ਬਾਈ' ਸ਼ਬਦ ਦੇ, ਉੱਤਰ ਪ੍ਰਦੇਸ਼ ਵਿਚ ਅਰਥ ਹਨ ਚਕਲੇ ਵਾਲੀ ਔਰਤ, ਰਾਜਸਥਾਨ ਵਿਚ, ਘਰ ਵਿਚ ਜੋ ਕੰਮ ਕਰਨ ਵਾਲੀ (ਭਾਂਡੇ ਮਾਂਜਣ ਜਾਂ ਰੋਟੀ ਪਕਾਉਣ ਵਾਲੀ ਨੂੰ ਕਹਿੰਦੇ ਹਨ ਅਤੇ ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਵਿਚ ਬਾਈ ਜੀ ਵੱਡੇ ਭਰਾ ਨੂੰ ਕਹਿੰਦੇ ਹਨ ਅਤੇ ਗੁਰਬਾਣੀ ਵਿਚ 'ਬਾਈ' ਪਦ ਸਤਿਕਾਰਿਤ ਇਸਤਰੀ ਲਈ ਵਰਤਿਆ ਗਿਆ ਹੈ ।

**ਰੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥**

(ਅੰਗ ੬੫੭)

ਗੁਰਬਾਣੀ ਵਿਚ ਆਇਆ ਹੈ:

**ਸੋ ਭਗਉਤੀ ਜੁੋ ਭਗਵੰਤੈ ਜਾਣੈ॥** (ਅੰਗ ੮੮)

ਜੋ ਕਿ ਭਗਉਤੀ ਇਕ ਫ਼ਿਰਕੇ ਨੂੰ ਦਰਸਾਉਂਦਾ ਹੈ ਜੋ ਭਉਂਦੇ ਰਹਿੰਦੇ ਸਨ । ਇਸੇ ਤਰ੍ਹਾਂ ਨਿਹੰਗ ਸਿੰਘਾਂ ਦੇ ਬੋਲੇ ਵਿਚ ਅਤੇ ਕਲਗੀਧਰ ਮਹਾਰਾਜ ਦੀ

ਲਿਖਤਾਂ ਵਿਚ ਭਗਉਤੀ, ਭਗਉਤਾ, ਤਲਵਾਰ ਦੀ ਸੰਗਯਾ ਦੇ ਅਰਥ ਰੱਖਦਾ ਹੈ ਜੋ ਕਿ ਅੱਗੇ ਜਾ ਕੇ ਸਾਬਤ ਹੋ ਜਾਵੇਗਾ । ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਇਸ ਲਫ਼ਜ ਦੇ ਪਰਮੇਸ਼ਰ, ਭਗਵਤੀ ਦੇਵੀ, ਮਹਾਂਕਾਲ ਅਤੇ ਤਲਵਾਰ ਸਮੇਤ 22 ਅਰਥ ਕੀਤੇ ਹਨ ।

ਹੁਣ ਪ੍ਰਿਥਮ ਭਗਉਤੀ ਦੀ ਪਉੜੀ ਦਾ ਵੀਚਾਰ ਕਰ ਲੈਣਾ ਠੀਕ ਹੈ । ਕਲਗੀਧਰ ਮਹਾਰਾਜ ਦੀ ਪੰਜਾਬੀ ਰਚਨਾ ਦਾ ਇਹ ਇਕ ਉੱਤਮ ਨਮੂਨਾ ਹੈ । ਇਸ ਦੀ ਸ਼ੈਲੀ, ਅਲੰਕਾਰਿਤ ਸ਼ਬਦਾਵਲੀ ਅਤੇ ਲੈਅ ਦੀ ਘਾੜਤ, ਸਿਰ ਖਿੰਡੀ ਛੰਦ ਵਾਲੀ ਹੋਣ ਕਰਕੇ ਇਸ ਬਾਣੀ ਦਾ ਪਾਠ ਕਰਨ ਨਾਲ ਧਰਮ ਯੁੱਧ ਲਈ ਜੋਸ਼ ਠਾਠਾਂ ਮਾਰਨ ਲੱਗ ਜਾਂਦਾ ਹੈ । ਜੋ ਕਿ ਮੁਰਦਿਹਾਨੀ ਵਾਲੇ ਦਿਲਾਂ ਵਿਚ ਪੈਦਾ ਕਰਨ ਲਈ ਸਮੇਂ ਦੀ ਲੋੜ ਸੀ । ਇਹ ਰਚਨਾ ਦਸਮੇਸ਼ ਪਿਤਾ ਨੇ 'ਚੰਡੀ ਦੀ ਵਾਰ' ਦੇ ਨਾਉਂ ਨਾਲ ਲਿਖੀ ਹੈ । ਇਸ ਤੋਂ ਇਲਾਵਾ ਹੋਰ ਨਾਉਂ ਹਨ ।

ਵਾਰ ਦੁਰਗਾ ਕੀ ਅਤੇ ਵਾਰ ਸ੍ਰੀ ਭਗਉਤੀ ਜੀ ਕੀ॥

ਪੁਰਾਤਨ ਸਮਿਆਂ ਵਿਚ ਹਰ ਕੋਈ ਲਿਖਾਰੀ, ਲਿਖਤ ਲਿਖਣ ਤੋਂ ਪਹਿਲਾਂ ਆਪਣੇ ਇਸ਼ਟ ਦੀ ਅਰਾਧਨਾ ਫਿਰ ਆਪਣੇ ਗੁਰੂ ਦਾ ਅਸ਼ੀਰਵਾਦ ਅਤੇ ਰਚਨਾ ਬਾਰੇ ਆਪਣੇ ਮੂਲ ਵਿਚਾਰ ਲਿਖ ਕੇ ਹੀ ਰਚਨਾ ਸ਼ੁਰੂ ਕਰਦਾ ਸੀ । ਇਹ ਤਿੰਨੇ ਪੱਖ ਕਲਗੀਧਰ ਮਹਾਰਾਜ ਦੀ ਇਸ ਰਚਨਾ ਵਿਚ ਉੱਘੜੇ ਨਜ਼ਰ ਆ ਰਹੇ ਹਨ ਜੋ ਕਿ ਲੜੀਵਾਰ ਇਸ ਤਰ੍ਹਾਂ ਹਨ:

ਚੰਡੀ ਦੀ ਵਾਰ (ਮੂਲ ਰਚਨਾ ਦਾ ਸਿਰਲੇਖ ਜੋ ਪ੍ਰਚਲਿਤ ਹੈ)

ੴ ....................... ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਸਿਰਜਿਆ ਪਰਮੇਸ਼ਰ ਦਾ ਮੰਗਲ ਸਰੂਪ ਹੈ ।

**ਵਾਹਿਗੁਰੂ ਜੀ ਦੀ ਫ਼ਤਹੇ॥** **ਪਰਮੇਸ਼ਰ ਦੀ ਜੈ ਕਾਰ ਕੀਤੀ ਹੈ ।**

**ਸ੍ਰੀ ਭਗਉਤੀ ਜੀ ਸਹਾਇ॥ (ਸ਼ਕਤੀ ਰੂਪ) ਮਹਾਂਕਾਲ ਜੀ ਸਹਾਈ ਹੋਣ ।**

**ਵਾਰ ਸ੍ਰੀ ਭਗਉਤੀ ਜੀ ਕੀ॥** ਪਾਤਸ਼ਾਹੀ ੧੦

ਦਸਵੀਂ ਪਾਤਸ਼ਾਹੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਰਚੀ ਵਾਰ ਸ੍ਰੀ ਭਗਉਤੀ ਜੀ ਕੀ॥

**ਪ੍ਰਿਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥**
**ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥**
**ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥**
**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ॥**
**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥**



**ਸਭ ਥਾਈਂ ਹੋਇ ਸਹਾਇ॥੧॥**

ਅਰਥ: ਸਭ ਤੋਂ ਪਹਿਲਾਂ (ਮੈਂ) ਮਹਾਂਕਾਲ ਰੂਪੀ ਵਾਹਿਗੁਰੂ ਨੂੰ ਸਿਮਰ ਕੇ ਗੁਰੂ ਨਾਨਕ (ਦੇਵ) ਜੀ ਨੂੰ ਧਿਆਉਂਦਾ ਹਾਂ । ਫਿਰ (ਗੁਰੂ) ਅੰਗਦ (ਦੇਵ ਜੀ), ਗੁਰੂ ਅਮਰਦਾਸ ਜੀ ਨੂੰ (ਧਿਆਉਂਦਾ ਹਾਂ ਕਿ ਮੇਰੇ) ਸਹਾਈ ਹੋਣ । (ਫਿਰ) ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਇ ਜੀ ਨੂੰ ਸਿਮਰਦਾ ਹਾਂ ਕਿ ਮੇਰੇ ਸਹਾਈ ਹੋਣ । ਫਿਰ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਣਾ ਚਾਹੀਦਾ ਹੈ ਜਿਸ ਦੇ ਦਰਸ਼ਨ ਕਰਨ ਨਾਲ ਹਰ ਪ੍ਰਕਾਰ ਦੇ ਦੁੱਖ ਨੱਸ ਜਾਂਦੇ ਹਨ । (ਗੁਰੂ) ਤੇਗ ਬਹਾਦਰ ਜੀ ਨੂੰ ਯਾਦ ਕਰਨਾ ਚਾਹੀਦਾ ਹੈ ਜਿਸ ਨਾਲ ਨੌਂ ਨਿਧੀਆਂ ਘਰ ਭੱਜੀਆਂ ਆਉਂਦੀਆਂ ਹਨ । ਹੇ ਸਤਿਗੁਰੂ ਜੀ ਸਭ ਥਾਂਈ ਸਹਾਈ ਹੋਣਾ ।

ਅਕਾਲ ਪੁਰਖ ਵਾਹਿਗੁਰੂ, ਜਿਸ ਦੀ ਹਮੇਸ਼ਾ ਫ਼ਤਹਿ ਸਤਿਗੁਰੂ ਜੀ ਨੇ ਦਰਸਾਈ ਹੈ ਨੂੰ ਯਾਦ ਕਰਕੇ ਫਿਰ ਪਹਿਲੇ ਨੌਂ ਗੁਰੂਆਂ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਹੁਣ ਅਗਲੀ ਪਉੜੀ ਵਿਚ ਦਸਮੇਸ਼ ਪਿਤਾ ਆਪਣੇ ਵੀਚਾਰ ਪ੍ਰਗਟ ਕਰਦੇ ਹਨ ।

ਮੂਲ 1 : ਖੰਡਾ ਪ੍ਰਿਥਮੈ ਸਾਜਕੈ ਜਿਨ ਸਭ ਸੈਸਾਰੁ ਉਪਾਇਆ॥

ਅਰਥ : ਇਹ ਵਾਹਿਗੁਰੂ ਜੀ ਹਨ ਜਿਸ ਨੇ ਸਭ ਤੋਂ ਪਹਿਲਾਂ ਕਾਲ਼ ਰੂਪੀ ਖੰਡਾ ਜਾਂ ਮੌਤ ਜਾਂ ਯਮਰਾਜ ਥਾਪ ਕੇ ਸਭ ਸੰਸਾਰ ਪੈਦਾ ਕੀਤਾ ਹੈ ।

ਮੂਲ 2 : ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤਿ ਦਾ ਖੇਲੁ ਰਚਾਇ ਬਣਾਇਆ ।

ਅਰਥ : (ਫਿਰ ਪਰਮੇਸ਼ਰ ਨੇ) ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ (ਸ਼ਿਵ ਜੀ) ਪੈਦਾ ਕਰ ਕੇ ਕੁਦਰਤ ਦਾ ਵੱਡਾ ਖੇਲ੍ਹ ਰਚਾ ਦਿੱਤਾ ।

ਮੂਲ 3 : ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥

ਅਰਥ : (ਫਿਰ) ਸਮੰਦਰ, ਪਹਾੜ, ਧਰਤੀ ਬਣਾ ਕੇ ਬਗ਼ੈਰ ਕਿਸੇ ਥੰਮ੍ਹ ਦੇ ਆਸਰੇ ਤੋਂ ਅਕਾਸ਼ ਟਿਕਾ ਦਿੱਤਾ ।

ਮੂਲ 4 : ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥

ਅਰਥ : (ਵਾਹਿਗੁਰੂ ਜੀ ਤੁਸੀਂ ਫਿਰ) ਦੇਵਤੇ ਅਤੇ ਰਾਕਸ਼ ਪੈਦਾ ਕਰਕੇ ਉਨ੍ਹਾਂ ਦਾ ਆਪਸ ਵਿਚ ਭੇੜ ਪੁਆ ਦਿੱਤਾ ।

ਮੂਲ 5 : ਤੈ ਹੀ ਦੁਰਗਾ ਸਾਜਿਕੈ ਦੈਤਾ ਦਾ ਨਾਸੁ ਕਰਾਇਆ॥

ਅਰਥ : (ਫਿਰ) ਤੁਸੀ ਹੀ ਦੁਰਗਾ ਸਾਜਿਕੈ, ਦੈਂਤਾਂ ਦਾ ਨਾਸ਼ ਕਰ ਦਿੱਤਾ ।

ਮੂਲ 6 : ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥

ਅਰਥ : ਤੁਹਾਥੋਂ ਹੀ ਤਾਕਤ ਲੈ ਕੇ ਰਾਮ ਨੇ ਤੀਰਾਂ ਨਾਲ ਰਾਵਣ ਮਾਰ ਦਿੱਤਾ ।

ਮੂਲ 7 : ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥

ਅਰਥ : ਤੁਹਾਥੋਂ ਹੀ ਸ਼ਕਤੀ ਲੈ ਕੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਪਕੜ ਕੇ ਹੇਠਾਂ ਸੁੱਟ ਦਿੱਤਾ ।

ਮੂਲ 8 : ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ॥

ਅਰਥ : ਵਡੇ ਵਡੇ ਮੁਨਿ ਲੋਗ ਅਤੇ ਦੇਵਤੇ ਜਿਨ੍ਹਾਂ ਨੇ ਕਈ-ਕਈ ਜੁੱਗ ਤਪੱਸਿਆ ਕੀਤੀ ।

ਮੂਲ 9 : ਕਿਨੀ ਤੇਰਾ ਅੰਤੁ ਨਾ ਪਾਇਆ॥ ੨॥ (ਦਸਮ ਗ੍ਰੰਥ ਅੰਗ ੭੧੯)

ਅਰਥ : ਕੋਈ ਭੀ ਤੇਰਾ ਅੰਤ ਨਹੀਂ ਪਾ ਸਕਿਆ ।

ਆਪਣੇ ਵੀਚਾਰ ਦੇਣ ਪਿੱਛੋਂ ਸਤਿਗੁਰੂ ਜੀ ਅੱਗੇ ਦੇਵੀ ਦਾ ਰਾਖਸ਼ਾਂ ਨਾਲ ਯੁੱਧ ਦਾ ਵਰਣਨ ਕਰਦੇ ਹਨ ਜੋ ਕਿ ਚੰਡੀ ਦੀ ਵਾਰ ਦਾ ਵਿਸ਼ਾ ਵਸਤੂ ਹੈ ।

ਮੂਲ ਪਾਠ ਦੇ ਅੰਗ ੫ ਤੋਂ ਹੁਣ ਕੋਈ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿੰਦੀ, ਜਦ ਗੁਰੂ ਸਾਹਿਬ ਆਪ ਦੱਸ ਰਹੇ ਹਨ ਕਿ ਮੈਂ ਉਸ ਪਰਮੇਸ਼ਰ ਦਾ ਪੁਜਾਰੀ ਹਾਂ ਜਿਸ ਨੇ ਦੁਰਗਾ ਸਾਜ ਕੇ, ਉਸ ਨੂੰ ਸ਼ਕਤੀ ਦੇ ਕੇ ਰਾਖਸ਼ਾਂ ਦਾ ਨਾਸ਼ ਕਰ ਦਿੱਤਾ ਤਾਂ ਫਿਰ ਕਲਗੀਧਰ ਮਹਾਰਾਜ ਨੂੰ ਦੇਵੀ ਪੂਜ ਕਹਿਣ ਵਾਲਿਆਂ ਦੀ ਮੱਤ ਨੂੰ ਕੀ ਕਹੀਏ? ਕਲਗੀਧਰ ਪਾਤਸ਼ਾਹ ਦੀ ਵਿਚਾਰ ਧਾਰਾ ਨਾਲ ਬਿਲਕੁਲ ਸਹੀ ਮੇਲ ਖਾਣ ਵਾਲਾ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਆਸਾ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ੩੫੦ ’ਤੇ ਇਹ ਸ਼ਬਦ ਹੈ:

**ਪਉਣੁ ਉਪਾਇ ਧਰੀ ਸਭ ਧਰਤੀ**
**ਜਲ ਅਗਨੀ ਕਾ ਬੰਧੁ ਕੀਆ॥**
**ਅੰਧੁਲੈ ਦਹਸਿਰਿ ਮੂੰਡੁ ਕਟਾਇਆ**
**ਰਾਵਣੁ ਮਾਰਿ ਕਿਆ ਵਡਾ ਭਇਆ॥੧॥**
**ਕਿਆ ਉਪਮਾ ਤੇਰੀ ਆਖੀ ਜਾਇ॥**
**ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥੧॥ ਰਹਾਉ॥**
**ਜੀਅ ਉਪਾਇ ਜੁਗਤਿ ਹਥਿ ਕੀਨੀ**
**ਕਾਲੀ ਨਥਿ ਕਿਆ ਵਡਾ ਭਇਆ॥**
**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ**
**ਸ+ਬ ਨਿਰੰਤਰਿ ਰਵਿ ਰਹਿਆ॥੨॥**
**ਨਾਲਿ ਕੁਟੰਬੁ ਸਾਥਿ ਵਰਦਾਤਾ**
**ਬ੍ਰਹਮਾ ਭਾਲਣ ਸ੍ਰਿਸਟਿ ਗਇਆ॥**
**ਆਗੈ ਅੰਤੁ ਨ ਪਾਇਓ ਤਾ ਕਾ**
**ਕੰਸੁ ਛੇਦਿ ਕਿਆ ਵਡਾ ਭਇਆ॥੩॥**



**ਰਤਨੁ ਉਪਾਇ ਧਰੇ ਖੀਰੁ ਮਥਿਆ**
**ਹੋਰਿ ਭਖਲਾਏ ਜਿ ਅਸੀ ਕੀਆ॥**
**ਕਹੈ ਨਾਨਕੁ ਛਪੈ ਕਿਉ ਛਪਿਆ**
**ਏਕੀ ਏਕੀ ਵੰਡਿ ਦੀਆ॥੪॥**

ਇਸ ਤੋਂ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਸਚੇ ਪਾਤਸ਼ਾਹ ਤੋਂ ਲੈ ਕੇ ਕਲਗੀਧਰ ਮਹਾਰਾਜ ਤੱਕ ਦਸ ਗੁਰੂਆਂ ਦੀ ਇੱਕੋ ਵਿਚਾਰਧਾਰਾ, ਇੱਕੋ ਇਸ਼ਟ ਅਤੇ ਇੱਕੋ ਉਪਦੇਸ਼ ਸੀ । ਇਸੇ ਲਈ ਬਾਣੀ ਵਿਚ ਗੁਰੂ ਮਹਿਮਾ ਲਈ ਲਿਖਿਆ ਹੈ:

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

(ਅੰਗ ੯੬੬)

ਔਰੰਗਜ਼ੇਬ ਦੇ ਸਪੁੱਤਰ ਬਹਾਦਰਸ਼ਾਹ ਦੇ ਦਰਬਾਰ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਇਕ ਮੌਲਵੀ ਨੇ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਮਹਾਰਾਜ ਦਾ ਉੱਤਰ ਸੀ ਪਹਿਲੀ ਕਰਾਮਾਤ ਪੈਸਾ ਹੈ ਜੋ ਮਨੁੱਖ ਨੂੰ, ਪਰਸੂ ਤੋਂ ਪਰਸਾ ਅਤੇ ਪਰਸਰਾਮ ਜੀ ਬਣਾ ਦਿੰਦਾ ਹੈ, ਦੂਸਰੀ ਕਰਾਮਾਤ ਰਾਜਸੀ ਤਾਕਤ ਹੈ ਜੋ ਇਕ ਮਿੰਟ ਵਿਚ ਕਿਸੇ ਨੂੰ ਮਾਲਾ-ਮਾਲ ਕਰ ਦਿੰਦੀ ਹੈ ਅਤੇ ਕਿਸੇ ਦੀ ਹੋਂਦ ਖ਼ਤਮ ਕਰ ਦਿੰਦੀ ਹੈ ਅਤੇ ਤੀਸਰੀ ਸਭ ਤੋਂ ਵੱਡੀ ਕਰਾਮਾਤ ਤਲਵਾਰ ਹੈ ਜਿਸ ਦੇ ਅਧੀਨ ਪਹਿਲੀਆਂ ਦੋਨੋਂ ਕਰਾਮਾਤਾਂ ਹਨ । ਬੁੱਧ ਜੀ ਅਤੇ ਮਹਾਂਵੀਰ ਜੀ ਦੇ ਉਪਦੇਸ਼ਾਂ ਦਾ ਧਾਰਨੀ ਹੋ ਕੇ ਜਦੋਂ ਦੇਸ ਵਾਸੀਆਂ ਨੇ ਇਸ ਕਰਾਮਾਤ (ਤਲਵਾਰ) ਤੋਂ ਮੂੰਹ ਮੋੜ ਲਿਆ ਤਾਂ 1200 ਸਾਲ ਗ਼ੁਲਾਮੀ ਭੋਗਣੀ ਪਈ । ਜਦੋਂ ਦੇਸ ਵਾਸੀਆਂ ਦੀ ਮਾਨਸਿਕਤਾ ਇਹ ਬਣ ਗਈ:

ਧਰਮ ਹਮਾਰਾ ਤੋਲਣ ਤਕੜੀ ਨੰਗੀ ਕਰਦ ਕਬਹੂੰ ਨਹ ਪਕੜੀ ।

ਤਾਂ ਦਸਮੇਸ਼ ਪਿਤਾ ਨੇ ਹਰ ਇਕ ਸਿੱਖ ਲਈ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ:

**ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ।**
**ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ।**
**ਇਹੈ ਮੋਰ ਆਗਿਆ ਸੁਨੋ ਲੈ ਪਿਆਰੇ।**
**ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।**
**ਇਹੈ ਮੋਰ ਬੈਨਾ ਮੰਨੈਗਾ ਸੁ ਜੋਈ।**
**ਤਿਸੈ ਇਛ ਪੂਰੀ ਸਭੈ ਜਾਨ ਹੋਈ॥**

(ਗੁਰਬਿਲਾਸ ਪਾ: ੧੦ ਕ੍ਰਿਤ ਸੁੱਖਾ ਸਿੰਘ)

ਗੁਰੂ ਕੇ ਸਿੱਖਾਂ ਨੂੰ ਸ਼ਸਤਰਾਂ ਨਾਲ ਪਿਆਰ ਅਤੇ ਸਤਿਕਾਰ ਕਰਨ ਲਈ

ਹੀ ਦਸਮੇਸ਼ ਜੀ ਨੇ ਹੇਠਲੇ ਸ਼ਬਦ ਲਿਖੇ:

**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ॥੨॥**

(ਬਚਿਤ੍ਰ ਨਾਟਕ)

**ਅਰੁ ਸਿਖ ਹੌ ਆਪਨੇ ਹੀ ਮਨ ਕੌ**
**ਇਹ ਲਾਲਚ ਹਉ ਗੁਨ ਤਉ ਉਚਰੋ॥**
**ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋ॥ ੨੩੧॥** (ਚੰਡੀ ਚਰਿਤ੍ਰ)

**ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ॥**
**ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ॥੩॥**
**ਕਾਲ ਤੁਹੀ ਕਾਲੀ ਤੁਹੀ-ਤੁਹੀ ਤੇਗ਼ ਅਰੁ ਤੀਰ॥**
**ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗ ਬੀਰ॥੪॥**

(ਦਸਮ ਗ੍ਰੰਥ ਸ਼ਸਤਰਨਾਮ ਮਾਲਾ)

ਗੁਰੂ ਕੇ ਖ਼ਾਲਸੇ ਨੇ ਜਦੋਂ ਕਲਗੀਧਰ ਪਿਤਾ ਦਾ ਹੁਕਮ ਮੰਨ ਕੇ ਸ਼ਸਤਰਧਾਰੀ ਹੋ ਕੇ ਫਿਰ ਇਹ ਕਰਾਮਾਤ ਵਰਤੀ ਤਾਂ ਦੇਸ ਦੀ ਕਿਸਮਤ ਬਦਲ ਦਿੱਤੀ । ਜੋ ਕਿ ਇਤਿਹਾਸ ਦੇ ਪੱਤਰਿਆਂ ਤੇ ਸੋਨੇ ਵਾਂਗ ਚਮਕ ਰਿਹਾ ਹੈ । ਜਿਸ ਨੂੰ ਪੜ੍ਹ ਸੁਣ ਕੇ ਦੁਸ਼ਮਣ ਭੀ ਮੂੰਹ ਵਿਚ ਉਂਗਲਾਂ ਪਾਉਂਦੇ ਹਨ ਅਤੇ ਅਸਚਰਜ ਹੁੰਦੇ ਹਨ। ਇਸ ਤੋਂ ਇਲਾਵਾ ਦਸਮ ਗ੍ਰੰਥ ਦੀਆਂ ਬੀੜਾਂ ਵਿਚ ਸ਼ਸਤਰਨਾਮ ਮਾਲਾ ਦੇ ਅਧਿਆਇ ਵਿਚ ਇਕ ਭਗੌਤੀ ਸਤੋਤ੍ਰ ਦਰਜ ਹੈ ਜਿਸ ਤੋਂ ਸਾਰੀ ਗੱਲ ਸਾਫ਼ ਹੋ ਜਾਂਦੀ ਹੈ ਕਿ ਕਲਗੀਧਰ ਪਿਤਾ ਦੀ ਭਗਉਤੀ ਕਿਹੜੀ ਹੈ।

**ਭਗੌਤੀ ਸਤੋਤ੍ਰ:**

**ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ,**
**ਕਰੈ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥**

(ਮੇਰੀ ਸਰੋਹੀ ਨਗਰ ਦੀ ਬਣੀ ਤਲਵਾਰ ਨੂੰ ਨਮਸ਼ਕਾਰ ਹੈ ਜੋ ਜੰਗ ਵਿਚ ਦੁਸ਼ਮਣ ਦੇ ਇਕ ਤੋਂ ਦੋ ਟੁਕੜੇ ਕਰ ਦਿੰਦੀ ਹੈ ਅਤੇ ਜੋ ਸ਼ੁਭ ਪੁਰਸ਼ਾਂ ਦੇ ਹੱਥ ਵਿਚ ਸੋਂਹਦੀ ਹੈ)

**ਨਮੋ ਲੋਹ ਕੀ ਪੁਤ੍ਰਿਕਾ ਝਲਹਲੰਤੀ,**
**ਨਮੋ ਜੀਭ ਜ੍ਵਾਲਾਮੁਖੀ ਜਯੋਂ ਬਲੰਤੀ॥**

(ਲੋਹੇ ਦੀ ਪੁਤਰੀ ਅਤੇ ਝਿਲਮਿਲ ਲਿਸ਼ਕਣ ਵਾਲੀ ਅਤੇ ਜੁਆਲਾ ਦੀ ਜੀਭ ਵਾਂਗ ਲਿਸ਼ਕਾਰੇ ਮਾਰਨ ਵਾਲੀ ਨੂੰ ਮੇਰੀ ਨਮਸ਼ਕਾਰ ਹੈ)

**ਮਹਾਂ ਪਾਨ ਕੀ ਬਾਨ ਗੰਗਾ ਤਰੰਗ,**
**ਭਿਰੈ ਸਾਮੁਹੈ ਮੋਖਦਾਤੀ ਅਭੰਗੀ॥**



(ਗੰਗਾ ਦੀਆਂ ਲਹਿਰਾਂ ਵਾਂਗ ਮੈਦਾਨ ਵਿਚ ਚੱਲਣ ਵਾਲੀ ਹੈ ਅਤੇ ਜੋ ਜੰਗ ਵਿਚ ਇਸ ਨੂੰ ਹੱਥ ਵਿਚ ਲੈ ਕੇ ਸਨਮੁਖ ਹੋ ਕੇ ਜੂਝਦਾ ਹੈ ਉਸ ਨੂੰ ਮੁਕਤੀ ਦਿੰਦੀ ਹੈ)

**ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ,**
**ਮਹਾਂ ਰੁਦ੍ਰਰੂਪਾ ਵਿਰੂਪਾ ਪ੍ਰਚੰਡਾ॥**

(ਨਮਸ਼ਕਾਰ ਹੈ ਤੇਗ਼ ਤਲਵਾਰ ਖੜਗ ਅਤੇ ਖੰਡੇ ਨੂੰ ਜੋ ਦੁਸ਼ਮਣ ਲਈ ਸ਼ਿਵ ਦਾ ਪ੍ਰਚੰਡ ਰੂਪ ਹੋ ਜਾਂਦਾ ਹੈ)

**ਮਹਾਂ ਤੇਜ ਖੰਡਾ ਦੁਖੰਡਾ ਦੁਧਾਰਾ,**
**ਸਭੈ ਸ਼ਤ੍ਰੁ ਬਨ ਕੋ ਮਹਾਂ ਭੀਮ ਆਰਾ॥**
**ਮਹਾਂ ਕਾਲਿਕਾ ਕਾਲ ਕੋ ਕਾਲ ਹੰਤੀ,**
**ਮਹਾਂ ਅਸਤ੍ਰ ਤੁਹੀ ਤੁਹੀ ਸ਼ਤ੍ਰਹੰਤੀ॥**

(ਤੂੰ ਦੁਨੀਆਂ ਵਿਚ ਜੋ ਲੋਕਾਂ ਦਾ ਕਾਲ ਬਣ ਜਾਂਦਾ ਹੈ ਉਸ ਦਾ ਭੀ ਕਾਲ ਰੂਪ ਹੈ, ਦੁਸ਼ਮਣ ਨੂੰ ਖ਼ਤਮ ਕਰਨ ਲਈ ਵੱਡਾ ਹਥਿਆਰ ਹੈ)

ਅੱਗੇ ਜਾ ਕੇ ਇਸ ਸਤੋਤ੍ਰ ਵਿਚ ਪਾਤਸ਼ਾਹ ਲਿਖਦੇ ਹਨ:

**ਜੋਊ ਮਜਾਨ ਤੇ ਬੀਰ ਤੋ ਕੋ ਸੜੱਕੈ,**
**ਪ੍ਰਲੈ ਕਾਲ ਕੇ ਸਿੰਧੁ ਬੱਕੈ ਕੜੱਕੈ॥**

(ਜਦੋਂ ਮਿਆਨ ਵਿਚੋਂ ਸੂਰਮੈ ਤੈਨੂੰ ਕੱਢਦੇ ਹਨ, ਪਰਲੋ ਆ ਜਾਂਦੀ ਹੈ ਅਤੇ ਪਰਬਤ ਕੰਬਦੇ ਹਨ)

**ਧਸੈ ਖੇਤ ਮੇ ਹਾਥ ਲੈ ਤੋਹਿ ਸੂਰੇ,**
**ਭਿਰੈ ਸਾਮੁਹੇ ਸਿਧ ਸਾਵੰਤ ਪੂਰੇ॥**
**ਸਮਰ ਸਾਮੁਹੇ ਸੀਸ ਤੋ ਪੈ ਚੜ੍ਹਾਵੈ,**
**ਮਹਾਂ ਭੂਪ ਹ੍ਵੈ ਔਤਰੈ ਰਾਜ ਪਾਵੈ॥**

(ਜੰਗ ਵਿਚ ਜੋ ਕੋਈ ਸਾਹਮਣੇ ਹੋ ਕੇ ਤਲਵਾਰ ਨੂੰ ਸੀਸ ਭੇਟ ਕਰਦਾ ਹੈ ਭਾਵ ਸ਼ਹੀਦੀ ਪਾਉਂਦਾ ਹੈ ਅਗਲੇ ਜਨਮ ਵਿਚ ਵੱਡਾ ਮਹਾਰਾਜਾ ਬਣ ਕੇ ਸੰਸਾਰ ਤੇ ਆਉਂਦਾ ਹੈ)

**ਤੁਮੈ ਪੂਜਹੈਂ ਵੀਰ ਬਾਨੈਤ ਛਤ੍ਰੀ,**
**ਮਹਾਂ ਖੜਗਧਾਰੀ ਮਹਾਂ ਤੇਜ ਅਤ੍ਰੀ॥**
**ਪੜ੍ਹੈ ਪ੍ਰੀਤਿ ਸੋ ਪ੍ਰਾਤ ਅਸਤੋਤ੍ਰ ਯਾ ਕੋ,**
**ਕਰੈਂ ਰੁਦਰ ਕਾਲੀ ਨਮਸਕਾਰ ਤਾਂ ਕੋ॥**

(ਜੋ ਇਹ ਸਤੋਤ੍ਰ ਸੁਬਹ ਦੇ ਸਮੇਂ ਪਿਆਰ ਨਾਲ ਪੜ੍ਹੇਗਾ ਸ਼ਿਵ ਜੀ ਅਤੇ ਕਾਲੀ ਦੇਵੀ ਉਸ ਨੂੰ ਨਮਸ਼ਕਾਰ ਕਰਨਗੇ)

**ਰੁਧਰ ਮੱਜਨੀ ਬਿੰਜਨੀ ਹੈ ਸਗੌਤੀ,**
**ਸਦਾ ਜੈ ਸਦਾ ਜੈ ਬਦਾ ਜੋ ਭਗੌਤੀ॥**

(ਦੁਸ਼ਮਣ ਦੇ ਲਹੂ ਨਾਲ ਇਸ਼ਨਾਨ ਕਰਨ ਵਾਲੀ, ਬਿਜਲੀ ਵਾਂਗ ਚਮਕਣ ਵਾਲੀ ਹੇ ਤਲਵਾਰ ਤੇਰੀ ਸਦਾ ਜੈ ਸਦਾ ਜੈ ਸਦਾ ਜੈ ਹੋਵੇ)

ਅਖ਼ੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਮਾਤਮਾ ਅਗੇ ਬੇਨਤੀ ਕਰਦੇ ਹੋਏ ਆਖਦੇ ਹਨ।

**ਸਦਾ ਦਾਹਿਨੇ ਦਾਸ ਕੋ ਦਾਨ ਕੀਜੈ,**
**ਗੁਰੂ ਸ਼ਾਹ ਗੋਬਿੰਦ ਕੀ ਰੱਖ ਕੀਜੈ॥**

(ਹੇ ਪ੍ਰਮੇਸ਼ਰ ਜੀ ਹਮੇਸ਼ਾਂ ਮੇਰੇ ਸੱਜੇ ਹੱਥ ਵਿਚ ਇਹ ਕਿਰਪਾਨ ਸਜੀ ਰਹੇ ਅਤੇ ਇਸ ਤਰ੍ਹਾਂ ਕਰ ਕੇ ਮੇਰੀ ਲਾਜ ਰੱਖ ਲਓ ਜੀ)

(ਭਾਈ ਕਾਨ੍ਹ ਸਿੰਘ ਜੀ ਦੀ ਪੁਸਤਕ 'ਗੁਰਮਤਿ ਸੁਧਾਕਰ' ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਛਾਪ ਮਈ 2005 ਦੇ ਪੰਨਾ 70 'ਤੇ ਇਹ ਸਤੋਤ੍ਰ ਦਰਜ ਹੈ)

ਅਜੇ ਭੀ ਕੋਈ ਸ਼ੰਕਾ ਹੈ ਕਿ ਚੰਡੀ ਦੀ ਵਾਰ ਦੇ ਕਰਤਾ ਦਸਮੇਸ਼ ਪਿਤਾ ਨੇ ਪ੍ਰਿਥਮੇ ਕਿਹੜੀ ਭਗੌਤੀ ਸਿਮਰ ਕੇ ਚੰਡੀ ਦੀ ਵਾਰ ਲਿਖਣੀ ਸ਼ੁਰੂ ਕੀਤੀ ਸੀ?

ਚੰਡੀ ਦੀ ਵਾਰ ਅਤੇ ਹੋਰ ਚੌਬੀਸ ਅਵਤਾਰਾਂ ਦੀਆਂ ਕਥਾਵਾਂ ਜੋ ਕਲਗੀਧਰ ਮਹਾਰਾਜ ਨੇ ਸੰਸਕ੍ਰਿਤ ਬੋਲੀ ਤੋਂ ਬ੍ਰਿਜ ਵਿਚ ਰੂਪਾਂਤਰ ਕੀਤੀਆਂ, ਹੁਣ ਅਨਮਤੀਏ, ਗੁਰੂ ਸਾਹਿਬ ਨੂੰ ਇਨ੍ਹਾਂ ਦਾ ਉਪਾਸ਼ਕ ਪ੍ਰਚਾਰ ਰਹੇ ਹਨ। ਜਦ ਕਿ ਗੁਰੂ ਸਾਹਿਬ ਨੇ ਹਰ ਇਕ ਅਜਿਹੀ ਰਚਨਾ ਬਾਰੇ ਆਪਣੇ ਵੀਚਾਰ ਨਾਲ ਹੀ ਲਿਖ ਦਿੱਤੇ। ਰਾਮਾ ਅਵਤਾਰ ਦੀ ਕਥਾ ਦਾ ਰੂਪਾਂਤਰ ਕਰ ਕੇ ਲਿਖ ਦਿੱਤਾ:

**ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥**

ਇਸੇ ਤਰ੍ਹਾਂ ਕ੍ਰਿਸ਼ਨਾ ਅਵਤਾਰ ਦੀ ਕਥਾ ਲਿਖ ਕੇ ਲਿਖ ਦਿੱਤਾ:

**ਮੈ ਨ ਗਨੇਸਹਿ ਪ੍ਰਿਥਮ ਮਨਾਊਂ॥**
**ਕਿਸਨ ਬਿਸਨੁ ਕਬਹੂੰ ਨਹਿ ਧਿਆਊਂ॥**
**ਕਾਨ ਸੁਨੇ ਪਹਿਚਾਨ ਨ ਤਿਨ ਸੋਂ॥**
**ਲਿਵ ਲਾਗੀ ਮੋਰੀ ਪਗ ਇਨ ਸੋਂ॥** (ਕ੍ਰਿਸ਼ਨਾ ਅਵਤਾਰ ੨੧੨)
**ਜੋ ਚਉਬੀਸ ਅਵਤਾਰ ਕਹਾਏ॥**
**ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥**
**ਸਭ ਹੀ ਜਗ ਭਰਮੇ ਭਵਰਾਜੰ॥**



**ਤਾਂ ਤੇ ਨਾਮੁ ਬਿਅੰਤ ਕਹਾਜੰ॥੭॥**
**ਬ੍ਰਹਮਾਦਕ ਸਬ ਹੀ ਪਚਹਾਰੇ॥**
**ਬਿਸਨ ਮਹੇਸ੍ਵਰ ਕਉਨ ਬਿਚਾਰੇ॥**
**ਚੰਦ ਸੂਰ ਜਿਨ ਕਰੇ ਬਿਚਾਰਾ॥**
**ਤਾ ਤੇ ਜਾਨੀਯਤ ਹੈ ਕਰਤਾਰਾ॥੧੪॥** (ਚੌਬੀਸ ਅਉਤਾਰ)

ਜੇ ਕਿਸੇ ਦੀ ਰਚਨਾ ਦਾ ਕਿਸੇ ਦੂਸਰੀ ਬੋਲੀ ਵਿਚ ਉਲੱਥਾ ਕਰਨ ਲਈ ਕੋਈ ਉਸ ਦਾ ਉਪਾਸ਼ਕ ਬਣ ਗਿਆ ਮੰਨ ਲਈਏ, ਤਾਂ ਫਿਰ ਸੰਤ ਵਿਨੋਬਾ ਭਾਵੇ, ਓਸ਼ੋ ਰਜਨੀਸ਼, ਖ਼ੁਆਜਾ ਦਿਲ ਮੁਹੰਮਦ ਜਿਨ੍ਹਾਂ ਨੇ ਜਪੁ ਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਉਲੱਥਾ ਕੀਤਾ ਸਭ ਸਿੱਖ ਗਿਣੇ ਜਾਣੇ ਚਾਹੀਦੇ ਹਨ, ਪਰ ਇਸ ਤਰ੍ਹਾਂ ਨਹੀਂ। ਇਨ੍ਹਾਂ ਸਾਰਿਆਂ ਦੀ ਆਪਣੀ ਅਲੱਗ ਪਹਿਚਾਣ ਬਣੀ ਰਹੀ। ਤਾਂ ਤੇ ਕਲਗੀਧਰ ਮਹਾਰਾਜ ਨੂੰ ਸਨਾਤਨ ਧਰਮ ਦੀਆਂ ਇਨ੍ਹਾਂ ਪੁਸਤਕਾਂ ਦਾ ਉਲੱਥਾ ਜਾਂ ਰੂਪਾਂਤਰ ਕਰਨ ਕਰਕੇ ਇਨ੍ਹਾਂ ਦਾ ਉਪਾਸ਼ਕ ਕਹਿਣਾ ਅਗਿਆਨਤਾ ਦੇ ਪ੍ਰਗਟਾਵੇ ਤੋਂ ਸਿਵਾ ਹੋਰ ਕੁਛ ਨਹੀਂ ਕਿਹਾ ਜਾ ਸਕਦਾ।

ਹੁਣ ਉਨ੍ਹਾਂ ਪੁਸਤਕਾਂ ਦਾ, ਜਿਨ੍ਹਾਂ ਨੂੰ ਆਧਾਰ ਬਣਾ ਕੇ ਪੰਥ ਵਿਰੋਧੀ ਤਾਕਤਾਂ ਐਸਾ ਕੂੜ ਪ੍ਰਚਾਰ ਕਰ ਰਹੀਆਂ ਹਨ, ਦਾ ਮੁਲਾਂਕਣ ਕਰ ਲੈਣਾ ਭੀ ਜ਼ਰੂਰੀ ਹੈ। ਇਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਨਾਉਂ ਹੈ 'ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ' ਕ੍ਰਿਤ ਕੇਸਰ ਸਿੰਘ ਛਿੱਬਰ ਦਾ ਹੈ। ਇਹ ਪੁਸਤਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਛਪਾਈ ਹੈ ਅਤੇ ਸੰਪਾਦਕ ਡਾ. ਰਤਨ ਸਿੰਘ ਜੱਗੀ ਹੈ। ਇਹ ਆਪਣੇ ਆਪ ਨੂੰ ਭਾਈ ਮਤੀਦਾਸ ਦਾ ਦੋਹਤਾ ਦੱਸਦਾ ਹੈ ਅਤੇ ਪੁਸਤਕ ਸੰਮਤ 1829 ਵਿਚ ਪੂਰੀ ਕੀਤੀ ਹੈ। ਇਸ ਪੁਸਤਕ ਵਿਚ ਦੇਵੀ ਪ੍ਰਗਟ ਹੋਣ ਦੀ ਜੋ ਨਿਰਮੂਲ ਮਨਘੜੰਤ ਕਹਾਣੀ ਲਿਖੀ ਹੈ। ਉਸ ਦਾ ਸਾਰੰਸ਼ ਇਸ ਤਰ੍ਹਾਂ ਹੈ।

ਸੰਮਤ 1733 ਵਿਚ ਪੰਡਤ ਦੇਵੀ ਦਿੱਤਾ ਰੋਜ਼ ਦਰਬਾਰ ਵਿਚ ਕਥਾ ਕਰਿਆ ਕਰਦਾ ਸੀ। ਕਥਾ ਕਰਦੇ ਜਦ ਇਹ ਬ੍ਰਿਤਾਂਤ ਆਇਆ ਕਿ ਭੀਮਸੈਨ ਨੇ ਦੈਂਤਾਂ ਨੂੰ ਮਾਰਨ ਲਈ ਜਦ ਹੋਰ ਕੁਛ ਨਾ ਮਿਲਿਆ ਤਾਂ ਹਾਥੀ ਵਗ੍ਹਾ-ਵਗ੍ਹਾ ਮਾਰੇ। ਕਲਗੀਧਰ ਨੇ ਪੁੱਛਿਆ ਕਿ ਭੀਮਸੈਨ ਵਿਚ ਐਨਾ ਬਲ ਕਿਸ ਤਰ੍ਹਾਂ ਆ ਗਿਆ ਤਾਂ ਦੇਵੀ ਦਿੱਤਾ ਨੇ ਕਿਹਾ ਕਿ ਭੀਮਸੈਨ ਨੇ ਹੋਮ ਯੱਗ ਕਰਕੇ ਇਕ ਲੱਖ ਬ੍ਰਾਹਮਣਾਂ ਨੂੰ ਭੋਜਨ ਕਰਾਇਆ, ਵੇਦਾਂ ਸ਼ਾਸਤਰਾਂ ਵਿਚ ਇਹੋ ਲਿਖਿਆ ਹੈ। ਗੁਰੂ ਸਾਹਿਬ ਨੇ ਕਿਹਾ ਕਿ ਅਸੀਂ ਭੀ ਅਜਿਹਾ ਯੱਗ ਕਰਵਾਉਣਾ ਚਾਹੁੰਦੇ ਹਾਂ ਜਿਸ ਨਾਲ ਇੰਨੀ ਤਾਕਤ ਮਿਲੇ ਨਾਲ ਹੀ ਭਵਾਨੀ ਸਾਖਿਆਤ ਪ੍ਰਗਟ ਹੋਵੇ। ਦੇਵੀ ਦਿੱਤਾ ਨੇ ਉੱਤਰ ਦਿੱਤਾ ਕਿ ਯੱਗ ਹੋਮ ਤਾਂ ਮੈ ਕਰ ਸਕਦਾ ਹਾਂ ਪਰ ਭਵਾਨੀ ਪ੍ਰਗਟ ਕਰਨ ਲਈ ਤੁਸੀਂ

ਕਾਂਸ਼ੀ, ਕਸ਼ਮੀਰ ਜਾਂ ਹੋਰ ਥਾਉਂ ਤੋਂ ਬ੍ਰਾਹਮਣ ਬੁਲਾ ਲਓ । ਗੁਰੂ ਸਾਹਿਬ ਨੇ ਜਗ੍ਹਾ-ਜਗ੍ਹਾ ਤੋਂ ਬ੍ਰਾਹਮਣ ਬੁਲਾਏ ਅਤੇ ਉਨ੍ਹਾਂ ਦੀ ਨੈਤਿਕਤਾ ਪਰਖਣ ਲਈ ਸਭ ਨੂੰ ਮਾਸ ਖਾਣ ਅਤੇ ਸ਼ਰਾਬ ਪੀਣ ਲਈ ਕਿਹਾ ਅਤੇ ਨਾਲ ਹੀ 100 ਰੁਪਏ ਦੇਣ ਦਾ ਲਾਲਚ ਭੀ ਦਿੱਤਾ । ਸਾਰੇ ਇਕੱਠ ਵਿਚੋਂ ਸਿਰਫ਼ ਤਿੰਨ ਬ੍ਰਾਹਮਣ ਹਰਿਦਾਸ, ਹਰਿ ਭਗਵਾਨ ਅਤੇ ਲੱਛਮੀ ਰਾਮ ਨਿਕਲੇ ਜਿਨ੍ਹਾਂ ਨੇ ਲਾਲਚ ਤੋਂ ਉੱਪਰ ਉੱਠ ਕੇ ਮਾਸ ਖਾਣਾ ਪ੍ਰਵਾਨ ਨਾ ਕੀਤਾ । ਇਕ ਲੱਖ ਰੁਪਿਆ ਗੁਰੂ ਸਾਹਿਬ ਦਾ ਇਸ ਪਰਖ ਤੇ ਲੱਗਾ । ਇਨ੍ਹਾਂ ਤਿੰਨਾਂ ਬ੍ਰਾਹਮਣਾਂ ਦਾ ਧਰਮ ਪਰਖਣ ਲਈ, ਮਾਸ ਨਾ ਖਾਣ ਬਦਲੇ ਕਤਲ ਕਰਨ ਦਾ ਹੁਕਮ ਦੇ ਕੇ ਸਿੱਖਾਂ ਦੇ ਹਵਾਲੇ ਕਰ ਦਿੱਤਾ ਅਤੇ ਨਾਲ ਹੀ ਸਿੱਖਾਂ ਨੂੰ ਗੁਪਤ ਤੌਰ ਤੇ ਕਿਹਾ ਕਿ ਜੇ ਇਹ ਧਰਮ ਵਿਚ ਪੱਕੇ ਰਹਿ ਕੇ ਮਰਨ ਨੂੰ ਤਿਆਰ ਹੋ ਜਾਣ ਤਾਂ ਮਾਰਨਾ ਨਹੀਂ ਵਾਪਸ ਸਾਡੇ ਕੋਲ ਲੈ ਆਉਣਾ । ਜਦੋਂ ਸਿੱਖਾਂ ਨੇ ਇਨ੍ਹਾਂ ਨੂੰ ਧਰਮ ਦੇ ਪੱਕੇ ਦੇਖਿਆ ਤਾਂ ਗੁਰੂ ਸਾਹਿਬ ਕੋਲ ਲੈ ਆਏ । ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉੱਚੇ ਆਸਣ ਤੇ ਬਿਠਾ ਕੇ ਚਰਨ ਧੁਆਏ ਅਤੇ ਉਨ੍ਹਾਂ ਦਾ ਚਰਨਾਮ੍ਰਿਤ ਪੀਤਾ । ਬ੍ਰਾਹਮਣਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਮਹਾਰਾਜ ਪਹਿਲਾਂ ਤਾਂ ਤੁਸੀਂ ਸਾਨੂੰ ਮਾਰਨ ਦਾ ਹੁਕਮ ਦਿੱਤਾ, ਹੁਣ ਸਾਡੇ ਪੈਰ ਧੁਆ ਕੇ ਉਹ ਪਾਣੀ ਪੀਤਾ ਹੈ ਇਸ ਦਾ ਕਾਰਨ ਕੀ ਹੈ ? ਤਾਂ ਮਹਾਰਾਜ ਨੇ ਉੱਤਰ ਦਿੱਤਾ ਕਿ ਅਸੀਂ ਤੁਹਾਡੀ ਸਿਰਫ਼ ਪਰਖ ਕਰਨੀ ਸੀ । ਹੁਣ ਸਾਨੂੰ ਯਕੀਨ ਆ ਗਿਆ ਕਿ ਤੁਸੀਂ ਆਪਣੇ ਧਰਮ ਵਿਚ ਪਰਪੱਕ ਹੋ ਅਤੇ ਸਾਡਾ ਪ੍ਰਯੋਜਨ ਭਵਾਨੀ ਪ੍ਰਗਟ ਕਰਨ ਯੋਗ ਹੋ ।

ਸੰਮਤ 1734 ਵਿਚ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਤਿੰਨਾਂ ਤੋਂ ਇਲਾਵਾ ਦੇਸ-ਪਰਦੇਸ ਤੋਂ ਬਹੁਤ ਸਾਰੇ ਬ੍ਰਾਹਮਣ ਇਕੱਠੇ ਕੀਤੇ ਬਹੁਤ ਸਾਰੀ ਸਮੱਗਰੀ ਹੋਮ ਲਈ ਅਤੇ ਦਸ ਹਜ਼ਾਰ ਸਫ਼ੈਦ ਪੁਸ਼ਾਕਾਂ ਬ੍ਰਾਹਮਣਾਂ ਲਈ ਮੰਗਵਾਈਆਂ । ਜਦੋਂ ਸਭ ਤਿਆਰੀ ਹੋ ਗਈ ਬ੍ਰਾਹਮਣਾਂ ਨੇ ਐਨਾ ਵੱਡਾ ਇਕੱਠ ਅਤੇ ਹੋਮ ਕਰਨ ਦਾ ਕਾਰਨ ਪੁੱਛਿਆ ਤਾਂ ਮਹਾਰਾਜ ਨੇ ਉੱਤਰ ਦਿੱਤਾ ਕਿ ਦੇਵੀ ਪ੍ਰਗਟ ਕਰਨੀ ਹੈ । ਇਸ ਤੇ ਸਭ ਨੇ ਆਪਣੀ ਅਸਮਰਥਾ ਦਰਸਾਈ ਤਾਂ ਗੁਰੂ ਸਾਹਿਬ ਨੇ ਸਭ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ । ਬ੍ਰਾਹਮਣ ਸ਼ਰਮ ਦੇ ਮਾਰੇ ਜਾਣ ਨੂੰ ਤਿਆਰ ਨਾ ਹੋਏ ਕਿ ਦੁਨੀਆਂ ਸਾਨੂੰ ਕੀ ਕਹੇਗੀ । ਸੋ ਵਰਤ ਰੱਖ ਕੇ ਬ੍ਰਹਮਾ ਜੀ ਅੱਗੇ ਬੇਨਤੀਆਂ ਕਰਨ ਲੱਗੇ । ਤਿੰਨ ਦਿਨ ਪਿਛੋਂ ਅਕਾਸ਼ ਬਾਣੀ ਹੋਈ ਕਿ ਕਾਲਿਕਾ ਦਾਸ ਬ੍ਰਾਹਮਣ ਭਵਾਨੀ ਪ੍ਰਗਟ ਕਰ ਸਕਦਾ ਹੈ, ਤਾਂ ਬ੍ਰਾਹਮਣਾਂ ਨੇ ਜਾ ਕੇ ਇਸ ਬਾਰੇ ਗੁਰੂ ਸਾਹਿਬ ਨੂੰ ਦੱਸਿਆ ।

ਇਸ ਤੇ ਗੁਰੂ ਸਾਹਿਬ ਨੇ ਕਾਲਿਕਾ ਦਾਸ ਨੂੰ ਬੁਲਾ ਲਿਆ । ਇਸ ਤੋਂ ਅੱਗੇ ਬਹੁਤ ਲੰਮੀ ਵਾਰਤਾ ਕਾਲਿਕਾ ਦਾਸ ਦੀ ਅਤੇ ਗੁਰੂ ਸਾਹਿਬ ਦੀ ਪੁਸਤਕ ਦੇ ਕਰਤਾ ਨੇ ਕਰਾਈ ਹੈ ਜਿਸ ਵਿਚ ਕਾਲਿਕਾ ਦਾਸ ਨੂੰ ਬੜਾ ਗਿਆਨਵਾਨ ਅਤੇ



ਸਮਰਥ ਦਿਖਾਇਆ ਗਿਆ ਅਤੇ ਉਸ ਦੇ ਸਾਹਮਣੇ ਗੁਰੂ ਸਾਹਿਬ ਨੂੰ ਤੁੱਛ ਬੁੱਧੀ ਵਾਲੇ ਅਗਿਆਨੀ ਪੁਰਸ਼ ਦਿਖਾਇਆ ਗਿਆ ਹੈ ਅਤੇ ਗੁਰੂ ਸਾਹਿਬ ਨੂੰ ਬੜਾ ਵਚਿੱਤਰ ਉਪਦੇਸ਼ ਕਾਲਿਕਾ ਦਾਸ ਦੇ ਰਿਹਾ ਹੈ ।

ਇਸ ਉਪਰੰਤ ਕਾਲਿਕਾ ਦਾਸ ਨੇ ਗੁਰੂ ਮਹਾਰਾਜ ਦਾ ਇਸ਼ਨਾਨ ਕਰਾ ਕੇ ਨਵਾਂ ਜਨੇਊ ਪੁਆਇਆ ਅਤੇ ਕਨਾਤ ਤਾਣ ਕੇ ਅੰਦਰ ਗੁਰੂ ਮਹਾਰਾਜ ਕਾਲਿਕਾ ਦਾਸ ਅਤੇ ਤਿੰਨ ਹੋਰ ਬ੍ਰਾਹਮਣ ਗਏ ਬਾਕੀ ਬ੍ਰਾਹਮਣ ਅਤੇ ਸੰਗਤ ਬਾਹਰ ਬੈਠੀ । ਚਾਲੀ ਦਿਨ ਇਕ ਚੌਂਕੜੇ ਤੇ ਸਾਰਿਆਂ ਨੇ ਹਵਨ ਕੀਤਾ ਅਤੇ ਓਅੰਕਾਰ ਦਾ ਜਾਪ ਕੀਤਾ । ਚਾਲੀ ਦਿਨ ਪਿਛੋਂ ਕਾਲਿਕਾ ਦਾਸ ਨੇ ਕਿਹਾ ਕਿ ਦੇਵੀ ਪ੍ਰਗਟ ਹੋਣ ਵਾਲੀ ਹੈ ਜੋ ਵਰ ਚਾਹੋ ਮੰਗ ਲੈਣਾ । ਇਸ ਤੋਂ ਅਗੇ ਇਹ ਦੋਹਰਾ ਲਿਖਿਆ ਹੈ :

**ਦੋਹਰਾ ਮ: ੧੦**

**ਠਾਢ ਭਜੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ॥**
**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥**

ਇਸ ਪਿਛੋਂ ਦੇਵੀ ਪ੍ਰਗਟ ਹੋਈ ਪਰ ਗੁਰੂ ਸਾਹਿਬ ਉਸ ਦਾ ਝਲਕਾਰਾ ਝੱਲ ਨਹੀਂ ਸਕੇ ਬੇ-ਸੁੱਧ ਹੋ ਗਏ । ਕਾਲਿਕਾ ਦਾਸ ਕਹਿਣ ਲੱਗਾ ਕਿ ਦੇਵੀ ਨੂੰ ਸੀਸ ਭੇਟ ਕਰੋ ਪਰ ਗੁਰੂ ਸਾਹਿਬ ਨੇ ਕਿਹਾ ਮੇਰੀ ਸੁੱਧ ਕਾਇਮ ਨਹੀਂ ਇਸ ਲਈ ਤੁਸੀਂ ਹੀ ਦੇਵੋ । ਇਸ ਤੇ ਕਾਲਿਕਾ ਦਾਸ ਨੇ ਦੇਵੀ ਅੱਗੇ ਆਪਣੇ ਹੱਥ ਕਰ ਦਿੱਤੇ ਅਤੇ ਦੇਵੀ ਨੇ ਆਪਣਾ ਖੰਡਾ ਕਾਲਿਕਾ ਦਾਸ ਦੇ ਹੱਥਾਂ ਤੇ ਮਾਰ ਕੇ ਖ਼ੂਨ ਪੀਤਾ । ਇਸ ਪਿਛੋਂ ਗੁਰੂ ਮਹਾਰਾਜ ਨੇ ਸੁੱਧ ਆਉਣ ਤੇ ਸਾਰੇ ਬ੍ਰਾਹਮਣਾਂ ਨੂੰ ਬੇਅੰਤ ਧਨ ਦਾਨ ਕੀਤਾ ਅਤੇ ਸ਼ੋਭਾ ਪਾਈ ।

ਇਹ ਸਾਰਾ ਨਿਰਮੂਲ, ਮਨਘੜੰਤ ਬ੍ਰਿਤਾਂਤ ਤੇ ਕਿਤਾਬ ਦੇ ਚੌਦਾਂ ਪੰਨਿਆਂ ਵਿਚ ਦਰਜ ਕੀਤਾ ਹੈ । ਇਸੇ ਤਰ੍ਹਾਂ ਸਾਰੀ ਕਿਤਾਬ ਵਿਚ ਗੁਰਮਤਿ ਤੋਂ ਉਲਟ ਮਨਘੜੰਤ ਗੱਲਾਂ ਸਾਰਿਆਂ ਗੁਰੂ ਸਾਹਿਬ ਦੇ ਜੀਵਨੀਆਂ ਵਿਚ ਜੋੜੀਆਂ ਹਨ । ਵਿਚ-ਵਿਚ ਗੁਰਬਾਣੀ ਦੀਆਂ ਤੁਕਾਂ ਅਤੇ ਸ਼ਬਦ, ਸਿੱਖ ਸਿਧਾਂਤ ਤੋਂ ਬਾਹਰ ਜਾ ਕੇ ਬੜੀ ਚਤੁਰਾਈ ਨਾਲ ਜੋੜੀਆਂ ਹਨ ਜਿਸ ਤਰ੍ਹਾਂ ਹੁਣ ਪੰਥ ਵਿਰੋਧੀ ਤਾਕਤਾਂ ਖ਼ਾਲਸਾ ਪੰਥ ਦਾ ਹਿੰਦੂਕਰਨ ਕਰਨ ਲਈ ਵਰਤ ਰਹੀਆਂ ਹਨ । ਹਰ ਥਾਂ ਤੇ ਬ੍ਰਾਹਮਣਾਂ ਨੂੰ ਆਦਰਯੋਗ ਦਰਸਾਇਆ ਹੈ । ਸਾਰੇ ਸੰਸਕਾਰ ਗੁਰੂ ਸਾਹਿਬ ਨੂੰ ਸ਼ਾਸਤਰਾਂ ਅਨੁਸਾਰ ਕਰਦੇ ਦਿਖਾਇਆ ਹੈ।

ਇਸ ਕਿਤਾਬ ਦੇ ਪੰਨਾ 134 ਤੇ ਲਿਖਿਆ ਹੈ ਕਿ ਮਾਤਾ ਜੀਤੋ ਜੀ ਦੇ ਸਵਰਗ ਸਿਧਾਰ ਜਾਣ ਤੇ ਗੁਰੂ ਸਾਹਿਬ ਅਤੇ ਸਾਹਿਬਜ਼ਾਦਿਆਂ ਨੇ ਸਿਰਫ਼ ਮੁੰਡਨ ਨਹੀਂ ਕਰਾਇਆ ਬਾਕੀ ਸਭ ਕਰਮ ਸ਼ਾਸਤਰਾਂ ਅਨੁਸਾਰ ਕੀਤੇ । ਗੁਰੂ ਸਾਹਿਬ ਨੇ

ਇੰਨਾਂ ਸ਼ੋਕ ਕੀਤਾ ਕਿ ਸਰੀਰ ਅੱਧਾ ਰਹਿ ਗਿਆ ਅਤੇ 7 ਮਹੀਨੇ ਲੰਗੋਟ ਬੰਨ੍ਹੀ ਰੱਖਿਆ। ਸੱਤ ਮਹੀਨੇ ਪਿਛੋਂ ਸਿੱਖਾਂ ਨੇ ਬੇਨਤੀ ਕਰਕੇ ਪਹਿਲਾਂ ਲੰਗੋਟ ਉਤਾਰਿਆ ਤਾਂ ਸਾਹਿਬਾਂ ਨੇ ਦੂਸਰਾ ਬੰਨ੍ਹ ਲਿਆ । ਗੁਰੂ ਸਾਹਿਬ ਦੀ ਇਹ ਹਾਲਤ ਦੇਖ ਕੇ ਸਿੱਖਾਂ ਨੇ ਹੋਰ ਡੋਲਾ ਮਾਤਾ ਸਾਹਿਬ ਕੌਰ ਦਾ ਲਿਆਂਦਾ । ਇਸ ਤਰ੍ਹਾਂ ਦੇ ਕੁਫ਼ਰ ਇਸ ਕਿਤਾਬ ਵਿਚ ਹਰ ਥਾਂ ਤੇ ਦਰਜ ਹਨ । ਬਾਬਾ ਬੰਦਾ ਸਿੰਘ ਜੀ ਪਿੱਛੋਂ ਗੁਰੂ ਅੰਗਦ ਦੇਵ ਮਹਾਰਾਜ ਦੀ ਵੰਸ਼ਜ ਬਾਬਾ ਕਾਨ੍ਹ ਸਿੰਘ ਇਕ ਮਜ਼ਬੀ ਸਿੰਘ ਨੂੰ ਮਾਰਦੇ ਲਿਖਦਾ ਹੈ ਕਿਉਂਕਿ ਉਸ ਨੇ ਆਪਣੀ ਜਾਤ ਲੁਕਾ ਕੇ ਉੱਚੀ ਜਾਤ ਦੇ ਸਿੱਖਾਂ ਨਾਲ ਬੈਠ ਕੇ ਲੰਗਰ ਛਕ ਲਿਆ ਸੀ ।

ਜਿਹੜਾ ਲਿਖਾਰੀ ਆਪਣੀ ਲਿਖਤ ਸ਼ੁਰੂ ਕਰਨ ਤੋਂ ਪਹਿਲਾਂ ਮਾਤਾ ਗਉਰੀ ਸੁਰਸਤੀ ਅਤੇ ਗਨੇਸ਼ ਦੀ ਆਰਾਧਨਾ ਕਰਦਾ ਹੈ ਕੀ ਉਹ ਗੁਰੂ ਦਾ ਸਿੱਖ ਕਹਿਲਾਉਣ ਦਾ ਹੱਕਦਾਰ ਹੈ? ਲਿਖਤ ਦਾ ਮੂਲ ਪਾਠ ਇਸ ਤਰ੍ਹਾਂ ਹੈ

ੴ ਸਤਿਗੁਰ ਪ੍ਰਸਾਦਿ

ਅਬ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਲਿਖਯਤੇ

**ਦੋਹਰਾ:**

**ਸਤਿਗੁਰ ਪੁਰਖ ਮਨਾਇਕੈ ਪੂਜੋ ਸਗਲੇ ਦੇਵ ।**
**ਰਿਖ ਤਪਸੀ ਕੇ ਚਰਨ ਲਗ ਸਫਲ ਹਮਾਰੀ ਸੇਵ। 3 ।**
**ਮਾਤਾ ਗਉਰੀ ਮਨਾਇਕੈ ਸੁਰਸਤੀ ਪੂਜੋ ਮਾਤ।**
**ਬਾਕ ਬਾਨੀ ਕੇ ਚਰਨ ਲਗ ਕੀਜੈ ਬਚਨ ਹਮਾਰਾ ਸਾਤ । 4 ।**
**ਗਉਰੀ ਪੂਤ ਗਨੇਸ਼ ਜੀ ਬਿਨਤੀ ਸੁਨੀਐ ਇਹਿ।**
**ਭੂਲ ਚੂਕ ਮਮ ਖਿਮਾ ਕਰ ਬੁਧ ਉਜਲ ਕਰ ਦੇਹਿ। 5 ।**
**ਬਿਦਿਆ ਹੋਵੇ ਸੁਫਲ ਕੁਝ ਸਭ ਗੁਰਜਨ ਕੇ ਪ੍ਰਸਾਦਿ।**
**ਸਿੰਘ ਕੇਸਰ ਛਿਬਰ ਕੀ ਬੇਨਤੀ ਬੁਧ ਦਿਤੀ ਹੈ ਉਸਤਾਦ।**

ਲਿਖਾਰੀ ਦੇ ਹਿਰਦੇ ਵਿਚ ਮੁਸਲਮਾਨਾਂ ਲਈ ਨਫ਼ਰਤ ਕੁੱਟ-ਕੁੱਟ ਕੇ ਭਰੀ ਹੋਈ ਪੁਸਤਕ ਵਿਚ ਮਿਲਦੀ ਹੈ । ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਵਿਰੁੱਧ ਲਿਖੀਆਂ ਗੱਲਾਂ ਸੰਪਾਦਕ ਨੇ ਪੁਸਤਕ ਵਿਚ ਨਹੀਂ ਲਿਖੀਆਂ, ਇੱਥੋਂ ਤੱਕ ਕਿ ਫ਼ਰੀਦ ਸਾਹਿਬ ਨੂੰ ਵੀ ਨਹੀਂ ਬਖਸ਼ਿਆ ਅਤੇ ਬ੍ਰਾਹਮਣਾਂ ਦਾ ਸਤਿਕਾਰ ਪੂਜਣਯੋਗ ਵਰਣਨ ਕੀਤਾ ਹੈ । ਪੋਥੀ ਪੜ੍ਹਕੇ ਇਹ ਨਿਰਨਾ ਕਰਨਾ ਹੀ ਠੀਕ ਹੈ ਕਿ ਇਹ ਗੁਰੂ ਦਾ ਸਿੰਘ ਕੇਸਰ ਸਿੰਘ ਨਹੀਂ ਕੋਈ ਨਕਲੀ, ਬ੍ਰਾਹਮਣ, ਕੇਸਰ ਸਿੰਘ ਹੈ ਅਤੇ ਅੱਜ-ਕੱਲ੍ਹ ਦੇ ਆਰੀਆ ਸਮਾਜੀ ਜਾਂ ਆਰ.ਐੱਸ.ਐੱਸ. ਅਤੇ ਇਨ੍ਹਾਂ ਦੇ ਹੋਰ ਸਹਿਯੋਗੀ ਇਸੇ ਨਕਲੀ ਕੇਸਰ ਸਿੰਘ ਦੀਆਂ ਲਿਖਤਾਂ ਦਾ ਹਵਾਲਾ ਦੇ ਕੇ ਖ਼ਾਲਸਾ ਪੰਥ ਨੂੰ ਕੇਸਾਧਾਰੀ



ਹਿੰਦੂ ਦੱਸ ਕੇ ਕੂੜਾ ਪ੍ਰਚਾਰ ਕਰ ਰਹੇ ਹਨ ।

ਹੁਣ ਸੁਆਲ ਇਹ ਉੱਠਦਾ ਹੈ, ਸਿਕੰਦਰ ਦੇ ਹਮਲਿਆਂ ਤੋਂ ਲੈ ਕੇ ਔਰੰਗਜ਼ੇਬ ਦੇ ਰਾਜ ਤੱਕ ਕਈ ਸਦੀਆਂ ਅਨੇਕਾਂ ਦੇਵੀ ਦੇਵਤਿਆਂ ਦੇ ਮੰਦਰ ਢਾਏ ਗਏ, ਇਸ ਦੇਸ ਦਾ ਹੁਸਨ ਅਤੇ ਮਾਲ ਧਨ ਨੂੰ ਵਿਦੇਸ਼ੀ ਹਮਲਾਵਰਾਂ ਨੇ ਲੁੱਟਿਆ, ਨਾ ਤਾਂ ਕੋਈ ਦੇਵੀ ਆਪ ਪ੍ਰਗਟ ਹੋ ਕੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋਈ ਅਤੇ ਨਾ ਹੀ ਕਿਸੇ ਦੇਸੀ ਰਾਜੇ ਨੇ ਦੇਵੀ ਪ੍ਰਗਟ ਕਰ ਕੇ ਇਨ੍ਹਾਂ ਹਮਲਾਵਰਾਂ ਨੂੰ ਦੇਸ ਵਿਚੋਂ ਕੱਢਿਆ । ਜਿਸ ਦੇਸ ਵਿਚ ਕਾਲਿਕਾ ਦਾਸ ਰਹਿੰਦਾ ਸੀ ਕਮ ਸੇ ਕਮ ਉਸ ਦੇਸ ਦਾ ਰਾਜਾ ਹੀ ਮੈਦਾਨ ਵਿਚ ਆਉਂਦਾ । ਐਸਾ ਭੀ ਨਹੀਂ ਹੋਇਆ । ਤਕਰੀਬਨ ਇਕ ਸਦੀ ਜਦੋਂ ਖ਼ਾਲਸੇ ਨੇ ਆਪਣੀ ਚੰਡੀ ਵਰਤੀ ਤਾਂ ਚੰਡੀ ਦੇਵੀ ਦੇ ਉਪਾਸਕ ਸ਼ਿਵਾਲਕ ਪਹਾੜੀ ਦੇ ਪਹਾੜੀ ਰਾਜਪੂਤ ਰਾਜਿਆਂ ਵਿਚੋਂ ਕਿਸੇ ਇਕ ਨੇ ਭੀ ਖ਼ਾਲਸੇ ਦਾ ਸਾਥ ਨਾ ਦਿੱਤਾ ਬਲਕਿ ਮੁਗ਼ਲ ਸੈਨਾ ਦੀ ਡੱਟ ਕੇ ਮੱਦਦ ਕੀਤੀ । ਇਸੇ ਤਰ੍ਹਾਂ ਬਾਕੀ ਦੇਸ ਦੇ ਕਿਸੇ ਹਿੰਦੂ ਰਾਜੇ ਨੂੰ ਅਤੇ ਜੈਪੁਰ ਦੇ ਰਾਜਿਆਂ ਨੂੰ ਛੱਡ ਕੇ ਭੀ ਖ਼ਾਲਸੇ ਦੀ ਹਮਦਰਦੀ ਦਾ ਖ਼ਿਆਲ ਤੱਕ ਨਹੀਂ ਆਇਆ । ਇਸ ਦੇ ਉਲਟ, ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਸਰਕਾਰ ਖ਼ਾਲਸਾ ਨੂੰ ਖ਼ਤਮ ਕਰਕੇ ਪੰਜਾਬ ਨੂੰ ਗ਼ੁਲਾਮ ਬਣਾਉਣ ਲਈ ਇਨ੍ਹਾਂ ਨੇ ਅੰਗਰੇਜ਼ਾਂ ਦੀ ਡੱਟ ਕੇ ਮੱਦਦ ਕੀਤੀ ।

ਅਸਲੀਅਤ ਇਹ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਕਲਗੀਧਰ ਮਹਾਰਾਜ ਦੇ ਲਗਾਤਾਰ ਦੇ ਉਪਦੇਸ਼ ਦਾ ਸਦਕਾ, ਸਿੱਖੀ ਵਿਚਾਰਧਾਰਾ ਵਾਲੇ ਲੋਕਾਂ ਹੱਥੋਂ ਬ੍ਰਾਹਮਣਾਂ ਦੀ ਰੋਟੀ ਖ਼ੁਸ ਗਈ ਅਤੇ ਮਾਨ ਸਤਿਕਾਰ ਨੂੰ ਭੀ ਠੇਸ ਲੱਗੀ ਤਾਂ ਚਤੁਰ ਬੁੱਧੀ ਦੇ ਬ੍ਰਾਹਮਣਾਂ ਨੇ ਐਸੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਰਾਹੀਂ ਕੁਝ ਥੋੜ੍ਹੀ ਬਹੁਤ ਗੁਰੂ ਘਰ ਦੀ ਪ੍ਰਸੰਸਾ ਲਿਖ ਕੇ ਨਾਲ ਹੀ ਜੁਗਤੀ ਨਾਲ ਅਜਿਹੀਆਂ ਗੱਲਾਂ ਵਾੜ ਦਿੱਤੀਆਂ ਤਾਂ ਜੋ ਬ੍ਰਾਹਮਣ ਨੂੰ ਸਤਿਕਾਰ ਯੋਗ ਪਦਵੀ ਦੁਬਾਰਾ ਮਿਲ ਸਕੇ । ਤਾਂ ਹੀ ਦਸਮੇਸ਼ ਪਿਤਾ ਨੂੰ ਬ੍ਰਾਹਮਣਾਂ ਦੇ ਚਰਨ ਧੋ ਕੇ ਪਾਣੀ ਪੀਂਦੇ ਦਿਖਾਇਆ ਗਿਆ ਹੈ । ਨਹੀਂ ਤਾਂ:

**ਦਾਨੁ ਦੇਇ ਕਰਿ ਪੂਜਾ ਕਰਨਾ॥**
**ਲੈਤ ਦੇਤ ਉਨ੍ ਮੂਕਰਿ ਪਰਨਾ॥**
**ਜਿਤੁ ਦਰੁ ਤੁਮ੍ ਹੈ ਬ੍ਰਾਹਮਣ ਜਾਣਾ॥**
**ਤਿਤੁ ਦਰ ਤੂੰਹੀ ਹੈ ਪਛੁਤਾਣਾ॥੧॥**
**ਐਸੇ ਬ੍ਰਾਹਮਣ ਡੂਬੈ ਭਾਈ॥**
**ਨਿਰਾਪਰਾਧ ਚਿਤਵਹਿ ਬੁਰਿਆਈ॥੧॥ ਰਹਾਉ॥**
**ਅੰਤਰਿ ਲੋਭੁ ਫਿਰਹਿ ਹਲਕਾਏ॥**

**ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥**
**ਮਾਇਆ ਮੂਠਾ ਚੇਤੈ ਨਾਹੀ ॥**
**ਭਰਮੇ ਭੂਲਾ ਬਹੁਤੀ ਰਾਹੀ ॥੨॥**
**ਬਾਹਰਿ ਭੇਖ ਕਰਹਿ ਘਨੇਰੇ ॥**
**ਅੰਤਰਿ ਬਿਖਿਆ ਉਤਰੀ ਘੇਰੇ ॥**
**ਅਵਰ ਉਪਦੇਸੈ ਆਪਿ ਨ ਬੂਝੈ ॥**
**ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**
**ਮੂਰਖ ਬਾਮਣ ਪ੍ਰਭੂ ਸਮਾਲਿ ॥**
**ਦੇਖਤ ਸੁਨਤ ਤੇਰੈ ਹੈ ਨਾਲਿ ॥**
**ਕਹੁ ਨਾਨਕ ਜੇ ਹੋਵੀ ਭਾਗੁ ॥**
**ਮਾਨੁ ਛੋਡਿ ਗੁਰ ਚਰਨੀ ਲਾਗੁ ॥੪॥੮॥** (ਅੰਗ ੩੭੨)

ਇਹ ਉਪਦੇਸ਼ ਧਾਰਨ ਕਰਨ ਵਾਲਿਆਂ ਸਿੱਖਾਂ ਤੋਂ ਬ੍ਰਾਹਮਣ ਨੂੰ ਕੀ ਪ੍ਰਾਪਤ ਹੋਣਾ ਸੀ ।

❊❊❊

## ਵਾਹੁ ਵਾਹੁ ਬਾਣੀ ਨਿਰੰਕਾਰ ਹੈ...

ਥੋੜ੍ਹੀ ਮਿਹਨਤ ਕਰਕੇ ਬਹੁਤਾ ਲਾਭ ਉਠਾਉਂਣ ਦਾ ਸੁਭਾਅ ਮਨੁੱਖ ਦਾ ਆਦਿ ਕਾਲ ਤੋਂ ਚੱਲਿਆ ਆ ਰਿਹਾ ਹੈ । ਕਈ ਵਾਰ ਚਲਾਕ ਲੋਕ ਕੀਮਤੀ ਚੀਜ਼ ਵਿਚ ਮਿਲਾਵਟ ਕਰਕੇ ਜਾਂ ਮੂਲੋਂ ਹੀ ਨਕਲ ਉਤਾਰ ਕੇ ਥੋੜ੍ਹੀ ਦੇਰ ਲਈ ਲੋਕਾਂ ਨੂੰ ਧੋਖਾ ਦੇਣ ਵਿਚ ਸਫ਼ਲ ਹੁੰਦੇ ਰਹੇ ਹਨ ।

ਦੁਨਿਆਵੀ ਪਾਤਸ਼ਾਹੀ ਦਾ ਝੂਠਾ ਐਲਾਨ ਕਰਕੇ ਭੀ ਕਈ ਵਾਰੀ ਲੋਕ ਚਲਾਕੀ ਨਾਲ ਸਫ਼ਲ ਹੁੰਦੇ ਰਹੇ ਹਨ, ਪਰ ਕਨੂੰਨ ਦੀ ਸਜ਼ਾ ਤੋਂ ਡਰਦਿਆਂ ਇਸ ਤੋਂ ਸੰਕੋਚ ਕੀਤਾ ਜਾਂਦਾ ਹੈ । ਅਣਡਿਠੇ ਭਗਵਾਨ ਦਾ ਰੂਪ ਦੱਸ ਕੇ ਤੇ ਸਿੱਧੇ ਸਾਦੇ ਸ਼ਰਧਾਵਾਨ ਮਨੁੱਖਾਂ ਨੂੰ ਮੂਰਖ ਬਣਾ ਕੇ ਬਹੁਤ ਲੋਕਾਂ ਨੇ ਐਸ਼-ਪ੍ਰਸਤੀ ਦੇ ਸਾਧਨ ਪ੍ਰਾਪਤ ਕੀਤੇ ਹੋਏ ਹਨ ਪਰ ਜਦੋਂ ਗੁਰਮਤਿ ਪ੍ਰਚਾਰ ਦੁਆਰਾ ਪਰਮਾਤਮਾ ਨੂੰ ਅਜੂਨੀ ਤੇ ਅਮਰ ਸਿੱਧ ਕਰ ਦਿਤਾ ਗਿਆ ਤਾਂ ਲੋਕਾਂ ਨੇ ਆਪਣੇ ਆਪ ਨੂੰ ਸਤਿਗੁਰੂ ਤੇ ਬਾਬਾ ਅਖਵਾ ਕੇ ਜਨਤਾ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਮੌਜ ਕਰਨੀ ਸ਼ੁਰੂ ਕਰ ਦਿੱਤੀ, ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸ਼ੰਕਰਾਚਾਰੀਆ ਤੇ ਗੋਰਖ ਨਾਥ ਤੋਂ ਸਿਵਾ ਕਿਸੇ ਵੀ ਧਾਰਮਿਕ ਆਗੂ ਨਾਲ ਇਹ ਪਦਵੀ ਲਗੀ ਹੋਣ ਦੀ ਸੂਹ ਨਹੀਂ ਮਿਲਦੀ । ਵਿਗਿਆਨ ਦੀ ਕਸਵਟੀ 'ਤੇ ਇਨ੍ਹਾਂ ਦੋਹਾਂ ਮਹਾਂਪੁਰਖਾਂ ਦਾ ਦਰਸ਼ਨ (ਫ਼ਿਲਾਸਫ਼ੀ) 'ਤੇ ਸਿਧਾਂਤ ਪੂਰੇ ਨਹੀਂ ਉੱਤਰੇ, ਤਾਂ ਤੇ ਰੂਹਾਨੀ ਮੰਡਲ ਵਿਚ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰਾਅਧਿਕਾਰੀ ਗੁਰੂ ਸਾਹਿਬਾਂ ਨਾਲ ਹੀ ਇਹ ਪਦਵੀ (ਸਤਿਗੁਰੂ) ਲਗਾਣੀ ਯੋਗ ਹੈ ਤੇ ਗੁਰੂ ਬਾਣੀ ਦੀਆਂ ਨਿਮਨਲਿਖਤ ਤੁਕਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ :

**ਸਤਿਗੁਰ ਬਾਝਹੁ ਗੁਰੁ ਨਹੀ ਕੋਈ**
**ਨਿਗੁਰੇ ਕਾ ਹੈ ਨਾਉ ਬੁਰਾ ॥੧੩॥** (ਅੰਗ ੪੩੫)
**ਜੋਤਿ ਰੂਪਿ ਹਰਿ ਆਪਿ**
**ਗੁਰੂ ਨਾਨਕੁ ਕਹਾਯਉ ॥** (ਅੰਗ ੧੪੦੮)
**ਨਾਨਕ ਗੁਰੂ ਗੁਰੂ ਹੈ ਪੂਰਾ**
**ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥** (ਅੰਗ ੮੮੨)
**ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ ॥** (ਵਾ.ਭਾ.ਗੁ. ੩/੧੨)

ਮੇਰੀ ਹੇਠਲੀ ਲਿਖਤ ਨਕਲੀ ਨਿਰੰਕਾਰੀ (ਜੋ ਕਿ ਆਪਣੇ ਆਪ ਨੂੰ ਕੇਵਲ ਸਤਿਗੁਰੂ ਹੀ ਨਹੀਂ ਸਗੋਂ ਖ਼ੁਦਾ, ਭਗਵਾਨ, ਅੱਲਾ, ਸਭ ਕੁਝ ਹੀ ਅਖਵਾਉਂਦੇ ਹਨ) ਸੰਸਥਾ ਦੇ ਕਾਨਪੁਰ ਸ਼ਹਿਰ ਦੇ ਪ੍ਰਮੁੱਖ ਪ੍ਰਚਾਰਕ ਨਾਲ ਹੋਈ ਵਾਰਤਾ ਨਿਰੂਪਣ ਕਰਦੀ ਹੈ, ਜਿਸ ਨੂੰ ਖ਼ਲਸਾ ਪੰਥ ਦੇ ਹਰ ਇਕ ਵਿਅਕਤੀ ਦੇ ਹੱਥਾਂ ਵਿਚ ਪਹੁੰਚਾਉਣ ਲਈ ਸਤਿਗੁਰੂ ਜੀ ਨੇ ਆਪ ਪ੍ਰੇਰਨਾ ਬਖ਼ਸ਼ੀ ਹੈ, ਤਾਂ ਜੁ ਗੁਰੂ ਬਾਣੀ ਤੇ ਗੁਰਇਤਿਹਾਸ ਤੋਂ ਨਾਵਾਕਫ਼ ਆਮ ਲੋਕਾਂ ਨੂੰ ਨਕਲੀਆਂ ਦੀ ਆਤਮਿਕ ਸੱਤਿਆ ਦੇ ਢੌਂਗ ਦੀ ਅਸਲੀ ਵਾਕਫ਼ੀ ਹੋ ਸਕੇ ।

ਸ਼ਾਮ ਵੇਲੇ ਮੈਂ ਆਪਣੇ ਦਫ਼ਤਰ ਦੇ ਕੰਮ ਵਿਚ ਰੁਝਿਆ ਹੋਇਆ ਸੀ ਕਿ ਇਕ ਚੰਗੀ ਨੁਹਾਰ ਵਾਲੇ ਬਜ਼ੁਰਗ, ਚੂੜੀਦਾਰ ਪਜਾਮਾ, ਚਿੱਟੀ ਕਮੀਜ਼, ਚਿੱਟੀ ਦਸਤਾਰ ਤੇ ਹੱਥ ਵਿਚ ਛੜੀ, ਸਾਡੇ ਦਫ਼ਤਰ ਦੇ ਬਾਹਰ ਆ ਕੇ ਬੈਠ ਗਏ ਤੇ ਇਕ ਦੋ

ਵਾਰ ਇਸ ਤਰ੍ਹਾਂ ਮੇਰੇ ਵੱਲ ਤੱਕਿਆ ਜਿਵੇਂ ਮੇਰੇ ਨਾਲ ਕੋਈ ਪਾਸ ਗੱਲ ਕਰਨਾ ਚਾਹੁੰਦੇ ਹੋਣ । ਆਪਣੇ ਕੰਮ ਤੋਂ ਵਿਹਲਾ ਹੋ ਕੇ ਮੈਂ ਉਨ੍ਹਾਂ ਨੂੰ ਸਤਿਕਾਰ ਨਾਲ ਗੁਰ ਫ਼ਤਹਿ ਬੁਲਾਈ ਤੇ ਉਨ੍ਹਾਂ ਦੇ ਆਉਣ ਦਾ ਪ੍ਰਯੋਜਨ ਤੇ ਸੇਵਾ ਪੁੱਛੀ । ਉੱਤਰ ਵਿਚ ਉਨ੍ਹਾਂ ਨੇ ਦੱਸਿਆ, "ਮੈਂ ਅਚਾਨਕ ਹੀ ਸ਼ਾਮ ਪਈ ਜਾਣ ਕੇ ਸੈਰ ਕਰਨ ਲਈ ਇੱਧਰ ਨਿਕਲਿਆ ਸੀ ਕਿ ਤੁਹਾਡੇ ਵਲੋਂ ਕੁਝ ਖਿੱਚ ਪੈਣ ਤੇ ਮੈਂ ਇੱਥੇ ਬੈਠ ਗਿਆ।" ਇਸ ਅਰੰਭਿਕ ਜਾਣ ਪਛਾਣ ਨਾਲ ਸਾਡੀ ਪਰਸਪਰ ਗੱਲਬਾਤ ਸ਼ੁਰੂ ਹੋ ਗਈ, ਜੋ ਕਿ ਪਾਠਕਾਂ ਦੇ ਵਿਚਾਰ ਲਈ ਪੇਸ਼ ਕੀਤੀ ਜਾਂਦੀ ਹੈ ।

ਬਜ਼ੁਰਗ : ਤੁਸੀਂ ਇੱਥੇ ਕਿਸ ਡਿਊਟੀ ਤੇ ਲੱਗੇ ਹੋ ?

ਮੈਂ : ਮੈਂ ਇੱਥੇ ... ... ... ਲੱਗਾ ਹੋਇਆ ਹਾਂ ।

ਬਜ਼ੁਰਗ: ਤੁਸੀਂ ਕਾਫ਼ੀ ਜ਼ੁੰਮੇਵਾਰੀ ਵਾਲੀ ਜਗ੍ਹਾ ਕੰਮ ਕਰ ਰਹੇ ਹੋ । ਤੁਹਾਡਾ ਚੀਫ਼ ਇੰਜੀਨੀਅਰ ਮੇਰਾ ਅੱਛੀ ਤਰ੍ਹਾਂ ਵਾਕਫ਼ਕਾਰ ਹੈ, ਕੋਈ ਕੰਮ ਹੋਵੇ, ਦੱਸਣਾ ।

ਮੈਂ : ਤੁਹਾਡੀ ਬੜੀ ਮਿਹਰਬਾਨੀ ਹੈ । ਫ਼ਿਲਹਾਲ ਮੈਨੂੰ ਇੱਥੇ ਕੋਈ ਤਕਲੀਫ਼ ਨਹੀਂ, ਕੋਈ ਕੰਮ ਹੋਇਆ ਤਾਂ ਜ਼ਰੂਰ ਆਪ ਨੂੰ ਖੇਚਲ ਦੇਵਾਂਗਾ ।

ਬਜ਼ੁਰਗ: ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ ?

ਮੈਂ : ਨੌਕਰੀ ਪੇਸ਼ਾ ਮਨੁੱਖ ਦਾ ਕੋਈ ਪੱਕਾ ਟਿਕਾਣਾ ਨਹੀਂ ਹੁੰਦਾ । ਪਰ ਮੇਰੇ ਮਾਤਾ-ਪਿਤਾ ਦੀ ਰਿਹਾਇਸ਼ ਪਟਿਆਲੇ ਹੈ ਅਤੇ ਮੇਰਾ ਬਚਪਨ ਜ਼ਿਆਦਾ ਉੱਥੇ ਹੀ ਬੀਤਿਆ ਹੈ ।

ਬਜ਼ੁਰਗ : ਮੈਂ ਭੀ ਪਟਿਆਲੇ ਦਾ ਹੀ ਰਹਿਣ ਵਾਲਾ ਹਾਂ । ਸ਼ੇਰਾਂ ਵਾਲੇ ਦਰਵਾਜ਼ੇ ਮੇਰੇ ਪੁੱਤਰਾਂ ਦਾ "ਫ਼ੋਟੋ ਗਲੈਮਰਜ਼" ਸਟੂਡੀਓ ਹੈ । ਮੈਂ ਪਹਿਲਾਂ ਫ਼ੌਜ ਵਿਚ ਕੈਪਟਨ ਸਾਂ, ਫਿਰ ਸਰਵਿਸ ਛੱਡ ਦਿਤੀ । ਉਪਰੰਤ ਪਟਿਆਲੇ ਸ਼ਹਿਰ ਦੇ ਕੁਝ ਐਸੇ ਨਾਮਵਰ ਸੱਜਣਾਂ ਦੇ ਉਨ੍ਹਾਂ ਨਾਮ ਲਏ, ਜਿਨ੍ਹਾਂ ਨੂੰ ਮੈਂ ਨਿੱਜੀ ਤੌਰ ਤੇ ਵੀ ਜਾਣਦਾ ਸੀ ।

ਮੈਂ : ਜਿਨ੍ਹਾਂ ਸਜਣਾਂ ਦੇ ਤੁਸੀਂ ਨਾਮ ਲੈ ਰਹੇ ਹੋ, ਇਨ੍ਹਾਂ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ । ਇਹ ਮੇਰੇ ਪਿਤਾ ਜੀ ਦੇ ਚੰਗੇ ਮਿੱਤਰ ਹਨ ਅਤੇ ਸਾਡੇ ਘਰ ਵਿਚ ਇਨ੍ਹਾਂ ਦਾ ਖ਼ਾਸਾ ਆਉਣਾ ਜਾਣਾ ਹੈ ਪਰ ਆਪਣੇ ਘਰ ਵਿਚ ਤੁਹਾਡੇ ਨਾਉਂ ਦਾ ਮੈਂ ਕਦੇ ਜ਼ਿਕਰ ਨਹੀਂ ਸੁਣਿਆ ।

ਬਜ਼ੁਰਗ : ਜੀ ਗੱਲ ਇਹ ਹੈ ਕਿ ਮੈਂ ਨਿਰੰਕਾਰੀ ਮਿਸ਼ਨ ਦਾ ਪ੍ਰਚਾਰਕ ਹਾਂ। ਕਈ ਲੋਕ ਸਾਨੂੰ ਅੱਛਾ ਨਹੀਂ ਸਮਝਦੇ ਤੇ ਕੱਟੜ ਧਾਰਮਿਕ ਖ਼ਿਆਲਾਂ ਦੇ ਆਦਮੀ ਤਾਂ ਸਾਡੇ ਨਾਲ ਨਫ਼ਰਤ ਕਰਦੇ ਹਨ । ਇਸ ਲਈ ਸਾਡਾ ਮੇਲ ਮਿਲਾਪ ਸੀਮਿਤ ਹੀ ਹੈ ।



ਮੈਂ : ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਨੂੰ ਘ੍ਰਿਣਾ ਕਰਨ ਵਾਲਾ ਮੇਰੀ ਜਾਚੇ ਕੋਈ ਮੂਰਖ ਹੀ ਹੋਵੇਗਾ ।

ਬਜ਼ੁਰਗ : ਮੈਂ ਆਪਣੀ ਕਾਫ਼ੀ ਉਮਰ ਤੱਕ ਗੁਰਬਾਣੀ ਪੜ੍ਹਦਾ ਰਿਹਾ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕਦਾ ਰਿਹਾ ਹਾਂ, ਪਾਠ ਭੀ ਕੀਤੇ, ਕੀਰਤਨ ਭੀ ਸੁਣਿਆ ਤੇ ਕੀਤਾ, ਪਰ ਮੇਰਾ ਕੁਝ ਵੀ ਨਾ ਸਵਰਿਆ । ਫਿਰ ਚੰਗੇ ਭਾਗਾਂ ਨੂੰ ਮੈਂ ਬਾਬਾ ਅਵਤਾਰ ਸਿੰਘ ਦੀ ਸ਼ਰਨ ਪੈ ਗਿਆ । ਉਨ੍ਹਾਂ ਨੇ ਮੈਨੂੰ ਨਿਰੰਕਾਰ ਦਾ ਗਿਆਨ ਦਿੱਤਾ ਤੇ ਮੈਨੂੰ ਸਾਖਿਆਤ ਪਰਮਾਤਮਾ ਦੇ ਦਰਸ਼ਨ ਕਰਵਾ ਦਿਤੇ । ਓਦੋਂ ਤੋਂ ਹੀ ਮੈਂ ਇਸ 'ਨਿਰੰਕਾਰੀ ਮਿਸ਼ਨ' ਦਾ ਪ੍ਰਚਾਰਕ ਬਣ ਗਿਆ ਹਾਂ । ਅੱਜ-ਕੱਲ੍ਹ ਸਾਡੇ ਵੱਡੇ ਬਾਬਾ ਗੁਰਬਚਨ ਸਿੰਘ ਹਨ ਜੋ ਸੰਗਤਾਂ ਨੂੰ ਗਿਆਨ ਦਿੰਦੇ ਹਨ । ਗੁਰੂਬਾਣੀ ਭੀ ਤਾਂ ਬਾਰ-ਬਾਰ ਸੰਤਾਂ ਦੇ ਚਰਨ ਪਕੜਨ ਲਈ ਹੀ ਉਪਦੇਸ਼ ਦੇ ਰਹੀ ਹੈ ।

ਮੈਂ : ਤੁਹਾਡੀ ਗੱਲ ਮੈਨੂੰ ਕੁਝ ਜਚੀ ਨਹੀਂ । ਤੁਹਾਡਾ ਨਿੱਜੀ ਤਜਰਬਾ ਕੋਈ ਸਾਰੀ ਦੁਨੀਆਂ ਲਈ ਮਾਪ-ਤੋਲ ਨਹੀਂ ਬਣ ਸਕਦਾ । ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ-ਜੋਤ ਸਮਾਉਣ ਵੇਲੇ ਤੋਂ ਹੁਣ ਤੱਕ, ਸੈਂਕੜੇ ਹਜ਼ਾਰਾਂ ਨਹੀਂ, ਲੱਖਾਂ ਹੀ ਅਜਿਹੇ ਤੱਤਵੇਤਾ, ਗੁਰਮੁਖ ਮਹਾਂਪੁਰਖ ਹੋਏ ਹਨ ਜਿਨ੍ਹਾਂ ਦਾ ਗੁਰੂ-ਰੂਪ ਗੁਰਬਾਣੀ ਦੇ ਲੜ ਲਗਿਆਂ ਸਭ ਕੁੱਝ ਸਵਰ ਗਿਆ ਹੈ ।

ਬਹੁਤ ਪਿਛਲੀ ਗੱਲ ਨਾ ਭੀ ਕਰੀਏ, ਇਸ ਸਦੀ ਵਿਚ ਹੀ ਅਨੇਕ ਮਹਾਂਪੁਰਖਾਂ, ਜਿਵੇਂ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ, ਬਾਬਾ ਨੰਦ ਸਿੰਘ ਜੀ ਕਲੇਰਾਂ, ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਆਦਿ ਨੇ ਕੇਵਲ ਗੁਰੂ ਬਾਣੀ ਦੇ ਲੜ ਲਗ ਕੇ ਹੀ ਬ੍ਰਹਮਗਿਆਨ ਪ੍ਰਾਪਤ ਕੀਤਾ ਤੇ ਆਤਮਿਕ ਉੱਚਤਾ ਦੀ ਟੀਸੀ ਤੇ ਪਹੁੰਚ ਕੇ ਵਿਸਮਾਦੀ ਆਤਮਰੰਗ ਮਾਣਦੇ ਰਹੇ ।

ਬਜ਼ੁਰਗ : ਜੀ ਇਨ੍ਹਾਂ ਦੀ ਗੱਲ ਛਡੋ, ਤੁਹਾਡੀ ਉਮਰ ਛੋਟੀ ਹੈ । ਪਰ ਮੈਂ ਜ਼ਿੰਦਗੀ ਦਾ ਕਾਫ਼ੀ ਸਮਾਂ ਇਨ੍ਹਾਂ ਕੋਲ ਗੁਜ਼ਾਰਿਆ ਹੈ । ਸੰਤ ਅਤਰ ਸਿੰਘ ਜੀ ਕੇਵਲ ਪੇਂਡੂ ਅਨਪੜ੍ਹ ਲੋਕਾਂ ਨੂੰ ਹੀ ਪਿੱਛੇ ਲਾ ਸਕਦੇ ਸੀ, ਭਾਈ ਰਣਧੀਰ ਸਿੰਘ ਜੀ ਨਿਰੇ ਕਰਮ-ਕਾਂਡੀ ਸਨ, ਭਾਈ ਵੀਰ ਸਿੰਘ ਕੇਵਲ ਲਿਖਾਰੀ ਸੀ । ਅਸਲ ਗੱਲ ਇਹ ਹੈ ਕਿ ਜੋ ਲੋਕ ਧਾਰਮਿਕ ਰਹੁਰੀਤ ਦੇ ਬੰਧਨਾਂ ਵਿਚ ਫਸੇ ਹੋਏ ਹਨ, ਉਹ ਪਰਮਾਤਮਾ ਨੂੰ ਪਾ ਹੀ ਨਹੀਂ ਸਕਦੇ । ਕਿਉਂਕਿ ਉਸ ਨਿਰੰਕਾਰ ਦਾ ਆਪਣਾ ਕੋਈ ਧਰਮ ਨਹੀਂ ਹੈ ।

ਮੈਂ : ਤੁਸੀਂ ਫਿਰ ਇਉਂ ਕਿਉਂ ਨਹੀਂ ਕਹਿੰਦੇ ਕਿ ਮਾਂ ਦੇ ਪੇਟ ਵਿਚੋਂ ਪੈਦਾ ਹੋਇਆ ਮਨੁੱਖ ਰੱਬ ਨੂੰ ਪਾ ਹੀ ਨਹੀਂ ਸਕਦਾ, ਕਿਉਂਕਿ ਰੱਬ ਕਿਸੇ ਦੀ ਕੁੱਖ ਵਿਚੋਂ ਨਹੀਂ

ਜੰਮਿਆ । ਫਿਰ ਸਮਗਲਰਾਂ ਤੇ ਚੋਰਾਂ ਦਾ ਕੋਈ ਧਰਮ ਨਹੀਂ ਹੁੰਦਾ, ਨਾ ਹੀ ਰੂਸ ਵਾਲੇ ਕਿਸੇ ਧਰਮ ਦੇ ਅਨੁਯਾਈ ਹਨ, ਫਿਰ ਤੁਹਾਡੇ ਕਹਿਣ ਅਨੁਸਾਰ ਇਹ ਸਭ ਬ੍ਰਹਮਗਿਆਨੀ ਹੋਣੇ ਚਾਹੀਦੇ ਹਨ ।

ਬਜ਼ੁਰਗ : ਇਹ ਕਿੱਥੇ ਲਿਖਿਆ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ ?

ਮੈ : ਰੋਜ਼ ਗੁਰਦੁਆਰਿਆਂ ਵਿਚ ਪੜ੍ਹਦੇ ਹਾਂ "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥"

ਬਜ਼ੁਰਗ : ਇਹ ਤਾਂ ਅਕਾਲੀਆਂ ਨੇ ਸਲੋਕ ਘੜ ਲਿਆ ਹੈ ।

ਮੈਂ : ਗੁਰਬਾਣੀ ਦੀਆਂ ਹੇਠਲੀਆਂ ਤੁਕਾਂ ਤੇ ਹੋਰ ਅਨੇਕਾਂ ਫ਼ੁਰਮਾਨ ਦਰਸਾ ਰਹੇ ਹਨ:

**ਸਤਿਗੁਰ ਬਚਨ ਬਚਨ ਹੈ ਸਤਿਗੁਰ**
**ਪਾਧਰੁ ਮੁਕਤਿ ਜਨਾਵੈਗੋ ॥੫॥** (ਅੰਗ ੧੩੦੯)
**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ** (ਅੰਗ ੯੪੩)
**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**
(ਅੰਗ ੯੮੨)

ਬਜ਼ੁਰਗ : ਦੇਖੋ ਸਾਫ਼ ਲਿਖਿਆ ਹੋਇਆ ਹੈ 'ਪਰਤਖਿ ਗੁਰੂ ਨਿਸਤਾਰੇ' ਭਾਵ ਪ੍ਰਤੱਖ ਦੇਹਧਾਰੀ ਗੁਰੂ ਹੀ ਨਿਸਤਾਰਾ ਕਰ ਸਕਦਾ ਹੈ ।

ਮੈਂ : ਪਹਿਲਾਂ ਤਾਂ ਜੇ ਤੁਹਾਡਾ ਅਰਥ ਹੀ ਸਹੀ ਮੰਨ ਲਈਏ ਤਾਂ ਇਹ ਕਿਤੇ ਨਹੀਂ ਲਿਖਿਆ ਹੋਇਆ ਕਿ ਬਾਬਾ ਅਵਤਾਰ ਸਿੰਘ ਜਾਂ ਬਾਬਾ ਗੁਰਬਚਨ ਸਿੰਘ ਹੀ ਪ੍ਰਤੱਖ ਗੁਰੂ ਹੈ । ਜੇ ਇਹੋ ਅਰਥ ਲਈਏ ਤਾਂ ਇਹ ਇਸ਼ਾਰਾ ਸ੍ਰੀ ਗੁਰੂ ਰਾਮਦਾਸ ਮਹਾਰਾਜ ਦਾ ਕੇਵਲ ਸ੍ਰੀ ਗੁਰੂ ਅਮਰਦਾਸ ਮਹਾਰਾਜ ਬਾਰੇ ਹੋ ਸਕਦਾ ਹੈ, ਨਾ ਕਿ ਤੁਹਾਡੇ ਨਿਰੰਕਾਰੀ ਬਾਬਿਆਂ ਲਈ ਪਰ ਸਹੀ ਅਰਥ ਇਥੇ ਗੁਰਬਾਣੀ ਵਿਆਕਰਨ ਅਨੁਸਾਰ 'ਖ' ਨੂੰ ਸਿਹਾਰੀ ਹੋਣ ਕਰਕੇ 'ਪ੍ਰਤੱਖ ਹੋ ਕੇ' ਲਗਦਾ ਹੈ, ਭਾਵ ਜੋ ਸਿੱਖ ਸੇਵਕ ਗੁਰੂ ਬਾਣੀ ਦੇ ਕਹੇ ਅਨੁਸਾਰ ਚੱਲੇਗਾ, ਗੁਰੂ ਜੋਤ, ਗੁਰਬਾਣੀ ਰਾਹੀਂ ਪਰਤੱਖ ਹੋ ਕੇ ਸਿੱਖ ਦਾ ਨਿਸਤਾਰਾ ਕਰੇਗੀ ।

ਬਜ਼ੁਰਗ : ਕੀ ਤੁਸੀਂ ਦੱਸ ਸਕਦੇ ਹੋ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰ ਤਿਆਗਿਆ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਉੱਥੇ ਸੀ ?

ਮੈਂ : ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ । ਦਮਦਮੇ ਸਾਹਿਬ ਗੁਰੂ ਕਾਂਸ਼ੀ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ



ਦਰਜ ਕਰਕੇ ਬੀੜ ਸੰਪੂਰਨ ਕੀਤੀ । ਅਨੇਕਾਂ ਉਤਾਰੇ ਸਿੱਖਾਂ ਨੇ ਕੀਤੇ ਅਤੇ ਨਾਂਦੇੜ ਜਾਣ ਵੇਲੇ ਗੁਰੂ ਸਾਹਿਬ ਨਾਲ ਲੈ ਕੇ ਗਏ । ਪਰ ਜੇ ਮੰਨ ਲਈਏ ਕਿ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਹੀਂ ਸੀ ਤਾਂ ਕੀ ਜਦੋਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਬਖ਼ਸ਼ੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਲਾਹੌਰ ਸਨ ? ਜੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਲਾਹੌਰ ਬੈਠੇ ਕੇਵਲ ਸ਼ਬਦ ਰਾਹੀਂ ਹੀ ਆਪਣੀ 'ਗੁਰੂ ਜੋਤ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਚ ਟਿਕਾ ਸਕਦੇ ਹਨ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਮਹਾਰਾਜ ਦਿੱਲੀ ਬੈਠੇ ਹੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਬਕਾਲੇ (ਅੰਮ੍ਰਿਤਸਰ) ਵਿਚ ਗੁਰਗੱਦੀ ਬਖ਼ਸ਼ ਸਕਦੇ ਹਨ ਤਾਂ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਨਹੀਂ ਸੀ ਦੇ ਸਕਦੇ ?

ਬਜ਼ੁਰਗ : ਕੋਈ ਠੋਸ ਇਤਿਹਾਸਿਕ ਪ੍ਰਮਾਣ ਦੇ ਸਕਦੇ ਹੋ ਜਿਸ ਤੋਂ ਇਹ ਗੱਲ ਸਾਬਤ ਹੋ ਸਕੇ ?

ਮੈਂ : ਕਿਸੇ ਸਿੱਖ ਦਾ ਜਾਂ ਗ਼ੈਰ-ਸਿੱਖ ਦਾ, ਕਿਸੇ ਭਾਰਤੀ ਦਾ ਜਾਂ ਵਿਦੇਸ਼ੀ ਦਾ ? ਜਿਸ ਦਾ ਤੁਸੀਂ ਕਹੋ, ਉਸੇ ਦਾ ਪ੍ਰਮਾਣ ਹਾਜ਼ਰ ਹੈ ।

ਬਜ਼ੁਰਗ : ਤੁਸੀਂ ਕਿਸੇ ਦਾ ਦੇਵੋ ।

ਮੈ : ਵਿਦੇਸ਼ੀ ਆਦਮੀ ਦਾ ਨਿਰਲੇਪ ਹੋਣ ਕਾਰਨ ਤੁਹਾਡੀ ਜ਼ਿਆਦਾ ਤਸੱਲੀ ਕਰੇਗਾ । ਮੁਗ਼ਲ ਬਾਦਸ਼ਾਹ ਫ਼ਰਖ਼ਸੀਅਰ ਦੇ ਦਰਬਾਰ ਈਸਟ ਇੰਡੀਆ ਕੰਪਨੀ ਦਾ ਪੁਲੀਟੀਕਲ ਏਜੰਟ ਮਿ. ਐਲਫ਼ਿਨਸਟਨ ਸੀ, ਜਿਸ ਨੇ ਬੰਦੇ ਬਹਾਦਰ ਦੀ ਸ਼ਹੀਦੀ ਦੇ ਅੱਖੀਂ ਡਿੱਠੇ ਹਾਲ ਲਿਖ ਕੇ ਕਲਕੱਤੇ ਕੰਪਨੀ ਦੇ ਹੈੱਡ ਆਫ਼ਿਸ ਭੇਜੇ ਸਨ । ਉਹ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਖ਼ਾਲਸਾ ਪੰਥ ਵਿਚ ਕੋਈ ਦੇਹਧਾਰੀ ਗੁਰੂ ਨਹੀਂ ਹੈ । ਸ੍ਰੀ ਗੁਰੂ ਜੀ ਨੇ ਆਪਣੀ ਆਤਮਿਕ ਸ਼ਕਤੀ ਧਾਰਮਿਕ ਪੁਸਤਕ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਸਮੋ ਦਿੱਤੀ ਤੇ ਸਰੀਰਿਕ ਸ਼ਕਤੀ ਖ਼ਾਲਸਾ ਪੰਥ ਰਾਹੀਂ ਪ੍ਰਗਟ ਕੀਤੀ ਹੈ । *

ਇਹੀ ਗੱਲ ਹਜ਼ੂਰ ਸਾਹਿਬ ਕਲਗੀਧਰ ਮਹਾਰਾਜ ਦੇ ਸ਼ਬਦ ਤੋਂ ਪ੍ਰਗਟ ਹੈ ।

**ਆਪਨੋਪੋ ਮੋ ਖਾਲਸੇ ਦੀਨਾ, ਦੁਤਿਯਾ ਰੂਪ ਸਤਿਗੁਰੂ ਗ੍ਰੰਥਾ॥**
**ਬੋਲਨ ਸਤਿਗੁਰੁ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ॥**
**ਗੁਨਾਨਵਾਦ ਪੁਨਿ ਸਿਫਤਿ ਸਲਾਹਨਿ ਊਠਤਿ ਬੈਠਤਿ ਸੈਨ ਕਰੰਥਾ॥**
**ਪਾਵਨ ਪੰਥ ਖਾਲਸਾ ਪ੍ਰਗਟਿਯੋ ਚਾਰ ਵਰਣ ਆਸ਼ਰਮ ਸੁਭ ਪੰਥਾ॥**
**ਇਨ ਕੋ ਦਰਸ ਗੁਰੂ ਕੋ ਦਰਸਨੁ ਬੋਲਨ ਗੁਰੂ ਸਬਦ ਗੁਰੁ ਗ੍ਰੰਥਾ॥**

**ਦ੍ਵਾਦਸ ਰੂਪ ਸਤਿਗੁਰਏ ਕਹੀਯਤ ਦ੍ਵਾਦਸ ਭਾਨੁ ਪ੍ਰਗਟਿ ਹਰਿ ਸੰਤਾ॥**
**ਪ੍ਰਤਖ ਕਲਾ ਪਾਰਬ੍ਰਹਮ ਧਣੀਛੇ ਗ੍ਰੰਥ ਪੰਥ ਖਾਲਸਾ ਵਰਤੰਤਾ॥**
**ਦਾਸ ਗੋਬਿੰਦ ਫਤਹਿ ਸਤਗੁਰ ਕੋ ਖਾਸ ਗ੍ਰੰਥ ਗੁਰੂ ਰੂਪ ਬਦੰਤਾ॥**

(ਸਰਬ ਲੋਹ ਗ੍ਰੰਥ)

ਸ਼ਜ਼ੁਰਗ : ਤੁਹਾਨੂੰ ਜੇ ਨਹੀਂ ਪਤਾ ਤਾਂ ਸੁਣ ਲਵੋ ! ਸ੍ਰੀ ਗੁਰੂ ਨਾਨਕ ਦੇਵ ਦਾ ਭੀ ਗੁਰੂ ਸੀ, ਜਿਸ ਦਾ ਨਾਉਂ ਸੰਤਰੇਣ ਸੀ । ਇਸੇ ਲਈ ਉਨ੍ਹਾਂ ਨੇ ਪਰਮਾਤਮਾ ਨੂੰ ਬੇਨਤੀ ਕੀਤੀ ਹੈ,

**ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥**

ਮੈਂ : ਚੰਗਾ ਹੁੰਦਾ ਜੇ ਤੁਸੀਂ ਇਹ ਪ੍ਰਮਾਣ ਦੇਣ ਤੋਂ ਪਹਿਲਾਂ ਗੁਰਬਾਣੀ ਦੀ ਸਟੱਡੀ ਕਰ ਲੈਂਦੇ । ਇਹ ਤੁਕਾਂ ਟੋਡੀ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਆਂ ਹਨ, ਨਾ ਕਿ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀਆਂ । ਸ਼ਬਦ ਸ਼ੁਰੂ ਹੁੰਦਾ ਹੈ, **ਮਾਗਉ ਦਾਨੁ ਠਾਕੁਰ ਨਾਮ॥** (ਅੰਗ ੭੧੩) ਮੇਰੇ ਖ਼ਿਆਲ ਵਿਚ ਤੁਹਾਨੂੰ ਗੁਰਬਾਣੀ ਦੀ ਕੋਈ ਵਾਕਫ਼ੀਅਤ ਨਹੀਂ । ਤੁਸਾਂ ਪ੍ਰਯੋਜਨ ਸਿੱਧੀ ਲਈ ਗੁਰਬਾਣੀ ਦੀਆਂ ਕੁਝ ਤੁਕਾਂ ਰਟੀਆਂ ਹੋਈਆਂ ਹਨ, ਜਿਸ ਦੇ ਤੁਸੀਂ ਅਨਰਥ ਕਰਦੇ ਹੋ । ਉਪਰਲੀ ਤੁਕ ਵਿਚ ਗੁਰੂ ਸਾਹਿਬ ਬੇਨਤੀ ਕਰ ਰਹੇ ਹਨ ਕਿ ਮੈਨੂੰ ਸੰਤਾਂ ਦੀ ਧੂੜੀ (ਚਰਨ-ਧੂੜ) ਬਖ਼ਸ਼ੋ । ਕੀ ਤੁਸੀਂ ਦੱਸ ਸਕਦੇ ਹੋ, ਤੁਹਾਡੇ ਬਾਬਿਆਂ ਦਾ ਕੋਈ ਨਵਾਂ ਉਪਦੇਸ਼, ਗਿਆਨ ਜਾਂ ਸੰਸਾਰ ਕਲਿਆਣ ਲਈ ਨਵਾਂ ਮਾਰਗ ਕੀ ਹੈ ?

ਬਜ਼ੁਰਗ : ਬਾਬਿਆਂ ਦਾ ਉਪਦੇਸ਼ ਹੈ ਕਿ ਨਿਰੰਕਾਰੀ ਗਿਆਨ ਲੈ ਕੇ ਆਦਮੀ ਸੰਸਾਰ ਵਿਚ ਰਹਿ ਕੇ ਕਾਰ-ਵਿਹਾਰ ਕਰਦਾ ਹੋਇਆ ਗ੍ਰਿਸਤੀ ਜੀਵਨ ਬਤੀਤ ਕਰੇ ।

ਮੈਂ : ਇਹ ਉਪਦੇਸ਼ ਪਹਿਲਾਂ ਹੀ ਸਿੱਖ ਗੁਰੂ ਸਾਹਿਬਾਨ ਨੇ ਜਗਤ ਨੂੰ ਦਿੱਤਾ ਹੈ ਤੇ ਹੁਣ ਗੁਰਬਾਣੀ ਦ੍ਰਿੜ੍ਹਾ ਰਹੀ ਹੈ । ਫਿਰ ਤੁਹਾਡੇ ਬਾਬਿਆਂ ਦੀ ਸਾਨੂੰ ਕੀ ਲੋੜ ਹੈ ?

ਬਜ਼ੁਰਗ : ਸਿੱਖ ਗੁਰੂਆਂ ਨੇ ਕਿਹੜਾ ਆਪਣੇ ਪਲਿਓਂ ਕੋਈ ਨਵੀਂ ਗੱਲ ਕੀਤੀ ਹੈ, ਉਨ੍ਹਾਂ ਨੇ ਭੀ ਕੁਝ ਇਸਲਾਮ ਵਿੱਚੋਂ ਲੈ, ਕੁਝ ਹਿੰਦੂ ਧਰਮ ਵਿਚੋਂ ਲੈ ਕੇ ਹੀ ਤਾਂ ਆਪਣਾ ਨਵਾਂ ਧਰਮ ਖੜ੍ਹਾ ਕਰ ਲਿਆ ਹੈ ।

ਮੈਂ : ਹੁਣੇ-ਹੁਣੇ ਤੁਸੀਂ ਬਹੁਤ ਸ਼ਰਧਾ ਨਾਲ ਗੁਰੂ ਸਾਹਿਬ ਦੇ ਨਾਉਂ ਲੈ ਰਹੇ ਸੀ, ਪਰ ਇਕਦਮ ਤੁਹਾਡੀ ਬੋਲੀ ਤਲਖ਼ ਕਿਸ ਤਰ੍ਹਾਂ ਹੋ ਗਈ ? ਖ਼ੈਰ ਤੁਸੀਂ ਆਪਣੀ ਹਰ ਗੱਲ ਦਾ ਉੱਤਰ ਲੈ ਸਕਦੇ ਹੋ ।

ਸਿੱਖ ਗੁਰੂ ਸਾਹਿਬਾਨ ਨੇ ਨਾ ਕਿਸੇ ਦੀ ਚੋਰੀ ਕੀਤੀ ਤੇ ਨਾ ਹੀ ਕਿਸੇ ਕੋਲੋਂ ਮੰਗ ਕੇ ਜਾਂ ਉਧਾਰ ਲੈ ਕੇ ਸਿਧਾਂਤ ਦਿੱਤਾ ਹੈ । ਉਨ੍ਹਾਂ ਨੇ ਹਰ ਚੀਜ਼

*** (An early Eruopean account of Sikh by Dr. Ganda Singh)**



ਸੰਸਾਰ ਨੂੰ ਨਵੇਂ ਢੰਗ ਵਿਚ ਪੇਸ਼ ਕੀਤੀ, ਪਰ ਹਰ ਚੰਗੀ ਤੇ ਸਹੀ ਗੱਲ ਦਾ ਸਤਿਕਾਰ ਕੀਤਾ।

ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਖ਼ਾਲਸਾਈ ਸ਼ਕਲ, ਰਹਿਤ-ਬਹਿਤ, ਖ਼ਾਲਸਾਈ ਬਾਣਾ, ਨਿਸ਼ਾਨ ਸਾਹਿਬ ਦਾ ਰੰਗ ਤੇ ਸਿਗਨੀਆ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, ਸੰਗਤ ਤੇ ਪੰਗਤ, ਲੰਗਰ ਦੀ ਮਰਯਾਦਾ, ਖ਼ਾਲਸਾਈ ਬੋਲਾ, ਖ਼ਾਲਸੇ ਦਾ ਗੁਰਮੰਤਰ, ਗੁਰਦਵਾਰੇ ਅਤੇ ਸਰੋਵਰ (ਸ੍ਰੀ ਅੰਮ੍ਰਿਤਸਰ ਜੀ), ਕੀਰਤਨ ਤੇ ਕਥਾ, ਗੁਰਬਾਣੀ ਦੀ ਕਾਵਿ ਕਲਾ, ਸ਼ੈਲੀ, ਸ਼ਬਦ-ਜੋੜ, ਰਾਗ-ਬੱਧ ਸੰਕਲਨ, ਗੁਰਮੁਖੀ ਲਿਪੀ, ਰਾਗ ਆਸਾ ਤੇ ਹੋਰ ਕਈ ਰਾਗ, ਸ਼ਬਦ ਗਾਇਨ ਦੀ ਵਿਧੀ (ਜਿਹਾ ਕਿ ਪੜਤਾਲ), ਗੁਰਮੰਤਰ ਦ੍ਰਿੜ੍ਹਾਉਣ ਦਾ ਢੰਗ (ਅੰਮ੍ਰਿਤ-ਸੰਚਾਰ), ਅਤੇ ਕੜਾਹ-ਪ੍ਰਸ਼ਾਦ, ਸਭ ਵਿਲੱਖਣ ਹਨ । ਇਸੇ ਤਰ੍ਹਾਂ ਗੁਰੂ ਸਾਹਿਬ ਦਾ ਫ਼ਲਸਫ਼ਾ ਇਸਲਾਮ ਜਾਂ ਹਿੰਦੂ ਧਰਮ, ਕਿਸੇ ਇੱਕ ਜਾਂ ਦੋਹਾਂ ਦੀ ਨਕਲ ਨਹੀਂ ਹੈ, ਬਲਕਿ ਦੋਹਾਂ ਨਾਲ ਮਿਲਦਾ-ਜੁਲਦਾ ਹੋਇਆ ਭੀ ਸੰਸਾਰ ਨੂੰ ਨਵੀਂ ਸੇਧ ਦੇ ਰਿਹਾ ਹੈ ।

ਇਹ ਤੁਹਾਡੇ ਬਾਬਿਆਂ ਦੀ ਹੀ ਖੇਡ ਹੈ ਕਿ ਲੈਕਚਰਾਂ ਵਿਚ ਕਦੇ ਗੁਰਬਾਣੀ ਦੀਆਂ ਤੁਕਾਂ ਸੁਣਾ ਦਿੱਤੀਆਂ, ਕਦੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਰੱਟ ਕੇ ਬੋਲ ਦਿੱਤੀਆਂ ਤੇ ਕਦੇ ਗੀਤਾ ਦਾ ਸ਼ਲੋਕ, ਅਤੇ ਆਪਣੇ ਆਪ ਨੂੰ ਗੁਰੂ ਬਣਾ ਲਿਆ ।

**ਆਪਿ ਨ ਦੇਹਿ ਚੁਰੂ ਭਰ ਪਾਨੀ॥**
**ਤਿਹ ਨਿੰਦਹਿ ਜਿਹ ਗੰਗਾ ਆਨੀ॥੨॥** (ਅੰਗ ੩੩੨)

ਬਜ਼ੁਰਗ : ਬਾਬਾ ਗੁਰਬਚਨ ਸਿੰਘ ਜੀ ਕੇਵਲ ਗੰਗਾ ਹੀ ਨਹੀਂ, ਬਲਕਿ ਮਾਨ ਸਰੋਵਰ ਹਨ, ਜੋ ਅੱਜ-ਕੱਲ੍ਹ ਅੰਧਕਾਰ ਦੇ ਸਮੇਂ ਲੋਕਾਂ ਨੂੰ ਗਿਆਨ ਬਖਸ਼ਦੇ ਹਨ ਤੇ ਪਰਮਾਤਮਾ ਦੇ ਦਰਸ਼ਨ ਕਰਵਾਉਂਦੇ ਹਨ ।

ਮੈਂ: ਅਜਿਹੇ ਢੰਡੋਰਾ ਪਿਟਣ ਵਾਲਿਆਂ ਲਈ ਬਾਣੀ ਦਾ ਫ਼ਰਮਾਨ ਹੈ

**ਕਾਂਇ ਰੇ ਬਕਬਾਦੁ ਲਾਇਓ॥**
**ਜਿਨਿ ਹਰਿ ਪਾਇਓ ਤਿਨਹਿ ਛਪਾਇਓ॥੧॥** (ਅੰਗ ੭੧੮)
**ਕਹੁ ਕਬੀਰ ਛੂਛਾ ਘਟੁ ਬੋਲੈ॥**
**ਭਰਿਆ ਹੋਇ ਸੁ ਕਬਹੁ ਨ ਡੋਲੈ॥੪॥੧॥** (ਅੰਗ ੮੭੦)

ਬਜ਼ੁਰਗ : ਤੁਸੀਂ ਆਪ ਅਜ਼ਮਾ ਕੇ ਦੇਖ ਲਵੋ ।

ਮੈਂ : ਕੀ ਤੁਸੀਂ ਦਰਸ਼ਨ ਕਰ ਲਏ ਹਨ ?

ਬਜ਼ੁਰਗ : ਬਾਬਾ ਜੀ ਦੀ ਕਿਰਪਾ ਹੈ, ਉਹਨਾਂ ਨੇ ਸਾਖਿਆਤ ਦਰਸ਼ਨ ਕਰਵਾਏ

ਹਨ ।

ਮੈਂ : ਨਿਰੰਕਾਰ ਦੇ ਦਰਸ਼ਨ ਇਹਨਾਂ ਸਥੂਲ ਅੱਖਾਂ ਨਾਲ ?

ਬਜ਼ੁਰਗ : ਹਾਂ ਜੀ ! ਤੁਸੀਂ ਕਿੱਥੇ ਭੁੱਲੇ ਪਏ ਓ ।

ਮੈਂ : ਇਹ ਆਪ ਦੀ ਫੜ੍ਹ ਤੇ ਕਪਾਲ ਕਿਰਿਆ ਹੀ ਹੈ । ਨਿਰੰਕਾਰ ਦਾ ਭਾਵ ਹੈ ਉਹ ਹਸਤੀ ਜਿਸ ਦਾ ਕੋਈ ਸਥੂਲ ਅਕਾਰ ਨਹੀਂ ਤੇ ਜਿਸ ਦਾ ਕੋਈ ਸਥੂਲ ਅਕਾਰ ਨਹੀਂ ਉਹ ਇਹਨਾਂ ਸਥੂਲ ਅੱਖਾਂ ਦੇ ਦਰਸ਼ਨ ਦਾ ਵਿਸ਼ਾ ਨਹੀਂ । ਇਸ ਅਨੁਸਾਰ ਤਾਂ ਆਪ ਦੀ ਕੂੜੀ ਠੀਸ ਮਨਤਕ ਤੇ ਪੂਰੀ ਨਹੀਂ ਉਤਰਦੀ । ਲੋਕਾਂ ਨੂੰ ਭੁਚਲਾਉਣ ਲਈ ਢਕਵੰਜ ਹੀ ਜਾਪਦਾ ਹੈ ।

ਬਜ਼ੁਰਗ : ਤੁਸੀਂ ਲੋਕ ਗੁਰੂ ਦੀ ਬਣਾਉਟੀ ਮੂਰਤ ਦਾ ਧਿਆਨ ਧਰਦੇ ਹੋ । ਸਾਡੇ ਨਿਰੰਕਾਰੀ ਬਾਬਾ ਜੀ ਦੇਹ ਕਰਕੇ ਪ੍ਰਤੱਖ ਵਿਚਰਦੇ ਹਨ ।

ਮੈਂ : ਅੱਛਾ ਤਾਂ ਫਿਰ ਤੁਹਾਡਾ ਨਿਰੰਕਾਰ, ਬਾਬਾ ਗੁਰਬਚਨ ਸਿੰਘ ਹੀ ਹੈ ।

ਬਜ਼ੁਰਗ : ਹਾਂ ਬਾਬਾ ਜੀ ਪ੍ਰਤੱਖ ਨਿਰੰਕਾਰ ਹਨ । ਤੁਸੀਂ ਮੂਰਤੀ-ਪੂਜ ਹੋ । ਬਾਣੀ ਵਿਚ ਲਿਖਿਆ ਹੈ:

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥**

ਮੈਂ : ਗੁਰਬਾਣੀ ਦਾ ਉਪਦੇਸ਼ ਇਉਂ ਹੈ:

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥**
**ਗੁਰ ਕੇ ਚਰਨ ਰਿਦੈ ਲੈ ਧਾਰਉ ॥**
**ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥** (ਅੰਗ ੮੬੪)

ਤੁਸੀਂ ਇਨ੍ਹਾਂ ਤੁਕਾਂ ਦੇ ਅਰਥ ਸਮਝਦੇ ਹੋ ?

ਬਜ਼ੁਰਗ : ਜੀ ਅਰਥ ਤਾਂ ਸਿੱਧੇ ਹੀ ਹਨ । ਗੁਰੂ ਦੀ ਮੂਰਤੀ ਦਾ ਮਨ ਵਿਚ ਧਿਆਨ ਧਾਰੋ ।

ਮੈਂ : ਜੀ ਕਿਹੜੀ ਮੂਰਤੀ ਦਾ ?

ਬਜ਼ੁਰਗ : ਜੇ ਗੁਰੂ ਹਾਜ਼ਰ ਹੋਵੇ ਤਾਂ ਗੁਰੂ ਦੇ ਸਰੀਰ ਦਾ, ਤੇ ਹਾਜ਼ਰ ਨਾ ਹੋਵੇ ਤਾਂ ਜਾਂ ਕੋਈ ਫ਼ੋਟੋ ਅੱਗੇ ਰੱਖ ਲਵੋ, ਜਾਂ ਕੇਵਲ ਸੁਰਤਿ ਰਾਹੀਂ ਗੁਰੂ ਦੇ ਦਰਸ਼ਨ ਕਰੋ।

ਮੈਂ : ਕੀ ਦੱਸ ਸਕਦੇ ਹੋ ਇਹ ਸ਼ਬਦ ਕਿਸ ਗੁਰੂ ਸਾਹਿਬ ਦਾ ਹੈ ?

ਬਜ਼ੁਰਗ : ਜੀ ਪਤਾ ਨਹੀਂ ।

ਮੈਂ : ਸ਼ਬਦ ਗੌਂਡ ਮ: ੫ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਹੈ । ਜੇ ਤੁਹਾਡੇ ਵਾਲੀ ਮੂਰਤ ਦੇ ਅਰਥ ਸਹੀ ਹੁੰਦੇ ਤਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸ੍ਰੀ ਗੁਰੂ ਰਾਮਦਾਸ ਮਹਾਰਾਜ ਜਾਂ ਕਿਸੇ ਹੋਰ ਆਦਿ ਗੁਰੂ ਸਾਹਿਬ ਦੀ ਮੂਰਤੀ ਦਰਬਾਰ



ਸਾਹਿਬ ਵਿਚ ਰੱਖਦੇ ਪਰ ਸ੍ਰੀ ਗੁਰੂ ਜੀ ਨੇ ਐਸਾ ਨਹੀਂ ਕੀਤਾ, ਬਲਕਿ ਗੁਰਬਾਣੀ ਦਾ ਪ੍ਰਕਾਸ਼ ਕੀਤਾ ਤੇ ਜੋ ਸਤਿਕਾਰ ਅੱਜ-ਕੱਲ੍ਹ ਸਿੱਖ ਕਰ ਰਹੇ ਹਨ, ਇਸ ਤੋਂ ਵੱਧ ਸਤਿਕਾਰ ਕਰ ਕੇ ਵਿਖਾਇਆ । ਤੁਸੀਂ ਚੰਗੇ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਹੋ ! ਉਪਰੋਂ ਕਹਿੰਦੇ ਹੋ ਕਿ ਇਕ ਨਿਰੰਕਾਰ ਨੂੰ ਪੂਜੋ, ਪਰ ਅੰਦਰੋਂ ਕਹਿੰਦੇ ਹੋ ਕਿ ਫ਼ੋਟੋਆਂ ਦਾ ਧਿਆਨ ਧਰੋ । ਫ਼ੋਟੋ ਤੇ ਬੁੱਤ ਵਿਚ ਕੀ ਫ਼ਰਕ ਹੈ ? ਕਦੇ ਤੁਸੀਂ ਕਹਿੰਦੇ ਹੋ ਕਿ ਅਸੀਂ ਅਸਲੀ ਅਰਥਾਂ ਵਿਚ ਸ੍ਰੀ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹਾਂ, ਪਰ ਗੁਰੂ ਸਾਹਿਬ ਨੇ ਬਾਰ-ਬਾਰ ਗੁਰ ਬਾਣੀ ਰਾਹੀਂ ਬੁੱਤ ਪੂਜਣ ਨੂੰ ਬੇਅਰਥ ਦੱਸਿਆ ਹੈ ।

**ਤਾਂ ਹੀ ਕੋ ਧ੍ਯਾਨ ਪ੍ਰਮਾਨਿ ਹੀਏ**
**ਜੋਊ ਥੇ ਅਬ ਹੈ ਅਰੁ ਆਗੈ ਊ ਹ੍ਵੈ ਹੈ ॥੧੯॥** (ਪਾ: ੧੦ ਸ੍ਵੱਯੇ ੩੩)
**ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥੨੦॥**
(ਅੰਗ ੧੧੦੧)

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥**
**ਨਾਰਦਿ ਕਹਿਆ ਸਿ ਪੂਜ ਕਰਾਂਹੀ ॥**
**ਅੰਧੇ ਗੁੰਗੇ ਅੰਧ ਅੰਧਾਰ ॥**
**ਪਾਥਰੁ ਲੇ ਪੂਜਹਿ ਮੁਗਧ ਗਵਾਰ ॥**
**ਓਹਿ ਜਾ ਆਪਿ ਡੁਬੇ**
**ਤੁਮ ਕਹਾ ਤਾਰਣਹਾਰੁ ॥੨॥੨੦॥** (ਅੰਗ ੫੫੬)

ਖ਼ੈਰ ਅਗਲੀ ਤੁਕ ਦਾ ਅਰਥ ਦੱਸੋ ।

ਬਜ਼ੁਰਗ : ਅਗਲੀ ਤੁਕ ਦੇ ਅਰਥ ਹਨ ਗੁਰੂ ਦੇ ਸ਼ਬਦ ਨੂੰ ਸੁਣ ਕੇ ਮੁਗਧ ਮਨ ਮੰਨ ਜਾਂਦਾ ਹੈ, ਭਾਵ ਵੱਸ ਵਿਚ ਆ ਜਾਂਦਾ ਹੈ।

ਮੈਂ : ਇਸ ਤੋਂ ਅਗਲੀ ਤੁਕ ਦੀ ਭੀ ਕਿਰਪਾ ਕਰੋ ।

ਬਜ਼ੁਰਗ : ਜੀ ਅਰਥ ਸਿੱਧੇ ਹੀ ਹਨ ਗੁਰੂ ਦੇ ਚਰਨਾਂ ਦਾ ਧਿਆਨ ਧਰੋ, ਭਾਵ ਬਹੁਤ ਜ਼ਿਆਦਾ ਪ੍ਰੇਮ ਕਰੋ ।

ਮੈਂ : ਜਿਸ ਤਰ੍ਹਾਂ ਪਹਿਲਾਂ ਅਰਥ ਕੀਤੇ ਹਨ ਉਸੇ ਤਰ੍ਹਾਂ ਸਾਦੇ-ਸਾਦੇ ਅਰਥ ਕਰੋ । ਹਿਰਦਾ ਛਾਤੀ ਦੇ ਅੰਦਰ ਹੁੰਦਾ ਹੈ । ਗੁਰਬਾਣੀ ਦੀ ਤੁਕ ਕਹਿ ਰਹੀ ਹੈ, 'ਗੁਰ ਕੇ ਚਰਨ ਰਿਦੈ ਲੈ ਧਾਰਉ' ਕੀ ਤੁਸੀਂ ਆਪਣਿਆਂ ਬਾਬਿਆਂ ਦੇ ਚਰਨ ਮੂੰਹ ਰਾਹੀਂ ਨਿਗਲ ਕੇ ਕਦੇ ਆਪਣੇ ਹਿਰਦੇ ਉੱਪਰ ਟਿਕਾਏ ਹਨ ? ਜਾਂ ਰੱਖ ਸਕਦੇ ਹੋ ? ਜਾਂ ਵੈਸੇ ਕੀ ਪੈਰ ਫੜ ਕੇ ਛਾਤੀ ਉੱਪਰ ਰਖੇ ਹਨ ? ਜਾਂ ਤੁਹਾਡੇ ਬਾਬਾ ਜੀ ਆਪਣੇ ਸੇਵਕਾਂ ਦੀ ਛਾਤੀ ਤੇ ਪੈਰ ਰਖਦੇ ਹਨ ?

ਬਜ਼ੁਰਗ : (ਇਕਦਮ ਡੌਰ-ਭੌਰ ਹੋ ਕੇ) ਫਿਰ ਤੁਸੀਂ ਅਰਥ ਕਰਕੇ ਦੱਸੋ, ਤੁਸੀਂ ਕੀ ਅਰਥ ਕਰੋਗੇ ?

ਮੈਂ : ਬ੍ਰਹਮਗਿਆਨੀ ਤੁਸੀਂ ਹੋ, ਪਰਮਾਤਮਾ ਦੇ ਦਰਸ਼ਨ ਤੁਹਾਨੂੰ ਹੋਏ ਹਨ । ਤ੍ਰੈਕਾਲ-ਦਰਸੀ ਤੁਸੀਂ ਹੋ ਤੇ ਅਰਥ ਤੁਸੀਂ ਮੇਰੇ ਕੋਲੋਂ ਪੁੱਛਦੇ ਹੋ ਪਰ ਮੈਂ ਗੁਰਬਾਣੀ ਦੇ ਕੀ ਅਰਥ ਕਰਨੇ ਹਨ ਤੇ ਕੀ ਕਰ ਸਕਦਾ ਹਾਂ । ਗੁਰਬਾਣੀ ਦੇ ਅਰਥ ਗੁਰਬਾਣੀ ਵਿਚ ਹੀ ਲੁਪਤ ਹਨ । ਇਸੇ ਲਈ ਇਹ ਬਾਣੀ ਗੁਰੂ ਹੈ ਕਿ ਪ੍ਰੇਮ ਤੇ ਸ਼ਰਧਾ ਨਾਲ ਜਿੰਨਾ ਕੋਈ ਇਸ ਬਾਣੀ ਨੂੰ ਪੜ੍ਹੇਗਾ, ਗਾਵੇਗਾ ਓਨਾ ਹੀ ਚਾਨਣ ਹਾਸਲ ਕਰੇਗਾ ।

ਪਹਿਲੀ ਤੁਕ ਦੇ ਅਰਥ ਵਿਆਖਿਆ ਭਾਈ ਗੁਰਦਾਸ ਜੀ ਦੀ ਹੇਠ ਲਿਖੀ ਪੰਗਤੀ ਤੋਂ ਸਪਸ਼ਟ ਹੈ:

**ਗੁਰ ਮੂਰਤਿ ਗੁਰ ਸਬਦ ਹੈ**
**ਸਾਧਸੰਗਤਿ ਵਿਚਿ ਪਰਗਟੀ ਆਇਆ ॥** (ਭਾ.ਗੁ.ਵਾ. ੨੪/੨੫)

ਸੋ ਗੁਰੂ ਦੀ ਮੂਰਤ ਗੁਰੂ ਦਾ ਸ਼ਬਦ ਹੈ, ਜਿਸ ਦਾ ਮਨ ਵਿਚ ਧਿਆਨ ਧਾਰਨ ਦਾ ਉਪਦੇਸ਼ ਹੈ । ਗੁਰ ਸ਼ਬਦ ਨੂੰ ਸੁਰਤੀ ਵਿਚ ਟਿਕਾ ਲੈਣਾ ਗੁਰੂ ਮੂਰਤ ਦਾ ਧਿਆਨ ਕਰਨਾ ਹੈ । ਗੁਰੂ ਦੇ ਸ਼ਬਦ ਦੁਆਰਾ ਹੀ ਮਨ ਵੱਸ ਆਉਂਦਾ ਹੈ । ਗੁਰ ਸ਼ਬਦ ਹੀ ਗੁਰੂ ਕੇ ਚਰਨ ਅਥਵਾ ਸਮੁੱਚੀ ਗੁਰੂ ਹਸਤੀ ਹੈ ਤੇ ਗੁਰੂ ਕੇ ਚਰਨ ਹਿਰਦੇ ਵਿਚ ਧਾਰਨ ਕਰਨ ਤੋਂ ਭਾਵ ਗੁਰ ਸ਼ਬਦ ਨੂੰ ਹਿਰਦੇ ਵਿਚ ਵਸਾਉਣ ਤੋਂ ਹੈ, ਤੇ ਇਹ ਹੀ ਸਹੀ ਤਰੀਕਾ ਹੈ ਗੁਰੂ ਨੂੰ ਨਮਸਕਾਰ ਕਰਨ ਅਥਵਾ ਗੁਰੂ ਦੇ ਸਤਿਕਾਰ ਕਰਨ ਦਾ ਹੈ । ਗੁਰਵਾਕ:

**ਹਿਰਦੇ ਚਰਣ ਸਬਦੁ ਸਤਿਗੁਰ ਕੋ**
**ਨਾਨਕ ਬਾਂਧਿਓ ਪਾਲ ॥੨॥੭॥੩੮॥** (ਅੰਗ ੬੮੦)

ਇਸ ਲਈ ਆਪਣੇ ਹਿਰਦੇ ਵਿਚ ਗੁਰ ਸ਼ਬਦ ਰਾਹੀਂ ਪ੍ਰਭੂ ਦੀ ਮਿੱਠੀ ਯਾਦ ਵਸਾਵਾਂ । ਤਾਂ ਤੇ ਐਸੇ ਗਿਆਨ ਦੇਣਹਾਰ ਪਾਰਬ੍ਰਹਮ ਰੂਪ ਗੁਰੂ ਨੂੰ ਸਤਿਕਾਰ ਨਾਲ ਨਮਸਕਾਰ ਕਰੀਏ । ਪਹਿਲਾਂ ਇਹ ਉਪਦੇਸ਼ ਗੁਰੂ ਸਾਹਿਬ ਖ਼ੁਦ ਦਿੰਦੇ ਸਨ, ਇਸ ਲਈ ਸੰਗਤ ਉਨ੍ਹਾਂ ਨੂੰ ਨਮਸਕਾਰ ਕਰਦੀ ਸੀ, ਹੁਣ ਉਹੀ ਗਿਆਨ ਸਤਿਗੁਰ ਜੀ ਦੀ ਆਦਿ ਜੁਗਾਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲ ਰਿਹਾ ਹੈ, ਇਸ ਲਈ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਦੀ ਹੈ । ਨਾ ਇਹ ਬੁੱਤ ਪੂਜਾ ਹੈ ਤੇ ਨਾ ਹੀ ਕਿਤਾਬ ਪੂਜਾ ਹੈ ।

ਖਰੀਆਂ-ਖਰੀਆਂ ਗੱਲਾਂ ਸੁਣ ਕੇ ਬਜ਼ੁਰਗ ਆਪਣੇ ਮਿਸ਼ਨ ਵਿਚ ਅਸਫ਼ਲ ਹੁੰਦੇ ਜਾਣ, ਨਾਰਾਜ਼ਗੀ ਭਰੇ ਅੰਦਾਜ਼ ਵਿਚ ਜਾਣ ਲਗੇ ਸਨ ਕਿ ਮੈਂ ਫਿਰ ਰੋਕ ਲਿਆ ਤੇ ਬੇਨਤੀ ਕੀਤੀ ਕਿ ਇਸ ਵੇਲੇ ਅਨੇਕਾਂ ਮਨਚਲੇ ਖ਼ੁਦ-ਸਾਖ਼ਤਾ ਗੁਰੂ ਬਣੇ ਹੋਏ ਹਨ,



ਕਿਉਂ ਨਹੀਂ ਤੁਸੀਂ ਆਪਣੇ ਬਾਬਿਆਂ ਨੂੰ ਕਹਿੰਦੇ ਕਿ ਸਾਰਿਆਂ ਅਖੌਤੀ ਗੁਰੂਆਂ ਦੀ ਇਕ ਸਭਾ ਬੁਲਾ ਕੇ ਆਪਸ ਵਿਚ ਪਹਿਲਾਂ ਫ਼ੈਸਲਾ ਕਰ ਲੈਣ ਕਿ ਇਹਨਾਂ ਸਾਰਿਆਂ ਵਿਚੋਂ ਕਿਹੜਾ ਗੁਰੂ ਹੈ ਤੇ ਜੇ ਸਾਰੇ ਹੀ ਇਕ ਦੂਸਰੇ ਤੋਂ ਸਵਾ ਸੇਰ ਕਹਾਉਣ ਵਾਲੇ ਹੋਵਣ ਤਾਂ ਘੱਟ ਤੋਂ ਘੱਟ ਕੋਈ ਸੁਲਾਹਨਾਮਾ ਹੀ ਕਰ ਲੈਣ ਕਿ ਇਸ ਮਹੀਨੇ ਜਾਂ ਇਸ ਹਫ਼ਤੇ ਫ਼ਲਾਣਾ ਗੁਰੂ ਹੋਵੇਗਾ ਤੇ ਅਗਲੇ ਹਫ਼ਤੇ ਫ਼ਲਾਣਾ ਹੋਵੇਗਾ, ਤਾਂ ਕਿ ਜਨਤਾ ਨੂੰ ਭੀ ਗੁਰੂ ਢੂੰਡਣ ਵਿਚ ਖੇਚਲ ਨਾ ਹੋਵੇ ਤੇ ਬਾਬਿਆਂ ਨੂੰ ਭੀ ਇਕ ਹਫ਼ਤੇ ਵਿਚ ਹੀ ਸਾਰੇ ਸਾਲ ਦੀ ਆਮਦਨ ਆ ਜਾਵੇ ਤੇ ਬਾਕੀ ਸਾਰਾ ਸਾਲ ਅਰਾਮ ਨਾਲ ਮਾਸ, ਸ਼ਰਾਬ ਤੇ ਹੋਰ ਮਨਭਾਉਂਦੀਆਂ ਚੀਜਾਂ ਭੋਗ ਸਕਣ । ਕਿਉਂਕਿ ਬਾਬਿਆਂ ਦੇ ਉਪਦੇਸ਼ ਅਨੁਸਾਰ ਇਨ੍ਹਾਂ ਚੀਜ਼ਾਂ ਦਾ ਮਨ ਨਾਲ ਕੋਈ ਸੰਬੰਧ ਨਹੀਂ ਹੈ ।

ਪਾਠਕ ਜੀ ! ਇਹ ਹੈ ਆਤਮਿਕ ਗਿਆਨ ਦੀ ਸੀਮਾ ਨਕਲੀ ਨਿਰੰਕਾਰੀ ਬਾਬਿਆਂ ਦੇ ਇਕ ਕਾਨਪੁਰ ਵਰਗੇ ਵੱਡੇ ਸ਼ਹਿਰ ਦੇ ਪ੍ਰਮੁੱਖ ਪ੍ਰਚਾਰਕ ਦੀ । ਇਸ ਤੋਂ ਭਲੀ-ਭਾਂਤ ਹੀ ਤੁਸੀਂ ਬਾਬਿਆਂ ਦੇ ਗਿਆਨ ਦਾ ਅੰਦਾਜ਼ਾ ਲਾ ਸਕਦੇ ਹੋ । ਜਦੋਂ ਮੁਗ਼ਲੀਆ ਹਕੂਮਤ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਲਈ ਫ਼ਰਮਾਨ ਜਾਰੀ ਹੋਏ, ਪੱਤਾ-ਪੱਤਾ ਸਿੱਖਾਂ ਦਾ ਵੈਰੀ ਸੀ, ਆਪਣੇ ਆਪ ਨੂੰ ਸਿੱਖ ਅਖਵਾਉਣਾ ਮੌਤ ਨੂੰ ਸੱਦਾ ਦੇਣਾ ਸੀ, ਉਦੋਂ ਕੋਈ ਗੁਰੂ ਪ੍ਰਗਟ ਨਹੀਂ ਹੋਇਆ । ਨਾਦਰ ਤੇ ਅਬਦਾਲੀ ਦੀਆਂ ਤੇਗਾਂ ਕੇਵਲ ਗੁਰੂ ਗ੍ਰੰਥ ਅਤੇ ਪੰਥ ਨੇ ਹੀ ਝੱਲੀਆਂ ਪਰ ਅੱਜ ਜਦੋਂ ਸੁਖ ਆਰਾਮ ਦਾ ਸਮਾਂ ਆਇਆ ਹੈ, ਏਅਰ ਕੰਡੀਸ਼ਨ ਕਾਰਾਂ ਉਪਲਬਧ ਹਨ, ਤਾਂ ਭਾਦੋਂ ਦੀਆਂ ਖੁੰਬਾਂ ਵਾਂਗ ਹਰ ਥਾਂ ਗੁਰੂ, ਬਾਬੇ ਤੇ ਸੰਤ ਪ੍ਰਗਟ ਹੋ ਗਏ ਹਨ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿੱਛੋਂ, ਦੇਸ ਦੀ ਅਜ਼ਾਦੀ ਦੇ ਸੰਗਰਾਮ ਵੇਲੇ ਨਾ ਕੋਈ ਗੁਰੂ ਅੱਗੇ ਹੋਇਆ ਤੇ ਨਾ ਹੀ ਦੇਹਧਾਰੀ ਗੁਰੂਆਂ ਦਾ ਕੋਈ ਚੇਲਾ । ਫਾਂਸੀਆਂ ਨੂੰ ਚੁੰਮਣ ਵਾਲੇ, ਗੋਲੀਆਂ ਖਾਣ ਵਾਲੇ ਤੇ ਉਮਰ ਕੈਦਾਂ ਕੱਟਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਕਲਗੀਧਰ ਮਹਾਰਾਜ ਦੇ ਖ਼ਾਲਸੇ ਹੀ ਪਰਖ ਵਿਚ ਪੂਰੇ ਉੱਤਰੇ ।

ਰਾਜ ਦਾ ਨਸ਼ਾ ਤੇ ਜਵਾਨੀ ਦਾ ਨਸ਼ਾ ਹਮੇਸ਼ਾਂ ਬੰਦੇ ਨੂੰ ਆਪਣੇ ਅਸੂਲਾਂ ਤੋਂ ਡੇਗ ਦਿੰਦਾ ਹੈ । ਇਸੇ ਲਈ ਸੰਸਾਰ ਵਿਚ ਕਦੇ ਭੀ ਧਾਰਮਿਕ ਆਗੂ ਦੀ ਕਿਸੇ ਦੇਸ ਦੀ ਰਾਜਸੀ ਤਾਕਤ ਨਾਲ ਨਹੀਂ ਬਣੀ । ਅਣਗਿਣਤ ਧਰਮੀ ਪੁਰਸ਼ ਇਸੇ ਲਈ ਰਾਜਸੀ ਤਾਕਤ ਦੀ ਕਰੋਪੀ ਦਾ ਸ਼ਿਕਾਰ ਹੋਏ, ਪਰ ਆਪਣੇ ਨਿਯਮ ਤੇ ਆਤਮਿਕ ਸੇਧ ਤੇ ਅਟੱਲ ਰਹੇ । ਜਦੋਂ ਹਾਕਮ ਦੇ ਪ੍ਰਤਿਕੂਲ ਇਕ ਅੱਖਰ ਹੀ ਤਲਵਾਰ ਦੀ ਧਾਰ ਚਖਾ ਸਕਣ ਲਈ ਕਾਫ਼ੀ ਸੀ, ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬੱਬਰ ਸ਼ੇਰ ਵਾਂਗ ਗਰਜੇ, 'ਬਾਬਰ ਤੂੰ ਜਾਬਰ' ਪਰ ਜਦੋਂ ਜ਼ਬਰ ਦਾ ਬੋਲ-ਬਾਲਾ ਸੀ ਤੇ ਗ਼ਰੀਬ ਜਨਤਾ ਮਨੁੱਖੀ ਅਧਿਕਾਰਾਂ ਤੋਂ ਵਾਂਝੀ ਹੋ ਗਈ ਸੀ, ਇਨ੍ਹਾਂ ਦੇਹਧਾਰੀਆਂ ਗੁਰੂਆਂ

’ਚੋਂ ਕਿਸੇ ਇਕ ਦੀ ਚੁਸਕਣ ਤੱਕ ਦੀ ਹਿੰਮਤ ਨਹੀਂ ਪਈ । ੧੯ ਮਹੀਨੇ ਦੇ ਕੇਵਲ ‘ਐਮਰਜੈਂਸੀ’ ਦੇ ਐਲਾਨ ਨੇ ਹੀ ਸਭ ਪਖੰਡੀ ਗੁਰੂਆਂ ਦੇ ਪਰਖਚੇ ਉਡ਼ਾ ਦਿਤੇ ਸਨ, ਤਾਂ ਉਸ ਵੇਲੇ ਭੀ ਪੂਰੇ ਭਾਰਤ ਵਰਸ਼ ਵਿਚੋਂ ਕੇਵਲ ਗੁਰੂ ਕਾ ਖ਼ਾਲਸਾ ਹੀ ਨਿੱਤਰਿਆ।

ਸਰਕਾਰੀ ਪੈਸੇ ਤੇ ਪਲਣ ਵਾਲੇ ਤੇ ਸਰਕਾਰੀ ਮਸ਼ੀਨਰੀ ਦਾ ਪ੍ਰਯੋਗ ਕਰ ਕੇ ਆਪਣੀਆਂ ਗੱਦੀਆਂ ਕਾਇਮ ਰੱਖਣ ਵਾਲੇ ਸਾਧ ਸੰਤ ਜਾਂ ਬਾਬੇ ਭਲਾ ਕਦੋਂ ਆਪਣਿਆਂ ਪ੍ਰਤਿਪਾਲਕਾਂ ਦੇ ਖ਼ਿਲਾਫ਼ ਕੁਝ ਕਹਿ ਸਕਦੇ ਹਨ । ਇਸੇ ਲਈ ਇਨਸਾਨੀਅਤ ਦੇ ਖ਼ੂਨ ਨਾਲ ਨ੍ਹਾਉਣ ਵਾਲੇ ਨਕਲੀ ਨਿਰੰਕਾਰੀਆਂ ਬਾਰੇ ਕੇਂਦਰੀ ਸਰਕਾਰ ਦੇ ਮਾਲਕਾਂ ਦੇ ਮੂੰਹ ਉੱਤੇ ਤਾਲੇ ਲਗੇ ਹੋਏ ਹਨ ।

ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਕੇਵਲ ਇਕ ਭਬਕਾਰ, ਤੇ ਆਤਮਿਕ ਉਪਦੇਸ਼ ਨੇ ਹੀ ਬਾਬਰ ਨੂੰ ਅੱਗੇ ਤੋਂ ਆਮ ਜਨਤਾ ਤੇ ਕਤਲੇਆਮ ਤੋਂ ਤੌਬਾ ਕਰਨ ਲਈ ਮਜ਼ਬੂਰ ਕਰ ਦਿਤਾ ਤੇ ਜੇ ਭੁੱਲ ਕੇ ਫਿਰ ਕੀਤੀ ਭੀ ਤਾਂ ਸੱਚੇ ਪਾਤਸ਼ਾਹ ਦੇ ਕੇਵਲ ਇੱਕੋ ਸਿੱਖ ਭਾਈ ਤਾਰਾ ਪੋਪਟ ਨੇ ਬਾਬਰ ਨੂੰ ਤੌਬਾ ਯਾਦ ਕਰਵਾ ਕੇ ਲਾਹੌਰ ਸ਼ਹਿਰ ਨੂੰ ਬਾਬਰ ਦੇ ਕਰੋਪ ਤੋਂ ਬਚਾ ਲਿਆ ।

ਅੱਜ ਸੈਂਕੜੇ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਵਿਚ ਪਖੰਡੀ ਗੁਰੂ ਹੋਣ ਦੇ ਬਾਵਜੂਦ ਭੀ, ਭਾਰਤ ਦੀ ਜਨਤਾ ਜਦੋਂ ਬੇਰੁਜ਼ਗਾਰੀ, ਗ਼ਰੀਬੀ, ਕੀਮਤਾਂ ਵਿਚ ਵਾਧੇ, ਨਸ਼ਿਆਂ ਦੀ ਵਧੀਕੀ, ਅਤੇ ਤਿੰਨਾਂ ਰੋਗਾਂ ਦੇ ਹੱਥੋਂ ਸਰੀਰਿਕ ਤੇ ਮਾਨਸਿਕ ਪੀੜਾ ਨਾਲ ਕਰਾਹ ਰਹੀ ਹੈ, 1984 ਵਿਚ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਅਤੇ ਪਿੱਛੇ ਜਿਹੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਵੇਲੇ ਕੋਈ ਪਖੰਡੀ ਗੁਰੂ ਨਹੀਂ ਕੁਸਕਿਆ ਸਗੋਂ ਇਹ ਨਕਲੀ ਨਿਰੰਕਾਰੀ ਬਾਬਾ ਜੀ ਗਾਂ ਤੇ ਸੂਰ ਦਾ ਮਾਸ ਤੇ ਸ਼ਰਾਬ ਦੇ ਨਸ਼ੇ ਵਿਚ ਮਖ਼ਮੂਰ ਹੋਣ ਦਾ ਪ੍ਰਚਾਰ ਕਰ ਕੇ ਖਾਓ, ਪੀਓ ਤੇ ਰਜ ਕੇ ਭੋਗ ਦਾ ਪ੍ਰਚਾਰ ਕਰ ਕੇ ਜਨਤਾ ਦੀ ਆਚਰਨਕ ਪੱਖੋਂ ਤਰੱਟੀ ਚੌੜ ਕਰ ਰਹੇ ਹਨ ।

ਪਿਆਰੇ ਪਾਠਕ ਜੀ, ਅੰਮ੍ਰਿਤਸਰ, ਕਾਨਪੁਰ ਤੇ ਦਿੱਲੀ ਵਰਗੇ ਸਾਕਿਆਂ ਤੋਂ ਪਿਛੋਂ ਕੇਵਲ ਦੀਵਾਨ ਸਜਾ ਕੇ ਕੀਰਨੇ ਪਾਈ ਜਾਣੇ, ਸਜੀਲੇ ਕੀਰਤਨ ਦਰਬਾਰ ਕਰ ਕੇ ਸ਼ਰਧਾਂਜਲੀਆਂ ਭੇਂਟ ਕਰੀ ਜਾਣੀਆਂ, ਇਸ ਆਸ ਵਿਚ ਕਿ ਕੋਈ ਹੋਰ ਤੁਹਾਡੀ ਮੱਦਦ ਕਰੇਗਾ, ਖ਼ਾਲਸਾ ਪੰਥ ਦੀ ਰਵਾਇਤ ਅਨੁਸਾਰ ਨਿਰੀ ਬੁਜ਼ਦਿਲੀ ਹੈ ਤੇ ਭਰਮ-ਭੁਲਾਵਾ ਹੈ । ਜੋ ਕਰਨਾ ਹੈ, ਅਸਾਂ ਆਪ ਕਰਨਾ ਹੈ । ਆਪਣਾ ਫ਼ਰਜ਼ ਪਛਾਣੀਏ । ਅੰਮ੍ਰਿਤ ਛਕੀਏ, ਤੇ ਅੰਮ੍ਰਿਤ ਛਕਣ ਵੇਲੇ ਜੋ ਉਪਦੇਸ਼ ਗੁਰੂ ਕੋਲੋਂ ਮਿਲੇ, ਉਸ ਦੀ ਮਨ ਬਚ ਕਰਮ ਕਰਕੇ ਜੀਵਨ ਵਿਚ ਕਮਾਈ ਕਰੀਏ । ਵੱਧ ਤੋਂ ਵੱਧ



ਗੁਰਬਾਣੀ ਤੇ ਗੁਰ ਇਤਿਹਾਸ ਦਾ ਅਧਿਐਨ ਕਰੀਏ ਤੇ ਹੋਰ ਜਨਤਾ ਵਿਚ ਨਿਸ਼ਕਾਮ ਪ੍ਰਚਾਰ ਕਰੀਏ ।

ਇਹ ਪਖੰਡੀਆਂ ਤੇ ਨਕਲੀਆਂ ਦੀ ਉਪਜ ਸਾਡੀ ਅਣਗਹਿਲੀ ਤੇ ਅਵੇਸਲਪਣ ਦਾ ਹੀ ਨਤੀਜਾ ਹੈ । ਹੁਣ ਲੋੜ ਹੈ ਆਪਣੇ ਫ਼ਰਜ਼ ਨੂੰ ਪਹਿਚਾਨਣ ਦੀ ਤੇ ਤਤਪਰ ਹੋ ਕੇ ਨਿਭਾਉਣ ਦੀ । ਆਓ ! ਆਪਣੇ ਪਰਸਪਰ ਝਗੜੇ-ਝੇੜੇ ਭੁਲਾ ਕੇ, ਚੌਧਰ ਦੀ ਭਾਵਨਾ ਦਾ ਤਿਆਗ ਕਰ ਕੇ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਉਪਰਾਲਾ ਕਰੀਏ ! ਜੇ ਹੁਣ ਵੀ ਨਾ ਜਾਗੇ ਤਾਂ ਇਹ ਅੰਦਰੋ-ਅੰਦਰੀ ਲੱਗਾ ਘੁਣ ਕੌਮ ਨੂੰ ਖਾ ਜਾਏਗਾ ਤੇ ਅਸੀਂ ਗੁਰੂ ਕੇ ਦੇਣਦਾਰ ਮੁਜਰਮ ਗਿਣੇ ਜਾਵਾਂਗੇ ।

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

‘ਅਸੀਂ ਗੁਰੂ ਗ੍ਰੰਥ ਸਾਹਿਬ ਦਾ ਅੱਖਰ-ਅੱਖਰ ਸੱਚ ਮੰਨਦੇ ਹਾਂ’ ਅਤੇ ਵਾਰ-ਵਾਰ ਧੰਨ ਗੁਰੂ ਗ੍ਰੰਥ ਸਾਹਿਬ ਕਹਿਣ ਵਾਲੇ ਸੁਖਵਿੰਦਰ ਸਿੰਘ ਸਭਰਾ ਦੇ ਪਖੰਡ ਦਾ ਪਰਦਾਫਾਸ਼ ਅਸੀਂ ਕਰ ਚੁੱਕੇ ਹਾਂ । ਪਾਠਕਾਂ ਨੂੰ ਅਸੀਂ ਹੁਣ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੇ ਵੱਡੇ ਸੁਸ਼ੀਲ ਪੁੱਤਰ ਅਤੇ ਸਭਰਾ ਦੇ ਵੱਡੇ ਭਰਾ ਇੰਦਰ ਸਿੰਘ ਘੱਗਾ ਦੀ ਲਿਖਤ ਦੇ ਦਰਸ਼ਨ ਕਰਾ ਰਹੇ ਹਾਂ ।

ਇੰਦਰ ਸਿੰਘ ਘੱਗਾ ਨੇ ਆਪਣੀ ਕਿਤਾਬ ‘ਸਿੱਖੀ ਦੇ ਝੰਡਾ ਬਰਦਾਰ’ ਦੇ ਪੰਨਾ 57 ਤੇ ਇੰਞ ਲਿਖਿਆ ਹੈ ।

"ਗੁਰੂ ਨਾਨਕ ਸਾਹਿਬ ਜੀ ਨੇ ਆਖ਼ਰੀ ਵਕਤ ਆਪਣੀ ਜੋਤ ਭਾਈ ਲਹਿਣਾ ਜੀ ਵਿਚ ਟਿਕਾ ਦਿੱਤੀ । ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਸਿੱਖਿਆ ਦੇ ਕੇ ਤਿਆਰ ਕੀਤਾ ਗਿਆ । ਇਸੇ ਤਰ੍ਹਾਂ ਅੱਗੇ ਜੋਤ ਟਿਕਦੀ ਨਿਕਲਦੀ ਅਤੇ ਬਦਲਦੀ ਰਹੀ ਦਰਸਾ ਦਿੱਤੀ, ਪ੍ਰਚਾਰ ਦਿੱਤੀ ।

ਹੁਣ ਵਿਚਾਰੀ ਜੋਤ ਖ਼ੁਦ ਤਾਂ ਕੁਝ ਭੀ ਨਹੀਂ ਕਰ ਸਕਦੀ । ਪਾਠੀ ਪ੍ਰਬੰਧਕ ਤੇ ਜਥੇਦਾਰ ਜਿਵੇਂ ਚਾਹੁਣ, ਇਸ ਦੀ ਵਰਤੋਂ ਕਰਦੇ ਚਲੇ ਜਾਣ । ਇਸ ਵਿਚਲੀ ਸਿੱਖਿਆ ਨੂੰ ਤਾਂ ਪੂਰੀ ਤਰ੍ਹਾਂ ਦਫ਼ਨ ਕਰ ਦਿੱਤਾ ਗਿਆ ਹੈ । ਜਿਨ੍ਹਾਂ ਵਹਿਮਾਂ- ਭਰਮਾਂ ਤੇ ਕਰਮਕਾਂਡਾਂ ਤੋਂ ਇਹ ਬਾਣੀ ਮਨਾਹੀ ਕਰਦੀ ਹੈ, ਉਹੀ ਪਖੰਡ ਕਰਮ ਇਸ ਦੁਆਲੇ ਕੀਤੇ ਜਾਂਦੇ ਹਨ । ਇਕ ਪਾਸੇ ਹੈ ਗੁਰਬਾਣੀ ਦਾ ਫ਼ਰਮਾਨ ਤੇ ਦੂਜੇ ਬੰਨੇ ਹੈ ਮਰਯਾਦਾ ਦੇ ਚੀਕ-ਚਿਹਾੜੇ ।

90-95 ਫ਼ੀਸਦੀ ਅਵਾਮ ਗੁਰਬਾਣੀ ਦੇ ਉਪਦੇਸ਼ਾਂ ਵੱਲੋਂ ਅਨਜਾਣ ਹੈ । ਜਿਹੜੇ ਲੋਕ ਇਸ ਦੇ ਸਤਿਕਾਰ ਦੀਆਂ ਫੜਾਂ ਮਾਰਦੇ ਹਨ ਗੁਰਬਾਣੀ ਵੱਲੋਂ ਉਹ ਭੀ ਖੋਖਲੇ ਹਨ ।

ਅਸਲ ਵਿਚ ਕਾਗ਼ਜ਼ ਸਿਆਹੀ ਤੇ ਜਿਲਦ ਗੁਰੂ ਨਹੀਂ ਹਨ । ਇਨ੍ਹਾਂ ਦੀ ਸਹਾਇਤਾ ਨਾਲ ਲਿਖੇ ਉੱਤਮ ਵੀਚਾਰ ਗੁਰੂ ਗਿਆਨ ਹਨ ।

ਇਹ ਬੀੜਾਂ ਛਾਪੇ ਖ਼ਾਨਿਆਂ ਵਿਚ ਛਪਦੀਆਂ ਹਨ । ਜਦੋਂ 1993 ਵਿਚ ਆਫ਼ਸੈਟ ਮਸ਼ੀਨ ਸ਼੍ਰੋਮਣੀ ਕਮੇਟੀ ਨੇ ਪਹਿਲੀ ਵਾਰ ਲਾਈਆਂ ਸਨ, ਉਸ ਸਮੇਂ ਉਨ੍ਹਾਂ ਮਸ਼ੀਨਾਂ ਨੂੰ ਚਲਾਉਣ ਵਾਲਾ ਕੋਈ ਸਿੱਖ ਮਾਹਰ ਨਾ ਮਿਲਿਆ । ਇਸ ਲਈ ਕੇਰਲਾ ਤੋਂ ਮਾਹਰ ਮੁੰਡੇ ਨੌਕਰੀ ਤੇ ਰੱਖੇ ਗਏ । ਉਨ੍ਹਾਂ ਮੁੰਡਿਆਂ ਦੀ ਸਿਗਰਟ ਪੀਣ ਦੀ ਸ਼ਰਤ ਵੀ ਮੰਨਣੀ ਪਈ । "ਭਾਈ ਕਾਕਾ ਬਾਹਰ ਜਾ ਕੇ ਬੀੜੀ ਪੀ ਲਿਆ ਕਰਨੀ, ਅੰਦਰ ਹੱਥ ਧੋ ਕੇ ਆਉਣਾ " ਪ੍ਰਧਾਨ ਟੌਹੜਾ ਦੀ ਹਿਦਾਇਤ ਸੀ । ਫਿਰ ਇਸ ਗੁਰੂ ਦੇ ਪੰਨਿਆਂ 'ਤੇ ਜ਼ੋਰ-ਸ਼ੋਰ ਨਾਲ ਮਸ਼ੀਨਾਂ ਚਲਦੀਆਂ ਹਨ । ਕਟਿੰਗ ਹੁੰਦੀ ਹੈ, ਜਿਲਦਾਂ ਚੜ੍ਹਦੀਆਂ ਹਨ, ਢੋਆ-ਢੁਆਈ ਹੁੰਦੀ ਹੈ, ਅਲਮਾਰੀਆਂ ਕਮਰਿਆਂ ਵਿਚ ਟਿਕਾਏ ਜਾਂਦੇ ਹਨ । ਛੋਟੇ ਵੱਡੇ ਆਕਾਰ ਵਿਚ ਬੀੜਾਂ ਛਪਦੀਆਂ ਹਨ । ਘੱਟ ਵੱਧ ਰੇਟਾਂ ਵਿਚ ਵਿਕਦੀਆਂ ਹਨ । "ਗੁਰੂ ਪਸੰਦ ਕਰਵਾਏ ਜਾਂਦੇ ਹਨ, ਸੌਦੇ ਤੈਅ ਹੁੰਦੇ ਹਨ ।" ਹਰੇਕ ਬੀੜ ਦੇ ਅਖ਼ੀਰ ਪੰਨੇ ਤੇ ਇਕ ਸੇਵਾਦਾਰ ਵੱਲੋਂ 'ਚੈੱਕ ਕੀਤਾ' ਲਿਖ ਕੇ ਦਸਤਖ਼ਤ ਕੀਤੇ ਹੁੰਦੇ ਹਨ । ਕੀ ਗੁਰੂ ਨੂੰ ਚੈੱਕ ਕੀਤਾ ਜਾ ਸਕਦਾ ਹੈ?"

ਅੱਗੇ ਜਾ ਕੇ ਇਸੇ ਲੇਖ ਵਿਚ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਬਣਾਈ ਮਰਯਾਦਾ 'ਚੌਰ, ਪਾਲਕੀ, ਚੰਦੋਆ, ਗੁਰੂ ਸਾਹਿਬ ਦੇ ਸਤਿਕਾਰ ਲਈ ਅਰਦਲ ਵਿਚ ਪੰਜ ਸਿੰਘਾਂ ਦਾ ਹੋਣਾ ਅਤੇ ਪਾਣੀ ਤਰੌਂਕਣ ਦਾ ਭੀ



ਅਜਿਹੇ ਸ਼ਬਦਾਂ ਨਾਲ ਮਜ਼ਾਕ ਉਡਾਇਆ ਹੈ ।

ਅਜਿਹੇ ਹੀ ਵੀਚਾਰ ਇੰਦਰ ਸਿੰਘ ਘੱਗਾ ਦੇ ਗੁਰੂ ਘੰਟਾਲ ਸ. ਗੁਰਬਖ਼ਸ਼ ਸਿੰਘ ਕਾਲ਼ਾ ਅਫ਼ਗਾਨਾ ਨੇ ਆਪਣੀ ਪਹਿਲੀ ਕਿਤਾਬ ਦੇ ਪੰਨਾ 138 ਤੋਂ 139 ਤੱਕ ਦਿੱਤੇ ਹਨ।

ਇਸ ਲਿਖਤ ਵਿਚ ਇੰਦਰ ਸਿੰਘ ਘੱਗਾ ਨੇ ਤਿੰਨ ਨੁਕਤੇ ਉਠਾਏ ਹਨ ।

(1) ਗੁਰੂ ਨਾਨਕ ਦੇਵ ਮਹਾਰਾਜ ਨੇ ਭਾਈ ਲਹਿਣਾ ਨੂੰ ਗੁਰਿਆਈ ਲਈ ਤਿਆਰ ਕੀਤਾ ਸੀ ਜੋਤ ਨਹੀਂ ਟਿਕਾਈ ਸੀ । ਗੁਰੂ ਜੋਤ, ਅੱਗੇ ਤੋਂ ਅੱਗੇ ਦੂਸਰੇ ਗੁਰੂਆਂ ਵਿਚ ਟਿਕਾਉਣਾ ਇਕ ਝੂਠਾ ਪ੍ਰਚਾਰ ਹੈ ।

(2) ਦੁਨਿਆਂ ਦੀਆਂ ਬਾਕੀ ਆਮ ਕਿਤਾਬਾਂ ਵਾਂਗ ਗੁਰਬਾਣੀ ਕਾਗ਼ਜ਼ਾਂ ਤੇ ਛਾਪੀ ਜਾਂਦੀ ਹੈ ਕਾਗ਼ਜ਼ ਕੱਟੇ ਜਾਂਦੇ ਹਨ ਜਿਲਦ ਬਣਦੀ ਹੈ ਇਸ ਲਈ ਇਸ ਨੂੰ ਗੁਰੂ ਜੋਤ ਸਮਝਣਾ ਅਤੇ ਕਹਿਣਾ ਮੂਰਖਤਾ ਹੈ । ਇਸ ਵਿਚੋਂ ਮਿਲਣ ਵਾਲਾ ਗਿਆਨ ਹੀ ਗੁਰੂ ਹੈ ।

(3) ਕਿਤਾਬ ਲਈ ਗੁਰੂ ਜੋਤ ਸਮਝ ਕੇ ਸਤਿਕਾਰ ਦੇਣਾ ਅਤੇ ਪੰਥ ਪ੍ਰਵਾਨਿਤ ਮਰਯਾਦਾ, ਮੰਜੀ ਸਾਹਿਬ, ਚੌਰ, ਚਾਨਣੀ ਅਤੇ ਸ੍ਰੀ ਗੁਰੂ ਗ੍ਰੰਥ ਸਵਾਰੀ ਨੂੰ ਲਿਜਾਣ ਲਈ ਪੰਜਾਂ ਸਿੰਘਾਂ ਦਾ ਹੋਣਾ ਜਾਂ ਪਾਣੀ ਤਰੌਂਕਣਾ ਆਦਿ ਮੂਰਖਤਾ ਅਤੇ ਜਹਾਲਤ ਹੈ।

ਇੰਦਰ ਸਿੰਘ ਘੱਗੇ ਦੀ ਟਿੱਪਣੀ ਨੰ. (1) ਲਈ ਅਸੀਂ ਆਪਣੇ ਵਲੋਂ ਕੁਝ ਨਹੀਂ ਕਹਿੰਦੇ ਕੇਵਲ ਗੁਰਬਾਣੀ ਪ੍ਰਮਾਣ ਹੀ ਦੇਵਾਂਗੇ ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ:

**ਸਤਿਗੁਰ ਵਿਚਿ ਆਪੁ ਰਖਿਓਨੁ**
**ਕਰਿ ਪਰਗਟੁ ਆਖਿ ਸੁਣਾਇਆ ॥** (ਅੰਗ ੪੬੬)

ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ:

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**
(ਅੰਗ ੯੬੬)

ਭੱਟਾਂ ਦੇ ਸਵੱਈਏ ਜਿਸ ਨੂੰ ਕਿ ਇੰਦਰ ਸਿੰਘ ਘੱਗਾ ਖ਼ੁਦ ਆਪਣੀ ਇਸੇ ਹੀ ਪੁਸਤਕ ਵਿਚ ਪ੍ਰਮਾਣਿਕ ਮੰਨਦਾ ਹੈ ।

ਗੁਰੂ ਅਮਰਦਾਸ ਸਾਹਿਬ ਮਹਾਰਾਜ ਬਾਰੇ:

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**
**ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥**

**ਜਿਹ ਸਿਖਹ ਸੰਗਹਿਓ ਤਤੁ ਹਰਿ ਚਰਣ ਮਿਲਾਯਉ॥**
**ਨਾਨਕ ਕੁਲਿ ਨਿੰਮਲੁ ਅਵਤਰਿੵਉ ਅੰਗਦ ਲਹਣੇ ਸੰਗਿ ਹੁਅ॥**
**ਗੁਰ ਅਮਰਦਾਸ ਤਾਰਣ ਤਰਣ**
**ਜਨਮ ਜਨਮ ਪਾ ਸਰਣਿ ਤੁਅ॥੨॥੧੬॥** (ਅੰਗ ੧੩੯੫)

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਵਾਰ ਪਹਿਲੀ ਪਉੜੀ ੪੬ ਵਿੱਚ ਲਿਖਦੇ ਹਨ:

**ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ ।**
**ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ ।**
**ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ ।**
**ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ ।**
**ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ ।**
**ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ ।**
**ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ ।**
**ਦਾਤਿ ਜੋਤਿ ਖਸਮੈ ਵਡਿਆਈ॥੪੬॥** ਭਾ. ਗੁ.ਵਾ. ੧/੪੬

ਇਸ ਤੋਂ ਸਿੱਧ ਹੁੰਦਾ ਹੈ, ਗੁਰੂ ਪਦਵੀ ਇਲਾਹੀ ਹੁਕਮ ਅੰਦਰ ਪੂਰਬਲੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ । ਇਹ ਦੁਨਿਆਵੀ ਤਰੀਕੇ ਨਾਲ ਕਿਸੇ ਚੇਲੇ ਨੂੰ ਤਿਆਰ (Trained) ਕਰਨ ਨਾਲ ਨਹੀਂ ਮਿਲ ਸਕਦੀ । ਜਿਹਾ ਕਿ ਇੰਦਰ ਸਿੰਘ ਘੱਗਾ ਦੀ ਲਿਖਤ ਬੋਲ ਰਹੀ ਹੈ ।

ਇਸੇ ਤਰ੍ਹਾਂ ਕਲਗੀਧਰ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਗੁਰੂ ਪਦਵੀ ਦੇਣ ਵੇਲੇ ਆਪਣੀ ਜੋਤ 'ਪੋਥੀ ਸਾਹਿਬ' (ਗ੍ਰੰਥ ਸਾਹਿਬ) ਵਿਚ ਜੋਤ ਟਿਕਾ ਕੇ ਇਸ ਨੂੰ ਮੱਥਾ ਟੇਕਿਆ ਅਤੇ ਇਸ ਨੂੰ ਗੁਰੂ ਪਦਵੀ ਦੇ ਕੇ ਨਿਵਾਜਿਆ, ਜਿਸ ਬਾਰੇ ਕਲਗੀਧਰ ਮਹਾਰਾਜ ਜੀ ਦਾ ਆਪਣਾ ਫ਼ਰਮਾਨ ਇੰਞ ਹੈ:

**ਆਪਨੋਪੋ ਸ੍ਰੀ ਖਾਲਸੇ ਦੀਨਾ, ਦੁਤੀਆ ਰੂਪ ਸਤਿਗੁਰੂ ਗ੍ਰੰਥਾ ॥**
**ਗੁਨਾਨਵਾਦ ਪੁਨਿ ਸਿਫਤ ਸਲਾਹਨਿ ਊਠਤ ਬੈਠਤ ਸੈਨ ਕਰੰਥਾ॥**
**ਪਾਵਨ ਪੰਥ ਖਾਲਸਾ ਪ੍ਰਗਟਿਯੋ ਚਾਰ ਬਰਨ ਆਸ਼ਰਮ ਸੁਭ ਪੰਥਾ ॥**
**ਇਨ ਕੋ ਦਰਸ ਸਤਿਗੁਰੁ ਕੋ ਦਰਸ਼ਨ ਬੋਲਨ ਗੁਰੂ ਸ਼ਬਦ ਗੁਰੂ ਗ੍ਰੰਥਾ॥**
**ਦ੍ਵਾਦਸ ਰੂਪ ਸਤਿਗੁਰੂ ਏ ਕਹੀਅਤ ਦ੍ਵਾਦਸ ਭਾਨ ਪ੍ਰਗਟਿ ਹਰ ਜੰਤਾ॥**
**ਪ੍ਰਤਖਯ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸਾ ਵਰਤੰਤਾ॥**
**ਦਾਸ ਗੋਬਿੰਦ ਫ਼ਤਹਿ ਸਤਿਗੁਰ ਕੋ ਖਾਸ ਗ੍ਰੰਥ ਗੁਰੂ ਰੂਪ ਬਦੰਤਾ॥**

(ਸਰਬਲੋਹ ਗ੍ਰੰਥ)

ਜਿਸ ਗ੍ਰੰਥ ਨੂੰ ਕਲਗੀਧਰ ਮਹਾਰਾਜ ਜੀ ਨੇ ਮੱਥਾ ਟੇਕ ਕੇ ਗੁਰਿਆਈ ਬਖ਼ਸ਼ੀ ਉਹ ਭੀ ਆਮ ਕਾਗ਼ਜ਼ਾਂ ਵਾਂਗ ਕਾਗ਼ਜ਼ ਲਿਆ ਕੇ, ਕਾਗ਼ਜ਼ ਕੱਟ ਕੇ ਤੇ ਅੱਖਰਾਂ ਨਾਲ



ਲਿਖੀ ਹੋਈ ਸੀ ਫਿਰ ਸੰਪੂਰਨਤਾ ਤੇ ਜਿਲਦ ਬਣਾਉਣ ਲਈ ਇਸ ਵਿਚ ਸੂਏ ਨਾਲ ਗਲੀਆਂ ਕਰ ਕੇ, ਧਾਗਾ ਪਾ ਕੇ ਅਤੇ ਹੋਰ ਸਿਲਾਈ ਤਰੀਕਿਆਂ ਨਾਲ ਜਿਲਦ ਬੰਨ੍ਹੀ ਗਈ ਅਤੇ ਫਿਰ ਜਿਲਦ ਸੈੱਟ ਕਰਨ ਲਈ ਕਈ ਦਿਨ ਉੱਪਰ ਭਾਰ ਵੀ ਦਿੱਤਾ ਗਿਆ ਹੋਵੇਗਾ ।

ਜਿਸ ਤਰ੍ਹਾਂ ਗੁਰੂ ਘਰ ਦੇ ਦੋਖੀ ਧੀਰ ਮੱਲ, ਰਾਮਰਾਇ ਅਤੇ ਪ੍ਰਿਥੀ ਚੰਦ ਨੂੰ ਅਗਿਆਨਤਾ ਵੱਸ ਗੁਰੂ ਸਾਹਿਬਾਨ ਵਿੱਚੋਂ ਗੁਰੂ ਜੋਤ ਨਜ਼ਰ ਨਹੀਂ ਆਈ, ਕੇਵਲ ਹੱਡ-ਚੰਮ ਦੇ ਪੁਤਲੇ ਆਪਣੇ ਸ਼ਰੀਕ ਨਜ਼ਰ ਆਏ । ਇਸੇ ਤਰ੍ਹਾਂ ਅਗਿਆਨਤਾ ਵੱਸ ਕਾਮਰੇਡ ਇੰਦਰ ਸਿੰਘ ਘੱਗਾ ਅਤੇ ਇਸਦੇ ਟੋਲੇ ਨੂੰ ਕੇਵਲ ਕਾਗ਼ਜ਼ ਦੇ ਪੱਤਰੇ ਨਜ਼ਰ ਆਉਂਦੇ ਹਨ । ਇਹ ਕਾਮਰੇਡੀ ਵਿਚਾਰਧਾਰਾ ਗੁਰਬਖਸ਼ ਸਿੰਘ 'ਪ੍ਰੀਤਲੜੀ' ਤੋਂ ਸ਼ੁਰੂ ਹੋ ਕੇ ਪ੍ਰੋ. ਸੁਰਜੀਤ ਸਿੰਘ ਦੁਸਾਂਝ ਅਤੇ ਗੁਰਬਖਸ਼ ਸਿੰਘ ਕਾਲ਼ਾ ਅਫ਼ਗਾਨਾ ਆਦਿ ਰਾਹੀਂ ਇੰਦਰ ਸਿੰਘ ਘੱਗਾ ਦੇ ਮੱਥੇ ਵਿਚ ਜਾ ਵੜੀ । ਕਿਉਂਕਿ, 'ਬਿਪਰਨ ਕੀ ਰੀਤ' ਤੋਂ 'ਸੱਚ ਦਾ ਮਾਰਗ' ਭਾਗ 1 ਦੇ ਪੰਨਾ ਨੰ. 138-139 ਅਤੇ ਭਾਗ 4 ਦੇ ਪੰਨਾ 297 ਤੇ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੇ ਭੀ ਅਜਿਹਾ ਹੀ ਊਟ-ਪਟਾਂਗ ਲਿਖਿਆ ਹੋਇਆ ਹੈ ਜਿਸਦਾ ਉੱਤਰ ਵਿਸਤਾਰ ਸਹਿਤ ਅਸੀਂ ਆਪਣੀ ਕਿਤਾਬ 'ਸਭ ਦੁਸਟ ਝੱਖ ਮਾਰਾ' ਦੇ ਪੰਨਾ 80 ਤੋਂ 96 ਤੱਕ ਦੇ ਚੁੱਕੇ ਹਾਂ ।

ਦੁਨਿਆਵੀ ਤਰੀਕੇ ਨਾਲ ਜੇ ਦੇਖਿਆ ਜਾਵੇ ਤਾਂ ਬੰਦੇ ਦਾ ਸਰੀਰ, ਲਹੂ, ਮਿੱਝ, ਨਾੜੀਆਂ, ਹੱਡੀਆਂ ਅਤੇ ਚਮੜੀ ਆਦਿ ਦਾ ਬਣਿਆ ਹੋਇਆ ਹੈ ਅਤੇ ਇਸਦੇ ਅੰਦਰ ਗੰਦਗੀ ਦਾ ਢੇਰ ਹੈ, ਜਿਸ ਬਾਬਤ ਬਾਣੀ ਦੱਸ ਰਹੀ ਹੈ:

**ਮਨ ਕਹ ਅਹੰਕਾਰਿ ਅਫਾਰਾ॥**
**ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ॥** (ਅੰਗ ੫੩੦)

ਤਾਂ ਇੰਦਰ ਸਿੰਘ ਘੱਗੇ ਦੀਆਂ ਕੁਤਰਕਾਂ ਅਨੁਸਾਰ ਇਸਦੀ ਮਾਂ ਅਤੇ ਪਿਓ ਭੀ ਗੂੰਹ ਦਾ ਢੇਰ ਹੀ ਹੈ ਅਤੇ ਸਾਰੀ ਉਮਰ ਇਹ ਗੂੰਹ ਦੇ ਢੇਰ ਨੂੰ ਮਾਂ-ਪਿਓ ਮੰਨ ਕੇ ਮੱਥਾ ਟੇਕਦਾ ਰਿਹਾ ? ਕੀ, ਇੰਦਰ ਸਿੰਘ ਘੱਗਾ ਇਸ ਕੜਵੀ ਸਚਾਈ ਨੂੰ ਕੱਟ ਸਕਦਾ ਹੈ ? ਗੂੰਹ ਦੇ ਢੇਰ ਵਿੱਚੋਂ ਇਸ ਨੂੰ ਮਾਂ-ਪਿਓ ਨਜ਼ਰ ਆਉਂਦੇ ਹਨ ਤੇ ਪੱਤਰਿਆਂ ਵਿਚੋਂ ਜੇਕਰ ਗੁਰੂ ਜੋਤ ਨਜ਼ਰ ਨਹੀਂ ਆਉਂਦੀ ਹੈ ਤਾਂ ਨਿਰੀ ਅਗਿਆਨਤਾ, ਮੂਰਖਤਾ ਅਤੇ ਜਹਾਲਤ ਤੋਂ ਸਿਵਾ ਹੋਰ ਕੁਝ ਵੀ ਨਹੀਂ ।

ਇਸੇ ਕਿਤਾਬ ਵਿਚ ਇੰਦਰ ਸਿੰਘ ਘੱਗਾ ਲਿਖਦਾ ਹੈ ਕਿ "ਹੁਣ ਕੰਪਿਊਟਰ ਅਤੇ ਲੈਪਟਾਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕੈਦ ਹੋ ਗਿਆ ਹੈ । ਜਿਥੇ ਮਰਜ਼ੀ ਬੈਠ ਕੇ ਬਟਨ ਦੱਬੋ ਜਿਥੋਂ ਮਰਜ਼ੀ ਜੋ ਮਰਜ਼ੀ ਪੜ੍ਹ ਸਕਦੇ ਹਾਂ । ਅਖੌਤੀ ਮਰਯਾਦਾ ਦੀਆਂ ਧੱਜੀਆਂ ਉਡ ਗਈਆਂ ।"

ਅਸੀਂ ਕਹਾਂਗੇ ਕਿ ਲੈਪਟਾਪ ਵਿਚ ਕਸ਼ਮੀਰ ਵਾਦੀ ਵੀ ਕੈਦ ਹੈ । ਇੰਦਰ ਸਿੰਘ ਘੱਗਾ ਲੈਪਟਾਪ ਖੋਲ੍ਹ ਕੇ ਕੇਵਲ ਕਸ਼ਮੀਰ ਵਾਦੀ ਦੇਖ ਸਕਦਾ ਹੈ ਪਰ ਕਸ਼ਮੀਰ ਦੀ ਠੰਢ ਨਹੀਂ ਮਾਣ ਸਕਦਾ । ਲੈਪਟਾਪ ਦਾ ਦੂਸਰਾ ਬਟਨ ਦੱਬ ਕੇ ਹਰਿਮੰਦਰ ਸਾਹਿਬ ਦਾ ਕੀਰਤਨ ਤਾਂ ਸੁਣ ਸਕਦਾ ਹੈ ਪਰ ਉੱਥੇ ਵਰਤਦਾ ਕੜਾਹ-ਪ੍ਰਸ਼ਾਦ ਨਹੀਂ ਛਕ ਸਕਦਾ । ਇਸੇ ਤਰ੍ਹਾਂ ਕੀਰਤਨ ਸੁਣ ਸਕਦਾ ਹੈ ਪਰ ਉੱਥੇ ਚੱਲ ਰਹੀਆਂ ਉੱਚ ਆਤਮਿਕ ਚੁੰਬਕੀ ਤਰੰਗਾਂ, ਜੋ ਮਨ ਨੂੰ ਵਿਸਮਾਦੀ ਰੰਗ ਬਖ਼ਸ਼ਦੀਆਂ ਹਨ ਲੈਪਟਾਪ ਵਿਚੋਂ ਨਹੀਂ ਮਿਲ ਸਕਦੀਆਂ । ਇਹ ਆਤਮਿਕ ਚੁੰਬਕੀ ਤਰੰਗਾਂ ਭੀ ਬੰਦੇ ਦੀ ਆਤਮਿਕ ਅਵਸਥਾ ਅਨੁਸਾਰ ਪ੍ਰਭਾਵਿਤ ਕਰਦੀਆਂ ਹਨ, ਪਰ ਕਾਮਰੇਡੀ ਤਰੰਗਾਂ ਵਿਚ ਗ੍ਰੱਸਿਆਂ ਨੂੰ ਇਹ ਪੋਂਹਦੀਆਂ ਭੀ ਨਹੀਂ ਹਨ । ਇਸੇ ਲਈ ਇੰਦਰ ਸਿੰਘ ਘੱਗੇ ਵਰਗੇ ਅਜਿਹੀਆਂ ਕੁਤਰਕਾਂ ਕਰਦੇ ਹਨ ।

ਬਾਕੀ ਰਹੀ ਮਰਯਾਦਾ ਦੀ ਗੱਲ, ਪਸ਼ੂ ਅਤੇ ਸੱਭਿਆ ਮਨੁੱਖ ਵਿਚ ਕੇਵਲ ਮਰਯਾਦਾ ਦਾ ਹੀ ਫ਼ਰਕ ਹੈ । ਪਸ਼ੂ ਦਾ ਖਾਣਾ, ਸੌਣ ਅਤੇ ਹੋਰ ਜੀਵਨ ਸ਼ੈਲੀ ਜਾਂ ਪਰਿਵਾਰਿਕ ਸੰਬੰਧਾਂ ਬਾਰੇ ਕੋਈ ਨਿਸ਼ਚਿਤ ਮਰਯਾਦਾ ਨਹੀਂ ਪਰ ਮਨੁੱਖੀ ਸਮਾਜ ਵਿਚ ਬੰਦੇ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ, ਖਾਣਾ ਸੌਣਾ, ਅਤੇ ਸਮਾਜਿਕ ਵਰਤ-ਵਰਤਾਰਾ ਹਰ ਚੀਜ਼ ਲਈ ਮਰਯਾਦਾ ਬਣੀ ਹੋਈ ਹੈ । ਮਰਯਾਦਾ ਉਲੰਘਣ ਕਰਨ ਵਾਲਾ, ਜਵਾਬ-ਤਲ਼ਬੀ ਲਈ ਕਟਹਿਰੇ ਵਿਚ ਖੜ੍ਹਾ ਕੀਤਾ ਜਾਂਦਾ ਹੈ । ਧਾਰਮਿਕ ਖੇਤਰ ਵਿਚ ਵੀ ਹਰ ਧਰਮ ਦੀ ਆਪਣੀ ਮਰਯਾਦਾ ਹੈ ਪਰ ਪਸ਼ੂ ਬਿਰਤੀ ਵਾਲਿਆਂ ਨੂੰ ਇਹ ਪ੍ਰਵਾਨ ਨਹੀਂ ਹੈ ।

ਇੰਦਰ ਸਿੰਘ ਘੱਗੇ ਦੀ ਇਹ ਟਿਪਣੀ ਕਿ ਜਦ 1993 ਈ. ਵਿਚ ਸ਼੍ਰੋ. ਗੁ. ਪ੍ਰ. ਕਮੇਟੀ ਨੇ ਆਫ਼ਸੈਂਟ ਮਸ਼ੀਨਾਂ ਮੰਗਵਾਈਆਂ ਤਾਂ ਪੰਜਾਬ ਵਿਚ ਟ੍ਰੇਂਡ ਬੰਦੇ ਨਹੀਂ ਸੀ ਇਸ ਲਈ ਸਿਗਰਟਾਂ ਪੀਣ ਵਾਲੇ ਕਾਮੇ ਬਾਹਰੋਂ ਮੰਗਵਾਏ, ਨਿਰਾ ਝੂਠ ਦਾ ਪੁਲੰਦਾ ਹੈ । ਜਦਕਿ ਅਸਲੀਅਤ ਇਹ ਹੈ ਕਿ ਸੰਨ 1975-76 ਵਿਚ ਜਲੰਧਰ ਵਿਚ ਆਫ਼ਸੈਂਟ ਮਸ਼ੀਨਾਂ ਅਖ਼ਬਾਰ ਛਾਪਣ ਲਈ ਆ ਗਈਆਂ ਸਨ ਅਤੇ ਇਨ੍ਹਾਂ ਨੂੰ ਚਲਾਉਣ ਲਈ ਸੰਨ 1993 ਤੱਕ ਟ੍ਰੇਂਡ ਬੰਦਿਆਂ ਦੀ ਕੋਈ ਕਮੀ ਨਹੀਂ ਸੀ ।

ਦਾੜ੍ਹੇ ਪ੍ਰਕਾਸ਼ ਕਰ ਕੇ, ਗਲ਼ 'ਚ ਕਿਰਪਾਨਾਂ ਪਾ ਕੇ ਤੇ ਆਪਣੇ ਆਪ ਨੂੰ ਪੱਕਾ ਸਿੱਖ ਹੋਣ ਦਾ ਢੌਂਗ ਰਚ ਕੇ ਜੇ ਇਹ ਤੇ ਇਸ ਦਾ ਟੋਲਾ ਗੁਰੂ ਕੇ ਸਿੱਖਾਂ ਨੂੰ ਬ੍ਰਾਹਮਣਵਾਦੀ, ਮੂਰਖ਼, ਜਾਹਲ ਜਾਂ ਕੁਝ ਹੋਰ ਕਹਿੰਦੇ ਹਨ ਤਾਂ ਇਸ ਦਾ ਸਹੀ ਨਿਰਨਾ ਪਾਠਕ ਹੀ ਕਰ ਸਕਦੇ ਹਨ ।

ਪਿਆਰੇ ਪਾਠਕ ਜੀ ! ਬਦਕਿਸਮਤੀ ਨਾਲ ਸਾਡਾ ਵਾਹ ਉਹਨਾਂ ਬੰਦਿਆਂ ਨਾਲ ਪਿਆ ਹੈ ਜੋ ਕਹਿੰਦੇ ਹਨ ਕਿ ਅਸੀਂ ਤੇਰੇ ਪੁੱਤਰ ਹਾਂ ਪਰ ਤੂੰ ਸਾਡਾ ਬਾਪ



ਨਹੀਂ। ਭਾਵ ਸਿੱਖੀ ਭੇਸ ਧਾਰ ਕੇ ਅਤੇ ਸਿੱਖੀ ਨਾਉਂ ਰੱਖ ਕੇ ਆਪਣੇ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਉੱਪਰ ਕਿੰਤੂ ਕਰਦੇ ਹਨ । ਸਿੱਖੀ ਰਹਿਤ-ਮਰਯਾਦਾ ਵਿਚ ਦਰਜ ਨਿੱਤਨੇਮ, ਖੰਡਾ ਪਹੁਲ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਹੋਰ ਸਿੱਖੀ ਪਰੰਪਰਾਵਾਂ ਦਾ ਮਖ਼ੌਲ ਉਡਾਉਂਦੇ ਹਨ । ਜੋ ਪ੍ਰਚਾਰਦੇ ਹਨ ਅਸੀਂ ਹਲਾਲ ਦੇ ਹਾਂ ਪਰ ਪਿਓ ਸਾਡਾ ਹਰਾਮੀ ਹੈ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦੇ ਹਨ (ਸਪੋਕਸਮੈਨ ਦੇ ਲੇਖ) । ਇਹ ਭੀ ਆਖਦੇ ਹਨ ਕਿ ਅਸੀਂ ਦੁਨੀਆਂ ਵਿਚ ਸਭ ਤੋਂ ਸਿਆਣੇ ਹਾਂ ਪਰ ਸਾਡੇ ਬਜ਼ੁਰਗ ਮੂਰਖ਼ ਜਾਹਲ ਅਤੇ ਅੰਧ-ਵਿਸ਼ਵਾਸੀ ਸਨ ।

ਜਿਨ੍ਹਾਂ ਨੇ ਗੁਰਬਾਣੀ ਦੀ ਕੋਸ਼ਕਾਰੀ ਕੀਤੀ ਅਤੇ ਵਿਆਕਰਨ ਦੇ ਮੁੱਢਲੇ ਨਿਯਮ ਲੱਭ ਕੇ ਰਚਨਾਵਾਂ ਰਚੀਆਂ, ਜੋ ਸੈਂਕੜੇ ਸਾਲ ਪੁਰਾਣੀਆਂ ਹੁੰਦੀਆਂ ਭੀ ਨਵੀਨ ਹਨ ਅਤੇ ਅੱਜ ਤੱਕ ਜਿਨ੍ਹਾਂ ਦਾ ਬਦਲ ਕੋਈ ਤਿਆਰ ਨਹੀਂ ਕਰ ਸਕਿਆ, (ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਮਹਾਂ ਕਵੀ ਸੰਤੋਖ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਜਾਂ ਭਾਈ ਵੀਰ ਸਿੰਘ ਆਦਿ) ਦਾ ਮਖ਼ੌਲ ਉਡਾਉਂਦੇ ਹਨ । ਜੋ ਬਗ਼ੈਰ ਕਿਸੇ ਸਹੀ ਤੱਥ ਦੇ ਨਿੱਤ ਨਵਾਂ ਸ਼ੋਸ਼ਾ ਛੱਡ ਕੇ ਇਤਿਹਾਸ ਵਿਗਾੜਦੇ ਹਨ ਅਤੇ ਜਨ-ਸਧਾਰਨ ਨੂੰ ਭੰਬਲ-ਭੂਸਿਆਂ ਵਿਚ ਪਾਉਂਦੇ ਹਨ । ਹਾਂ ਜੀ ਇਹ ਉਹ ਬੰਦੇ ਹਨ ਕਿ ਦਰਖ਼ਤ ਦੇ ਜਿਸ ਟਾਹਣੇ ਤੇ ਬੈਠੇ ਹਨ ਉਸ ਨੂੰ ਹੀ ਕੱਟ ਰਹੇ ਹਨ ।

**ਬਿਖਈ ਦਿਨੁ ਰੈਨਿ ਇਵਹੀ ਗੁਦਾਰੈ ॥**
**ਗੋਬਿੰਦੁ ਨ ਭਜੈ ਅੰਹਬੁਧਿ ਮਾਤਾ**
**ਜਨਮੁ ਜੂਐ ਜਿਉ ਹਾਰੈ ॥੧॥ ਰਹਾਉ ॥**
**ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥**
**ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥**
**ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥**
**ਓਢੈ ਬਸਤ੍ਰ ਕਾਜਰ ਮਹਿ ਪਰਿਆ**
**ਬਹੁਰਿ ਬਹੁਰਿ ਫਿਰਿ ਝਾਰੈ ॥੨॥**
**ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥**
**ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥**
**ਨਿਰਵੈਰੈ ਸੰਗਿ ਵੈਰੁ ਰਚਾਇ ਪਹੁਚਿ ਨ ਸਕੈ ਗਵਾਰੈ ॥**
**ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥**

(ਅੰਗ ੧੨੦੫)

ਅਸੀਂ ਪੰਥ ਵਿਰੋਧੀ ਤਾਕਤਾਂ ਅੱਗੇ ਵਿਕੀ ਜ਼ਮੀਰ ਵਾਲੀਆਂ ਕਲਮਾਂ ਨਾਲ ਲਿਖੀ ਪੁਸਤਕ 'ਸੰਤਾਂ ਦੇ ਕੌਤਕ' ਭਾਗ ਛੇਵਾਂ ਦਾ ਵਿਸ਼ਲੇਸ਼ਣ ਕਰ ਕੇ ਸਹੀ ਤੱਥ

ਪਾਠਕਾਂ ਨੂੰ ਪੇਸ਼ ਕੀਤੇ ਹਨ । ਇਸ ਦਾ ਕਾਰਨ ਮਾਇਕ ਲਾਲਸਾ, ਹੋਛੀ ਸ਼ੁਹਰਤ ਹਾਸਲ ਕਰਨਾ, ਅਗ਼ਿਆਨਤਾ ਜਾਂ ਵਿਚਾਰਧਾਰਿਕ ਟਕਰਾਅ ਆਦਿ ਹੋ ਸਕਦੇ ਹਨ । ਇਸ ਤੋਂ ਪਹਿਲਾਂ ਭੀ ਦਾਸ ਨੇ ਗੁਰਬਖਸ਼ ਸਿੰਘ ਕਾਲ਼ਾ ਅਫ਼ਗਾਨਾ ਦੀਆਂ ਪੁਸਤਕਾਂ ਦਾ ਅਧਿਐਨ ਕਰਕੇ 'ਸਭ ਦੁਸਟ ਝਖ ਮਾਰਾ' ਕਿਤਾਬ ਲਿਖੀ ਸੀ । ਇਸ ਵਿਚ ਦਾਸ ਨੇ ਗੁਰਬਖਸ਼ ਸਿੰਘ ਕਾਲ਼ਾ ਅਫਗਾਨਾ ਦੇ ਆਚਾਰ, ਵਿਹਾਰ, ਕਿਰਦਾਰ ਅਤੇ ਵੀਚਾਰਧਾਰਾ ਦਾ ਪਰਦਾਫਾਸ਼ ਕਰਨ ਤੋਂ ਇਲਾਵਾ ਸਾਬਤ ਕਰ ਦਿੱਤਾ ਸੀ ਕਿ ਇਸ ਦੇ ਨਾਉਂ ਤੇ ਛਪੀਆਂ ਕਿਤਾਬਾਂ ਦਾ ਅਸਲੀ ਲੇਖਕ ਕੋਈ ਹੋਰ ਹੈ, ਕਾਲ਼ਾ ਅਫ਼ਗਾਨਾ ਨਹੀਂ ਹੈ ।

ਇਸ ਪਿਛੋਂ ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ ਸਭਰਾ ਦੀਆਂ ਲਿਖਤਾਂ ਦਾ ਅਧਿਐਨ ਕਰਕੇ 'ਕਾਮਰੇਡੀ ਸਿੱਖਾਂ ਦੇ ਕੌਤਕ' ਨਾਮੀ ਕਿਤਾਬ ਲਿਖੀ ਸੀ । ਇਸ ਵਿਚ ਦਾਸ ਨੇ ਇਨ੍ਹਾਂ ਦੀਆਂ ਲਿਖਤਾਂ ਦਾ ਬਹੁਪੱਖੀ ਵੀਚਾਰ ਚਰਚਾ ਕਰਕੇ ਸਾਬਤ ਕੀਤਾ ਸੀ ਕਿ ਇਹ ਸਾਰੇ ਧੁਰ ਅੰਦਰੋਂ ਨਾਸਤਿਕ ਬਿਰਤੀ ਵਾਲੇ ਹਨ ਪਰ ਬਾਹਰੋਂ ਭੇਖ਼ ਸਿੱਖੀ ਵਾਲਾ ਬਣਾਇਆ ਹੋਇਆ ਹੈ । ਗੁਰਬਾਣੀ ਅਤੇ ਇਤਿਹਾਸ ਦਾ ਮੁਲੰਮਾ ਚਾੜ੍ਹ ਕੇ ਲਿਖਣ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਆਮ ਤੌਰ ਤੇ ਪਾਠਕ ਟਪਲਾ ਖਾ ਕੇ ਇਨ੍ਹਾਂ ਨੂੰ ਗੁਰੂ ਦਾ ਸੱਚਾ-ਸੁੱਚਾ ਸਿੱਖ ਸਮਝ ਲੈਂਦੇ ਹਨ ।

ਇਨ੍ਹਾਂ ਦੀਆਂ ਲਿਖਤਾਂ ਵਿਚ ਪੇਸ਼ ਕੀਤੀ ਸਿੱਖੀ ਤੜਫ, ਸਿੱਖੀ ਪਿਆਰ ਅਤੇ ਸਿੱਖੀ ਆਚਰਣ ਲਈ ਦਰਪੇਸ਼ ਚੁਣੌਤੀਆਂ ਦਾ ਪ੍ਰਗਟਾਵਾ ਇਸ ਤਰ੍ਹਾਂ ਹੈ, ਮਾਨੋ ਸਿੱਖੀ ਦੇ ਬੂਟੇ ਨੂੰ ਪ੍ਰਫੁਲਿਤ ਕਰਨ ਲਈ ਉਪਰੋਂ ਪਾਣੀ ਦੀਆਂ ਫੁਹਾਰਾਂ ਪਾ ਰਹੇ ਹੋਣ ਪਰ ਜਦ ਗਹਿਰਾਈ ਵਿਚ ਉਤਰ ਕੇ ਦੇਖਾਂਗੇ ਤਾਂ ਪਤਾ ਚੱਲੇਗਾ ਕਿ ਉਪਰੋਂ ਤਾਂ ਪਾਣੀ ਦੀਆਂ ਫੁਹਾਰਾਂ ਦੇ ਰਹੇ ਹਨ ਨਾਲ ਹੀ ਸਿੱਖੀ ਦੇ ਮੁੱਢਲੇ ਅਸੂਲ, ਨਾਮ ਜਪਣਾ, ਖੰਡੇ ਦੀ ਪਹੁਲ, ਨਿੱਤਨੇਮ, ਅੰਮ੍ਰਿਤ ਵੇਲੇ ਦੀ ਸੰਭਾਲ ਆਦਿ ਨੂੰ ਖੰਡਨ ਕਰ ਕੇ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਗਰਮ ਤੇਲ ਚੋ ਰਹੇ ਹਨ । ਸ਼ਰਧਾ, ਵਿਸ਼ਵਾਸ ਅਤੇ ਗੁਰੂ ਪਿਆਰ ਨੂੰ ਖ਼ਤਮ ਕਰਨ ਲਈ ਗੁਰਬਾਣੀ ਅਤੇ ਇਤਿਹਾਸ ਨੂੰ ਵਿਗਿਆਨ ਦੇ ਚਸ਼ਮੇ ਰਾਹੀਂ ਦੇਖ ਕੇ ਮਨੋ-ਕਲਪਿਤ ਤੱਥ ਪੇਸ਼ ਕਰ ਕੇ ਜਨ-ਸਧਾਰਨ ਨੂੰ ਗੁਮਰਾਹ ਕਰ ਰਹੇ ਹਨ।

ਸੱਚ ਕਹਿਣਾ ਔਖਾ ਹੈ ਅਤੇ ਸੱਚ ਸੁਣਨਾ ਉਸ ਤੋਂ ਭੀ ਔਖਾ ਹੈ । ਇਸ ਲਈ ਦਾਸ ਵੱਲੋਂ ਲਿਖੀ ਕਿਤਾਬ 'ਕਾਮਰੇਡੀ ਸਿੱਖਾਂ ਦੇ ਕੌਤਕ' ਪੜ੍ਹ ਕੇ ਸੁਖਵਿੰਦਰ ਸਿੰਘ ਸਭਰਾ ਤਿਲਮਿਲਾ ਉਠਿਆ ਅਤੇ 'ਸੰਤਾਂ ਦੇ ਕੌਤਕ' ਭਾਗ ਛੇਵਾਂ ਵਿਚ ਬੜੇ ਵਚਿੱਤਰ ਊਟ-ਪਟਾਂਗ ਸ਼ੋਸ਼ੇ ਛੱਡੇ ਹਨ ਜਿਨ੍ਹਾਂ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਅਸੀਂ ਹਥਲੀ ਪੁਸਤਕ (ਕਾਮਰੇਡੀ ਸਿੱਖਾਂ ਦੇ ਕੌਤਕ ਭਾਗ-2) ਵਿਚ ਕੀਤਾ ਹੈ ।

---



ਉਕਤੀਆਂ, ਯੁਕਤੀਆਂ, ਦਲੀਲਾਂ ਅਤੇ ਪ੍ਰਮਾਣ ਆਦਿ ਬਿਬੇਕ ਬੁੱਧ ਧਾਰਨੀ ਨਿਰਪੱਖ ਪਾਠਕਾਂ ਲਈ ਹੁੰਦੀਆਂ ਹਨ, ਜੋ ਸਹੀ ਤੱਥਾਂ ਨੂੰ ਪੜ੍ਹ ਕੇ ਇਸ ਤੋਂ ਲਾਭ ਉਠਾਉਂਦੇ ਹਨ । ਪਰ ਹਠ ਧਰਮੀ ਅਤੇ ਪਸ਼ੂ ਬਿਰਤੀ ਵਾਲੇ, ਜੋ ਲੋਕ ਭਾਵਨਾ ਨੂੰ ਨਾ ਸਮਝਦੇ ਹੋਏ ਨੱਕ-ਮੂੰਹ ਭਨਾ ਕੇ ਭੀ ਅੜੀ ਨਾ ਛੱਡਣ ਇਸ ਨੂੰ ਪੜ੍ਹ ਕੇ, ਸ਼ਾਇਦ ਹਤਾਸ਼ ਹੋ ਕੇ ਪਹਿਲਾਂ ਨਾਲੋਂ ਭੀ ਭੱਦੀ ਭਾਸ਼ਾ ਵਰਤ ਕੇ ਆਪਣੇ ਮਨ ਦਾ ਗ਼ੁਬਾਰ ਕੱਢਣਗੇ ।

**ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥**
**ਮਨਮੁਖੁ ਰਲਾਇਆ ਨ ਰਲੈ ਪਇਐ ਕਿਰਤਿ ਫਿਰਾਇ ॥** (ਅੰਗ ੮੭)
**ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥**
**ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧ ਪੀਆਇਆ ॥**
**ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥**
**ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥**
**ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥**
(ਅੰਗ ੧੨੪੪)

## ਕਾਮਰੇਡੀ ਪਰਉਪਕਾਰ

ਸਾਡੇ ਸਮਾਜ ਦੇ ਵਡੇਰਿਆਂ ਅਤੇ ਧਾਰਮਿਕ ਰਹਿਬਰਾਂ ਨੇ ਸਮਾਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਤਿੰਨ ਪ੍ਰਕਾਰ ਦੇ ਡਰ ਜਨ ਸਧਾਰਨ ਦੇ ਮਨਾਂ ਵਿਚ ਵਸਾਏ ਸਨ ।

1. ਕਨੂੰਨ ਦਾ ਡਰ
2. ਸਮਾਜ ਦਾ ਡਰ
3. ਰੱਬੀ ਡਰ

ਜਿਹੜੇ ਸਧਾਰਨ ਬੁੱਧੀ ਵਾਲੇ ਬੰਦੇ ਸਨ ਉਨ੍ਹਾਂ ਨੂੰ ਸਰਲ ਤਰੀਕੇ ਅਤੇ ਸਿੱਧਾ ਉਪਦੇਸ਼ ਸੀ ਕਿ ਗ਼ਲਤ ਕੰਮ ਕਰੋਗੇ, ਪੁਲਿਸ ਫੜ ਕੇ ਲੈ ਜਾਵੇਗੀ, ਸਰੀਰਿਕ ਕੁੱਟ ਤੋਂ ਇਲਾਵਾ ਕਨੂੰਨ ਅਨੁਸਾਰ ਜੇਲ੍ਹ ਦੀ ਹਵਾ ਖਾਣੀ ਪਵੇਗੀ ।

ਤੀਖਣ ਬੁੱਧੀ ਵਾਲਾ ਕਹਿ ਦਿੰਦਾ ਸੀ ਸਿਫ਼ਾਰਸ਼, ਰਿਸ਼ਵਤ ਅਤੇ ਝੂਠੀ ਗਵਾਹੀ ਭੁਗਤਾਉਣ ਨਾਲ ਕੁਝ ਨਹੀਂ ਵਿਗੜਦਾ । ਅਜਿਹੇ ਬੰਦਿਆਂ ਲਈ ਕਿਹਾ ਜਾਂਦਾ ਸੀ ਕਿ ਕਨੂੰਨ ਤੋਂ ਤਾਂ ਬਚ ਜਾਵੋਗੇ ਪਰ ਸਮਾਜ ਕੀ ਕਹੇਗਾ । ਇਕ ਵਾਰ ਹਥਕੜੀ ਲੱਗ ਗਈ ਸਾਰਾ ਸਮਾਜ ਸ਼ੱਕ ਦੀ ਨਿਗ੍ਹਾ ਨਾਲ ਦੇਖੇਗਾ ।

ਚਲਾਕ ਬੰਦੇ ਕਹਿ ਦਿੰਦੇ ਹਨ ਕਿ ਆਪਾਂ ਐਸੀ ਜੁਗਤ ਲੜਾਵਾਂਗੇ ਕਿ ਕਿਸੇ ਨੂੰ ਪਤਾ ਹੀ ਨਾ ਲੱਗੇ । ਦੂਸਰੇ, ਸਮਾਜ ਡਰਾਉਂਦਾ ਹੈ ਨਿਮਾਣਿਆਂ ਨਿਤਾਣਿਆਂ ਨੂੰ, ਜਿਸ ਕੋਲ ਪੈਸਾ ਹੈ ਅਤੇ ਚਾਰ ਬੰਦੇ ਪਿੱਛੇ ਹਨ, ਉਸ ਦਾ ਸਮਾਜ ਕੁਝ ਨਹੀਂ ਵਿਗਾੜ ਸਕਦਾ । ਅਜਿਹੇ ਬੰਦਿਆਂ ਨੂੰ ਕਿਹਾ ਜਾਂਦਾ ਸੀ ਕਿ ਕਨੂੰਨ ਤੋਂ ਬਚ ਜਾਵੋਗੇ, ਸਮਾਜ ਦੀਆਂ ਅੱਖਾਂ ਵਿੱਚ ਘੱਟਾ ਪਾ ਦੇਵੋ ਪਰ ਜੋ ਸਰਬ ਸ਼ਕਤੀਮਾਨ, ਅੰਤਰਜਾਮੀ ਅਤੇ ਹਰ ਥਾਂ ਵਿਆਪਕ ਪਰਮੇਸ਼ਰ ਹੈ ਉਸ ਤੋਂ ਕਿਵੇਂ ਬਚੋਗੇ?

**ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥**
(ਅੰਗ ੬੧੬)

**ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥**
(ਅੰਗ ੧੧੦੬)

ਪ੍ਰਗਤੀਵਾਦੀ ਅਤੇ ਵਿਗਿਆਨਿਕ ਸੋਚ ਵਾਲੇ ਕਾਮਰੇਡਾਂ ਨੇ ਰੱਬੀ ਭੈ ਅਤੇ ਧਰਮਰਾਇ ਦਾ ਡਰ ਖ਼ਤਮ ਕਰਕੇ ਸਭ ਲਈ ਸੌਖ ਕਰ ਦਿੱਤੀ । ਉਨ੍ਹਾਂ ਦਾ ਕਹਿਣਾ ਹੈ ਕਿ ਜਦ ਰੱਬ ਹੈ ਹੀ ਨਹੀਂ ਫਿਰ ਡਰ ਕਿਸ ਚੀਜ਼ ਦਾ ਹੈ । ਇਕ ਵਾਰੀ ਕੁੰਭ ਦੇ ਮੇਲੇ ’ਤੇ ਅਲਾਹਾਬਾਦ, ਪੰਡਤ ਜਵਾਹਰ ਲਾਲ ਨਹਿਰੂ ਜੀ ਗਏ ਸੀ, ਕੁਦਰਤੀ, ਉਸ ਦਿਨ ਨਾਂਗੇ ਸਾਧੂਆਂ ਨੇ ਤ੍ਰਿਬੈਣੀ ਇਸ਼ਨਾਨ ਕਰਨਾ ਸੀ । ਨਾਂਗੇ ਸਾਧੂਆਂ ਦਾ ਝਗੜਾ ਹੋਣ ਨਾਲ ਖ਼ੂਨ ਖ਼ਰਾਬਾ ਹੋ ਗਿਆ ਅਤੇ ਪੰਡਤ ਜੀ ਦਾ ਪਾਰਾ ਅਸਮਾਨ ਚੜ੍ਹ ਗਿਆ। ਪੰਡਤ ਜੀ ਨੇ ਬਿਆਨ ਦਿੱਤਾ “ਯਹਿ ਧਰਮੋਂ ਨੇ ਹਮਾਰਾ ਮੁਲ਼ਕ ਬਰਬਾਦ ਕਰ ਦੀਆ । ਮੱਤ, ਕਿਸੀ ਧਰਮ ਕੋ ਮਾਨੋ । ਬਸ ਅੰਨ ਪੈਦਾ ਕਰਨਾ ਔਰ ਦੇਸ ਕੇ ਲੀਏ ਧਨ ਕਮਾਣਾ ਯਹ ਆਪਕਾ ਧਰਮ ਹੈ ਔਰ ਰਾਸ਼ਟਰ ਕੀ ਸੇਵਾ ਹੈ।”

ਸਾਡੇ ਦੇਸ ਦੇ, ਸੰਸਾਰ ਪ੍ਰਸਿੱਧੀ ਵਾਲੇ ਮਹਾਨ ਚਿੰਤਕ, ਡਾ. ਰਾਧਾ ਕ੍ਰਿਸ਼ਨਨ (ਦੇਸ ਦੇ ਦੂਜੇ ਰਾਸ਼ਟਰਪਤੀ) ਜੀ ਨੇ ਪੰਡਤ ਜਵਾਹਰ ਲਾਲ ਜੀ ਨੂੰ ਬਹੁਤ ਕਿਹਾ ਕਿ ਵਿਦਿਆਰਥੀ ਵਰਗ ਨੂੰ ਨੈਤਿਕਤਾ ਵੱਲ ਲਿਜਾਣ ਲਈ ਕੋਈ ਰੱਬੀ ਭੈ ਵਾਲੀਆਂ ਪਾਠ ਪੁਸਤਕਾਂ ਲਾਈਆਂ ਜਾਣ ਪਰ ਪੰਡਤ ਜੀ ਦਾ ਇੱਕੋ ਜਵਾਬ ਸੀ

“ਹਮ ਤੋ ਧਰਮ ਨਿਰਪੇਕਸ਼ ਹੈਂ”

ਰੱਬੀ ਭੈ ਦਾ ਡਰ ਤਾਂ ਕਾਮਰੇਡੀ ਤਰਕਸ਼ੀਲਾਂ ਦੀ ਸੋਚ ਅਤੇ ਸਰਕਾਰੀ



ਨਾਅਰੇ ਨੇ ਖ਼ਤਮ ਕਰ ਦਿੱਤਾ । ਵੋਟਾਂ ਦੇ ਰਾਜ ਵਿੱਚ, ਜਦ ਵੋਟਾਂ ਪਾਉਣ ਵਾਲਿਆਂ ਦਾ ਹਜੂਮ, ਤੁਹਾਡੇ ਪਿੱਛੇ ਹੈ ਤਾਂ ਸਮਾਜ ਤੁਹਾਡਾ ਕੀ ਵਿਗਾੜੇਗਾ? ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ । ਬਲਾਤਕਾਰ ਅਤੇ ਕਤਲ ਦੇ ਕੇਸ ਦੇ ਇਲਜ਼ਾਮਾਂ ਵਾਲਾ ਸਿਰਸਾ ਵਾਲਾ ਸਾਧ ਜਦ ਹਜੂਮ ਪਿੱਛੇ ਲਾ ਕੇ ਕਚਹਿਰੀ ਵਿਚ ਜਾਂਦਾ ਹੈ ਤਾਂ ਇਕ ਵਾਰੀ ਜੱਜ ਭੀ ਝੇਪ ਖਾ ਜਾਂਦਾ ਹੈ ।

ਬਾਕੀ ਰਹਿ ਗਿਆ ਕਨੂੰਨ ਇਸ ਤੋਂ ਡਰਨ ਦੀ ਕੀ ਲੋੜ ਹੈ? ਇਹ ਤਾ ਬਣਾਉਣਾ ਹੀ ਆਪਾਂ ਹੈ । ਜੈਸਾ ਸਾਡੇ ਹੱਕ ਵਿੱਚ ਹੋਵੇ ਵੈਸਾ ਬਣ ਜਾਵੇਗਾ । ਜੇ ਮੇਰੀ ਪਾਰਟੀ ਦਾ ਕਿਤੇ ਇਕੱਠ ਹੋਣਾ ਹੈ ਤਾਂ ਆਵਾਜਾਈ ਦੇ ਸਾਧਨ ਸਾਡੀ ਤਲੀ ਤੇ ਹਨ ਅਤੇ ਜੇ ਵਿਰੋਧੀ ਧਿਰ ਨੇ ਕਿਤੇ ਵਿਖਾਵਾ, ਰੋਸ ਕਰਨਾ ਹੈ ਤਾਂ ਰਾਤੋ-ਰਾਤ ਦਫ਼ਾ 144 ਲਾਗੂ ਹੋ ਜਾਵੇਗੀ । ਹੁਕਮ ਨਿਕਲ ਜਾਵੇਗਾ ਕਿ ਕੋਈ ਬੰਦਾ ਬੱਸ ਦੀ ਛੱਤ ਤੇ ਨਹੀਂ ਬੈਠ ਸਕਦਾ । ਜਗ੍ਹਾ-ਜਗ੍ਹਾ ਨਾਕੇ ਲਾ ਦਿੱਤੇ ਜਾਣਗੇ । ਜੇ ਮੇਰੀ ਪਾਰਟੀ ਦੇ ਬੰਦੇ ਕੋਈ ਹਵਾਈ ਜਹਾਜ਼ ਹਾਈਜੈਕ ਕਰ ਲੈਣ ਤਾਂ ਬਹਾਦਰੀ ਵਾਲਾ ਕਾਰਨਾਮਾ ਹੈ ਅਤੇ ਪਾਰਟੀ ਵਲੋਂ ਪਾਰਲੀਮੈਂਟ ਦੀ ਚੋਣ ਜਿਤਾਈ ਜਾਂਦੀ ਹੈ ਅਤੇ ਜੇ ਇਹੋ ਕੰਮ ਹੋਰ ਕੋਈ ਕਰੇ ਤਾਂ ਅਤਿਵਾਦੀ ਅਤੇ ਦੇਸ ਦਾ ਗ਼ੱਦਾਰ ਕਹਿ ਕੇ ਗੋਲੀ ਨਾਲ ਉਡਾਇਆ ਜਾਂਦਾ ਹੈ ਜਾਂ ਜੇਲ੍ਹ ਭੇਜਿਆ ਜਾਂਦਾ ਹੈ ।

ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਨੂੰ ਕਾਮਰੇਡੀ ਸੋਚ ਵਡਿਆਉਂਦੀ ਨਹੀਂ ਥੱਕਦੀ ਪਰ ਸਿੱਖ ਖਾੜਕੂਆਂ ਨੂੰ ਅਨਪੜ੍ਹ ਜਾਹਲ, ਮੌਕਾਪ੍ਰਸਤ, ਲੁਟੇਰੇ ਅਤੇ ਬਲਾਤਕਾਰੀ ਕਹਿਣ ਨੂੰ ਕੋਈ ਸੰਕੋਚ ਨਹੀਂ ਕਰਦੀ ।

ਸਟਾਲਿਨ ਪਿੱਛੋਂ ਜਦ ਖਰੁਸਚੋਵ ਸੋਵੀਅਤ ਸੰਘ ਦਾ ਪ੍ਰਧਾਨ ਬਣਿਆ ਅਤੇ ਪਾਰਲੀਮੈਂਟ ਵਿਚ ਸਟਾਲਿਨ ਵਲੋਂ ਜਨਤਾ ਉੱਤੇ ਢਾਹੇ ਗਏ ਜ਼ੁਲਮ ਵਰਨਨ ਕਰ ਰਿਹਾ ਸੀ ਤਾਂ ਇਕ ਸਲਿੱਪ ਉਸ ਕੋਲ ਪਹੁੰਚੀ ਕਿ ਸਟਾਲਿਨ ਦੇ ਸਮੇਂ ਤੁਹਾਡੀ ਮੌਜੂਦਗੀ ਵਿਚ ਇਹ ਸਭ ਕੁਝ ਵਾਪਰਿਆ, ਤੁਸੀਂ ਉਸ ਵੇਲੇ ਕਿਉਂ ਨਹੀਂ ਬੋਲੇ? ਖਰੁਸਚੋਵ ਨੇ ਮੰਚ ਤੋਂ ਕਿਹਾ ਕਿ ਸਲਿੱਪ ਭੇਜਣ ਵਾਲੇ ਦੇ ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ ਉੱਠ ਕੇ ਖੜ੍ਹਾ ਹੋ ਜਾਵੇ । ਵਾਰ-ਵਾਰ ਕਹਿਣ ’ਤੇ ਭੀ ਜਦ ਕੋਈ ਖੜ੍ਹਾ ਨਾ ਹੋਇਆ । ਇਸ ਤੇ ਖਰੁਸ਼ਚੋਵ ਨੇ ਕਿਹਾ ਕਿ ਤੁਹਾਡੀ ਪੁਜੀਸ਼ਨ ਜੋ ਹੁਣ ਹੈ ਇਹੀ ਹਾਲ ਮੇਰਾ ਸੀ ।

ਐਸਾ ਕਿਹੜਾ ਅਨੈਤਿਕਤਾ ਵਾਲਾ ਕੰਮ ਸੀ ਜੋ ਉਸ ਦੇਸ ਵਿਚ ਨਹੀਂ ਹੁੰਦਾ ਸੀ ਪਰ ਜਿਸ ਤਰ੍ਹਾਂ ਸਾਡੇ ਦੇਸ ਦੇ ਬ੍ਰਾਹਮਣ ਦੀ ਕਿਤਾਬ ਕਹਿੰਦੀ ਹੈ ਬ੍ਰਾਹਮਣ ਸਰਬਸ੍ਰੇਸ਼ਠ ਹੈ ਬਾਕੀ ਸਭ ਨੀਚ ਹਨ ਇਸੇ ਤਰ੍ਹਾਂ ਕਮਿਊਨਿਜ਼ਮ ਦੀ ਲਾਲ ਕਿਤਾਬ ਕਹਿੰਦੀ ਹੈ ਕਿ ਕਮਿਊਨਿਸਟ ਸਭ ਦੁੱਧ ਧੋਤੇ ਹਨ ਬਾਕੀ ਸਭ ਪਲੀਤ ਹਨ ।

ਗਾਰਵਾਚੋਵ ਦੇ ਰਾਜ ਕਾਲ ਸਮੇਂ ਰੂਸ ਵਿਚ ਭੂਚਾਲ ਨੇ ਬਹੁਤ ਤਬਾਹੀ ਮਚਾਈ । ਮਨੁੱਖੀ ਆਧਾਰ ’ਤੇ ਯੂਰਪੀ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਡਾਕਟਰ, ਦਵਾਈਆਂ ਅਤੇ ਹੋਰ ਸਮੱਗਰੀ ਸਹਾਇਤਾ ਲਈ ਭੇਜੀ ਗਈ । ਅਖ਼ਬਾਰਾਂ ਵਿਚ ਖ਼ਬਰਾਂ ਆਈਆਂ ਕਿ ਵਿਦੇਸ਼ੀ ਤਾਂ ਲੋਕਾਂ ਦੀ ਸਹਾਇਤਾ ਵਿਚ ਜੁੱਟੇ ਹੋਏ ਸੀ ਪਰ ਬਹੁਤ ਸਾਰੇ ਦੇਸ ਵਾਸੀ ਆਪਣਿਆਂ ਨੂੰ ਲੁੱਟਣ ਵਿਚ ਰੁੱਝੇ ਹੋਏ ਸੀ । ਕਾਰਨ? ਕਿਉਂਕਿ ਮਨਾਂ ਵਿੱਚੋਂ ਰੱਬੀ ਭੈ ਅਤੇ ਹੋਰ ਭੈ ਖ਼ਤਮ ਹੋ ਗਏ ਸਨ ।

ਖ਼ਾਲਸਾ ਪੰਥ ਵਿਚ ਘੁਸਪੈਠ ਕਰਨ ਵਾਲੀ ਕਾਮਰੇਡੀ ਵਿਚਾਰਧਾਰਾ ਭੀ, ਸਿੱਖੀ ਵਿਰੋਧੀ ਲਿਖਤਾਂ ਰਾਹੀਂ, ਸਿੱਖਾਂ ਵਿੱਚੋਂ, ਰਹਿੰਦੀ-ਖੂੰਹਦੀ ਰੱਬੀ ਭੈ ਵਾਲੀ ਮਾਨਸਿਕਤਾ ਦਾ ਪੂਰਨ ਤੌਰ ਤੇ ਭੋਗ ਪਾਉਣਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਨੂੰ ਕੋਈ ਨੱਕ-ਵੱਢਾ ਕਹਿਣ ਜੋਗਾ ਨਾ ਰਹੇ । ਇਸ ਲਈ ਪੰਥਕ ਇਤਿਹਾਸ, ਗੁਰ ਇਤਿਹਾਸ ਅਤੇ ਗੁਰਬਾਣੀ ਦੇ ਅਰਥਾਂ ਨੂੰ ਵਿਗਿਆਨ ਦੀ ਪੁੱਠ ਦੇ ਕੇ ਤੋੜ-ਮਰੋੜ ਪੇਸ਼ ਕਰਨ ਵਿਚ ਤਤਪਰ ਹਨ । ਇਸ ਮਾਮਲੇ ਵਿੱਚ ਸਪੋਕਸਮੈਨ ਦੇ ਲਿਖਾਰੀਆਂ ਦੀ ਜੁੰਡਲੀ ਸਭ ਤੋਂ ਅੱਗੇ ਹੈ ਜਿਸ ਦਾ ਸਬੂਤ ਅਸੀਂ ‘ਸਭ ਦੁਸਟ ਝਖ ਮਾਰਾ’ ਅਤੇ ਕੌਤਕ ਕਾਮਰੇਡੀ ਸਿੱਖਾਂ ਦੀ ਕਿਤਾਬ ਵਿੱਚ ਚੰਗੀ ਤਰ੍ਹਾਂ ਦਿੱਤਾ ਹੈ । ਗੁਰਬਾਣੀ ਦਾ ਫ਼ਰਮਾਨ ਹੈ:

**ਮਨੁ ਕੁੰਚਰੁ ਪੀਲਕੁ ਗੁਰੂ**
**ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥**
**ਨਾਨਕ ਹਸਤੀ ਕੁੰਡੇ ਬਾਹਰਾ**
**ਫਿਰਿ ਫਿਰਿ ਉਝੜਿ ਪਾਇ॥** (ਅੰਗ ੫੧੬)

**ਅਰਥ :** ਮਨ ਇਕ ਹਾਥੀ ਹੈ, ਮਹਾਵਤ ਗੁਰੂ ਹੈ ਅਤੇ (ਮਹਾਵਤ ਰੂਪੀ ਗੁਰੂ ਕੋਲ ਗਿਆਨ ਰੂਪੀ) ਕੁੰਡਾ (ਅੰਕੁਸ਼) ਹੈ । ਇਸ ਤਰ੍ਹਾਂ ਜਿੱਧਰ ਨੂੰ ਮਹਾਵਤ ਲਿਜਾਂਦਾ ਹੈ ਮੇਰਾ ਮਨ ਉੱਧਰ ਹੀ ਜਾਂਦਾ ਹੈ ਭਾਵ ਮੈਂ ਗੁਰੂ ਦੇ ਹੁਕਮ ਅਨੁਸਾਰ ਸਭ ਕੰਮ ਕਰਦਾ ਹਾਂ । ਜਿਸ ਹਾਥੀ ਦੇ ਸਿਰ ’ਤੇ (ਕਿਸੇ ਗੁਰੂ ਪੀਰ ਦਾ) ਕੁੰਡਾ ਨਹੀਂ ਹੁੰਦਾ ਉਹ ਬਰਾਬਰ ਉਸ ਰਸਤੇ ਤੇ ਜਾਂਦਾ ਹੈ ਜਿਸ ਦੇ ਅੰਤ ਦਾ ਕੋਈ ਥਹੁ ਪਤਾ ਨਹੀਂ ਹੈ।

ਪਰ ਦਾੜ੍ਹੀ ਕੇਸਾਂ ਵਾਲੇ ਕਾਮਰੇਡਾਂ ਦਾ ਤਰਕ ਹੈ ਕਿ ਅਸੀਂ ਤਾਂ ਹਾਥੀ ਹੈ ਹੀ ਨਹੀਂ ਸਾਨੂੰ ਗੁਰੂ ਅਤੇ ਗੁਰੂ ਗਿਆਨ ਦੀ ਕੀ ਲੋੜ ਹੈ? ਅਸੀਂ ਲੂੰਬੜੀ ਤੋਂ ਚਲਾਕੀ ਲਈ ਹੈ ਅਤੇ ਸਭ ਦਾ ਪੂਛ ਹਿਲਾ ਕੇ ਸੁਆਗਤ ਕਰਦੇ ਹਾਂ ਅਤੇ ਆਪਣੇ ਮਾਲਕ ਦੇ ਪੱਕੇ ਵਫ਼ਾਦਾਰ ਹਾਂ। ਕਾਲ਼ਾ ਅਫ਼ਗਾਨਾ, ਇੰਦਰ ਸਿੰਘ ਘੱਗਾ ਅਤੇ ਸਪੋਸਮੈਨ ਦੀਆਂ ਲਿਖਤਾਂ ਤੋਂ ਸੁਤੇ ਹੀ ਇਹ ਸਿੱਧ ਹੋ ਜਾਂਦਾ ਹੈ। ਜਦੋਂ ਸਪੋਕਸਮੈਨ ਨੂੰ ਸਿੱਖ ਵਿਰੋਧੀ ਗਤੀਵਿਧੀਆਂ ਬਾਰੇ ਅਕਾਲ ਤਖ਼ਤ ’ਤੇ ਸੱਦਿਆ ਗਿਆ ਤਾਂ ਇਸ



ਨੇ ਕਿਹਾ ਕਿ ਮੈਂ ਪੱਤਰਕਾਰ ਹਾਂ ਮੈਨੂੰ ਤਖ਼ਤ ਸਾਹਿਬ ਤੇ ਤਲਬ ਕਰਨਾ ਪ੍ਰੈੱਸ ਦੀ ਅਜ਼ਾਦੀ ਦਾ ਗਲ਼ ਘੁੱਟਣਾ ਹੈ। ਅਸਾਡਾ ਕਹਿਣਾ ਹੈ ਕਿ ਜੇ ਤੂੰ ਪੱਤਰਕਾਰ ਹੈ ਤਾਂ ਪੱਤਰਕਾਰ ਹੀ ਰਹਿ ਤੂੰ ਸਿੱਖੀ ਵਿਚ ਟੰਗ ਕਿਉਂ ਅੜਾਉਂਦਾ ਹੈਂ? ਇਹ ਉਹੀ ਗੱਲ ਹੋਈ ਕਿ ਬੜ੍ਹਕ ਕਿਉਂ ਮਾਰਦਾ ਹੈਂ । ਅਖੇ ਮੈਂ “ਸਾਨ੍ਹ ਹਾਂ” । ਬਈ ਫਿਰ ਤੂੰ ਮੋਕ ਕਿਉਂ ਮਾਰਦਾ ਹੈਂ ਉੱਤਰ ਮਿਲਿਆ ਕਿ “ਗਊ ਦਾ ਜਾਇਆ ਹਾਂ” ।

ਮਾਦਾਪ੍ਰਸਤ, ਕਾਮਰੇਡੀ ਸੋਚ ਦੇ ਧਾਰਨੀ, ਤਰਕਸ਼ੀਲ ਬੰਦੇ ਧੂੰਆਂ-ਧਾਰ ਪ੍ਰਚਾਰ ਕਰ ਰਹੇ ਹਨ ਕਿ ਅਸੀਂ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਅਗਿਆਨਤਾ ਵਾਲੇ ਜੀਵਨ ਵਿੱਚੋਂ ਕੱਢ ਕੇ ਵਿਗਿਆਨ ਦੇ ਲੜ ਲਾ ਕੇ, ਲੋਕਾਂ ਨੂੰ ਸੁਚਾਰੂ ਜੀਵਨ ਦੀ ਸੇਧ ਦੇ ਕੇ ਮਨੁੱਖਤਾ ਤੇ ਪਰਉਪਕਾਰ ਕਰ ਰਹੇ ਹਾਂ। ਦੂਰੋਂ ਦੇਖਿਆਂ, ਇਨ੍ਹਾਂ ਦੀ ਕਾਰਜ ਸ਼ੈਲੀ ਅਤੇ ਪ੍ਰਚਾਰ ਦੇ ਤਰੀਕੇ ਨੂੰ ਦੇਖ ਕੇ ਆਮ ਬੰਦਾ ਇਨ੍ਹਾਂ ਦੀ ਪ੍ਰਸੰਸਾ ਕਰਨੋਂ ਨਹੀਂ ਰਹਿ ਸਕਦਾ ਪਰ ਜਦ ਅੰਦਰ ਵੜ ਕੇ ਦੇਖੀਏ ਤਾਂ ਅਸਲੀਅਤ ਸਾਹਮਣੇ ਆਉਂਦੀ ਹੈ ਕਿ ਮਨੁੱਖਤਾ ’ਤੇ ਇਹ ਕਿਹੋ ਜਿਹਾ ਪਰਉਪਕਾਰ ਕਰ ਰਹੇ ਹਨ । ਇਸ ਮਾਮਲੇ ਵਿਚ ਛੋਟੀ ਜਿਹੀ ਉਦਾਹਰਣ ਅਸੀਂ ਪਾਠਕਾਂ ਨੂੰ ਪੇਸ਼ ਕਰ ਰਹੇ ਹਾਂ ।

ਨਿਰੰਜਨ ਸਿੰਘ (ਫ਼ਰਜ਼ੀ ਨਾਮ) ਪੜ੍ਹਿਆ ਲਿਖਿਆ, ਗੁਰਮੁਖ ਪਰਵਾਰ ਵਿੱਚੋਂ, ਇਕ ਅੰਮ੍ਰਿਤਧਾਰੀ ਸਿੰਘ ਸੀ । ਪੂਰਨ ਰਹਿਤਵਾਨ, ਨਿੱਤਨੇਮੀ ਅਤੇ ਧਰਮੀ ਬੰਦਾ ਸੀ । ਜੇ.ਬੀ.ਟੀ. ਕਰਕੇ ਸਕੂਲ ਵਿਚ ਅਧਿਆਪਕ ਲੱਗ ਗਿਆ ਅਤੇ ਨਾਲ ਹੀ ਪੀ.ਸੀ.ਐਸ. ਦੀ ਤਿਆਰੀ ਕਰਨ ਲੱਗ ਪਿਆ । ਸਕੂਲ ਵਿਚ ਇਕ ਕਾਮਰੇਡੀ ਗਰੁੱਪ ਸੀ ਅਤੇ ਕਾਮਰੇਡੀ ਟੋਲੇ ਦੇ ਗੁਰੂ ਨੇ ਨਿਰੰਜਨ ਸਿੰਘ ਦੇ ਸਕੂਲ ਵਿਚ ਪ੍ਰਵੇਸ਼ ਕਰਦਿਆਂ ਹੀ ਠਾਣ ਲਿਆ ਕਿ ਇਸ ਜਥੇਦਾਰ ਦੀ ਕਿਰਪਾਨ ਲੁਹਾ ਕੇ ਇਸ ਦਾ ਸੁਧਾਰ ਕਰਨਾ ਹੈ ।

ਸਮਾਂ ਲੰਘਦਾ ਗਿਆ ਅਤੇ ਕਾਮਰੇਡੀ ਗੁਰੂ ਨਿਰੰਜਨ ਸਿੰਘ ਨਾਲ ਨੇੜਤਾ ਵਧਾ ਕੇ ਆਪਣਾ ਪ੍ਰਚਾਰ ਕਰਦਾ ਰਿਹਾ । ਨਿਰੰਜਨ ਸਿੰਘ ਨੇ ਪੀ.ਸੀ.ਐਸ. ਦਾ ਲਿਖਤੀ ਇਮਤਿਹਾਨ ਪਾਸ ਕਰ ਲਿਆ ਪਰ ਇੰਟਰਵਿਊ ਵਿਚ ਰਹਿ ਗਿਆ ਅਤੇ ਨਿਰਾਸ ਹੋ ਗਿਆ । ਮੌਕਾ ਠੀਕ ਜਾਣ ਕੇ ਕਾਮਰੇਡੀ ਗੁਰੂ ਨੇ ਆਪਣਾ ਬਾਣ ਛੱਡਿਆ ਅਤੇ ਕਿਹਾ ਕੀ ਫ਼ਾਇਦਾ ਹੋਇਆ ਪਾਠ ਕਰਨ ਦਾ ਅਤੇ ਗੁਰਦੁਆਰੇ ਜਾਣ ਦਾ? ਜੇ ਇਹੋ ਸਮਾਂ ਮਨ ਲਗਾ ਕੇ ਪੜ੍ਹਾਈ ਕਰਦਾ ਤਾਂ ਪਾਸ ਨਾ ਹੋ ਜਾਂਦਾ?

ਨਿਰੰਜਨ ਸਿੰਘ ਨੇ ਦੁਬਾਰਾ ਟੈੱਸਟ ਦਿੱਤਾ, ਲਿਖਤੀ ਇਮਤਿਹਾਨ ਪਾਸ ਕਰ ਲਿਆ ਪਰ ਇੰਟਰਵਿਊ ਵਿਚ ਫਿਰ ਰਹਿ ਗਿਆ । ਕਾਮਰੇਡੀ ਗੁਰੂ ਨੇ ਫਿਰ ਪਰਉਪਕਾਰ ਦਾ ਤੀਰ ਛੱਡਿਆ । ਕਿੱਥੇ ਗਿਆ ਤੇਰਾ ਬਾਬਾ ਅਤੇ ਗ੍ਰੰਥ ਜਿਸ ਅੱਗੇ

ਮੱਥਾ ਰਗੜਦਾ ਸੈਂ, ਕਿੱਥੇ ਗਈਆਂ ਤੇਰੀਆਂ ਅਰਦਾਸਾਂ । ਜਿਹੜੇ ਮੁੰਡੇ ਸਿਲੈਕਟ ਹੋਏ ਹਨ ਕਿੰਨਾ ਕੁ ਪਾਠ ਕਰਦੇ ਹਨ? ਅਤੇ ਕਿੰਨਾ ਗੁਰਦੁਆਰੇ ਜਾ ਕੇ ਅਰਦਾਸਾਂ ਕਰਦੇ ਹਨ । ਕਿੱਥੇ ਹੈ ਤੇਰਾ ਉਹ ਸਰਬ ਸ਼ਕਤੀਮਾਨ ਰੱਬ, ਅੱਜ ਤੱਕ ਕਿਸੇ ਨੇ ਦੇਖਿਆ ਹੈ?

ਪਰਮੇਸ਼ਰ ਦੀ ਲੀਲ੍ਹਾ ਨਿਆਰੀ ਹੈ । ਨਿਰੰਜਨ ਸਿੰਘ ਦਾ ਵਿਆਹ ਹੋ ਗਿਆ ਸਾਲ ਪਿੱਛੋਂ ਲੜਕੀ ਪੈਦਾ ਹੋਈ ਪਰ ਮਾਂ ਚੱਲ ਵਸੀ । ਨਿਰੰਜਨ ਸਿੰਘ ਘੋਰ ਨਿਰਾਸ਼ਾ ਵਿਚ ਚਲਾ ਗਿਆ । ਕਾਮਰੇਡੀ ਗੁਰੂ ਪੂਰਾ ਘਾਗ ਸੀ, ਤਵਾ ਗਰਮ ਜਾਣ ਕੇ ਫਿਰ ਸੱਟ ਮਾਰੀ । ਕੋਈ ਰੱਬ ਰੁਬ ਨਹੀਂ ਹੈ ਭਲਾ ਵੱਡੇ ਤਾਂ ਪਾਪ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਮਿਲਦੀ ਹੈ ਇਸ ਨਵਜੰਮੀ ਬੱਚੀ ਨੇ ਕੀ ਪਾਪ ਕੀਤਾ ਸੀ ਜੋ ਮਾਂ ਤੋਂ ਵਾਂਝੀ ਹੋ ਗਈ । ਚੱਲ ਛੱਡ, ਗੁਰਦੁਆਰੇ ਦੇ ਬਾਹਰ ਖੜ੍ਹ ਕੇ ਗਾਲ਼ਾਂ ਕੱਢ ਕੇ ਆਈਏ, ਉਸ ਅਖੌਤੀ ਰੱਬ ਨੂੰ ਅਤੇ ਅਖੌਤੀ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ, ਮੂਰਖ ਬੰਦੇ ਕਿਤਾਬ ਅੱਗੇ ਹੀ ਮੱਥੇ ਟੇਕੀ ਜਾਂਦੇ ਹਨ ।

ਫਿਰ ਕਾਮਰੇਡੀ ਗੁਰੂ ਨੇ ਮੌਕਾ ਅੱਛਾ ਜਾਣ ਕੇ ਨਿਰਾਸ਼ਾ ਨੂੰ ਦੂਰ ਕਰਨ ਲਈ ਨਿਰੰਜਨ ਸਿੰਘ ਨੂੰ ਲਾਲਪਰੀ (ਸ਼ਰਾਬ) ਦਾ ਪੱਲਾ ਫੜਾ ਦਿੱਤਾ । ਆਹਿਸਤਾ-ਆਹਿਸਤਾ ਫਿਰ ਕਾਮਰੇਡੀ ਪ੍ਰਚਾਰ ਰੰਗ ਲਿਆਉਣ ਲੱਗਾ । ਪਹਿਲਾਂ ਨਿਰੰਜਨ ਸਿੰਘ ਨੇ ਗਾਤਰੇ ਦੀ ਕਿਰਪਾਨ ਉਤਾਰੀ, ਫਿਰ ਗੁਰਦੁਆਰੇ ਜਾਣਾ ਅਤੇ ਨਿੱਤਨੇਮ ਬੰਦ ਕਰ ਦਿੱਤਾ ।

ਘਰਦਿਆਂ ਨੇ ਨਿਰੰਜਨ ਸਿੰਘ ਦਾ ਦੂਸਰਾ ਵਿਆਹ ਕਰ ਦਿੱਤਾ । ਘਰਵਾਲੀ ਪੜ੍ਹੀ ਲਿਖੀ ਸੀ ਅਤੇ ਆਈ.ਟੀ.ਆਈ. ਤੋਂ ਸਟੈਨੋ ਦਾ ਕੋਰਸ ਕੀਤਾ ਹੋਇਆ ਸੀ । ਕੋਰਸ ਕਰਦੇ ਸਮੇਂ ਉਸ ਦਾ ਇੰਸਟਕਟਰ ਭੀ ਪੱਕਾ ਕਾਮਰੇਡੀ ਸੀ ਜਿਸ ਨੇ ਉਸ ’ਤੇ ਭੀ ਨਾਸਤਿਕਤਾ ਦੀ ਪਾਣ ਚੜ੍ਹਾ ਦਿੱਤੀ । ਇਸ ਲਈ ਕਾਮਰੇਡੀ ਰੰਗ ਵਿਚ ਦੋਨੋਂ ਹੀ ਰੰਗੇ ਗਏ ।

ਕਾਮਰੇਡੀ ਟੋਲੇ ਦਾ ਕੰਮ ਅਜੇ ਪੂਰਾ ਨਹੀਂ ਹੋਇਆ ਸੀ, ਚਾਹੁੰਦੇ ਸੀ ਕਿ ਨਿਰੰਜਨ ਸਿੰਘ ਕੇਸ ਭੀ ਕਤਲ ਕਰਵਾ ਦੇਵੇ । ਇਸ ਲਈ ਮਹਿਫ਼ਲ ਵਿਚ ਸ਼ਰਾਬ ਦੀ ਮਾਤਰਾ ਵਧਾ ਦਿੱਤੀ । ਹੁਣ ਨਿਰੰਜਨ ਸਿੰਘ ਦੇ ਮਨ ’ਚੋਂ ਨਾਮ ਬਾਣੀ ਦਾ ਰੰਗ ਉੱਤਰ ਕੇ ਪੂਰਨ ਤੌਰ ’ਤੇ ਕਾਮਰੇਡੀ ਰੰਗ ਚੜ੍ਹ ਚੁੱਕਾ ਸੀ । ਫਿਰ ਭੀ ਉਸ ਨੇ ਕਾਮਰੇਡੀ ਗੁਰੂ ਦੇ ਵਾਰ-ਵਾਰ ਜ਼ੋਰ ਦੇਣ ਤੇ ਭੀ ਕੇਸ ਕਤਲ ਨਾ ਕਰਵਾਏ । ਇੰਨੇ ਨੂੰ ਨਿਰੰਜਨ ਸਿੰਘ ਕਿਸੇ ਹੋਰ ਸਕੂਲ ਵਿਚ ਚਲਾ ਗਿਆ ਅਤੇ ਕਾਮਰੇਡੀ ਟੋਲੇ ਦੀ ਸੰਗਤ ਛੁੱਟ ਗਈ ਪਰ ਲਾਲਪਰੀ ਦਾ ਸਿੱਖ ਬਣ ਗਿਆ । ਲਗਾਤਾਰ ਕਈ-ਕਈ ਦਿਨ ਘਰ ਪਿਆ ਪੀਵੀ ਜਾਵੇ । ਕਦੇ ਸਕੂਲੋਂ ਛੁੱਟੀ ਹੋਣ ਪਿੱਛੋਂ ਹਮ-ਗਿਲਾਸਾਂ ਨਾਲ



ਮਿਲ ਕੇ ਲੋਟ-ਪੋਟ ਹੋ ਕੇ ਅੱਧੀ ਰਾਤ ਘਰ ਮੁੜੇ ਕਦੇ ਤੜਕਸਾਰ ਮੁੜੇ, ਕਦੇ ਆਪਣਾ ਸਕੂਟਰ ਛੱਡ ਆਵੇ ਅਤੇ ਕਦੇ ਕਿਤੇ ਡਿੱਗਿਆ ਪਿਆ ਹੋਵੇ ਅਤੇ ਘਰਵਾਲੀ ਵਿਚਾਰੀ ਬਾਹਰੋਂ ਲੈ ਕੇ ਆਵੇ ।

ਦੂਸਰੇ ਵਿਆਹ ਤੋਂ ਦੋ ਲੜਕੇ ਹੋਏ ਵੱਡਾ ਲੜਕਾ ਬਾਹਰ ਕਾਲਜ ਵਿਚ ਪੜ੍ਹਨ ਲਗਾ ਦਿੱਤਾ, ਜੋ ਕਿ ਇਕ ਦਿਨ ਕਾਲਜ ਗਿਆ ਮੁੜ ਕੇ ਵਾਪਸ ਨਹੀਂ ਆਇਆ ਅਤੇ ਘਰ ਵਿਚ ਮਾਤਮ ਛਾ ਗਿਆ । ਪਹਿਲਾਂ ਕਿਤੇ ਹੋਰ ਰਹਿੰਦੇ ਸੀ ਫਿਰ ਪਰਮੇਸ਼ਰ ਦੀ ਖੇਡ ਵਰਤੀ ਆਪਣਾ ਘਰ ਗੁਰਦੁਆਰੇ ਦੇ ਕੋਲ ਬਣਾ ਕੇ ਰਹਿਣ ਲੱਗ ਪਏ ।

ਕਾਮਰੇਡੀ ਗੁਰੂ ਰਿਟਾਇਰ ਹੋ ਗਿਆ, ਸੰਗਤ ਬਦਲ ਗਈ ਜ਼ਮਾਨੇ ਦੇ ਥਪੇੜੇ ਖਾਂਦੀ ਘਰਵਾਲੀ ਗੁਰਦੁਆਰੇ ਜਾਣ ਲੱਗ ਪਈ ਅਤੇ ਸਹਿਜ-ਪਾਠ ਭੀ ਕਰਨ ਲੱਗ ਪਈ । ਨਿਰੰਜਨ ਸਿੰਘ ਦੀ ਸ਼ਰਾਬ ਭੀ ਘੱਟ ਗਈ । ਕਦੇ-ਕਦੇ ਲਗਾਤਾਰ ਦੋ-ਦੋ ਮਹੀਨੇ ਨਹੀਂ ਪੀਂਦਾ ਅਤੇ ਜਦ ਠੀਕ ਹੁੰਦਾ ਹੈ ਸਹਿਜ-ਪਾਠ ਭੀ ਕਰ ਲੈਂਦਾ ਹੈ ਪਰ ਫਿਰ ਜਦ ਕਾਮਰੇਡੀ ਸਿੱਖਿਆ ਦਾ ਪਾਇਆ ਲਾਲਪਰੀ ਦਾ ਝੱਸ ਉੱਠਦਾ ਹੈ ਫਿਰ ਕਈ-ਕਈ ਦਿਨ ਪੀਂਦਾ ਹੈ ।

ਇਹ ਹੈ ਕਾਮਰੇਡੀ ਤਰਕਸ਼ੀਲ ਟੋਲੇ ਦਾ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢ ਕੇ ਸਿੱਧੇ ਰਸਤੇ ਪਾਉਣ ਦਾ ਪਰਉਪਕਾਰ । ਕਾਮਰੇਡੀ ਭਾਸ਼ਾ ਵਿਚ ਇਸ ਨੂੰ ਸੁਧਾਰ ਕਹਿੰਦੇ ਹਨ ਅਤੇ ਫ਼ਖ਼ਰ ਨਾਲ ਕਹਿੰਦੇ ਹਨ ਕਿ ਮੈਂ ਆਪਣੇ ਜੀਵਨ ਵਿਚ ਇੰਨੇ ਬੰਦੇ ਸੁਧਾਰ ਦਿੱਤੇ ।

ਇਸੇ ਲਈ ਗੁਰਬਾਣੀ ਵਾਰ-ਵਾਰ ਚਿਤਾਵਨੀ ਦਿੰਦੀ ਹੈ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗ ॥**

❀❀❀

## ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ
### ਪਿਛੋਕੜ–ਕਿਰਦਾਰ–ਵੀਚਾਰਧਾਰਾ

ਗੁਰਬਾਣੀ ਦਾ ਫ਼ਰਮਾਨ ਹੈ :

**ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ॥**

(ਅੰਗ ੧੧੩੩)

ਆਦਿ ਕਾਲ ਤੋਂ ਜਿੱਥੇ ਗੁਰੂ ਜੋਤ ਨੇ ਸੰਸਾਰ ਵਿਚ ਸੱਚ ਦਾ ਸੂਰਜ ਉਦੈ ਕਰ ਕੇ ਮਨੁੱਖ ਮਾਤਰ ਨੂੰ ਸੁੱਖ, ਸ਼ਾਂਤੀ ਆਤਮਿਕ ਖੇੜਾ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ, ਉੱਥੇ ਨਾਲ ਹੀ ਲਾਲਚੀ, ਦੰਭੀ ਅਤੇ ਘਟੀਆ ਸੋਚ ਦੇ ਪਹਿਰੇਦਾਰਾਂ ਨੇ ਪੂਰਾ ਤਾਣ ਲਾ ਕੇ ਇਸ ਨੂੰ ਰੋਕਣ ਦੇ ਯਤਨ ਕੀਤੇ ।

ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਵਿਚਾਰਧਾਰਾ ਨੇ ਸਭ ਤੋਂ ਕਰਾਰੀ ਸੱਟ ਸਮਾਜ ਦੇ ਧਾਰਮਿਕ ਆਗੂ, ਬ੍ਰਾਹਮਣ ਦੇ ਵੱਕਾਰ ਨੂੰ ਲਾਈ । ਇਸ ਲਈ ਜਿੱਥੇ ਬਾਕੀ ਸਾਰੇ ਭਾਰਤ ਵਿਚ ਬ੍ਰਾਹਮਣ ਭਾਵੇਂ ਕੈਸੇ ਹੀ ਕਿਰਦਾਰ ਦਾ ਮਾਲਕ ਹੋਵੇ, ਹਿੰਦੂਆਂ ਲਈ ਇਕ ਪੂਜਣਯੋਗ ਵਿਅਕਤੀ ਹੈ, ਉੱਥੇ ਸਾਡੇ ਘਰਾਂ ਵਿਚ ਆਮ ਲਾਗੀਆਂ ਵਾਂਗ, ਬ੍ਰਾਹਮਣੀ, ਵਿਆਹ ਸ਼ਾਦੀਆਂ ਤੇ ਰੋਟੀ ਬਣਾਉਂਦੀ ਹੈ ਅਤੇ ਬ੍ਰਾਹਮਣ ਦੇਵਤਾ ਭੀ ਲਾਗੀ ਹੈ, ਜਿਸ ਵਿਅਕਤੀ ਦੇ ਰੋਜ਼ਗਾਰ ਅਤੇ ਮਾਨ ਪ੍ਰਤਿਸ਼ਠਾ ਤੇ ਸੱਟ ਲੱਗੇ ਉਹ ਕਦ ਮਿੱਤਰ ਬਣੇਗਾ? ਇਸ ਲਈ ਗੁਰੂ ਕਾਲ ਤੋਂ ਹੁਣ ਤੱਕ ਮੁਤਵਾਤਰ ਬ੍ਰਾਹਮਣ ਦੇਵਤਾ ਅਤੇ ਉਸ ਦੇ ਪੈਰੋਕਾਰ ਗੁਰੂ ਘਰ ਨਾਲ ਸਾੜਾ ਕਰਦੇ ਆ ਰਹੇ ਹਨ ।

ਇਸ ਪਿਛੋਂ ਗੁਰੂ ਘਰ ਦੇ ਪਰਵਾਰ ਦੇ ਸ਼ਰੀਕ, ਪ੍ਰਿਥੀਆ ਅਤੇ ਧੀਰਮੱਲ ਜਾਂ ਰਾਮਰਾਈਆਂ ਨੇ ਸਰਕਾਰ ਦੇ ਪਿੱਠੂ ਬਣ ਕੇ, ਆਪਣੇ ਜ਼ਾਤੀ ਮੁਫ਼ਾਦ ਲਈ ਭੰਨ-ਤੋੜ ਜਾਰੀ ਰੱਖੀ ਅਤੇ ਗੁਰੂ ਸਾਹਿਬ ਦੀਆਂ ਸ਼ਹੀਦੀਆਂ ਦਾ ਕਾਰਨ ਬਣੇ । ਇਸੇ ਤਰ੍ਹਾਂ ਗੁਰੂ ਘਰੋਂ ਵਰੋਸਾਏ ਮਸੰਦਾਂ ਅਤੇ ਹੰਦਾਲੀਏ ਆਦਿ ਨੇ ਖ਼ਾਲਸਾ ਪੰਥ ਦਾ ਬਹੁਤ ਨੁਕਸਾਨ ਕੀਤਾ । ਮਿਸਲਾਂ ਦੀ ਚੜ੍ਹਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵੇਲੇ ਇਹ ਖ਼ਾਲਸੇ ਦਾ ਜ਼ਾਹਰੀ ਤੌਰ ’ਤੇ ਤਾਂ ਕੁਝ ਵਿਗਾੜ ਨਾ ਸਕੇ ਪਰ ਸਾਹਿਤਿਕ ਤੌਰ ’ਤੇ ਲਿਖਤਾਂ ਰਾਹੀਂ ਕੁਟਿਲਤਾ ਨਾਲ ਇਤਿਹਾਸ ਗੰਧਲਾ ਕਰਦੇ ਰਹੇ।

ਖ਼ਾਲਸਾ ਰਾਜ ਦੇ ਪਤਨ ਪਿੱਛੋਂ ਅੰਗਰੇਜ਼ੀ ਰਾਜ ਸਮੇਂ ਗੁਰੂ ਪਰਵਾਰ ਦੇ ਬੇਦੀ ਸੋਢੀ ਬਾਬੇ, ਮਹੰਤ ਅਤੇ ਆਰੀਆ ਸਮਾਜੀ ਫਿਰ ਇਕ ਵਾਰੀ ਪ੍ਰਚੰਡ ਹੋਏ ਪਰ ਗੁਰੂ ਕਿਰਪਾ ਸਦਕਾ ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਨੇ ਇਨ੍ਹਾਂ ਨੂੰ ਪਛਾੜ ਦਿੱਤਾ ।

ਦੇਸ ਦੀ ਅਜ਼ਾਦੀ ਦੀ ਲਹਿਰ ਵੇਲੇ ਗ਼ਦਰੀ ਬਾਬੇ ਸਾਂਝੀਵਾਲਤਾ ਦੇ ਅਸੂਲ ਅਧੀਨ ਕਮਿਊਨਿਸਟ ਵਿਚਾਰਧਾਰਾ ਵੱਲ ਉਲਾਰੂ ਹੋ ਗਏ ਪਰ ਮੂਲ ਰੂਪ ਵਿਚ ਉਨ੍ਹਾਂ ਦੇ ਸਿੱਖੀ ਸੰਸਕਾਰ ਬਣੇ ਹੋਏ ਸੀ, ਇਸ ਲਈ ਮੂਲ ਸੋਮੇ, ਬਾਣੀ ਅਤੇ ਬਾਣੇ ਨਾਲ ਇਕ ਸੁਰ ਰਹੇ ।

ਸਮਾਂ ਪਾ ਕੇ, ਵਿੱਦਿਆ ਦੇ ਪਸਾਰ ਨਾਲ ਵਿਗਿਆਨਿਕ ਸੋਚ, ਧਾਰਮਿਕ ਭਾਵਨਾ ’ਤੇ ਹਾਵੀ ਹੋਣ ਕਾਰਨ, ਇਹ ਸਿੱਖੀ ਵਿਚ ਪ੍ਰਵੇਸ਼ ਕਰ ਗਈ ਅਤੇ ਸ. ਗੁਰਬਖਸ਼ ਸਿੰਘ ‘ਪ੍ਰੀਤਲੜੀ’ ਦੀ ਵਿਚਾਰਧਾਰਾ ਨੇ ਵਿਦਿਆਰਥੀ ਵਰਗ ਵਿੱਚ ਆਪਣੇ ਪੈਰ ਜਮਾ ਲਏ ।

ਬਾਹਰੋਂ ਸਿੱਖੀ ਭੇਸ ਅਤੇ ਅੰਦਰੋਂ ਕਮਿਊਨਿਸਟ ਵਿਚਾਰਧਾਰਾ ਨੂੰ ਪਰਨਾਏ ਬੁੱਧੀਜੀਵੀ ਵਰਗ ਨੇ ਧਰਮ ਨੂੰ ਭੀ ਹਰ ਪੱਖੋਂ ਵਿਗਿਆਨ ਦੀ ਕਸਵੱਟੀ ਨਾਲ ਪਰਖਣਾ ਸ਼ੁਰੂ ਕਰ ਦਿੱਤਾ । ਪੰਜਾਬ ਵਿਚ ਲੈਂਡ ਸੀਲਿੰਗ ਐਕਟ ਕਾਰਨ ਅਤੇ ਵੱਡੀ ਸਨਅਤ ਦੀ ਅਣਹੋਂਦ ਕਾਰਨ ਕਮਿਊਨਿਸਟਾਂ ਕੋਲ ਕੋਈ ਏਜੰਡਾ ਨਾ ਰਿਹਾ । ਸੰਨ 1962 ਦੇ ਚੀਨ ਦੇ ਹਮਲੇ ਅਤੇ ਨਕਸਲਵਾਦੀ ਲਹਿਰ ਦੇ ਫ਼ੇਲ੍ਹ ਹੋਣ ਨਾਲ,ਇਹ ਪੂਰੀ ਤਰ੍ਹਾਂ ਜਨਤਾ ਤੋਂ ਅਲੱਗ-ਥਲੱਗ ਹੋ ਗਏ । ਇਸ ਲਈ ਇਨ੍ਹਾਂ ਨੇ

ਖ਼ਾਲਸਾ ਪੰਥ ਵਿਚ ਘੁਸਪੈਠ ਕਰ ਕੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ।

ਫ਼ਰਵਰੀ 1995 ਈ. ਵਿਚ ਸੁਰਜੀਤ ਸਿੰਘ ਦੁਸਾਂਝ ਦਾ, ਪੰਜਾਬੀ ਟ੍ਰਿਬਿਊਨ ਵਿਚ ਬਹੁਤ ਵੱਡਾ ਲੇਖ ਆਇਆ ਸੀ, 'ਪੰਜਾਬ ਦਾ ਅਜੋਕਾ ਸੰਕਟ ਬ੍ਰਾਹਮਣਵਾਦੀ ਸਿੱਖਾਂ ਦੀ ਦੇਣ ।' ਦੁਸਾਂਝ ਸਾਹਿਬ, ਜੋ ਕਿ ਨੈਕਸਲਾਈਟ ਲਹਿਰ ਦੇ ਸਿਰਕੱਢ ਆਗੂਆਂ ਵਿਚੋਂ ਸਨ, ਨੇ ਇਸ ਲੇਖ ਵਿਚ ਆਪਣੀ ਵਿਦਵਤਾ ਵਾਲੀ ਲੱਛੇਦਾਰ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ, ਸਿੱਖ ਰਹਿਤ-ਮਰਯਾਦਾ, ਸਿੱਖੀ ਜੀਵਨ ਜਾਚ ਸਭ ਕੁਝ ਬ੍ਰਾਹਮਣਵਾਦ ਦੇ ਖਾਤੇ ਵਿਚ ਪਾ ਕੇ, ਸੰਨ 1978 ਤੋਂ ਸੰਨ 1992 ਤੱਕ ਦੇ ਸਿੱਖੀ ਸੰਘਰਸ਼ ਨੂੰ ਮੂਲੋਂ ਹੀ ਨਕਾਰ ਦਿੱਤਾ ।

ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੀ ਜੇ ਅਸੀਂ ਗਹੁ ਨਾਲ ਪੜਚੋਲ ਕਰੀਏ ਤਾਂ ਸਿੱਧ ਹੋ ਜਾਵੇਗਾ ਕਿ ਇਹ ਦੁਸਾਂਝ ਸਾਹਿਬ ਦੇ ਲੇਖ ਦਾ ਵਿਸਤਾਰ ਹੀ ਹੈ । ਜਿਸ ਦਾ ਪਿਛੋਕੜ ਜਾ ਕੇ ਪ੍ਰੀਤਲੜੀ ਨਾਲ ਜਾ ਮਿਲਦਾ ਹੈ । ਕਾਲਾ ਅਫ਼ਗਾਨਾ ਦੀਆਂ ਲਿਖਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਮਰਯਾਦਾ ਬਾਰੇ ਇੰਞ ਦਰਜ ਹੈ।

"ਇਕ ਪਾਸੇ ਹਿੰਦੂ ਹੈ, ਉਹ ਪੱਥਰ, ਲਕੜੀ, ਮਿੱਟੀ ਆਦਿ ਦੀ ਮੂਰਤੀ ਆਪ ਬਣਾਉਂਦਾ ਹੈ ਜਾਂ ਬਣੀ ਬਣਾਈ ਖ਼ਰੀਦ ਲੈਂਦਾ ਹੈ ਅਤੇ ਉਸਦੀ ਪੂਜਾ ਕਰਦਾ ਹੈ । ਇਧਰ ਸਿੱਖ ਨੇ ਭੀ ਆਪ ਹੀ ਇਕ ਆਕਾਰ ਤਿਆਰ ਕੀਤਾ ਹੁੰਦਾ ਹੈ, ਉਸ ਦਾ ਨਾਮ ਗੁਰੂ ਗ੍ਰੰਥ ਸਾਹਿਬ ਥਾਪਦਾ ਹੈ । ਗੁਰੂ ਘਰ ਦੀ ਇਮਾਰਤ, ਥੜਾ, ਪਾਲਕੀ ਚੰਦੋਆ, ਰੁਮਾਲੇ, ਪੀੜ੍ਹਾ ਆਦਿ ਸਭ ਕੁਝ ਆਪ ਬਣਾਉਂਦਾ ਹੈ । ਫਿਰ ਮੰਦਰ ਦੀ ਮੂਰਤੀ ਵਾਂਗ ਹੀ ਚੜ੍ਹਾਵੇ ਅਤੇ ਭੇਟਾ ਦੇ ਪਦਾਰਥ ਰੱਖ ਕੇ ਮੱਥੇ ਰਗੜਦਾ ਹੋਇਆ ਉਸਦੀ ਪੂਜਾ ਕਰਦਾ ਹੈ।" (ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ਪਹਿਲਾ ਪੰਨਾ ੧੩੮-੩੯)

"ਅਸੀਂ ਆਪਣੇ ਸਤਿਗੁਰਾਂ ਦੀ ਪਹਿਚਾਣ ਹੀ ਭੁੱਲ ਚੁੱਕੇ ਹਾਂ । ਕਿਉਂ ਜੋ (ਜਿਲਦ, ਪੱਤਰੇ, ਰੁਮਾਲੇ, ਪੀੜ੍ਹਾ ਸਾਹਿਬ, ਚੌਰ ਪਾਲਕੀ ਆਦਿ) ਅਕਾਰ ਸਾਨੂੰ ਦਿੱਸਦਾ ਹੈ, ਉਹ ਸਭ ਅਸੀਂ ਆਪ ਬਣਾਇਆ ਹੁੰਦਾ ਹੈ। ਅਕਾਲ ਪੁਰਖ ਨਿਰੰਕਾਰ ਭਾਵ ਆਕਾਰ ਤੋਂ ਬਿਨਾ ਹੈ । ਸਾਡਾ ਗੁਰੂ ਵੀ ਨਿਰੰਕਾਰ ਹੈ । ਰੱਬ ਅਦ੍ਰਿਸ਼ਟ ਹੈ ਤਾਂ ਸਾਡਾ ਗੁਰੂ ਵੀ ਅਦ੍ਰਿਸ਼ਟ ਹੈ ।" (ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ਚੌਥਾ ਪੰਨਾ ੨੯੭)

ਇਸੇ ਤਰ੍ਹਾਂ ਕਾਲਾ ਅਫ਼ਗਾਨਾ ਨੇ ਆਪਣੀਆਂ ਲਿਖਤਾਂ ਵਿਚ ਅੰਮ੍ਰਿਤ ਵੇਲੇ ਦੀ ਸੰਭਾਲ, ਨਿੱਤਨੇਮ, ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਦੇ ਕੀਰਤਨ ਦੀ



ਮਰਯਾਦਾ, ਸਭ ਕੁਝ ਬ੍ਰਾਹਮਣਵਾਦ ਦੇ ਖ਼ਾਤੇ ਪਾ ਕੇ ਰੱਖ ਦਿੱਤਾ ਹੈ ।

ਦਸਮੇਸ਼ ਪਿਤਾ ਤੋਂ ਹੁਣ ਤੱਕ ਚਲੀ ਆ ਰਹੀ ਖੰਡਾ ਪਹੁਲ ਦੀ ਮਰਯਾਦਾ ਬਾਰੇ ਉਹ ਲਿਖਦੇ ਹਨ ।

"ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਬਣ ਜਾਣ ਵਾਲਾ ਸਾਡੇ ਲਈ ਅਜਿਹਾ ਧੁਰਾ ਬਣਾ ਦਿੱਤਾ ਗਿਆ ਹੈ, ਜਿਸ ਨੇ ਸਿੱਖ ਬੱਚੇ ਨੂੰ ਸਿਰ ਮੁਨਾ ਲੈਣ ਅਥਵਾ ਤਮਾਕੂ ਆਦਿ ਪੀ ਲੈਣ ਦਾ ਹੌਂਸਲਾ ਦਿੱਤਾ ਹੈ । ਖੰਡੇ ਬਾਟੇ ਨੂੰ ਗੁਰੂ ਵਾਲਾ ਬਣਾਉਣ ਦਾ ਸਾਧਨ ਮੰਨ ਲੈਣਾ, ਵੱਡੀ ਭੁੱਲ ਹੈ ।" (ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ਛੇਵਾਂ ਪੰਨਾ ੬੪-੬੫)

ਇਸੇ ਤਰ੍ਹਾਂ ਨਿੱਤਨੇਮ ਦੀਆਂ ਬਾਣੀਆਂ ਦੇ ਪਾਠ ਬਾਰੇ ਇੰਞ ਕਹਿੰਦੇ ਹਨ:

"ਜੇ ਕਿਸੇ ਬਾਣੀ ਜਾਂ ਬਾਣੀਆਂ ਨੂੰ ਉਚੇਚੀ ਵਿਸ਼ੇਸ਼ਤਾ ਦਿੱਤੀ ਜਾਵੇ ਤਾਂ ਬਾਕੀ ਬਾਣੀਆਂ ਦੀ ਨਿਰਾਦਰੀ ਹੁੰਦੀ ਹੈ।"

(ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ਪੰਜਵਾਂ ਪੰਨਾ ੨੫)

ਆਪਣੀ ਚਤੁਰਾਈ ਨਾਲ ਕਾਲਾ ਅਫ਼ਗਾਨਾ ਨੇ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਪ੍ਰਕਾਸ਼ਿਤ ਸਮੁੱਚੀ, ਸਿੱਖ ਰਹਿਤ- ਮਰਯਾਦਾ ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ।

ਪਿਛਲੀ ਸਦੀ ਦੀਆਂ ਦੋ ਪ੍ਰਮੁੱਖ ਪੰਥ ਪ੍ਰਵਾਨਿਤ ਹਸਤੀਆਂ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਇਨ੍ਹਾਂ ਤੋਂ ਵਰੋਸਾਏ ਅਖੰਡ ਕੀਰਤਨੀ ਜਥੇ ਨੂੰ ਭੰਡਣ ਲਈ ਕਾਲਾ ਅਫ਼ਗਾਨਾ ਨੇ 'ਮਾਸੁ ਮਾਸੁ ਕਰਿ ਮੂਰਖੁ ਝਗੜੇ' ਦੇ ਸ਼ਬਦ ਨੂੰ ਆਧਾਰ ਬਣਾਇਆ ਹੈ। ਸ਼ਬਦ ਦੀ ਵਿਆਖਿਆ ਲਈ ਭੀ ਬ੍ਰੈਕਟਾਂ ਵਿਚ ਮਨਮਰਜ਼ੀ ਦੇ ਸ਼ਬਦ ਪਾ ਕੇ ਅਰਥਾਂ ਦੇ ਅਨਰਥ ਕੀਤੇ ਹਨ ।'ਸਿੰਘ ਰੁਚੈ ਸਾਦ ਭੋਜਨੁ ਮਾਸ' ਦੇ ਗ਼ਲਤ ਅਰਥ ਕਰ ਕੇ ਸਿੱਖੀ ਸਿਧਾਂਤ ਨਾਲ ਕੋਝਾ ਮਜ਼ਾਕ ਕੀਤਾ ਹੈ । ਇਸ ਪਿੱਛੇ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੋਵੇਂ ਸੰਸਥਾਵਾਂ ਦੇ ਬੰਦਿਆਂ ਨੇ 'ਸਾਕਾ ਨੀਲਾ ਤਾਰਾ' ਪਿਛੋਂ ਸਰਕਾਰ ਨਾਲ ਸਿੱਧੀ ਟੱਕਰ ਲੈ ਕੇ ਲੰਮਾ ਸਮਾਂ ਸਰਕਾਰ ਨੂੰ ਵਖ਼ਤ ਪਾਈ ਰੱਖਿਆ। ਕਾਲਾ ਅਫ਼ਗਾਨਾ ਆਪਣੀ ਲਿਖਤ ਵਿਚ 'ਸਾਕਾ ਨੀਲਾ ਤਾਰਾ' ਨੂੰ ਪੂਰਨ ਤੌਰ 'ਤੇ ਜਾਇਜ਼ ਠਹਿਰਾਉਂਦਾ ਹੈ ।

"ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੋਰਚੇ ਬਣਨ ਦਾ ਕਾਰਨ ਕੀ ਸੀ? ਦਰਬਾਰ ਸਾਹਿਬ ਦਾ ਬਿਨਾਂ ਕੋਈ ਨੁਕਸਾਨ ਕੀਤਿਆਂ ਅਥਵਾ ਬਿਨਾ ਵਾਧੂ ਬੇਅਦਬੀ ਕੀਤਿਆਂ ਉਨ੍ਹਾਂ ਆਕੀਆਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਸੀ?" (ਬ੍ਰਿਪਨ ਕੀ ਰੀਤ ਭਾਗ? ਪੰਨਾ ੨੧੮)

ਇਥੇ ਹੀ ਬਸ ਨਹੀਂ ਸੰਨ 1978 ਵਿਚ ਨਿਰੰਕਾਰੀ ਕਾਂਡ ਦੀ ਹਿਮਾਇਤ

ਕਰਦਾ ਹੈ ਅਤੇ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਅਣਉਚਿਤ ਕਹਿੰਦਾ ਹੈ ।

ਦੂਸਰੇ ਪਾਸੇ ਬਾਬਾ ਬੁੱਢਾ ਜੀ ਅਤੇ ਨਵਾਬ ਕਪੂਰ ਸਿੰਘ ਨੂੰ ਭੀ ਬਹੁਰੂਪੀਆ ਬ੍ਰਾਹਮਣ ਸਿੱਧ ਕਰਦਾ ਹੈ ।

ਕਾਮਰੇਡੀ ਸੋਚ ਨੂੰ ਪਰਨਾਇਆ ਕਾਲਾ ਅਫ਼ਗਾਨਾ ਬ੍ਰਿਪਨ ਕੀ ਰੀਤ ਭਾਗ ੬ ਦੇ ਪੰਨਾ ੩੩੭, ੩੩੮, ਪ੍ਰਲੋਕ, ਧਰਮਰਾਜ, ਜਮਦੂਤ ਅਤੇ ਨਰਕ ਆਦਿ ਸਭ ਨੂੰ ਮਨੋ-ਕਲਪਿਤ, ਬ੍ਰਾਹਮਣਵਾਦੀ ਕਹਿਣ ਲਈ ਆਪਣੀ ਮਰਜ਼ੀ ਦੀਆਂ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਭਾਈ ਰਣਧੀਰ ਸਿੰਘ ਅਤੇ ਸਮੁੱਚੀ ਸਿੱਖ ਜਗਤ ਨੂੰ ਅੰਧ-ਵਿਸ਼ਵਾਸੀ ਅਤੇ ਬ੍ਰਾਹਮਣਵਾਦੀ ਗਰਦਾਨਦਾ ਹੈ ਜਦ ਕਿ ਗੁਰਬਾਣੀ ਅੰਦਰ ਸਪਸ਼ਟ ਇਨ੍ਹਾਂ ਨੂੰ ਪਰਵਾਨਿਆ ਗਿਆ ਹੈ ।

**ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥**

(ਅੰਗ ੫੫੫)

**ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥**
**ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥**
**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥**

(ਅੰਗ ੩੮-੩੯)

ਇਸੇ ਤਰ੍ਹਾਂ ਹੋਰ ਬੇਅੰਤ ਪ੍ਰਮਾਣ, ਗੁਰਬਾਣੀ ਵਿਚ ਇਸ ਵਿਸ਼ੇ 'ਤੇ ਅੰਕਿਤ ਹਨ ।

ਖ਼ਾਲਸੇ ਦੀ ਪਹਿਚਾਨ ਲਈ ਪੰਜ ਕਕਾਰੀ ਚਿੰਨ੍ਹਾਂ ਵਿਚੋਂ ਅਹਿਮ ਚਿੰਨ੍ਹ 'ਕ੍ਰਿਪਾਨ' ਲਈ ਕਾਲਾ ਅਫ਼ਗਾਨਾ ਦੇ ਵੀਚਾਰ ਇੰਵ ਹਨ:

"ਹਾਈਡਰੋਜਨ ਬੰਬ, ਦੂਰ ਮਾਰ ਮਿਜ਼ਾਇਲ, ਤੋਪਾਂ ਅਤੇ ਲੜਾਕੇ ਹਵਾਈ ਜਹਾਜ਼ ਆਦਿ ਅਜੋਕੇ ਸ਼ਸਤਰਾਂ ਸਾਮ੍ਹਣੇ ਤਲਵਾਰ, ਤੀਰ, ਖੰਡਿਆਂ ਦਾ ਅੱਜ ਕੀ ਮੁੱਲ ਹੈ?" (ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ ਬਚਿੱਤ੍ਰ ਨਾਟਕ ਪੰਨਾ ੬-੭)

ਸਿੰਘ ਸਭਾ ਲਹਿਰ ਦੇ ਸਥਾਪਿਤ ਹੋਣ ਤੱਕ, ਖ਼ਾਲਸਾ ਪੰਥ ਵਿਚ ਦਸਮ ਗ੍ਰੰਥ ਦੇ ਕਰਤਾ, ਦਸਮੇਸ਼ ਪਿਤਾ ਨੂੰ ਹੀ ਮੰਨਿਆ ਗਿਆ ਸੀ। ਬੁੱਢਾ ਦਲ ਵੇਲੇ ਵਿਵਾਦ ਕੇਵਲ ਇਹ ਸੀ ਕਿ ਇਸ ਨੂੰ ਅੱਡ-ਅੱਡ ਪੋਥੀਆਂ ਦੇ ਰੂਪ ਵਿਚ ਰੱਖਿਆ ਜਾਵੇ ਜਾਂ ਇਕ ਜਿਲਦ ਵਿਚ ਗ੍ਰੰਥ ਦੇ ਰੂਪ ਵਿਚ ਰੱਖਿਆ ਜਾਵੇ । ਮੱਸੇ ਰੰਘੜ ਦੇ ਸੋਧਣ ਪਿਛੋਂ ਸਰਬ-ਸੰਮਤੀ ਨਾਲ ਇਸ ਨੂੰ ਗ੍ਰੰਥ ਦੇ ਰੂਪ ਵਿਚ ਪ੍ਰਵਾਨ ਕਰ ਲਿਆ ।

ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸੰਨ 1896 ਵਿਚ ਬੱਤੀ ਪੁਰਾਤਨ ਹੱਥ ਲਿਖਤ ਦਸਮ ਗ੍ਰੰਥ ਦੀਆਂ ਬੀੜਾਂ ਇਕ ਥਾਂ ਰੱਖ ਕੇ ਸ਼ਬਦ ਭੇਦਾਂ ਦੀ ਇਕਸਾਰਤਾ ਲਈ ਸੋਧ ਕੇ ਇਕਸਾਰਤਾ ਵਾਲਾ ਛਾਪਣ ਦਾ ਉੱਦਮ ਕੀਤਾ । ਇਸ ਮੰਤਵ ਲਈ (ਮੈਸ. ਗੁਲਾਬ ਸਿੰਘ ਅਤੇ ਸੰਨਜ਼) ਪ੍ਰੈੱਸ ਨੂੰ ਛਪਣ ਲਈ ਦਿੱਤਾ ਪਰ ਪਰੂਫ਼ ਰੀਡਿੰਗ ਸਹੀ ਢੰਗ ਨਾਲ ਨਾ ਹੋ ਕੇ ਗ਼ਲਤੀਆਂ ਭੀ ਕਾਫ਼ੀ ਰਹਿ ਗਈਆਂ ਅਤੇ ਸਭ ਤੋਂ ਵੱਡੀ ਭੁੱਲ ਹੋਈ ਕਿ ਇਸ ਦਾ ਨਾਉਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਸਮ ਪਾਤਸ਼ਾਹੀ' ਲਿਖ ਦਿੱਤਾ । ਜਦਕਿ ਪਹਿਲਾਂ ਨਾਉਂ ਕੇਵਲ 'ਗ੍ਰੰਥ ਦਸਮੇ ਪਾਤਸ਼ਾਹ ਕਾ' ਸੀ ।



ਕਾਲਾ ਅਫ਼ਗਾਨਾ ਨੇ ਕਿਉਂਕਿ ਖ਼ਾਲਸਾ ਪੰਥ ਦੀ ਹਰ ਇਕ ਧਾਰਨਾ, ਪ੍ਰੰਪਰਾ ਅਤੇ ਵਿਚਾਰਧਾਰਾ ਨੂੰ ਖੰਡਣ ਦਾ ਬੀੜਾ ਚੁੱਕਿਆ ਹੋਇਆ ਹੈ ਇਸ ਲਈ ਪੂਰੇ ਦਸਮ ਗ੍ਰੰਥ ਨੂੰ ਰੱਦੀ ਦਾ ਢੇਰ ਸਮਝਦਾ ਹੈ । ਇੱਥੋਂ ਤੱਕ ਕਿ ਬਚਿੱਤ੍ਰ ਨਾਟਕ, ਚੰਡੀ ਦੀ ਵਾਰ ਅਤੇ ਜਾਪ ਸਾਹਿਬ ਜਾਂ ਅਕਾਲ ਉਸਤਤਿ ਨੂੰ ਗੁਰੂ ਕ੍ਰਿਤ ਮੰਨਣ ਤੋਂ ਇਨਕਾਰੀ ਹੈ । ਨਿੱਤਨੇਮ ਦੀਆਂ ਬਾਣੀਆਂ 'ਚੋਂ, ਜਾਪ ਸਾਹਿਬ, ਕਬਿਯੋ ਬਾਚ ਬੇਨਤੀ ਚੌਪਈ ਅਤੇ ਸੁਧਾ ਸ੍ਵੱਯੈ, ਇਸ ਆਧਾਰ 'ਤੇ ਬਾਣੀ ਮੰਨਣ ਤੋਂ ਇਨਕਾਰੀ ਹੈ ਕਿਉਂਕਿ ਇਹ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ । "ਕੋਈ ਵੀ ਬਾਣੀ (ਭਾਵੇਂ ਬਿਨਾਂ ਸ਼ੱਕ ਦੇ ਦਸਮੇਸ਼ ਕ੍ਰਿਤ ਹੈ) ਕਿਸੇ ਹਾਲਤ ਵਿਚ ਵੀ ਗੁਰੂ ਬਾਣੀ ਨਹੀਂ ਹੈ ।" ਬ੍ਰਿਪਨ ਕੀ ਰੀਤ ਭਾਗ ੫, ਪੰਨਾ ੨੧੧

ਜਦਕਿ ਪਿਛਲੇ ਤਿੰਨ ਸੌ ਸਾਲਾਂ ਵਿਚ, ਸਵਾਏ ਬਾਬੂ ਤੇਜਾ ਸਿੰਘ ਭਸੌੜ ਦੇ ਕਿਸੇ ਇਕ ਵਿਦਵਾਨ ਨੇ ਭੀ ਇਨ੍ਹਾਂ ਬਾਣੀਆਂ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ।

### ਕਾਲਾ ਅਫ਼ਗਾਨਾ ਦਾ ਆਪਣਾ ਕਿਰਦਾਰ:

ਕਾਲਾ ਅਫ਼ਗਾਨਾ ਦੀ ਆਪਣੀ ਲਿਖਤ ਅਨੁਸਾਰ ਉਹ ਸੰਨ 1922 ਵਿਚ ਪੈਦਾ ਹੋਇਆ । ਬਚਪਨ, ਮਿੰਟਗੁਮਰੀ ਵਿਚ ਗੁਜ਼ਰਿਆ । ਛੇਵੀਂ ਤੱਕ ਇੱਥੇ ਹੀ ਪੜ੍ਹੇ, ਦਸਵੀਂ ਮੀਆਂ ਚੁੰਨ (ਮੁਲਤਾਨ) ਦੇ ਹਾਈ ਸਕੂਲ ਤੋਂ ਕੀਤੀ । ਨੌਵੀਂ ਜਮਾਤ ਵਿਚ ਅੰਮ੍ਰਿਤ ਛਕਿਆ । ਸੰਨ 1947 ਵਿਚ ਹਿੰਦੁਸਤਾਨ ਆ ਕੇ ਪੁਲਿਸ ਵਿਚ ਭਰਤੀ ਹੋ ਗਏ । ਨੌਕਰੀ ਤੋਂ ਵਿਹਲੇ ਹੋ ਕੇ ਗੁਰੂ ਨਾਨਕ ਨਿਵਾਸ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ ਚਲੇ ਗਏ । ਪਰਵਾਰਿਕ ਮਸਲਿਆਂ ਕਾਰਨ ਸੰਤ ਜੀ ਤੋਂ ਵਿਦਾਇਗੀ ਲੈ ਕੇ ਸੰਨ 1984 ਵਿਚ ਕੈਨੇਡਾ ਚਲੇ ਗਏ ਅਤੇ ਉੱਥੇ ਜਾ ਕੇ ਰਿਸਰਚ ਸਕਾਲਰ ਬਣ ਕੇ ਕਿਤਾਬਾਂ ਲਿਖਣ ਲੱਗ ਪਏ । (ਬਿਪ੍ਰਨ ਕੀ ਰੀਤ ਭਾਗ ੧ ਪੰਨਾ ੨੧ ਤੋਂ ੧੭)

**ਸਹੀ ਤੱਥ :** ਪੁਲਿਸ ਦੀ ਨੌਕਰੀ ਵਿਚ ਇਨ੍ਹਾਂ ਨੇ ਅਨੇਕਾਂ ਗ਼ੈਰ-ਕਨੂੰਨੀ ਕੰਮ ਕੀਤੇ ਜਿਸ ਦੀ ਬਦੌਲਤ ਪਹਿਲਾਂ ਜੰਡਿਆਲਾ ਗੁਰੂ ਦੇ ਥਾਣੇ ਵਿਚ 1.9.72 ਨੂੰ ਧਾਰਾ 409 ਅਧੀਨ ਐਫ.ਆਈ.ਆਰ. ਨੰ. 352 ਦਰਜ ਹੋਈ । ਫਿਰ ਫ਼ਤਹਿਗੜ੍ਹ ਚੂੜੀਆਂ ਦੇ ਥਾਣੇ ਵਿਚ 9.9.1974 ਨੂੰ ਧਾਰਾ 224, 225, 332, 353 ਅਤੇ 186 ਤਹਿਤ

ਐਫ. ਆਈ. ਆਰ. ਦਰਜ ਹੋਈ । ਇਸ ਪਿਛੋਂ ਰਿਸ਼ਵਤ ਲੈਣ ਦੇ ਦੋਸ਼ ਵਿਚ ਧਾਰਾ 161 ਅਧੀਨ ਥਾਣਾ ਖਰੜ ਵਿਚ ਐਸ.ਐਚ.ਓ. ਹੁੰਦਿਆਂ ਐਫ.ਆਈ.ਆਰ. ਨੰ. 37-1980 ਅਤੇ 71-80 ਦਰਜ ਹੋਈਆਂ । ਇਸ ਕੇਸ ਵਿਚ ਸਜ਼ਾ ਪਿਛੋਂ ਕਿਸੇ ਸਾਜ਼ਸ਼ ਅਧੀਨ ਪੇ ਰੋਲ ਤੇ ਰਿਹਾ ਹੋ ਕੇ ਸੰਤ ਦੀ ਸੀ.ਆਈ.ਡੀ. ਕਰਨ ਲਈ ਸ੍ਰੀ ਅੰਮ੍ਰਿਤਸਰ ਪਹੁੰਚ ਗਏ ।

ਉੱਥੋਂ ਅਚਾਨਕ ਇਹ ਗਾਇਬ ਹੋ ਕੇ ਕੈਨੇਡਾ ਪਹੁੰਚ ਕੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਗੁਰਦੁਆਰਾ ਟੌਪਾਜ਼ ਸਟ੍ਰੀਟ ਵਿਚ ਗ੍ਰੰਥੀ ਲੱਗ ਗਏ । ਗੁਰਦੁਆਰਾ ਸਾਹਿਬ ਸੇਵਾ ਕਰਦਿਆਂ ਇਨ੍ਹਾਂ ਨੇ ਤਰਨਜੀਤ ਕੌਰ ਭੁੱਲਰ ਨਾਮੀ ਬੀਬੀ ਨੂੰ ਹਵਸ ਦਾ ਸ਼ਿਕਾਰ ਬਣਾਇਆ। ਜਿਸ 'ਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਮੁਕਤ ਕਰ ਦਿੱਤਾ । ਇਸ ਤੇ ਇਹ ਸਰਕਾਰੀ ਅਦਾਲਤ ਵਿਚ ਚਲੇ ਗਏ ਅਤੇ ਬ੍ਰਿਟਿਸ਼ ਕੋਲੰਬੀਆ ਦੀ ਵਿਕਟੋਰੀਆ ਅਦਾਲਤ ਵਿਚ 24 ਫ਼ਰਵਰੀ 1992 ਨੂੰ ਦੋਸ਼ੀ ਕਰਾਰ ਦੇ ਕੇ ਪੰਜ ਹਜ਼ਾਰ ਡਾਲਰ (ਕੈਨੇਡੀਅਨ) ਦਾ ਜੁਰਮਾਨਾ ਕੀਤਾ । ਅਦਾਲਤ ਦੇ ਫ਼ੈਸਲੇ ਦੀ ਨਕਲ ਅਸੀਂ ਆਪਣੀ ਕਿਤਾਬ ''ਸਭ ਦੁਸਟ ਝਖ ਮਾਰਾ'' ਵਿਚ ਲਗਾ ਦਿੱਤੀ ਹੈ । ਇਸ ਫ਼ੈਸਲੇ ਦੀ 15 ਪੰਨਿਆਂ ਨਕਲ ਅਸਾਡੇ ਕੋਲ ਪਈ ਹੈ।

ਅਜਿਹੇ ਕਿਰਦਾਰ ਦਾ ਬੰਦਾ ਜੇ ਆਪਣੀ ਅਕਲ ਅਨੁਸਾਰ ਗੁਰਬਾਣੀ ਦੀ ਕਸਵੱਟੀ ਤੇ ਪਰਖ ਕੇ ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਜੀ ਵਰਗੀਆਂ ਮਹਾਨ ਹਸਤੀਆਂ ਨੂੰ ਬ੍ਰਾਹਮਣਵਾਦੀ ਜਾਂ ਹੋਰ ਕੁਝ ਆਖੇ ਤਾਂ ਪਾਠਕ ਆਪ ਹੀ ਨਿਰਣਾ ਕਰ ਸਕਦੇ ਹਨ ਕਿ ਅਸਲੀਅਤ ਕੀ ਹੈ ।

ਇਸ ਤੋਂ ਅੱਗੇ ਸਪੋਕਸਮੈਨ ਦੇ ਮਾਲਕ ਜੁਗਿੰਦਰ ਸਿੰਘ, ਸ. ਗੁਰਤੇਜ ਸਿੰਘ ਵਰਗੇ ਜੇ ਅਜਿਹੇ ਬੰਦੇ ਨੂੰ ਸਿੱਖ ਜਗਤ ਦੀ ਅਕਾਸ਼ ਗੰਗਾ ਦਾ ਧ੍ਰੂ ਤਾਰਾ ਪ੍ਰਚਾਰਨ ਅਤੇ ਇਹ ਪ੍ਰਚਾਰ ਕਰਨ ਕਿ ਕਲਗੀਧਰ ਪਿਤਾ ਪਿਛੋਂ ਕੇਵਲ ਕਾਲਾ ਅਫ਼ਗਾਨਾ ਹੀ ਸਿੱਖੀ ਸਿਧਾਂਤ ਦਾ ਅਲੰਬਰਦਾਰ ਅਤੇ ਪੂਰਨ ਗੁਰਸਿੱਖ ਹੈ ਤਾਂ ਫਿਰ ਇਨ੍ਹਾਂ ਦੀ ਅਕਲ ਦਾ ਮਰਸੀਆ ਪੜ੍ਹਿਆ ਜਾਣਾ ਹੀ ਠੀਕ ਹੈ ।

**ਬ੍ਰਿਪਨ ਕੀ ਰੀਤ ਤੋਂ ਸੱਚ ਦੇ ਮਾਰਗ ਦਾ ਅਸਲੀ ਲੇਖਕ ਕੌਣ:**

ਕਾਲਾ ਅਫਗਾਨਾ ਆਪ ਮੰਨਦਾ ਹੈ ਕਿ ਗੁਰਮੁਖੀ ਦੀ ਪੜ੍ਹਾਈ ਅਤੇ ਜਾਣਕਾਰੀ ਪੜ੍ਹਾਈ ਵੇਲੇ ਨਾ-ਮਾਤਰ ਸੀ । ਕਿਉਂਕਿ ਉਨ੍ਹਾਂ ਦੇ ਜ਼ਮਾਨੇ ਵਿਚ ਪੰਜਾਬ ਵਿਚ ਪੜ੍ਹਾਈ ਸ਼ੁਰੂ ਹੀ ਉਰਦੂ ਤੋਂ ਹੁੰਦੀ ਸੀ ਅਤੇ ਸਿੱਖਿਆ ਦਾ ਮਾਧਿਅਮ ਭੀ ਉਰਦੂ ਸੀ । ਚੌਥੀ ਕਲਾਸ ਤੋਂ ਫ਼ਾਰਸੀ ਸ਼ੁਰੂ ਹੋ ਜਾਂਦੀ ਸੀ । ਛੇਵੀਂ ਕਲਾਸ ਤੋਂ ਅੰਗਰੇਜ਼ੀ ਸ਼ੁਰੂ ਹੁੰਦੀ ਸੀ ਅੱਠਵੀ ਕਲਾਸ ਤੋਂ ਹਿੰਦੀ, ਪੰਜਾਬੀ, ਸਵਿਕਸ ਹਾਈਜਨ, ਸਾਇੰਸ ਜਾਂ ਡ੍ਰਾਇੰਗ ਵਿਚੋਂ ਕੋਈ ਦੋ ਮਜ਼ਮੂਨ ਔਪਸ਼ਨਲ ਲੈਣੇ ਹੁੰਦੇ ਸਨ । ਪੁਲਿਸ ਅਤੇ ਮਹਿਕਮਾ ਮਾਲ ਦਾ ਸਾਰਾ ਕੰਮ ਉਰਦੂ ਵਿਚ ਹੀ ਹੁੰਦਾ ਸੀ । ਦੇਸ ਦੀ ਅਜ਼ਾਦੀ ਤੋਂ ਤਕਰੀਬਨ ਇਕ ਦਹਾਕੇ ਪਿਛੋਂ ਸਾਰਾ ਕੰਮ ਗੁਰਮੁਖੀ ਲਿਪੀ ਵਿਚ ਹੋਣ ਲੱਗਾ । ਫਿਰ ਭੀ ਸ਼ਬਦਾਵਲੀ ਹੁਣ ਤੱਕ ਉਰਦੂ ਫ਼ਾਰਸੀ ਵਾਲੀ ਹੀ ਹੈ ਪਰ ਹੈਰਾਨਗੀ ਦੀ ਗੱਲ ਹੈ ਕਿ ਕਾਲਾ ਅਫ਼ਗਾਨਾ ਦੇ ਨਾਉਂ 'ਤੇ ਛਪੀਆਂ ਕਿਤਾਬਾਂ ਵਿਚ ਕਿਤੇ ਭੀ ਉਰਦੂ ਜਾਂ ਫ਼ਾਰਸੀ ਦੇ ਲਫ਼ਜ਼ ਨਜ਼ਰ ਨਹੀਂ ਆਉਦੇ ਜਦ ਕਿ ਸਮਕਾਲੀ ਵਿਦਵਾਨ ਭਾਈ ਵੀਰ ਸਿੰਘ ਜੀ, ਭਾਈ ਰਣਧੀਰ ਸਿੰਘ, ਪ੍ਰੋ. ਸਾਹਿਬ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੀਆਂ ਲਿਖਤਾਂ ਉਰਦੂ ਫ਼ਾਰਸੀ ਦੇ ਲਫ਼ਜ਼ਾਂ ਨਾਲ ਭਰਪੂਰ ਹਨ।

ਸੰਨ 2003 ਵਿਚ ਗਿਆਨੀ ਹਰਬੰਸ ਸਿੰਘ ਜੀ ਪਟਿਆਲਾ ਦੀ ਲਿਖੀ ਪੁਸਤਕ 'ਸ੍ਰੀ ਦਸਮ ਗ੍ਰੰਥ ਦਰਪਣ' ਅਸੀਂ ਸ. ਅਮਰਜੀਤ ਸਿੰਘ ਖੋਸਾ ਕੈਨੇਡਾ ਰਾਹੀਂ ਕਾਲਾ ਅਫ਼ਗਾਨਾ ਕੋਲ ਪੜ੍ਹਨ ਲਈ ਭੇਜੀ ਸੀ । ਉਸ ਕਿਤਾਬ ਦੇ ਹਾਸ਼ੀਏ ਤੇ ਕਾਲਾ ਅਫਗਾਨਾ ਦੇ ਆਪਣੇ ਹੱਥ ਨਾਲ ਲਿਖੀਆਂ ਟਿੱਪਣੀਆਂ ਉਰਦੂ ਵਿਚ ਹਨ । ਇਸ ਤੋਂ ਇਲਾਵਾ ਚਾਰ ਪੰਨੇ ਵਾਧੂ, ਉਰਦੂ ਵਿਚ ਲਿਖ ਕੇ ਕਾਲਾ ਅਫ਼ਗਾਨਾ ਨੇ ਆਪਣੇ ਹੱਥ ਨਾਲ ਲਿਖ ਕੇ ਇਸ ਕਿਤਾਬ ਵਿਚ ਚਿਪਕਾਏ ਹੋਏ ਹਨ । ਇਸ ਦੇ ਸਬੂਤ ਅਸੀਂ ਆਪਣੀ ਕਿਤਾਬ 'ਸਭ ਦੁਸਟ ਝਖ ਮਾਰਾ' ਵਿਚ ਲਗਾ ਦਿੱਤੇ ਹਨ ਅਤੇ ਉਹ ਕਿਤਾਬ ਸਾਡੇ ਕੋਲ ਹੈ । ਇਸ ਦੇ ਆਧਾਰ 'ਤੇ ਅਸੀਂ ਪੂਰਨ ਭਰੋਸੇ ਨਾਲ ਕਹਿ ਸਕਦੇ ਹਾਂ ਕਿ 'ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ' ਦਾ ਲੇਖਕ ਕੋਈ ਹੋਰ ਹੈ, ਕੁਟਿਲ ਨੀਤੀ ਨਾਲ ਕਾਲਾ ਅਫ਼ਗਾਨਾ ਦਾ ਨਾਉਂ ਵਰਤਿਆ ਜਾ ਰਿਹਾ ਹੈ ਜਿਸ ਦੇ ਬਦਲੇ ਉਨ੍ਹਾਂ ਨੂੰ ਚੰਗਾ ਗੱਫਾ ਮਿਲ ਰਿਹਾ ਹੈ ।

ਕਾਲਾ ਅਫ਼ਗਾਨਾ ਆਪਣੀਆਂ ਲਿਖਤਾਂ ਵਿਚ ਪੈਰ-ਪੈਰ 'ਤੇ ਝੂਠ ਬੋਲਦਾ ਹੈ । ਨਿੱਜੀ ਜੀਵਨ ਲਿਖਦਿਆਂ ਕਹਿੰਦਾ ਹੈ ਕਿ ਮੇਰਾ ਸਿੱਖੀ ਪਿਆਰ ਦੇਖ ਕੇ ਮੈਨੂੰ ਕਾਲਜ ਦਾਖ਼ਲ ਹੁੰਦਿਆਂ ਹੀ ਸਿੱਖ ਸਟੂਡੈਂਟ ਫ਼ੈਡਰੇਸ਼ਨ ਦਾ ਪ੍ਰਧਾਨ ਬਣਾ ਦਿੱਤਾ ਗਿਆ । ਪਰ ਜਦ ਘੋਖ ਕਰੀਏ ਕਿ ਇਸ ਦਾ ਜਨਮ 1922 ਦਾ ਹੈ ਪੰਜ ਸਾਲ ਦਾ ਪੜ੍ਹਨ ਲੱਗਾ ਦਸ ਸਾਲ ਵਿਚ ਦਸਵੀਂ ਪਾਸ ਕਰ ਲਈ। ਇਸ ਹਿਸਾਬ ਇਹ ਸੰਨ 1937-38 ਵਿਚ ਕਾਲਜ ਦਾਖ਼ਲ ਹੋਇਆ । ਇਸ ਹਿਸਾਬ ਇਹ 1937-38 ਵਿਚ ਫ਼ੈਡਰੇਸ਼ਨ ਦਾ ਪ੍ਰਧਾਨ ਬਣ ਗਿਆ ਜਦ ਕਿ ਸਿੱਖ ਸਟੂਡੈਂਟ ਫ਼ੈਡਰੇਸ਼ਨ ਬਣਦੀ ਹੀ ਸੰਨ 1944 ਵਿਚ ਹੈ ।

ਫਿਰ ਇਹ ਕਹਿੰਦਾ ਹੈ ਕਿ ਮੈਂ ਬੀ. ਏ. ਪਾਸ ਕਰਨ ਉਪਰੰਤ ਦੇਸ ਦੀ ਵੰਡ ਪਿੱਛੋਂ ਭਾਰਤ ਆ ਕੇ ਸਿਪਾਹੀ ਭਰਤੀ ਹੋ ਗਿਆ । ਜਦਕਿ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਬਣਨ ਨਾਲ ਮੁਸਲਮਾਨ ਪੁਲਿਸ ਥਾਣੇਦਾਰ ਮਰ ਗਏ ਜਾਂ ਪਾਕਿਸਤਾਨ

ਚਲੇ ਗਏ । ਅਸਾਮੀਆਂ ਭਰਨ ਲਈ ਇੰਟਰ ਪਾਸ (ਐਫ.ਏ.) ਨੂੰ ਸਿੱਧਾ ਥਾਣੇਦਾਰ ਭਰਤੀ ਕੀਤਾ ਗਿਆ ਜਾਂ ਹੌਲਦਾਰ ਭਰਤੀ ਕਰਕੇ ਸਾਲ ਪਿੱਛੋਂ ਥਾਣੇਦਾਰ ਬਣਾਇਆ ਗਿਆ। ਦਸਵੀਂ ਜਾਂ ਦਸਵੀਂ ਫ਼ੇਲ੍ਹ ਹੀ ਸਿਪਾਹੀ ਭਰਤੀ ਕੀਤੇ ਗਏ ।

**ਕਾਲਾ ਅਫ਼ਗਾਨਾ ਦੀ ਦੋ ਰੰਗੀ ਚਾਲ:**

ਕਾਲਾ ਅਫ਼ਗਾਨਾ ਦੇ ਨਾਉਂ ਹੇਠ ਛਪੀਆਂ ਕਿਤਾਬਾਂ ਤੋਂ ਭਲੀ-ਭਾਂਤ ਸਿੱਧ ਹੋ ਜਾਂਦਾ ਹੈ ਕਿ ਲੇਖਕ ਦੇ ਮਨ ਵਿਚ ਕੁਝ ਹੋਰ ਹੈ, ਮੁੱਖ ਵਿਚ ਕੁਝ ਹੋਰ ਹੈ । ਜ਼ਾਹਰੀ ਫ਼ੋਟੋ ਹੋਰ ਅਤੇ ਅੰਦਰ ਦੀ ਬਿਰਤੀ ਹੋਰ ਹੈ ਜਿਸ ਤਰ੍ਹਾਂ ਕਿ:

1. ਲੇਖਕ ਆਪ ਲਿਖਦਾ ਹੈ ਕਿ ਪਹਿਲਾਂ ਨੌਵੀਂ ਕਲਾਸ ਵਿਚ ਅੰਮ੍ਰਿਤਪਾਨ ਕੀਤਾ, ਫਿਰ ਕੈਨੇਡਾ ਜਾ ਕੇ ਪੰਜਾਂ ਪਿਆਰਿਆਂ ਤੋਂ ਭੁੱਲਾਂ ਬਖਸ਼ਾ ਕੇ ਖੰਡੇ ਦੀ ਪਹੁਲ ਛਕੀ ਪਰ ਲਿਖਤਾਂ ਵਿਚ ਖੰਡਾ ਪਹੁਲ ਨੂੰ ਡੇਰੇਦਾਰ ਸੰਤਾਂ ਦਾ ਕਪਟ ਦੱਸਦਾ ਹੈ ।
2. ਆਪ ਬਾਹਰ ਗਾਤਰੇ ਦੀ ਕਿਰਪਾਨ ਧਾਰ ਕੇ ਫ਼ੋਟੋਆਂ ਕਿਤਾਬਾਂ ਵਿਚ ਲੁਆਈਆਂ ਹੋਈਆਂ ਹਨ ਦੂਸਰੇ ਪਾਸੇ ਸਿੱਖਾਂ ਨੂੰ ਲੋਹੇ ਦੀ ਕਿਰਪਾਨ ਤਿਆਗ ਕੇ ਗਿਆਨ ਖੜਗ ਧਾਰਨ ਦਾ ਉਪਦੇਸ਼ ਦੇ ਰਿਹਾ ਹੈ ।
3. ਇਕ ਪਾਸੇ ਪੂਰੇ ਦਸਮ ਗ੍ਰੰਥ ਦੀ ਬਾਣੀ ਨੂੰ ਕਿਸੇ ਕਪਟੀ ਸ਼ਿਵ ਭਗਤ ਬ੍ਰਾਹਮਣ ਦੀ ਕਿਰਤ ਆਖਦਾ ਹੈ ਪਰ ਜਦ ਲੋੜ ਹੋਵੇ, ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਦਸਮ ਗ੍ਰੰਥ ਦੀ ਬਾਣੀ ਦੇ ਪ੍ਰਮਾਣ ਦਿੰਦਾ ਹੈ ।
4. ਕਦੇ ਆਖਦਾ ਹੈ ਮੈਂ ਪ੍ਰੋ. ਸਾਹਿਬ ਸਿੰਘ ਦੀਆਂ ਲਿਖਤਾਂ ਨੂੰ ਹੀ ਮਾਨਤਾ ਦਿੰਦਾ ਹਾਂ ਪਰ ਅੰਮ੍ਰਿਤ ਵੇਲੇ, ਬਚਿੱਤ੍ਰ ਨਾਟਕ ਦੇ 'ਖਗ ਖੰਡ ਬਿਹੰਡ' ਦੇ ਸ੍ਵੱਯੈ, ਅਰਦਾਸ ਦੀ ਪਹਿਲੀ ਪਉੜੀ ਆਦਿ, ਜਿਸਨੂੰ ਪ੍ਰੋ. ਸਾਹਿਬ ਸਿੰਘ ਜੀ ਗੁਰੂ ਕ੍ਰਿਤ ਮੰਨਦੇ ਹਨ, ਨੂੰ ਮੰਨਣ ਤੋਂ ਇਨਕਾਰੀ ਹੈ ।
5. ਜਿੱਥੇ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਅਤਿ ਦਾ ਸਤਿਕਾਰ ਦਰਸਾਉਂਦਾ ਹੈ, ਉੱਥੇ ਨਾਲ ਹੀ ਇਸ ਨੂੰ ਸਿੱਖ ਦਾ ਬਣਾਇਆ ਇਕ ਅਕਾਰ ਦੱਸਦਾ ਹੈ ਅਤੇ ਪੱਥਰ ਦੀ ਮੂਰਤੀ ਨਾਲ ਤੁਲਨਾ ਕਰਦਾ ਹੈ ।
   'ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ' ਦੀਆਂ ਕਿਤਾਬਾਂ ਨੂੰ ਸਹੀ ਤਰੀਕੇ ਨਾਲ ਘੋਖ ਕਰਨ ਪਿਛੋਂ ਲੇਖਕ ਕੀ ਕਹਿਣਾ ਚਾਹੁੰਦਾ ਹੈ ਜਾਂ ਉਸ ਦੇ ਲਿਖਣ ਦਾ ਉਦੇਸ਼ ਕੀ ਹੈ, ਇੰਞ ਕਿਹਾ ਜਾ ਸਕਦਾ ਹੈ ।

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ, ਸ਼ਰਧਾ ਅਤੇ ਵਿਸ਼ਵਾਸ ਜੋ ਸਿੱਖੀ ਦਾ ਧੁਰਾ ਹੈ ਸਿੱਖ ਮਾਨਸਿਕਤਾ 'ਚੋਂ ਖ਼ਤਮ ਕਰਨਾ ।
2. ਪੰਥ ਪ੍ਰਵਾਨਿਤ ਰਹਿਤ ਮਰਿਆਦਾ, ਪ੍ਰੰਪਰਾਵਾਂ ਅਤੇ ਧਾਰਨਾਵਾਂ ਦਾ ਭੋਗ ਪਾਉਣਾ ਹੈ ।
3. ਖੰਡਾ ਪਹੁਲ ਅਤੇ ਦਸਮ ਗ੍ਰੰਥ ਨੂੰ ਭੰਡ ਕੇ ਦਸਮੇਸ਼ ਪਿਤਾ ਦੀ ਜੀਵਨ ਜੁਗਤ, ਫ਼ਲਸਫ਼ਾ ਅਤੇ ਸਿਧਾਂਤ ਤੋਂ ਬੇਮੁਖ ਹੋਣ ਦਾ ਸੱਦਾ ਦੇਣਾ ।
4. ਅਕਾਲ ਤਖ਼ਤ ਦੀ ਸੰਸਥਾ ਵਿਰੁੱਧ ਕੁਪ੍ਰਚਾਰ ਰਾਹੀਂ ਖ਼ਾਲਸਾ ਜਥੇਬੰਦੀ ਦੇ ਢਾਂਚੇ ਨੂੰ ਜੜ੍ਹੋਂ ਉਖੇੜਨਾ ।
5. ਸਿੱਖ ਮਾਨਸਿਕਤਾ ਨੂੰ ਗਿਆਨ ਖੜਗ ਦੇ ਪ੍ਰਚਾਰ ਰਾਹੀਂ ਸ਼ਸਤਰਹੀਣ ਕਰਕੇ ਮੁੜ ਗ਼ੁਲਾਮੀ ਵੱਲ ਧੱਕਣਾ ।
6. ਸਾਰੇ ਸਿੱਖ ਜਗਤ ਨੂੰ ਬ੍ਰਾਹਮਣਵਾਦੀ ਠੱਪਾ ਲਾ ਕੇ ਕੁਟਿਲ ਨੀਤੀ ਨਾਲ ਆਰ.ਐਸ.ਐਸ. ਦਾ ਸਮਰਥਨ ਦੇਣਾ ਕਿ ਸਿੱਖ ਕੇਸ-ਧਾਰੀ ਹਿੰਦੂ ਹੀ ਹੈ ।
7. ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਵਰਗੀਆਂ ਸੰਸਥਾਵਾਂ ਨੂੰ, ਜਿਨ੍ਹਾਂ ਨੇ ਸਰਕਾਰ ਨੂੰ ਲੰਮਾ ਸਮਾਂ ਵਖ਼ਤ ਪਾਈ ਰੱਖਿਆ ਦਾ ਸਤਿਕਾਰ ਸਿੱਖ ਮਨਾਂ 'ਚੋਂ ਖ਼ਤਮ ਕਰਨਾ ।
   ਸਾਰੀ ਪੜਚੋਲ ਕਰਕੇ ਅਸੀਂ ਪੂਰੇ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਕਿਤਾਬਾਂ ਦਾ ਲੇਖਕ ਅਤੇ ਕਾਲਾ ਅਫ਼ਗਾਨਾ ਦੇ ਸਮਰਥਕ ਪੰਥ ਵਿਰੋਧੀ ਤਾਕਤਾਂ ਦੇ ਜ਼ਰ-ਖ਼ਰੀਦ ਗੋਲੇ ਬਣ ਕੇ ਪੂਰੇ ਤਾਣ ਨਾਲ ਪੰਥ ਦੀਆਂ ਬੇੜੀਆਂ ਵਿਚ ਵੱਟੇ ਪਾ ਕੇ ਡੋਬਣਾ ਚਾਹੁੰਦੇ ਹਨ ਅਤੇ ਸਿੱਖਾਂ ਵਿਚ ਧਾਰਮਿਕ ਤੌਰ 'ਤੇ ਖ਼ਾਨਾਜੰਗੀ ਕਰਾਉਣ ਲਈ ਯਤਨਸ਼ੀਲ ਹਨ ।
8. ਕਾਲਾ ਅਫ਼ਗਾਨਾ ਦੀ ਸਾਰੀਆਂ ਕਿਤਾਬਾਂ ਦਾ ਨਿਚੋੜ ਕੱਢ ਕੇ ਇਸ ਦੀਆਂ ਕੁਤਰਕਾਂ ਦਾ ਢੁਕਵਾਂ ਜਵਾਬ ਅਸੀਂ ਆਪਣੀ ਕਿਤਾਬ 'ਸਭ ਦੁਸ਼ਟ ਝਖ ਮਾਰਾ' ਵਿਚ ਦੇ ਦਿੱਤਾ ਹੈ । ਇਸੇ ਤਰ੍ਹਾਂ ਇਸ ਦੇ ਵੱਡੇ ਸਮਰਥਕ ਕਾਮਰੇਡ ਇੰਦਰ ਸਿੰਘ ਘੱਗਾ ਦੀ ਵਿਚਾਰਧਾਰਾ ਦੇ, ਆਪਣੀ ਕਿਤਾਬ 'ਕਾਮਰੇਡੀ ਸਿੱਖਾਂ ਦੇ ਕੌਤਕ' ਵਿਚ ਪਰਖਚੇ ਉਡਾ ਦਿੱਤੇ ਹਨ । ਇਨ੍ਹਾਂ ਕਿਤਾਬਾਂ ਨੂੰ ਪੜ੍ਹ ਕੇ ਸੰਗਤਾਂ ਆਪ ਨਿਰਨਾ ਕਰਨ ਕਿ ਅਜਿਹੇ ਬੰਦਿਆਂ ਨੂੰ ਗੁਰਸਿੱਖ ਕਹਿਣਾ ਕਿੰਨਾ ਕੁ ਠੀਕ ਹੈ ।

ਕੀ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੇ ਸਮਰਥਕ ਸ. ਗੁਰਤੇਜ ਸਿੰਘ ਆਈ.ਏ.ਐਸ., ਜੁਗਿੰਦਰ ਸਿੰਘ (ਸਪੋਕਸਮੈਨ), ਗਿ. ਜਗਤਾਰ ਸਿੰਘ ਜਾਚਕ, ਇੰਦਰ ਸਿੰਘ ਘੱਗਾ ਅਤੇ ਮਿਸ਼ਨਰੀ ਕਾਲਜਾਂ ਸੰਚਾਲਕਾਂ ਨੂੰ ਇਸ ਕਿਰਦਾਰ ਦਾ ਪਤਾ ਨਹੀਂ?

ਪਤਾ ਤਾਂ ਹੈ ਪਰ ਸ਼ਾਇਦ ਇਹ ਆਪ ਭੀ ਇਸੇ ਕਿਰਦਾਰ ਦੇ ਹਨ ਜਿਸ

ਦਾ ਕਾਲਾ ਅਫ਼ਗਾਨਾ ਨੂੰ ਪਤਾ ਹੈ ਇਸ ਲਈ ਕਹਿੰਦੇ ਹਨ ਕਿ:

**ਜਿੱਥੇ ਸਾਡਾ ਨੰਦ ਘੋਪ ਉੱਥੇ ਗਧੀ ਮਰੀ ਦਾ ਨਹੀਂ ਦੋਸ਼ ।**

ਜਦ ਅਸੀਂ ਇੰਦਰ ਸਿੰਘ ਘੱਗਾ ਨੂੰ ਇਸ ਦੇ ਬਲਾਤਕਾਰੀ ਕੇਸ ਦੇ ਅਦਾਲਤੀ ਫ਼ੈਸਲੇ ਬਾਰੇ ਪੁੱਛਿਆ ਤਾਂ ਕਹਿਣ ਲੱਗਾ, 'ਉਸ ਨੂੰ ਸੁਧਰਨ ਦਾ ਮੌਕਾ ਨਹੀਂ ਦੇਵੋਗੇ?' ਹੁਣ ਬੱਚਾ ਤਾਂ ਸੁਧਰ ਸਕਦਾ ਹੈ ਪਰ 68 ਸਾਲਾਂ ਦੀ ਉਮਰ ਵਿਚ ਜੇ ਕੋਈ ਗ਼ਲਤੀ ਕਰੇ ਉਸ ਦੇ ਸੁਧਰਨ ਦਾ ਫ਼ੈਸਲਾ ਪਾਠਕ ਹੀ ਕਰਨਗੇ ।

ਕਾਲਾ ਅਫ਼ਗਾਨਾ ਦੇ ਲੱਛਣ ਦੇਖ ਕੇ ਸਾਨੂੰ ਮੁਕਤਸਰ ਸਾਹਿਬ ਦਾ ਉਹ ਪਠਾਣ ਯਾਦ ਆ ਜਾਂਦਾ ਹੈ, ਜਿਸ ਨੇ ਸਿੱਖੀ ਭੇਸ ਵਿਚ ਦਸਮੇਸ਼ ਪਿਤਾ 'ਤੇ ਹਮਲਾ ਕਰ ਦਿੱਤਾ ਸੀ ਅਤੇ ਅੱਜ ਤੱਕ ਮਾਘੀ ਦੇ ਜੋੜ-ਮੇਲੇ 'ਤੇ ਗੁਰੂ ਕੇ ਸਿੱਖ ਉਸ ਦੀ ਕਬਰ 'ਤੇ ਜੁੱਤੀਆਂ ਮਾਰਦੇ ਆ ਰਹੇ ਹਨ ।

ਗੁਰੂ ਨਾਨਕ ਦੇਵ ਮਹਾਰਾਜ ਦਾ ਵਾਰ ਆਸਾ ਵਿਚ ਇਕ ਸਲੋਕ ਹੈ:

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥**
**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**
**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥**
**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥**

(ਅੰਗ ੪੬੩)

ਅਰਥ : (ਹੇ) ਨਾਨਕ (ਜਿਹੜੇ ਬੰਦੇ) ਗੁਰੂ ਨੂੰ ਨਹੀਂ ਚੇਤਦੇ (ਭੁੱਲ ਜਾਂਦੇ ਹਨ) (ਆਪਣੇ) ਮਨ ਵਿਚ ਆਪਣੇ ਆਪ ਨੂੰ (ਬਹੁਤ) ਸੁਚੇਤ (ਸਿਆਣੇ ਅਤੇ ਅਕਲਮੰਦ) ਸਮਝਦੇ ਹਨ । ਉਹ ਉਸ ਤਰ੍ਹਾਂ ਹੀ ਹਨ ਜਿਸ ਤਰ੍ਹਾਂ ਤਿਲ਼ਾਂ ਦੇ ਖੇਤ ਵਿਚ ਬੁਆੜ ਦਾ ਬੂਟਾ ਹੁੰਦਾ ਹੈ। ਜਿਸ ਨੂੰ ਜ਼ਿਮੀਦਾਰ ਸੁੰਨੇ ਨੂੰ ਖੇਤ ਵਿਚ ਛੱਡ ਜਾਂਦੇ ਹਨ (ਜੋ ਅਸਲੀ ਤਿਲ਼ਾਂ ਦਾ ਬੂਟਾ ਹੈ ਉਹ ਲੈ ਜਾਂਦੇ ਹਨ) । ਕਿਉਂਕਿ ਬੁਆੜ ਦਾ ਬੂਟਾ ਦੇਖਣ ਨੂੰ ਤਿਲ਼ ਦੇ ਬੂਟੇ ਵਰਗਾ ਹੀ ਹੁੰਦਾ ਹੈ ਉਸੇ ਤਰ੍ਹਾਂ ਫੁਲਦਾ, ਫਲਦਾ ਹੈ ਪਰ ਉਸ ਵਿਚ ਤਿਲ਼ ਨਹੀਂ ਹੁੰਦੇ ਸੁਆਹ ਹੀ ਹੁੰਦੀ ਹੈ ।

ਪਿਛਲੇ ਕਈ ਸਾਲਾਂ ਤੋਂ ਅਸੀਂ ਟ੍ਰੈਕਟਾਂ ਰਾਹੀਂ ਸੰਗਤਾਂ ਨੂੰ ਸਿੱਖੀ ਸਿਧਾਂਤ, ਗੁਰਬਾਣੀ, ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਦੀ ਕੋਸ਼ਸ਼ ਕੀਤੀ ਹੈ ਪਰ ਪਿਛਲੇ ਤਿੰਨ ਟ੍ਰੈਕਟਾਂ ਤੋਂ ਅਸੀਂ ਪੰਥ ਨੂੰ ਦਰਪੇਸ਼ ਚੁਣੌਤੀਆਂ ਤੋਂ ਸਾਵਧਾਨ ਕੀਤਾ ਹੈ । ਪਾਠਕ ਇਹ ਨਾ ਸਮਝਣ ਕਿ ਅਸੀਂ ਆਪਣੀ ਵਿਚਾਰਧਾਰਾ ਤੋਂ ਹਟ ਗਏ ਹਾਂ । ਸਾਡੇ ਲਈ ਅੱਖਾਂ ਮੀਚ ਕੇ ਅਤੀਤ ਤੇ ਝਾਤੀ ਮਾਰਨੀ ਜ਼ਰੂਰੀ ਹੈ, ਉਨਾਂ ਹੀ ਅੱਖਾਂ ਖੋਲ੍ਹ ਕੇ ਪੰਥ ਲਈ ਅਗਾਂਹ ਆ ਰਹੀਆਂ ਚੁਣੌਤੀਆਂ ਨੂੰ ਸਵੀਕਾਰ ਕੇ ਮੁਕਾਬਲਾ ਕਰਨਾ ਭੀ ਜ਼ਰੂਰੀ ਹੈ । ਫਿਰ ਭੀ ਜੇ ਕਿਸੇ ਪਾਠਕ ਦੇ ਮਨ ਨੂੰ ਠੇਸ ਪੁੱਜੀ ਹੈ ਉਸ



ਲਈ ਖਿਮਾਂ-ਜਾਚਨਾ ਕਰਦੇ ਹਾਂ ।

❁❁❁

# ਸਪੋਕਸਮੈਨ ਦੇ ਸੰਪਾਦਕ 'ਤੇ ਗੰਭੀਰ ਇਲਜ਼ਾਮ

ਸਤਿਕਾਰਯੋਗ ਖ਼ਾਲਸਾ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਿੱਖਾਂ ਦੀ ਇਸ ਵਕਤ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਕੌਮ ਦੇ ਧਾਰਮਿਕ ਅਤੇ ਰਾਜਸੀ ਆਗੂ ਟਕਿਆਂ ਦੇ ਭਾਅ ਵਿਕ ਗਏ ਹਨ । ਇਸੇ ਕੜੀ ਦੇ ਤਹਿਤ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਤਾਂ ਸਿੱਖਾਂ ਸਮੇਤ ਦੇਸ ਦੀਆਂ ਘੱਟ ਗਿਣਤੀਆਂ ਦੀ ਕੱਟੜ ਵਿਰੋਧੀ ਜਮਾਤ ਭਾਜਪਾ ਨਾਲ ਵਿਆਹ ਹੀ ਕਰਵਾ ਲਿਆ ਹੈ । ਦੇਸ ਵਿਚ ਹੋਰ ਵੀ ਪਾਰਟੀਆਂ ਦੇ ਆਪਸੀ ਗਠਜੋੜ ਹਨ ਪਰ ਕਿਸੇ ਨੇ ਵੀ ਅੱਜ ਤੱਕ ਇਹ ਨਹੀਂ ਕਿਹਾ ਕਿ ਇਹ ਪਾਰਟੀ ਮੇਰੀ ਦਰਾਣੀ ਜਾਂ ਜਠਾਣੀ ਭੂਆ ਜਾਂ ਮਾਸੀ ਹੈ ਪਰ ਇਸ ਦੇ ਉਲਟ ਪੰਥਕ ਕਹਾਉਂਦੇ ਸਰਦਾਰ ਬਾਦਲ ਨੇ ਤਾਂ ਪਤੀ-ਪਤਨੀ ਵਰਗੇ ਪਵਿੱਤਰ ਬੰਧਨ ਨੂੰ ਹੀ ਪਲੀਤ ਕਰਕੇ ਰੱਖ ਦਿੱਤਾ ਹੈ । ਜਦ ਕਿ ਭਾਜਪਾ ਨੇ ਕਦੇ ਵੀ ਇਸ ਰਿਸ਼ਤੇ ਦੀ ਹਾਮੀ ਨਹੀਂ ਭਰੀ । ਇੱਥੇ ਇਕਬਾਲ ਦਾ ਸ਼ੇਅਰ ਗਵਾਹੀ ਭਰਦਾ ਹੈ ਕਿ "ਗ਼ੈਰਤ ਨਾਮ ਥਾ ਜਿਸਕਾ ਵੋ ਗਈ ਤੈਮੂਰ ਕੇ ਘਰ ਸੇ ।" ਇੱਥੇ ਇਹ ਵੀ ਤਸਦੀਕਸ਼ੁਦ੍ਹਾ ਗਵਾਹੀ ਹੈ ਕਿ ਜਿਨ੍ਹਾਂ ਕੌਮਾਂ ਦੇ ਆਗੂ ਮਰ ਜਾਣ ਉਹ ਕੌਮਾਂ ਨਵੇਂ ਆਗੂ ਪੈਦਾ ਕਰ ਲੈਂਦੀਆਂ ਹਨ ਪਰ ਬਦਕਿਸਮਤੀ ਨਾਲ

ਜਿਨ੍ਹਾਂ ਕੌਮਾਂ ਦੇ ਆਗੂ ਵਿਕ ਜਾਣ ਉਹ ਕੌਮਾਂ ਨਵੇਂ ਰਹਿਬਰਾਂ ਦੀ ਸਿਰਜਣਾ ਕਰਨ ਦੇ ਸਮਰੱਥ ਨਹੀਂ ਰਹਿ ਜਾਂਦੀਆਂ ਕਿਉਂਕਿ ਗ਼ੈਰਾਂ ਦੇ ਹੱਥ ਠੋਕੇ ਬਣ ਜਾਣ ਵਾਲੇ ਆਗੂ ਨਵੀਂ ਪਨੀਰੀ ਜੰਮਣ ਹੀ ਨਹੀਂ ਦਿੰਦੇ । ਜਿੱਥੇ ਇਕ ਪਾਸੇ ਅਸੀਂ ਆਗੂ ਵਿਹੂਣੇ ਲੜ ਰਹੇ ਹਾਂ, ਉੱਥੇ ਸਾਡੇ ਸਾਹਮਣੇ ਅੱਜ ਉਹ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ ਜੋ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਤੋਂ ਬਾਅਦ ਸਾਡੇ ਰੂ-ਬ-ਰੂ ਹੋਈਆਂ ਸਨ ਕਿਉਂਕਿ ਮਹਾਰਾਜੇ ਨੇ ਨਿੱਜੀ ਲਾਲਸਾਵਾਂ ਸਮੇਤ ਕੁਝ ਲਾਪਰਵਾਹੀ ਅਤੇ ਉਦਾਰਤਾ ਨਾਲ ਦੁਸ਼ਮਣ ਨੂੰ ਘਰ ਦੇ ਭੇਤੀ ਬਣਾ ਲਿਆ ਸੀ । ਵੈਸੇ ਵੀ ਕੌਮਾਂ ਦੀ ਬਦ-ਨਸੀਬੀ ਦੇ ਲੇਖ ਇਕ ਦਿਨ ’ਚ ਨਹੀਂ ਲਿਖੇ ਜਾਂਦੇ ਅਤੇ ਕੌਮਾਂ ਦੀ ਤਕਦੀਰ ਦੀ ਇਬਾਰਤ ਸਦੀਆਂ ਮਿਲ ਕੇ ਤਿਆਰ ਕਰਦੀਆਂ ਹਨ । ਅੱਜ ਇਸੇ ਹੀ ਲੜੀ ਤਹਿਤ ਸਾਡਾ ਦੁਸ਼ਮਣ ਸਾਡੇ ਹੀ ਭੇਖ ਵਿਚ ਸਾਡੇ ਕੌਮੀ ਕਿਲ੍ਹੇ ਅੰਦਰ ਦਾਖ਼ਲ ਹੋ ਚੁੱਕਾ ਹੈ । ਅਗਰ ਕਿਲ੍ਹਾ ਸੁਰੱਖਿਅਤ ਹੋਵੇ ਤਾਂ ਦੁਸ਼ਮਣ ਦਾ ਮੁਕਾਬਲਾ ਕਰਨਾ ਅਸਾਨ ਹੁੰਦਾ ਹੈ ਪਰ ਜਦੋਂ ਦੁਸ਼ਮਣ ਕਿਲ੍ਹੇ ਅੰਦਰ ਦਾਖ਼ਲ ਹੋਣ ’ਚ ਕਾਮਯਾਬ ਹੋ ਜਾਵੇ ਤਾਂ ਹਾਰ ਨਿਸ਼ਚਿਤ ਹੋ ਗਈ ਹੁੰਦੀ ਹੈ ਪਰ ਫਿਰ ਵੀ ਅਸੀਂ ਹਥਿਆਰ ਨਹੀਂ ਸੁੱਟੇ । ਅੱਜ ਵੀ ਸਾਡਾ ਆਪਣੇ ਗੁਰਦੇਵ ਅਤੇ ਅਕਾਲ ਪੁਰਖ ਵਿਚ ਪੂਰਨ ਭਰੋਸਾ ਹੈ ਕਿ ਉਹ ਸਾਡੀਆਂ ਵਕਤੀ ਹਾਰਾਂ ਨੂੰ ਸਦੀਵੀ ਜਿੱਤਾਂ ਵਿਚ ਬਦਲ ਦੇਣਗੇ । ਸਾਡੇ ਕੋਲ ਇਸ ਵਕਤ ਇਕੋ ਇਕ ਪ੍ਰੇਰਨਾ ਸ੍ਰੋਤ ਹੈ ਸਾਡਾ ਬੇਮਿਸਾਲ ਇਤਿਹਾਸ । ਪਰ ਸਾਡਾ ਦੁਸ਼ਮਣ ਇਸ ਵਕਤ ਬਹੁਤ ਹੀ ਸ਼ਾਤਰ ਦਿਮਾਗ਼ ਹੈ। ਉਹ ਮੁਗ਼ਲ ਹਕੂਮਤ ਵਾਂਗ ਇਸਲਾਮ ਧਾਰਨ ਕਰ ਲੈਣ ਜਾਂ ਫਿਰ ਮੌਤ ਨੂੰ ਗਲ਼ ਲਗਾਉਣ ਦਾ ਦੋ ਤਰਫ਼ਾ ਫ਼ੈਸਲਾ ਨਹੀਂ ਸੁਣਾਉਂਦਾ । ਬਲਕਿ ਇਹ ਦੁਸ਼ਮਣ ਸਾਡੀ ਇਕ-ਇਕ ਨਸ ਕੱਟ ਕੇ ਸਾਡਾ ਪੂਰਾ ਰਕਤ ਕੱਢ ਕੇ ਸਾਨੂੰ ਸਾਹ ਸੱਤਹੀਣ ਕਰਕੇ ਮਾਰ ਮੁਕਾਉਣਾ ਚਾਹੁੰਦਾ ਹੈ ਕਿਉਂਕਿ ਇਸ ਨੂੰ ਕਿਸੇ ਵੀ ਰੂਪ ’ਚ ਸਾਡੀ ਹੋਂਦ ਦੀ ਲੋੜ ਨਹੀਂ ਹੈ । ਅੱਜ ਬੇਸ਼ੱਕ ਵਿਚਾਰਾਂ ਦੀ ਲੜਾਈ ਦੇ ਦੌਰ ਦੀ ਦੁਹਾਈ ਦਿੱਤੀ ਜਾ ਰਹੀ ਹੈ ਪਰ ਹਥਿਆਰਬੰਦ ਲੜਾਈ ਨੂੰ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਜਿੱਥੇ ਆ ਕੇ ਦਲੀਲ ਦੇ ਰਸਤੇ ਬੰਦ ਹੁੰਦੇ ਹਨ, ਉੱਥੋਂ ਹੀ ਹਥਿਆਰਬੰਦ ਲੜਾਈ ਦਾ ਦੌਰ ਸ਼ੁਰੂ ਹੁੰਦਾ ਹੈ ਪਰ ਸਾਡੇ ਹੀ ਭੇਖ ’ਚ ਸਾਡਾ ਜੋ ਦੁਸ਼ਮਣ ਸਾਡੇ ਕਿਲ੍ਹੇ ਅੰਦਰ ਦਾਖ਼ਲ ਹੋ ਚੁੱਕਾ ਹੈ, ਉਹ ਵਿਚਾਰਾਂ ਦੀ ਲੜਾਈ ’ਚ ਵੀ ਸਾਥੋਂ ਦੋ ਕਦਮ ਅੱਗੇ ਟੁਰ ਰਿਹਾ ਹੈ ਕਿਉਂਕਿ ਉਸਨੂੰ ਸਰਕਾਰੀ ਏਜੰਸੀਆਂ ਨੇ ਪੂਰੀ ਤਰ੍ਹਾਂ ਟ੍ਰੇਨਿੰਗ ਦੇ ਕੇ ਸਾਡੇ ਅੰਦਰ ਵਾੜਿਆ ਹੈ । ਜੋ ਪਹਿਲਾਂ ‘ਰੋਜ਼ਾਨਾ ਸਪੋਕਸਮੈਨ’ ਵਾਂਗ ਸਾਡੇ ਸੰਵੇਦਨਸ਼ੀਲ ਮੁੱਦਿਆਂ ਨੂੰ ਛੂਹ ਕੇ ਸਾਡਾ ਵਿਸ਼ਵਾਸਪਾਤਰ ਬਣਿਆ ਹੈ, ਫਿਰ ਉਹ ਚਲਾਕ ਦੁਸ਼ਮਣ ਸਾਡੇ ਜਿਸਮ ’ਤੇ ਹਲਕੇ-ਹਲਕੇ ਪੱਛ ਮਾਰਕੇ ਸਾਨੂੰ ਪਰਖਦਾ ਹੈ ਅਤੇ ਜਿਸ ਮੁੱਦੇ ’ਤੇ ਅਸੀਂ ਤੜਪ ਕੇ ਤਿੱਖਾ ਵਿਰੋਧ ਕਰਦੇ ਹਾਂ, ਸਾਡਾ ਦੁਸ਼ਮਣ ਉਸ ਮੁੱਦੇ ਤੋਂ ਵਕਤੀ ਤੌਰ ’ਤੇ ਪਾਸਾ ਵੱਟ ਲੈਂਦਾ ਹੈ ਜਾਂ ਫਿਰ ਆਪਣੇ ਸ਼ਬਦ-ਜਾਲ ਵਿਚ ਸਾਨੂੰ ਉਲਝਾਉਣ ਦੀ ਕੋਸ਼ਿਸ਼ ਕਰਦਾ ਹੈ ।

ਕੁਝ ਵਿਵਾਦਤ ਮਸਲੇ, ਜੋ ਲੰਬੇ ਸਮੇਂ ਤੋਂ ਕੌਮ ਦੇ ਗਲੇ ’ਚ ਹੱਡੀ ਵਾਂਗ ਫਸੇ ਹੋਏ ਹਨ, ਦਾ ਭਰਪੂਰ ਲਾਭ ਸਪੋਕਸਮੈਨ ਦੇ ਸੰਪਾਦਕ ਨੇ ਉਠਾਇਆ ਹੈ ਅਤੇ ਸਿੱਖ ਕੌਮ ਨੂੰ ਜਜ਼ਬਾਤੀ ਤੌਰ ’ਤੇ ਬਲੈਕਮੇਲ ਕੀਤਾ ਹੈ । ਸ਼ਰਾਰਤੀ ਮਾਨਸਿਕਤਾ ਵਾਲੇ ਇਹ ਪ੍ਰਬੰਧਕ ਨਹੀਂ ਚਾਹੁੰਦੇ ਕਿ ਜਿਨ੍ਹਾਂ ਮਸਲਿਆਂ ਨੂੰ ਇਨ੍ਹਾਂ ਵੱਲੋਂ ਉਭਾਰਿਆ ਗਿਆ ਹੈ, ਉਨ੍ਹਾਂ ਦਾ ਕੋਈ ਫ਼ੌਰੀ ਅਤੇ ਸਥਾਈ ਹੱਲ ਨਿਕਲ ਸਕੇ ਕਿਉਂਕਿ ਅਜਿਹੇ ਭਖਦੇ ਮਸਲੇ ਪੰਥ ਦੀਆਂ ਜੜ੍ਹਾਂ ’ਚ ਤੇਲ ਦੇਣ ਲਈ ਸਰਕਾਰਾਂ ਦੇ ਹੱਥ ਠੋਕਿਆਂ ਨੂੰ ਬਹੁਤ ਹੀ ਰਾਸ ਆਏ ਹਨ । ਜਿੱਥੇ ਇਕ ਪਾਸੇ ‘ਬਚਿੱਤ੍ਰ ਨਾਟਕ’ ਵਰਗੇ ਵਿਵਾਦਤ ਗ੍ਰੰਥ ਦਾ ਨਵਾਂ ਨਾਮਕਰਨ (ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ) ਕਰਕੇ ਸਰਕਾਰੀ ਏਜੰਸੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਉਸਦਾ ਪੀੜ੍ਹਾ ਟਿਕਵਾ ਰਹੀਆਂ ਹਨ। ਦੂਜੇ ਪਾਸੇ ਉਹੀ ਏਜੰਸੀਆਂ ਸ. ਜੋਗਿੰਦਰ ਸਿੰਘ, ਮੁੱਖ ਸੰਪਾਦਕ ‘ਰੋਜ਼ਾਨਾ ਸਪੋਕਸਮੈਨ’ ਵਰਗੇ ਆਪਣੇ ਭਰੋਸੇਯੋਗ ਵਸੀਲਿਆਂ ਤੋਂ ਉਸ ਦੀ ਮੁਖ਼ਾਲਫ਼ਤ ਕਰਵਾ ਕੇ ਜਾਗਰੂਕ ਸਿੱਖਾਂ ’ਚ ਉਸਦਾ ਭਰੋਸਾ ਕਾਇਮ ਕਰਵਾ ਰਹੀਆਂ ਹਨ । ਮੁੱਕਦੀ ਗੱਲ ਦੋਹੀਂ ਪਾਸੀਂ ਖ਼ਾਲਸਾ ਪੰਥ ਦੀ ਅਗਵਾਈ ਕਰਨ ਦਾ ਨਾਟਕ ਖੇਡ ਰਹੇ ਭੇਖੀ ਦੰਭੀ ਅਤੇ ਸਰਕਾਰੀ ਏਜੰਸੀਆਂ ਹਨ । ਆਰ.ਐੱਸ.ਐੱਸ. ਵਰਗੇ ਕੱਟੜ ਹਿੰਦੂ ਜਮਾਤ, ਰਾਸ਼ਟਰੀ ਸਿੱਖ ਸੰਗਤ ਦੀ ਮਾਰਫ਼ਤ ਸਾਰੀਆਂ ਸਿੱਖ ਸੰਸਥਾਵਾਂ ’ਤੇ ਕਾਬਜ਼ ਹੋ ਚੁੱਕੀ ਹੈ ।

ਜਿਵੇਂ ਕੜੀ ਨਾਲ ਕੜੀ ਮਿਲ ਕੇ ਜੰਜ਼ੀਰ ਬਣ ਜਾਂਦੀ ਹੈ, ਇਵੇਂ ਹੀ ਅਚਾਨਕ ਕੁਝ ਤੱਥ ਸਾਮ੍ਹਣੇ ਆਉਣ ਨਾਲ ਜਦੋਂ ਬਾਰੀਕੀ ਨਾਲ ਤਫ਼ਤੀਸ਼ ਕੀਤੀ ਗਈ ਤਾਂ ਰੋਜ਼ਾਨਾ ਸਪੋਕਸਮੈਨ ਦੀ ਸਿੱਖ ਵਿਰੋਧੀ ਨੀਤੀ ਸਾਹਮਣੇ ਆਈ ਹੈ । ਇਸ ਤੋਂ ਸਹਿਜੇ ਹੀ ਅਨੁਮਾਨ ਲੱਗ ਜਾਂਦਾ ਹੈ ਕਿ ‘ਰੋਜ਼ਾਨਾ ਸਪੋਕਸਮੈਨ’ ਦੇ ਸ਼ੁਰੂਆਤੀ ਦੌਰ ’ਚ ਅਕਾਲ ਤਖ਼ਤ ਵਲੋਂ ਜੋ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਉਹ ਵੀ ਕਿਸੇ ਵੱਡੀ ਸਾਜ਼ਸ਼ ਦਾ ਹਿੱਸਾ ਜਾਪਦਾ ਹੈ । ਜਿਸ ਦਾ ਉਲਟਾ ਅਸਰ ਕਬੂਲਦਿਆਂ ਸਾਡੇ ਵਰਗੇ ਗਰਮ ਮਿਜਾਜ਼ ਸਿੱਖ ਜੰਗਲੀ ਹਾਥੀਆਂ ਦੇ ਝੁੰਡਾਂ ਵਾਂਗ ਪਿੱਠਾਂ ਜੋੜ ਕੇ ਸਪੋਕਸਮੈਨ ਦੇ ਹੱਕ ’ਚ ਖਲੋ ਗਏ ਸਨ । ਇਸ ਸ਼ੱਕ ਦਾ ਆਧਾਰ ਉਦੋਂ ਮਜ਼ਬੂਤ ਹੋਇਆ ਜਦੋਂ ਪਿਛਲੇ ਸਾਲ ‘ਰੋਜ਼ਾਨਾ ਸਪੋਕਸਮੈਨ’ ਦੇ ਮੋਹਾਲੀ ਦਫ਼ਤਰ ’ਤੇ ਇਕ ਡੇਰੇਦਾਰ ਦੇ ਸਮਰਥਕਾਂ ਵਲੋਂ ਹਮਲਾ ਕੀਤਾ ਗਿਆ ਸੀ । ਬਹੁਤ ਹੀ ਭਰੋਸੇਯੋਗ ਸੂਤਰਾਂ ਅਨੁਸਾਰ ਉਹ ਹਮਲਾ ਵੀ ਫ਼ਰਜ਼ੀ ਸੀ, ਜੋ ਮਾਲਕਾਂ ਦੀ ਸ਼ਹਿ

'ਤੇ ਕੀਤਾ ਗਿਆ ਸੀ । ਖ਼ਾਲਸਾ ਪੰਥ ਦੇ ਇਤਿਹਾਸ ਵਿਚ ਅੱਜ ਤੱਕ ਦਾ ਇਹ ਸਭ ਤੋਂ ਵੱਡਾ ਸਕੈਂਡਲ ਹੈ, ਹਿੰਦ ਸਰਕਾਰ ਦੀਆਂ ਪੱਟੇਦਾਰ ਏਜੰਸੀਆਂ ਨੇ ਪਹਿਲਾਂ ਵਾਰ ਕੌਮ ਦੇ ਸਿਰ 'ਤੇ ਕੀਤੇ ਸਨ । ਜਿਨ੍ਹਾਂ ਨੂੰ ਝੱਲਣ ਦੇ ਅਸੀਂ ਆਦੀ ਸੀ ਅਤੇ ਜਿਨ੍ਹਾਂ ਦਾ ਮੁਕਾਬਲਾ ਕੌਮ ਨੇ ਆਪਣੀਆਂ ਰਵਾਇਤੀ ਪ੍ਰੰਪਰਾਵਾਂ ਅਨੁਸਾਰ ਕੀਤਾ ਹੈ ਪਰ ਹੁਣ ਸਪੋਕਸਮੈਨ ਦੇ ਜ਼ਰੀਏ ਖੜ੍ਹੀ ਕੀਤੀ ਗਈ 'ਏਕਸ ਕੇ ਬਾਰਕ' ਜਥੇਬੰਦੀ ਵਲੋਂ ਸਾਡੀਆਂ ਜੜ੍ਹਾਂ ਤੇ ਕੁਹਾੜਾ ਚੱਲਣ ਵਾਲਾ ਹੈ । ਸਪੋਕਸਮੈਨ ਦੀ ਬਦੌਲਤ ਕੌਮ ਵਿਚ ਬਹੁਤ ਵੱਡੀ ਫੁੱਟ ਪੈ ਚੁੱਕੀ ਹੈ । ਕਿਸੇ ਰਾਸ਼ਟਰ, ਕੌਮ ਜਾਂ ਪਰਵਾਰ ਨੂੰ ਜ਼ਾਬਤੇ 'ਚ ਰੱਖਣ ਲਈ ਉਸ ਉੱਤੇ ਕੁਝ ਅੰਕੁਸ਼ ਲਾਉਣੇ ਲਾਜ਼ਮੀ ਹੁੰਦੇ ਹਨ ਪਰ ਅੱਜ ਸਪੋਕਸਮੈਨ ਦੀ ਬਦੌਲਤ ਅਸੀਂ ਹਰ ਕੰਟਰੋਲ ਰੇਖਾ ਪਾਰ ਕਰਨ 'ਚ ਮਾਣ ਮਹਿਸੂਸ ਕਰਦੇ ਹਾਂ । ਪੰਥ ਵਿਚ ਬਹੁਤ ਸਾਰੇ ਅਣਸੁਲਝੇ ਮਸਲੇ ਹਨ ਜੋ ਗੁਰਬਾਣੀ ਦੀ ਰੌਸ਼ਨੀ ਵਿੱਚ ਤੱਤ ਗੁਰਮਤਿ ਨੂੰ ਅਪਣਾਏ ਵਿਦਵਾਨਾਂ ਵਲੋਂ ਤੁਰੰਤ ਕੀਤੇ ਜਾਣੇ ਚਾਹੀਦੇ ਹਨ ਪਰ ਆਪਣੀ-ਆਪਣੀ ਡਫਲੀ ਤੇ ਆਪਣਾ-ਆਪਣਾ ਰਾਗ ਬੇਸੁਰਾ ਲਗਦਾ ਹੈ ਅਤੇ ਇਕ ਸੰਘਰਸ਼ਸ਼ੀਲ ਕੌਮ ਲਈ ਬਹੁਤ ਹੀ ਘਾਤਕ ਹੈ ।

ਮੁੱਕਦੀ ਗੱਲ ਕਿ ਸਪੋਕਸਮੈਨ ਨੇ ਕੌਮ ਨੂੰ ਦੋਰਾਹੇ 'ਤੇ ਖੜ੍ਹਾ ਕਰ ਦਿੱਤਾ ਹੈ । ਬੇਸ਼ੱਕ ਸਪੋਕਸਮੈਨ ਨੇ ਵਕਤ ਦੀ ਰਮਜ਼ ਨੂੰ ਪਛਾਣਦਿਆਂ ਹੋਇਆਂ ਸਿੱਖ ਕੌਮ ਦੇ ਚਿਰਾਂ ਤੋਂ ਜੰਗਾਲੇ ਹੋਏ ਅਜਿਹੇ ਮਸਲਿਆਂ ਨੂੰ ਉਭਾਰਿਆ ਹੈ ਜੋ ਕੌਮ ਦਾ ਫ਼ੌਰੀ ਧਿਆਨ ਮੰਗਦੇ ਹਨ। ਦਸਮ ਗ੍ਰੰਥ ਤੋਂ ਇਲਾਵਾ ਪੰਜਾਬ ਵਿਚ ਫੈਲਿਆ ਹੋਇਆ ਡੇਰਾਵਾਦ, ਜੋ ਖ਼ਾਲਸਾ ਪੰਥ ਦੀ ਵਿਲੱਖਣ ਹਸਤੀ ਨੂੰ ਗ੍ਰਹਿਣ ਵਾਂਗ ਨਿਗਲ ਰਿਹਾ ਹੈ। ਇਨ੍ਹਾਂ ਠੇਕੇਦਾਰਾਂ ਦੇ ਹੱਥੋਂ ਕਾਰ ਸੇਵਾ ਦੇ ਨਾਂ 'ਤੇ ਪਹਿਲਾਂ ਸਿੱਖ ਕੌਮ ਦੀਆਂ ਮੂੰਹੋਂ ਬੋਲਦੀਆਂ ਇਤਿਹਾਸਿਕ ਇਮਾਰਤਾਂ ਢੁਹਾਈਆਂ ਗਈਆਂ ਅਤੇ ਹੁਣ ਸਿੱਖ ਸੋਚ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਸਿੱਖ ਕੌਮ ਦੇ ਵੱਡਮੁੱਲੇ ਅਤੇ ਲਾਮਿਸਾਲ ਇਤਿਹਾਸ ਨੂੰ ਗੁਰੂ ਗ੍ਰੰਥ ਸਾਹਿਬ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਖੰਡੇ ਦੀ ਪਹੁਲ ਅੰਮ੍ਰਿਤ ਸੰਚਾਰ ਸਹਿਤ ਸਮੁੱਚੇ ਸ਼ਕਤੀ ਦੇ ਸੋਮਿਆਂ ਨੂੰ ਬੰਨ੍ਹ ਮਾਰਨ ਲਈ 'ਏਕਸ ਕੇ ਬਾਰਕ' ਜਥੇਬੰਦੀ ਦਾ ਗਠਨ ਕੀਤਾ ਗਿਆ ਹੈ । ਇਸ ਜਥੇਬੰਦੀ ਵਲੋਂ ਜੋ ਰਿਸਰਚ ਬੋਰਡ ਬਣਾਇਆ ਗਿਆ ਹੈ, ਉਸ ਦੇ ਖੋਜਾਰਥੀਆਂ ਦੀ ਲਿਸਟ (ਜਿਵੇਂ ਖੁਸ਼ਵੰਤ ਸਿੰਘ, ਹਰੀ ਰਤਨ ਯੁਕਤਾ, ਲਛਮਣ ਚੇਲਾਰਾਮ ਆਦਿਕ) ਤੋਂ ਹੀ ਅੱਗੇ ਆਉਣ ਵਾਲੇ ਭੁਚਾਲ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਕਿਉਂਕਿ ਵਿਦਵਾਨਾਂ ਦਾ ਗਠਨ ਹੀ ਫ਼ਰਜ਼ੀ ਹੈ । ਗ਼ੈਰ-ਸਿੱਖ ਅਤੇ ਅਖੌਤੀ ਵਿਦਵਾਨਾਂ ਤੋਂ ਇਲਾਵਾ ਇਸ ਪੈਨਲ ਵਿਚ ਕਈ ਅਜਿਹੇ ਲੋਕ ਵੀ ਸ਼ਾਮਲ ਕੀਤੇ ਗਏ ਹਨ ਜਿਹੜੇ ਗੁਰਮਤਿ ਸਿਧਾਂਤਾਂ ਦਾ ਊੜਾ-ਐੜਾ ਵੀ ਨਹੀਂ ਜਾਣਦੇ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ



ਜਥੇਬੰਦੀ ਦਾ ਗੁਪਤ ਏਜੰਡਾ ਕੁਝ ਹੋਰ ਹੈ ਜਿਸ ਦੇ ਤਹਿਤ ਸਮੁੱਚੇ ਸਿੱਖ ਇਤਿਹਾਸ ਨੂੰ ਗ੍ਰਸ ਲੈਣ ਵਾਲਾ ਮੁਕੰਮਲ ਖ਼ਾਕਾ ਪਹਿਲੇ ਹੀ ਤਿਆਰ ਹੋ ਚੁੱਕਾ ਹੈ । ਬਾਕੀ ਤਾਂ ਮਹਿਜ ਇਕ ਰਸਮ ਪੂਰੀ ਕਰਨ ਵਾਸਤੇ ਪ੍ਰਚਾਰਿਆ ਜਾ ਰਿਹਾ ਹੈ । ਭਾਵ, ਉਪਰੋਕਤ ਜੁੰਡਲੀ ਆਕਾਵਾਂ ਵਲੋਂ ਸਿੱਖੀ ਦੇ ਢਾਂਚੇ ਨੂੰ ਨਸ਼ਟ ਕਰਨ ਵਾਲਾ ਇਤਿਹਾਸ ਪਹਿਲੇ ਹੀ ਲਿਖਿਆ ਜਾ ਚੁੱਕਾ ਹੈ ਜਿਸ ਨੂੰ ਆਉਣ ਵਾਲੇ ਸਮੇਂ ਵਿਚ 'ਏਕਸ ਕੇ ਬਾਰਕ' ਜਥੇਬੰਦੀ ਦੀ ਮੋਹਰ ਥੱਲੇ ਸਿਰਫ਼ ਪ੍ਰਕਾਸ਼ਿਤ ਕੀਤਾ ਜਾਵੇਗਾ ।

ਇਸ ਲੇਖ ਵਿਚ ਜੋ ਵੀ ਤੱਥ ਜਾਂ ਸ਼ੰਕੇ ਪ੍ਰਗਟਾਏ ਜਾ ਰਹੇ ਹਨ ਇਸ ਦਾ ਖੁਲਾਸਾ ਵੀ ਸਰਦਾਰ ਜੋਗਿੰਦਰ ਸਿੰਘ ਦੀ ਆਪਣੀ ਜ਼ੁਬਾਨੀ ਹੀ ਹੋਇਆ ਹੈ । ਸਰਦਾਰ ਸਾਹਿਬ ਦੇ ਅੰਦਰਲਾ ਪਾਪ ਜਦੋਂ ਸਿਰ ਚੜ੍ਹ ਕੇ ਬੋਲਦਾ ਹੈ ਤਾਂ ਅਣਚਾਹੇ ਹੀ ਬਹੁਤ ਸਾਰਾ ਸੱਚ ਉਗਲ ਜਾਂਦਾ ਹੈ । ਸੱਚ ਵੀ ਬੜਾ ਸ਼ਰਾਰਤੀ ਬੱਚਾ ਹੈ, ਜੋ ਲੱਖ ਯਤਨਾਂ ਦੇ ਬਾਵਜੂਦ ਵੀ ਫੜਿਆ ਨਹੀਂ ਰਹਿੰਦਾ । ਉੱਪਰ ਦੱਸੇ ਗਏ ਸ਼ੰਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ ।

17 ਮਈ 2009 ਨੂੰ ਚੰਡੀਗੜ੍ਹ ਦੇ ਸੈਕਟਰ 46 ਦੇ ਗੁਰਦੁਆਰਾ ਸਾਹਿਬ 'ਚ ਪ੍ਰਸਿੱਧ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਦੇ ਸਤਿਕਾਰਯੋਗ ਮਾਤਾ ਬੀਬੀ ਜਗਤਾਰ ਕੌਰ ਜੀ, ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਨਮਿਤ ਰੱਖੇ ਗਏ ਗੁਰਮਤਿ ਸਮਾਗਮ ਦੇ ਮੰਚ ਤੋਂ ਸ. ਜੋਗਿੰਦਰ ਸਿੰਘ, ਮੁੱਖ ਸੰਪਾਦਕ ਰੋਜ਼ਾਨਾ ਸਪੋਕਸੈਨ ਨੇ ਬੜੀ ਬੇਬਾਕੀ ਨਾਲ ਦਾਅਵਾ ਕੀਤਾ ਕਿ "ਬਾਬੇ ਨਾਨਕ ਨੇ ਆਪਣੇ ਹੱਥੀਂ ਕਿਸੇ ਨੂੰ ਗੁਰਗੱਦੀ ਨਹੀਂ ਸੀ ਦਿੱਤੀ ਕਿਉਂਕਿ ਉਹ ਅੱਗੇ ਅੰਗਦ ਸਾਹਿਬ ਨੇ ਕੋਈ ਜਾਲ਼ਸਾਜ਼ੀ ਕਰਕੇ ਗੁਰੂ ਨਾਨਕ ਸਾਹਿਬ ਤੋਂ ਗੁਰਗੱਦੀ ਹਥਿਆ ਲਈ ਸੀ ।" ਬੇਸ਼ੱਕ ਇਹ ਲਾਈਨਾਂ ਬਹੁਤ ਹੀ ਦੁਖਦਾਈ ਹਨ ਕਿਉਂਕਿ ਇਹ ਦਿਨ ਨੂੰ ਰਾਤ ਕਹਿਣ ਵਰਗਾ ਕੁਫ਼ਰ ਹੈ ਅਤੇ ਕੁਫ਼ਰ ਹੁੰਦਾ ਹੀ ਦੁੱਖ ਦੇਣ ਵਾਲਾ ਹੈ ਜਿਸ ਵਕਤ ਸ. ਜੋਗਿੰਦਰ ਸਿੰਘ ਜੀ ਉਪਰੋਕਤ ਵਿਸ਼ੇ 'ਤੇ ਬੋਲ ਰਹੇ ਸਨ, ਉਸ ਵਕਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸੈਂਕੜੇ ਨਾਮਵਰ ਗੁਰਸਿੱਖ ਮੌਜੂਦ ਸਨ। ਜਿਨ੍ਹਾਂ ਵਿਚ ਦੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਗੁਰਵਿੰਦਰ ਸਿੰਘ ਸ਼ਾਮਪੁਰਾ ਅਤੇ ਸ. ਹਰਦੀਪ ਸਿੰਘ ਹਾਜ਼ਰ ਸਨ । ਸਰਦਾਰ ਜੋਗਿੰਦਰ ਸਿੰਘ ਦੇ ਮੂੰਹੋਂ ਇਹ ਬੇਦਲੀਲ ਵਾਰਤਾ ਸੁਣ ਕੇ ਮੇਰੇ ਹੋਸ਼ ਉਡ ਗਏ ਅਤੇ ਸ. ਸਾਹਿਬ ਪ੍ਰਤੀ ਮੇਰਾ ਵਿਸ਼ਵਾਸ ਤਿੜਕਿਆ ਹੀ ਨਹੀਂ ਬਲਕਿ ਚੂਰ-ਚੂਰ ਹੋ ਗਿਆ ਕਿਉਂਕਿ ਉਨ੍ਹਾਂ ਪ੍ਰਤੀ ਮੇਰਾ ਵਿਸ਼ਵਾਸ ਤਿੜਕ ਤਾਂ ਇਕ ਸਾਲ ਪਹਿਲਾਂ ਹੀ ਗਿਆ ਸੀ । ਜਦੋਂ ਸਪੋਕਸਮੈਨ ਦੇ ਮੁੱਖ ਦਫ਼ਤਰ 19 ਸੈਕਟਰ ਵਿਚ ਇਕ ਮਾਸਿਕ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਬੜੇ ਹੀ ਜਜ਼ਬਾਤੀ ਰੋਹ ਵਿਚ ਕਿਹਾ ਸੀ ਕਿ "ਮੈਂ ਬਾਬੇ ਨਾਨਕ ਤੋਂ

ਸਿਵਾ ਬਾਕੀ ਨੌਆਂ ਨੂੰ ਨਹੀਂ ਮੰਨਣਾ (ਭਾਵ ਬਾਕੀ ਨੌਂ ਗੁਰੂ ਸਾਹਿਬਾਨ ਨੂੰ ਗੁਰੂ ਨਹੀਂ ਮੰਨਦਾ)" ਇਸ ਤੋਂ ਪਹਿਲੇ ਸਪੋਕਸਮੈਨ ਅਤੇ ਇਸ ਦੇ ਸੰਪਾਦਕ ਸ. ਜੋਗਿੰਦਰ ਸਿੰਘ ਲਈ ਮੇਰੇ ਹਿਰਦੇ ਦੀ ਜ਼ਮੀਨ ਬਹੁਤ ਹੀ ਪਵਿੱਤਰ ਸੀ ਜਿਸ ਵਿਚ ਸ. ਜੋਗਿੰਦਰ ਸਿੰਘ ਵਲੋਂ ਸ਼ੱਕ ਦਾ ਬੀਜ ਅਚਨਚੇਤ ਹੀ ਸੁੱਟ ਦਿੱਤਾ ਗਿਆ ।

ਉਸ ਦਿਨ ਸਪੋਕਸਮੈਨ ਵਲੋਂ ਮੇਰੇ ਦਿਲ ਦਿਮਾ.ਗ 'ਤੇ ਮਾਰੀ ਗਈ ਇਹ ਪਹਿਲੀ ਸੱਟ ਸੀ । ਇਸ ਲਈ ਮੈਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਹ ਬਕਵਾਸ ਸ. ਜੋਗਿੰਦਰ ਸਿੰਘ ਜੀ ਦੇ ਮੁਖਾਰਬਿੰਦ 'ਚੋਂ ਨਿਕਲੀ ਹੈ । ਮੈਂ ਆਪਣੇ ਆਪ ਨੂੰ ਕਾਬੂ 'ਚ ਰੱਖ ਕੇ ਇਸ ਦਾ ਉੱਤਰ ਉਨ੍ਹਾਂ ਨੂੰ ਉਸ ਵਕਤ ਬੜੀ ਹਲੀਮੀ ਨਾਲ ਦਿੱਤਾ ਕਿ ਵੀਰ ਜੀ ਗੁਰੂ ਨਾਨਕ ਸਾਹਿਬ ਦੇ ਜਿਸ ਸਿਧਾਂਤ ਨੂੰ ਬਚਾਉਣ ਦੀ ਅਸੀਂ ਅੱਜ ਕੋਸ਼ਸ਼ ਕਰ ਰਹੇ ਹਾਂ । ਗੁਰੂ ਸਾਹਿਬਾਨ ਦਾ ਉਹ ਵੱਡਮੁੱਲਾ ਸਿਧਾਂਤ ਉਨ੍ਹਾਂ ਦੇ ਅਕਾਲ ਪਿਆਨਾ ਕਰਦਿਆਂ ਹੀ ਖ਼ਤਮ ਹੋ ਜਾਣਾ ਸੀ, ਜੇਕਰ ਨੌਂ ਗੁਰੂ ਸਾਹਿਬਾਨ ਉਸ ਦੀ ਵੱਡੀ ਤੋਂ ਵੱਡੀ ਕੀਮਤ ਤਾਰ ਕੇ ਹਿਫ਼ਾਜਤ ਨਾ ਕਰਦੇ । ਉਸ ਵਕਤ ਉੱਥੇ ਮੌਜੂਦ ਬਹੁਤ ਸਾਰੇ ਗੁਰਸਿੱਖਾਂ ਦੇ ਹਿਰਦੇ ਪੀੜਤ ਹੋ ਗਏ ਜਾਪਦੇ ਸਨ । ਉਸ ਵਕਤ ਸ. ਬਚਿੱਤਰ ਸਿੰਘ ਆਹਲੂਵਾਲੀਆ, ਜੋ ਇਸ ਇਕੱਠ ਵਿਚ ਪਹਿਲੀ ਵਾਰ ਗਏ ਸਨ ਅਤੇ ਜਿਨ੍ਹਾਂ ਨੇ 'ਏਕਸ ਕੇ ਬਾਰਕ' ਜਥੇਬੰਦੀ ਦੇ ਲਾਈਫ਼ ਮੈਂਬਰ ਬਣਨਾ ਸੀ, ਉਸੇ ਵਕਤ ਆਪੇ ਤੋਂ ਬਾਹਰ ਹੋ ਗਏ । ਇਸ ਤਰ੍ਹਾਂ ਮਾਹੌਲ ਤਲਖ਼ ਹੁੰਦਾ ਵੇਖ ਕੇ ਸ. ਜੋਗਿੰਦਰ ਸਿੰਘ ਜੀ ਨੇ ਗੱਲਬਾਤ ਦਾ ਵਿਸ਼ਾ ਬਦਲ ਲਿਆ ਪਰ ਜੋ ਬੀਜ ਅਚਾਨਕ ਬੀਜਿਆ ਗਿਆ ਸੀ, ਉਹ ਉੱਗ ਹੀ ਪਿਆ ਹੈ ।

17 ਮਈ ਦੇ ਸਮਾਗਮ ਤੋਂ ਬਾਅਦ ਮੈਂ ਅਤੇ ਸ. ਬਚਿੱਤਰ ਸਿੰਘ ਆਹਲੂਵਾਲੀਆ ਨੇ ਸ. ਜੋਗਿੰਦਰ ਸਿੰਘ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦੇ ਗ੍ਰਹਿ 19 ਸੈਕਟਰ ਵਿਖੇ ਉਨ੍ਹਾਂ ਨਾਲ ਤਕਰੀਬਨ ਦੋ ਘੰਟੇ ਲੰਮੀ ਭੇਟ ਵਾਰਤਾ ਹੋਈ । ਇਹ ਪਹਿਲੀ ਵਾਰ ਸੀ ਕਿ ਮੈਂ ਭਾਈ ਸਾਹਿਬ ਦੇ ਸਾਹਮਣੇ ਸ਼ੱਕੀ ਮਨ ਨਾਲ ਗਈ ਸੀ ਪਰ ਮੈਂ ਇਸ ਲਈ ਦੋਸ਼ੀ ਨਹੀਂ ਸੀ ਕਿਉਂਕਿ ਇਹ ਸ਼ੱਕ ਮੈਨੂੰ ਉਨ੍ਹਾਂ ਦੇ ਬਿਆਨਾਂ ਤੋਂ ਉਪਜਿਆ ਸੀ । ਇਸ ਵਾਰ ਵੀ ਸ. ਜੋਗਿੰਦਰ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਅਤੇ ਨੌਂ ਗੁਰੂ ਸਾਹਿਬਾਨਾਂ ਵਿਚ ਇਕ ਵੱਡਾ ਬੰਨ੍ਹ ਮਾਰਦਿਆਂ ਹੋਇਆਂ ਸਾਨੂੰ ਉਲਟਾ ਸਵਾਲ ਕੀਤਾ ਕਿ ਤੁਹਾਡੇ ਕੋਲ ਨੌਆਂ ਗੁਰੂਆਂ ਦੀ ਹੋਂਦ ਦਾ ਕੀ ਸਬੂਤ ਹੈ। ਉਨ੍ਹਾਂ ਅਨੁਸਾਰ ਪਿਛਲੇ ਸਾਰੇ ਇਤਿਹਾਸਿਕ ਦਸਤਾਵੇਜ਼ ਗੁੰਮ ਹੋ ਚੁੱਕੇ ਹਨ । ਉਹ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਵੀ ਕਹਿੰਦੇ ਹਨ ਕਿ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਹੀਂ ਕੀਤੀ ਉਹ ਸ੍ਰੀ ਅਕਾਲ ਤਖ਼ਤ ਦੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਰੱਖੀ ਗਈ ਬੁਨਿਆਦ ਤੋਂ ਵੀ ਪੂਰੀ ਤਰ੍ਹਾਂ ਇਨਕਾਰੀ ਹਨ । ਇਸ ਤੋਂ



ਇਲਾਵਾ ਜਾਣਕਾਰ ਸੂਤਰਾਂ ਅਨੁਸਾਰ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਖੰਡੇ ਦੀ ਪਹੁਲ ਛਕਾਉਣ ਦੇ ਪ੍ਰਕਰਣ ਨੂੰ ਵੀ ਪੂਰੀ ਤਰ੍ਹਾਂ ਰੱਦ ਕਰਦੇ ਹਨ ।

ਜ਼ਿਕਰਯੋਗ ਹੈ ਕਿ ਸ. ਜੋਗਿੰਦਰ ਸਿੰਘ ਸਿੱਖ ਇਤਿਹਾਸ ਤੋਂ ਨਾਵਾਕਿਫ਼ ਨਹੀਂ ਹਨ ਬਲਕਿ ਉਨ੍ਹਾਂ ਨੂੰ ਅਜਿਹਾ ਕਹਿਣ ਅਤੇ ਕਰਨ ਲਈ ਤਿਆਰ ਕੀਤਾ ਗਿਆ ਹੈ । ਸਰਦਾਰ ਸਾਹਿਬ ਦੀਆਂ ਬੇਸਿਰ-ਪੈਰ ਦੀਆਂ ਦਲੀਲਾਂ ਸੁਣ ਕੇ ਪਹਿਲ ਨਜ਼ਰੇ ਤਾਂ ਉਹ ਮਾਨਸਿਕ ਰੋਗੀ ਜਾਪਦੇ ਹਨ ਪਰ ਜਦੋਂ ਉਨ੍ਹਾਂ ਦੇ ਚਿਹਰੇ 'ਤੇ ਨਜ਼ਰਾਂ ਟਿਕਾ ਕੇ ਵੇਖਿਆ ਜਾਵੇ ਤਾਂ ਉਹ ਕਿਸੇ ਵੱਡੀ ਸਾਜ਼ਸ਼ ਦੇ ਰਚੇਤਾ ਨਜ਼ਰ ਆਉਦੇ ਹਨ। ਕੁੱਲ ਮਿਲਾ ਕੇ ਇਸ ਵਿਅਕਤੀ ਨੇ ਖ਼ਾਲਸਾ ਪੰਥ ਦੇ ਮਜ਼ਬੂਤ ਅਤੇ ਵਿਸ਼ਾਲ ਭਵਨ ਦੀਆਂ ਨੀਹਾਂ ਵਿਚ ਬੜੀ ਚਤੁਰਾਈ ਨਾਲ ਬਰੂਦ ਵਿਛਾ ਦਿੱਤਾ ਹੈ, ਬਸ ਪਲੀਤੇ ਦਾਗਣ ਲਈ ਸਹੀ ਸਮੇਂ ਦੀ ਉਡੀਕ ਕੀਤੀ ਜਾ ਰਹੀ ਹੈ ।

ਰੋਜ਼ਾਨਾ ਸਪੋਕਸਮੈਨ ਦੇ ਵਿਸ਼ੇ 'ਤੇ ਬੁੱਧੀਜੀਵੀ ਸਿੱਖ ਬਹੁਤ ਪਹਿਲੇ ਹੀ ਚਿੰਤਤ ਸਨ ਪਰ ਸਾਡੇ ਵਰਗੇ ਜਜ਼ਬਾਤੀ ਵਹਿਣ 'ਚ ਵਹਿਣ ਵਾਲੇ ਲੋਕ ਮੱਛੀ ਵਾਂਗ ਪੱਥਰ ਚੱਟ ਕੇ ਹੀ ਪਿੱਛੇ ਮੁੜਦੇ ਹਨ । ਦਰਅਸਲ ਸਰਦਾਰ. ਜੋਗਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਭੁਲੇਖਾ-ਪਾਊ ਖੇਡ ਖੇਡ ਰਹੇ ਹਨ । ਕਦੇ ਹਰੀ ਰਤਨ ਯੁਕਤਾ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਤੇ ਸਵਾਲ ਖੜ੍ਹਾ ਕੀਤਾ ਜਾਂਦਾ ਹੈ । ਇਸ ਸਵਾਲ 'ਤੇ ਖ਼ਾਲਸਾ ਪੰਥ ਤੜਫ਼ ਉੱਠਦਾ ਹੈ ਅਤੇ ਯੁਕਤਾ ਜੀ ਸਦਾ ਲਈ ਕਲਮ ਤੋਂ ਸੰਨਿਆਸ ਲੈਣ ਦਾ ਪ੍ਰਣ ਕਰਦੇ ਹਨ । ਇਸੇ ਦੌਰਾਨ ਦੇਸ ਦੀਆਂ ਇਟੈਂਲੀਜੈਂਸੀਆਂ ਨੂੰ ਯੁਕਤਾ ਜੀ ਦੀ ਸੁਰੱਖਿਆ ਦੀ ਫ਼ਿਕਰ ਪੈ ਜਾਂਦੀ ਹੈ। ਇਸ ਦਾ ਖ਼ੁਲਾਸਾ ਵੀ ਯੁਕਤਾ ਜੀ ਖ਼ੁਦ ਹੀ ਕਰਦੇ ਹਨ । (ਇਸ ਕਸ਼ਮਕਸ਼ ਵਿਚ ਇਟੈਂਲੀਜੈਂਸੀਆਂ ਵਲੋਂ ਚਿੰਤਾ ਜਤਾਉਣ ਦਾ ਰੁਝਾਨ ਬੜੇ ਵੱਡੇ ਸਵਾਲ ਛੱਡ ਜਾਂਦਾ ਹੈ ਜੋ ਇਕ ਵੱਖਰਾ ਵਿਸ਼ਾ ਹੈ) ਕਦੇ ਸਪੋਕਸਮੈਨ ਵਿਚ ਗੁਰੂ ਗ੍ਰੰਥ ਸਾਹਿਬ ਤੇ ਕੁਹਾੜਾ ਚਲਾਉਂਦਾ ਭਸੌੜੀਆਂ ਦਾ ਲੇਖ ਛਪਦਾ ਹੈ । ਕਦੇ ਸ. ਦਰਬਾਰਾ ਸਿੰਘ ਸਿਉਣਾ ਦੇ ਲੇਖ ਨੂੰ ਆਧਾਰ ਬਣਾ ਕੇ ਦਾਅਵਾ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਨਾ ਦੇ ਕੇ ਗੱਦੀ ਤਾਂ ਖ਼ਾਲਸਾ ਪੰਥ ਨੂੰ ਦਿੱਤੀ ਸੀ ਜਦ ਕਿ ਸਹੀ ਜਾਣਕਾਰੀ ਇਹ ਹੈ ਕਿ ਦਸਮੇਸ਼ ਪਿਤਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਪੰਥ ਨੂੰ ਉਸ ਦਾ ਤਾਬਿਆਦਾਰ ਬਣਾਇਆ ਸੀ । ਸਪੋਕਸਮੈਨ ਦੀ ਮਾਰਫ਼ਤ ਇਹ ਸ਼ੋਸ਼ੇ ਵੀ ਛੱਡੇ ਗਏ ਹਨ ਕਿ 'ਆਦਿ ਬੀੜ' ਗੁੰਮ ਹੋ ਚੁੱਕੀ ਹੈ ।

ਅੰਤ ਵਿਚ ਕੁਝ ਪਿਛਲੇ ਸਵਾਲਾਂ ਦੇ ਜਵਾਬ ਦੇਣੇ ਵੀ ਜ਼ਰੂਰੀ ਹਨ । ਜੇਕਰ ਉੱਪਰ ਦੱਸੇ ਮੁਤਾਬਕ ਗੁਰੂ ਨਾਨਕ ਸਾਹਿਬ ਨੇ ਅੱਗੇ ਗੱਦੀ ਨਹੀਂ ਚਲਾਈ ਤਾਂ ਫਿਰ ਲਾਜ਼ਮੀ ਤੌਰ 'ਤੇ ਗੁਰੂ ਅੰਗਦ ਸਾਹਿਬ ਨੇ ਗੁਰਗੱਦੀ ਸਾਜ਼ਸ਼ ਕਰਕੇ ਹਥਿਆਈ ਸੀ

ਪਰ ਉਨ੍ਹਾਂ ਨੇ ਉਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦਾ ਕੀ ਨੁਕਸਾਨ ਕੀਤਾ ਹੈ? ਫਿਰ ਇਹੀ ਸਵਾਲ ਪੀੜ੍ਹੀ ਦਰ ਪੀੜ੍ਹੀ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਤੱਕ ਪਹੁੰਚਦਾ ਹੈ ਕਿ ਅਗਰ ਪੰਜਵੇਂ ਪਾਤਸ਼ਾਹ ਨੇ ਆਦਿ ਗ੍ਰੰਥ ਦਾ ਸੰਪਾਦਨ ਨਹੀਂ ਕੀਤਾ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਵਰਗਾ ਅਨਮੋਲ ਖਜ਼ਾਨਾ ਖ਼ਾਲਸਾ ਪੰਥ ਦੀ ਭੇਟ ਕਿਸਨੇ ਕੀਤਾ? ਇਸੇ ਤਰ੍ਹਾਂ ਅਗਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਗੁਰੂ ਹਰਗੋਬਿੰਦ ਸਾਹਿਬ ਵਲੋਂ ਨਹੀਂ ਰੱਖੀ ਗਈ ਗਈ ਤਾਂ ਫਿਰ ਪੰਥ ਦੀ ਵਿਲੱਖਣ ਹਸਤੀ ਨੂੰ ਕਾਇਮ ਰੱਖਣ ਵਾਲੀ ਇਹ ਮਹਾਨ ਸੰਸਥਾ ਕਿਸ ਦੀ ਦੇਣ ਹੋ ਸਕਦੀ ਹੈ? ਰਿਹਾ ਸਵਾਲ ਖੰਡੇ ਦੀ ਪਹੁਲ ਦਾ, ਅਗਰ ਦਸਮੇਸ਼ ਪਿਤਾ ਜੀ ਵਲੋਂ ਇਸਦਾ ਆਗਾਜ਼ ਨਹੀਂ ਕੀਤਾ ਗਿਆ ਤਾਂ ਫਿਰ ਖ਼ਾਲਸਾ ਪੰਥ ਨੂੰ ਲਾਮਬੰਦ ਕਰਨ ਵਾਲਾ ਸ਼ਕਤੀ ਦਾ ਇਹ ਸੋਮਾ ਕਿਸ ਨੇ ਦਿੱਤਾ ਹੈ? ਉੱਪਰ ਦਿੱਤੇ ਗਏ ਸਾਰੇ ਸਵਾਲਾਂ ਦਾ ਇੱਕ ਹੀ ਉੱਤਰ ਹੈ ਕਿ ਐਸੀਆਂ ਅਤਿ ਵਡਮੁੱਲੀਆਂ ਦਾਤਾਂ ਕੋਈ ਘੱਤ ਪ੍ਰੀਤਮ ਹੀ ਆਪਣੇ ਪਿਆਰਿਆਂ ਨੂੰ ਦੇ ਸਕਦਾ ਹੈ, ਜੋ ਆਪਣੇ ਸਿੱਖਾਂ ਨੂੰ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰ ਕਰਨ ਵਾਲਾ ਅਤੇ ਜੋ ਮਨੁੱਖਤਾ ਦਾ ਹਾਮੀ ਹੋਵੇ ।

'ਏਕਸ ਕੇ ਬਾਰਕ' ਜਥੇਬੰਦੀਆਂ ਦੇ ਜ਼ਰੀਏ ਸਿੱਖ ਵਿਰੋਧੀ ਤਾਕਤਾਂ ਸਿੱਖ ਧਰਮ ਨੂੰ ਰਾਧਾ ਸੁਆਮੀਆਂ ਵਰਗੀ ਹਿੰਦੂਆਂ ਦੀ ਇਕ ਸ਼ਾਖ਼ਾ ਬਣਾ ਦੇਣਾ ਚਾਹੁੰਦੀਆਂ ਹਨ । ਇਨ੍ਹਾਂ ਸਮੂਹ ਡੇਰਿਆਂ ਦਾ ਜਾਲ ਹੀ ਹਿੰਦੂ ਧਰਮ ਦੀਆਂ ਸ਼ਾਖਾਵਾਂ ਵਜੋਂ ਬੁਣਿਆ ਗਿਆ ਹੈ । ਜਿਨ੍ਹਾਂ ਨਾਲ ਜੁੜਨ ਵਾਲਾ ਸ਼ਰਧਾਲੂ ਹਿੰਦੂ ਤਾਂ ਹਿੰਦੂ ਰਹਿ ਜਾਂਦਾ ਹੈ ਪਰ ਸਿੱਖ, ਸਿੱਖ ਨਹੀਂ ਰਹਿੰਦਾ । ਇਸ ਵਕਤ ਸਮੂਹ ਸਿੱਖ ਜਥੇਬੰਦੀਆਂ ਅਤੇ ਚਿੰਤਕਾਂ ਨੂੰ ਆਪਣੀ ਹਉਮੈਂ ਅਤੇ ਲਾਲਸਾ ਤਿਆਗ ਕੇ ਇਕ ਮੰਚ 'ਤੇ ਇਕੱਠੇ ਹੋਣ ਦੀ ਲੋੜ ਹੈ । ਨਹੀਂ ਤਾਂ ਦਰਿਆਵਾਂ ਦੇ ਤਾਰੂ ਪਿਆਲੇ ਵਿਚ ਡੁੱਬ ਜਾਣਗੇ ਅਤੇ ਅਸੀਂ ਸਾਰੇ ਅਕ੍ਰਿਤਘਣ ਹੋ ਜਾਵਾਂਗੇ । ਗੁਰੂ ਸਾਹਿਬਾਂ ਵੇਲੇ ਅਤੇ ਉਨ੍ਹਾਂ ਤੋਂ ਪਿਛੋਂ ਸਿੱਖੀ ਸੋਚ ਅਤੇ ਸਿੱਖੀ ਪਹਿਚਾਨ ਨੂੰ ਖ਼ਤਮ ਕਰਨ ਵਾਲੇ ਤੁਰਕ, ਪਠਾਣ, ਮੁਗ਼ਲ ਲੁਟੇਰੇ ਅਤੇ ਡਾਕੂ ਬਿਰਤੀ ਵਾਲੇ ਸਨ । ਡਾਕੂ ਦਾ ਕਿਰਦਾਰ ਅਜਿਹਾ ਹੈ ਕਿ ਉਹ ਦਿਨ ਦਿਹਾੜੇ ਲੁੱਟਦਾ ਹੈ ਅਤੇ ਸਾਫ਼ ਕਹਿੰਦਾ ਹੈ ਕਿ ਮੈਂ ਕੀਤਾ ਹੈ ਜਿਸ ਨੇ ਆਉਣਾ ਹੈ ਆਓ । ਇਸ ਲਈ ਉਨ੍ਹਾਂ ਜੋ ਜ਼ੁਲਮ ਸਿੱਖਾਂ 'ਤੇ ਢਾਹੇ ਉਹ ਲਿਖਤੀ ਰੂਪ ਵਿਚ ਛੱਡ ਗਏ । ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਲਾਹੌਰ ਦੀ ਕੋਤਵਾਲੀ ਦੇ ਰੋਜ਼ਨਾਮਾ ਵਿਚ ਦਰਜ ਸੀ । ਇਸੇ ਤਰ੍ਹਾਂ ਸਿੱਖਾਂ ਦੇ ਸਰਵ-ਨਾਸ਼ ਲਈ ਸ਼ਾਹੀ ਫ਼ਰਮਾਨ ਹੁਣ ਭੀ ਲਿਖਤੀ ਰੂਪ ਵਿਚ ਉਪਲਬਧ ਹਨ।

ਪਰ ਅੱਜ ਦਾ ਪੰਥ ਘਾਤਕ ਚੋਰ ਬਿਰਤੀ ਦਾ ਮਾਲਕ ਹੈ, ਇਸ ਲਈ ਲੁਕ ਕੇ ਵਾਰ ਕਰਦਾ ਹੈ ਅਤੇ ਆਪਣੀ ਪੈੜ ਮੇਟਣ ਦੀ ਕੋਸ਼ਸ਼ ਕਰਦਾ ਹੈ । ਬਲਿਊ



ਸਟਾਰ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪ ਹੀ ਤੋਪਾਂ ਨਾਲ ਢਾਹ ਕੇ ਫਿਰ ਆਪ ਹੀ ਬਣਾ ਦਿੱਤਾ । 1984 ਵੇਲੇ ਸਿੱਖ ਕਤਲੇਆਮ ਪਿਛੋਂ ਲਗਾਏ ਸ਼ਰਨਾਰਥੀ ਕੈਂਪਾਂ ਵਿਚ ਆਪ ਹੀ ਲੰਗਰ ਲਗਵਾ ਕੇ ਫ਼ੋਟੋਆਂ ਖਿਚਵਾ ਕੇ ਅਖ਼ਬਾਰਾਂ ਵਿਚ ਦੇ ਦਿੱਤੀਆਂ ।

ਡਾਕੂ ਬਿਰਤੀ ਵਾਲੇ ਨਾਲ ਤਾਂ ਖ਼ਾਲਸਾ ਪੰਥ ਨੇ ਨਜਿੱਠ ਲਿਆ ਪਰ ਹੁਣ ਦੇ ਚੋਰ ਬਿਰਤੀ ਵਾਲੇ ਨਾਲ ਨਜਿੱਠਣਾ ਔਖਾ ਹੈ ਕਿਉਂਕਿ ਪਤਾ ਹੀ ਨਹੀਂ ਲਗਦਾ ਵਾਰ ਕਿੱਥੋਂ ਆ ਰਿਹਾ ਹੈ । ਪੰਥ ਵਿਰੋਧੀ ਤਾਕਤਾਂ ਦੇ ਗੁਪਤ ਏਜੰਡੇ ਅਨੁਸਾਰ ਇਹ ਕੂਟਨੀਤੀ ਅਪਣਾਈ ਗਈ ਕਿ ਆਪ ਸਾਹਮਣੇ ਨਾ ਆ ਕੇ ਦੂਸਰਿਆਂ ਦੇ ਵਿਦਵਾਨ ਖ਼ਰੀਦ ਕੇ ਉਨ੍ਹਾਂ ਕੋਲੋਂ ਹੀ ਦੂਸਰੇ ਧਰਮ ਦੇ ਮੂਲ ਸਿਧਾਂਤਾਂ ਨੂੰ ਮਲੀਆਮੇਟ ਕਰ ਦੇਵੋ ਅਤੇ ਇੰਨੇ ਉਲਝਾ ਦੇਵੋ ਕਿ ਖ਼ਾਨਾ-ਜੰਗੀ ਦੀ ਨੌਬਤ ਆ ਜਾਵੇ ।

ਇਸੇ ਸਾਜ਼ਸ਼ ਅਧੀਨ ਪਹਿਲਾਂ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੇ ਨਾਉਂ ਹੇਠ ਕਿਤਾਬਾਂ ਛਪਵਾਈਆਂ ਗਈਆਂ ਬ੍ਰਾਹਮਣਵਾਦ ਦਾ ਹਊਆ ਖੜ੍ਹਾ ਕਰਕੇ ਪੰਥ ਪ੍ਰਵਾਨਿਤ ਦੋ ਪ੍ਰਮੁੱਖ ਜਥੇਬੰਦੀਆਂ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਮੋਢੀਆਂ ਦਾ ਤ੍ਰਿਸਕਾਰ ਕਰਨ ਤੋਂ ਇਲਾਵਾ ਸਿੱਖੀ ਮੂਲ ਸਿਧਾਂਤ ਅੰਮ੍ਰਿਤ ਵੇਲਾ, ਨਾਮ ਜਪਣਾ, ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ, ਖੰਡਾ ਪਹੁਲ, ਸਿੱਖੀ ਪ੍ਰੰਪਰਾਵਾਂ ਅਤੇ ਧਾਰਨਾਵਾਂ ਦਾ ਮਜ਼ਾਕ ਉਡਾਇਆ ਗਿਆ, ਨਾਲ ਹੀ ਕਾਲਾ ਅਫ਼ਗਾਨਾ ਦੀ ਪਿੱਠ ਠੋਕਣ ਲਈ ਲਾਬੀ ਤਿਆਰ ਕੀਤੀ ਗਈ ਜਿਸ ਵਿਚ ਮਿਸ਼ਨਰੀ ਕਾਲਜਾਂ ਦੇ ਸੰਚਾਲਕਾਂ ਅਤੇ ਕਾਮਰੇਡੀ ਸੋਚ ਦੇ ਸਿੱਖੀ ਸਰੂਪ ਵਾਲਿਆਂ ਅਤੇ ਸਪੋਕਸਮੈਨ ਦੇ ਐਡੀਟਰ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ ।

ਕਾਲਾ ਅਫ਼ਗਾਨਾ ਦੇ ਪੰਥ ਵਿਚੋਂ ਛੇਕਣ ਪਿਛੋਂ ਸਾਰਾ ਬੋਝ ਸਪੋਕਸਮੈਨ ਦੇ ਸੰਪਾਦਕ ਦੇ ਮੋਢਿਆਂ 'ਤੇ ਆ ਪਿਆ । ਇਸ ਨੇ ਇਕ ਪਾਸੇ ਅਕਾਲੀ ਲੀਡਰਾਂ ਅਤੇ ਧਾਰਮਿਕ ਆਗੂਆਂ ਦੀਆਂ ਕਮਜ਼ੋਰੀਆਂ ਨੂੰ ਉਭਾਰ ਕੇ ਸਿੱਖ ਜਗਤ ਦਾ ਵਿਸ਼ਵਾਸ ਹਾਸਲ ਕੀਤਾ, ਦੂਸਰੇ ਪਾਸੇ ਮਿੱਠੀ ਜ਼ਹਿਰ ਦੀ ਗੋਲੀ ਦੇ ਕੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਵਿਰੋਧ ਸ਼ੁਰੂ ਕੀਤਾ ਅਤੇ ਪਰਚਾਰਿਆ ਕਿ ਅਸੀਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਾਂਗੇ । ਇਥੋਂ ਗੱਲ ਚਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੱਟ ਬਾਣੀ ਖ਼ਾਰਜ ਕੀਤੀ, ਇਸ ਪਿੱਛੋਂ ਭਗਤ ਬਾਣੀ ਤੇ ਕੁਹਾੜਾ ਧਰ ਦਿੱਤਾ । ਹੁਣ ਗੱਲ ਇਥੇ ਪਹੁੰਚ ਗਈ ਕਿ ਨੌਂ ਗੁਰੂਆਂ ਨੂੰ ਖ਼ਾਰਜ ਕਰਕੇ ਕੇਵਲ ਗੁਰੂ ਨਾਨਕ ਸੱਚੇ ਪਾਤਸ਼ਾਹ ਤੱਕ ਸੁਕੜ ਗਏ । ਇਸ ਤੋਂ ਅੱਗੇ ਕੀ ਹੋਵੇਗਾ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ।

**ਸੁਰਿੰਦਰ ਕੌਰ ਨਿਹਾਲ**

**1246, ਫੇਜ਼-9, ਐਸ.ਐਸ.ਏ. ਨਗਰ, ਮੋਹਾਲੀ ।**

**ਸਭ ਮਰ ਗਏ** ਨੀਲੀਆਂ ਪੱਗਾਂ ਵਾਲੇ ਅਕਾਲੀ ਜਥੇਦਾਰ ਜਿਨ੍ਹਾਂ ਦੀ ਪਿਛਲੀ ਸਦੀ ਤੱਕ ਇਹ ਵਿਰਾਸਤ ਸੀ ਕਿ:

**ਗੁਰ ਨਿੰਦਾ ਸੁਨਹਿ ਨ ਕਾਨ । ਭੇਟਨ ਕਰੈ ਤਿਸ ਸੰਗਿ ਕ੍ਰਿਪਾਨ।੨੦।**

ਪੁੱਤਰ ਮੋਹ, ਕੁਰਸੀ ਮੋਹ ਅਤੇ ਮਾਇਆ ਵਿਚ ਮਰ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖੀ ਸਿਧਾਂਤ, ਸਿੱਖ ਇਤਿਹਾਸਿਕ ਗੁਰਦੁਆਰਿਆਂ ਦੇ ਸਹੀ ਪ੍ਰਬੰਧ ਤੋਂ ਇਲਾਵਾ ਸਿੱਖੀ ਦੇ ਪਸਾਰ ਅਤੇ ਪੰਥ ਦੋਖੀਆਂ ਦੇ ਟਾਕਰੇ ਲਈ ਬਣੀ ਸੀ, ਨੀਲੀਆਂ ਪੱਗਾਂ ਦੇ ਅਧੀਨ ਹੋਣ ਕਰਕੇ ਕੇਵਲ ਗੋਲਕ ਮੋਹ, ਅਹੁਦੇਦਾਰੀਆਂ ਅਤੇ ਮਾਲਕਾਂ ਦੇ ਗੁਣ ਗਾਉਣ ਕਰਕੇ ਮਰ ਗਈ । ਸਿਆਣਿਆਂ ਨੇ ਕਿਹਾ ਹੈ ਕਿ:

**ਧਰਮ ਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਨ।**
**ਹੱਡ ਗਾਲਣ ਬੁੱਧ ਫੇਰਨ ਕੰਮ ਕਰਨ ਨਾ ਦੇਣ।**

ਸੰਤ ਸਮਾਜ ਦਾ ਵੱਡਾ ਵਰਗ ਡੇਰਿਆਂ ਦੇ ਚੁਬਾਰਿਆਂ ਅਤੇ ਭੋਰਿਆਂ ਦੀਆਂ ਰੌਣਕਾਂ ਵਿਚ ਖੋ ਗਿਆ । ਮੱਥੇ ਟਿਕਾਉਣ, ਤੀਹ-ਤੀਹ ਲੱਖ ਦੀਆਂ ਵਾਤਾਵਰਨਕੂਲ ਕਾਰਾਂ ਦੇ ਝੂਟਿਆਂ ਵਿਚ ਮਰ ਗਏ । ਜੇ ਕਿਸੇ ਸੰਤ ਦੀ ਗੱਡੀ ਤੇ ਕੋਈ ਰੋੜਾ ਮਾਰ ਦੇਵੇ ਤਾਂ ਹਾਹਾਕਾਰ ਮੱਚ ਜਾਂਦੀ ਹੈ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ 'ਤੇ ਹਮਲਾ ਹੋਵੇ ਤਾਂ 'ਅਸੀਂ ਇਨ੍ਹਾਂ ਝੇੜਿਆਂ ਤੋਂ ਕੀ ਲੈਣਾ ਹੈ' ਵਾਲਾ ਘੜਿਆ ਘੜਾਇਆ ਉੱਤਰ ਹੈ ।

ਜਿਹੜੇ ਮਿਸ਼ਨਰੀ ਕਾਲਜਾਂ ਦੇ ਸੰਚਾਲਕ ਇਹ ਢੰਡੋਰਾ ਪਿਟਦੇ ਨਹੀਂ ਥੱਕਦੇ ਕਿ ਬਾਕੀ ਸਾਰੇ ਸਿੱਖ ਬ੍ਰਾਮਹਣਵਾਦੀ ਹਨ ਕੇਵਲ ਅਸੀਂ ਹੀ ਸਿੱਖ ਹਾਂ । ਜੇ ਕੋਈ ਸੰਤ ਕੁਤਾਹੀ ਕਰ ਦੇਵੇ ਤਾਂ ਇਨ੍ਹਾਂ ਦੀ ਕਲਮ ਉਛਲ-ਉਛਲ ਕੇ ਪੈਂਦੀ ਹੈ ਪਰ ਜਦ ਕਾਲਾ ਅਫ਼ਗਾਨਾ, ਸਪੋਕਸਮੈਨ ਜਾਂ ਕੋਈ ਹੋਰ ਪੰਥ ਦੀਆਂ ਜੜ੍ਹਾਂ ਵਿਚ ਤੇਲ ਦੇਵੇ ਇਨ੍ਹਾਂ ਦੀ ਕਲਮ ਦੀ ਸਿਆਹੀ ਮੁੱਕ ਜਾਂਦੀ ਹੈ ਪੱਖਪਾਤੀ ਹੋਣ ਕਰਕੇ ਮਰ ਗਏ। ਦਮਦਮੀ ਟਕਸਾਲ ਜਿਸ ਨੇ ਪਿਛਲੀ ਸਦੀ ਤੱਕ ਆਪਣੀਆਂ ਰਵਾਇਤਾਂ 'ਤੇ ਕਾਇਮ ਰਹਿੰਦੇ ਹੋਏ ਪੰਥ ਲਈ ਘਾਲਣਾ ਘਾਲੀ, ਸਪੋਕਸਮੈਨ ਦੀਆਂ ਲਿਖਤਾਂ ਦਾ ਮੂੰਹ-ਤੋੜ ਜਵਾਬ ਦੇਣ ਵਾਲਾ 'ਖ਼ਾਲਸਾ ਖੰਡੇਧਾਰ' ਰਸਾਲਾ ਬੰਦ ਕਰਕੇ ਪੰਥ ਨਾਲ ਵਿਸ਼ਵਾਸਘਾਤ ਕੀਤਾ ਹੈ । ਇਸ ਤਰ੍ਹਾਂ ਨਿੱਜੀ ਕਮਜ਼ੋਰੀਆਂ ਅਤੇ ਨਿੱਜੀ ਲਾਲਸਾਵਾਂ ਕਰਕੇ ਮਰ ਗਈ । ਅੱਧੇ ਨਾਲੋਂ ਵੱਧ ਬੁੱਧੀਜੀਵੀ ਵਰਗ ਨੂੰ ਤਾਂ ਕਾਮਰੇਡੀ ਸੋਚ ਨੇ ਨਿਗਲ ਲਿਆ । ਇਨ੍ਹਾਂ ਵਿਚੋਂ ਕੁਝ ਅੰਦਰਖਾਤੇ ਅਤੇ ਕੁਝ ਪ੍ਰਤੱਖ ਤੌਰ 'ਤੇ ਪੰਥ ਵਿਰੋਧੀ ਤਾਕਤਾਂ ਦੇ ਤਨਖਾਹਦਾਰ ਹਨ । ਕੇਵਲ ਆਟੇ ਵਿਚ ਲੂਣ ਵਾਂਗ ਸਿੱਖੀ ਸੋਚ



ਦੇ ਧਾਰਨੀ ਬੁੱਧੀਜੀਵੀਆਂ ਕੋਲ ਕੇਵਲ ਆਪਣੀ ਨਿੱਜੀ ਲੋੜਾਂ ਤੱਕ ਦੇ ਹੀ ਸਾਧਨ ਉਪਲਬਧ ਹਨ। ਸਾਧਨਾਂ ਦੀ ਘਾਟ ਕਾਰਨ ਨਿਹੱਥੇ ਹੋ ਗਏ ।

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

(ਅੰਗ ੧੪੨)

ਇਸ ਦੇ ਅਰਥਾਂ ਦੇ ਅਨਰਥ ਕਰਨ ਵਾਲਾ ਜਥੇਦਾਰ, ਜਿਸ ਨੇ ਇਹ ਅਰਥ ਕਰਕੇ ਕਿ ਜੇ ਜਿਊਂਦਿਆਂ ਦੀ ਪਤ ਲਹਿ ਰਹੀ ਹੈ ਤਾਂ ਖਾਧਾ ਪੀਤਾ ਸਭ ਹਰਾਮ ਹੈ, ਸਿੱਖ ਜਵਾਨੀ ਦੀਆਂ ਭਾਵਨਾਵਾਂ ਭੜਕਾ ਕੇ ਸਰਕਾਰ ਨਾਲ ਮੱਥਾ ਲੁਆ ਦਿੱਤਾ ਅਤੇ ਸਰਕਾਰੀ ਮਸ਼ੀਨਰੀ ਨੇ ਲਾਵਾਰਸ ਕਹਿ ਕੇ ਮਿੱਟੀ ਵਿਚ ਮਿਲਾ ਦਿੱਤੇ । ਅੱਜ-ਕੱਲ੍ਹ ਉਹ ਜਥੇਦਾਰ ਸ੍ਰੀ ਦਸਮ ਗ੍ਰੰਥ ਸਾਹਿਬ ਵਿਰੁੱਧ ਕਾਲਾ ਚੋਲਾ ਪਾ ਕੇ ਕੂੜ ਪ੍ਰਚਾਰ ਕਰ ਰਿਹਾ ਹੈ, ਉਹ ਭੀ ਸਪੋਕਸਮੈਨ ਦਾ ਖ਼ੈਰ-ਖ਼ਾਹ ਹੈ । ਉਸ ਨੂੰ ਹੁਣ ਚਾਹੀਦਾ ਹੈ ਕਿ ਕਾਲੇ ਚੋਲੇ ਨਾਲ ਮੂੰਹ ਸਿਰ ਕਾਲਾ ਕਰਕੇ, ਖੂਹ ਵਿਚ ਡੁੱਬ ਕੇ ਮਰ ਜਾਵੇ ।

ਪਿਛਲੀ ਸਦੀ ਵਿਚ ਸਿੰਘ ਸਭਾ ਲਹਿਰ ਚੱਲੀ ਸੀ ਜਿਸ ਦੇ ਮੋਢੀਆਂ ਨੇ ਗੁਰੂ ਦੇ ਨਾਂ 'ਤੇ ਸਭ ਕੁਝ ਕੁਰਬਾਨ ਕਰ ਕੇ ਇਤਿਹਾਸਿਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਛੁਡਾ ਕੇ ਸਿੱਖੀ ਮਰਯਾਦਾ ਕਾਇਮ ਕੀਤੀ । ਅੱਜ ਦੀਆਂ ਸਿੰਘ ਸਭਾ ਕਮੇਟੀਆਂ ਬ੍ਰਾਹਮਣਵਾਦ ਦੇ ਬਰ-ਖ਼ਿਲਾਫ਼ ਤਾਂ ਬੋਲਦੀਆਂ ਹਨ ਪਰ ਸਪੋਕਸਮੈਨ ਦੀ ਜੁੰਡਲੀ ਅਤੇ ਮਿਸ਼ਨਰੀ ਕਾਲਜਾਂ ਵਲੋਂ ਨਾਸਤਿਕਤਾ ਦੇ ਪ੍ਰਚਾਰ ਵਲੋਂ ਦੜ ਵੱਟ ਲੈਂਦੀਆਂ ਹਨ । ਅਹੁਦੇਦਾਰੀਆਂ ਦੀਆਂ ਲਾਲਸਾਵਾਂ ਅਤੇ ਹੋਰ ਕਮਜ਼ੋਰੀਆਂ ਕਰਕੇ ਇਹ ਭੀ ਮੁਰਦਾ ਰੂਹਾਂ ਬਣ ਗਈਆਂ। ਜੇ ਅੱਜ ਸ. ਕਰਤਾਰ ਸਿੰਘ ਝੱਬਰ ਵਰਗੇ ਸਿੰਘ ਸਭਾਵਾਂ ਦੇ ਕਰਤਾ-ਧਰਤਾ ਹੁੰਦੇ ਤਾਂ ਸਪੋਕਸਮੈਨ ਜੁੰਡਲੀ ਦੀ ਕੀ ਮਜਾਲ ਸੀ ਕਿ ਸਿੱਖੀ ਦੇ ਮੌਲਿਕ ਸਿਧਾਂਤਾਂ 'ਤੇ ਕੁਹਾੜੀ ਮਾਰਦਾ ।

ਅਸੀਂ ਆਪਣੀਆਂ ਲਿਖਤਾਂ ਰਾਹੀਂ ਪਿਛਲੇ ਕਈ ਸਾਲਾਂ ਤੋਂ ਇਸ ਨਾਸਤਿਕ ਜੁੰਡਲੀ ਦੀਆਂ ਕਾਲੀਆਂ ਕਰਤੂਤਾਂ ਦੇ ਪਰਦੇਫਾਸ਼ ਕਰਕੇ ਅਖੌਤੀ ਜਥੇਦਾਰਾਂ, ਸੰਤਾਂ ਅਤੇ ਸੰਗਤਾਂ ਦੀ ਆਤਮਾ ਨੂੰ ਝੰਜੋੜ ਰਹੇ ਹਾਂ ਪਰ ਸਭ ਲੰਮੀਆਂ ਤਾਣ ਕੇ ਸੁੱਤੇ ਪਏ ਹਨ । 1960 ਈ. ਦੇ ਲਗਪਗ ਦਿੱਲੀ ਤੋਂ 'ਸਚਿੱਤਰ ਕੌਮੀ ਏਕਤਾ' ਨਾਮ ਦਾ ਰਸਾਲਾ ਨਿਕਲਦਾ ਸੀ ਜੋ ਕਿ ਬਾਅਦ ਵਿਚ 'ਕੌਮੀ ਏਕਤਾ' ਦੀ ਬਜਾਏ 'ਕੌਮੀ ਕੁੱਤਾ' ਬਣ ਗਿਆ ਸੀ। ਪਰ ਸਪੋਕਸਮੈਨ ਜਲਦੀ ਹੀ ਆਪਣੀਆਂ ਲਿਖਤਾਂ ਕਾਰਨ ਕੁੱਤੇ ਤੋਂ ਪੜਕੁੱਤਾ ਬਣ ਗਿਆ। ਸਿੱਖੀ ਸਿਧਾਂਤ, ਇਤਿਹਾਸ, ਪ੍ਰੰਪਰਾ ਅਤੇ ਰਹਿਤ-ਮਰਯਾਦਾ ਦੇ ਕਿਸ ਕਿਸ ਭਾਗ ਨੂੰ ਇਸ ਨੇ ਅਜੇ ਬੁਰਕ ਮਾਰਨਾ ਹੈ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ।

**ਐ ਦਸਮੇਸ਼ ਜੀ ਚੋਜ ਤੇਰੇ ਖੇਡਾਂ ਤੇਰੀਆਂ ਅਜਬ ਨਿਆਰੀਆਂ ਨੇ ।**
**ਇਕ ਪਾਸੇ ਗ਼ਰੀਬੜੇ ਸਿੱਖ ਤੇਰੇ ਦੂਜੇ ਵਲ ਹਾਥੀ, ਅੰਬਾਰੀਆਂ ਨੇ ।**
**ਇਕ ਪਾਸੇ ਸਾਗਰ ਤੂਫ਼ਾਨ ਭਰਿਆ ਮਲਾਹਾਂ ਛੱਡੀਆਂਖੁੱਲ੍ਹੀਆਂ ਬੇੜੀਆਂ ਨੇ ।**
**ਹੋਵੇ ਕਲਮ ਦੀ ਮਾਰ ਇਕ ਪਾਸੇ ਦੂਜੇ ਤੋਪਾਂ ਨੇ ਛਲਕਾਂ ਮਾਰੀਆਂ ਨੇ ।**
**ਕਿਸ-ਕਿਸ ਨਾਲ ਲਾਈਏ ਆਣ ਮੱਥਾ ਸਾਰੇ ਦੇਸ ਨੇ ਭਵਾਂ ਚੜ੍ਹਾਈਆਂ ਨੇ ।**
**ਘੱਲੂਘਾਰੇ ਵੇਲੇ ਤੇਰੇ ਤੇ ਮਾਣ ਕਰਕੇ ਮਿਹਣਾ ਪੰਥ ਨੇ ਤੈਨੂੰ ਮਾਰਿਆ** ਸੀ ।
**ਰੱਖੀ ਲਾਜ ਤੈਂ ਆਪਣੇ ਨਾਮ ਕੇਰੀ ਬਾਦਸ਼ਾਹੀਆਂ ਪੰਥ ਨੂੰ ਬਖ਼ਸ਼ੀਆਂ ਸੀ ।**
**ਫੁੱਲ ਫ਼ਲ ਕਰੂੰਬਲਾਂ ਪੱਤ ਝੜ ਗਏ ਕੇਵਲ ਮੁੱਢ ਹੀ ਖੜ੍ਹਾ ਦਿਸਦਾ ਏ ।**
**ਕੱਢ ਕੋਈ ਮਾਲੀ ਸਿੰਜੇ ਬਾਗ਼ ਤੇਰਾ ਅਸਾਂ ਤੇਰੇ ’ਤੇ ਡੋਰੀਆਂ ਸੱਟੀਆਂ** ਨੇ ।
**ਹੋਸੀ ਅੰਤ ਨੂੰ ਸੱਚ ਦਾ ਬੋਲਬਾਲਾ ਅਸੀਂ ਏਹੋ ਉਮੀਦਾਂ ਰੱਖੀਆਂ ਨੇ ।**

❀❀❀



# ਭਾਈ ਰਣਧੀਰ ਸਿੰਘ ਜੀ ਦੀ ਸਰਦਾਰ ਭਗਤ ਸਿੰਘ ਨਾਲ ਮੁਲਾਕਾਤ

ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਦਾ ਜਨਮ ਮਾਤਾ ਪੰਜਾਬ ਕੌਰ ਦੀ ਕੁੱਖੋਂ ਸੰਨ 1878 ਈ. ਵਿਚ ਹੋਇਆ । ਇਨ੍ਹਾਂ ਦੇ ਪਿਤਾ ਸ. ਨੱਥਾ ਸਿੰਘ ਜੀ ਰਿਆਸਤ ਨਾਭਾ ਦੀ ਹਾਈ ਕੋਰਟ ਦੇ ਜੱਜ ਸਨ ਜੋ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਾਰੰਗਵਾਲ ਦੇ ਰਹਿਣ ਵਾਲੇ ਸਨ । ਭਾਈ ਸਾਹਿਬ ਦਾ ਬਚਪਨ ਦਾ ਨਾਉਂ ਬਸੰਤ ਸਿੰਘ ਸੀ, ਅੰਮ੍ਰਿਤ ਛਕਣ ਉਪਰੰਤ ਨਾਉਂ ਰਣਧੀਰ ਸਿੰਘ ਰੱਖਿਆ ਗਿਆ ।

ਮਿਸ਼ਨ ਕਾਲਜ ਲਾਹੌਰ ਤੋਂ ਬੀ. ਏ. ਪਾਸ ਕਰਕੇ ਨਾਇਬ ਤਹਿਸੀਲਦਾਰ ਦੀ ਨੌਕਰੀ ਤੇ ਲੱਗੇ ਅਤੇ ਡਾਕਟਰ ਫਿਸ਼ਰ ਦੇ ਸਹਾਇਕ ਬਣੇ । ਸਾਰੀ ਸਰਕਾਰੀ ਮਸ਼ੀਨਰੀ ਰਿਸ਼ਵਤਖੋਰ ਅਤੇ ਭ੍ਰਿਸ਼ਟ ਹੋਣ ਕਾਰਨ ਆਪ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੰਥਕ ਸੇਵਾ ਵਿਚ ਜੁਟ ਗਏ ਅਤੇ ਭਗਤੀ ਮਾਰਗ ਨੂੰ ਸਮਰਪਿਤ ਹੋ ਗਏ ।

ਸੰਨ 1908 ਵਿਚ ਖ਼ਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ ਰੱਖੀ । ਚਮਕੌਰ ਸਾਹਿਬ ਦੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥ ਨੂੰ ਦਿਵਾਉਣ ਵਿਚ ਵੱਡਾ ਯੋਗਦਾਨ ਪਾਇਆ । ਇਸ ਤੋਂ ਇਲਾਵਾ ਗੁਰਦੁਆਰਾ ਰਕਾਬ ਗੰਜ ਸਾਹਿਬ (ਦਿੱਲੀ) ਦੇ ਮੋਰਚੇ ਵੇਲੇ ਮੂਹਰਲੀਆਂ ਸਫ਼ਾਂ ਵਿਚ ਹੋ ਕੇ ਲੜੇ । ਫਿਰ ਅਕਾਲੀ ਹੁਕਮ ਅੰਦਰ ਐਬਟਾਬਾਦ (ਪਾਕਿਸਤਾਨ) ਚਲੇ ਗਏ ਭਗਤੀ ਮਾਰਗ ਵਿਚ ਲੀਨ ਹੋ ਕੇ ਅਕਾਲੀ ਜੋਤ ਦੇ ਦਰਸ਼ਨ ਪ੍ਰਾਪਤ ਹੋਏ ।

ਇਸ ਪਿਛੋਂ ਅਗੰਮੀ ਹੁਕਮ ਅੰਦਰ ਅਖੰਡ-ਪਾਠ, ਅੰਮ੍ਰਿਤ-ਸੰਚਾਰ ਅਤੇ ਅਖੰਡ-ਕੀਰਤਨ ਦੇ ਪ੍ਰਵਾਹ ਚਲਾ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਸਿੱਖੀ ਜਾਗ ਲਾ ਕੇ ਦਸਮੇਸ਼ ਜੀ ਦੀ ਫੁਲਵਾੜੀ ਵਿਚ ਵਾਧਾ ਕੀਤਾ । ਪਰਮੇਸ਼ਰ ਦੇ ਹੁਕਮ ਅੰਦਰ, ਫਿਰ ਆਪ ਦੀ ਕਰਤਾਰ ਸਿੰਘ ਸਰਾਭਾ, ਭਾਈ ਈਸ਼ਰ ਸਿੰਘ ਢੁੱਡੀਕੇ ਅਤੇ ਭਾਈ ਗਾਂਧਾ

ਸਿੰਘ ਵਰਗੇ ਗ਼ਦਰੀ ਬਾਬਿਆਂ ਨਾਲ ਸਾਂਝ ਪੈ ਗਈ । ਆਮ ਬੰਦਿਆਂ ਨੇ ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਸਾਰੇ, ਸਰਕਾਰ ਦੇ ਬਾਗ਼ੀ ਅਤੇ ਇਸ਼ਤਿਹਾਰੀ ਮੁਲਜ਼ਮ ਹਨ ਤੁਸੀਂ ਸੰਤ ਬਿਰਤੀ ਦੇ ਮਾਲਕ ਹੋ ਇਸ ਲਈ ਇਨ੍ਹਾਂ ਤੋਂ ਦੂਰੀ ਹੀ ਠੀਕ ਹੈ ।

ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਜਿਨ੍ਹਾਂ ਨੂੰ ਤੁਸੀਂ ਇਸ਼ਤਿਹਾਰੀ ਮੁਲਜ਼ਮ ਕਹਿ ਰਹੇ ਹੋ, ਸਮਾਂ ਆਏਗਾ ਕਿ ਘਰ-ਘਰ ਇਨ੍ਹਾਂ ਦੀਆਂ ਫ਼ੋਟੋਆਂ ਲੱਗੀਆਂ ਹੋਣਗੀਆਂ ਅਤੇ ਦੇਸ ਵਾਸੀ ਨਮਸ਼ਕਾਰਾਂ ਕਰਨਗੇ । ਸਾਡਾ ਫ਼ਿਕਰ ਨਾ ਕਰੋ ਕਲਗੀਧਰ ਮਹਾਰਾਜ ਦੇ ਸਿੱਖ ਹੋਣ ਦੇ ਨਾਤੇ ਅਸੀਂ ਇਨ੍ਹਾਂ ਨਾਲ ਜੋ ਹੱਥ ਮਿਲਾਇਆ ਹੈ, ਸਿਰ ਦੇ ਦੇਵਾਂਗੇ ਪਰ ਬਚਨ ਤੋਂ ਨਹੀਂ ਫਿਰਾਂਗੇ । ਫਿਰੋਜ਼ਪੁਰ ਤੋਂ ਲੈ ਕੇ ਅਲਾਹਾਬਾਦ ਤੱਕ ਦੇਸੀ ਫ਼ੌਜੀਆਂ ਤੋਂ ਬਗ਼ਾਵਤ ਕਰਾਉਣ ਦਾ ਪ੍ਰੋਗਰਾਮ ਬਣਿਆ । ਕੰਮ ਫਿਰੋਜ਼ਪੁਰ ਤੋਂ ਸ਼ੁਰੂ ਹੋਣਾ ਸੀ । ਭਾਈ ਸਾਹਿਬ ਜਥੇ ਸਮੇਤ ਕੀਰਤਨ ਕਰਨ ਲਈ ਆ ਗਏ । ਕਰਤਾਰ ਸਿੰਘ ਸਰਾਭਾ ਵਰਗੇ ਛੌਣੀ ਵਿਚ ਚਲੇ ਗਏ ਪਰ ਗੱਲ ਲੀਕ ਹੋਣ ਨਾਲ ਸਾਰਾ ਖੇਲ੍ਹ ਵਿਗੜ ਗਿਆ ਅਤੇ ਫੜੋ-ਫੜੀ ਸ਼ੁਰੂ ਹੋ ਗਈ । ਭਾਈ ਸਾਹਿਬ ਭੀ ਫੜੇ ਗਏ ਅਤੇ ਲਾਹੌਰ ਸਾਜ਼ਸ਼ ਕੇਸ ਅਧੀਨ ਉਮਰ ਕੈਦ ਦੀ ਸਜ਼ਾ ਹੋ ਗਈ ।

ਜੇਲ੍ਹ ਅੰਦਰ, ਭਾਈ ਸਾਹਿਬ ਨੇ ਜਿਸ ਦ੍ਰਿੜ੍ਹਤਾ ਨਾਲ ਸਿੱਖੀ ਸਿਦਕ ਨਿਭਾਇਆ ਅਤੇ ਪਰਮੇਸ਼ਰ ਦੇ ਨਾਮ ਰੰਗਾਂ ਵਿਚ ਵਿਚਰਦੇ ਹੋਏ ਕਸ਼ਟ ਝੱਲੇ ਉਹ ਸਭ ਭਾਈ ਸਾਹਿਬ ਦੀ ਕਿਤਾਬ 'ਜੇਲ੍ਹ ਚਿੱਠੀਆਂ' ਪੜ੍ਹ ਕੇ ਹੀ ਪਤਾ ਚਲ ਸਕਦਾ ਹੈ । ਮੁਲਤਾਨ ਹਜ਼ਾਰੀ ਬਾਗ਼, ਰਾਜ ਮੰਦਰ ਅਤੇ ਨਾਗਪੁਰ ਦੀਆਂ ਜੇਲ੍ਹਾਂ ਵਿਚ ਘੁੰਮਦੇ ਆਪ ਰਿਹਾਈ ਤੋਂ ਪਹਿਲਾਂ ਲਾਹੌਰ ਜੇਲ੍ਹ ਵਿਚ ਆ ਗਏ । ਕੁਦਰਤੀ ਭਗਤ ਸਿੰਘ ਭੀ ਫਾਂਸੀ ਦੀ ਸਜ਼ਾ ਅਧੀਨ ਇੱਥੇ ਹੀ ਸੀ । ਭਾਈ ਸਾਹਿਬ ਦੇ ਜੇਲ੍ਹ ਦੀ ਰਿਹਾਈ ਤੋਂ ਪਹਿਲਾਂ, ਭਗਤ ਸਿੰਘ ਨਾਲ ਮੁਲਾਕਾਤ ਦੀ ਵਾਰਤਾ 'ਜੇਲ੍ਹ ਚਿੱਠੀਆਂ' ਜਨਵਰੀ 2002 ਈ. ਵਿਚ ਬਾਰ੍ਹਵੀਂ ਵਾਰ ਦੀ ਛਾਪ ਦੇ ਪੰਨਾ ੪੪੭ ਤੋਂ ਪੰਨਾ ੪੫੭ ਤੱਕ ਦਰਜ ਹੈ । ਅਸੀਂ ਹੂ-ਬ-ਹੂ ਉਨ੍ਹਾਂ ਦੀ ਲਿਖਤ ਹੀ ਸੰਗਤਾਂ ਦੀ ਗਿਆਤ ਲਈ ਦੇ ਰਹੇ ਹਾਂ ।

ਓੜਕ 4 ਅਕਤੂਬਰ, 1930 ਈ. ਦਾ ਦਿਨ ਆ ਗਿਆ । ਆਥਣ ਦੇ ਛੇ ਵਜੇ ਦੇ ਕਰੀਬ ਮੇਰੀ ਰਿਹਾਈ ਦੇ ਸ਼ਾਦੀਆਨੇ ਜੇਲ੍ਹ ਵਿਚ ਵੱਜ ਗਏ । ਅਸੀਂ ਕੋਠੀ ਵਿਚ ਅੰਦਰ ਬੈਠੇ ਅਨੰਦ ਮਾਣ ਰਹੇ ਸਾਂ । ਕੀ ਦੇਖਦੇ ਹਾਂ ਕਿ ਕਈ ਦੇਸ ਭਗਤ ਵੀਰ ਵਾਹੋ-ਦਾਹੀ ਭੱਜੇ ਚੱਲੇ ਆ ਰਹੇ ਹਨ । ਸਭ ਤੋਂ ਪਹਿਲੋਂ ਅਤੇ ਮੂਹਰੇ ਆ ਕੇ ਵੀਰ ਗੱਜਨ ਸਿੰਘ (ਮਾਸਟਰ) ਨੇ ਆਣ ਵਧਾਈਆਂ ਸੁਣਾਈਆਂ ਤੇ ਕਹਿਣ ਲੱਗਾ 'ਭਾਈ ਸਾਹਿਬ, ਤੁਹਾਡੀ ਰਿਹਾਈ ਦਾ ਪਰਵਾਨਾ ਆ ਗਿਆ, ਚਲੋ, ਉੱਠੋ ਤਿਆਰ ਹੋ ਜਾਓ ।' ਇਕ ਐਲਾਨ ਵਿਚ ਸਾਰੇ ਦੇਸ-ਭਗਤ ਭਰਾ ਮੇਰੇ ਗਿਰਦ ਆਣ ਇਕੱਠੇ ਹੋਏ, ਪਰਵਾਨਾ ਪੜ੍ਹ-ਪੜ੍ਹ ਮੈਨੂੰ ਸੁਣਾਉਣ ਅਤੇ ਗਦ-ਗਦ ਹੋ ਜਾਣ । ਦਾਸ ਨੂੰ ਇਤਨੀ ਰਿਹਾਈ ਦੀ ਖ਼ੁਸ਼ੀ ਨਾ ਆਵੇ ਜਿਤਨਾ ਕਿ ਵੀਰ ਕਰਤਾਰ ਸਿੰਘ ਸਾਰਖੇ ਸਹੋਦਰ ਵੀਰਾਂ ਦਾ ਵਿਜੋਗ-ਵਿਛੋੜਾ ਹਿਰਦੇ ਨੂੰ ਬਿਹਬਲ ਕਰੀ ਜਾਵੇ । ਮੈਂ ਤਾਂ ਇਨ੍ਹਾਂ ਦੁਚਿੱਤੀਆਂ ਵਿਚ ਫਾਥਾ ਸੁੰਨ-ਮਸੁੰਨ ਹੁੰਦਾ ਜਾਵਾਂ ਅਤੇ ਵੀਰ-ਜਨ ਮੇਰੇ ਦੁਆਲੇ ਹੋ ਕੇ ਮੇਰੀ ਵਿਦਾਇਗੀ ਦੀਆਂ ਪ੍ਰੇਮ-ਮਿਲਾਉਣੀਆਂ ਮਿਲੀਵਣ । ਜੇਲ੍ਹ-ਦੂਤ ਜੇਲ੍ਹੋਂ ਬਾਹਰ ਨਿਕਲਣ ਲਈ ਅਤੇ ਰਿਹਾਈ ਦੀ ਆਇਸ ਵਿਚ ਲੈ ਜਾਣ ਲਈ ਤਹੂ ਹੋਏ ਖੜੋਤੇ ਅਤੇ ਮੇਰਾ ਪੈਰ ਪੁੱਟਣ ਨੂੰ ਜੀ ਨਾ ਕਰੇ । ਜੀਓ ਤਾਂ ਪਿਆਰਿਆਂ ਦੇ ਪਿਆਰ-ਵਿਜੋਗ ਅਹਿਸਾਸ ਵਿਚ ਪੈਖੜਿਆ ਪਿਆ । ਓੜਕ ਮੈਨੂੰ ਲੈ ਦੇ ਕੇ ਸਭ ਨੇ ਰਿਹਾ ਹੋ ਜਾਣ ਲਈ ਤਿਆਰ ਕਰ ਹੀ ਦਿੱਤਾ । ਪਿਆਰਿਆਂ ਨਾਲ ਨਦੀਆਂ ਵਾਹ-ਵਿਛੁੰਨਿਆਂ ਵਾਲੇ ਵਿਜੋਗ ਦੀਆਂ ਗਲਵਕੜੀਆਂ ਪਾ-ਪਾ ਸੇਜਲ ਨੇਤਰਾਂ ਨੂੰ ਲੈ ਕੇ ਵਿਦਾ ਹੋਇਆ ।

ਜੇਲ੍ਹ ਸੈਂਟਰ ਦੇ ਬੁਰਜ ਦੇ ਬਰਾਬਰ ਪੁੱਜੇ ਤਾਂ ਅਗਾਹਾਂ ਹਸੂੰ-ਹਸੂੰ ਕਰਦਾ ਦਰੋਗਾ ਮਿਲਿਆ, ਜੋ ਕਿ ਮੇਰੇ ਵੱਲ ਅੱਗੋਂ ਹੀ ਆ ਰਿਹਾ ਸੀ । ਮੈਨੂੰ ਦੇਖਣ ਸਾਰ ਰਿਹਾਈ ਦੀਆਂ ਵਧਾਈਆਂ ਦਿੱਤੀਆਂ । ਮੈਂ ਵਧਾਈਆਂ ਤਾਂ ਸੁਣੀਆਂ ਅਣ-ਸੁਣੀਆਂ ਹੀ ਕਰ ਦਿੱਤੀਆਂ ਅਤੇ ਉਸ ਨੂੰ ਆਖਿਆ ਕਿ ''ਹੁਣ ਤੁਹਾਡੇ ਬਚਨ ਦੇ ਪੂਰਾ ਕਰਨ ਦਾ ਵੇਲਾ ਵੀ ਆ ਗਿਆ ਹੈ, ਸੋ ਮੌਕਾ ਸੰਭਾਲੋ ।'' ਹੱਸ ਕੇ ਕਹਿਣ ਲੱਗਾ ਕਿ ''ਭਗਤ ਸਿੰਘ ਦੀ ਮੁਲਾਕਾਤ ਵਾਲਾ, ਮੈਂ ਅੱਗੇ ਹੀ ਸਭ ਬੰਦੋਬਸਤ ਕਰ ਲਿਆ ਹੈ । ਦੋ ਘੰਟੇ ਦੀ ਖੁੱਲ੍ਹੀ ਮੁਲਾਕਾਤ ਕਰੋ।'' ਮੈਂ ਆਖਿਆ, ''ਮਨਜ਼ੂਰੀ ਲੈ ਲਈ ਹੈ? ਕੀ ਸੁਪ੍ਰਿੰਟੈਂਡੈਂਟ ਸਾਹਿਬ ਤੋਂ ਪੁੱਛ ਲਿਆ ਹੈ?''

**ਦਰੋਗਾ:** ਉਸ ਤੋਂ ਮੈਂ ਕੀ ਪੁੱਛਣਾ ਸੀ, ਸਗੋਂ ਸੁਪ੍ਰਿੰਟੈਂਡੈਂਟ ਆਪ ਮੈਨੂੰ ਪੁੱਛਣ ਦੀ ਪ੍ਰੇਸ਼ਾਨੀ ਵਿਚ ਹੈਰਾਨ ਹੋਇਆ ਫਿਰਦਾ ਸੀ । ਜਦੋਂ ਤੁਹਾਡੀ ਰਿਹਾਈ ਆਈ ਤਾਂ ਸੁਪ੍ਰਿੰਟੈਂਡੈਂਟ ਨੇ ਆਪ ਮੈਨੂੰ ਬੁਲਾਇਆ ਅਤੇ ਫ਼ਿਕਰਮੰਦ ਹੋ ਕੇ ਪੁੱਛਿਆ ਕਿ ਕੋਈ ਬਿਧ ਬਣਾਓ ਕਿ ਰਿਹਾਈ ਚੁੱਪ-ਚੁਪਾਤੇ ਹੋ ਜਾਏ । ਬਾਹਰ ਰਿਹਾਈ ਦੇ ਉਡੀਕਵਾਨਾਂ ਦੀਆਂ ਪਿਕਟਾਂ ਲੱਗੀਆਂ ਰਹਿੰਦੀਆਂ ਹਨ । ਜੇਲ੍ਹੋਂ ਨਿਕਲਦੇ ਹੀ ਕਨਸੋ ਫਿਰ ਗਈ, ਤਾਂ ਜਲੂਸਾਂ ਦੇ ਘਮਸਾਣ ਝੱਲੇ ਨਹੀਂ ਜਾਣੇ, ਬੜੀ ਬਦਨਾਮੀ ਹੋਵੇਗੀ । ਜੇਲ੍ਹ ਕਰਮਚਾਰੀਆਂ ਨੂੰ ਵੀ ਗਵਰਨਮੈਂਟ ਦੀ ਹਿਦਾਇਤ ਹੈ ਕਿ ਬੇ-ਖ਼ਬਰੀ ਅਤੇ ਚੁੱਪ-ਚੁਪੀਤੇ ਰਿਹਾਈ ਹੋਵੇ । ਤੁਸੀਂ ਕਈ ਦਿਨਾਂ ਦੇ ਦੇਖ ਰਹੇ ਹੋ ਕਿ ਕਿਵੇਂ ਬਾਹਰ ਰਿਹਾਈ ਕਨਸੋਆਂ ਦੀਆਂ ਸਾਰਾ-ਸਾਰਾ ਦਿਨ ਪਿਕਟਾਂ ਲੱਗੀਆਂ ਰਹਿੰਦੀਆਂ ਹਨ । ਦਿਨ ਛਿਪੇ ਤਾਈਂ ਜੇਲ੍ਹ ਦਾ ਬੂਹਾ ਮੱਲੀ ਰੱਖਦੇ ਹਨ । ਸੋ ਐਸੀ

ਵਿਉਂਤ ਬਣਾਓ ਕਿ ਬੇ-ਖ਼ਬਰੇ ਹੀ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਸੁਖ ਸਹਿਜ ਸੇਤੀ ਕੱਢ ਦੇਈਏ ਅਤੇ ਸਾਡੇ ਨਾਮ ਤੇ ਕੋਈ ਹਰਫ਼ ਨਾ ਆਏ । ਮੈਨੂੰ ਓਦੋਂ ਹੀ ਸੁੱਝ ਪਈ ਅਤੇ ਸੋਹਣੀ ਸੁੱਝੀ ਕਿ ਮੈਂ ਤਾਬੜ-ਤੋੜ ਹੀ ਵੇਲੇ ਨੂੰ ਸੰਭਾਲ ਕੇ ਉੱਤਰ ਦਿੱਤਾ, "ਸਾਹਿਬ, ਆਪ ਫ਼ਿਕਰਮੰਦ ਨਾ ਹੋਵੇ । ਮੈਂ ਆਪ ਨੂੰ ਸੋਹਣੀ ਤਜਵੀਜ਼ ਸੁਝਾਉਦਾ ਹਾਂ, ਪਸੰਦ ਆਵੇ ਤਾਂ ਹੁਕਮ ਦਿਓ । ਆਪ ਨੂੰ ਯਾਦ ਹੋਵੇਗਾ ਜਿਸ ਦਿਨ ਰਣਧੀਰ ਸਿੰਘ ਇਸ ਜੇਲ੍ਹ ਵਿਚ ਆਇਆ ਸੀ, ਉਸੇ ਦਿਨ ਹੀ ਭਗਤ ਸਿੰਘ ਫਾਂਸੀ ਵਾਲੇ ਨੇ ਆਪ ਦੇ ਪਾਸ ਉਸ ਨੂੰ ਮਿਲਣ ਲਈ ਦਰਖ਼ਾਸਤ ਕੀਤੀ ਸੀ, ਪਰ ਆਪ ਨੇ ਮਨਜ਼ੂਰ ਨਹੀਂ ਕੀਤੀ ਸੀ । ਮੇਰੇ ਖ਼ਿਆਲ ਵਿਚ ਜੇ ਹੁਣ ਅਸੀਂ ਮੁਲਾਕਾਤ ਦੀ ਇਜਾਜ਼ਤ ਦੇ ਦੇਈਏ ਤਾਂ ਦੋ ਘੰਟੇ ਏਵੇਂ ਹੀ ਗੁਜ਼ਰ ਜਾਣਗੇ ਅਤੇ ਇਤਨੇ ਨੂੰ ਖਾਸਾ ਹਨੇਰਾ ਹੋ ਜਾਏਗਾ । ਅੱਠ ਵਜੇ ਦੇ ਕਰੀਬ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਟੋਰ ਦਿਆਂਗੇ, ਕਿਸੇ ਤਾਈਂ ਰਿਹਾਈ ਦਾ ਮੁਸ਼ਕ ਤੱਕ ਨਹੀਂ ਨਿਕਲੇਗਾ ।" ਸੁਪ੍ਰਿੰਟੈਂਡੈਂਟ ਸਾਹਿਬ ਨੂੰ ਮੇਰੀ ਇਹ ਤਜਵੀਜ਼ ਬੜੀ ਪਸੰਦ ਆਈ ਅਤੇ ਬੜੀ ਖ਼ੁਸ਼ੀ ਨਾਲ ਇਜਾਜ਼ਤ ਦੇ ਦਿੱਤੀ ਕਿ ਭਗਤ ਸਿੰਘ ਨਾਲ ਇਸ ਦੀ ਮੁਲਾਕਾਤ ਕਰਾਓ । ਸੋ ਤੁਸੀਂ ਹੁਣ ਜਾਓ ਭਗਤ ਸਿੰਘ ਨਾਲ ਖ਼ੁੱਲ੍ਹੀ ਮੁਲਾਕਾਤ ਕਰੋ । ਮੈਂ ਤੁਹਾਡੇ ਨਾਲ ਇਕ ਕੈਦੀ-ਵਾਰਡਰ ਤੋਰ ਦਿੰਦਾ ਹਾਂ, ਜੋ ਤੁਹਾਨੂੰ ਉਸ ਪਾਸ ਲੈ ਜਾਏਗਾ ।

ਇਹ ਕਹਿ ਕੇ ਦਰੋਗੇ ਨੇ ਇਕ ਕੈਦੀ-ਵਾਰਡਰ ਮੇਰੇ ਨਾਲ ਕਰ ਦਿੱਤਾ ਅਤੇ ਉਸ ਨੂੰ ਹੁਕਮ ਦੇ ਦਿੱਤਾ ਕਿ ਭਗਤ ਸਿੰਘ ਨਾਲ ਇਸ ਦੀ ਖ਼ੁੱਲ੍ਹੀ ਮੁਲਾਕਾਤ ਕਰਾਓ । ਭਗਤ ਸਿੰਘ ਦਾ ਉਸ ਵੇਲੇ ਟਹਿਲਣ ਦਾ ਵਕਤ ਸੀ । ਉਸ ਨੂੰ ਸ਼ਾਇਦ ਪਹਿਲਾਂ ਹੀ ਮੁਲਾਕਾਤ ਦੀ ਮਨਜ਼ੂਰੀ ਸੁਣਾ ਦਿੱਤੀ ਹੋਈ ਸੀ । ਮੈਨੂੰ ਦੂਰੋਂ ਦੇਖ ਕੇ ਹੀ ਮੇਰੇ ਵੱਲ ਭੱਜਿਆ ਆਇਆ । ਮੈਂ ਹਾਤੇ ਦੇ ਜੰਗਲੇ ਦੇ ਬਾਹਰ ਖਲੋਤਾ ਰਿਹਾ । ਉਸ ਨੇ ਅੰਦਰਵਾਰ ਐਨ ਮੇਰੇ ਕੋਲ ਆ ਕੇ ਬੜੇ ਹੀ ਪਿਆਰ ਸਤਿਕਾਰ ਨਾਲ ਮੈਨੂੰ ਨਮਸਕਾਰ ਕੀਤੀ ਅਤੇ ਝੁਕ ਕੇ ਜੋਹਾਰ ਕੀਤਾ । ਮੈਂ ਵੀ ਦੋਇ-ਕਰ ਜੋੜ ਫ਼ਤਹਿ ਬੁਲਾਈ । ਕੈਦੀ ਵਾਰਡਰ ਸਾਨੂੰ ਕੋਲ-ਕੋਲ ਕਰਕੇ ਲਾਂਭੇ ਹੋ ਗਿਆ । ਅੰਦਰਲੇ ਹਾਤੇ ਵਲੋਂ ਵੀ ਕੋਈ ਸਿਪਾਹੀ ਜਾਂ ਵਾਰਡਰ ਸਾਡੇ ਨੇੜੇ ਨਾ ਆਇਆ । ਅਸੀਂ ਦੋਇ ਪੂਰੇ ਏਕਾਂਤ ਵਿਚ ਪ੍ਰਸਪਰ ਆਹਮੋ-ਸਾਹਮਣੀ ਹੋਏ ਖਲੋਤੇ ਸਾਂ । ਭਗਤ ਸਿੰਘ ਬਿਰਹੇ-ਮਿਲਾਪ ਦੀ ਕਰਣਾ-ਕਿਰਤੱਗਨੀ ਖ਼ੁਸ਼ੀ ਵਿਚ ਉਛਲ ਕੇ ਜ਼ਾਰੋ-ਜ਼ਾਰ ਹੰਝੂ ਬਹਾ ਰਿਹਾ ਹੈ । ਅਣਡਿੱਠਿਆਂ ਹੀ ਇਤਨੇ ਪਿਆਰ ਸਤਿਕਾਰ ਦੀ ਬਿਹਬਲਤਾ ਵਿਰਲੀ ਵਾਂਝੀ ਹੀ ਡਿੱਠੀ ਸੁਣੀ ਹੈ । ਜਾਣੋ-ਮੁਦਤਾਂ ਦਾ ਹੀ ਜਾਣੂ ਪਛਾਣੂ ਹੋਵੇ ਗਦ-ਗਦ ਹੋ ਕੇ ਕਹਿਣ ਲੱਗਾ:

"ਅੱਜ ਮੇਰੀਆਂ ਖੁਸ਼ੀਆਂ ਦੀ ਹੱਦ ਕੋਈ ਨਹੀਂ ਰਹੀ, ਮੇਰੇ ਦਿਲ ਵਿਚ



ਇਹ ਤਾਂਘ ਦਿਨ ਰਾਤ ਰਹਿੰਦੀ ਸੀ ਕਿ ਕਿਵੇਂ ਅਤੇ ਕਦੋਂ ਆਪ ਦੇ ਦਰਸ਼ਨ ਨਸੀਬ ਹੋਣ । ਸੋ ਅੱਜ ਇਹ ਪੂਰੀਆਂ ਹੋਈਆਂ । ਮੈਂ ਆਪ ਦਾ ਜੀਵਨ ਅਤੇ ਆਪ ਦੀਆਂ ਜੇਲ੍ਹ ਕਰੜਾਈਆਂ ਦੀਆਂ ਘਾਲਾਂ ਸੁਣ-ਸੁਣ ਕੇ ਹੀ ਆਪ ਦਾ ਪ੍ਰੇਮ-ਸ਼ੈਦਾਈ ਹੋ ਗਿਆ ਸੀ । ਸੰਨ 1914-15 ਵਾਲਿਆਂ ਦੀ ਦੇਸ-ਭਗਤੀ ਦੀ ਸੱਚੀ-ਸੁੱਚੀ ਨਜ਼ਰ ਨੇ ਮੇਰੇ ਵਰਗੇ ਨਾਚੀਜ਼ ਪੁਰਸ਼ਾਂ ਨੂੰ ਕੌਮੀ ਭਗਤੀ ਦੀ ਹੁੱਬ ਲਈ ਉਭਾਰਿਆ ਹੈ । ਜੋ-ਜੋ ਘਾਲਾਂ ਆਪ ਸੱਜਣਾਂ ਨੇ ਘਾਲੀਆਂ ਹਨ, ਉਸ ਦੇ ਮੁਕਾਬਲੇ ਵਿਚ ਮੈਂ ਜਿਹਿਆਂ ਦੀਆਂ ਕਰਨੀਆਂ ਤਾਂ ਐਵੇਂ ਤੁਛ ਮਾਤਰ ਹੀ ਹਨ । ਮੇਰੇ ਹਿਰਦੇ ਉੱਤੇ ਆਪ ਦੇ ਜੀਵਨ ਦਾ ਅਸਰ ਖ਼ਾਸ ਖ਼ਸੂਸੀਅਤ ਨਾਲ ਅਸਰ ਪਜ਼ੀਰ ਹੋਇਆ ਹੈ । ਆਪ ਨੂੰ ਸ਼ਾਇਦ ਮੁਨਸ਼ੀ ਮੰਨਾ ਸਿੰਘ ਨੇ ਦੱਸਿਆ ਹੀ ਹੋਣਾ ਹੈ ਕਿ ਕਿਸ ਇਸ਼ਤਿਆਕ ਨਾਲ ਮੈਂ ਮਹੀਨਿਆਂ ਬੱਧੀ ਆਪ ਨੂੰ ਯਾਦ ਕਰਦਾ ਰਿਹਾ ਹਾਂ । ਮੈਂ ਸਾਫ਼ ਕਹਾਂਗਾ ਕਿ ਮੇਰੀ ਖਿੱਚ ਨੇ ਹੀ ਆਪ ਨੂੰ ਖਿੱਚ ਕੇ ਇਸ ਜੇਲ੍ਹ ਵਿਚ ਮੁੜ ਸੋਲ੍ਹਾਂ ਸਾਲਾਂ ਪਿੱਛੋਂ ਲੈ ਆਂਦਾ ਹੈ।

ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸ਼ਾ ਭੇਜਿਆ ਸੀ, ਉਸ ਸੰਦੇਸ਼ੇ ਦੇ ਉੱਤਰ ਵਿਚ ਜੋ ਆਪ ਦਾ ਹੁਕਮਨਾਮਾ ਕੇਸ ਦਾੜ੍ਹੀ ਰੱਖਣ ਦਾ ਪੁੱਜਾ ਸੀ, ਸੋ ਦਾਸ ਹਿੱਤੋਂ ਚਿੱਤੋਂ ਕਮਾਉਣ ਨੂੰ ਤਿਆਰ ਹੈ । ਆਪ ਦੇ ਅੱਗੇ ਬੜਾ ਸ਼ਰਮਸਾਰ ਵੀ ਹਾਂ ਅਤੇ ਨਿੱਝਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਝ ਕੇਸ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜਬੂਰਨ ਕਰ ਬੈਠਾ ਹਾਂ । ਸੇਵਾ ਉਪਕਾਰ ਹਿੱਤ ਮੈਨੂੰ ਮੇਰੇ ਸਾਥੀਆਂ ਨੇ ਮਜਬੂਰ ਕੀਤਾ ਸੀ ਕਿ ਇਸ ਵੱਡ-ਰੂਪੀ ਦਾ ਵੇਸ ਪਲਟਿਆ ਜਾਏ ਅਤੇ ਸੰਨਿਆਸੀ ਸਾਧੂ ਵਾਲਾ ਸੁਆਂਗ ਧਾਰਿਆ ਜਾਏ । ਸੋ ਮੈਂ ਇਸ ਕੁਸੰਗ ਦੇ ਅਧੀਨ ਹੋ ਕੇ ਇਹ ਬੇ-ਅਦਬੀ ਕਰ ਬੈਠਾ ਹਾਂ, ਹੁਣ ਜਿਵੇਂ ਆਪ ਦਾ ਹੁਕਮ ਹੋਵੇ ।"

ਮੈਂ ਭਗਤ ਸਿੰਘ ਦੀ ਇਹ ਅਧੀਨਗੀ ਅਤੇ ਸ਼ਰਮਸਾਰੀ ਵੇਖ ਕੇ ਬੜਾ ਹੀ ਖੁਸ਼ ਹੋਇਆ ਅਤੇ ਉਸ ਦੀ ਸਾਫ਼-ਗੋਈ ਦੀ ਖ਼ੂਬੀ ਜਾਂਚ ਕੇ ਵੀ ਬੜਾ ਮੁਅੱਸਰ ਹੋਇਆ । ਤਦ ਵੀ ਮੈਂ ਹੇਠ ਲਿਖੀਆਂ ਗੱਲਾਂ ਉਸ ਨੂੰ ਕਹੇ ਬਾਝੋਂ ਨਾ ਰਹਿ ਸਕਿਆ:

"ਵੀਰ ਭਗਤ ਸਿੰਘ ਜੀ ! ਆਪ ਦੇ ਪਿਆਰ ਤੋਂ ਮੈਂ ਬਲਿਹਾਰ ਹਾਂ ਅਤੇ ਆਪ ਦੀ ਦੇਸ-ਭਗਤੀ ਵਾਲੀ ਉਪਕਾਰ-ਸਪਿਰਿਟ ਤੋਂ ਵੀ ਬਲ-ਬਲ ਜਾਂਦਾ ਹਾਂ । ਪਰ ਵੀਰ ਜੀ! ਉਪਕਾਰ ਕਮਾਵਣ ਲਈ ਤੁਹਾਡੇ ਸਲਾਹਕਾਰਾਂ ਨੇ ਤੁਹਾਨੂੰ ਅੱਛੀ ਸਲਾਹ ਨਹੀਂ ਦਿੱਤੀ । ਤੁਸੀਂ ਤਨਕ ਮਾਤਰ ਤੁਣਕਾ ਹੀ ਭਾਲਦੇ ਸੀ, ਬੜੀ ਛੇਤੀ ਓਹਨਾਂ ਦੀ ਏਸ ਕੁਢੰਗੀ ਸਲਾਹ ਦੇ ਅਧੀਨ ਹੋ ਗਏ । ਇਹ ਜ਼ਮਾਨਾ, ਜਿਸ ਸਮੇਂ ਕਿ ਤੁਸੀਂ ਉੱਠੇ ਹੋ, ਬੜੀ ਜਾਗ੍ਰਤੀ ਦਾ ਹੈ । ਸਾਰਾ ਦੇਸ ਹੀ ਜਾਗ ਰਿਹਾ ਹੈ । ਇਸ

ਵੇਲੇ ਤਾਂ ਆਪ ਨਿਸੰਗ ਆਪਣੇ ਸਿੱਖੀ ਵੇਸ ਵਿਚ ਹੀ ਜੋ ਚਾਹੋ ਉਪਕਾਰ ਕਮਾ ਸਕਦੇ ਸੀ । ਆਪ ਨੂੰ ਪਤਾ ਹੀ ਹੈ ਕਿ ਸਾਡੇ ਜ਼ਮਾਨੇ ਵਿਚ ਸੰਨ 1914-15 ਵਾਲੇ ਸਮੇਂ ਸਾਰੇ ਹਿੰਦੁਸਤਾਨ ਵਿਚ ਵਿਰਲੀਆਂ ਵਾਂਜੀਆਂ ਰੂਹਾਂ ਹੀ ਜਾਗੀਆਂ ਸਨ । ਖ਼ਾਸ ਕਰਕੇ ਪੰਜਾਬ ਵਿਚ ਤਾਂ ਗਿਣਤੀ ਦੇ ਉਂਗਲ਼ਾਂ 'ਤੇ ਗਿਣਨ ਜੋਗੇ ਸਿੱਖ ਹੀ ਸਨ, ਜਿਨ੍ਹਾਂ ਨੇ ਕਿ ਦੇਸ-ਭਗਤੀ ਦਾ ਬੀੜਾ ਚੁੱਕਿਆ ਅਤੇ ਉਸ ਵੇਲੇ ਬਾਹਰਲੇ ਦੇਸਾਂ ਕੈਨੇਡਾ ਅਮਰੀਕਾ ਤੋਂ ਆਏ ਦੇਸ ਭਗਤਾਂ ਦਾ ਪੰਜਾਬ ਵਿਚ ਬੱਚਾ-ਬੱਚਾ ਮੁਖ਼ਾਲਿਫ਼ ਬਣਿਆ ਫਿਰਦਾ ਸੀ ।"

"ਮੈਂ ਆਪ ਨੂੰ ਵੰਨਗੀ ਮਾਤਰ ਉਸ ਵਕਤ ਦੇ ਆਪਣੇ ਦੇਸ-ਭਗਤ ਭਰਾਵਾਂ ਦੀ ਇਕੋ ਮਿਸਾਲ ਹੀ ਪੇਸ਼ ਕਰਦਾ ਹਾਂ । ਭਾਈ ਨਿਧਾਨ ਸਿੰਘ ਜੀ ਚੁੱਘੇ ਵਾਲੇ ਇਕ ਬੜੇ ਉੱਘੇ ਦੇਸ-ਭਗਤ ਹਨ । ਇਹ ਬਾਹਰੋਂ ਟਾਪੂਆਂ ਵਿਚੋਂ ਸੈਂਕੜੇ ਹੀ ਰੂਹਾਂ ਨੂੰ ਦੇਸ ਕੁਰਬਾਨੀ ਹਿੱਤ ਪ੍ਰੇਰ ਕੇ ਲਿਆਏ ਅਤੇ ਹਜ਼ਾਰਾਂ ਰੁਪਏ ਆਪਣੇ ਪੱਲਿਓਂ ਖ਼ਰਚ ਕਰਕੇ ਨਿਛਾਵਰ ਕਰ ਦਿੱਤੇ । ਫੇਰ ਕੋਈ ਗੁੱਝੇ ਛਿਪੇ ਨਹੀਂ ਆਏ, ਜਹਾਜ਼ਾਂ ਵਿਚ ਪ੍ਰਗਟ ਤੌਰ ਪਰ ਆਏ ਪਰ ਹਿੰਦੁਸਤਾਨ ਵਿਚ ਆਉਂਦਿਆਂ ਹੀ ਉਨ੍ਹਾਂ ਨੂੰ ਫਾਹੁਣ ਦਾ ਜਾਲ ਵਿਛ ਗਿਆ, ਪਰ ਉਹ ਤੇ ਉਸ ਦੇ ਕਈ ਦਰਜਨ ਦੇਸ-ਭਗਤ ਸਾਥੀ ਸਹੀ ਸਲਾਮਤ ਹਿੰਦੁਸਤਾਨ ਵਿਚ ਪੁੱਜਣ ਵਿਚ ਕਾਮਯਾਬ ਹੋਏ । ਪਕੜ-ਜਕੜ ਤੋਂ ਉੱਕੇ ਹੀ ਅਛੋਹ ਰਹੇ । ਪੰਜਾਬ ਵਿਚ ਆ ਗੱਜੇ । ਜੋ-ਜੋ ਕਾਰਨਾਮੇ ਇਨ੍ਹਾਂ ਨੇ ਪੰਜਾਬ ਆ ਕੇ ਕਰ ਦਿਖਾਏ, ਆਪ ਉਨ੍ਹਾਂ ਤੋਂ ਭਲੀ ਪ੍ਰਕਾਰ ਵਾਕਿਫ਼ ਹੀ ਹੋ । ਉਨ੍ਹਾਂ ਦੇ ਵਾਰੰਟ ਨਿਕਲੇ ਹੋਏ ਸਨ । ਹੁਲੀਏ ਛਪੇ ਹੋਏ ਸਨ । ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਇਨਾਮ ਮੁਸ਼ਤਿਹਰ ਹੋ ਚੁੱਕੇ ਸਨ । ਸਾਰੇ ਜ਼ਮਾਨੇ ਦੀ ਹਵਾ ਉਨ੍ਹਾਂ ਦੇ ਉਲਟ ਸੀ । ਚਾਰ-ਚੌਫ਼ੇਰੇ ਉਨ੍ਹਾਂ ਦੀ ਪਕੜ-ਧਕੜ ਦੀ ਦੌੜ-ਭੱਜ ਹੋ ਰਹੀ ਸੀ । ਉਸ ਦੌੜ-ਭੱਜ ਵਿਚ ਉਹ ਨਿਰਭੈ ਨਿਧੜਕ ਫਿਰਦੇ ਰਹੇ ।"

"ਉਨ੍ਹੀਂ ਦਿਨੀਂ ਦੇਸ ਉਪਕਾਰ ਦੀ ਘਾਲਣਾ ਦਾ ਦਾਰੋਮਦਾਰ ਦੇਸ-ਭਗਤ ਤਬਕੇ ਵਿਚ ਬਹੁਤ ਸਾਰਾ ਭਾਈ ਨਿਧਾਨ ਸਿੰਘ ਜੀ ਦੀ ਹਸਤੀ ਉੱਪਰ ਹੀ ਮੁਨਹਸਰ ਸੀ । ਨਿਰਭੈਤਾ ਵਿਚ ਤਾਂ ਵੀਰ ਕਰਤਾਰ ਸਿੰਘ ਸਰਾਭਾ ਵੀ ਆਪਣੀ ਮਿਸਾਲ ਆਪ ਹੀ ਸੀ । ਉਸ ਦੇ ਦਿਲ ਵਿਚ ਇਕ ਦਿਨ ਇਹ ਖ਼ਿਆਲ ਆਇਆ ਕਿ ਕੁਸੰਗ ਦੇ ਅਸਰ ਕਰਕੇ ਆਇਆ ਕਿ ਕਿਤੇ ਭਾਈ ਨਿਧਾਨ ਸਿੰਘ ਅਜਾਈਂ ਫੜੇ ਹੀ ਨਾ ਜਾਣ, ਉਨ੍ਹਾਂ ਤੋਂ ਦੇਸ-ਭਗਤਾਂ ਨੇ ਕੰਮ ਬਹੁਤ ਲੈਣਾ ਹੈ । ਸੋ ਉਨ੍ਹਾਂ ਨੂੰ ਚਿਰੰਕਾਲ ਕਾਮਯਾਬ ਰੱਖਣ ਲਈ ਰਾਜਨੀਤੀ ਭਾਸਣੀ ਕਮਜ਼ੋਰੀ ਦੇ ਪਰਾਇਣ ਹੋ ਕੇ ਵੀਰ ਕਰਤਾਰ ਸਿੰਘ ਨੇ ਭਾਈ ਨਿਧਾਨ ਸਿੰਘ ਨੂੰ ਇਹ ਸਲਾਹ ਦਿੱਤੀ ਕਿ 'ਆਪ ਆਪਣੇ ਦਾੜ੍ਹੇ ਨੂੰ ਵਸਮਾ ਲਗਾ ਲਓ ਤਾਂ ਕਿ ਹੁਲੀਏ ਦੇ ਨਿਸ਼ਾਨ ਗਲਤ ਹੋ ਜਾਣ ਅਤੇ



ਆਪ ਨੂੰ ਕੋਈ ਪਛਾਣ ਨਾ ਸਕੇ ।

ਭਾਈ ਨਿਧਾਨ ਸਿੰਘ ਨੇ ਬੜੇ ਬੀਰਤਾ ਨਾਲ ਉੱਤਰ ਦਿੱਤਾ ਕਿ "ਮੈਂ ਮੂੰਹ ਕਾਲਾ ਕਰ ਕੇ ਤੇ ਚਮਕਦੇ ਹੀਰਿਆਂ ਉੱਤੇ ਗੋਹੇ ਦਾ ਪਰੋਲਾ ਫੇਰ ਕੇ ਆਪਣੀ ਬੀਰਤਾ ਨੂੰ ਕਲੰਕਤ ਨਹੀਂ ਕਰਨਾ ਚਾਹੁੰਦਾ । ਮੈਥੋਂ ਜੋ ਕੁਝ ਕੰਮ ਲੈਣਾ ਹੈ, ਏਸੇ ਵੇਸ ਵਿਚ ਲਵੋ ਅਤੇ ਮੇਰੇ ਅੰਦਰ ਕਾਇਰਤਾ ਮੱਤ ਪੈਦਾ ਕਰੋ ।" ਉਨ੍ਹਾਂ ਨੂੰ ਬਹੁਤ ਗਿਰਾਉਣਾ ਚਾਹਿਆ, ਪਰ ਉਹ ਆਪਣੇ ਨਿਸਚੇ ਵਿਚ ਅਚੱਲ ਤੇ ਅਟੱਲ ਰਹੇ । ਏਸ ਸੱਜਣ ਨੇ ਤੀਹ-ਤੀਹ ਚਾਲੀ-ਚਾਲੀ ਕੋਹ ਦਾ ਪੰਧ ਇਕਸੈ ਦਿਹਾੜੀ 'ਤੇ ਕੀਤਾ ਤੇ ਪੁਲਿਸ ਦੇ ਪਹਿਰਿਆਂ ਦੇ ਕੋਲ ਵੀ ਨਿਧੜਕ ਹੋ ਕੇ ਲੰਘ ਜਾਂਦਾ ਰਿਹਾ ਤੇ ਕੰਮ ਇਤਨੇ ਭਾਰੀ-ਭਾਰੀ ਵਿਸ਼ੇਸ਼ਤਾ ਵਾਲੇ ਕੀਤੇ ਜਿਸ ਦੇ ਮੁਕਾਬਲੇ ਤੁਹਾਡਾ ਚਿਤਵਿਆ ਕੰਮ ਪਾਸੰਗ ਮਾਤਰ ਸੀ, ਪਰ ਉਨ੍ਹਾਂ ਨੇ ਚਿੱਟੇ ਦਾੜ੍ਹੇ ਨੂੰ ਕਾਲਾ ਕਰਨਾ ਵੀ ਮਨਜ਼ੂਰ ਨਹੀਂ ਕੀਤਾ ਸੀ । ਤੁਸਾਂ ਦਾੜ੍ਹਾ ਤੇ ਕੇਸ ਵੀ ਕਤਲ ਕਰਾ ਦਿੱਤੇ ।"

**ਭਗਤ ਸਿੰਘ:**

ਦਰਅਸਲ ਸਾਂਡਰਸ ਦਾ ਕਾਤਲ ਮੈਂ ਨਹੀਂ । ਮੇਰੇ ਪਰ ਇਲਜ਼ਾਮ ਲੱਗ ਗਿਆ । ਮੈਂ ਜਾਤਾ ਕਿ ਮੌਕੇ ਨੂੰ ਹੱਥੋਂ ਕਿਉ ਗਵਾਵਾਂ ਤੇ ਸਾਰਾ ਇਲਜ਼ਾਮ ਆਪਣੇ ਉਪਰ ਲੈ ਲਿਆ। ਲਾਭ ਇਹ ਹੋਇਆ ਕਿ ਕਰੈਡਿਟ ਸਾਰਾ ਮੈਨੂੰ ਮਿਲ ਗਿਆ । ਉਂਞ ਵੀ ਮੈਨੂੰ ਬਚਣ ਦੀ ਕੋਈ ਆਸ ਨਹੀਂ ਸੀ ।

**ਮੈਂ:** ਫੋਕੇ ਕਰੈਡਿਟ ਮਿਲਣ ਦੀ ਫੋਕੀ ਖ਼ੁਸ਼ੀ ਦਾ ਹਾਸਲ ਕਰਨਾ ਸੱਚੇ ਦੇਸ-ਭਗਤ ਦਾ ਆਦਰਸ਼ ਨਹੀਂ ਹੋਣਾ ਚਾਹੀਦਾ । ਦੁਨੀਆਂ ਦੀ ਚਾਰ ਦਿਨ ਦੀ ਵਾਹ-ਵਾਹ ਦੀ ਖ਼ੁਮਾਰੀ ਵਿਚ ਆਪ ਨੂੰ ਆਪਣੇ ਸੱਚੇ ਆਦਰਸ਼ ਤੋਂ ਗਿਰਨ ਦਾ ਅਹਿਸਾਸ ਵੀ ਨਾ ਰਿਹਾ ਤੇ ਨਾ ਹੀ ਆਪਣੇ ਅਸਲੀ ਨਿਸ਼ਾਨੇ ਤੋਂ ਖੁੰਝਣ ਦਾ ਪਛੋਤਾਵਾ ਹੀ ਲੱਗਾ । ਇਕ ਅਖ਼ਬਾਰੀ ਵਡਿਆਈ ਦਾ ਛੁਣ-ਛੁਣਾ ਹੀ ਪੱਲੇ ਰਹਿ ਗਿਆ । ਗੁਰੂ ਦੀ ਮੋਹਰ ਸਾਬਤ ਸੂਰਤ ਐਵੇਂ ਭੰਗ ਦੇ ਭਾੜੇ ਹੀ ਝੂਠੇ ਬਫਣ ਬਫਾਓ ਦੇ ਲਾਲਚ ਵਿਚ ਗਵਾ ਲਈ । ਭਲਾ ਜੇ ਗ਼ਲਤੀ ਹੋ ਗਈ ਸੀ ਤਾਂ ਉਸ ਦੀ ਤਲਾਫ਼ੀ ਤਾਂ ਹੋਣੀ ਚਾਹੀਦੀ ਸੀ। ਫੇਰ ਮੁੜ ਕੇਸ ਰੱਖ ਲੈਣੇ ਸਨ । ਮੁੜ ਕੇ ਕਿਉ ਨਾ ਰੱਖੇ?

**ਭਗਤ ਸਿੰਘ:**

ਕੇਸ ਤਾਂ ਮੈਂ ਰੱਖ ਲੈਂਦਾ, ਪਰ ਐਸਾ ਕਰਨ ਵਿਚ ਮੈਨੂੰ ਆਪਣੇ ਸਾਥੀ ਦੱਤ (ਭਟਕੇਸ਼ਵਰ ਦੱਤ) ਦੀ ਹਮਦਰਦੀ ਤੇ ਸਾਥੀ-ਪੁਣੇ ਵਾਲੀ ਅਪਣੱਤ ਪ੍ਰਾਪਤ ਨਾ ਹੁੰਦੀ। ਦੂਜੀ ਮੈਨੂੰ ਏਡੀ ਸ਼ੁਹਰਤ ਹਾਸਲ ਨਾ ਹੁੰਦੀ ਜਿੱਡੀ ਕਿ ਅੱਜ ਅਖ਼ਬਾਰੀ ਦੁਨੀਆਂ ਵਿਚ ਹੋ ਰਹੀ ਹੈ । ਮੈਂ ਸੱਚ ਕਹਿੰਦਾ ਹਾਂ ਕਿ ਮੇਰੀ ਕੁਰਬਾਨੀ ਸੰਨ 1914-15 ਵਾਲੇ ਦੇਸ-ਭਗਤਾਂ ਦੀ ਕੁਰਬਾਨੀ ਦੇ ਮੁਕਾਬਲੇ ਐਵੇਂ ਤੁਛ-ਮਾਤਰ ਹੈ ।

ਪਰ ਏਨੀਆਂ ਕੁਰਬਾਨੀਆਂ ਕਰਨ ਤੇ ਵੀ ਏਨ੍ਹਾਂ 1914-15 ਵਾਲੇ ਦੇਸ ਭਗਤਾਂ ਨੂੰ ਉਸ ਵਕਤ ਦੀ ਅਖ਼ਬਾਰੀ ਦੁਨੀਆਂ ਵਿਚ ਏਡਾ ਮਾਣ ਨਾ ਮਿਲਿਆ, ਕਿਉਂਕਿ ਸਿੱਖ ਅਖ਼ਬਾਰਾਂ ਦੀ ਅੱਵਲ ਤਾਂ ਇਸ਼ਾਇਤ ਹੀ ਕੁਝ ਨਹੀਂ, ਜੇ ਹੈ ਤਾਂ ਉਹ ਉਸ ਸਮੇਂ ਆਪ ਸੱਜਣਾਂ ਦੀ ਕੁਰਬਾਨੀ ਬਾਰੇ ਪਬਲਿਕ ਵਿਚ ਕੁਝ ਰੌਸ਼ਨੀ ਨਾ ਪਾ ਸਕੇ, ਕਿਉਂਕਿ ਉਨ੍ਹਾਂ ਦੀ ਡਰੂ ਪਾਲਿਸੀ ਉਨ੍ਹਾਂ ਨੂੰ ਦਬਕਾਈ ਰੱਖਦੀ ਸੀ । ਇਹ ਅਨਮਤੀ ਅਖ਼ਬਾਰਾਂ ਦੀ ਬਦੌਲਤ ਹੀ ਮੇਰੇ ਨਾਮ ਨੂੰ ਇਤਨੀ ਸ਼ੁਹਰਤ ਮਿਲੀ ਹੈ । ਮੈਂ ਸੱਚ ਕਹਿੰਦਾ ਹਾਂ ਕਿ ਜੇ ਮੈਂ ਸਿੱਖ ਸਮਝਿਆ ਜਾਂਦਾ ਤੇ ਮੇਰੇ ਸਿਰ ਮੂੰਹ ਉੱਤੇ ਕੇਸ ਦਾੜ੍ਹੇ ਵਾਲੀ ਸਿੱਖ ਹੋਣ ਦੀ ਨਿਸ਼ਾਨੀ ਹੁੰਦੀ ਤੇ ਇਹ ਅਨਮਤੀ ਅਖ਼ਬਾਰ ਮੇਰੀ ਸ਼ੋਭਾ ਵਡਿਆਈ ਵਿਚ ਇਕ ਲਫ਼ਜ਼ ਵੀ ਨਾ ਲਿਖਦੇ । ਜੈਸਾ ਕਿ ਆਪ ਸਾਹਿਬਾਨ ਦੀ ਬਾਬਤ ਇਨ੍ਹਾਂ ਕੁਝ ਨਹੀਂ ਲਿਖਿਆ । ਸਿੱਖ ਅਖ਼ਬਾਰਾਂ ਵਿਚੋਂ ਵੀ ਉਸ ਵਕਤ ਮਾੜਾ ਮੋਟਾ ਜੋ ਕੁਝ ਲਿਖਿਆ ਸੋ ਉਰਦੂ ਦੇ 'ਖ਼ਾਲਸਾ ਅਖ਼ਬਾਰ ਲਾਹੌਰ' ਨੇ ਹੀ ਲਿਖਿਆ। ਉਹ ਵੀ ਮਹਿਦੂਦ ਸ਼ਕਲ ਵਿਚ । ਮੈਨੂੰ ਇਹ ਪਤਾ ਸੀ ਕਿ ਹਿੰਦੂ ਅਖ਼ਬਾਰ ਸਿੱਖ ਦੇਸ-ਭਗਤਾਂ ਦੀ ਵਡਿਆਈ ਲਿਖਣੋਂ ਖੁਣਸ ਖਾਂਦੇ ਹਨ ਤੇ ਇਨ੍ਹਾਂ ਨੂੰ ਉਨ੍ਹਾਂ ਦੀ ਵਡਿਆਈ ਭਾਉਂਦੀ ਨਹੀਂ । ਜੇ ਮੈਂ ਵੀ ਕੇਸ ਮੁੜ ਰੱਖ ਲੈਂਦਾ ਤਾਂ ਮੈਨੂੰ ਵਡਿਆਉਣਾ ਕਿੰਨ੍ਹੇ ਸੀ? ਛੁਟਿਆਉਂਦੇ ਹੀ । ਏਸ ਕਰਕੇ ਮੈਂ ਕੇਸ ਮੁੜ ਰੱਖਣੋਂ ਹੋਰ ਘੇਸਲ ਵੱਟ ਛੱਡੀ ।

**ਮੈਂ:** ਪਿਆਰੇ ਭਗਤ ਸੰਘ ਜੀ, ਆਪ ਦੀ ਦੇਸ-ਭਗਤੀ ਦਾ ਆਦਰਸ਼ ਪਿਆਰ ਬੜਾ ਹੀ ਨੀਵਾਂ ਤੇ ਹੋਛਾ ਹੈ । ਸ਼ੁਹਰਤ ਵਡਿਆਈ ਦੀ ਖ਼ਾਤਰ ਦੇਸ-ਭਗਤੀ ਦੀਆਂ ਉਪਕਾਰ ਕਮਾਈਆਂ ਦੇ ਅਡੰਬਰ ਰਚਣੇ ਬਿਰਥੇ ਤੇ ਐਵੇਂ ਤਿਫਲ ਛਛੋਹਰੀਆਂ ਬਾਦ ਬਫਾਈਆਂ ਹਨ । ਸੰਨ 1914-15 ਵਾਲੇ ਦੇਸ-ਭਗਤਾਂ ਜੋ ਕੁਝ ਕੀਤਾ, ਕਮਾਇਆ, ਕੇਵਲ ਦੇਸ ਸੇਵਾ ਨੂੰ ਮੁੱਖ ਰੱਖ ਕੇ ਕੀਤਾ, ਤੇ ਨਿਸ਼ਕਾਮ ਦੇਸ-ਭਗਤੀ ਕਮਾਈ । ਸ਼ੁਹਰਤ ਵਡਿਆਈ ਦਾ ਸੁਪਨ ਸਾਰਖਾ ਵੀ ਖ਼ਿਆਲ ਗ਼ੁਮਾਨ ਉਨ੍ਹਾਂ ਦੇ ਨੇੜੇ ਨਹੀਂ ਆਇਆ ਸੀ । ਸ਼ੁਹਰਤ ਦਾ ਪਿਆਰ ਦੇਸ-ਭਗਤਾਂ ਦੀ ਦੇਸ-ਭਗਤੀ ਨੂੰ ਕਲੰਕਿਤ ਕਰਨ ਵਾਲਾ ਹੈ । ਕੁਸੰਗ ਦੇ ਫੇਰ ਵਿਚ ਆਪ ਨੂੰ ਹੋਛੇ ਖ਼ਿਆਲ ਮਾਣ ਵਡਿਆਈਆਂ ਦੇ ਚਿੰਬੜੇ ਰਹੇ । ਅਖ਼ਬਾਰੀ ਵਡਿਆਈਆਂ ਤੇ ਸ਼ੁਹਰਤਾਂ ਸਭ ਵਾਧੂ ਹੀ ਹਨ ਤੇ ਇਨ੍ਹਾਂ ਦੇ ਸੋਹਿਲੇ ਤੇ ਇਨ੍ਹਾਂ ਦੇ ਸੋਹਲਿਆਂ ਦੇ ਸੁਣਨ ਦੇ ਚਾਹਵਾਨਾਂ ਪਰ ਹੀ ਇਹ ਗੁਰਵਾਕ ਘਟਦਾ ਹੈ:

**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥**
**ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥** (ਅੰਗ ੧੨੮੬)

ਇਹ ਗੱਲਾਂ ਸੁਣ ਕੇ ਭਗਤ ਸਿੰਘ ਬੜਾ ਹੀ ਮੁਤਾਸਰ ਹੋਇਆ ਤੇ ਕਹਿ



ਉੱਠਿਆ ਕਿ "ਸੱਚਮੁੱਚ ਗੁਰੂ ਘਰ ਦਾ ਤੇ ਗੁਰੂ ਕੇ ਸਿੱਖਾਂ ਦਾ ਆਦਰਸ਼ ਬੜਾ ਉੱਚਾ ਹੈ । ਆਮ ਦੁਨੀਆਂ ਫ਼ੋਕੀਆਂ ਵਡਿਆਈਆਂ ਦੇ ਵਹਿਣਾਂ ਵਿਚ ਹੀ ਰੁੜ੍ਹੀ ਪਈ ਹੈ । ਮੈਨੂੰ ਵੀ ਦੁਨੀ ਵਜਾਈ ਵਜਦੀ ਦੇ ਨਾਲ ਹੀ ਏਸ ਤਾੜੇ ਵੱਜਣਾ ਪੈ ਗਿਆ ਪਰ ਅੱਜ ਪ੍ਰਤੀਤ ਹੋਇਆ ਕਿ ਇਹ ਸਭ ਹੈਂਕੜਬਾਜ਼ੀਆਂ ਦੇ ਨੁਮਾਇਸ਼ੀ ਮੁਜ਼ਾਹਰੇ ਹੀ ਹਨ । ਮੇਰੀ ਬੜੀ ਹੀ ਖੁਸ਼-ਕਿਸਮਤੀ ਹੁੰਦੀ ਜੇਕਰ ਆਪ ਜੈਸੇ ਸੱਜਣਾਂ ਦੀ ਸੰਗਤ ਦੋ ਚਾਰ ਮਹੀਨੇ ਰਹਿੰਦੀ । ਜੇ ਦੋ ਚਾਰ ਮਹੀਨੇ ਹੀ ਮੈਨੂੰ ਆਪ ਦੀ ਸੰਗਤ ਵਿਚ ਰਹਿਣ ਦਾ ਮੌਕਾ ਮਿਲਦਾ ਤਦ ਮੈਨੂੰ ਬਹੁਤ ਲਾਭ ਪਹੁੰਚਦਾ ਤੇ ਮੇਰਾ ਕੁਝ ਸੌਰ ਜਾਂਦਾ ਤੇ ਮੇਰੀਆਂ ਊਣਤਾਈਆਂ ਦੂਰ ਹੋ ਜਾਂਦੀਆਂ । ਹੁਣ ਮੈਨੂੰ ਹੁਕਮ ਕਰੋ । ਆਪ ਦਾ ਹੁਕਮ ਇਸ਼ਾਰਾ ਇਹ ਹੈ ਕਿ ਮੈਂ ਫੇਰ ਕੇਸਾਧਾਰੀ ਹੋ ਜਾਵਾਂ । ਸੱਚਮੁੱਚ ਮੈਂ ਬਹੁਤ ਬੁਰਾ ਕੀਤਾ ਜੋ ਮੈਂ ਆਪਣੇ ਖ਼ਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰੱਖਣ ਦੀ ਰਵਾਇਤ ਦੇ ਉਲਟ ਗੁਰੂ ਕੀ ਮੋਹਰ ਦੀ ਬੇਅਦਬੀ ਕੀਤੀ ।"

"ਪਰ ਮੈਂ ਆਪ ਪਾਸੋਂ ਇਕ ਹੋਰ ਗੱਲ ਛੁਪਾਉਣੀ ਵੀ ਪਾਪ ਸਮਝਦਾ ਹਾਂ । ਉਹ ਇਹ ਕਿ ਚਾਹੇ ਸਾਡੇ ਖ਼ਾਨਦਾਨ ਵਿਚ ਪਿਤਾ ਪੁਰਖੀ ਕੇਸ ਰੱਖਣ ਦੀ ਰੀਤ ਚੱਲੀ ਆਈ ਹੈ ਤੇ ਮੇਰੇ ਉਸ ਖ਼ਾਨਦਾਨੀ ਰਵਾਇਤੀ ਰੀਤ ਕਰਕੇ ਹੀ ਕੇਸ ਰੱਖੇ ਹੋਏ ਸਨ। ਮੈਂ ਆਪਣੇ ਆਪ ਨੂੰ ਸਿੱਖ ਸਦਵਾਉਣਾ ਵੀ ਫਖ਼ਰ ਸਮਝਦਾ ਹਾਂ, ਪਰ ਵਾਸਤਵ ਵਿਚ ਗੱਲ ਇਹ ਹੈ ਕਿ ਮੇਰਾ ਦਿਲ ਸਿੱਖ ਨਹੀਂ ਤੇ ਮੈਨੂੰ ਮਾਫ਼ ਕਰੋਗੇ ਜੇ ਮੈਂ ਸਾਫ਼ ਲਫ਼ਜ਼ਾਂ ਵਿਚ ਆਪਣੇ ਦਿਲ ਨੂੰ ਖੋਲ੍ਹ ਦੇਵਾਂ ਤੇ ਕਹਿ ਦੇਵਾਂ ਕਿ ਮੈਂ ਨਾਸਤਿਕ ਹਾਂ, ਰੱਬ ਨੂੰ ਨਹੀਂ ਮੰਨਦਾ ਤੇ ਮੇਰੀ ਸਾਰੀ ਮੰਡਲੀ ਵੀ ਏਸ ਗੱਲ ਨੂੰ ਜਾਣਦੀ ਹੈ, ਪਰ ਆਪ ਦਾ ਹੁਕਮ ਮੰਨਣ ਵਿਚ ਮੈਨੂੰ ਕੋਈ ਉਜਰ ਨਹੀਂ । ਆਪ ਹੁਕਮ ਦਿਓ ਤਾਂ ਮੈਂ ਕੇਸ ਰੱਖ ਲਵਾਂ । ਕਾਸ਼ ! ਮੈਂ ਆਪ ਦੀ ਸੰਗਤ ਵਿਚ ਕੁਝ ਅਰਸਾ ਨੇੜੇ ਹੋ ਕੇ ਰਹਿੰਦਾ ਤਾਂ ਮੇਰੇ ਨਾਸਤਿਕਤਾ ਵਾਲੇ ਖ਼ਿਆਲ ਵੀ ਪਲਟ ਜਾਂਦੇ ।"

**ਮੈਂ:** "ਮੈਂ ਬੜਾ ਖ਼ੁਸ਼ ਹੋਇਆ ਹਾਂ ਕਿ ਆਪ ਨੇ ਸੱਚੋ-ਸੱਚ ਆਪਣੇ ਦਿਲ ਦੀ ਵਿਥਿਆ ਸੁਣਾ ਦਿੱਤੀ ਹੈ, ਤੇ ਕੋਈ ਲੁਕੋ ਨਹੀਂ ਰੱਖਿਆ । ਨਾਸਤਿਕਤਾ ਵਾਲੀ ਦਸ਼ਾ ਵਿਚ ਹੁੰਦਿਆਂ ਆਪ ਤੋਂ ਕੇਸ ਰਖਾਉਣ ਦਾ ਰੰਚਕ ਲਾਭ ਨਹੀਂ, ਨਾ ਹੀ ਸਾਨੂੰ ਕੋਈ ਫ਼ਖਰ ਹੈ । ਮੈਨੂੰ ਹੁਣ ਤੁਸਾਨੂੰ ਕੇਸ ਰਖਾਉਣ ਦਾ ਕੋਈ ਚਾਉ ਨਹੀਂ ਤੇ ਨਾ ਹੀ ਨਾ ਰੱਖਣ ਦਾ ਅਫ਼ਸੋਸ ਹੈ । ਅਰਮਾਨ ਹੈ ਤਾਂ ਇਹ ਕਿ ਤੁਸੀਂ ਆਸਤਿਕ ਨਿਸਚੇ ਵਿਚ ਹੁੰਦੇ ਹੋਏ ਲੇਖੇ ਲਗਦੇ । ਤੁਸੀਂ ਫਾਂਸੀ ਜ਼ਰੂਰ ਚੜ੍ਹਨਾ ਹੈ । ਫਾਂਸੀ ਚੜ੍ਹਨ ਤੋਂ ਪਹਿਲਾਂ ਜੇ ਤੁਹਾਡੀ ਨਾਸਤਿਕਤਾ ਦੂਰ ਹੋ ਜਾਂਦੀ ਤਾਂ ਬੜੀ ਹੀ ਚੰਗੀ ਗੱਲ ਹੁੰਦੀ । ਚਾਹੇ ਤੂੰ ਰੱਬ ਨੂੰ ਨਹੀਂ ਮੰਨਦਾ, ਪਰ ਇਕ ਗੱਲ ਯਾਦ ਰੱਖ ਤੇ ਉਸ ਉਪਰ ਆਪਣਾ ਨਿਸਚਾ ਕਾਇਮ ਕਰ ਤੇ ਇਹ ਗੱਲ ਹਿਰਦੇ ਉੱਪਰ ਉੱਕਰ ਲੈ ਕਿ ਤੈਂ ਮਰਨਾ ਨਹੀਂ,

ਮੁੜ ਕੇ ਫੇਰ ਆਉਣਾ ਹੈ, ਆਤਮਾ ਅਜਰ, ਅਮਰ ਹੈ, ਏਸ ਨੇ ਮੁੱਕ ਨਹੀਂ ਜਾਣਾ, ਏਸ ਨੇ ਬਾਰ-ਬਾਰ ਆਉਣਾ ਹੈ...ਬਸ ਤੂੰ ਇਹ ਗੱਲ ਪੱਥਰ ਤੇ ਲਕੀਰ ਸਮਝ ਕਿ ਤੈਂ ਮਰਨਾ ਮੁਕਣਾ ਨਹੀਂ, ਫੇਰ ਆਉਣਾ ਹੈ । ਮਨੁੱਖ ਜਾਮੇ ਵਿਚ ਆਉਣਾ ਹੈ । ਜ਼ਰਾ ਅੰਦਰ ਝਾਤੀ ਮਾਰ ਕਿ ਤੂੰ ਕੀ ਹੈਂ, ਆਤਮਾ ਹੈਂ ਕਿ ਮ੍ਰਿਤਕ ਮੜ੍ਹਾ ਸਰੀਰ? ਕੀ ਇਹ ਬੋਲਣਹਾਰ, ਸਮਝਣ ਸੋਚਣਹਾਰ, ਉਪਕਾਰ, ਚਿਤਵਨਹਾਰ, ਉੱਚੀਆਂ ਕਰਨੀਆਂ ਲੋਚਨਹਾਰ ਜੋ ਕੁਝ ਤੂੰ ਹੈਂ, ਇਹ ਤੇਰਾ ਹੱਡ ਚੰਮ ਮਾਸ ਰਕਤ ਦੇ ਮੜ੍ਹੇ ਸਰੀਰ ਨਾਲ ਹੀ ਮੁੱਕ ਠੁੱਕ ਜਾਏਗਾ? ਕਦੇ ਨਹੀਂ ! ਤੈਂ ਨਹੀਂ ਹਾਲੇ ਮੁਕਣਾ, ਨਾ ਕਦੇ ਮਰਨਾ ਹੈ।''

ਇਹ ਉਪਰਲੇ ਬਚਨ ਐਸੇ ਵਜਦ ਅਤੇ ਚੜ੍ਹਦੀ ਕਲਾ ਦੇ ਰੰਗਾਂ ਵਿਚ ਉਚਰੇ ਗਏ (ਉਚਰਾਉਣਹਾਰੇ ਨੇ ਉਚਰਾਏ) ਕਿ ਭਗਤ ਸਿੰਘ ਇਨ੍ਹਾਂ ਬਚਨਾਂ ਨੂੰ ਸੁਣ ਕੇ ਕਈ ਮਿੰਟਾਂ ਤਾਈਂ ਦਮ-ਬਖ਼ੁਦ (ਆਪਣੇ ਆਪ ਵਿੱਚ ਖੋ ਜਾਣਾ) ਰਿਹਾ । ਉਸ ਦੀ ਨੀਵੀਂ ਹੇਠ ਨੂੰ ਪੈ ਗਈ, ਬੇ-ਹਿੱਸੋ ਹਰਕਤ ਜਿਹਾ ਹੋ ਗਿਆ । ਕਈ ਮਿੰਟ ਕੁਝ ਬੋਲਿਆ ਨਹੀਂ । ਮੈਂ ਹੱਥ ਨਾਲ ਹਲੂਣ ਕੇ ਸਾਵਧਾਨ ਕੀਤਾ ਤਾਂ ਕੀ ਵੇਖਦਾ ਹਾਂ ਕਿ ਉਸ ਦੇ ਚਿਹਰੇ ਉੱਤੇ ਹੋਰ ਅਨੋਖੀ ਆਭਾ ਆਈ ਹੋਈ ਹੈ, ਉਹ ਬੇ-ਅਖ਼ਤਿਆਰ ਹੋ ਕੇ ਜੰਗਲੇ ਦੇ ਲਾਗੇ ਹੋ ਕੇ ਮੇਰੇ ਵੱਲ ਉਲਰਿਆ ਅਤੇ ਜੰਗਲੇ ਵਿਚ ਦੀ ਹੱਥ ਕੱਢ ਕੇ ਹੱਥ ਪਲਮਾਏ, ਜਿਵੇਂ ਪੈਰਾਂ ਨੂੰ ਫੜੀਦਾ ਹੈ । ਮੈਂ ਉਸ ਦੇ ਹੱਥ ਫੜ ਲਏ ਤੇ ਕਿਹਾ ਕਿ 'ਚਰਨ ਕੇਵਲ ਗੁਰੂ ਦੇ ਹੀ ਪਰਸੀਦੇ ਹਨ ।' ਉਸ ਨੂੰ ਮੈਂ ਉਠਾਇਆ । ਉੱਠ ਕੇ ਜਦ ਉਹ ਸੰਭਲਿਆ ਤਾਂ ਉਸ ਨੇ ਇਸ ਬਿਧ ਸੰਭਾਖਨ ਕੀਤਾ:

''ਭਾਈ ਸਾਹਿਬ, ਆਪ ਦੇ ਬਚਨਾਂ ਨੇ ਤਾਂ ਅਮੋਘ ਬਾਣਾਂ ਵਾਲਾ ਕੰਮ ਕੀਤਾ, ਮੇਰੇ ਕੁਫ਼ਰ ਦੇ ਕੜ ਤੋੜ ਦਿੱਤੇ । ਮੇਰੇ ਉੱਤੇ ਇਕ ਚੁੰਬਕ ਕਲਾ ਵਾਲਾ ਅਸਰ ਹੋਇਆ । ਮੈਨੂੰ ਇਹ ਮਨ ਬਚ ਕਰਮ ਕਰਕੇ ਨਿਸਚਿਤ ਹੋ ਗਿਆ ਕਿ ਮੈਂ ਮਰਨਾ ਨਹੀਂ । ਮੈਂ ਉਹ ਕੁਝ ਹਾਂ ਜਿਸ ਨੇ ਮੁੱਕ ਨਹੀਂ ਜਾਣਾ, ਫ਼ੌਤ ਨਹੀਂ ਹੋ ਜਾਣਾ । ਮੈਂ ਇਹ ਸਰੀਰ ਜਾਮਾ ਛੱਡ ਕੇ ਫੇਰ ਜ਼ਰੂਰ ਆਉਣਾ ਹੈ ਅਤੇ ਫੇਰ ਆਉਣ ਤਾਈਂ ਸਰੀਰ ਛੱਡ ਕੇ ਮੇਰੀ ਆਤਮਾ ਨੇ ਸਦ ਜ਼ੀਸਤੀ ਲਹਿਰਾਉ ਵਿਚ ਕਾਇਮ ਰਹਿਣਾ ਹੈ। ਮੈਨੂੰ ਹੁਣ ਫਾਂਸੀ ਲੱਗਣ ਵਿਚ ਸਰੂਰ ਹਾਸਲ ਹੋਵੇਗਾ । ਮੈਂ ਤਾਂ ਕੇਵਲ ਹੱਠ ਕਰਕੇ ਬਹਾਦਰ ਬਣਿਆ ਹੋਇਆ ਸੀ ਤੇ ਮੌਤ ਨੂੰ ਮਾਊਂ ਸਮਝਦਾ ਸੀ, ਪਰ ਅੰਤਰਗਤੀ ਮੈਨੂੰ ਇਹ ਹਾਵਾ ਲੱਗਾ ਹੋਇਆ ਸੀ ਕਿ ਮੈਂ ਮਰ ਕੇ ਕੁਝ ਨਹੀਂ ਰਹਿਣਾ। ਆਪ ਦੇ ਬਚਨਾਂ ਨੇ ਮੇਰੀ ਅਚਰਜ ਕਾਇਆ ਪਲਟ ਦਿੱਤੀ ਹੈ । ਮੇਰਾ ਅੱਗਾ ਮੇਰੇ ਅੱਗੇ ਰੌਸ਼ਨ ਹੋ ਗਿਆ ਹੈ । ਨੇਸਤੋ-ਨਾਬੂਦੀ ਦਾ ਖ਼ਲਾਅ, ਤੌਖਲਾ ਸਭ ਮਿਟ ਗਿਆ ਹੈ । ਮੇਰਾ ਹੌਂਸਲਾ ਵਧ ਗਿਆ। ਮੈਂ ਹੁਣ ਹੌਂਸਲੇ ਨਾਲ ਮਰਾਂਗਾ । ਮੈਨੂੰ ਆਪ ਦੇ ਜੀਵਨ ਦੀ ਜੀਵਨ-ਬੂਟੀ ਦੀ ਅਕਸੀਰ ਦਾ ਅਮਲ ਚੜ੍ਹ ਗਿਆ ਹੈ ।



ਆਪ ਦੇ ਜੀਵਨ ਨੇ ਇਹ ਗੱਲ ਤਾਂ ਮੇਰੇ ਹਿਰਦੇ ਅੰਦਰ ਪਹਿਲਾਂ ਹੀ ਉੱਕਰ ਦਿੱਤੀ ਹੋਈ ਸੀ ਕਿ ਆਪ ਦੀ ਕਹਿਣੀ ਤੇ ਕਰਨੀ ਇਕ ਹੈ । ਆਪ ਦਾ ਜੀਵਨ ਭਰੋਸਾ ਮੇਰੇ ਉੱਤੇ ਇਹ ਅਕਸ ਲਿਆਇਆ ਹੈ ਕਿ ਆਪ ਸੋਈ ਗੱਲ ਮੂੰਹੋਂ ਬੋਲਦੇ ਕਹਿੰਦੇ ਹੋ ਜਿਸ ਗੱਲ ਦਾ ਕਿ ਆਪਣਾ ਪ੍ਰਤੱਖ ਤਜਰਬਾ ਕੀਤਾ ਹੋਇਆ ਹੁੰਦਾ ਹੈ, ਜਿਸ ਨੂੰ ਕਿ ਆਪ ਨੇ ਪ੍ਰਤੱਖ ਪੇਖਿਆ ਹੁੰਦਾ ਹੈ । ਸੋ ਮੈਨੂੰ ਨਾ ਸਿਰਫ਼ ਇਹ ਨਿਸਚਾ ਹੋ ਗਿਆ ਹੈ ਕਿ ਮੈਂ ਨਹੀਂ ਮਰਨਾ ਅਤੇ ਮੈਂ ਸਦਾ ਜੀਵਨਹਾਰੀ ਆਤਮਾ ਹਾਂ, ਬਲਕਿ ਮੈਨੂੰ ਇਹ ਵੀ ਨਿਸਚਾ ਹੋ ਗਿਆ ਹੈ ਕਿ ਰੱਬ ਵੀ ਹੈ ਅਤੇ ਉਸ ਰੱਬ ਨੂੰ ਆਪ ਨੇ ਆਪਣੀ ਅੱਖੀਂ ਦੇਖਿਆ ਹੈ । ਸੋ ਆਪ ਨੂੰ ਇਸ ਤੋਂ ਅਧਿਕ ਸੱਚੀ ਖ਼ੁਸ਼ੀ ਨਹੀਂ ਹੋਵੇਗੀ ਕਿ ਅੱਜ ਤੋਂ ਆਪ ਦਾ ਪਿਆਰਾ ਭਗਤ ਸਿੰਘ ਆਤਮ ਜੀਵਨੀ ਆਸਤਿਕ ਭਗਤ ਸਿੰਘ ਹੈ, ਅਤੇ ਆਸਤਿਕ ਨਿਸਚੇ ਨੂੰ ਨਿਸਚਿਤ ਕਰਦਾ ਹੋਇਆ ਹੀ ਜਾਨ ਦੇਵੇਗਾ ਅਤੇ ਹੁਣ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅੱਜ ਤੋ ਆਪਣਾ ਦਾੜ੍ਹਾ, ਕੇਸ ਕਦੇ ਨਹੀਂ ਕਟਾਵਾਂਗਾ ਅਤੇ ਸਿੱਖ ਨਿਸਚੇ ਵਿਚ ਆਤਮ ਔਜੀ ਚੜ੍ਹਾਈ ਕਰਾਂਗਾ । ਹਾਂ ! ਸਿੱਖਾਂ ਦੇ ਬੋਲੇ ਵਾਲਾ ਚੜ੍ਹਾਈ ਕਰਨ ਵਾਲਾ ਇਹ ਬੋਲਾ ਕੈਸਾ ਸੁੰਦਰ ਅਤੇ ਸੱਚਾ ਅਰਥ ਪ੍ਰਤਿਪਾਦਕ ਹੈ । ਕਿੱਥੇ ਚੜ੍ਹਾਈ ਕਰਨਾ ਅਤੇ ਕਿੱਥੇ ਮਰਨਾ? ਦੇਹ ਨੂੰ ਤਿਆਗ ਕੇ ਮੇਰੀ ਆਤਮਾ ਚੜ੍ਹਾਈ ਕਰੇਗੀ, ਉਪਰ ਅਕਾਸ਼ ਨੂੰ ਚੜ੍ਹ ਜਾਏਗੀ, ਮਰੇ ਮੁੱਕੇਗੀ ਨਹੀਂ । ਮੁੜ ਕੇ ਫਿਰ ਜਾਮਾ ਧਾਰੇਗੀ ਅਤੇ ਦੇਸ ਕੌਮ ਦੇ ਉਚ ਆਦਰਸ਼ਕ ਕੰਮ ਕਰਾਏਗੀ। ਆਪ ਦੀ ਮੁਲਾਕਾਤ ਦਾ ਸੱਚਾ ਸਿੱਟਾ ਬਹੁਤ ਹੀ ਖ਼ੂਬ ਨਿਕਲਿਆ ।''

ਬਸ, ਏਤਨੀ ਬਾਤ-ਚੀਤ ਸਮਾਪਤ ਹੋਣ ਪਰ ਅਤੇ ਤੱਤ ਆਦਰਸ਼ੀ ਸਿੱਟਾ ਮੁਲਾਕਾਤਾਂ ਦਾ ਨਿਕਲਣ ਪਰ ਅਸੀਂ ਪਰਸਪਰ ਆਖ਼ਰੀ ਫ਼ਤਹਿ ਬੁਲਾਈ ਅਤੇ ਵਿਗਸ-ਵਿਗਸ ਕੇ ਵਿਛੁੜੇ ।

ਭਾਈ ਸਾਹਿਬ ਦੇ ਸਿੱਖੀ ਸਿਦਕ ਅਤੇ ਪੰਥਕ ਸੇਵਾ ਨੂੰ ਪ੍ਰਵਾਨ ਕਰਦੇ ਹੋਏ ਭਾਈ ਸਾਹਿਬ ਨੂੰ ਅਕਾਲ ਤਖ਼ਤ ਸਾਹਿਬ ਤੇ ਸਨਮਾਨਿਤ ਕੀਤਾ ਗਿਆ । ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਉਨ੍ਹਾਂ ਦੀ ਲੱਗੀ ਫ਼ੋਟੋ ਇਸ ਗੱਲ ਦਾ ਪ੍ਰਮਾਣ ਹੈ । ਦੇਸ ਦੀ ਅਜ਼ਾਦੀ ਦੀ ਲੜਾਈ ਵਿਚ ਭਾਈ ਸਾਹਿਬ ਦੇ ਸੇਵਾ ਨੂੰ ਕਬੂਲਦੇ ਹੋਏ ਜਲੰਧਰ ਦੇ ਗ਼ਦਰੀ ਬਾਬਿਆਂ ਦੇ ਯਾਦਗਾਰੀ ਹਾਲ ਵਿਚ ਭੀ ਇਨ੍ਹਾਂ ਦੀ ਵੱਡ ਆਕਾਰੀ ਫ਼ੋਟੋ ਲੱਗੀ ਹੋਈ ਹੈ । ਵੀਹਵੀਂ ਸਦੀ ਦੇ ਮਹਾਨ ਸਿੱਖ ਦੀ ਚੋਣ ਸੂਚੀ ਵਿਚ ਭਾਈ ਸਾਹਿਬ ਦਾ ਨਾਉਂ ਉਪਰਲੀ ਕਤਾਰ ਵਿਚ ਸੀ ।

ਭਾਈ ਸਾਹਿਬ ਦੀ ਕਿਤਾਬ 'ਜੇਲ੍ਹ ਚਿੱਠੀਆਂ' ਪਹਿਲੀ ਵਾਰ ਸੰਨ1935 ਵਿਚ ਛਪੀ ਸੀ ਜੋ ਕਿ ਲਗ਼ਾਤਾਰ ਛਪਦੀ ਆ ਰਹੀ ਹੈ ਅਤੇ ਸੰਨ 2002 ਵਿਚ ਬਾਰ੍ਹਵੀਂ ਵਾਰ ਛਪੀ ਹੈ । ਸੰਨ 1989 ਤੱਕ ਤਾਂ ਨਾ ਕਿਸੇ ਪ੍ਰਵਾਨਿਤ ਵਿਅਕਤੀ ਨੇ

ਭਾਈ ਸਾਹਿਬ ਦੇ ਬਾਰੇ ਕੋਈ ਇਤਰਾਜ਼ਯੋਗ ਟਿੱਪਣੀ ਕੀਤੀ ਅਤੇ ਨਾ ਹੀ ਕਿਸੇ ਕਾਮਰੇਡੀ ਸੋਚ ਦੇ ਵਿਅਕਤੀ ਨੇ ਇਸ ਤਰ੍ਹਾਂ ਦੀ ਹਰਕਤ ਕੀਤੀ । ਕਿਉਂਕਿ ਭਾਈ ਸਾਹਿਬ ਦੇ ਸਮਕਾਲੀ ਸਾਰੇ ਵੱਡੇ-ਵੱਡੇ ਕਾਮਰੇਡ ਭਾਈ ਸਾਹਿਬ ਦੀ ਸ਼ਖਸੀਅਤ, ਸਿੱਖੀ ਸਿਦਕ, ਦੇਸ ਸੇਵਾ ਅਤੇ ਸੱਚਾਈ ਤੇ ਪਹਿਰਾ ਦੇਣ ਦੇ ਗੁਣਾਂ ਤੋਂ ਪ੍ਰਭਾਵਿਤ ਸਨ ਅਤੇ ਸਭ ਭਾਈ ਸਾਹਿਬ ਦਾ ਦਿਲੋਂ ਸਤਿਕਾਰ ਕਰਦੇ ਸਨ ।

ਭਾਈ ਸਾਹਿਬ ਦੀ ਭਗਤ ਸਿੰਘ ਨਾਲ ਮੁਲਾਕਾਤ ਦੀ ਲਿਖਤ ਬਾਰੇ ਸਭ ਤੋਂ ਪਹਿਲਾਂ ਤਕਰੀਬਨ ਸੰਨ 1990 ਵਿਚ ਪੰਜਾਬੀ ਟ੍ਰਿਬਿਊਨ ਵਿਚ ਵਿਵਾਦ ਖੜ੍ਹਾ ਕੀਤਾ ਗਿਆ । ਹੁਣ ਨਵੇਂ-ਨਵੇਂ ਕਾਮਰੇਡੀ ਛੋਕਰਿਆਂ ਨੇ ਭਾਈ ਸਾਹਿਬ ਨੂੰ ਝੂਠਾ ਸਾਬਤ ਕਰਨ ਦਾ ਬੀੜਾ ਚੁੱਕਿਆ ਹੈ । ਇਨ੍ਹਾਂ ਦੀ ਮਾਨਸਿਕ ਪੀੜਾ ਇਹ ਹੈ ਕਿ ਇਕ ਨਾਸਤਿਕ, ਇਕ ਆਸਤਿਕ ਅੱਗੇ ਕਿਵੇਂ ਝੁਕ ਸਕਦਾ ਹੈ ਜੋ ਕਿ 'ਜੇਲ੍ਹ ਚਿੱਠੀਆਂ' ਤੋਂ ਸਾਬਤ ਹੁੰਦਾ ਹੈ ।

ਇਸ ਵਿਵਾਦ ਦਾ ਦੂਸਰਾ ਪਹਿਲੂ ਹੈ ਕਿ ਦੇਸ-ਭਗਤ ਤਾਂ ਭਾਈ ਸਾਹਿਬ ਭੀ ਸੀ ਅਤੇ ਭਗਤ ਸਿੰਘ ਭੀ, ਪਰ ਅਖ਼ਬਾਰਾਂ ਰਾਹੀਂ ਭਗਤ ਸਿੰਘ ਦੀ ਦੇਸ-ਭਗਤੀ ਨਾਲੋਂ ਵੱਧ ਨਾਸਤਿਕਤਾ ਨੂੰ ਵੱਧ ਅਹਿਮੀਅਤ ਦਿੱਤੀ ਜਾ ਰਹੀ ਹੈ ਅਤੇ ਪਰਚਾਰਿਆ ਜਾ ਰਿਹਾ ਹੈ ਕਿ ਆਸਤਿਕ ਝੂਠ ਬੋਲ ਸਕਦਾ ਹੈ ਪਰ ਨਾਸਤਿਕ ਕਦੇ ਝੂਠ ਨਹੀਂ ਬੋਲ ਸਕਦਾ । ਪਿੱਛੇ ਜਿਹੇ ਪੰਜਾਬੀ ਟ੍ਰਿਬਿਊਨ ਵਿਚ 'ਹੰਸ ਰਾਜ ਸਟੈਨੋ' ਦੇ ਲੇਖ 'ਭਗਤ ਸਿੰਘ ਬਾਰੇ ਪੈਦਾ ਕੀਤੇ ਭਰਮਾਂ ਪਿਛਲੇ ਮਕਸਦ ਪਛਾਨਣ ਦੀ ਲੋੜ' ਵਿਚ ਇਹ ਲਿਖਦੇ ਹਨ ''ਇਹ ਠੀਕ ਹੈ ਕਿ ਭਾਈ ਰਣਧੀਰ ਸਿੰਘ ਨੇ ਦੇਸ-ਭਗਤੀ ਵਿਚ ਕਾਫ਼ੀ ਲੰਬਾ ਸਮਾਂ ਜੇਲ੍ਹ ਕੱਟੀ ਪਰ ਕੈਦ ਕੱਟਣਾ ਉਨ੍ਹਾਂ ਦੀ ਹਰ ਗੱਲ 'ਤੇ ਵਿਸ਼ਵਾਸ ਦਾ ਆਧਾਰ ਨਹੀਂ ਬਣ ਸਕਦਾ ।''

ਮੇਰਾ ਖ਼ਿਆਲ ਹੈ ਕਿ ਜੇ ਕਿਤੇ ਹੰਸ ਰਾਜ ਸਟੈਨੋ ਲੇਖ ਲਿਖਣ ਤੋਂ ਪਹਿਲਾਂ ਕਾਮਰੇਡਾਂ ਦੇ ਬਾਬਾ ਬੋਹੜ ਹਰਕ੍ਰਿਸ਼ਨ ਸਿੰਘ ਸੁਰਜੀਤ ਨੂੰ ਹੀ ਇਸ ਮਾਮਲੇ ਬਾਰੇ ਪੁੱਛ ਲੈਂਦਾ ਤਾਂ ਸ਼ਾਇਦ ਅਜਿਹੀ ਗ਼ਲਤੀ ਨਾ ਕਰਦਾ ।

ਸ. ਭਗਤ ਸਿੰਘ ਦੇਸ-ਭਗਤੀ ਲਈ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਮਾਰਗ ਦਰਸ਼ਕ ਮੰਨਦਾ ਹੈ ਪਰ ਕਾਮਰੇਡੀ ਕਲਮਾਂ ਨੂੰ ਗੁਰੂ ਦਾ ਸਿੱਖ ਹੋਣ ਦੇ ਨਾਤੇ ਉਸ ਦੀ ਦੇਸ-ਭਗਤੀ ਪ੍ਰਵਾਨ ਨਹੀਂ ਇਸ ਲਈ ਸ. ਭਗਤ ਸਿੰਘ ਨੂੰ ਹੀ ਹੀਰੋ ਮੰਨਦੇ ਹਨ ।

ਦੂਜੇ ਪਾਸੇ ਸਿੱਖੀ ਭੇਸ ਧਾਰਕੇ, ਸਿੱਖੀ ਵਿਚ ਘੁਸਪੈਠ ਕਰਨ ਵਾਲੇ ਆਪਣੀਆਂ ਲਿਖਤਾਂ ਵਿਚ, ਭਾਈ ਸਾਹਿਬ ਨੂੰ ਸਿੱਖ ਦੀ ਬਜਾਏ ਅੰਧ-ਵਿਸ਼ਵਾਸੀ, ਝੂਠਾ ਅਤੇ ਬ੍ਰਾਹਮਣਵਾਦੀ ਸਾਬਤ ਕਰਨ ਤੇ ਤੁਲੇ ਹੋਏ ਹਨ ਸਾਨੂੰ ਦੋਨੋਂ ਧਿਰਾਂ ਦੀ



ਮਾਨਸਿਕਤਾ ਤੇ ਅਜ਼ਹਦ ਅਫ਼ਸੋਸ ਹੈ ।

## ਪਰਉਪਕਾਰੀ ਸਤਿਗੁਰੂ ਬਨਾਮ ਪਖੰਡੀ ਗੁਰੂ

ਸ਼ੰਕਰਾਚਾਰੀਆ ਨੇ ਰਾਜਪੂਤ ਰਾਜਿਆਂ ਦੀ ਮੱਦਦ ਨਾਲ ਬੋਧੀਆਂ ਦਾ ਕਤਲੇਆਮ ਕੀਤਾ, ਬੋਧ-ਮੱਠ ਅਤੇ ਟੈਕਸਲਾ ਜਿਹੀਆਂ ਯੂਨੀਵਰਸਿਟੀਆਂ ਨੂੰ ਨਸ਼ਟ ਕਰਕੇ, ਹਿੰਦੁਸਤਾਨ ਵਿੱਚੋਂ ਬੁੱਧ ਧਰਮ ਦਾ ਸਫ਼ਾਇਆ ਕਰ ਦਿੱਤਾ । ਇਸ ਪਿੱਛੇ ਇਕ ਵੱਡਾ ਕਾਰਨ ਇਹ ਸੀ ਕਿ ਬੁੱਧ ਧਰਮ ਦੀ ਹੋਂਦ ਨਾਲ ਮਨੂ ਰਿਸ਼ੀ ਵਲੋਂ ਚਲਾਈ ਜਾਤ-ਪਾਤ ਦੀ ਵਰਨ-ਵੰਡ ਦੀ ਸਮਾਪਤੀ ਨਾਲ, ਬ੍ਰਾਹਮਣ ਦੀ ਅਜ਼ਾਰੇਦਾਰੀ ਨੂੰ ਵੱਡਾ ਖੋਰਾ ਲੱਗਾ ਸੀ ਜੋ ਕਿ ਸ਼ੰਕਰਾਚਾਰੀਆ ਅਤੇ ਬਾਕੀ ਬ੍ਰਾਹਮਣ ਜਾਤੀ ਨੂੰ ਪ੍ਰਵਾਨ ਨਹੀਂ ਸੀ ।

ਇਸ ਪਿੱਛੋਂ ਸ਼ੂਦਰ ਜਾਤੀ ਅਤੇ ਨਾਲ ਹੀ ਪਛੜੀਆਂ ਸ਼੍ਰੇਣੀਆਂ ਤੇ ਜ਼ੁਲਮ ਦੀ ਹਨ੍ਹੇਰੀ ਇਕ ਵਾਰ ਫਿਰ ਝੁੱਲ ਪਈ । ਇਸ ਤੋਂ ਇਲਾਵਾ ਇਸਤਰੀ ਜਾਤੀ ਨੂੰ ਜੋ ਥੋੜ੍ਹੀ ਬਹੁਤ ਰਾਹਤ ਬੁੱਧ ਧਰਮ ਦੇ ਪਸਾਰ ਨਾਲ ਮਿਲੀ ਸੀ, ਉਹ ਭੀ ਸਮਾਪਤ ਹੋ ਗਈ । ਮਾਨਵ ਜਾਤੀ ਦੇ ਅੱਧੇ ਭਾਗ (ਇਸਤਰੀ ਜਾਤੀ) ਅਤੇ ਕੁੱਲ ਦੇਸ ਦੀ ਜਨਸੰਖਿਆ ਦੇ ਇਕ ਤਿਹਾਈ (ਸ਼ੂਦਰਾਂ) ਤੇ ਜ਼ੁਲਮ ਢਾਹੁਣ ਕਾਰਨ ਸਾਰੇ ਦੇਸ ਨੂੰ ਲੰਮੀ ਗ਼ੁਲਾਮੀ ਦੀ ਅਸਹਿ ਪੀੜਾ ਸਹਿਣੀ ਪਈ । ਵਿਦੇਸ਼ੀ ਹਮਲਾਵਰਾਂ ਅਤੇ ਧਾਰਮਿਕ ਮੁਖੀਆਂ (ਬ੍ਰਾਹਮਣ) ਹੱਥੋਂ ਪੀੜਤ ਲੁਕਾਈ ਜਦ ਅਤਿ ਦੁਖੀ ਹੋ ਗਈ ਤਾਂ:

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ।**
(ਭਾ.ਗੁ.ਵਾ.੧/੨੩)

ਗੁਰੂ ਬਾਬੇ ਨੇ ਦੇਖਿਆ, ਇਕ ਪਾਸੇ ਦੇਸ ਵਾਸੀ ਅਗਿਆਨਤਾ ਵੱਸ ਫੋਕਟ ਕਰਮਾਂ ਵਿਚ ਫਸ ਕੇ ਪਰਮੇਸ਼ਰ ਤੋਂ ਬੇਮੁਖ ਹੋ ਗਏ ਹਨ, ਦੂਸਰੇ ਪਾਸੇ ਧਾਰਮਿਕ ਅਤੇ ਸਮਾਜਿਕ ਅਨਿਆਂ ਤੋਂ ਦੁਖੀ ਹਨ ਤੀਸਰੇ ਪਾਸੇ ਵਿਦੇਸ਼ੀ ਜਰਵਾਣੇ ਜ਼ੁਲਮ ਢਾਹ ਰਹੇ ਹਨ ।

**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।**
**ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ।** (ਭਾ.ਗੁ.ਵਾ. ੧/੨੪)

ਗੁਰੂ ਬਾਬੇ ਨੇ ਜਗਤ ਨੂੰ ਇਕ ਅਕਾਲ ਪੁਰਖ, ਜੋ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਹੈ, ਦਾ ਪੱਲਾ ਫੜਨ ਲਈ, ਨਾਮ ਜਪਣ ਅਤੇ ਸਿਫ਼ਤ ਸਲਾਹ ਦਾ ਮਾਰਗ ਦੱਸਿਆ । ਸਮਾਜਿਕ ਅਨਿਆਂ ਦੀ ਵਰਨ-ਵੰਡ ਨੂੰ ਸਮਾਪਤ ਕਰਨ ਲਈ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥** (ਅੰਗ ੬੬੩)

ਦੀ ਅਵਾਜ਼ ਬੁਲੰਦ ਕੀਤੀ । ਇਸੇ ਤਰ੍ਹਾਂ ਜ਼ੁਲਮ ਦੇ ਬਰ-ਖਿਲਾਫ਼ ਲੁਕਾਈ ਨੂੰ ਲਾਮਬੰਦ ਹੋਣ ਲਈ ਕਿਹਾ ।

**ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥** (ਅੰਗ ੧੨੪੨)

ਬੋਧ ਮਤ ਦੀ ਭਿਖਸ਼ੂਵਾਦ (ਭਿੱਖਿਆ ਮੰਗ ਕੇ ਖਾਣੀ) ਅਤੇ ਜੋਗ ਮਤ ਦੀ ਗ੍ਰਿਸਤ ਮਤ ਦੀ ਉਪਰਾਮਤਾ ਖ਼ਤਮ ਕਰਨ ਲਈ 'ਗ੍ਰਿਸਤ ਮਹਿ ਉਦਾਸ' ਰਹਿਣ ਦਾ ਸੰਸਾਰ ਨੂੰ ਨਵਾਂ ਸੁਨੇਹਾ ਦਿੱਤਾ ਅਤੇ ਧਰਮ ਦੀ ਕਿਰਤ ਕਰਕੇ, ਵੰਡ ਛਕਣ ਦਾ ਨਵਾਂ ਸੰਕਲਪ ਸੰਸਾਰ ਨੂੰ ਪੇਸ਼ ਕੀਤਾ ।

ਮੋਹ ਮਾਇਆ ਤੋਂ ਨਿਰਲੇਪ ਗੁਰੂ ਬਾਬੇ ਨੇ ਆਪਣੇ ਪਰਵਾਰ ਦਾ ਵਿਛੋੜਾ ਸਹਿ ਕੇ ਆਪਣੀ ਨਵੀਂ ਵੀਚਾਰਧਾਰਾ ਨਾਮ ਜਪੋ, ਵੰਡ ਛਕੋ ਅਤੇ ਧਰਮ ਦੀ ਕਿਰਤ ਕਰੋ, ਦਾ ਹੋਕਾ, ਸਾਰੇ ਸੰਸਾਰ ਵਿਚ ਪਹੁੰਚਾਉਣ ਲਈ:

**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ।** (ਭਾ.ਗੁ.ਵਾ. ੧/੨੪)

ਦਾ ਬਿਖੜਾ ਪੈਂਡਾ ਚੁਣਿਆ ।

ਜ਼ਿੰਦਗੀ ਦੇ ਤਕਰੀਬਨ ਇਕ ਤਿਹਾਈ ਸਮੇਂ ਵਿਚ ਬਾਬੇ ਨੇ, ਜੰਗਲ ਬੀਆਬਾਨਾਂ, ਪਹਾੜਾਂ ਦੀਆਂ ਕੰਦਰਾਂ ਵਿਚ ਬੈਠੇ ਜੋਗੀਆਂ, ਰਾਹ-ਮਾਰਾਂ, ਚੋਰਾਂ, ਠੱਗਾਂ, ਡਾਕੂਆਂ ਨੂੰ ਉਨ੍ਹਾਂ ਦੇ ਘਰ ਜਾ ਕੇ ਸੋਧ ਕੇ ਸਹੀ ਮਾਰਗ ਤੇ ਪਾਇਆ।

ਡੇਰਿਆਂ, ਮੱਠਾਂ, ਧਾਰਮਿਕ ਅਸਥਾਨਾਂ ਦੇ ਜੋੜ-ਮੇਲਿਆਂ ਵਿਚ ਲੱਖਾਂ ਦੀਆਂ ਭੀੜਾਂ ਵਿਚ ਬਾਬੇ ਨੇ ਬੱਬਰ ਸ਼ੇਰ ਵਾਂਗ ਗੱਜ ਕੇ ਦੰਭੀ, ਪਖੰਡੀਆਂ, ਦੀਆਂ ਭਾਜੜਾਂ ਪੁਆਈਆਂ, ਆਪਣੇ ਅਨੋਖੇ ਅੰਦਾਜ਼ ਵਿਚ ਮਲਕ ਭਾਗੋ ਅਤੇ ਬਾਬਰ ਵਰਗੇ ਜ਼ਾਲਮਾਂ ਤੋਂ ਤੋਬਾ ਕਰਵਾਈ, ਜਿਸ ਦੀ ਮਿਸਾਲ ਸੰਸਾਰ ਵਿਚ ਕਿਤੇ ਨਹੀਂ ਮਿਲਦੀ । ਆਪਣੇ ਘਰ ਵਿਚ ਬੈਠ ਕੇ ਆਪਣੇ ਚੇਲਿਆਂ ਤੋਂ ਹਰ ਕੋਈ ਜਗਤ ਗੁਰੂ ਕਹਾ ਸਕਦਾ ਹੈ ਪਰ ਸਾਰੇ ਸੰਸਾਰ ਵਿਚ ਡੰਕਾ ਵਜਾ ਕੇ ਜਗਤ ਗੁਰੂ ਬਣਨਾ ਗੁਰੂ ਬਾਬੇ ਦੇ ਹਿੱਸੇ ਆਇਆ ਹੈ । ਬਾਬੇ ਨੇ ਬਾਣੀ ਰਚੀ, ਰਾਗ ਰਚੇ, ਘੋੜੀਆਂ, ਛੰਦ ਰਾਗਾਂ ਵਿਚ ਗਾਏ, ਅਲਾਹੁਣੀਆਂ ਪੜ੍ਹੀਆਂ, ਪੱਟੀ ਲਿਖੀ, ਬਾਰਾਂਮਾਹੇ ਲਿਖੇ, ਵਣਜਾਰੇ, ਕਰਹਲੇ, ਦਿਨ-ਰੈਣ, ਥਿਤ-ਵਾਰ ਅੰਕਿਤ ਕੀਤੇ, ਸੰਸਾਰ ਵਿਚ ਪਹਿਲੀ ਵਾਰ ਅਧਿਆਤਮਿਕ ਵਾਰਾਂ ਗਾਈਆਂ ।

ਜੀਵਨ ਦੀ ਅਖ਼ੀਰਲੇ ਹਿੱਸੇ ਵਿਚ ਕਰਤਾਰਪੁਰ ਨਗਰ ਵਸਾ ਕੇ ਹੱਥੀਂ ਹੱਲ ਵਾਹਿਆ, ਉਪਜ ਲੰਗਰ ਵਿਚ ਪਾਈ, ਸੰਗਤ ਦੀ ਰੀਤ ਚਾਲੂ ਕੀਤੀ, ਗੋਸ਼ਟੀਆਂ ਕੀਤੀਆਂ, ਸੰਸਾਰ ਦੀ ਉਤਪਤੀ ਅਤੇ ਲੈਅ ਹੋਣ ਬਾਰੇ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਆਪਣੇ ਵੀਚਾਰ ਦੱਸੇ । ਸਰਬ-ਸਾਂਝੀਵਾਲਤਾ ਦਾ ਹੋਕਾ ਦੇ ਕੇ, ਸਾਰੇ ਸੰਸਾਰ ਦਾ ਭਲਾ ਮੰਗਿਆ ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** (ਅੰਗ ੮੫੩)

ਆਪਣੇ ਜਿਊਂਦੇ ਜੀਅ ਆਪਣੇ ਉੱਤਰ-ਅਧਿਕਾਰੀ, ਭਾਈ ਲਹਿਣਾ ਜੀ ਨੂੰ, ਸਭ ਦੇ ਸਾਹਮਣੇ ਪਰਖ ਕੇ ਆਪਣੀ ਜਗ੍ਹਾ ਬਿਠਾ ਕੇ ਮੱਥਾ ਟੇਕਿਆ ਅਤੇ ਅੰਗਦ ਨਾਮ ਬਖ਼ਸ਼ਿਆ ।

ਪਿਛਲੀਆਂ ਕਈ ਸਦੀਆਂ ਤੋਂ ਕੋਈ ਅਖੌਤੀ ਜਗਤ ਗੁਰੂ ਇੰਞ ਨਹੀਂ ਕਰ ਸਕਿਆ ਅਤੇ ਨਾ ਹੀ ਕੋਈ ਕਰ ਸਕੇਗਾ । ਕਿਉਂਕਿ ਕਿਸੇ ਨੂੰ ਪਤਾ ਹੀ ਨਹੀਂ ਕਦੋਂ ਮਰਨਾ ਹੈ । ਇਸ ਲਈ ਸਭ ਨੇ ਆਪਣੀਆਂ ਵਸੀਅਤਾਂ ਲਿਖ ਕੇ ਬੈਂਕ ਲਾਕਰਾਂ ਵਿਚ ਰੱਖੀਆਂ ਹੋਈਆਂ ਹਨ ਕਿ ਸਾਥੋਂ ਪਿਛੋਂ ਫਲਾਣਾ ਉੱਤਰ-ਅਧਿਕਾਰੀ ਹੋਵੇਗਾ ।

ਫਿਰ ਸੰਸਾਰ ਛੱਡਣ ਵੇਲੇ ਬਾਬੇ ਨੇ ਜੋ ਕਰ ਦਿਖਾਇਆ, ਕਿ ਸਰੀਰ ਮਿਲਿਆ ਹੀ ਨਹੀਂ ਕੇਵਲ ਫੁੱਲ ਹੀ ਮਿਲੇ, ਨਾ ਕੋਈ ਅੱਜ ਦਾ ਪਖੰਡੀ ਗੁਰੂ ਕਰ ਸਕਿਆ ਹੈ ਨਾ ਹੀ ਕਰ ਸਕੇਗਾ ।

ਇਸੇ ਤਰ੍ਹਾਂ ਗੁਰੂ ਬਾਬੇ ਦੀਆਂ ਨਿਸ਼ਾਨੀਆਂ ਪੰਜਾ ਸਾਹਿਬ, ਰੀਠਾ ਸਾਹਿਬ, ਜਗਨਨਾਥ ਪੁਰੀ ਅਤੇ ਹੋਰ ਥਾਂ ਵਗਾਏ ਮਿੱਠੇ ਪਾਣੀ ਦੇ ਝਰਨੇ ਅਨੰਤਕਾਲ ਤੱਕ ਬਾਬੇ ਦੀ ਤੂਤੀ ਜੱਗ ਤੇ ਵਜਾਉਣਗੇ ਅਤੇ ਪਖੰਡੀ ਗੁਰੂਆਂ ਨੂੰ ਚੈਲਿੰਜ ਦਿੰਦੇ ਰਹਿਣਗੇ ।

ਗੁਰੂ ਬਾਬੇ ਦੀ ਦੂਸਰੀ ਜੋਤ ਗੁਰੂ ਅੰਗਦ ਸਾਹਿਬ ਨੇ ਬਾਬੇ ਦੀ ਚਲਾਈ ਰੀਤ ਸੰਗਤ ਅਤੇ ਲੰਗਰ ਜਾਰੀ ਰੱਖੀ। ਬਾਣੀ ਰਚੀ, ਗੁਰਮੁਖੀ ਲਿਪੀ ਸਿੱਖ ਜਗਤ ਨੂੰ ਬਖ਼ਸ਼ੀ, ਬਾਣੀ ਦੀ ਸੰਭਾਲ ਕੀਤੀ, ਗੁਰੂ ਬਾਬੇ ਦਾ ਜੀਵਨ ਇਤਿਹਾਸ ਲਿਖਿਆ । ਖਡੂਰ ਸਾਹਿਬ ਦਾ ਵਿਕਾਸ ਕੀਤਾ, ਬਾਬੇ ਵਾਂਗ ਹਮਾਯੂੰ ਦਾ ਹੰਕਾਰ ਤੋੜਿਆ ਅਤੇ ਜੀਵਨ ਦੀ ਖੇਡ ਸਮਾਪਤ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ ।

ਸ੍ਰੀ ਗੁਰੂ ਅਮਰਦਾਸ ਜੀ ਨੇ ਲੋਕਾ-ਚਾਰੀ ਨੂੰ ਲੱਤ ਮਾਰ ਕੇ ਆਪਣੇ ਕੁੜਮ

ਦੇ ਘਰ ਪੂਰੇ ਬਾਰਾਂ ਸਾਲ ਜ਼ਰਖ਼ਰੀਦ ਗੋਲੇ ਵਾਂਗ ਸੇਵਾ ਕਰ ਕੇ ਗੁਰਗੱਦੀ ਪ੍ਰਾਪਤ ਕੀਤੀ।

ਸਰਬ-ਸਾਂਝੀਵਾਲਤਾ ਦਾ ਸਬਕ ਪੱਕਾ ਕਰਨ ਲਈ ਗੋਇੰਦਵਾਲ ਨਗਰ ਵਸਾ ਕੇ ਬਉਲੀ ਰਚੀ ਤਾਂ ਜੋ ਊਚ-ਨੀਚ ਦੇ ਭੇਦ ਮਿਟਾ ਕੇ ਸਾਰੇ ਸਿੱਖ ਇਕ ਥਾਂ ਇਸ਼ਨਾਨ ਕਰਨ । ਲੰਗਰ ਵਾਸਤੇ ਪੰਗਤ ਲਾਜ਼ਮੀ ਕੀਤੀ ਅਤੇ ਪੱਕਾ ਪਾਠ ਪੜ੍ਹਾਇਆ ।

**'ਪਹਿਲੇ ਪੰਗਤ ਪਾਛੈ ਸੰਗਤ'**

ਇਥੋਂ ਤੱਕ ਕਿ ਜਦ ਹਿੰਦੁਸਤਾਨ ਦਾ ਮੁਗ਼ਲ ਬਾਦਸ਼ਾਹ ਅਕਬਰ ਦਰਸ਼ਨਾਂ ਲਈ ਆਇਆ, ਉਸ ਨੂੰ ਭੀ ਆਮ ਸਿੱਖ ਵਾਂਗ ਪਹਿਲਾਂ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣਾ ਪਿਆ ।

ਸਦੀਆਂ ਤੋਂ ਚਲੀ ਆ ਰਹੀ ਇਸਤਰੀਆਂ ਦੇ ਪਰਦੇ ਦੀ ਰੀਤ ਸਮਾਪਤ ਕੀਤੀ । ਸਤੀ ਪ੍ਰਥਾ ਦਾ ਖ਼ਾਤਮਾ ਕਰਨ ਲਈ ਆਖਿਆ ।

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥**
**ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥** (ਅੰਗ ੭੮੭)

ਵਿਧਵਾ ਇਸਤਰੀ ਨੂੰ ਦੁਬਾਰਾ ਵਿਆਹ ਕਰਨ ਦਾ ਅਧਿਕਾਰ ਦਿੱਤਾ ਅਤੇ ਆਪਣੇ ਹੁੰਦੇ, ਵਿਧਵਾ ਨਥੋ ਦਾ ਮੁਰਾਰੀ ਨਾਲ ਵਿਆਹ ਕੀਤਾ ।

ਆਪ ਬਾਣੀ ਰਚੀ ਪਿਛਲੇ ਗੁਰੂ ਸਾਹਿਬ ਦੀ ਬਾਣੀ ਨੂੰ ਇਕੱਠਾ ਕਰ ਕੇ ਪੋਥੀਆਂ ਦਾ ਰੂਪ ਦਿੱਤਾ । ਸਿੱਖੀ ਦੇ ਪ੍ਰਚਾਰ ਲਈ ਸਾਰੇ ਦੇਸ ਵਿਚ ਮੰਜੀਆਂ ਸਥਾਪਿਤ ਕੀਤੀਆਂ ਜਿਨ੍ਹਾਂ ਵਿਚ ਇਸਤਰੀਆਂ ਭੀ ਸਨ । ਨੱਬੇ ਸਾਲ ਦੀ ਉਮਰ ਵਿਚ ਆਪ ਘੋੜੇ ਤੇ ਚੜ੍ਹਕੇ ਪੰਜਾਬ ਤੋਂ ਹਰਿਦੁਆਰ ਤੱਕ ਸਫ਼ਰ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ। ਅਖ਼ੀਰ ਵਿਚ ਬਗ਼ੈਰ ਕਿਸੇ ਬਿਮਾਰੀ ਦੇ ਆਪਣੇ ਜਿਊਂਦੇ ਜੀਅ ਭਾਈ (ਜੇਠਾ ਜੀ) ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪ ਕੇ ਸਰੀਰ ਛੱਡਿਆ ਜੋ ਕੇ ਬਾਬਾ ਸੁੰਦਰ ਜੀ ਦੀ ਰਾਮਕਲੀ ਰਾਗ ਵਿਚ ਲਿਖੀ ਬਾਣੀ 'ਸਦ' ਤੋਂ ਪ੍ਰਗਟ ਹੁੰਦਾ ਹੈ ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਸਾਹਿਬ ਦੀ ਚਲਾਈ ਸੰਗਤ ਅਤੇ ਪੰਗਤ ਦੀ ਰੀਤ ਕਾਇਮ ਰੱਖੀ। ਬਿਰਹਾ ਭਰਪੂਰ ਪਰਮੇਸ਼ਰ ਦੇ ਪਿਆਰ ਵਿਚ ਗੜੁੱਚ ਬਾਣੀ ਰਚੀ । ਆਪਣੇ ਕੋਲੋਂ ਸੱਤ ਸੌ ਅਕਬਰੀ ਰੁਪਿਆਂ ਨਾਲ ਜ਼ਮੀਨ ਖ਼ਰੀਦ ਕੇ ਸਿੱਖੀ ਨੂੰ ਕੇਂਦਰੀ ਅਸਥਾਨ ਬਖ਼ਸ਼ਣ ਲਈ ਗੁਰੂ-ਚੱਕ ਜੋ ਪਿਛੋਂ ਚੱਕ-ਰਾਮਦਾਸਪੁਰਾ ਅਤੇ ਹੁਣ ਅੰਮ੍ਰਿਤਸਰ ਕਹਾਉਂਦਾ ਹੈ, ਸ਼ਹਿਰ ਵਸਾਇਆ । ਸਰੋਵਰ ਦੀ ਰਚਨਾ ਕੀਤੀ । ਸ਼ਹਿਰ ਦੇ ਵਿਕਾਸ ਲਈ ਵੱਖ-ਵੱਖ ਕੰਮ ਕਰਨ ਵਾਲੇ ਬਵੰਜਾ ਕਿੱਤਿਆਂ ਦੇ ਲੋਕਾਂ ਨੂੰ ਵੱਸਣ ਲਈ ਮੁਫ਼ਤ ਜਗ੍ਹਾ ਦਿੱਤੀ ਅਤੇ ਲਾਹੌਰ ਪਿੱਛੋਂ



ਦੂਜਾ ਵਪਾਰਿਕ ਕੇਂਦਰ ਬਣਾਇਆ ਜੋ ਅੱਜ ਸਾਰੇ ਸੰਸਾਰ ਵਿਚ ਮਸ਼ਹੂਰ ਹੈ । ਅੰਤ ਆਪਣੇ ਜਿਊਂਦੇ ਜੀਅ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੂੰ ਗੁਰਗੱਦੀ ਬਖ਼ਸ਼ ਕੇ ਜੋਤੀ-ਜੋਤਿ ਸਮਾ ਗਏ ।

ਗੁਰੂ ਬਾਬੇ ਦੀ ਪੰਜਵੀਂ ਜੋਤ ਨੇ ਸਾਰੇ ਸੰਸਾਰ ਤੇ ਮਹਾਨ ਪਰਉਪਕਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬੀੜ ਤਿਆਰ ਕੀਤੀ । ਤਕਰੀਬਨ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅੱਧੀ ਰਚਨਾ ਆਪ ਕੀਤੀ । ਸਰੋਵਰ ਦੀ ਖੁਦਾਈ ਪੂਰੀ ਕੀਤੀ, ਹਰਿਮੰਦਰ ਸਾਹਿਬ ਦੀ ਨੀਂਹ, ਮੁਸਲਮਾਨ ਸੂਫ਼ੀ ਫ਼ਕੀਰ ਸਾਂਈਂ ਮੀਆਂਮੀਰ ਤੋਂ ਰਖਵਾ ਕੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ ਅਤੇ ਹਰਿਮੰਦਰ ਸਾਹਿਬ ਦੀ ਰਚਨਾ ਪੂਰੀ ਕੀਤੀ ।

ਗੁਰਸਿੱਖਾਂ ਨਾਲ ਬੈਠ ਕੇ ਆਪ ਕੀਰਤਨ ਕੀਤਾ । ਕੀਰਤਨ ਲਈ (ਸਿਰੰਦਾ) ਸਾਜ਼ ਦੀ ਕਾਢ ਕੱਢੀ । ਤਰਨਤਾਰਨ ਦਾ ਸ਼ਹਿਰ ਵਸਾਇਆ, ਗੁਰਦੁਆਰਾ ਅਤੇ ਸਰੋਵਰ ਬਣਾਇਆ । ਇਥੇ ਹੀ ਕੋੜ੍ਹੀਆਂ ਲਈ ਹਸਪਤਾਲ ਬਣਵਾਇਆ । ਸ੍ਰੀ ਹਰਿਗੋਬਿੰਦਪੁਰਾ ਅਤੇ ਕਰਤਾਰਪੁਰ (ਜਲੰਧਰ) ਨਗਰ ਵਸਾਏ । ਖ਼ੂਹ ਲਗਵਾਏ ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦਾ ਛੇਹਰਟਾ ਜਿਸ ਤੇ ਇਕੋ ਵਾਰ ਛੇ ਮਾਲ੍ਹਾਂ ਚਲਦੀਆਂ ਸਨ ਮਸ਼ਹੂਰ ਹੈ ।

ਸੇਵਾ ਦੇ ਸੰਕਲਪ ਨੂੰ ਪੱਕਾ ਕਰਨ ਲਈ ਪਿੱਪਲੀ ਸਾਹਿਬ (ਅੰਮ੍ਰਿਤਸਰ) ਦੇ ਅਸਥਾਨ ਤੇ ਬਾਹਰੋਂ ਆਈ ਸੰਗਤ ਦੀ ਸੇਵਾ ਆਪ ਹੱਥੀਂ ਕੀਤੀ । ਲੋੜ ਪੈਣ ਤੇ, ਜਦੋਂ ਲਾਹੌਰ ਸ਼ਹਿਰ ਵਿਚ ਮਹਾਮਾਰੀ ਫ਼ੈਲੀ ਆਪ ਜਾ ਕੇ ਲੰਗਰ ਲਾਏ ਅਤੇ ਸੇਵਾ ਕੀਤੀ । ਨਿਮਰਤਾ ਦੇ ਪੁੰਜ, ਬਾਣੀ ਦੇ ਰਚਨਹਾਰ, ਸੰਗੀਤਕਾਰ, ਮਹਾਨ ਫ਼ਿਲਾਸਫ਼ਰ, ਸਰਬਸਾਂਝੀਵਾਲਤਾ ਦੇ ਸਿਰਮੌਰ, ਬ੍ਰਹਮਗਿਆਨੀ, ਤਿਆਗੀ, ਪਰਉਪਕਾਰੀ, ਅਟੁੱਟ, ਅਝੁੱਕ ਪੰਚਮ ਪਿਤਾ ਨੇ ਮੁਗ਼ਲਾਂ ਦੀ ਈਨ ਨਾ ਮੰਨਦੇ ਹੋਏ ਗੁਰਬਾਣੀ ਦੇ ਸਤਿਕਾਰ ਲਈ ਅਸਹਿ ਅਤੇ ਅਕਹਿ ਕਸ਼ਟ ਝੱਲਦੇ ਹੋਏ ਸ਼ਹੀਦੀ ਪਾ ਕੇ ਪਹਿਲੇ ਸਿੱਖ ਸ਼ਹੀਦ ਬਣੇ ।

'ਛਟਮ ਪੀਰ ਬੈਠਾ ਗੁਰ ਭਾਰੀ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੇ ਸੰਕਲਪ ਧਾਰ ਕੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ । ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਲੋਹਗੜ੍ਹ ਦਾ ਕਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਬਣਾਇਆ । ਕੌਲਸਰ ਅਤੇ ਬਿਬੇਕਸਰ ਦੇ ਸਰੋਵਰ ਬਣਾਏ । ਮਾਝਾ ਮਾਲਵਾ ਅਤੇ ਕਸ਼ਮੀਰ ਆਦਿ ਭਾਵ ਸਾਰੇ ਦੇਸ ਵਿਚ ਸਿੱਖੀ ਦਾ ਪ੍ਰਚਾਰ ਕੀਤਾ । ਬਵੰਜਾ ਕਲੀਆਂ ਵਾਲਾ ਚੋਲ੍ਹਾ ਪਹਿਨ ਕੇ ਬਵੰਜਾ ਹਿੰਦੂ ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਕਰਵਾ

ਕੇ ਬੰਦੀ-ਛੋੜ ਸਤਿਗੁਰੂ ਬਣੇ । ਸਿੱਖਾਂ ਵਿਚ ਜੰਗੀ ਸਪਿਰਿਟ ਭਰਨ ਲਈ ਚਾਰ ਜੰਗਾਂ (1) ਪਿੱਪਲੀ ਸਾਹਿਬ ਅੰਮ੍ਰਿਤਸਰ (2) ਸ੍ਰੀ ਹਰਿਗੋਬਿੰਦਪੁਰਾ (3) ਮਹਿਰਾਜ (4) ਕਰਤਾਰਪੁਰ, ਜਿੱਤ ਕੇ ਜ਼ੁਲਮ ਦਾ ਨਾਸ ਕੀਤਾ ਅਤੇ ਸਿੱਖਾਂ ਵਿਚ ਬੀਰ ਰਸ ਭਰਿਆ, ਜੰਗਲੀ ਸ਼ੇਰਾਂ ਦਾ ਸ਼ਿਕਾਰ ਕੀਤਾ । ਜਦ ਸਿੱਧਾਂ ਨੇ ਨਾਨਕ ਮਤੇ ਵਿਚ ਗੁਰੂ ਨਾਨਕ ਦੇਵ ਮਹਾਰਾਜ ਦੀਆਂ ਨਿਸ਼ਾਨੀਆਂ ਨਾਸ ਕਰਨ ਦੀ ਕੋਸ਼ਸ਼ ਕੀਤੀ ਤਾਂ ਆਪ ਜਾ ਕੇ ਸਿੱਧਾਂ ਨੂੰ ਸੋਧਿਆ ।

ਸ੍ਰੀ ਹਰਿਗੋਬਿੰਦਪੁਰੇ ਦਾ ਵਿਸਤਾਰ ਕੀਤਾ, ਮੁਸਲਮਾਨਾਂ ਦੇ ਨਿਮਾਜ ਪੜ੍ਹਨ ਲਈ ਮਸੀਤ ਬਣਾਈ ਜੋ ਅੱਜ ਭੀ ਗੁਰੂ ਕੀ ਮਸੀਤ ਜਾਣੀ ਜਾਂਦੀ ਹੈ । ਕੀਰਤਪੁਰ ਸਾਹਿਬ ਦਾ ਨਗਰ ਵਸਾਇਆ । ਗੁਰੂ ਸਾਹਿਬ ਕੋਲ ਬਾਈ ਸੌ ਘੋੜ ਸਵਾਰ ਫ਼ੌਜ ਹਮੇਸ਼ਾਂ ਤਿਆਰ ਰਹਿੰਦੀ ਸੀ । ਅੰਤ ਆਪਣੇ ਜਿਊਂਦੇ ਜੀਅ ਗੁਰਗੱਦੀ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਦੇ ਕੇ ਜੋਤੀ-ਜੋਤਿ ਸਮਾ ਗਏ ।

ਗੁਰੂ ਬਾਬੇ ਦੀ ਸੱਤਵੀਂ ਜੋਤ ਨੇ ਆਪਣੇ ਬਾਬਾ ਗੁਰੂ ਦੀ ਆਗਿਆ ਅਨੁਸਾਰ 2200 ਸਵਾਰਾਂ ਦੀ ਫ਼ੌਜ ਰੱਖੀ ਪਰ ਸਾਰੀ ਉਮਰ ਸ਼ਸਤਰ ਦੀ ਵਰਤੋਂ ਨਾ ਕੀਤੀ । ਕੋਮਲ ਹਿਰਦੇ ਦੇ ਮਾਲਕ ਨੇ ਸੁੰਦਰ ਬਾਗ਼ ਲਗਾਇਆ ਅਤੇ ਜੰਗਲੀ ਜੀਵਾਂ ਲਈ ਰੱਖ ਬਣਾਈ । ਗੁਰੂ ਸਾਹਿਬ ਦੇ ਹੁਕਮ ਅਨੁਸਾਰ 'ਨਹਿ ਮੁਗ਼ਲ ਕੋ ਦਰਸ਼ਨ ਦੇਹਿ ਹੈਂ" ਸਾਰੀ ਉਮਰ ਬਾਦਸ਼ਾਹ ਦੇ ਮੱਥੇ ਨਹੀਂ ਲੱਗੇ । ਗੁਰਬਾਣੀ ਦਾ ਸਤਿਕਾਰ ਕਾਇਮ ਰੱਖਣ ਲਈ, ਗੁਰਬਾਣੀ ਦਾ ਇਕ ਅੱਖਰ ਬਦਲਣ ਬਦਲੇ (ਮਿਟੀ ਮੁਸਲਮਾਨ ਦੇ ਥਾਂ ਮਿਟੀ ਬੇਈਮਾਨ) ਆਪਣੇ ਪੁੱਤਰ ਰਾਮਰਾਇ ਨੂੰ ਸਾਰੀ ਉਮਰ ਮੂੰਹ ਨਹੀਂ ਲਗਾਇਆ । ਅੰਤ ਵਿਚ ਜਿਊਂਦੇ ਜੀਅ ਆਪਣੇ ਛੋਟੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਤਾ ਬਖ਼ਸ਼ ਕੇ ਜੋਤੀ-ਜੋਤਿ ਸਮਾ ਗਏ ।

ਬਾਬੇ ਦੀ ਅੱਠਵੀਂ ਜੋਤ ਨੇ ਸੰਸਾਰ ਨੂੰ ਦੱਸ ਦਿੱਤਾ ਕਿ ਸਰੀਰ ਗੁਰੂ ਨਹੀਂ ਇਸ ਲਈ ਕੇਵਲ ਪੰਜ ਸਾਲ ਦੀ ਉਮਰ ਵਿਚ ਗੁਰੂ ਬਣ ਕੇ ਵਿਦਵਾਨ, ਹੰਕਾਰੀ, ਲਾਲ ਚੰਦ ਬ੍ਰਾਹਮਣ ਦਾ ਹੰਕਾਰ ਤੋੜਨ ਲਈ ਅਨਪੜ੍ਹ ਗੂੰਗੇ ਛੱਜੂ ਨਾਮੀਂ ਝਿਊਰ ਦੇ ਸਿਰ ਤੇ ਸੋਟੀ ਰੱਖ ਕੇ ਅੰਬਾਲੇ ਦੇ ਪੰਜੋਖਰਾ ਸਾਹਿਬ ਦੇ ਅਸਥਾਨ ਤੇ ਗੀਤਾ ਦੇ ਅਰਥ ਕਰਾ ਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ । ਗੁਰੂ ਪਿਤਾ ਦਾ ਹੁਕਮ ਮੰਨ ਕੇ ਸਾਰੀ ਉਮਰ ਮੁਗ਼ਲ ਬਾਦਸ਼ਾਹ ਦੇ ਮੱਥੇ ਨਹੀਂ ਲੱਗੇ । ਦਿੱਲੀ ਪਹੁੰਚ ਕੇ ਭੀ, ਬਾਦਸ਼ਾਹ ਨੂੰ ਨਾ ਮਿਲਣ ਗਏ ਨਾ ਮਿਲਣ ਦੀ ਆਗਿਆ ਦਿੱਤੀ । ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਗੋਲੀ ਦੇ ਭੇਸ ਵਿਚ ਬੈਠੀ ਪਟਰਾਣੀ ਦੇ ਸਿਰ ਤੇ ਸੋਟੀ ਰੱਖ ਕੇ ਭਰਮ ਦਾ ਨਾਸ ਕੀਤਾ ਅਤੇ ਜਦ ਦਿੱਲੀ ਵਿਚ ਮਹਾਮਾਰੀ ਫ਼ੈਲੀ ਆਪਣੀ ਚਰਨ ਛੋਹ ਦਾ ਪਾਣੀ ਦੇ ਕੇ ਹਜ਼ਾਰਾਂ ਬੰਦਿਆਂ ਦੇ ਰੋਗ ਦੂਰ ਕੀਤੇ । ਅੰਤ ਕੇਵਲ 8 ਸਾਲ ਦੀ ਉਮਰ



ਵਿਚ ਤਿੰਨ ਸਾਲ ਗੁਰਿਆਈ ਕਰਕੇ ਗੁਰਗੱਦੀ ਆਪਣੇ ਬਾਬਾ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਬਖ਼ਸ਼ ਕੇ ਜੋਤੀ-ਜੋਤਿ ਸਮਾ ਗਏ ।

ਗੁਰੂ ਤੇਗ ਬਹਾਦਰ ਸਾਹਿਬ ਨੇ ਭਾਈ ਮੱਖਣ ਸ਼ਾਹ ਲੁਬਾਣੇ ਦੀ ਸ਼ਰਧਾ ਪੂਰੀ ਕਰਕੇ ਮੰਜੀਆਂ ਲਾ ਕੇ ਬੈਠੇ ਪਖੰਡੀ ਗੁਰੂਆਂ ਦਾ ਪਰਦਾ ਫਾਸ਼ ਕਰ ਦਿੱਤਾ । ਕਲ੍ਹਾ-ਕਲੇਸ ਖ਼ਤਮ ਕਰਨ ਲਈ ਸ਼ਾਂਤੀ ਪੁੰਜ ਗੁਰੂ ਨੇ ਪਹਿਲਾਂ ਕੀਰਤਪੁਰ ਵਾਸਾ ਕੀਤਾ ਫਿਰ ਅਨੰਦਪੁਰ ਦਾ ਨਗਰ ਵਸਾ ਕੇ ਪੱਕਾ ਟਿਕਾਣਾ ਕੀਤਾ ।

ਮਾਝਾ, ਮਾਲਵਾ, ਬਾਂਗਰ ਵਿਚ ਸਿੱਖੀ ਪ੍ਰਚਾਰ ਕਰਨ ਉਪਰੰਤ ਧੁਰ ਪੂਰਬ ਬੰਗਾਲ ਅਤੇ ਅਸਾਮ ਤੱਕ ਸਿੱਖੀ ਦਾ ਪ੍ਰਚਾਰ ਕੀਤਾ । ਅਸਾਮ ਵਿਚ ਔਰੰਗਜ਼ੇਬ ਵੱਲੋਂ ਭੇਜੇ ਰਾਜਾ ਰਾਮ ਸਿੰਘ ਅਤੇ ਅਸਾਮ ਦੇ ਰਾਜੇ ਵਿਚ ਸੁਲ੍ਹਾਨਾਮਾ ਕਰਵਾ ਕੇ ਸ਼ਾਂਤੀ ਵਰਤਾਈ ।

ਪ੍ਰਚਾਰ ਦੌਰਿਆਂ ਵਿਚ ਅਨੇਕਾਂ ਖੂਹ ਲਗਵਾਏ, ਟੋਭੇ ਖੁਦਵਾਏ, ਜਗ੍ਹਾ-ਜਗ੍ਹਾ ਸਿੱਖੀ ਪ੍ਰਚਾਰ ਦੇ ਕੇਂਦਰ ਸਥਾਪਿਤ ਕੀਤੇ । ਜਨ-ਸਧਾਰਨ ਵਿਚ ਅਜ਼ਾਦੀ ਦੀ ਚੇਤਨਾ ਪੈਦਾ ਕੀਤੀ, ਵੈਰਾਗ਼ਮਈ ਬਾਣੀ ਰਚੀ ਅੰਤ ਨਿਮਾਣਿਆਂ ਨਿਤਾਣਿਆਂ ਦੀ ਬਾਂਹ ਫੜ ਕੇ ਕਸ਼ਮੀਰੀ ਬ੍ਰਾਹਮਣਾਂ ਦੀ ਫ਼ਰਿਆਦ ਸੁਣ ਕੇ ਤਿਲਕ ਜੰਞੂ ਲਈ ਲਾਸਾਨੀ ਕੁਰਬਾਨੀ ਦਿੱਤੀ ਅਤੇ ਹਿੰਦ ਦੀ ਚਾਦਰ ਕਹਿਲਾਏ । ਸਾਰੇ ਸੰਸਾਰ ਵਿਚ ਇਹ ਇਕ ਲਾਸਾਨੀ ਕੁਰਬਾਨੀ ਹੈ ।

ਦਸਵੇਂ ਪਿਤਾ, ਪਿਤਾ ਗੁਰੂ ਦੀ ਸ਼ਹਾਦਤ ਪਿੱਛੋਂ ਕੇਵਲ ਨੌਂ ਸਾਲ ਦੀ ਉਮਰ ਵਿਚ ਗੁਰਗੱਦੀ ਤੇ ਬਿਰਾਜਮਾਨ ਹੋਏ । ਬਚਪਨ ਵਿਚ ਵਿੱਦਿਆ ਵਿਚ ਪ੍ਰਬੀਨਤਾ ਹਾਸਲ ਕਰ ਕੇ ਸ਼ਸਤਰਧਾਰੀ ਬਣੇ, ਫ਼ੌਜ ਬਣਾਈ। ਅਨੰਦਪੁਰ ਦੀ ਹਿਫ਼ਾਜ਼ਤ ਲਈ ਪੰਜ ਕਿਲ੍ਹੇ ਬਣਾਏ । ਪਾਉਂਟਾ (ਸਾਹਿਬ) ਦਾ ਨਗਰ ਵਸਾਇਆ, 52 ਕਵੀ ਰੱਖੇ ਜਿਨ੍ਹਾਂ ਕੋਲੋਂ ਸਨਾਤਨ ਧਰਮ ਦੇ ਗ੍ਰੰਥਾਂ ਦਾ ਉਲੱਥਾ ਕਰਵਾਇਆ, ਬੀਰ ਰਸ ਪ੍ਰਧਾਨ, ਗਿਆਨ ਵੈਰਾਗ਼ ਅਤੇ ਭਗਤੀ ਦ੍ਰਿੜ ਕਰਾਉਣ ਵਾਲੀ ਬਾਣੀ ਰਚੀ ਜੋ ਦਸਮ ਗ੍ਰੰਥ ਵਿਚ ਦਰਜ ਹੈ ।

ਗੁਰੂ ਦੀਖਿਆ ਦੇਣ ਦਾ ਨਿਰਾਲਾ ਢੰਗ, ਖੰਡਾ ਪਹੁਲ ਦੀ ਰੀਤ ਚਾਲੂ ਕੀਤੀ । ਖ਼ਾਲਸੇ ਨੂੰ ਨਵੀਂ ਪਹਿਚਾਨ ਬਖ਼ਸ਼ੀ, ਛੂਤ-ਛਾਤ ਦਾ ਖ਼ਾਤਮਾ ਕਰਕੇ ਇਸਤਰੀ ਮਰਦ ਸਭ ਲਈ ਇਕੋ ਖੰਡੇ ਦੀ ਪਹੁਲ, ਇਕੋ ਰਹਿਤ, ਇਕੋ ਨਿੱਤਨੇਮ ਦਿੱਤਾ । ਸਿੱਖ ਮਰਦ ਲਈ ਨਾਮ ਨਾਲ ਸਿੰਘ ਅਤੇ ਇਸਤਰੀ ਦੇ ਨਾਮ ਨਾਲ ਕੌਰ ਲਗਾਇਆ । ਫਿਰ ਅੰਮ੍ਰਿਤਪਾਨ ਕਰ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ 'ਆਪੇ ਗੁਰ ਚੇਲਾ' ਦੀ ਸਾਰੇ ਸੰਸਾਰ ਵਿਚ ਅਨੋਖੀ ਮਿਸਾਲ ਕਾਇਮ ਕੀਤੀ ।

ਸਿੱਖਾਂ ਵਿਚ ਨਵੀਂ ਰੂਹ ਫੂਕੀ, ਚਿੜੀਆਂ ਤੋਂ ਬਾਜ਼ ਤੁੜਾਏ, ਗਿੱਦੜਾਂ ਤੋਂ

ਸ਼ੇਰ ਬਣਾਏ । ਗ਼ਰੀਬ ਜੱਟਾਂ, ਤਰਖਾਣਾਂ, ਝਿਊਰਾਂ, ਨਾਈ, ਛੀਂਬਿਆਂ ਕਲਾਲ ਆਦਿ ਨੂੰ ਸਰਦਾਰੀਆਂ ਤੇ ਪਾਤਸ਼ਾਹੀਆਂ ਬਖ਼ਸ਼ੀਆਂ ।

ਰਾਣਾ ਬਿਭੌਰ, ਪੰਡਤ ਸ਼ਿਵਦੱਤ, ਭੀਖਣ ਸ਼ਾਹ, ਪੀਰ ਬੁੱਧੂਸ਼ਾਹ ਵਰਗੇ ਸੂਫ਼ੀ ਸੰਤਾਂ ਫ਼ਕੀਰਾਂ ਨੂੰ ਬ੍ਰਹਮਗਿਆਨ ਬਖ਼ਸ਼ਿਆ । ਦਿੱਲੀ ਤੋਂ ਪਾਨ ਦਾ ਬੀੜਾ ਅਤੇ ਤਲਵਾਰ ਚੁੱਕ ਕੇ ਗੁਰੂ ਨੂੰ ਜਿਊਂਦਾ ਜਾਂ ਮੁਰਦਾ ਪੇਸ਼ ਕਰਨ ਦੀ ਕਸਮ ਖਾ ਕੇ ਅਨੰਦਪੁਰ ਤੇ ਚੜ੍ਹਾਈ ਕਰਨ ਵਾਲੇ ਸੈਦ ਬੇਗ਼ ਨੂੰ ਜੀਵਨ ਦਾਨ ਬਖ਼ਸ਼ਿਆ । ਅੱਜ ਤੋਂ ਸਵਾ ਤਿੰਨ ਸੌ ਸਾਲ ਪਹਿਲਾਂ ਭਾਈ ਕਨ੍ਹਈਏ ਰਾਹੀਂ ਰੈੱਡ ਕਰਾਸ ਬਣਾਈ ।

ਬਗ਼ੈਰ ਕਿਸੇ ਰਾਜ ਪਾਟ ਦੇ ਹੁੰਦਿਆਂ ਏਸ਼ੀਆ ਦੀ ਸਭ ਤੋਂ ਵੱਡੀ ਮੁਗ਼ਲ ਹਕੂਮਤ ਦੇ ਜ਼ੁਲਮ ਦੇ ਬਰਖ਼ਿਲਾਫ਼ ਝੰਡਾ ਬੁਲੰਦ ਕੀਤਾ । ਛੋਟੀਆਂ-ਮੋਟੀਆਂ ਕੁੱਲ 14 ਲੜਾਈਆਂ ਲੜੀਆਂ, ਜਿਨ੍ਹਾਂ ਵਿਚੋਂ ਤੇਰਾਂ ਵਿਚ ਮੁਕੰਮਲ ਜਿੱਤ ਪ੍ਰਾਪਤ ਕੀਤੀ ਪਰ ਕਿਸੇ ਦੀ ਇਕ ਇੰਚ ਧਰਤੀ ਨਹੀਂ ਦੱਬੀ, ਕੋਈ ਕੈਦੀ ਨਹੀਂ ਬਣਾਇਆ, ਬਲਕਿ ਰਾਜਸਥਾਨ ਵਿਚ ਬਘੌਰ ਦੇ ਰਾਜਪੂਤ ਰਾਜੇ ਨੂੰ ਹਰਾ ਕੇ ਬੰਦੀ ਬਣਾ ਕੇ ਭੀ ਰਾਜ ਭਾਗ ਵਾਪਸ ਕਰ ਦਿੱਤਾ । ਚਮਕੌਰ ਦੀ ਲੜਾਈ ਵਿਚ ਚਾਲੀ ਸਿੱਖਾਂ ਨਾਲ ਦਸ ਲੱਖ ਫ਼ੌਜਾਂ ਦਾ ਟਾਕਰਾ ਕਰਕੇ ਸੰਸਾਰ ਵਿਚ ਕੀਰਤੀਮਾਨ ਬਣਾਇਆ ।

ਦੀਨ ਮਜ਼ਲੂਮ ਦੀ ਰੱਖਿਆ ਲਈ ਚਾਰ ਪੁੱਤਰ, ਪਿਤਾ, ਮਾਤਾ, ਪੰਜ ਭੂਆ ਦੇ ਪੁੱਤਰ ਵਾਰ ਕੇ ਕਰਤਾਰ ਦਾ ਸ਼ੁਕਰ ਕੀਤਾ । ਖ਼ਾਲਸੇ ਵਿਚ ਉਹ ਸਪਿਰਿਟ ਭਰੀ ਕਿ ਵੱਡੇ ਤੋਂ ਵੱਡਾ ਬੰਦਾ, ਇੱਥੋਂ ਤੱਕ ਜੇ ਗੁਰੂ ਭੀ ਸਿਧਾਂਤ ਦੇ ਉਲਟ ਕੰਮ ਕਰੇ ਤਾਂ ਘੋੜੇ ਦੀ ਵਾਗ ਫੜ ਲੈਣ । ਅੰਤ ਵਿਚ ਧਾਰਮਿਕ ਅਗਵਾਈ ਲਈ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਦੁਨਿਆਵੀ ਸਾਹਿਬੀ ਪੰਥ ਨੂੰ ਬਖ਼ਸ਼ ਕੇ ਕਰਤਾਰ ਵਿਚ ਅਭੇਦ ਹੋ ਗਏ ।

ਇਸ ਪਿੱਛੋਂ ਗੁਰੂ ਗ੍ਰੰਥ ਦੀ ਤਾਬਿਆ ਰਹਿ ਕੇ ਗੁਰੂ ਖ਼ਾਲਸੇ ਨੇ ਤਕਰੀਬਨ ਨੱਬੇ ਸਾਲ ਪੂਰੀਆਂ ਚਾਰ ਪੁਸ਼ਤਾਂ, ਸਿਰਾਂ ਦੇ ਮੁੱਲ ਪੁਆ ਕੇ, ਬੰਦ-ਬੰਦ ਕਟਵਾ ਕੇ, ਖੋਪਰੀਆਂ ਉਤਰਵਾ ਕੇ, ਨਸਲਕੁਸ਼ੀ ਵਾਲੇ ਛੋਟਾ ਅਤੇ ਵੱਡਾ ਘਲੂਘਾਰਾ ਸਿਰ ਤੇ ਝੱਲ ਕੇ, ਮਾਈਆਂ ਬੀਬੀਆਂ ਨੂੰ ਮਸੂਮ ਬੱਚਿਆਂ ਨੂੰ ਨੇਜ਼ਿਆਂ ਤੇ ਟੰਗਵਾ ਕੇ, ਬੱਚਿਆਂ ਦੇ ਟੋਟਿਆਂ ਦੇ ਗਲ਼ਾਂ ਵਿਚ ਹਾਰ ਪੁਆ ਕੇ ਦੇਸ ਅਜ਼ਾਦ ਕਰਵਾਇਆ। ਆਚਰਨ ਦੀ ਉਹ ਮਿਸਾਲ ਕਾਇਮ ਕੀਤੀ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਇਤਿਹਾਸਕਾਰ ਭੀ ਪ੍ਰਸੰਸਾ ਕਰਨੋ ਨਹੀਂ ਰਹਿ ਸਕੇ ।

ਅੰਗਰੇਜ਼ੀ ਰਾਜ ਵੇਲੇ ਕਲਗੀਧਰ ਦੇ ਸਿੰਘਾਂ ਨੇ ਫਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਕੋਹਲੂ, ਪੀੜੇ, ਬਾਣ ਵੱਟਿਆ ਅਤੇ ਹੋਰ ਵਗਾਰਾਂ ਸਹਿ ਕੇ ਦੇਸ ਦੀ ਅਜ਼ਾਦੀ ਲਈ ਜੋ ਕੁਰਬਾਨੀ ਕੀਤੀ ਸਾਰੇ ਦੇਸ ਲਈ ਇਕ ਮਿਸਾਲ ਹੈ ।



ਫਿਰ ਹਰੇ ਇਨਕਲਾਬ ਨਾਲ ਠੂਠਾ ਲੈ ਕੇ ਅੰਨ ਮੰਗਣ ਵਾਲੇ ਦੇਸ ਨੂੰ ਅੰਨ ਨਾਲ ਮਾਲਾ-ਮਾਲ ਕਰ ਦਿੱਤਾ ।

ਪਾਠਕ ਆਪ ਹੀ ਨਿਰਨਾ ਕਰਨ ਅੱਜ-ਕੱਲ੍ਹ ਦੇ ਪਖੰਡੀ, ਤੇਰਵੇਂ ਜਾਂ ਚੌਧਵੇਂ ਗੁਰੂਆਂ ਨੇ ਸੰਸਾਰ ਨੂੰ ਨਵੀਂ ਚੀਜ਼ ਕੀ ਦਿੱਤੀ ਹੈ । ਫ਼ਲਸਫ਼ਾ, ਸਿਧਾਂਤ ਅਤੇ ਗੁਰਬਾਣੀ ਗੁਰੂ ਸਾਹਿਬਾਂ ਦੀ, ਗੁਰੂ ਆਪ ਬਣਦੇ ਹਨ । ਅੱਜ ਦਾ ਅਖੌਤੀ ਗੁਰੂ ਜੇ ਕੋਈ ਭਲਾਈ ਦਾ ਕੰਮ ਕਰਦਾ ਹੈ, ਖ਼ੂਨ-ਦਾਨ ਕੈਂਪ ਲਗਾਉਂਦਾ ਹੈ ਜਾਂ ਸਕੂਲ ਕਾਲਜ ਖੋਲ੍ਹਦਾ ਹੈ ਤਾਂ ਅੱਜ ਦੇ ਚੇਤੰਨ ਸਮਾਜ ਵਿੱਚ ਆਪਣੀ ਪ੍ਰਭਤਾ ਕਾਇਮ ਰੱਖਣ ਲਈ ਉਸ ਦੀ ਮਜ਼ਬੂਰੀ ਹੈ । ਪਰ ਗੁਰੂ ਸਾਹਿਬ ਵੇਲੇ ਅੱਲੋਕਾਰ ਦੀਆਂ ਗੱਲਾਂ ਸਨ । ਹਰ ਧਰਮ ਦਾ ਕੋਈ ਨਿਸ਼ਾਨ (ਝੰਡਾ), ਕੋਈ ਵਿਧਾਨ (ਧਰਮ ਗ੍ਰੰਥ) ਅਤੇ ਪਹਿਚਾਨ ਲਈ ਕੋਈ ਰਹਿਤ ਮਰਯਾਦਾ ਹੈ ਪਰ ਅੱਜ ਦੇ ਅਖੌਤੀ ਗੁਰੂਆਂ ਕੋਲ ਕੁਝ ਭੀ ਨਹੀਂ ਹੈ ।

ਆਓ ਬੈਠੋ ਸਜਣੋ ਘਰ ਬਾਰ ਤੁਮਾਰਾ ।
ਖਾਓ ਪੀਓ ਆਪਣਾ ਜਸ ਗਾਓ ਹਮਾਰਾ ।

❃❃❃

## ਸਰਦਾਰ ਖ਼ੁਸ਼ਵੰਤ ਸਿੰਘ ਦੇ ਨਾਮ ਖ਼ੁੱਲੀ ਚਿੱਠੀ

**ਸ਼੍ਰੀਮਾਨ ਖ਼ੁਸ਼ਵੰਤ ਰਾਇ ਉਰਫ਼ ਖ਼ੁਸ਼ਵੰਤ ਸਿੰਘ ਜੀ,**
**ਓਮ ਨਮੋ ਸ਼ਿਵਾਏ,**

ਭਵਗਾਨ ਕਰੇ ਤੁਸੀਂ ਹਰ-ਰੋਜ਼ ਨਿਰਨੇ ਕਾਲਜੇ ਸ਼ਿਵਲਿੰਗ ਧਿਆ ਕੇ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰੋ । ਤੁਹਾਡਾ 20 ਫ਼ਰਵਰੀ ਸੰਨ 1999 ਦਾ 'ਪੰਜਾਬੀ ਟ੍ਰਿਬਿਊਨ' ਵਿਚ "ਸਾਰੇ ਪੰਜਾਬੀਆਂ ਨੂੰ ਜਗਾਉਣ ਦਾ ਹੋਕਾ" ਬੜਾ ਸ਼ਲਾਘਾਯੋਗ ਹੈ ਪਰ ਪੰਜਾਬ ਤਾਂ ਪੰਜ-ਆਬ ਦੀ ਧਰਤੀ ਹੈ ਤੁਸੀਂ ਕੇਵਲ ਦੋ ਦਰਿਆਵਾਂ ਦੀ ਧਰਤੀ ਤੇ ਵਸਣ ਵਾਲੇ ਲੋਕਾਂ ਨੂੰ ਕਿਉਂ ਸੁਚੇਤ ਕੀਤਾ? ਜੋ ਲੋਕ ਵਾਹਗਾ ਦੀ ਸਰਹੱਦ ਤੋਂ ਪਾਰ ਪਿਸ਼ਾਵਰ ਤੱਕ ਵੱਸਦੇ ਹਨ, ਉਹ ਪੰਜਾਬੀ ਨਹੀਂ? ਫਿਰ ਜੋ ਹਿੰਦੁਸਤਾਨੀ ਪੰਜਾਬੀ ਹਨ ਉਨ੍ਹਾਂ ਵਿੱਚੋਂ ਭੀ ਕੇਵਲ ਹਿੰਦੂ ਸਿੱਖਾਂ ਨੂੰ ਸੁਚੇਤ ਹੋਣ ਲਈ ਕਿਹਾ ਹੈ ਜੋ ਇੱਥੇ ਮੁਸਲਮਾਨ ਤੇ ਈਸਾਈ ਰਹਿੰਦੇ ਹਨ ਉਨ੍ਹਾਂ ਦਾ ਕੋਈ ਜ਼ਿਕਰ ਤੁਹਾਡੀ ਲਿਖਤ ਵਿਚ ਨਹੀਂ ਹੈ।

ਤੁਸੀਂ ਆਪਣੀ ਲਿਖਤ ਵਿਚ ਆਪਣੇ ਹਿੰਦੂ ਹੋਣ ਤੇ ਅਤੇ ਆਪਣੇ ਦੇਸ ਭਾਰਤ ਤੇ ਬਹੁਤ ਮਾਣ ਕੀਤਾ ਹੈ, ਕੀ ਤੁਸੀਂ ਦੱਸਣ ਦੀ ਖੇਚਲ ਕਰੋਗੇ ਕਿ 'ਹਿੰਦੂ' ਕਿਸ ਭਾਸ਼ਾ ਦਾ ਸ਼ਬਦ ਹੈ? ਅਤੇ ਜਿਸ ਨੂੰ ਤੁਸੀਂ ਭਾਰਤ ਕਹਿੰਦੇ ਹੋ ਕਿੱਥੇ ਹੈ? ਜਿਸ ਤਰ੍ਹਾਂ ਅੰਗਰੇਜ਼ਾਂ ਨੇ ਇੱਥੇ ਆ ਕੇ ਦੇਸ ਦੀ ਸਭਿਅਤਾ ਨੂੰ ਸਿੰਧੂ ਘਾਟੀ (ਇੰਡਸ ਵੈਲੀ ਸਿਵਿਲਾਈਜ਼ੇਸ਼ਨ) ਨਾਲ ਜੋੜਦਿਆਂ, ਇਸ ਦੇਸ ਦਾ ਨਾਉਂ ਇੰਡੀਆ ਰੱਖ ਦਿੱਤਾ । ਕਿਉਂਕਿ ਇੰਡਸ ਤੇ ਇੰਡੀਆ ਦੋਨੋਂ ਅੰਗਰੇਜ਼ੀ ਦੇ ਸ਼ਬਦ ਸਨ ਅਤੇ ਅਸੀਂ ਅੰਗਰੇਜ਼ੀ ਰਾਜ ਕਰਕੇ ਇਨ੍ਹਾਂ ਨੂੰ ਅਪਣਾ ਲਿਆ ।

ਇਸੇ ਤਰ੍ਹਾਂ ਜਦੋਂ ਤੁਰਕ ਅਤੇ ਮੁਗ਼ਲ ਆਏ ਇੱਥੋਂ ਦੇ ਲੋਕਾਂ ਦਾ ਚਰਿੱਤਰ ਦੇਖਿਆ ਅਤੇ ਨਿਰੰਕਾਰ ਤੋਂ ਬੇਮੁੱਖ ਹੋ ਕੇ ਬੁੱਤ ਪੂਜਦੇ ਦੇਖੇ ਤਾਂ ਉਨ੍ਹਾਂ ਨੇ ਆਪਣੀ ਭਾਸ਼ਾ ਫ਼ਾਰਸੀ ਵਿਚ ਗਾਲ਼ ਕੱਢੀ ਕਿ ਇਹ ਹਿੰਦੂ ਹਨ । ਭਾਵ ਇਹ ਲੋਕ ਚੋਰ, ਬੇਈਮਾਨ, ਧੋਖੇਬਾਜ਼ ਅਤੇ ਕਾਫ਼ਰ ਹਨ । ਫ਼ਾਰਸੀ ਦੀ ਡਿਕਸ਼ਨਰੀ ਪੜ੍ਹ ਕੇ ਦੇਖੋ ਲ਼ੁਗਾਤੇ ਫਿਰੋਜ਼ੀ ਵਿਚ ਹਿੰਦੂ ਦੇ ਇਹੀ ਅਰਥ ਹਨ । ਇਸ ਲਈ ਤੁਸੀਂ ਜੰਮ-ਜੰਮ ਹਿੰਦੂ ਬਣੋ ਤੇ ਕਹਿਲਾਓ ਸਾਨੂੰ ਕੋਈ ਇਤਰਾਜ਼ ਨਹੀਂ ਪਰ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਕਦੇ ਇਹ ਵਿਸ਼ਲੇਸ਼ਨ ਆਪਣੇ ਨਾਉਂ ਨਾਲ ਜੋੜਨ ਨਹੀਂ ਦੇਵੇਗਾ ।

ਇਸ ਉਪਰਲੇ ਆਧਾਰ ਤੇ ਮੁਗ਼ਲਾਂ ਨੇ ਇਸ ਦੇਸ ਦਾ ਨਾਂ ਹਿੰਦੁਸਤਾਨ ਰੱਖਿਆ । ਮੁਗ਼ਲਾਂ ਤੋਂ ਪਹਿਲਾਂ ਨਾ ਤਾਂ ਅੱਜ ਵਾਂਗ ਇਹ ਇਕ ਦੇਸ ਸੀ ਨਾ ਹੀ ਇੱਥੋਂ ਦੀ ਕਿਸੇ ਭਾਸ਼ਾ ਵਿਚ ਹਿੰਦੂ ਹਿੰਦੁਸਤਾਨ ਦੇ ਲਫ਼ਜ਼ ਮਿਲਦੇ ਹਨ । ਇਸੇ ਗੱਲ ਨੂੰ ਸਮਝਦੇ ਹੋਏ ਆਰੀਆ ਸਮਾਜ ਦੇ ਬਾਨੀ ਸੁਆਮੀ ਦਯਾ ਨੰਦ ਜੀ ਨੇ ਆਪਣੇ ਆਪ ਨੂੰ ਹਿੰਦੂ ਨਹੀਂ ਕਹਾਇਆ ਅਤੇ ਆਪਣੀ ਸੰਸਥਾ ਦਾ ਨਾਮ ਆਰੀਆ ਸਮਾਜ ਰੱਖਿਆ ਕਿਉਂਕਿ ਇੱਥੋਂ ਦੀਆਂ ਭਾਸ਼ਾਵਾਂ ਵਿਚ ਦੇਸ ਦਾ ਨਾਂ 'ਆਰੀਆ ਵਰਤ' ਸੀ ।

ਇਸ ਦੇਸ, ਆਰੀਆ ਵਰਤ ਵਿਚ ਜਿੱਥੇ ਰਾਜਾ ਦਸ਼ਰਥ ਜੀ ਦੇ ਪੁੱਤਰ 'ਭਰਤ ਜੀ' ਦਾ ਰਾਜ ਸੀ । ਉਸ ਦੇ ਨਾਉਂ ਤੋਂ ਪਿਆ ਭਾਰਤ ਅਤੇ ਜਿੱਥੇ ਪਾਂਡਵਾਂ ਦਾ ਰਾਜ ਸੀ ਉਸ ਦਾ ਨਾਉਂ ਸੀ ਪੰਚਾਲ ਦੇਸ ਅਤੇ ਮੁਗ਼ਲਾਂ ਨੇ ਰੱਖ ਦਿੱਤਾ ਫ਼ਾਰਸੀ ਵਿਚ ਪੰਜਾਬ ਭਾਵ ਪੰਜ-ਆਬ ਦੀ ਧਰਤੀ । ਹੁਣ ਤੁਸੀਂ ਜੇ ਹਿੰਦੁਸਤਾਨੀ ਦਾ ਲਫ਼ਜ਼ ਆਪਣੇ ਨਾਉਂ ਨਾਲ ਜੋੜਨਾ ਹੈ ਤਾਂ ਤੁਹਾਨੂੰ ਮੁਬਾਰਕ ਹੋਵੇ । ਜੇ ਭਾਰਤੀ ਬਣਨਾ ਹੈ ਤਾਂ ਪੁਰਾਤਨ ਇਤਿਹਾਸ ਪੜ੍ਹ ਕੇ ਨਕਸ਼ਾ ਲੱਭੋ ਅਤੇ ਭਰਤ ਦੇ ਰਾਜ ਵਾਲੇ ਭਾਰਤ ਰਾਜ ਵਿਚ ਜਾ ਕੇ ਰਹੋ । ਤੁਹਾਨੂੰ ਸਾਡੇ ਦੇਸ ਪੰਜਾਬ ਬਾਰੇ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ ।

ਤੁਸੀਂ ਆਪਣੀ ਲਿਖਤ ਵਿਚ ਸਰਕਾਰੀ ਬਖ਼ਸ਼ਸ਼ਾਂ ਤੇ ਪਲਣ ਵਾਲਿਆਂ ਸਿੱਖਾਂ ਨੂੰ ਬੜਾ ਵਡਿਆਇਆ ਹੈ ਅਤੇ ਦੂਸਰੀ ਕਿਸਮ ਦੇ ਬੰਦਿਆਂ ਨੂੰ 'ਖ਼ਰੂਦੀ' ਲਫ਼ਜ਼ ਨਾਲ ਭੰਡਿਆ ਹੈ । ਆਪਣੀ-ਆਪਣੀ ਸੋਚ ਹੈ । ਇਕ ਕਹਾਣੀ ਯਾਦ ਆ ਗਈ । ਇਕ ਧਨਾਢ ਬੰਦੇ ਨੇ ਇਕ ਕੁੱਤਾ ਤੇ ਕੁੱਕੜ ਪਾਲੇ ਹੋਏ ਸਨ । ਕੁੱਤੇ ਵਾਸਤੇ ਮਾਲਕ ਨੇ ਛੋਟੀ ਜਿਹੀ ਮੰਜੀ ਉਪਰ ਚੰਗਾ ਕਪੜਾ ਪੈਣ ਵਾਸਤੇ ਰੱਖਿਆ ਹੋਇਆ ਸੀ । ਖਾਣ ਨੂੰ ਚੰਗਾ ਭੋਜਨ, ਆਉਂਦੇ ਜਾਂਦੇ ਸਿਰ 'ਤੇ ਹੱਥ ਫੇਰਨਾ ਤੇ ਪਿਆਰ ਕਰਨਾ । ਕੁੱਕੜ ਵਾਸਤੇ ਇਕ ਕੱਚਾ ਖੁੱਡਾ, ਬਦਬੂ ਵਾਲਾ ਅਤੇ ਮੋਟਾ ਅਨਾਜ ਖਾਣ ਨੂੰ । ਕੁੱਤੇ ਦੇ ਮਾਲਕ ਨੇ ਜਦ ਬਾਹਰੋਂ ਆਉਣਾ ਕੁੱਤੇ ਨੇ ਕਦੇ ਪੈਰਾਂ ਵਿਚ ਲੇਟਣਾ, ਪੂਛ ਹਿਲਾਉਣੀ ਅਤੇ ਪੈਰ ਚੱਟਣੇ ਅਤੇ ਕੁੱਕੜ ਨੇ ਕੁੜ-ਕੁੜ ਕਰਨਾ । ਇਕ ਦਿਨ ਕੁੱਤਾ ਕੁੱਕੜ ਨੂੰ ਆਖਣ ਲੱਗਾ ਜੇ ਤੂੰ ਵੀ ਮੇਰੇ ਵਾਂਗ ਮਾਲਕ ਨੂੰ ਪਿਆਰ ਕਰੇਂ ਤਾਂ ਮਾਲਕ ਤੈਨੂੰ ਵੀ ਸਹੂਲਤਾਂ ਦੇਵੇ । ਕੁੱਕੜ ਨੇ ਜਵਾਬ ਦਿੱਤਾ, ਕਿ ਤੂੰ ਕਦੇ ਆਪਣੇ ਭਾਈ ਨੂੰ ਮਾਲਕ ਦੇ ਚੁੱਲ੍ਹੇ ਤੇ ਰਿੱਝਦਾ ਨਹੀਂ ਵੇਖਿਆ ਪਰ ਮੈਂ ਹਰ ਰੋਜ਼ ਆਪਣੇ

ਭਾਈਆਂ ਨੂੰ ਰਿੱਝਦੇ ਦੇਖਦਾ ਹਾਂ ਇਸ ਲਈ ਮੈਂ ਤੇਰੇ ਵਾਲਾ ਕਰਮ ਨਹੀਂ ਕਰ ਸਕਦਾ । ਸੋ ਬਾਬੂ ਖ਼ੁਸ਼ਵੰਤ ਰਾਇ ਜੀ ਤੁਸੀਂ ਅਤੇ ਤੁਹਾਡੀ ਸੋਚ ਵਾਲੇ ਦਿੱਲੀ ਦੇ ਸਿੱਖ, ਕੋਟੇ ਪਰਮਿਟ ਲੈ ਕੇ ਕਾਰੋਬਾਰ ਚਲਾ ਕੇ ਏਅਰਕੰਡੀਸ਼ਨ ਕੋਠੀਆਂ ਦਾ ਅਨੰਦ ਮਾਣੋ । ਆਪਣੇ ਕਾਤਲਾਂ ਨੂੰ ਸਿਰੋਪੇ ਦਿਓ ਅਤੇ ਸੋਨੇ ਦੀਆਂ ਕਿਰਪਾਨਾਂ ਭੇਟ ਕਰੋ ਪਰ ਪੰਜਾਬ ਦੇ ਸਿੱਖਾਂ ਨੇ ਆਪਣੇ ਨਿਰਦੋਸ਼ ਭਾਈਆਂ ਦੇ ਚੱਡੇ ਪਾਟਦਿਆਂ ਦੀਆਂ ਚੀਕਾਂ ਸੁਣੀਆਂ ਹਨ, ਬੇਕਸੂਰ ਮਾਵਾਂ, ਭੈਣਾਂ ਦੀਆਂ ਥਾਣੇ ਵਿਚ ਪੱਤਾਂ ਲੁੱਟਦੀਆਂ ਦੇਖੀਆਂ ਹਨ ਅਤੇ ਹਜ਼ਾਰਾਂ ਨਿਰਦੋਸ਼ਾਂ ਮਾਵਾਂ ਦੇ ਪੁੱਤਾਂ ਨੂੰ ਲਵਾਰਸ ਕਹਿ ਕੇ ਸਾੜਦੇ ਦੇਖਿਆ ਹੈ । ਗੁਰੂ ਕਾ ਖ਼ਾਲਸਾ ਤਾਂ ਕੁੱਕੜੂੰ-ਘੂੰ ਹੀ ਕਰੇਗਾ ।

ਅੱਜ ਤੋਂ ਤਕਰੀਬਨ ਦੋ ਤਿੰਨ ਸਾਲ ਪਹਿਲਾਂ ਵੀ ਟ੍ਰਿਬਿਊਨ ਅਖ਼ਬਾਰ ਰਾਹੀਂ ਤੁਸੀਂ ਬਹੁਤ ਵੱਡਾ ਕੁਫ਼ਰ ਤੋਲਿਆ ਸੀ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਜੋ ਕਿਤਾਬ 'ਹਮ ਹਿੰਦੂ ਨਹੀ" ਲਿਖੀ ਸੀ ਉਹ ਅੰਗਰੇਜ਼ਾਂ ਦੇ ਦਬਾਅ ਹੇਠ ਆ ਕੇ ਲਿਖੀ ਸੀ । ਜਿਸ ਬੰਦੇ ਨੂੰ ਭਾਈ ਸਾਹਿਬ ਦੇ ਖ਼ਾਨਦਾਨ ਦੀ ਪੁਸ਼ਟ ਭੂਮੀ ਦਾ ਪਤਾ ਹੈ ਉਨ੍ਹਾਂ ਦੇ ਦ੍ਰਿੜ ਇਰਾਦੇ ਹਸਮੁਖ ਸੁਭਾਓ ਅਤੇ ਸਿੱਖੀ ਵਿਚ ਪ੍ਰਪੱਕ ਵਿਸ਼ਵਾਸ ਦਾ ਪਤਾ ਹੈ ਉਹ ਕਿਸ ਤਰ੍ਹਾਂ ਤੁਹਾਡੀ ਗੱਲ ਮੰਨ ਲਵੇਗਾ? ਇਸ ਮਾਮਲੇ ਵਿਚ ਭਾਈ ਕਾਨ੍ਹ ਸਿੰਘ ਖ਼ਾਨਦਾਨ ਨਾਲ ਮੇਰੇ ਖ਼ਾਨਦਾਨ ਦੇ ਨਿੱਜੀ ਸੰਬੰਧ ਹੋਣ ਕਰਕੇ ਤੁਸੀਂ ਮੇਰੇ ਨਾਲੋਂ ਜ਼ਿਆਦਾ ਭਾਈ ਕਾਨ੍ਹ ਸਿੰਘ ਨੂੰ ਨਹੀਂ ਜਾਣਦੇ । ਤੁਸੀਂ ਭਾਈ ਕਾਨ੍ਹ ਸਿੰਘ ਨੂੰ ਕੇਵਲ ਕਿਤਾਬਾਂ ਵਿਚ ਦੇਖਿਆ ਹੈ, ਉਨ੍ਹਾਂ ਦੇ ਆਚਰਨ ਦੇ ਦਰਸ਼ਨ ਨਹੀਂ ਕੀਤੇ । ਜੋ ਭਾਈ ਸਾਹਿਬ ਮਹਾਰਾਜਾ ਹੀਰਾ ਸਿੰਘ ਜੀ (ਜੋ ਉਨ੍ਹਾਂ ਦਾ ਦੁਨਿਆਵੀ ਮਾਲਕ ਸੀ) ਤੋਂ ਨਹੀਂ ਡਰੇ ਤਾਂ ਅੰਗਰੇਜ਼ਾਂ ਦੇ ਦਬਾਅ ਵਿਚ ਕਿਵੇਂ ਆ ਗਏ ਜਦ ਕਿ ਨਾ ਉਹ ਅੰਗਰੇਜ਼ ਸਰਕਾਰ ਦੇ ਨੌਕਰ ਸੀ ਨਾ ਉਨ੍ਹਾਂ ਦਾ ਪਿੰਡ ਅੰਗਰੇਜ਼ੀ ਇਲਾਕੇ ਵਿਚ ਸੀ, ਫਿਰ ਜੋ ਵੀ ਉਨ੍ਹਾਂ ਲਿਖਿਆ ਗੁਰਬਾਣੀ ਅਤੇ ਇਤਿਹਾਸ ਦੇ ਆਧਾਰ ਤੇ ਲਿਖਿਆ ਅਤੇ ਸਾਰੇ ਪੰਥ ਨੇ ਉਸ ਨੂੰ ਪ੍ਰਵਾਨ ਕੀਤਾ । ਬਲਕਿ ਮੈਂ ਇਹ ਦ੍ਰਿੜ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸਰਕਾਰੀ ਚਾਂਦੀ ਦੀ ਜੁੱਤੀ ਨੇ ਤੁਹਾਡੇ ਕੋਲੋਂ ਇਹ ਲਿਖਵਾਇਆ ਹੈ । ਭਾਈ ਕਾਨ੍ਹ ਸਿੰਘ ਜੀ ਤਾਂ ਅੰਗਰੇਜ਼ੀ ਸਰਕਾਰ ਦੇ ਦਬਾਅ ਹੇਠ ਆ ਕੇ ਲਿਖ ਗਏ ਪਰ ਗੁਰੂ ਨਾਨਕ ਦੇਵ ਮਹਾਰਾਜ ਨੇ ਇਹ ਤੁਕਾਂ ਬਾਬਰ ਦੇ ਕਹਿਣ ਤੇ ਲਿਖ ਦਿੱਤੀਆਂ?

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥**
**ਅੰਧੇ ਗੁੰਗੇ ਅੰਧ ਅੰਧਾਰੁ॥ਪਾਥਰੁ ਲੇ ਪੂਜਹਿ ਮੁਗਧ ਗਵਾਰ॥** (ਅੰਗ ੫੫੬)

ਜਾਂ ਭਗਤ ਨਾਮਦੇਵ ਜੀ ਨੇ ਇਹ ਤੁਕਾਂ ਮੁਹੰਮਦ ਤੁਗ਼ਲਕ ਜਾਂ ਕਿਸੇ ਲੋਧੀ ਪਠਾਣ ਹਾਕਮ ਦੇ ਕਹਿਣ ਤੇ ਲਿਖ ਦਿੱਤੀਆਂ?



**ਹਿੰਦੂ ਅੰਨ੍ਹਾ ਤੁਰਕੂ ਕਾਣਾ॥ਦੁਹਾਂ ਤੇ ਗਿਆਨੀ ਸਿਆਣਾ ॥**
**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ ॥** (ਅੰਗ ੮੭੫)

ਐਸੀ ਹੀ ਕੜ੍ਹੀ ਘੋਲੀ ਹੋਵਗੀ ਅਤੇ ਲੱਲੜ੍ਹ ਲਾਏ ਹੋਣਗੇ ਤੁਸੀਂ ਆਪਣੇ ਲਿਖੇ ਸਿੱਖ ਇਤਿਹਾਸ ਵਿਚ ।

ਜਿਸ ਪੰਜਾਬ ਅਤੇ ਪੰਜਾਬੀਅਤ ਦੇ ਰਾਗ ਤੁਸੀਂ ਅਤੇ ਤੁਹਾਡਾ ਸਾਰਾ ਭਾਈਚਾਰਾ ਅਲਾਪ ਰਿਹਾ ਹੈ, ਰਾਜਾ ਅਨੰਗਪਾਲ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੱਕ ਬਾਰਾਂ ਸੌ ਸਾਲ ਕਿੱਥੇ ਸੁੱਤੀ ਪਈ ਰਹੀ । ਇਹ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦੀ ਬਖ਼ਸ਼ੀ ਵਿਚਾਰਧਾਰਾ ਦਾ ਸਿੱਟਾ ਅਤੇ ਖ਼ਾਲਸਾ ਪੰਥ (ਜਿਸ ਨੂੰ ਹੁਣ ਤੁਸੀਂ ਖ਼ਰੂਦੀ, ਅਤਿਵਾਦੀ ਹੋਰ ਪਤਾ ਨਹੀਂ ਕੀ-ਕੀ ਕਹਿ ਰਹੇ ਹੋ) ਦੀਆਂ ਕੁਰਬਾਨੀਆਂ ਦਾ ਫ਼ਲ ਹੈ ਕਿ ਪੰਜਾਬ ਪਾਕਿਸਤਾਨ ਅਤੇ ਹਿੰਦੁਸਤਾਨ ਦਾ ਹਿੱਸਾ ਹੈ ਨਹੀਂ ਤਾਂ ਇਤਿਹਾਸਕਾਰਾਂ ਅਨੁਸਾਰ ਇਹ ਕਾਬਲ ਦਾ ਸੂਬਾ ਹੋਣਾ ਸੀ ਅਤੇ ਉਸ ਦਾ ਇਵਜ਼ਾਨਾ ਦੇ ਰਹੇ ਹੋ ਕੇ ਖ਼ਾਲਸੇ ਦੀ ਹੋਂਦ ਨੂੰ ਢਾਹ ਲਾ ਕੇ ਅਤੇ ਹਿੰਦੂ ਕਹਿ ਕੇ ਅਕ੍ਰਿਤਘਣ ਬਣ ਰਹੇ ਹੋ । ਕੀ ਇਸ ਵਿਸ਼ੇ ਬਾਰੇ ਕਾਜ਼ੀ ਨੂਰ ਮੁਹੰਮਦ, ਮੁਹਸਨ ਫ਼ਾਨੀ, ਮੈਕਾਲਿਫ਼, ਸਯਦ ਮੁਹੰਮਦ ਲਤੀਫ਼, ਪ੍ਰਾਚੀਨ ਪੰਥ ਪ੍ਰਕਾਸ਼ ਕੇ ਕਰਤਾ ਭਾਈ ਰਤਨ ਸਿੰਘ ਭੰਗੂ ਅਤੇ ਡਾਕਟਰ ਗੰਡਾ ਸਿੰਘ ਇਤਿਹਾਸਕਾਰ ਸਭ ਝੂਠੇ ਹਨ? ਅਤੇ ਇਨ੍ਹਾਂ ਵਿਦਵਾਨਾਂ ਦੇ ਸਾਹਮਣੇ ਤੁਹਾਡੀ ਹੋਂਦ ਅਜੇ ਬਹੁਤ ਬੌਣੀ ਹੈ ਇਨ੍ਹਾਂ ਨੂੰ ਚੈਲਿੰਜ ਕਰਨ ਲਈ ਸ਼ਾਇਦ ਤੁਹਾਨੂੰ ਦੁਬਾਰਾ ਜਨਮ ਲੈਣਾ ਪਵੇਗਾ ।

ਪੰਜਾਬੀ ਦੀ ਕਹਾਵਤ ਹੈ 'ਸਾਠਾ ਬੁਧ ਨਾਠਾ' ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਾਝ ਦੀ ਵਾਰ ਵਿਚ ਦਸ ਸਾਲ ਗ੍ਰੇਸ ਦੇ ਕਰ ਦਿੱਤੇ ਅਤੇ ਕਿਹਾ ਹੈ, 'ਸਠੀ ਕਾ ਬੁਢੇਪਾ ਆਵੈ ਸਤਰਾ ਕਾ ਮਤਿ ਹੀਣ' ਸੋ ਮੇਰਾ ਵਿਚਾਰ ਹੈ ਕਿ ਇਕ ਤਾਂ ਤੁਸੀਂ ਇਸ ਪੌੜੀ ਤੇ ਪਹੁੰਚ ਚੁੱਕੇ, ਦੂਸਰੇ ਸ਼ਰਾਬ ਦੇ ਸੇਵਨ ਕਰਨ ਵਾਲੇ ਦਾ ਡਾਕਟਰਾਂ ਦੇ ਸਿੱਟੇ ਅਨੁਸਾਰ ਨਰਵਸ ਸਿਸਟਮ ਵਿਗੜ ਜਾਂਦਾ ਹੈ । ਇਸ ਲਈ ਤੁਹਾਡੀ ਕਲਮ ਨੇ ਸੁਰਾ ਸੁੰਦਰੀ ਦੇ ਨਸ਼ੇ ਵਿਚ ਮਖ਼ਮੂਰ ਹੋ ਕੇ ਕਈ ਵਾਰ ਅਖ਼ਬਾਰਾਂ ਦੇ ਕਾਲ਼ਮ ਕਾਲੇ ਕੀਤੇ ਹਨ । ਜਿਨ੍ਹਾਂ ਨੂੰ ਸਮਝਦਾਰ ਪਾਠਕਾਂ ਨੇ ਪ੍ਰਵਾਨ ਨਹੀਂ ਕੀਤਾ । ਕਈ ਵਾਰ ਚਿੱਠੀ ਵਾਲੇ ਕਾਲਮ ਵਿੱਚ ਉਨ੍ਹਾਂ ਆਪਣੇ ਵਿਚਾਰ ਵੀ ਲਿਖੇ ਹਨ ਜਿਸ ਦੀ ਤੁਸੀਂ ਪ੍ਰਵਾਹ ਨਹੀਂ ਕੀਤੀ । ਇਸ ਤੋਂ ਇਲਾਵਾ ਸੁਰਾ ਦੇ ਵਰਤਣ ਨਾਲ ਬਲੱਡ ਪ੍ਰੈਸ਼ਰ ਤੇ ਸ਼ੂਗਰ ਵੀ ਹੋ ਸਕਦੀ ਹੈ ।

ਸੋ ਜੀਵਨ ਦੇ ਅੰਤਲੇ ਪੜਾਅ ਤੇ, ਇਨ੍ਹਾਂ ਹਾਲਤਾਂ ਵਿੱਚ ਤੁਸੀਂ ਬੜਾ ਜ਼ੋਰ

ਲਾ ਕੇ ਤੇ ਸੰਘ ਪਾੜ ਕੇ ਜਿਸ ਚੀਜ਼ ਦਾ ਐਲਾਨ ਕੀਤਾ ਹੈ, ਉਹ ਨਾ ਤੁਹਾਡੇ ਕਹਿਆਂ ਰੁਕਣਾ ਹੈ ਨਾ ਮੇਰੇ ਕਹਿਆਂ ਬਣਨਾ ਹੈ । ਇਹ ਪਰਮੇਸ਼ਰ ਦੀ ਖੇਡ ਹੈ । ਜਦੋਂ ਕੁਝ ਵਾਪਰਨਾ ਹੁੰਦਾ ਹੈ ਕੁਦਰਤ ਆਪ ਹਾਲਾਤ ਪੈਦਾ ਕਰ ਦਿੰਦੀ ਹੈ । ਔਰੰਗਜ਼ੇਬ ਦੀ ਗ਼ਲਤ ਪਾਲਿਸੀ ਨਾਲ ਕਿ ਸਾਰੇ ਦੇਸ ਵਿਚ ਕੇਵਲ ਮੁਸਲਮਾਨ ਹੀ ਹੋਣ, ਐਡਾ ਵੱਡਾ ਰਾਜ ਖੇਰੂੰ-ਖੇਰੂੰ ਹੋ ਗਿਆ ਅਤੇ ਹੁਣ ਵੀ ਮੇਰਾ ਖ਼ਿਆਲ ਹੈ ਉਹੀ ਗ਼ਲਤੀ ਅਤੇ ਪਾਲਿਸੀ ਹਿੰਦੂ, ਹਿੰਦੀ ਅਤੇ ਹਿੰਦੂਤ੍ਵ ਦਾ ਏਜੰਡਾ ਜੋ ਸਾਡੇ ਹੁਕਮਰਾਨਾਂ ਨੇ ਬਣਾਇਆ ਹੈ ਇਹੀ ਦੇਸ ਬਰਬਾਦ ਕਰੇਗਾ । ਸੋ ਮੇਰੀ ਸਲਾਹ ਮੰਨੋ ਇਸ ਬੁਢਾਪੇ ਵਿਚ ਚਾਹੇ ਸਰੀਰ ਦਾ ਉਪਰਲਾ ਹਿੱਸਾ ਪਾਟੇ ਅਤੇ ਚਾਹੇ ਹੇਠਲਾ ਹਿੱਸਾ ਪਾਟੇ । ਕਿਸੇ ਦਾ ਕੁਝ ਨਹੀਂ ਵਿਗੜਨਾ ਤਕਲੀਫ਼ ਤੁਹਾਨੂੰ ਹੋਵੇਗੀ ਫਿਰ ਇਸ ਵਰੇਸ ਵਿਚ ਜਿੰਨੇ ਮਰਜ਼ੀ ਉਪਰਾਲੇ ਕਰੋ ਪਾਟਾ ਜਲਦੀ ਠੀਕ ਵੀ ਨਹੀਂ ਹੁੰਦਾ । ਇਸ ਲਈ ਮਿਰਜ਼ਾ ਗ਼ਾਲਿਬ ਪੜ੍ਹੋ ਜਾਂ ਉਮਰ ਖ਼ਯਾਮ ਅਤੇ ਮਸਤ ਰਹੋ ।

ਮੈਂ ਤੁਹਾਡੀ ਸੋਚ ਨਾਲ ਸਹਿਮਤ ਹਾਂ ਕਿ ਤੁਹਾਨੂੰ ਸਿੱਖ ਬਣਨ ਅਤੇ ਸਿੱਖ ਅਖਵਾਉਣ ਵਿੱਚ ਕੋਈ ਫ਼ਾਇਦਾ ਨਹੀਂ ਹੈ । ਕਿਉਂਕਿ ਗੁਰਦੁਆਰੇ ਜਾਣ ਨਾਲ ਇਕ ਤਾਂ ਉੱਥੋਂ ਉਪਦੇਸ਼ ਇਹ ਮਿਲੇਗਾ ਕਿ:

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥** (ਅੰਗ ੫੫੪)

ਅਤੇ ਇਹ ਉਪਦੇਸ਼ ਤੁਹਾਨੂੰ ਮੁਆਫ਼ਕ ਨਹੀ ਦੂਸਰੇ ਉੱਥੇ ਲੰਗਰ ਵਿੱਚ ਮਿਲਣਾ ਹੈ ਦਾਲ ਫੁਲਕਾ ਇਸ ਲਈ ਤੁਹਾਡੇ ਲਈ ਘਾਟਾ ਹੀ ਘਾਟਾ ਹੈ । ਸੋ ਆਪਣੇ ਇਰਾਦੇ ਵਿਚ ਦ੍ਰਿੜ ਰਹੋ, ਦਾੜ੍ਹੀ ਪੱਗ ਲਾਹ ਕੇ ਪੱਕੇ ਹਿੰਦੂ ਬਣ ਜਾਓ ਇਕ ਤਾਂ ਹਕੂਮਤ ਵਲੋਂ ਮੌਜਾਂ ਹੀ ਮੌਜਾਂ, ਦੂਸਰੇ ਕਾਲੀ ਦੇਵੀ ਦੇ ਮੰਦਰ ਜਾਓ ਅਤੇ ਪੁਜਾਰੀ ਨਾਲ ਦੋਸਤੀ ਪਾ ਕੇ ਸ਼ਰਾਬ ਦਾ ਇਸ਼ਨਾਨ ਕਰੋ ਅਤੇ ਜੇ ਥੋੜ੍ਹੀ ਹਿੰਮਤ ਕਰੋਗੇ ਕੋਈ ਸੁੰਦਰੀ ਭੀ ਮਿਲ ਜਾਵੇਗੀ । ਪੈਸੇ ਦਾ ਤੁਹਾਡੇ ਕੋਲ ਕੋਈ ਘਾਟਾ ਨਹੀਂ ।

ਸਾਂਡਰਸ ਅਤੇ ਉਸਦੇ ਬਾਡੀਗਾਰਡ ਵਰਗੇ ਨਿਰਦੋਸ਼ ਬੰਦਿਆਂ ਦੇ ਕਾਤਲ (ਸਰਦਾਰ ਭਗਤ ਸਿੰਘ) ਨੂੰ ਤੁਸੀਂ ਅਤੇ ਤੁਹਾਨੂੰ ਬਖ਼ਸ਼ਸ਼ਾਂ ਦੇਣ ਵਾਲੇ ਮਾਲਕ ਵਡਿਆਉਂਦੇ ਨਹੀਂ ਥੱਕਦੇ ਪਰ ਭਾਈ ਰਣਜੀਤ ਸਿੰਘ ਵਰਗੇ ਮਹਾਨ ਯੋਧੇ ਨੂੰ ਕਾਤਲ ਅਤੇ ਸਜ਼ਾ ਯਾਫ਼ਤਾ ਮੁਜ਼ਰਮ ਕਹਿਣਾ ਸਾਬਤ ਕਰਦਾ ਹੈ ਕਿ ਸ਼ਰਾਬ ਦੇ ਨਸ਼ੇ ਵਿਚ, ਤੁਰਕੀ ਘੋੜੇ ਅਤੇ ਫੱਤੂ ਘੁਮਿਆਰ ਦੇ ਗਧੇ ਵਿਚ, ਹੁਣ ਤੁਸੀਂ ਫ਼ਰਕ ਨਹੀਂ ਸਮਝਦੇ ।

ਰੁਹੇਲੇ ਸਰਦਾਰ ਨੇ ਲਾਲ ਕਿਲ੍ਹੇ ਅੰਦਰ ਇਕੱਲਿਆ ਮੰਜੇ ਤੇ ਪੈ ਕੇ ਸ਼ਾਹੀ



ਬੇਗ਼ਮਾਂ ਨੂੰ ਜਦ ਨੰਗਾ ਕਰ ਕੇ ਨਚਾਇਆ ਤਾਂ ਉਸ ਦੇ ਅਹਿਲਕਾਰਾਂ ਨੇ ਕਿਹਾ ਕਿ ਹਜ਼ੂਰ ਨੂੰ ਇੱਦਾਂ ਨਹੀਂ ਕਰਨਾ ਚਾਹੀਦਾ ਸੀ । ਉਸ ਦਾ ਉੱਤਰ ਸੀ ਕਿ ਮੈਂ ਕੇਵਲ ਤੈਮੂਰ ਦੇ ਖ਼ਾਨਦਾਨ ਦੀ ਗ਼ੈਰਤ ਪਰਖਣੀ ਸੀ । ਪਰਖ ਕੇ ਨਿਰਨਾ ਕੀਤਾ ਹੈ ਕਿ ਹੁਣ ਤੈਮੂਰ ਦਾ ਖ਼ਾਨਦਾਨ ਹਕੂਮਤ ਕਰਨ ਦੇ ਕਾਬਲ ਨਹੀਂ ਰਿਹਾ।

ਪਰ ਜਦ ਅਖੌਤੀ ਨਿਰੰਕਾਰੀ ਬਾਬੇ ਨੇ ਭਾਰਤ ਸਰਕਾਰ ਦੀ ਛਤਰ-ਛਾਇਆ ਹੇਠ ਖ਼ਾਲਸੇ ਦੀ ਗ਼ੈਰਤ ਪਰਖਣੀ ਚਾਹੀ ਤਾਂ ਭਾਈ ਰਣਜੀਤ ਸਿੰਘ ਨੇ ਸਾਬਤ ਕਰ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਅਜੇ ਕਾਇਮ ਹੈ ਅਤੇ ਰਹੇਗਾ । ਮੱਸੇ ਰੰਘੜ ਨੂੰ ਸੋਧਣ ਵਾਲੇ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਵਾਂਗ ਜਦੋਂ ਤਕ ਖ਼ਾਲਸਾ ਪੰਥ ਦਾ ਇਤਿਹਾਸ ਰਹੇਗਾ ਇਸ ਸੂਰਮੇ ਦੀਆਂ ਢਾਡੀ ਸਿੰਘ ਦੀਵਾਨਾਂ ਵਿੱਚ ਸਟੇਜਾਂ ਤੇ ਵਾਰਾਂ ਗਾਉਣਗੇ ਅਤੇ ਤੁਹਾਡੇ ਜੈਸੇ ਗੀਦੀ ਸਿੱਖ ਦੀ ਮੜ੍ਹੀ ਤੇ ਜੁੱਤੀਆਂ ਦੇ ਹਾਰ ਤੋਂ ਸਿਵਾ ਸਿੰਘਾਂ ਕੋਲ ਭੇਟ ਕਰਨ ਨੂੰ ਕੁਝ ਨਹੀਂ ਹੋਵੇਗਾ।

ਪਿਛਲੇ ਮਹੀਨੇ ਸਰਦਾਰ ਕਰਤਾਰ ਸਿੰਘ ਦੁੱਗਲ ਦਾ ਲੇਖ ਵੀ ਤੁਹਾਡੇ ਵਿਚਾਰਾਂ ਵਾਲਾ 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ ਸੀ । ਸਰਕਾਰੀ ਬਖ਼ਸ਼ਸ਼ਾਂ ਕਾਇਮ ਰੱਖਣ ਲਈ ਲਿਖਿਆ ਸਭ ਕੁਝ ਤੁਹਾਡੇ ਵਾਲਾ ਪਰ ਵਿਦਵਤਾ ਭਰਪੂਰ ਅਤੇ ਬੋਲੀ ਸਭਿਅਤਾ ਵਾਲੀ ਸੀ । ਤੁਹਾਡਾ ਸਰਦਾਰ ਪਰਕਾਸ਼ ਸਿੰਘ ਬਾਦਲ ਨਾਲ ਪਿਆਰ ਪੈਣ ਕਰਕੇ ਆਪਣੀ ਜੱਦੀ ਪੁਸ਼ਤੀ, ਖ਼ਾਨਦਾਨੀ ਬਾਣੀਆ ਵਾਲੀ ਬੋਲੀ ਛੱਡ ਕੇ ਤੁਸੀਂ ਜੱਟਾਂ ਵਾਲੀ ਭਾਸ਼ਾ ਵਰਤੀ ਹੈ ਇਸ ਲਈ ਮੈਨੂੰ ਤੁਹਾਡੀ ਭਾਸ਼ਾ ਵਿਚ ਹੀ ਜਵਾਬ ਦੇਣਾ ਪਿਆ ।

ਅੱਜ ਇੰਨਾ ਹੀ ਕਾਫ਼ੀ ਹੈ ਜੇ ਕਦੇ ਫਿਰ ਮੌਕਾ ਤੁਸੀਂ ਦਿੱਤਾ ਤਾਂ ਘੁੱਟ ਕੇ ਜੱਫ਼ੀ ਪਾ ਕੇ ਮਿਲਾਂਗੇ ਅਤੇ ਬਾਕੀ ਗੱਲਾਂ ਵੀ ਦਿਲ ਖ਼ੋਲ੍ਹ ਕੇ ਕਰਾਂਗੇ ।

❀❀❀

# ਕੀ ਮਹਾਤਮਾ ਗਾਂਧੀ ਹਾਰ ਗਏ?

ਦੇਸ ਦੀ ਅਜ਼ਾਦੀ ਪਿੱਛੋਂ ਕਾਂਗਰਸ ਪਾਰਟੀ, ਸਰਕਾਰੀ ਮੀਡੀਆ (ਰੇਡੀਓ) ਅਤੇ ਟੈਲੀਵੀਜ਼ਨ, ਆਰੀਆ ਸਮਾਜ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਇਕ ਗੀਤ ਪ੍ਰਚਾਰਿਆ ਜਾਂਦਾ ਰਿਹਾ ਹੈ, ਜੋ ਹੁਣ ਭੀ ਕਈ ਵਾਰ ਗਾਂਧੀ ਜਯੰਤੀ ਵਾਲੇ ਦਿਨ ਸੁਣਨ ਨੂੰ ਮਿਲਦਾ ਹੈ ।

**ਲੇ ਦੀ ਤੂ ਨੇ ਅਜ਼ਾਦੀ ਬਿਨਾ ਤੇਗ਼ ਬਿਨਾ ਢਾਲ।**
**ਸਾਬਰਮਤੀ ਕੇ ਸੰਤ ਤੂ ਨੇ ਕਰ ਦੀਆ ਕਮਾਲ ।**

ਇਸ ਤੋਂ ਇਲਾਵਾ ਐਸਾ ਪ੍ਰਚਾਰ ਭੀ ਕੀਤਾ ਗਿਆ, ਜਿਸ ਤੋਂ ਜਨ-ਸਧਾਰਨ ਨੂੰ ਇਹ ਮਹਿਸੂਸ ਹੋਵੇ ਕਿ ਗਾਂਧੀ ਜੀ ਇਕ ਅਵਤਾਰੀ ਪੁਰਸ਼ ਸਨ ਅਤੇ ਪਹਿਲਾਂ ਹੋ ਚੁੱਕੇ ਅਵਤਾਰਾਂ, ਪੈਗ਼ੰਬਰਾਂ ਅਤੇ ਗੁਰੂਆਂ ਦੀ ਕਤਾਰ ਵਿਚ ਆਉਣ ਵਾਲਿਆਂ ਵਿੱਚੋਂ ਪ੍ਰਮੁੱਖ ਸਖ਼ਸ਼ੀਅਤ ਸੀ ।

ਇਸ ਤਰੀਕੇ ਨਾਲ ਕਾਂਗਰਸ ਪਾਰਟੀ ਨੇ ਆਪਣੇ ਆਪ ਨੂੰ ਰਾਸ਼ਟਰ ਪਿਤਾ ਦੇ ਸਹੀ ਵਾਰਸ ਸਾਬਤ ਕਰਕੇ, ਅਠਾਰਵੀਂ ਸਦੀ ਦੇ ਖ਼ਾਲਸਾ ਪੰਥ ਦੇ ਮਹਾਨ ਸ਼ਹੀਦਾਂ, ਕੂਕਾ ਲਹਿਰ ਦੀਆਂ ਕੁਰਬਾਨੀਆਂ 'ਤੇ ਪਰਦਾ ਪਾ ਦਿੱਤਾ । ਇਸੇ ਤਰ੍ਹਾਂ ਗ਼ਦਰੀ ਬਾਬਿਆਂ, ਕਮਿਊਨਿਸਟ ਵੀਚਾਰਧਾਰਾ ਦੇ ਦੇਸ ਭਗਤਾਂ, ਅਕਾਲੀ ਪਾਰਟੀ ਦੇ ਅਜ਼ਾਦੀ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਵੀ ਅਣਡਿੱਠ ਕਰ ਦਿੱਤਾ । ਇੱਥੋਂ ਤੱਕ ਕਿ ਅਜ਼ਾਦ ਹਿੰਦ ਫ਼ੌਜ ਦੀਆਂ ਕੁਰਬਾਨੀਆਂ ਨੂੰ ਬੜੀ ਚਲਾਕੀ ਨਾਲ ਦਬਾ ਕੇ ਆਪਣੀ ਪਾਰਟੀ ਲਈ ਵੋਟਾਂ ਬਟੋਰ ਕੇ, ਹਕੂਮਤ ਦੀ ਵਾਗ-ਡੋਰ ਤੇ ਕਾਬਜ਼ ਹੋਣ ਵਿਚ ਕਾਮਯਾਬ ਹੋ ਗਏ ।

ਪੰਡਤ ਜਵਾਹਰ ਲਾਲ ਨੇ 'ਭਾਰਤ ਏਕ ਖੋਜ' (Discovery of India) ਇਕ ਕਾਫ਼ੀ ਵੱਡੀ ਪ੍ਰਸਿੱਧ ਕਿਤਾਬ ਲਿਖੀ ਹੈ ਅਤੇ ਇਸ ਨੂੰ ਸਮੇਂ-ਸਮੇਂ ਟੀ. ਵੀ. ਦੇ ਰਾਸ਼ਟਰੀ ਚੈਨਲ 'ਤੇ ਦਿਖਾਇਆ ਜਾਂਦਾ ਹੈ । ਇਸ ਕਿਤਾਬ ਵਿਚ ਆਰੀਆ ਜਾਤੀ ਦੇ ਭਾਰਤ ਵਿਚ ਪ੍ਰਵੇਸ਼ ਤੋਂ ਲੈ ਕੇ ਭਾਰਤ ਦੀ ਅਜ਼ਾਦੀ ਤੱਕ ਦੀਆਂ ਘਟਨਾਵਾਂ ਨੂੰ ਬੜੀ ਬਾਰੀਕੀ ਨਾਲ ਕਲਮਬੰਦ ਕੀਤਾ ਗਿਆ ਹੈ ਪਰ ਕਿੰਨੇ ਦੁੱਖ ਦੀ ਗੱਲ ਹੈ ਕਿ ਇਸ ਕਿਤਾਬ ਵਿਚ ਦਸਮੇਸ਼ ਪਿਤਾ ਦੀ ਲਾਸਾਨੀ ਕੁਰਬਾਨੀ ਅਤੇ ਇਸ ਪਿੱਛੋਂ ਤਕਰੀਬਨ 90 ਸਾਲ ਦੇ ਖ਼ਾਲਸਾ ਪੰਥ ਦੇ ਕੁਰਬਾਨੀਆਂ ਭਰੇ ਸੰਘਰਸ਼ ਨੂੰ ਕੋਈ ਜਗ੍ਹਾ ਨਹੀਂ ਦਿੱਤੀ ਗਈ ।

ਗਾਂਧੀ ਜੀ ਦੀ ਵੀਚਾਰਧਾਰਾ ਨੂੰ ਅਪਣਾਉਣ ਵਾਲੇ ਉਨ੍ਹਾਂ ਦੇ ਵਾਰਸਾਂ ਨੇ ਰਾਜ ਸਿੰਘਾਸਨ ਤੇ ਬੈਠ ਕੇ ਜਿਸ ਤਰ੍ਹਾਂ ਦੇਸ ਦੀ ਅਗਵਾਈ ਕੀਤੀ, ਉਸ ਤੋਂ ਹਰ ਇਕ ਦੇ ਮਨ ਵਿਚ ਦੁਬਿਧਾ ਉਠਦੀ ਹੈ ਕਿ ਗਾਂਧੀ ਵੀਚਾਰਧਾਰਾ ਗ਼ਲਤ ਸੀ ਜਾਂ ਕਿ ਉਤਰਾਅਧਿਕਾਰੀ ਇਸ ਤੋਂ ਥਿੜਕ ਗਏ । ਇਸ ਗੱਲ ਨੂੰ ਵੀਚਾਰਨ ਲਈ ਲੜੀਵਾਰ ਵਾਪਰੀਆਂ ਘਟਨਾਵਾਂ ਦਾ ਵਿਸ਼ਲੇਸ਼ਨ ਕਰਨ ਦੀ ਲੋੜ ਹੈ ।

ਦੇਸ ਦੀ ਅਜ਼ਾਦੀ ਤੋਂ ਪਿਛੋਂ ਜਲਦੀ ਹੀ ਅਤੇ ਮਹਾਤਮਾ ਗਾਂਧੀ ਜੀ ਦੇ ਜੀਵਤ ਹੁੰਦਿਆਂ, ਜਦੋਂ ਪਾਕਿਸਤਾਨ ਨੇ ਕਸ਼ਮੀਰ ਦੀ ਲੜਾਈ ਛੇੜ ਦਿੱਤੀ ਤਾਂ ਸਾਬਰਮਤੀ ਦੇ ਸੰਤ ਦੀ ਵੀਚਾਰਧਾਰਾ ਲੜਖੜਾ ਗਈ ਅਤੇ ਭਾਰਤ ਸਰਕਾਰ ਨੂੰ, ਤੋਪਾਂ ਟੈਂਕਾਂ ਨਾਲ ਲੈਸ ਫ਼ੌਜ ਅਤੇ ਹਵਾਈ ਸੈਨਾ ਭੇਜ ਕੇ ਕਸ਼ਮੀਰ ਨੂੰ ਬਚਾਉਣਾ ਪਿਆ ।

ਦੇਸ ਦੇ ਬਟਵਾਰੇ ਪਿੱਛੋਂ ਜਦੋਂ ਦਿੱਲੀ ਸਰਕਾਰ ਨੇ ਫਰਮਾਨੇ-ਸ਼ਾਹੀ ਕੱਢ ਦਿੱਤਾ ਕਿ ਪਾਕਿਸਤਾਨ ਤੋਂ ਆਉਣ ਵਾਲੇ ਸਾਰੇ ਸਿੱਖ ਜ਼ਰਾਇਮ ਪੇਸ਼ਾ ਹਨ (ਸਿਰਦਾਰ ਕਪੂਰ ਸਿੰਘ ਜੀ ਦੀ ਲਿਖਤ 'ਸਾਚੀ ਸਾਖੀ' ਅਨੁਸਾਰ) ਤਾਂ 'ਈਸ਼ਵਰ ਅੱਲਾ ਤੇਰੋ ਨਾਮ' ਕਹਿਣ ਵਾਲੇ ਸੰਤ ਜੀ ਦੀ ਵੀਚਾਰਧਾਰਾ ਦਾ ਦਿਵਾਲਾ ਨਿਕਲ ਗਿਆ ।

ਅਜ਼ਾਦ ਭਾਰਤ ਵੱਲੋਂ ਇਕ ਬਿਲ ਪਾਸ ਕੀਤਾ ਗਿਆ ਕਿ ਕੇਵਲ ਹਿੰਦੂ ਅਛੂਤਾਂ ਨੂੰ ਹੀ ਸਾਰੀਆਂ ਸਹੂਲਤਾਂ ਮਿਲਣਗੀਆਂ । ਮਾਸਟਰ ਤਾਰਾ ਸਿੰਘ ਦੇ ਇਸ ਦਾ ਸਖ਼ਤ ਵਿਰੋਧ ਕਾਰਨ ਅਤੇ ਐਜੀਟੇਸ਼ਨ ਕਰਨ ਤੇ ਸਿੱਖ ਅਛੂਤਾਂ ਨੂੰ ਤਾਂ ਇਹ ਸਹੂਲਤਾਂ ਮਿਲ ਗਈਆਂ ਪਰ ਮੁਸਲਮਾਨ ਅਤੇ ਈਸਾਈਆਂ ਲਈ ਫਿਰ ਭੀ ਦਰਵਾਜ਼ੇ ਬੰਦ ਕਰ ਦਿੱਤੇ ਗਏ ।

ਕਾਂਗਰਸ ਪਾਰਟੀ ਦੇ ਆਪਣੇ ਬਣਾਏ ਕਨੂੰਨ ਕਿ ਦੇਸ ਵਿਚ ਸੂਬਿਆਂ ਦੀ ਹੱਦਬੰਦੀ ਬੋਲੀ ਦੇ ਆਧਾਰ ਤੇ ਕੀਤੀ ਜਾਵੇਗੀ ਅਨੁਸਾਰ, ਜਦੋਂ ਅਕਾਲੀ ਪਾਰਟੀ ਨੇ ਪੰਜਾਬੀ ਸੂਬੇ ਦੀ ਮੰਗ ਉਠਾਈ ਤਾਂ ਤਕਰੀਬਨ ਤੀਹ ਸਾਲ ਜਿਸ ਤਰ੍ਹਾਂ ਅਕਾਲੀਆਂ ਨੂੰ ਇਸ ਬਾਰੇ ਸੰਤਾਪ ਭੋਗਣਾ ਪਿਆ ਇਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ । ਇਸੇ ਤਰ੍ਹਾਂ ਨਾਗਾਲੈਂਡ ਅਤੇ ਅਸਾਮ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਨਾ ਗਾਂਧੀ ਚਰਖਾ ਕੋਈ ਕੰਮ ਆਇਆ ਅਤੇ ਨਾ ਹੀ ਇਨ੍ਹਾਂ ਦੇ ਸੇਵਕਾਂ ਚੋਂ ਕਿਸੇ ਦਾ ਮਰਨ-ਵਰਤ ਕੋਈ ਸਾਰਥਕ ਸਿੱਟੇ ਕੱਢ ਸਕਿਆ ਬਲਕਿ ਅੱਜ ਤੱਕ ਅਣਗਿਣਤ ਮਾਵਾਂ ਦੇ ਲਾਲ ਭਾਰਤੀ ਫ਼ੌਜ ਦੀਆਂ ਗੋਲੀਆਂ ਨੇ ਸਦਾ ਦੀ ਨੀਂਦ ਸੁਆ ਦਿੱਤੇ ।

ਮਹਾਤਮਾ ਗਾਂਧੀ ਦੇ ਵਿਸ਼ਵਾਸਪਾਤਰ, ਦੇਸ ਦੇ ਪਹਿਲੇ ਰਾਸ਼ਟਰਪਤੀ

ਜਦੋਂ ਰਾਸ਼ਟਰਪਤੀ ਭਵਨ ਵਿਚ ਸਨ ਤਾਂ ਇਹ ਵੀਚਾਰ ਪੇਸ਼ ਕੀਤਾ ਕਿ ਭਾਰਤ ਇਕ ਅਮਨਪਸੰਦ ਦੇਸ ਹੈ ਇਸ ਲਈ ਫ਼ੌਜ ਦਾ ਖਰਚਾ ਘੱਟ ਕਰ ਕੇ (ਜਾਂ ਤੋੜ ਕੇ) ਦੁਨੀਆਂ ਨੂੰ ਇਕ ਮਿਸਾਲ ਪੇਸ਼ ਕਰਨੀ ਚਾਹੀਦੀ ਹੈ ਪਰ ਥੋੜ੍ਹੀ ਦੇਰ ਪਿੱਛੋਂ ਜਦੋਂ ਚੀਨ ਨੇ ਹਮਲਾ ਕਰ ਦਿੱਤਾ ਅਤੇ ਬਾਬੂ ਰਾਜਿੰਦਰ ਪ੍ਰਸ਼ਾਦ ਜੀ ਰਿਟਾਇਰ ਹੋ ਕੇ (ਪਟਨੇ) ਆਪਣੇ 'ਸਦਾਕਤ ਆਸ਼ਰਮ' ਵਿਚ ਪਹੁੰਚ ਗਏ ਤਾਂ ਇਹ ਬਿਆਨ ਦਿੱਤਾ ਕਿ ਦੇਸ ਦੇ ਬੱਚੇ-ਬੱਚੇ ਨੂੰ ਮਿਲਟਰੀ ਟ੍ਰੇਨਿੰਗ ਦੇਣੀ ਚਾਹੀਦੀ ਹੈ ।

ਦੇਸ ਦੀ ਅਜ਼ਾਦੀ ਪਿਛੋਂ, ਕਾਂਗਰਸ ਪਾਰਟੀ ਦੇ ਰਾਜਕਾਲ ਵੇਲੇ ਦੇਸ ਦੇ ਵੱਖ-ਵੱਖ ਸੂਬਿਆਂ ਵਿਚ ਸਰਕਾਰੀ ਮਸ਼ੀਨਰੀ ਨੇ ਜਿੰਨਾ ਜਾਨੀ ਨੁਕਸਾਨ ਮੁਸਲਮਾਨਾਂ ਦਾ ਕੀਤਾ, ਸਰਕਾਰੀ ਰਿਕਾਰਡ, ਗਾਂਧੀਵਾਦ ਦਾ ਮੂੰਹ ਚਿੜਾਉਂਦਾ ਹੈ ।

1971 ਦੇ ਕੇਂਦਰੀ ਕਰਮਚਾਰੀਆਂ ਦੀ ਹੜਤਾਲ ਵੇਲੇ ਜੋ-ਜੋ ਹਥਕੰਡੇ ਕੇਂਦਰ ਸਰਕਾਰ ਨੇ ਵਰਤੇ ਖ਼ਬਰ ਏਜੰਸੀ B.B.C. ਅਨੁਸਾਰ ਅਜਿਹੇ ਹਥਕੰਡਿਆਂ ਨਾਲ ਬਰਤਾਨੀਆਂ ਸਰਕਾਰ ਅਜੇ ਸੌ ਸਾਲ ਹੋਰ ਹਿੰਦੁਸਤਾਨ ਤੇ ਰਾਜ ਕਰ ਸਕਦੀ ਸੀ । ਇਸੇ ਤਰ੍ਹਾਂ ਨਕਸਲ-ਬਾੜੀ ਲਹਿਰ ਨੂੰ ਨਜਿੱਠਣ ਦੇ ਢੰਗ, ਜਾਂ ਕੇਂਦਰ ਸਰਕਾਰ ਦੇ ਬਣਾਏ ਮੀਸਾ ਅਤੇ ਟਾਡਾ ਐਕਟ ਦੇ ਅਧੀਨ ਜੋ ਅਣਮਨੁੱਖੀ ਤਸੀਹੇ ਦੇਸ ਵਾਸੀਆਂ ਨੇ ਝੱਲੇ ਅਤੇ ਜਿਨ੍ਹਾਂ ਨੂੰ ਖ਼ੁਦ ਹੀ ਅਗਲੀਆਂ ਸਰਕਾਰਾਂ ਨੇ ਗ਼ਲਤ ਮੰਨ ਕੇ ਖ਼ਤਮ ਕੀਤਾ, ਨੇ ਗਾਂਧੀਵਾਦ ਦੇ ਪਰਖਚੇ ਉੱਡਾ ਦਿੱਤੇ ।

ਸਾਕਾ ਨੀਲਾ ਤਾਰਾ ਨੇ ਤਾਂ ਗਾਂਧੀਵਾਦ ਅਤੇ ਗਾਂਧੀ ਵੀਚਾਰਧਾਰਾ ਨੂੰ ਕਬਰ ਵਿਚ ਸੁਆ ਦਿੱਤਾ । ਕੈਸੀ ਵਿਡੰਬਣਾ ਹੈ ਕਿ ਸਾਬਰਮਤੀ ਦੇ ਸੰਤ ਨੇ ਤਾਂ ਦੁਨੀਆਂ ਦੀ ਦੋ ਤਿਹਾਈ ਤੇ ਰਾਜ ਕਰਨ ਵਾਲੀ ਅੰਗਰੇਜ਼ ਸਰਕਾਰ ਨੂੰ ਬਿਨਾਂ ਤੇਗ਼ ਬਿਨਾ ਢਾਲ ਦੇਸ ਵਿਚੋਂ ਕੱਢ ਦਿੱਤਾ ਪਰ ਹਰਿਮੰਦਰ ਸਾਹਿਬ ਵਿਚੋਂ ਕੇਵਲ ਦੋ ਸੌ ਖਾੜਕੂਆਂ ਨੂੰ ਕੱਢਣ ਲਈ ਉਨ੍ਹਾਂ ਦੇ ਉੱਤਰਅਧਿਕਾਰੀਆਂ ਨੂੰ ਅਨੇਕਾਂ ਜਰਨੈਲਾਂ ਅਧੀਨ ਟੈਂਕਾਂ, ਬਖ਼ਤਰਬੰਦ ਗੱਡੀਆਂ ਅਤੇ ਤੋਪਖ਼ਾਨੇ ਨਾਲ ਲੈਸ ਸੱਤਰ ਹਜ਼ਾਰ ਫ਼ੌਜ ਭੇਜਣੀ ਪਈ । ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦੇਸ ਵਿਚ ਕਾਂਗਰਸ ਸਰਕਾਰ ਵਲੋਂ ਕੀਤੇ ਸਿੱਖਾਂ ਦੇ ਕਤਲੇਆਮ ਨੇ ਤਾਂ ਗਾਂਧੀਵਾਦ ਦੀ ਵੀਚਾਰਧਾਰਾ ਲੀਰੋ-ਲੀਰ ਕਰ ਦਿੱਤੀ ।

ਫਿਰ ਇਹ ਭੀ ਸੋਚਣਾ ਪੈਂਦਾ ਹੈ ਕਿ ਜੇ ਗਾਂਧੀ ਜੀ, ਇੰਨੇ ਹੀ ਸ਼ਾਂਤੀ ਦੇ ਅਵਤਾਰ ਸੀ ਤਾਂ ਉਨ੍ਹਾਂ ਨੂੰ ਸ਼ਾਂਤੀ ਦਾ ਨੋਬਲ ਪੁਰਸਕਾਰ ਕਿਉਂ ਨਾ ਮਿਲ ਸਕਿਆ । ਗਾਂਧੀ ਭਗਤਾਂ ਕੋਲ ਤਾਂ ਘੜਿਆ ਘੜਾਇਆ ਉੱਤਰ ਹੈ ਕਿ ਪੁਰਸਕਾਰ ਦੇਣ ਵਾਲੀ ਕਮੇਟੀ ਅੰਗਰੇਜ਼ਾਂ ਦੇ ਦਬਾ ਹੇਠ ਹੋਣ ਕਰਕੇ ਗਾਂਧੀ ਜੀ ਨੂੰ ਇਹ ਪੁਰਸਕਾਰ ਨਹੀਂ



ਮਿਲ ਸਕਿਆ । ਜੇ ਇਹ ਕਮੇਟੀ ਪੱਖਪਾਤ ਵਾਲੀ ਹੁੰਦੀ ਤਾਂ ਹੋਰ ਭਾਰਤੀ ਮੂਲ ਦੇ ਬੰਦਿਆਂ, ਰਾਬਿੰਦਰ ਨਾਥ ਟੈਗੋਰ, ਸਰ ਜਗਦੀਸ਼ ਚੰਦਰ ਬੋਸ ਅਤੇ ਡਾ.ਸੀ.ਵੀ. ਰਮਨ ਨੂੰ ਇਹ ਕਿਸ ਤਰ੍ਹਾਂ ਮਿਲ ਸਕਦਾ ਸੀ?

ਸਚਾਈ ਇਹ ਹੈ ਕਿ ਆਪਣੇ ਦੇਸ ਦੀ ਅਜ਼ਾਦੀ ਦੇ ਲਾਲਚ ਵਿਚ ਆ ਕੇ ਦੂਸਰੇ ਸੰਸਾਰ ਯੁੱਧ ਵਿਚ, ਗਾਂਧੀ ਜੀ ਨੇ ਜਿਸ ਤਰ੍ਹਾਂ ਜਾਨੀ-ਮਾਲੀ ਮੱਦਦ ਅੰਗਰੇਜ਼ ਸਰਕਾਰ ਦੀ ਕੀਤੀ ਉਸ ਨੂੰ ਵੀਚਾਰ ਕੇ ਕਮੇਟੀ ਨੇ ਗਾਂਧੀ ਜੀ ਨੂੰ ਇਹ ਸਨਮਾਨ ਦੇਣ ਤੋਂ ਨਾਂਹ ਕਰ ਦਿੱਤੀ । ਨਾ ਤਾਂ ਗਾਂਧੀ ਜੀ ਨੇ ਸੰਸਾਰ ਯੁੱਧ ਖ਼ਤਮ ਕਰਨ ਲਈ ਕੋਈ ਸਿਆਸੀ ਪਹਿਲ ਕਦਮੀ ਕੀਤੀ ਅਤੇ ਨਾ ਹੀ ਆਪਣਾ ਮਰਨ ਵਰਤ ਦਾ ਫਾਰਮੂਲਾ ਅਪਣਾਇਆ ।

ਵੈਸੇ ਭੀ ਗਾਂਧੀ ਜੀ ਦਾ ਵਾਹ ਲਾਰਡ ਮਾਊਂਟਬੈਟਨ ਵਰਗੇ ਪਤਵੰਤੇ ਵਾਇਸਰਾਏ ਨਾਲ ਪਿਆ ਇਸ ਲਈ ਉਨ੍ਹਾਂ ਨੇ ਮਰਨ-ਵਰਤ ਰੱਖਣ 'ਤੇ, ਅਖ਼ੀਰ ਸਰਕਾਰ ਆਪ ਝੁਕ ਜਾਂਦੀ ਰਹੀ । ਗਾਂਧੀ ਜੀ ਦਾ ਵਾਹ ਜੇ ਕਿਤੇ ਇੰਦਰਾ ਗਾਂਧੀ ਨਾਲ ਪਿਆ ਹੁੰਦਾ ਤਾਂ ਪਹਿਲੇ ਵਰਤ ਤੇ ਹੀ ਜੈ ਪ੍ਰਕਾਸ਼ ਨਰਾਇਣ ਦੀ ਤਰ੍ਹਾਂ ਸਾਰੀ ਉਮਰ ਅਪੰਗ ਰਹਿਣਾ ਪੈਂਦਾ ਜਾਂ ਫਿਰ ਦਰਸ਼ਨ ਸਿੰਘ ਫੇਰੂਮਾਨ ਵਾਂਗ ਪਹਿਲੇ ਵਰਤ ਤੇ ਹੀ ਦਸਹਿਰਾ ਪੂਜਿਆ ਜਾਣਾ ਸੀ ।

ਜੇ ਕਿਤੇ ਗਾਂਧੀ ਜੀ ਦਾ ਵਾਹ ਔਰੰਗਜ਼ੇਬ ਨਾਲ ਪੈ ਜਾਂਦਾ ਤਾਂ ਪਹਿਲੇ ਵਰਤ ਤੋਂ ਪਹਿਲਾਂ ਹੀ ਸਦਾ ਲਈ ਪੱਕਾ ਵਰਤ ਧਾਰਨ ਕਰਾ ਦਿੱਤਾ ਜਾਂਦਾ । ਇਸੇ ਲਈ ਮਹਾਂਬਲੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗਾਂਧੀ ਜੀ ਭੁੱਲੜ ਦੇਸ ਭਗਤ ਨਜ਼ਰ ਆਉਂਦੇ ਸੀ ਅਤੇ ਉਨ੍ਹਾਂ ਦੇ ਉੱਤਰਅਧਿਕਾਰੀਆਂ ਨੂੰ ਸਾਰਾ ਸਿੱਖ ਜਗਤ ਅੱਤਵਾਦੀ, ਵੱਖਵਾਦੀ ਦਿਸਦਾ ਹੈ ।

ਸੰਨ 1962 ਦੀ ਚੀਨ ਦੀ ਲੜਾਈ, ਸੰਨ 1965 ਅਤੇ ਸੰਨ1971 ਦੀਆਂ ਲੜਾਈਆਂ, ਸੰਨ 1984 ਦਾ ਬਲਿਊ ਸਟਾਰ ਓਪਰੇਸ਼ਨ, ਇੰਦਰਾ ਗਾਂਧੀ ਦੇ ਮਰਨ ਪਿਛੋਂ ਸਿੱਖਾਂ ਦੀ ਨਸਲਕੁਸ਼ੀ ਅਤੇ ਇਸ ਪਿੱਛੋਂ ਸਰਕਾਰੀ ਜਬਰ ਵਿਰੁੱਧ ਸਿੱਖ ਖਾੜਕੂ ਲਹਿਰ ਨੂੰ ਜਿਸ ਜਬਰ ਨਾਲ ਭਾਰਤ ਸਰਕਾਰ ਨੇ ਖ਼ਤਮ ਕੀਤਾ ਉਹ ਗਾਂਧੀਵਾਦ ਅਤੇ ਉਸ ਦੇ ਉੱਤਰਅਧਿਕਾਰੀਆਂ ਦੀ ਜ਼ਮੀਰ 'ਤੇ ਕਰਾਰੀ ਚਪੇੜ ਹੈ । ਕਾਂਗਰਸ ਪਾਰਟੀ ਅਤੇ ਇਸ ਦੇ ਦਬਾ ਹੇਠ ਪੱਖਪਾਤੀ ਇਲੈਕਟ੍ਰੋਨਿਕ ਮੀਡੀਆ ਜਾਂ ਪ੍ਰਿੰਟ ਮੀਡੀਆ ਅਤੇ ਸਰਕਾਰੀ ਰਿਕਾਰਡ ਜੋ ਮਰਜ਼ੀ ਪਿਆ ਕਹੇ ਪਰ ਇਤਿਹਾਸ ਬੋਲੇਗਾ ਕਿ ਜਿਸ ਖ਼ਾਨਦਾਨ (ਕਸ਼ਮੀਰੀ ਬ੍ਰਾਹਮਣ) ਲਈ ਸ੍ਰੀ ਗੁਰੂ ਤੇਗ਼ ਬਹਾਦਰ ਮਹਾਰਾਜ ਨੇ ਸ਼ਹੀਦੀ ਪਾਈ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਨੇ ਸਰਬੰਸ ਵਾਰਿਆ ਅਤੇ ਆਪਾ ਕੁਰਬਾਨ ਕਰ ਦਿੱਤਾ ਜਦੋਂ ਉਸੇ ਖ਼ਾਨਦਾਨ ਦੀ ਬੇਟੀ

(ਇੰਦਰਾ ਗਾਂਧੀ) ਦਿੱਲੀ ਤਖ਼ਤ ਤੇ ਬੈਠੀ ਉਸ ਨੇ ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕੀਤੀ ਅਤੇ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਦਿੱਲੀ ਅਤੇ ਹਿੰਦੁਸਤਾਨ ਦੇ ਹੋਰ ਵੱਡੇ ਸ਼ਹਿਰਾਂ ਵਿਚ ਸਿਖਾਂ ਦਾ ਕਤਲੇਆਮ ਕਰਵਾਇਆ ।

ਨਾਦਰਸ਼ਾਹ ਵੱਲੋਂ ਕਰਵਾਏ ਦਿੱਲੀ ਦੇ ਕਤਲੇਆਮ ਪਿੱਛੋਂ ਤਕਰੀਬਨ ਦੋ ਸੌ ਸਾਲ ਪਿੱਛੋਂ ਇਹ ਦੂਸਰਾ ਸਿੱਖਾਂ ਦਾ ਕਤਲੇਆਮ ਹੋਇਆ । ਅਠਾਰਵੀਂ ਸਦੀ ਵਿਚ ਮੁਗ਼ਲ ਕਾਲ ਵੇਲੇ ਲਖਪਤ ਰਾਇ ਨੇ ਛੋਟੇ ਘਲੂਘਾਰੇ ਵਿਚ ਸਰਕਾਰੀ ਕਰਮਚਾਰੀਆਂ (ਸੁਬੇਗ ਸਿੰਘ, ਸ਼ਾਹਬਾਜ਼ ਸਿੰਘ) ਦਾ ਅਤੇ ਆਮ ਸਿੱਖਾਂ ਦਾ ਕਤਲੇਆਮ ਕੀਤਾ ਸੀ ਉਸ ਪਿੱਛੋਂ ਸਾਡੀ ਆਪਣੀ ਸਰਕਾਰ ਨੇ ਆਪਣੇ ਕਰਮਚਾਰੀਆਂ ਦਾ ਅਤੇ ਸਿੱਖ ਨਾਗਰਿਕਾਂ ਦੀ ਨਸਲਕੁਸ਼ੀ ਕੀਤੀ ।

ਕਾਂਗਰਸੀ ਲੀਡਰ ਅਤੇ ਹੋਰ ਦੇਸ ਦੇ ਆਗੂ ਇਹ ਭੀ ਕਹਿੰਦੇ ਹਨ 'ਸਿੱਖੋਂ ਕੀ ਦੇਸ ਕੀ ਅਜ਼ਾਦੀ ਕੇ ਲੀਏ ਕੁਰਬਾਨੀ ਲਾਮਿਸਾਲ ਹੈ' ਪਰ ਫਿਰ ਸਿੱਖਾਂ ਦੇ ਕਾਤਲਾਂ ਦੀਆਂ ਮੜ੍ਹੀਆਂ ਤੇ ਜਾ ਕੇ ਹਰ ਸਾਲ ਜੇ ਮਰਸੀਏ ਪੜ੍ਹਨ ਅਤੇ ਸ਼ਰਧਾਂਜਲੀਆਂ ਦੇਣ ਤਾਂ ਫਿਰ ਇਨ੍ਹਾਂ ਨੂੰ:

**'ਈਸਵਰ ਅੱਲਾ ਤੇਰੋ ਨਾਮ ਸਭ ਕੋ ਸੰਮਤੀ ਦੇ ਭਗਵਾਨ'**

ਕਹਿਣ ਵਾਲੇ ਇਨ੍ਹਾਂ ਦੇ ਬਾਪੂ ਦੀ ਮੜ੍ਹੀ ਨੂੰ ਹਮੇਸ਼ਾਂ ਲਈ ਤਾਲਾ ਲਗਾ ਦੇਣਾ ਚਾਹੀਦਾ ਹੈ ।

ਦੇਸ ਦੀ ਅਜ਼ਾਦੀ ਪਿੱਛੋਂ ਹੁਣ ਤੱਕ ਦੀਆਂ ਵਾਪਰੀਆਂ ਹਿੰਸਕ ਘਟਨਾਵਾਂ ਦਾ ਜੇ ਮੁਲਾਂਕਣ ਕੀਤਾ ਜਾਵੇ ਤਾਂ ਸਾਬਤ ਹੋ ਜਾਵੇਗਾ ਕਿ ਜਿੰਨੇ ਇਸ ਦੇਸ ਦੇ ਨਾਗਰਿਕ ਅੰਗਰੇਜ਼ੀ ਕਾਲ ਵੇਲੇ 200 ਸਾਲ ਵਿਚ ਮਾਰੇ ਗਏ ਤਕਰੀਬਨ ਉਨੇ ਹੀ ਸਾਡੀਆਂ ਆਪਣੀ ਸਰਕਾਰਾਂ ਨੇ ਸੱਠ ਸਾਲ ਵਿਚ ਮਿੱਟੀ ਵਿਚ ਮਿਲਾ ਦਿੱਤੇ ।

## ਮਾਂ ਬੋਲੀ

ਦੁਨੀਆਂ ਦੇ ਸਾਰੇ ਚਿੰਤਕ ਇਸ ਗੱਲ ਤੇ ਸਹਿਮਤ ਹਨ ਕਿ ਬੱਚੇ ਦਾ ਸਰਬ ਪੱਖੀ ਵਿਕਾਸ ਆਪਣੀ ਮਾਂ ਬੋਲੀ ਵਿਚ ਹੀ ਹੋ ਸਕਦਾ ਹੈ । ਜੇਤੂ ਕੌਮ ਹਾਰੀ ਹੋਈ ਕੌਮ ਨੂੰ ਖ਼ਤਮ ਕਰਨ ਲਈ ਪਹਿਲਾਂ ਉਸ ਦਾ ਝੰਡਾ ਖੋਹ ਕੇ ਆਪਣਾ ਝੰਡਾ ਲਗਾਉਂਦੀ ਹੈ ਫਿਰ ਅਨੇਕਾਂ ਬਹਾਨੇ ਬਣਾ ਕੇ ਆਪਣੀ ਬੋਲੀ ਉਸ 'ਤੇ ਠੋਸਦੀ ਹੈ । ਵਿਦੇਸ਼ੀ ਹਮਲਾਵਰਾਂ ਅਤੇ ਖ਼ਾਸ ਕਰ ਮੁਗ਼ਲ ਹਮਲਾਵਰਾਂ ਨੇ ਜੇਤੂ ਹੋ ਕੇ ਇਸ ਦੇਸ ਦੀਆਂ ਪ੍ਰਚਲਿਤ ਬੋਲੀਆਂ ਨੂੰ ਨਜ਼ਰਅੰਦਾਜ਼ ਕਰ ਕੇ ਫ਼ਾਰਸੀ ਨੂੰ ਪ੍ਰਚਲਿਤ ਕੀਤਾ ਅਤੇ ਇਸੇ ਤਰ੍ਹਾਂ ਅੰਗਰੇਜ਼ਾਂ ਨੇ ਕੀਤਾ ।

ਆਮ ਜਨਤਾ ਹਾਕਮਾਂ ਦੀ ਖ਼ੁਸ਼ਨੂਦੀ ਅਤੇ ਲੋੜ-ਪੂਰਤੀ ਲਈ ਵਿਦੇਸ਼ੀ ਬੋਲੀ ਨੂੰ ਪਹਿਲਾਂ ਤਾਂ ਮਜ਼ਬੂਰ ਹੋ ਕੇ ਅਪਣਾਉਂਦੀ ਹੈ ਫਿਰ ਹੌਲੀ-ਹੌਲੀ ਆਪਣੀ



ਬੋਲੀ ਅਤੇ ਸੱਭਿਅਤਾ ਵਿਚੋਂ ਕਮੀਆਂ ਭਾਸਣ ਕਰਕੇ ਹਾਕਮਾਂ ਦੇ ਬੋਲੀ ਅਧੀਨ ਹੋ ਜਾਂਦੀ ਹੈ ਅਤੇ ਆਪਣੀ ਬੋਲੀ, ਸੱਭਿਆਚਾਰ ਅਤੇ ਜੀਵਨ ਸ਼ੈਲੀ ਤੋਂ ਨਫ਼ਰਤ ਕਰਨ ਲੱਗ ਜਾਂਦੀ ਹੈ ।

ਸਾਡੇ ਦੇਸ ਦੀ ਬੋਲੀ ਖ਼ਾਸ ਕਰ ਕੇ ਪੰਜਾਬੀ ਅਥਵਾ ਗੁਰਮੁਖੀ ਲਿੱਪੀ ਕੁਦਰਤ ਦੇ ਨਿਯਮ ਤੇ ਖ਼ਰੀ ਉਤਰਨ ਵਾਲੀ ਅਤੇ ਸਭ ਤੋਂ ਸੌਖੀ ਹੈ । ਬੱਚੇ ਦੇ ਦੰਦ ਆਉਣ ਤੋਂ ਪਹਿਲਾਂ ਕੇਵਲ ਬੁੱਲ੍ਹਾਂ ਤੋਂ ਹੀ ਕੰਮ ਲੈਣਾ ਹੁੰਦਾ ਹੈ ਇਸ ਲਈ ਬੱਚੇ ਨੂੰ ਪਹਿਲਾਂ ਮਾਂ, ਪਾਪਾ ਆਦਿ ਸਿਖਾਏ ਜਾਂਦੇ ਹਨ । ਇਸ ਲਈ ਬੁੱਲਾਂ ਨਾਲ ਬੋਲਣ ਵਾਲੇ ਸਾਰੇ ਅੱਖਰ ਸਭ ਇਕ ਲਾਈਨ ਵਿਚ ਹਨ:

ਪ ਫ ਬ ਭ ਮ

ਫਿਰ ਜਦੋਂ ਬੱਚੇ ਦੇ ਦੰਦ ਆ ਜਾਂਦੇ ਹਨ ਤਾਂ ਦੰਦ ਮੀਚ ਕੇ ਬੋਲਣ ਵਾਲੇ ਸਾਰੇ ਅੱਖ਼ਰ ਇਕ ਲਾਈਨ ਵਿਚ ਹਨ :

ਤ ਥ ਦ ਧ ਨ

ਇਸ ਪਿਛੋਂ ਤਾਲੂਏ ਦੇ ਮੱਦਦ ਨਾਲ ਬੋਲਣ ਵਾਲੇ ਸਾਰੇ ਅੱਖ਼ਰ ਇਕ ਲਾਈਨ ਵਿਚ ਹਨ :

ਕ ਖ ਗ ਘ ਙ

ਇਸ ਦੇ ਉੱਲਟ ਅੰਗਰੇਜ਼ੀ ਬੋਲੀ ਵਿਚ ਕੋਈ ਤਰਤੀਬ ਨਹੀਂ । ਸਾਰੀ ਵਰਨਮਾਲਾ ਦੀ ਕਿਸੇ ਅੱਖ਼ਰ ਦੀ ਧੁਨੀ ਕਿਤੋਂ ਉੱਠਦੀ ਹੈ ਅਤੇ ਕਿਸੇ ਦੀ ਕਿੱਥੋਂ ਉੱਠਦੀ ਹੈ

ABCDEFGH

ਫਿਰ ਪੰਜਾਬੀ ਬੋਲੀ ਦੀ ਗੁਰਮੁਖੀ ਲਿਪੀ ਵਿਚ ਕੇਵਲ ਦਸ ਲਗਾਂ ਮਾਤਰਾਂ ਹੀ ਸਭ ਕੰਮ ਸਾਰ ਦਿੰਦੀਆਂ ਹਨ । ਇਸ ਤੋਂ ਇਲਾਵਾ ਗੁਰਮੁਖੀ ਲਿਪੀ ਸੰਪੂਰਨ ਹੈ ਅਤੇ ਅੰਗਰੇਜ਼ੀ ਦੀ ਵਰਣਮਾਲਾ ਅਧੂਰੀ ਹੈ। ਇਸ ਲਈ ਅੰਗਰੇਜ਼ੀ ਬੋਲਣ ਵਾਲੇ ਘ, ੜ, ਧ, ਭ, ਣ, ਙ ਅਤੇ ਞ ਆਦਿ ਅੱਖਰ ਨਹੀਂ ਬੋਲ ਸਕਦੇ । ਸਾਡਾ ਵਿਸ਼ਵਾਸ ਹੈ ਗੁਰਮੁਖੀ ਲਿਪੀ ਬੋਲਣ ਵਾਲਾ ਕਿਸੇ ਭੀ ਭਾਸ਼ਾ ਵਿਚ ਸਹਿਜੇ ਹੀ ਸਹੀ ਉਚਾਰਣ ਕਰ ਸਕਦਾ ਹੈ ਜਦੋਂ ਕਿ ਸਾਡੇ ਦੇਸ ਦੇ ਹਿੰਦੀ ਭਾਸ਼ਾ ਬੋਲਣ ਵਾਲੇ ਭੀ ਸਾਡੇ ਵਾਂਗ ਘੜਾ, ਝੱਝਰ ਆਦਿ ਦਾ ਸ਼ੁੱਧ ਉਚਾਰਨ ਨਹੀਂ ਕਰ ਸਕਦੇ ।

ਲੰਮੇ ਸੰਘਰਸ਼ ਅਤੇ ਅਤਿਅੰਤ ਕੁਰਬਾਨੀਆਂ ਨਾਲ ਪ੍ਰਾਪਤ ਹੋਇਆ ਪੰਜਾਬੀ ਸੂਬਾ ਵਾਸੀ, ਹੀਣ-ਭਾਵਨਾ ਅਤੇ ਹੋਰ ਮਜ਼ਬੂਰੀਆਂ ਕਾਰਨ ਆਪਣੇ ਬੱਚਿਆਂ ਨੂੰ ਪਬਲਿਕ ਸਕੂਲਾਂ ਵਿਚ ਪੜ੍ਹਾ ਕੇ ਮਾਂ ਬੋਲੀ ਅਤੇ ਪੰਜਾਬੀ ਸਭਿਆਚਾਰ ਨਾਲ ਧੋਖਾ ਅਤੇ ਅਪਮਾਨ ਕਰ ਰਹੇ ਹਨ । ਫ਼ਲਸਰੂਪ ਸਕੂਲੀ ਬੱਚੇ ਗੁਰਮੁਖੀ

ਲਿੱਪੀ ਵਿਚ ਲਿਖੀ ਗੁਰਬਾਣੀ ਪੜ੍ਹਨ ਤੋਂ ਅਸਮਰਥ ਹਨ । ਬੱਚਿਆਂ ਨੂੰ ਉਣੰਜਾ ਜਾਂ ਉਣਾਹਠ ਦਾ ਪਤਾ ਨਹੀਂ, ਪੁੱਛਣਗੇ ਅੰਕਲ ਕਿੰਨੇ ਹੁੰਦੇ ਹਨ ਪਰ ਫੋਰਟੀ ਨਾਈਨ ਅਤੇ ਫਿਫਟੀ ਨਾਈਨ ਦਾ ਪਤਾ ਹੈ । ਦੇਸੀ ਮਹੀਨੇ ਅਤੇ ੧, ੨, ੩ ਆਦਿ ਦੀ ਗਿਣਤੀ ਦਾ ਪਤਾ ਨਹੀਂ ।

ਜੇ ਗੁਰਮੁਖੀ ਨਹੀਂ ਪੜ੍ਹਨਗੇ ਤਾਂ ਗੁਰਬਾਣੀ ਅਤੇ ਸਿੱਖ ਇਤਿਹਾਸ ਕਿਵੇਂ ਪੜ੍ਹਨਗੇ ? ਅਤੇ ਸਿੱਖੀ ਪ੍ਰਤੀ ਪਿਆਰ ਕਿਵੇਂ ਪਵੇਗਾ ? ਇਸ ਲਈ ਕਿਸੇ ਹੱਦ ਤੱਕ ਸਿੱਖ ਬੱਚਿਆਂ ਦੇ ਪਤਿਤ ਹੋਣ ਲਈ ਪਬਲਿਕ ਸਕੂਲ ਕਲਚਰ ਭੀ ਜ਼ੁੰਮੇਵਾਰ ਹੈ । ਬਲਕਿ ਅਸੀਂ ਖ਼ੁਦ ਹਾਂ । ਪਬਲਿਕ ਸਕੂਲਾਂ ਦੇ ਮੱਧਵਰਗ ਦੇ ਬੱਚੇ ਘਰ ਵਿਚ ਹਿੰਦੀ ਬੋਲਦੇ ਹਨ ਪਰ ਉਪਰਲਾ ਤਬਕਾ ਤਾਂ ਬਾਹਰ ਤਾਂ ਛੱਡੋ ਘਰ ਵਿਚ ਹੀ ਹਿੰਦੀ ਬੋਲਣ ਵਿਚ ਫ਼ਖ਼ਰ ਸਮਝਦਾ ਹੈ ।

**ਮਾਂ ਬੋਲੀ ਜੇ ਛੱਡ ਜਾਵੋਗੇ ।**
**ਕੱਖੋਂ ਹੌਲੇ ਹੋ ਜਾਵੋਗੇ ।**

ਇਸ ਲਈ ਸਾਡੀ ਬੇਨਤੀ ਹੈ ਬੱਚਿਆਂ ਨੂੰ ਗੁਰਮੁਖੀ ਜ਼ਰੂਰ ਪੜ੍ਹਾਓ ਅਤੇ ਘਰ ਵਿਚ ਬੱਚਿਆਂ ਨਾਲ ਪੰਜਾਬੀ ਵਿਚ ਹੀ ਗੱਲ ਕਰੋ । ਪੰਜਾਬੀ ਬੋਲੀ ਲਈ ਆਪਣੇ ਵਿੱਚੋਂ ਹੀਣ-ਭਾਵਨਾ ਕੱਢੋ ਬਲਕਿ ਫ਼ਖ਼ਰ ਨਾਲ ਕਹੋ ਸਾਡੀ ਮਾਂ ਬੋਲੀ ਮਾਖਿਓ ਮਿੱਠੀ ਅਤੇ ਸਭ ਤੋਂ ਉੱਚੀ ਹੈ । ਜਿਸ ਵਿਚ ਸਾਡੇ ਗੁਰੂਆਂ ਦੀ ਬਾਣੀ ਅਤੇ ਇਤਿਹਾਸ ਹੈ ।

❊ ❊ ❊



# ਨਿਰਮਲਿਆਂ ਨੇ ਪੰਥ ਗਾਲ ਦਿੱਤਾ?

'ਵਿਰਲੈ ਕਿਨੈ ਵੀਚਾਰਿਆ' ਦਾ ਲੇਖਕ ਆਪਣੀ ਕਿਤਾਬ ਦੇ ਪੰਨਾ 144 'ਤੇ, ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ ਨੰ. 416 'ਤੇ 'ਗੁਰਦਵਾਰਾ' ਇੰਞ ਪਰਿਭਾਸ਼ਿਤ ਕੀਤਾ ਹੈ:

"ਸਿੱਖਾਂ ਦਾ ਗੁਰਦਵਾਰਾ ਵਿਦਿਆਰਥੀਆਂ ਲਈ ਸਕੂਲ, ਆਤਮਿਕ ਜਗਿਆਸਾ ਵਾਲਿਆਂ ਲਈ ਗਿਆਨ-ਉਪਦੇਸ਼ਕ ਆਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਘਰ ਦਾ ਅਸਥਾਨ ਹੈ । ਸਤਿਗੁਰਾਂ ਵੇਲੇ ਅਤੇ ਬੁੱਢਾ ਦਲ ਦੇ ਸਮੇਂ ਗੁਰਦੁਆਰਿਆਂ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਸੀ । ਗੁਰਦਵਾਰੀਆ ਉਹ ਹੋਇਆ ਕਰਦਾ ਸੀ ਜੋ ਵਿਦਵਾਨ, ਗੁਰਮਤਿ ਵਿਚ ਪੱਕਾ ਅਤੇ ਉੱਚੇ ਆਚਰਣ ਵਾਲਾ ਹੁੰਦਾ ਸੀ ।"

ਜਦ ਅਸੀਂ ਪੰਥਕ ਇਤਿਹਾਸ ਦੇ ਪਿਛੋਕੜ ਵੱਲ ਦੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਦਸਮੇਸ਼ ਪਿਤਾ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਸਿੱਖ ਇਤਿਹਾਸਿਕ ਅਸਥਾਨਾਂ ਅਤੇ ਧਰਮ-ਪ੍ਰਚਾਰ ਕੇਂਦਰ, ਜੋ ਉਸ ਸਮੇ ਡੇਰੇ ਜਾਂ ਧਰਮਸਾਲ ਕਹਾਉਂਦੇ ਸਨ, ਦਾ ਪ੍ਰਬੰਧ, ਨਿਰਮਲੇ, ਉਦਾਸੀ, ਸੇਵਾਪੰਥੀ ਜੈਸੀਆਂ ਸੰਸਥਾਵਾਂ ਦੇ ਅਧੀਨ ਸੀ । ਇਸ ਤੋਂ ਇਲਾਵਾ ਦਮਦਮੇ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਦੀਪ ਸਿੰਘ ਜੀ ਸਨ । ਜਿਨ੍ਹਾਂ ਦੀ ਪ੍ਰਚਾਰ ਸੰਸਥਾ ਦਾ ਨਾਉਂ 'ਦਮਦਮੀ ਟਕਸਾਲ' ਪਿਆ । ਅੰਮ੍ਰਿਤਸਰ ਸਾਹਿਬ ਵਿਚ ਭਾਈ ਮਨੀ ਸਿੰਘ ਦੀ ਚਲਾਈ ਕਥਾ ਦੀ ਰੀਤ ਅੱਗੇ ਤੋਰਨ ਵਾਲਿਆਂ ਦਾ ਨਾਮ 'ਗਿਆਨੀਆਂ ਦੀ ਟਕਸਾਲ' ਕਰਕੇ ਪ੍ਰਸਿੱਧ ਹੋਇਆ ।

ਜਦ ਕਲਗੀਧਰ ਮਹਾਰਾਜ ਨੇ ਦਮਦਮੇ ਸਾਹਿਬ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਕੇ, ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਾਉਣੀ ਸ਼ੁਰੂ ਕੀਤੀ ਤਾਂ ਦੁਪਹਿਰ ਤੱਕ ਲਿਖਾਉਣ ਦਾ ਕੰਮ ਹੁੰਦਾ ਸੀ ਅਤੇ ਤੀਸਰੇ ਪਹਿਰ ਗੁਰਬਾਣੀ ਦੀ ਕਥਾ ਗੁਰੂ ਸਾਹਿਬ ਖ਼ੁਦ ਕਰਦੇ ਸਨ । ਸੁਣਨ ਵਾਲਿਆਂ ਵਿਚ ਸਥਾਨਿਕ ਆਮ ਸੰਗਤ ਤੋਂ ਇਲਾਵਾ ਨਿਰਮਲੇ, ਉਦਾਸੀ, ਨਿਹੰਗ ਸਿੰਘ, ਅਤੇ ਸੇਵਾਪੰਥੀ ਆਦਿ ਸੰਪਰਦਾਵਾਂ ਦੇ ਵਿਦਵਾਨ, ਗੁਣੀ-ਗਿਆਨੀ ਭੀ ਹੁੰਦੇ

ਸਨ । ਇਨ੍ਹਾਂ ਮਹਾਂਪੁਰਖਾਂ ਨੇ ਗੁਰੂ ਸਾਹਿਬ ਦੇ ਕੀਤੇ ਅਰਥਾਂ ਨੂੰ ਪੜ੍ਹ-ਸੁਣ ਕੇ ਸੰਭਾਲ ਕੇ ਰੱਖਿਆ ਅਤੇ ਆਮ ਸਿੱਖ-ਸੰਗਤ ਵਿਚ ਪ੍ਰਚਾਰਨ ਦੀ ਸੇਵਾ ਨਿਭਾਈ ।

ਖੜਗਧਾਰੀ ਖ਼ਾਲਸੇ (ਨਿਹੰਗ ਸਿੰਘ) ਦੀ ਸਿੱਧੀ ਟੱਕਰ ਹਕੂਮਤ ਨਾਲ ਸੀ ਅਤੇ ਗੁਰੀਲਾ ਲੜਾਈ ਕਾਰਨ ਇਕ ਥਾਂ ਤੇ ਪੱਕਾ ਡੇਰਾ ਲਾ ਕੇ ਨਹੀਂ ਬੈਠ ਸਕਦੇ ਸਨ, ਇਸ ਲਈ ਪ੍ਰਚਾਰ ਦੀ ਸੇਵਾ ਦਾ ਜ਼ਿੰਮਾ ਨਿਰਮਲੇ, ਉਦਾਸੀ, ਸੇਵਾ-ਪੰਥੀਆਂ ਦੇ ਹਿੱਸੇ ਆਇਆ ।

ਦੇਸ (ਪੰਜਾਬ) ਵਿਦੇਸ਼ (ਅਫ਼ਗਾਨਿਸਤਾਨ ਤੱਕ) ਵਿਚ ਇਨ੍ਹਾਂ ਨੇ ਆਪਣੇ ਡੇਰੇ ਜਾਂ ਧਰਮਸਾਲਾਂ ਬਣਾ ਕੇ, ਇਹਨਾਂ ਉਹ ਸਭੋ ਕੁਝ ਕੀਤਾ ਜੋ ਭਾਈ ਕਾਨ੍ਹ ਸਿੰਘ ਜੀ ਨੇ 'ਗੁਰਦੁਆਰਾ ਦੀ ਪਰਿਭਾਸ਼ਾ' ਵਿਚ ਦਿੱਤਾ ।

ਇਨ੍ਹਾਂ ਡੇਰਿਆਂ ਦੇ ਪ੍ਰਬੰਧਕ ਆਪ ਖ਼ੁਦ ਨਿੱਤਨੇਮ ਕਰਦੇ ਸੀ, ਆਏ ਗਏ ਯਾਤਰੂਆਂ ਲਈ, ਮੰਜਾ ਬਿਸਤਰਾ ਅਤੇ ਲੰਗਰ ਦਾ ਇੰਤਜ਼ਾਮ ਭੀ ਇਹ ਕਰਦੇ ਸਨ । ਰੋਗੀਆਂ ਲਈ ਦਵਾਈ ਬੂਟੀ ਇਨ੍ਹਾਂ ਦੀ ਸੇਵਾ ਦਾ ਪ੍ਰਮੁੱਖ ਅੰਗ ਸੀ। ਇਨ੍ਹਾਂ ਡੇਰਿਆਂ ਵਿਚ ਹੀ ਗੁਰਮੁਖੀ, ਗੁਰਬਾਣੀ ਅਤੇ ਗੁਰ-ਇਤਿਹਾਸ ਪੜ੍ਹਾਇਆ ਜਾਂਦਾ ਸੀ । ਜਦ ਅਸੀਂ ਭਾਈ ਕਾਨ੍ਹ ਸਿੰਘ ਜੀ ਅਤੇ ਗਿਆਨੀ ਗੁਰਦਿੱਤ ਸਿੰਘ ਜੀ ਆਦਿ ਦਾ ਜੀਵਨ ਇਤਿਹਾਸ ਫ਼ਰੋਲਦੇ ਹਾਂ ਤਾਂ ਪਤਾ ਲੱਗਦਾ ਹੈ, ਇਨ੍ਹਾਂ ਨੇ ਮੁੱਢਲੀ ਵਿੱਦਿਆ ਇਹਨਾਂ ਡੇਰਿਆਂ ਤੋਂ ਹੀ ਗ੍ਰਹਿਣ ਕੀਤੀ ਸੀ । ਇਹਨਾਂ ਡੇਰਿਆਂ ਦੇ ਮੁਖੀਆਂ ਦਾ ਕਿਰਦਾਰ ਭੀ ਐਸਾ ਹੁੰਦਾ ਸੀ ਕਿ ਜੇ ਪਿੰਡ ਵਿਚ ਕੋਈ ਝਗੜਾ ਪੈ ਜਾਵੇ ਤਾਂ ਡੇਰਾ ਮੁਖੀ ਜੋ ਫ਼ੈਸਲਾ ਕਰ ਦੇਵੇ, ਤਾਂ ਕੀ ਹਿੰਦੂ, ਕੀ ਸਿੱਖ ਜਾਂ ਮੁਸਲਮਾਨ ਸਭ ਪ੍ਰਵਾਨ ਕਰਦੇ ਸਨ।

ਇਨ੍ਹਾਂ ਡੇਰਿਆਂ ਵਿਚ ਹੀ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਉਤਾਰੇ ਕਰਕੇ ਸੰਗਤਾਂ ਵਿਚ ਭੇਟ ਕੀਤੇ ਜਾਂਦੇ ਸਨ । ਲਿਖਣ ਲਈ ਸਿਆਹੀ ਅਤੇ ਜਿਲਦਸਾਜ਼ੀ ਭੀ ਇਹ ਖ਼ੁਦ ਹੀ ਕਰਦੇ ਸਨ । ਜਿਸ ਜ਼ਮਾਨੇ ਵਿਚ ਇਹ ਮਹਾਂਪੁਰਖ ਅਪਣਾ ਤਨ, ਮਨ, ਧਨ ਗੁਰੂ ਨੂੰ ਅਰਪ ਕੇ ਸੇਵਾ ਕਰ ਰਹੇ ਸਨ ਉਦੋਂ ਨਾ ਕੋਈ ਆਉਣ ਜਾਣ ਦਾ ਸਾਧਨ ਸੀ, ਨਾ ਅੱਜ-ਕੱਲ੍ਹ ਵਾਂਗ ਟੈਲੀਫ਼ੂਨ, ਮੋਬਾਇਲ, ਕੰਪਿਊਟਰ ਜਾਂ ਵਾਇਰਲੈੱਸ ਦੇ ਸੰਚਾਰ ਸਾਧਨ ਸਨ, ਰਾਤ ਨੂੰ ਸਰ੍ਹੋਂ ਦੇ ਤੇਲ ਦੇ ਦੀਵੇ ਬਾਲ ਕੇ ਅਸੀਂ ਖ਼ੁਦ ਸੰਨ 1950 ਤੱਕ ਪੜ੍ਹਦੇ ਰਹੇ ਹਾਂ । ਇਸ ਹਾਲਤ ਵਿਚ ਪ੍ਰਚਾਰ ਵਿਚ ਕੁੱਝ ਕਮੀਆਂ ਰਹਿ ਸਕਦੀਆਂ ਹਨ । ਅੱਜ-ਕੱਲ੍ਹ ਦਾ ਜੰਮ-ਪਲ ਉਨ੍ਹਾਂ ਹਲਾਤਾਂ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਪਰ ਕੁਰਬਾਨ ਜਾਈਏ ਉਹਨਾਂ ਗੁਰੂ ਕੇ ਪਿਆਰਿਆਂ ਦੇ ਜਿਨ੍ਹਾਂ ਸਾਲਾਂ-ਬੱਧੀ ਮਿਹਨਤ ਕਰਕੇ ਕੋਈ ਗ੍ਰੰਥ ਜਾਂ ਇਤਿਹਾਸ ਦੀ ਪੋਥੀ ਲਿਖਣੀ ਅਤੇ ਪੰਥ ਨੂੰ ਅਰਪਣ ਕਰਨੀ ।

ਗੁਰ-ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਦੇ ਕਰਤਾ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਸਾਰੀ ਜ਼ਿੰਦਗੀ ਲਗਾ ਕੇ ਇਹ ਗ੍ਰੰਥ ਲਿਖਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਭੇਟਾ ਕਰ ਗਏ । ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੁੱਛਿਆ ਕਿ ਭਾਈ ਸਾਹਿਬ ਕੀ ਅਰਦਾਸ ਕਰੀਏ? ਭਾਈ ਸਾਹਿਬ ਨੇ ਬੇਨਤੀ ਕੀਤੀ "ਕਵੀ ਸਿੰਘ ਦੀ ਸੇਵਾ ਗੁਰੂ ਦਰ ਪ੍ਰਵਾਨ ਹੋਵੇ, ਮੇਰੀ ਗੁਰੂ ਨਾਲ ਬਣ ਆਵੇ ਅਤੇ ਦਰਗਾਹ ਵਿਚ ਮੇਰੀ ਪਤ ਰੱਖੇ ।" ਨਾ ਕੋਈ ਇਵਜ਼ਾਨਾ (Royalty) ਨਾ ਕੋਈ ਪੈਸਾ ਅਤੇ ਨਾ ਹੀ ਕਿਤੇ ਨਾਉਂ ਲਿਖਵਾਇਆ । ਉਸ ਵੇਲੇ ਤਾਂ ਦੇਗ਼, ਤੇਗ਼ ਅਤੇ ਕਲਮ ਨਾਲ ਸੇਵਾ ਕਰਨ ਵਾਲਿਆਂ ਲਈ ਅੱਜ-ਕੱਲ੍ਹ ਵਾਂਗ ਅਜਾਇਬ ਘਰ ਵਿਚ ਫ਼ੋਟੋਆਂ ਭੀ ਲਗਾਉਣ ਦਾ ਕੋਈ ਰਿਵਾਜ ਨਹੀਂ ਸੀ ।

ਨਿਰਮਲਿਆਂ ਵਿਚੋਂ ਹੀ, ਗਿਆਨੀ ਗਿਆਨ ਸਿੰਘ, ਜਿਨ੍ਹਾਂ ਦੀ ਇਕ ਲੱਤ ਗੋਲੀ ਲੱਗਣ ਨਾਲ ਨਕਾਰਾ ਹੋ ਗਈ ਸੀ, ਸਾਈਕਲ ਤੇ ਤੀਹ ਸਾਲ ਫਿਰ ਕੇ ਗੁਰ-ਇਤਿਹਾਸ ਇੱਕਠਾ ਕਰਦੇ ਰਹੇ ਅਤੇ ਤਵਾਰੀਖ਼ ਗੁਰੂ ਖ਼ਾਲਸਾ, ਪੰਥ ਪ੍ਰਕਾਸ਼, ਗੁਰਦਵਾਰਿਆਂ ਦਾ ਇਤਿਹਾਸ ਨਾਮੀ ਪੁਸਤਕਾਂ ਲਿਖ ਕੇ ਪੰਥ ਦੀ ਝੋਲੀ ਪਾ ਗਏ । ਮਹਾਂ ਕਵੀ ਭਾਈ ਸੰਤੋਖ ਸਿੰਘ ਦਾ ਸੰਬੰਧ ਭੀ ਨਿਰਮਲਿਆਂ ਨਾਲ ਸੀ । ਮੱਸਾ ਰੰਘੜ ਸੋਧਣ ਵਾਲੇ ਭਾਈ ਮਹਿਤਾਬ ਸਿੰਘ ਦੇ ਪੋਤੇ ਸਰਦਾਰ ਰਤਨ ਸਿੰਘ ਭੰਗੂ ਨੇ ਬਾਰਾਂ ਸਾਲ ਦੀ ਅਣਥੱਕ ਮਿਹਨਤ ਕਰਕੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਲਿਖਿਆ । ਜਿਸ ਦੀ ਇਕ ਕਾਪੀ ਈਸਟ ਇੰਡੀਆ ਕੰਪਨੀ ਰਾਹੀਂ ਇੰਗਲੈਂਡ ਭੇਜੀ ਗਈ ਅਤੇ ਦੂਸਰੀ ਕਾਪੀ ਮਹਾਰਾਜਾ ਪਟਿਆਲਾ ਦੀ ਨਿੱਜੀ ਲਾਇਬ੍ਰੇਰੀ ਵਿਚ ਹੈ । ਸਾਰੇ ਇਤਿਹਾਸਕਾਰ ਇਸ ਨੂੰ ਪ੍ਰਮਾਣਿਕ ਸਿੱਖ ਇਤਿਹਾਸਿਕ ਸ੍ਰੋਤ ਮੰਨਦੇ ਹਨ।

ਪਿੱਛੇ ਮੁੜੀਏ, ਜਿਸ ਧਰਮ ਤੇ ਧਰਮ ਅਸਥਾਨਾਂ 'ਤੇ ਭੁੱਖੇ ਨੂੰ ਰੋਟੀ ਮਿਲੇ, ਆਏ ਗਏ ਲਈ, ਮੰਜਾ ਬਿਸਤਰਾ ਅਤੇ ਲੰਗਰ ਮਿਲੇ, ਬੀਮਾਰ ਲਈ ਦਵਾਈ ਅਤੇ ਆਤਮਿਕ ਕਲਿਆਣ ਲਈ ਗੁਰਬਾਣੀ ਪੜ੍ਹਾਈ ਜਾਵੇ, ਜ਼ੁਲਮ ਅਤੇ ਜ਼ਾਲਮ ਦੇ ਨਾਸ਼ ਕਰਨ ਲਈ ਤੇਗ਼ ਚੱਲੇ ਉਹ ਧਰਮ ਕਿਵੇਂ ਤਰੱਕੀ ਨਹੀਂ ਕਰੇਗਾ ?

ਇਸੇ ਲਈ ਵੱਡੇ-ਵੱਡੇ ਘਲੂਘਾਰਿਆਂ ਦੇ ਬਾਵਜੂਦ ਪੰਥ ਵਧਦਾ ਗਿਆ । ਉਦਾਸੀ, ਸੇਵਾ-ਪੰਥੀ ਅਤੇ ਨਿਰਮਲਿਆਂ ਦੇ ਅਸਥਾਨ ਤੇ ਅੱਜ ਭੀ ਇਹ ਸਾਰੇ ਕੰਮ ਹੋ ਰਹੇ ਹਨ ।

ਇਸ ਮਾਮਲੇ ਵਿਚ 'ਨਿਰਮਲ ਆਸ਼ਰਮ ਰਿਸ਼ੀਕੇਸ' ਪ੍ਰਤੱਖ ਪ੍ਰਮਾਣ ਹੈ । ਸਾਰੇ ਰਿਸ਼ੀਕੇਸ ਵਿਚ ਕਿਸੇ ਭੀ ਹੋਰ ਧਰਮ ਦੀਆਂ ਸਰਾਵਾਂ ਵਿਚ ਰਿਹਾਇਸ਼ ਮੁਫ਼ਤ ਨਹੀਂ ਹੈ ਪਰ ਇੱਥੇ ਤਕਰੀਬਨ ਢਾਈ ਸੌ ਕਮਰੇ ਸੰਗਤਾਂ ਨੂੰ ਬਿਲਕੁਲ ਮੁਫ਼ਤ

ਦਿੱਤੇ ਜਾਂਦੇ ਹਨ । ਸਾਰੇ ਰਿਸ਼ੀਕੇਸ ਦੇ ਮੰਗਤੇ ਸਵੇਰੇ ਇੱਥੇ ਆ ਕੇ ਲੰਗਰ ਲੈਂਦੇ ਹਨ ਅਤੇ ਡੇਰਾ ਮੁਖੀ ਬਾਬਾ ਜੋਧ ਸਿੰਘ ਜੀ ਖ਼ੁਦ ਵਰਤਾਉਂਦੇ ਹਨ ।

ਦੋ ਸੌ ਬਿਸਤਰਿਆਂ ਦਾ ਆਧੁਨਿਕ ਸਹੂਲਤਾਂ ਦਾ ਹਸਪਤਾਲ ਚੱਲ ਰਿਹਾ ਹੈ, ਜਿੱਥੇ ਸ਼ਹਿਰ ਨਾਲੋਂ ਬਹੁਤ ਘੱਟ ਪੈਸਿਆਂ ਨਾਲ ਇਲਾਜ ਹੁੰਦਾ ਹੈ ਅਤੇ ਗ਼ਰੀਬਾਂ ਲਈ ਕੋਟਾ ਨਿਯਤ ਹੈ, ਫ਼੍ਰੀ ਇਲਾਜ ਹੁੰਦਾ ਹੈ । ਇਸੇ ਤਰ੍ਹਾਂ ਤਕਰੀਬਨ ਬਾਰਾਂ ਸੌ ਬੱਚਿਆਂ ਦਾ ਸੀਨੀਅਰ ਸੈਕੰਡਰੀ ਸਕੂਲ ਚੱਲ ਰਿਹਾ ਹੈ, ਜਿੱਥੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਗੁਰਬਾਣੀ ਅਤੇ ਕੀਰਤਨ ਸਿਖਾਇਆ ਜਾਂਦਾ ਹੈ ।

ਬਹੁਤ ਸਾਰੇ ਪਿੰਡਾਂ ਦੇ ਨਿਰਮਲ ਡੇਰਿਆਂ ਵਿਚ ਹੁਣ ਭੀ ਪੁਰਾਣੀ ਪੱਧਤੀ ਵਾਲੀਆਂ ਦੇਸੀ ਦਵਾਈਆਂ ਦਿੱਤੀਆਂ ਜਾਂਦੀਆਂ ਹਨ । ਨਾਭਾ ਤਹਿਸੀਲ ਵਿਚ ਪਿੰਡ 'ਘੋਖ' ਅਤੇ 'ਬਿਸਨਪੁਰਾ' ਹਨ, ਨਿਰਮਲੇ ਮਹਾਂਪੁਰਖਾਂ ਦੀ ਕਿਰਪਾ ਸਦਕਾ ਦੋਨੋਂ ਪਿੰਡਾਂ ਵਿਚ ਗੁਰਪੁਰਬਾਂ ਤੇ ਜਾਂ ਹੋਰ ਕਿਸੇ ਸਮਾਗਮ ਲਈ ਅਖੰਡ-ਪਾਠ ਕਰਨ ਲਈ ਕੋਈ ਪਾਠੀ ਬਾਹਰੋਂ ਨਹੀਂ ਬੁਲਾਉਣਾ ਪੈਂਦਾ, ਸਾਰੇ ਪੜ੍ਹੇ ਲਿਖੇ ਬੰਦੇ ਖ਼ੁਦ ਪਾਠ ਕਰਦੇ ਹਨ ।

ਇਸੇ ਤਰ੍ਹਾਂ ਬਰਨਾਲਾ ਤਹਿਸੀਲ ਵਿਚ ਕਾਫ਼ੀ ਵੱਡਾ ਪਿੰਡ 'ਟੱਲੇਵਾਲ' ਹੈ, ਇੱਥੇ ਬਾਬਾ ਕਰਨੈਲ ਸਿੰਘ ਜੀ ਇਕ ਇਤਿਹਾਸਿਕ ਗੁਰਦੁਆਰੇ ਦੀ ਸੇਵਾ ਕਰਦੇ ਹਨ । ਅੱਜ ਤੋਂ ਤਕਰੀਬਨ ਵੀਹ ਕੁ ਸਾਲ ਪਹਿਲਾਂ ਜਦ ਉਹ ਇੱਥੇ ਆਏ ਤਾਂ ਪਿੰਡ ਦੇ ਇਕ ਨੌਜਵਾਨ ਨੇ ਆ ਕੇ ਉਨ੍ਹਾਂ ਘਰ ਅਖੰਡ-ਪਾਠ ਕਰਨ ਲਈ ਬੇਨਤੀ ਕੀਤੀ । ਬਾਬਾ ਜੀ ਨੇ ਪੁੱਛਿਆ ਭਾਈ ! ਕਿੰਨਾ ਪੜ੍ਹਿਆ ਹੋਇਆ ਹੈ? ਉੱਤਰ ਮਿਲਿਆਂ ਜੀ ਬੀ.ਏ. ਪਾਸ ਹਾਂ । ਬਾਬਾ ਜੀ ਕਹਿਣ ਲੱਗੇ ਫਿਰ ਤੇਰੇ ਘਰ ਅਸੀਂ ਪਾਠ ਨਹੀਂ ਕਰਾਂਗੇ, ਮੈਂ ਅਨਪੜ੍ਹਾਂ ਦੇ ਘਰ ਪਾਠ ਕਰਦਾ ਹਾਂ ਤੂੰ ਪੜ੍ਹਿਆਂ ਹੋਇਆ ਹੈ, ਮੇਰੇ ਕੋਲੋਂ ਕਿਉਂ ਕਰਾਉਂਦਾ ਹੈ ਖ਼ੁਦ ਕਿਉਂ ਨਹੀਂ ਕਰਦਾ ? ਇਸ ਤਰਾਂ ਉਹ ਬਾਣੀ ਪੜ੍ਹਨ ਲੱਗ ਪਿਆ ।

ਅਠਾਰਵੀਂ ਸਦੀ ਦੇ ਸ਼ਾਨਦਾਰ ਸਿੱਖ ਇਤਿਹਾਸ ਬਣਾਉਣ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਅਤੇ ਪ੍ਰਚਾਰ ਇਹਨਾਂ ਸੰਸਥਾਵਾਂ ਦੇ ਡੇਰਿਆਂ ਦਾ ਸੀ ਜਿਸ ਨੂੰ ਅੱਜ, ਮਿਸ਼ਨਰੀ ਕਾਲਜਾਂ ਵਾਲੇ (ਬ੍ਰਾਹਮਣਵਾਦੀ) ਕਹਿ ਕੇ ਭੰਡ ਰਹੇ ਹਨ । ਗੁਰੂ ਲਈ ਸ਼ਰਧਾ ਅਤੇ ਤਨ, ਮਨ, ਧਨ ਵਾਰ ਕੇ ਆਪਾ ਬਲੀਦਾਨ ਕਰਨ ਦਾ ਜਜ਼ਬਾ ਪੈਦਾ ਕਿਸ ਨੇ ਕੀਤਾ ? ਇਨ੍ਹਾਂ ਡੇਰਿਆਂ ਦੇ ਪ੍ਰਚਾਰਕਾਂ ਨੇ ।

ਬਾਬਾ ਬੀਰ ਸਿੰਘ ਨੌਰੰਗਾਬਾਦ ਅਤੇ ਬਾਬਾ ਖ਼ੁਦਾ ਸਿੰਘ ਵਰਗੇ ਬ੍ਰਹਮਗਿਆਨੀ ਕਿੱਥੋਂ ਆਏ? ਦੂਸਰੀ 'ਐਂਗਲੋ ਸਿੱਖ ਵਾਰ ਦੇ ਹੀਰੋ ਭਾਈ ਮਹਾਰਾਜ ਸਿੰਘ ਕਿਸ ਦੀ ਦੇਣ ਹੈ ? ਨਿਰਮਲਿਆਂ ਦੀ । ਮਹਾਰਾਣੀ ਜਿੰਦ ਕੌਰ (ਜਿੰਦਾਂ) ਚੁਨਾਰ ਦੇ ਕਿਲ੍ਹੇ ਵਿਚੋਂ ਕੱਢ ਕੇ ਨਿਪਾਲ ਵਿਚ ਪਹੁੰਚਾਉਣ ਦੀ ਸੇਵਾ ਭੀ ਨਿਰਮਲਿਆਂ ਦੇ ਹਿੱਸੇ ਆਈ ।



ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਨੇ ਇਕ ਵਾਰੀ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਆਪਣੇ ਲੈਕਚਰ ਸਮੇਂ ਕਿਹਾ ਕਿ 'ਖ਼ਾਲਸਾ' ਪਦ ਦਾ ਕੋਈ ਭੀ ਯਥਾਰਥ ਅਰਥ ਨਹੀਂ ਹੈ, ਜੇ ਕੋਈ ਹੈ, ਤਾਂ ਮੇਰੇ ਨਾਲ ਆ ਕੇ ਚਰਚਾ ਕਰੇ । ਨਾਲ ਹੀ ਹੰਕਾਰ ਨਾਲ ਕਿਹਾ 'ਕੋਈ ਨਹੀਂ ਆਏਗਾ' ।

ਇਸ ਇਕੱਠ ਵਿਚ ਪੰਡਤ ਠਾਕਰ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਵਾਲੇ ਭੀ ਬੈਠੇ ਸਨ । ਆਪ ਜੀ ਨੇ ਰਾਤੋ-ਰਾਤ 'ਖ਼ਾਲਸਾ' ਸ਼ਬਦ ਦੀ ਵਿਆਖਿਆ, ਅਰਥ, ਉਪਮਾ, ਦੱਸਣ ਵਾਲਾ ਸੰਸਕ੍ਰਿਤ ਭਾਸ਼ਾ ਵਿਚ ਇਕ ਸੌ ਸ਼ਲੋਕਾਂ ਦਾ ਕਿਤਾਬਚਾ ਲਿਖ ਕੇ, ਅਗਲੇ ਦਿਨ ਸਵਾਮੀ ਦਯਾ ਨੰਦ ਨੂੰ ਜਾ ਵੰਗਾਰਿਆ । ਭਰੀ ਸਭਾ ਵਿਚ ਜਦ ਉਨ੍ਹਾਂ ਸੰਸਕ੍ਰਿਤ ਵਿਚ ਸ਼ਲੋਕ ਵਿਆਖਿਆ ਸਹਿਤ ਪੜ੍ਹ ਕੇ ਸੁਣਾਏ ਸਵਾਮੀ ਦਯਾ ਨੰਦ ਅਵਾਕ ਰਹਿ ਗਿਆ ਅਤੇ ਨੀਵੀਂ ਪਾ ਲਈ ।

ਸਭ ਤੋਂ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਟੀਕਾ ਵੀ ਗਿਆਨੀ ਬਚਨ ਸਿੰਘ ਜੀ ਸੇਖਵਾਂ ਅਤੇ ਉਹਨਾਂ ਦੇ ਸਾਥੀਆਂ ਨੇ ਛੇ ਸਾਲ ਲਗਾ ਕੇ 1883 ਈ. ਵਿਚ ਪੂਰਾ ਕੀਤਾ ਅਤੇ ਮਹਾਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਨੇ ਛਪਵਾਇਆ ਜੋ ਕਿ 'ਟੀਕਾ ਫ਼ਰੀਦਕੋਟੀਆ' ਕਰਕੇ ਮਸ਼ਹੂਰ ਹੈ । ਹੁਣ ਦੇ ਸਮੇਂ ਭੀ ਗਿਆਨੀ ਸੰਤ ਸਿੰਘ ਜੀ ਮਸਕੀਨ ਜੋ ਸੇਵਾ ਪੰਥ ਦੀ ਆਪਣੇ ਵਿਖਿਆਨਾਂ ਅਤੇ ਕਲਮ ਰਾਹੀਂ ਕਰ ਗਏ ਉਹ ਸਭ ਦੇ ਸਾਹਮਣੇ ਹੈ ਅਤੇ ਅਦੁੱਤੀ ਹੈ ।

ਸਿੱਖੀ ਪ੍ਰਚਾਰ ਕਰਨ ਲਈ ਨਿਰਮਲਿਆਂ ਨੇ ਦੋ ਜਥੇ ਬਣਾਏ ਹੋਏ ਹਨ ਇਕ ਚਿੱਟੇ ਕਪੜਿਆਂ ਵਾਲੇ ਅੰਮ੍ਰਿਤਧਾਰੀ ਜੋ ਪਹਿਲਾਂ ਭੀ ਅਤੇ ਹੁਣ ਭੀ ਜ਼ਿਆਦਾਤਰ ਸਿੱਖ ਵਸੋਂ ਵਾਲੇ ਖੇਤਰ ਵਿਚ ਵਿਚਰਦੇ ਹਨ, ਦੂਸਰੇ ਭਗਵਾਂ ਭੇਖ਼ ਵਾਲੇ ਜੋ ਦੇਸ ਦੇ ਦੂਰ-ਦੁਰਾਡੇ ਇਲਾਕਿਆਂ ਵਿਚ, ਖ਼ਾਸ ਕਰਕੇ ਹਿੰਦੂ ਤੀਰਥਾਂ ਜਾਂ ਮੇਲਿਆਂ ਤੇ ਪ੍ਰਚਾਰ ਕਰਦੇ ਹਨ। ਇਸ ਭੇਖ ਨਾਲ ਕੱਟੜ ਪੰਥੀ ਹਿੰਦੂਆਂ ਵਿਚ ਭੀ ਪ੍ਰਚਾਰ ਕਰਨਾ ਸੌਖਾ ਹੈ । ਇਸ ਭੇਖ ਨੂੰ ਖੰਡਨ ਵਾਲੇ ਮਿਸ਼ਨਰੀਆਂ ਨੂੰ ਅਸੀਂ ਕਹਾਂਗੇ ਕਿ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਦੇ ਗੜ੍ਹ ਵਿਚ ਜਾ ਕੇ ਮਿਸ਼ਨਰੀਆਂ ਵਾਲੀ ਵੇਸ ਭੂਸ਼ਾ ਨਾਲ ਜਾ ਕੇ ਪ੍ਰਚਾਰ ਕਰਨ ਫਿਰ ਅਸਲੀਅਤ ਦਾ ਪਤਾ ਲੱਗ ਜਾਊਗਾ ।

ਬਾਬਾ ਬਲਬੀਰ ਸਿੰਘ 'ਸੀਚੇਵਾਲ' ਨੇ ਸੁਲਤਾਨਪੁਰ ਲੋਧੀ ਦੀ ਕਾਲੀ ਵੇਈਂ ਦੀ ਸਫ਼ਾਈ ਕਰਕੇ ਯੂ.ਐਨ.ਓ. ਪੱਧਰ ਤੱਕ ਖ਼ਾਲਸਾ ਪੰਥ ਦਾ ਸਿਰ ਉੱਚਾ ਕੀਤਾ । ਫਿਰ ਇਹਨਾਂ ਸਾਰੀਆਂ ਸੰਸਥਾਵਾਂ ਦੇ ਪ੍ਰਚਾਰਕਾਂ ਦੀ ਪ੍ਰਚਾਰ ਵਿਧੀ

ਅਜਿਹੀ ਸੀ ਕਿ ਦੂਸਰੇ ਧਰਮਾਂ ਦੇ ਲੋਕ ਭੀ ਗੁਰਦੁਆਰੇ ਆਉਂਦੇ ਸਨ । ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਅੰਤਮ ਅਰਦਾਸ ਮੌਕੇ ਸਾਰੇ ਧਰਮਾਂ ਦੇ ਲੋਕ ਸ਼ਾਮਲ ਹੋਏ।

ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਭੀ ਇਕ ਡੇਰੇਦਾਰ ਪ੍ਰਚਾਰਕ ਸੀ ਜਿਹਨਾਂ ਦੀ ਅਣਥੱਕ ਮਿਹਨਤ ਨੇ ਪੰਥ ਦੀ ਨੁਹਾਰ ਬਦਲ ਦਿਤੀ । ਆਰੀਆ ਸਮਾਜੀਆਂ ਦੇ ਕੂੜ ਪ੍ਰਚਾਰ ਦਾ ਮੂੰਹ ਤੋੜ ਜਵਾਬ ਦੇਣ ਵਾਲੇ ਪੰਡਤ ਕਰਤਾਰ ਸਿੰਘ ਦਾਖਾ ਦਾ ਕੌਣ ਮੁਕਾਬਲਾ ਕਰ ਸਕਦਾ ਹੈ ?

ਪੁਰਾਤਨ ਸਾਰੀਆਂ ਸੰਪਰਦਾਵਾਂ ਦੀਆਂ ਜੜ੍ਹਾਂ ਕਲਗੀਧਰ ਮਹਾਰਾਜ ਦੇ ਚਰਨਾਂ ਵਿਚ ਹਨ ਅਤੇ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਹਨ। ਜਿਸ ਦਾ ਆਧਾਰ ਪ੍ਰੇਮ, ਸ਼ਰਧਾ ਅਤੇ ਭਗਤੀ ਹੈ । ਜਦ ਕਿ ਮਿਸ਼ਨਰੀ ਕਾਲਜਾਂ ਦੀਆਂ ਜੜਾਂ ਯੂਰਪੀ ਵਿਦਿਅਕ ਪ੍ਰਣਾਲੀ, ਵਿਗਿਆਨਿਕ ਵਿਧੀ ਨਾਲ, ਕਿਉਂ, ਕੀ, ਕਿੱਦਾਂ ਵਿਚ ਲੱਗੀਆਂ ਹੋਈਆਂ ਹਨ। ਇਸ ਤੋਂ ਇਕ ਕਦਮ ਹੋਰ ਅੱਗੇ ਜਾ ਕੇ ਦੇਖੀਏ ਤਾਂ ਹਜ਼ਾਰਾਂ ਸਾਲ ਪਹਿਲਾਂ ਭਾਰਤ ਦੀ 'ਚਾਰ ਵਾਕਿਆ' ਫ਼ਿਲਾਸਫ਼ੀ, ਕਾਰਲ-ਮਾਰਕਸ, ਰੂਸ ਤੋਂ ਗ਼ਦਰੀ ਬਾਬਿਆਂ ਰਾਹੀਂ ਪੰਜਾਬ ਵਿਚ ਪਹੁੰਚੀ, ਫਿਰ ਗੁਰਬਖਸ਼ ਸਿੰਘ 'ਪ੍ਰੀਤਲੜੀ' ਵਾਲੇ (ਦਾਰ ਜੀ) ਰਾਹੀਂ, ਹੁਣ ਮਿਸ਼ਨਰੀ ਕਾਲਜ ਵਾਲਿਆਂ ਨਾਲ ਘਿਓ-ਖਿਚੜੀ ਹੋ ਗਈ ਅਤੇ ਦਸਮੇਸ਼ ਪਿਤਾ ਦੇ ਪੰਥ ਨੂੰ ਅੱਖਾਂ ਦਿਖਾਉਣ ਲੱਗ ਪਈ ਅਤੇ ਇਹਨਾਂ ਨੇ ਹਾਹਾਕਾਰ ਮਚਾ ਦਿੱਤੀ:

'ਹਾਇ ਨਿਰਮਲਿਆਂ, ਉਦਾਸੀਆਂ ਅਤੇ ਸੇਵਾਪੰਥੀਆਂ ਨੇ ਪੰਥ ਗਾਲ਼ ਦਿੱਤਾ ।'

ਪਿਛਲੇ ਪੰਜਾਹ, ਸੱਠ ਸਾਲ ਦੇ ਇਤਿਹਾਸ ਵਿਚ ਮਿਸ਼ਨਰੀ ਕਾਲਜ ਵਾਲਿਆਂ ਦੀ ਪੰਥ ਕੀ ਦੇਣ ਹੈ? ਇਹਨਾਂ ਨੇ ਸੰਸਾਰ ਪ੍ਰਸਿੱਧੀ ਦਾ ਕੋਈ ਕੰਮ ਕੀਤਾ? ਕੋਈ ਪਹਿਲਵਾਨ, ਕੋਈ ਅਥਲੀਟ, ਕੋਈ ਖਿਡਾਰੀ, ਕੋਈ ਵਿਗਿਆਨੀ ਪੈਦਾ ਕੀਤਾ? ਕੋਈ ਪ੍ਰੋਫ਼ੈਸਰ ਪੂਰਨ ਸਿੰਘ ਜਾਂ ਪਿੰਗਲਵਾੜੇ ਦਾ ਭਗਤ ਪੂਰਨ ਸਿੰਘ ਬਣਾਇਆ? 1947 ਤੋਂ ਪਿੱਛੋਂ ਹੁਣ ਤੱਕ ਦੇ ਸਿੱਖ ਇਤਿਹਾਸ ਦਾ ਕੋਈ ਹੀਰੋ ਪੰਥ ਨੂੰ ਦਿੱਤਾ? ਕੁਛ ਭੀ ਨਹੀਂ । ਬਸ ! ਦਸਮ ਗ੍ਰੰਥ ਦੇ ਨਾਉਂ ਤੇ ਪੰਥ ਵਿਚ ਵੰਡੀਆਂ ਪਾ ਕੇ ਖ਼ਾਨਾ-ਜੰਗੀ ਤੱਕ ਨੌਬਤ ਲਿਆ ਦਿੱਤੀ । ਪਹਿਲਾਂ ਸਵਾਮੀ ਦਯਾ ਨੰਦ ਨੇ ਦੋ ਫਿਰਕਿਆਂ ਵਿਚ ਨਫ਼ਰਤ ਪੈਦਾ ਕੀਤੀ ਅਤੇ ਹੁਣ ਉਹੋ ਕੰਮ ਬ੍ਰਾਹਮਣਵਾਦ ਦੇ ਨਾਹਰੇ ਹੇਠ ਮਿਸ਼ਨਰੀ ਕਾਲਜ ਕਰ ਰਹੇ ਹਨ ।

ਖ਼ਾਲਸਾ ਪੰਥ ਦੇ ਇਤਿਹਾਸ ਚਮਕਾਉਣ ਵਾਲੇ, ਸ. ਦਰਸ਼ਨ ਸਿੰਘ ਫੇਰੂਮਾਨ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਭਾਈ ਬੇਅੰਤ ਸਿੰਘ, ਸਤਵੰਤ ਸਿੰਘ,



ਭਾਈ ਸੁਖਾ ਅਤੇ ਭਾਈ ਜਿੰਦਾ ਜਾਂ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਕਿਹੜੇ ਮਿਸ਼ਨਰੀ ਕਾਲਜ ਵਿਚ ਪੜ੍ਹੇ ਹਨ?

ਪਿਛਲੇ ਤੀਹ ਸਾਲਾਂ ਦੇ ਇਤਿਹਾਸ ਵਿਚ ਪੁਲਿਸ ਦੇ ਝੂਠੇ ਮੁਕਾਬਲਿਆਂ ਵਿਚ ਮਰਨ ਵਾਲੇ, ਚੱਡੇ ਪੜਵਾਉਣ ਵਾਲੇ, ਘੋਟਣੇ ਲੁਆਉਣ ਵਾਲੇ, ਗੋਲੀਆਂ ਦਾ ਸ਼ਿਕਾਰ ਜਾਂ ਪੰਥ ਲਈ ਜੇਲ੍ਹ ਦੀਆਂ ਸਜ਼ਾਵਾਂ ਭੁਗਤਣ ਵਾਲਿਆਂ ਵਿੱਚੋਂ ਕੋਈ ਇਕ ਵੀ ਮਿਸ਼ਨਰੀ ਕਾਲਜ ਦਾ ਪਾੜ੍ਹਾ ਨਹੀਂ ਸੀ।

ਸੰਨ 1960 ਦੇ ਕਰੀਬ ਗਿਆਨੀ ਭਾਗ ਸਿੰਘ ਅੰਬਾਲਾ ਦਸਮ ਗ੍ਰੰਥ ਦੇ ਵਿਰੁੱਧ ਕਿਤਾਬ ਲਿਖਣ ਕਾਰਨ ਸ੍ਰੀ ਅਕਾਲ ਤਖ਼ਤ ਤੋਂ ਛੇਕਿਆ ਗਿਆ, ਮਿਸ਼ਨਰੀ ਕਾਲਜ ਵਾਲਿਆਂ ਨੇ ਉਸ ਦੀ ਪਿੱਠ ਠੋਕੀ। ਫਿਰ 'ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦੀਆਂ ਦਸ ਕਿਤਾਬਾਂ ਦੇ ਅਖੌਤੀ ਲੇਖਕ, ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਜੋ ਖੰਡਾ ਪਹੁਲ ਫਜ਼ੂਲ ਸਮਝਦਾ ਹੈ, ਨਿੱਤਨੇਮ ਦਾ ਖੰਡਨ ਕਰਦਾ ਹੈ, ਕਿਰਪਾਨ ਧਾਰਨ ਨੂੰ ਨਕਾਰਦਾ ਹੈ, ਪੰਥ ਪ੍ਰਵਾਣਿਤ ਰਹਿਤ ਮਰਯਾਦਾ, ਅਰਦਾਸ ਦੀ ਪਹਿਲੀ ਪਉੜੀ (ਪ੍ਰਿਥਮ ਭਗੌਤੀ ਸਿਮਰ ਕੈ) ਰੱਦ ਕਰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰੰਪਰਾਗਤ ਪ੍ਰਮਾਣਿਤ ਸਤਿਕਾਰ ਦਾ ਖੰਡਨ ਕਰਦਾ ਹੈ, ਇਸ ਸਭ ਕੁਛ ਦੀ ਸਮੀਖਿਆ ਲਈ ਬਣਾਈ ਗਈ ਕਮੇਟੀ ਦੀ ਸਿਫ਼ਾਰਸ਼ ਤੇ ਅਤੇ ਉਸ ਦੇ ਅੜੀਅਲ ਰਵਈਏ ਕਾਰਨ ਸ੍ਰੀ ਅਕਾਲ ਤਖ਼ਤ ਚੁਣੌਤੀ ਦੇਣ ਕਾਰਨ ਛੇਕਿਆ ਗਿਆ। ਪਰ ਸਾਰੇ ਮਿਸ਼ਨਰੀ ਕਾਲਜ ਹੁਣ ਤੱਕ ਡਟ ਕੇ ਉਸ ਦੀ ਹਿਮਾਇਤ ਕਰ ਰਹੇ ਹਨ। ਇਸੇ ਤਰਾਂ ਸਾਬਕਾ ਜਥੇਦਾਰ ਦਰਸ਼ਨ ਸਿੰਘ ਰਾਗੀ ਨੂੰ ਥਾਪੜਾ ਦੇਣ ਵਾਲੇ ਕੌਣ ਹਨ? ਇਹ ਸਭ ਨੂੰ ਪਤਾ ਹੈ ।

ਸਪੋਕਸਮੈਨ ਦੇ ਐਡੀਟਰ ਜੁਗਿੰਦਰ ਸਿੰਘ ਨੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਹੀ ਰੱਦ ਕਰ ਦਿੱਤੀ ਤਾਂ ਸਾਰੇ ਪੰਥ ਨੇ ਰੋਸ ਜ਼ਾਹਰ ਕੀਤਾ ਪਰ ਮਿਸ਼ਨਰੀ ਕਾਲਜ ਵਾਲਿਆਂ ਨੇ ਚੁੱਪੀ ਸਾਧ ਲਈ । ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਹੱਕ ਵਿਚ ਸਾਰੇ ਪੰਥ ਨੇ ਇਕਮੁੱਠ ਹੋ ਕੇ ਉਸ ਦੀ ਫਾਂਸੀ ਦੀ ਸਜ਼ਾ ਟਾਲਣ ਲਈ ਹੰਭਲਾ ਮਾਰਿਆ ਪਰ ਮਿਸ਼ਨਰੀ ਕਾਲਜ ਵਾਲਿਆਂ ਦੀ ਕਲਮ ਨੂੰ ਸੱਪ ਸੁੰਘ ਗਿਆ ।

ਪਟਿਆਲੇ ਬਸੰਤ ਪੰਚਮੀ ਦੇ ਜੋੜ ਮੇਲੇ 'ਤੇ ਗੁਰਦੁਆਰਾ ਦੂਖਨਿਵਾਰਨ ਸਾਹਿਬ, ਇਹ ਆਪਣੀ ਸਟਾਲ-ਕਮ-ਪ੍ਰਦਰਸ਼ਨੀ ਵਿਚ ਇਕ ਸਿੱਖ ਸੰਤ ਦਾ 'ਲੋਗੋ' ਲਾ ਕੇ ਰੱਖਦੇ ਹਨ । ਮਿਸ਼ਨਰੀ ਕਾਲਜ ਵਾਲੇ ਇੱਥੇ ਆਸ਼ੂਤੋਸ਼, ਭਨਿਆਰੇ ਵਾਲਾ ਜਾਂ ਸੱਚੇ ਸੌਦੇ ਵਾਲੇ ਸਾਧ ਦਾ ਪੁਤਲਾ ਕਿਉਂ ਨਹੀਂ ਰੱਖਦੇ? ਇਕ ਵਾਰੀ ਸਿੱਖ ਮਿਸ਼ਨਰੀ ਕਾਲਜ ਕੂਚਾ ਫੀਲਡ ਗੰਜ ਵਾਲਿਆਂ ਨੇ ਕੁੱਝ ਆਸ਼ੂਤੋਸ਼ ਬਾਰੇ ਲਿਖ ਦਿਤਾ

'ਨਿਰਮਲ ਪੰਥ ਦੀ ਗੌਰਵ ਗਾਥਾ ਪੰਨਾ 38 ।'

। ਉਸ ਦੇ ਸਮਰਥਕਾਂ ਨੇ ਇਹਨਾਂ ਦੇ ਦਫ਼ਤਰ ਜਾ ਕੇ ਇਹਨਾਂ ਦੀ ਅਜਿਹੀ ਐਸੀ-ਤੈਸੀ ਕੀਤੀ ਕਿ ਇਹ ਸੁਸਰੀ ਵਾਂਗ ਸੌਂ ਗਏ । ਇਸੇ ਲਈ ਪਿੱਛੇ ਜਿਹੇ ਜਦ ਆਸ਼ੂਤੋਸ਼ ਨੇ ਲੁਧਿਆਣੇ ਆ ਕੇ ਪ੍ਰੋਗਰਾਮ ਕਰਨਾ ਚਾਹਿਆ ਤਾਂ ਬਾਕੀ ਸਾਰੀਆਂ ਪੰਥਕ ਜਥੇਬੰਦੀਆਂ ਨੇ ਰੋਸ ਮੁਜ਼ਾਹਰਾ ਕੀਤਾ ਪਰ ਮਿਸ਼ਨਰੀ ਕਾਲਜ ਕਿਤੇ ਅੱਖ ਪਾਏ ਨਹੀਂ ਰੜਕੇ । ਕਿਹੜੇ ਮੂੰਹ ਨਾਲ ਇਹ ਆਪਣੇ ਆਪ ਪੰਥਕ ਕਹਾਉਂਦੇ ਹਨ? ਅਤੇ ਟਕਸਾਲ, ਅਖੰਡ ਕੀਰਤਨੀ ਜਥਾ ਜਾਂ ਨਿਰਮਲਿਆਂ ਨੂੰ ਬ੍ਰਾਹਮਣਵਾਦੀ ਆਖਦੇ ਹਨ? ਅਸੀ ਪੂਰਨ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਮਿਸ਼ਨਰੀ ਕਾਲਜ ਤੋਂ ਦੋ ਸਾਲਾ ਮਿਸ਼ਨਰੀ ਕੋਰਸ ਕਰਨ ਵਾਲੇ 80% ਤੋਂ ਵੱਧ ਬੰਦਿਆਂ ਨੇ ਕਦੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕਦੇ ਸਹਿਜ-ਪਾਠ ਨਹੀਂ ਕੀਤਾ । ਦੋ ਸਾਲਾ ਕੋਰਸ ਵਿਚ ਚੋਣਵੀਆਂ ਸਾਖੀਆਂ ਅਤੇ ਚੋਣਵੇਂ ਸ਼ਬਦਾਂ ਦੀ ਵਿਆਖਿਆ, ਕਿਉਂ, ਕੀ ਅਤੇ ਕਿੱਦਾਂ ਵਾਲੇ ਆਪਣੀ ਵੀਚਾਰਧਾਰਾ ਦੀ ਪੁੱਠ ਦੇ ਕੇ ਪਾਠਕਾਂ ਨੂੰ ਗੁਮਰਾਹ ਕਰ ਰਹੇ ਹਨ । ਜਦ ਮਿਸ਼ਨਰੀ ਕਾਲਜਾਂ ਤੋਂ ਪੜ੍ਹੇ, ਸਾਡੇ ਨਾਲ ਆ ਕੇ ਬਹਿਸਾਂ ਕਰਦੇ ਹਨ ਕਿ ਵਾਹਿਗੁਰੂ ਮੰਤਰ ਦਾ ਜਾਪ ਕਰਨ ਨਾਲ ਤੁਹਾਨੂੰ ਕੁੱਝ ਵੀ ਨਹੀਂ ਮਿਲੇਗਾ ਤਾਂ ਕੀ ਤੱਤ ਕੱਢਿਆ ਜਾਵੇ ?

ਇਹਨ੍ਹਾਂ ਕੋਲ ਬੱਸ ! ਇਕੋ ਨਾਅਰਾ ਹੈ, ਹਾਇ ਨਿਰਮਲਿਆਂ ਨੇ, ਟਕਸਾਲ ਨੇ, ਅਖੰਡ ਕੀਰਤਨੀ ਜਥੇ ਜਾਂ ਸੰਤਾਂ ਨੇ ਪੰਥ ਗਾਲ ਦਿੱਤਾ।

**ਸੰਤ ਬਾਬੇ ਭਜਾਓ ਪੰਥ ਬਚਾਓ ।**

ਇਸ ਕੂੜ ਪ੍ਰਚਾਰ ਠੱਲ੍ਹ ਪਾਉਣ ਲਈ ਨਿਰਮਲ ਆਸ਼ਰਮ ਰਿਸ਼ੀਕੇਸ਼ ਅਤੇ ਹੋਰ ਗੁਰਮੁਖਾਂ ਵਲੋਂ ਨਿਰਮਲਿਆਂ ਬਾਰੇ ਪਹਿਲਾ ਸੈਮੀਨਾਰ ਪਿਛਲੇ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੀਤਾ ਗਿਆ ਦੂਸਰਾ ਕਨਖਲ ਵਿਚ ਹੋਇਆ, ਜਿਸ ਵਿਚ ਹੋਰਨਾਂ ਤੋਂ ਇਲਾਵਾ ਡਾ. ਜਸਪਾਲ ਸਿੰਘ (ਉਪ ਕੁਲਪਤੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭੀ ਸ਼ਾਮਲ ਹੋਏ ਫਿਰ 3 ਮਾਰਚ 2012 ਈ. ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੋਇਆ । ਜਿਸ ਦੀ ਰਿਪੋਰਟ 'ਅਜੀਤ ਅਖ਼ਬਾਰ' ਦੇ 13 ਮਾਰਚ 2012 ਈ. ਦੇ ਮੈਗਜ਼ੀਨ ਸੈਕਸ਼ਨ ਵਿਚ ਆਈ ਹੈ । ਇਹਨਾਂ ਸੈਮੀਨਾਰਾਂ ਨੇ ਵਿਦਵਾਨਾਂ ਦੇ ਬਹੁਤ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ ਅਤੇ ਸਭ ਨੇ ਨਿਰਮਲਿਆਂ ਦੀ ਪੰਥ ਸੇਵਾ ਅੱਗੇ ਸੀਸ ਝੁਕਾਇਆ ਹੈ ।

ਤਕਰੀਬਨ, ਪਿਛਲੇ ਸੌ ਸਾਲਾਂ ਤੋਂ ਮਹਾਂ ਕਵੀ ਸੰਤੋਖ ਸਿੰਘ ਜੀ ਦੇ ਰਚਿਤ 'ਸੂਰਜ ਪ੍ਰਕਾਸ਼' ਗ੍ਰੰਥ ਦੀ ਕਥਾ ਵੱਡੇ-ਵੱਡੇ ਗੁਰਦੁਆਰਿਆਂ ਵਿਚ ਹੋ ਰਹੀ ਹੈ, ਜਿਸ ਦੇ ਫ਼ਲਸਰੂਪ ਅਣਗਿਣਤ ਸਿੱਖਾਂ ਵਿਚ ਮਾਨਸਿਕ ਤਬਦੀਲੀ ਆਈ ਹੈ । ਇਸ ਗ੍ਰੰਥ



ਨੇ ਸਿੱਖਾਂ ਦੇ ਮਨਾਂ ਵਿਚ ਗੁਰੂ ਪਿਆਰ, ਸਿੱਖੀ ਪਿਆਰ ਅਤੇ ਪੰਥਕ ਪਿਆਰ ਪੈਦਾ ਕਰਕੇ ਸਫ਼ਲ ਜੀਵਨ ਜੀਣ ਲਈ ਪ੍ਰੇਰਿਤ ਕੀਤਾ ਹੈ । ਭਾਵੇਂ ਇਸ ਗ੍ਰੰਥ ਵਿਚ ਕੁੱਝ ਉਕਾਈਆਂ ਹਨ ਫਿਰ ਭੀ ਇਹ ਪੰਥ ਪ੍ਰਵਾਣਿਤ ਹੈ । ਕਿਸੇ ਬੰਦੇ ਨੇ ਲੰਬੀ, ਪੱਕੀ ਸੜਕ ਬਣਾਈ ਹੈ ਅਤੇ ਇਸ ਵਿਚ ਦੋ-ਚਾਰ ਖੱਡੇ ਹੋ ਗਏ, ਸਿਆਣਾ ਬੰਦਾ ਖੱਡਿਆਂ ਤੋਂ ਬਚ ਕੇ ਨਿਕਲ ਜਾਏਗਾ ਪਰ ਬਲਿਹਾਰ ਜਾਈਏ ਸਾਡੇ ਮਿਸ਼ਨਰੀ ਵੀਰਾਂ ਤੋਂ ਇਹ ਕਹਿੰਦੇ ਹਨ ਸੜਕ ਹੀ ਪੁੱਟ ਮਾਰੋ । ਇਸੇ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ ਕਿ ਇਸ ਗ੍ਰੰਥ ਨੂੰ ਨਸ਼ਟ ਕਰ ਦੇਵੋ, ਇਹ ਬ੍ਰਾਹਮਣੀ ਪ੍ਰਚਾਰ ਹੈ ।

ਦੂਜੇ ਪਾਸੇ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਹੈ, ਜੋ ਆਪਣੀਆਂ ਕਿਤਾਬਾਂ 'ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ' ਵਿਚ ਸਾਰੀ ਪੰਥਕ ਮਰਯਾਦਾ ਦਾ ਘਾਣ ਕਰਦਾ ਹੈ ਅਤੇ ਪੰਥ ਪ੍ਰਵਾਣਿਤ ਮਹਾਂਪੁਰਖਾਂ ਦਾ ਅਪਮਾਨ ਕਰਦਾ ਹੈ, ਮਿਸ਼ਨਰੀ ਕਾਲਜ ਉਸਦੀ ਪਿੱਠ ਠੋਕਦੇ ਹਨ ।

ਨਿਰਮਲ ਸੰਪਰਦਾ ਦਾ ਪ੍ਰਚਾਰ ਇਕ ਦੂਸਰੇ ਲਈ ਪਰਸਪਰ ਪਿਆਰ ਪੈਦਾ ਕਰ ਕੇ ਸਿੱਖੀ ਪ੍ਰਫੁਲਿਤਾ ਲਈ ਸਹਾਇਕ ਹੁੰਦਾ ਹੈ ਜਦ ਕਿ ਮਿਸ਼ਨਰੀ ਕਾਲਜਾਂ ਦਾ ਪ੍ਰਚਾਰ ਬ੍ਰਾਹਮਣਵਾਦ ਦਾ ਬਿਗਲ ਵਜਾ ਕੇ ਨਫ਼ਰਤ ਪੈਦਾ ਕਰਦਾ ਹੈ ਅਤੇ ਆਪਣੀਆਂ ਹੀ ਬਾਹਾਂ ਵੱਢਣ ਲਈ ਤੱਤਪਰ ਹੈ । ਨਿਰਮਲ ਸੰਪਰਦਾ ਦਾ ਪ੍ਰਚਾਰ 'ਗੁਰਮਤਿ ਨਾਮ ਦਾਨ ਇਸ਼ਨਾਨ' ਤੇ ਪਹਿਰਾ ਦਿੰਦਾ ਹੈ । ਜੋ ਕਿ ਗੁਰਮਤਿ ਅਨੁਸਾਰ ਸਿੱਖੀ ਦਾ ਮੂਲ ਧੁਰਾ ਹੈ ਜਦ ਕਿ ਮਿਸ਼ਨਰੀ ਕਾਲਜਾਂ ਦੇ ਟ੍ਰੇਂਡ ਕੀਤੇ ਪ੍ਰਚਾਰਕ ਇਸ ਨੂੰ ਤੋਤਾ ਰਟਨ ਅਤੇ ਅੰਧ-ਵਿਸ਼ਵਾਸ ਪ੍ਰਚਾਰ ਰਹੇ ਹਨ । ਨਿਰਮਲਿਆਂ ਦਾ ਪ੍ਰਚਾਰ 'ਭਲਾ ਜੀ', 'ਭੁੱਲਾ ਜੀ' ਅਤੇ 'ਭਾਣਾ ਜੀ' ਦਾ ਵਿਸ਼ਵਾਸੀ ਹੈ ਅਤੇ ਦੂਸਰੇ ਪਾਸੇ ਤਰਕ ਦੇ ਆਧਾਰ ਤੇ ਕਿਉਂ, ਕੀ, ਅਤੇ ਕਿੱਦਾਂ ਦਾ ਧਾਰਨੀ ਹੈ । ਕੌਣ ਕਿੱਥੇ ਖੜ੍ਹਾ ਹੈ, ਕੌਣ ਠੀਕ ਕੌਣ ਗ਼ਲਤ ਹੈ ਇਹ ਨਿਰਨਾ ਪਾਠਕਾਂ ਨੇ ਕਰਨਾ ਹੈ ।

❁❁❁

# ਸਰਦਾਰ ਦਲਬੀਰ ਸਿੰਘ ਜੀ ਦੇ ਨਾਉਂ ਖ਼ੁੱਲੀ ਚਿੱਠੀ ।

ਸਰਦਾਰ ਦਲਬੀਰ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਪਹਿਲਾਂ ਆਪ ਨੇ ਮੇਰੀ ਈ. ਮੇਲ ਤੇ ਸ੍ਰੀ ਦਸਮ ਗ੍ਰੰਥ ਵਿਰੁੱਧ 27 ਸਵਾਲਾਂ ਦਾ ਝੂਠ ਦਾ ਪੁਲੰਦਾ ਘੱਲਿਆ ਸੀ । ਇਸ ਦੇ ਉੱਤਰ ਵਿਚ ਮੈਂ ਤੁਹਾਡੇ ਬਹੁਤ ਸਾਰੇ ਸਵਾਲਾਂ ਦੇ ਜਵਾਬਾਂ ਤੋ ਇਲਾਵਾ ਲਿਖ ਦਿੱਤਾ ਸੀ ਕਿ ਤੁਹਾਡੇ ਬਾਕੀ ਸਵਾਲਾਂ ਦੇ ਜਵਾਬ ਵਿਸਤਾਰ ਸਹਿਤ ਮੇਰੀ ਵੈੱਬ ਸਾਈਟ ਤੇ ਪਈ ਕਿਤਾਬ ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤਰੀ ਵਿਚ ਪਏ ਹਨ ਤੁਹਾਡੀ ਸਹੂਲਤ ਲਈ ਹਰ ਇਕ ਸਵਾਲ ਦੇ ਉੱਤਰ ਲਈ ਕਿਤਾਬ ਦਾ ਪੰਨਾ ਲਿਖ ਘੱਲਿਆ ਸੀ । ਪਰ ਤੁਸੀਂ ਕਿਤਾਬ ਦੇਖੇ ਬਗ਼ੈਰ, ਇਸ ਵਿਚ ਦਿੱਤੀਆਂ ਉਕਤੀਆਂ, ਯੁਕਤੀਆਂ, ਦਲੀਲਾਂ, ਗੁਰਬਾਣੀ ਦੇ ਪ੍ਰਮਾਣ ਅਤੇ ਇਤਿਹਾਸਿਕ ਲਿਖਤੀ ਸਬੂਤ ਦੇਖੇ ਬਗ਼ੈਰ, ਉਹੀ ਪੁਰਾਣੇ ਮਨਘੜੰਤ, ਦਲੀਲਾਂ, ਐਸਾ ਨਹੀ ਹੋ ਸਕਦਾ, ਐਸਾ ਹੋ ਗਿਆ ਹੋਵੇਗਾ, ਦਸਵਾਂ ਨਾਨਕ ਆਹ ਨਹੀਂ ਕਰ ਸਕਦਾ, ਦਸਵਾਂ ਨਾਨਕ ਇਹ ਨਹੀਂ ਲਿਖ ਸਕਦਾ, ਦਸਵਾਂ ਨਾਨਕ ਉਹ ਨਹੀਂ ਕਰ ਸਕਦਾ ਆਪਣੇ ਖ਼ਿਆਲਾਂ ਦੀ ਪੁਰਾਣੀ ਸ਼ਰਾਬ ਨੂੰ ਨਵੀਂ ਬੋਤਲ ਵਿਚ ਪਾ ਕੇ ਮੇਰੇ ਵੱਲ ਘੱਲ ਦਿੱਤਾ । ਤਹਾਡੇ ਪੁਰਾਣੇ ਮਸੌਦੇ ਅਤੇ ਹੁਣ ਵਾਲੀ ਲਿਖਤ ਵਿਚ ਕੀ ਅੰਤਰ ਹੈ? ਤੁਹਾਡੇ ਪਹਿਲੇ 27 ਸਵਾਲ ਵੀ ਤੁਹਾਡੀ ਕਿਤਾਬ (Real facts about Dasam Granth) ਵਿਚ ਮੌਜੂਦ ਹਨ ਅਤੇ ਹੁਣ ਵਾਲਾ ਸਾਰਾ ਮੈਟਰ ਇੰਨ-ਬਿੰਨ ਇਸੇ ਕਿਤਾਬ ਵਿੱਚੋਂ ਹੈ । ਕਿਤਾਬ ਮੇਰੇ ਕੋਲ ਹੈ । ਤੁਹਾਡੀ ਕਿਤਾਬ ਅਤੇ ਤੁਹਾਡੇ ਸਾਰੇ ਟੋਲੇ ਦੇ ਸਾਰੇ ਸਵਾਲ ਇੱਕਠੇ ਕਰ ਕੇ ਮੈ ਇਹ ਕਿਤਾਬ ਲਿਖੀ ਹੈ । ਪਰ ਤੁਸੀਂ ਉਹ ਪੜ੍ਹਨਾ ਨਹੀਂ ਚਾਹੁੰਦੇ ਕਿਉਂਕਿ ਸੱਚ ਸਮਝਣ ਅਤੇ ਸਚਾਈ ਅਪਣਾਉਣ ਦੇ ਤੁਸੀਂ ਨੇੜੇ ਨਹੀਂ ਢੁਕਦੇ ।

ਤੁਸੀਂ ਸਾਬਤ ਕਰੋ ਕਿ ਜੋ ਇਤਿਹਾਸਿਕ ਸਬੂਤ ਅਸੀਂ ਪੇਸ਼ ਕੀਤੇ ਹਨ ਉਹ ਗ਼ਲਤ ਹਨ, ਗੁਰਬਾਣੀ ਦੇ ਜੋ ਪ੍ਰਮਾਣ ਅਸੀਂ ਦਿੱਤੇ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ । ਸਾਬਤ ਕਰੋ ਕਿ ਗੁਰਬਾਣੀ ਦੇ ਕੀਤੇ ਸਾਡੇ ਅਰਥ ਗੁਰਬਾਣੀ ਵਿਆਕਰਨ ਦੇ ਨੇਮਾਂ ਅਨੁਸਾਰ ਨਹੀਂ ਹਨ ਅਤੇ ਗੁਰਬਾਣੀ ਦੇ ਪ੍ਰਮਾਣ ਪ੍ਰਕਰਣ ਅਨੁਸਾਰ ਨਹੀਂ ਹਨ । ਤੁਹਾਡਾ ਸਾਰਾ ਟੋਲਾ ਗੁਰਬਾਣੀ ਦੇ ਅਰਥਾਂ ਲਈ ਪ੍ਰੋ. ਸਾਹਿਬ ਸਿੰਘ ਜੀ ਨੂੰ ਪ੍ਰਧਾਨਤਾ ਦਿੰਦਾ ਹੈ ਅਤੇ ਅਸੀਂ ਸ੍ਰੀ ਦਸਮ ਗ੍ਰੰਥ ਲਈ ਪ੍ਰੋ. ਸਾਹਿਬ ਸਿੰਘ ਜੀ ਦੇ ਵੀਚਾਰ ਪੇਸ਼ ਕੀਤੇ ਹਨ । ਤੁਸੀਂ ਜਗ੍ਹਾ-ਜਗ੍ਹਾ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦੇ ਹਵਾਲੇ ਦਿੱਤੇ ਹਨ ਅਸੀਂ ਭਾਈ ਕਾਨ੍ਹ ਸਿੰਘ ਜੀ ਦੀ ਪੁਸਤਕ 'ਗੁਰਮਤਿ ਸੁਧਾਕਰ' ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਦੇ ਹਵਾਲੇ ਦਿਤੇ ਹਨ । ਇਸ ਦੀ ਪੁਰਾਣੀ ਕਾਪੀ ਸੰਨ 1867 ਵਿਚ ਮੁਫੀਦ ਆਮ ਪ੍ਰੈੱਸ ਲਾਹੌਰ ਦੀ ਛਪੀ ਮੇਰੇ ਕੋਲ ਮੌਜੂਦ ਹੈ, ਨਾਲ ਹੀ ਮਹਾਨ ਕੋਸ਼ ਦੇ ਹਵਾਲੇ ਦਿਤੇ ਹਨ । ਤੁਹਾਨੂੰ ਇਹ ਹਜ਼ਮ ਕਿਉਂ ਨਹੀਂ ਹੁੰਦੇ? ਫਿਰ ਸ੍ਰੀ ਦਸਮ ਗ੍ਰੰਥ ਲਈ ਤੁਸੀ ਡਾ. ਰਤਨ ਸਿੰਘ ਜੱਗੀ ਨੂੰ ਪ੍ਰਧਾਨਤਾ ਦਿੰਦੇ ਹੋ ਅਸੀਂ ਆਪਣੀ ਪੁਸਤਕ ਵਿਚ ਡਾ. ਰਤਨ ਸਿੰਘ ਜੱਗੀ ਜੀ ਦੇ ਵੀਚਾਰ ਹੀ ਪੇਸ਼ ਕੀਤੇ ਹਨ । ਜੱਗੀ ਜੀ ਦੇ ਇਹ ਵੀਚਾਰ ਕੋਈ ਜ਼ਬਾਨੀ ਕਲਾਮੀ ਨਹੀਂ ਬਲਕਿ ਭਾਈ ਕਾਨ੍ਹ ਸਿੰਘ ਜੀ ਦੇ ਸਪੁੱਤਰ ਭਾਈ ਭਗਵੰਤ ਸਿੰਘ (ਹਰਿ ਜੀ) ਵਲੋਂ ਲਿਖੀ ਪੁਸਤਕ 'ਦਸਮ ਗ੍ਰੰਥ ਬਾਣੀ ਬਿਉਰਾ' ਸੰਪਾਦਿਤ ਰਤਨ ਸਿੰਘ ਜੱਗੀ ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦਰਜ ਹਨ, ਨਾਲ ਹੀ ਇਹ ਭੀ ਦੱਸਣਾ ਚਾਹਾਂਗਾ ਕਿ ਭਾਈ ਭਗਵੰਤ ਸਿੰਘ ਜੀ ਮੇਰੇ ਬਾਪੂ ਜੀ ਦੇ ਕਲਾਸ-ਫੈਲੋ ਰਹੇ ਹਨ ਅਤੇ ਸਾਡੇ ਪਰਵਾਰ ਦਾ ਪਰਵਾਰਿਕ ਸੰਬੰਧ ਭਾਈ ਕਾਨ੍ਹ ਸਿੰਘ ਦੇ ਪਰਵਾਰ ਨਾਲ ਰਿਹਾ ਹੈ ।

ਪਰ ਤੁਸੀਂ ਅਤੇ ਤੁਹਾਡੇ ਟੋਲਾ ਭੂਤਰੇ ਸਾਨ੍ਹ ਵਾਂਗ:

**ਮਾਤਾ ਭੈਸਾ ਅੰਮੁਹਾ ਜਾਇ॥**
**ਕੁਦਿ ਕੁਦਿ ਚਰੈ ਰਸਾਤਲਿ ਪਾਇ॥** (ਅੰਗ ੩੨੬)

ਕਿਸੇ ਦੀ ਕੋਈ ਗੱਲ ਸੁਣਨ ਨੂੰ ਤਿਆਰ ਹੀ ਨਹੀਂ । ਇਸ ਦਾ ਕੀ ਇਲਾਜ ਕੀਤਾ ਜਾਏ? ਕੈਸੀ ਅਜੀਬ ਗੱਲ ਹੈ ਅਸੀਂ ਰਹਿਤਨਾਮੇ ਦਾ ਹਵਾਲਾ ਦੇਈਏ ਤਾਂ ਰਹਿਤਨਾਮੇ ਭਰੋਸੇਯੋਗ ਸ੍ਰੋਤ ਨਹੀਂ ਪਰ ਤੁਸੀਂ ਹਵਾਲਾ ਦੇਵੋ ਫਿਰ ਇਹ ਪ੍ਰਮਾਣੀਕ ਚੀਜ਼ ਹੈ ।

ਤੁਸੀਂ ਆਪਣੀ ਕਿਤਾਬ 'Real Facts about Dasam Granth' ਵਿਚ ਵੱਡਾ ਗਪੌੜ ਅਤੇ ਕੋਰਾ ਝੂਠ ਬੋਲਿਆ ਹੈ ਕਿ ਜਾਪੁ ਸਾਹਿਬ ਸ਼ਿਵ ਪੁਰਾਣ ਵਿਚ ਹੈ । ਅਸੀਂ ਇਸ ਦਾ ਜਵਾਬ ਆਪਣੀ ਕਿਤਾਬ ਵਿਚ ਦਿੱਤਾ ਹੈ ਤੁਸੀਂ ਅਤੇ ਤੁਹਾਡਾ ਟੋਲਾ ਇਸ ਦਾ ਕੋਈ ਜਵਾਬ ਨਹੀਂ ਦੇ ਸਕੇ ਨਾਲ ਹੀ ਅਸੀਂ ਵੀਹ ਨਾਮ ਜੋ ਸ਼ਿਵ ਪੁਰਾਣ ਵਿਚ ਸਹੰਸਰਨਾਮਾ ਦੇ ਸਿਰਲੇਖ ਹੇਠ ਪਏ ਹਨ, ਲਿਖੇ ਹਨ, ਅਤੇ ਤੁਹਾਨੂੰ ਪ੍ਰਸ਼ਨ ਕੀਤਾ ਸੀ ਕਿ ਇਹ ਜਾਪੁ ਸਾਹਿਬ ਵਿਚ ਕਿੱਥੇ ਹਨ? ਤੁਹਾਡੇ ਕੋਲ ਇਸ ਦਾ ਕੋਈ ਜਵਾਬ ਨਹੀਂ । ਤੁਸੀਂ ਕੇਵਲ ਇਹੋ ਰੱਟ ਲਗਾ ਰੱਖੀ ਹੈ ਕਿ ਜਾਪ ਸਾਹਿਬ ਵਿਚ ਦਰਜ 'ਨਮੋ ਕਾਲ ਕਾਲੇ' ਸ਼ਿਵ ਪੁਰਾਣ ਵਿਚ ਹੈ । ਸ਼ਿਵ ਪੁਰਾਣ ਦੇ

ਸਹੰਸਰਨਾਮੇ ਵਿਚੋਂ ਅਨੇਕਾਂ ਨਾਮ ਮੈਂ ਆਪਣੀ ਕਿਤਾਬ ਵਿਚ ਲਿਖੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ, ਫਿਰ ਸ੍ਰੀ ਗੁਰੂ ਸਾਹਿਬ ਨੂੰ ਸ਼ਿਵ ਪੁਰਾਣ ਦਾ ਅੰਗ ਮੰਨੋਗੇ? ਇਸ ਤਰਾਂ ਜੇ ਇਕ-ਇਕ ਤੁਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਈ ਜਾਵੇ ਕੀ ਅਰਥ ਕਰਾਂਗੇ?

**ਅਨਦੁ ਕਰਹੁ ਮਿਲਿ ਸੁੰਦਰ ਨਾਰੀ॥** (ਅੰਗ-੮੦੬)
**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥** (ਅੰਗ-੧੩੭੯)
**ਕੇਤੇ ਲੈ ਲੈ ਮੁਕਰੁ ਪਾਹਿ॥** (ਅੰਗ-੫)
**ਸੁਪਨੈ ਬਿੰਦੁ ਨ ਦੇਈ ਝਰਣਾ॥** (ਅੰਗ-੯੫੨)
**ਕੇਤੇ ਮੂਰਖ ਖਾਹੀ ਖਾਹਿ॥** (ਅੰਗ-੫)
**ਨਹ ਕਿਛੁ ਜਨਮੈ ਨਹ ਕਿਛੁ ਮਰੈ॥** (ਅੰਗ-੨੮੧)

ਦੀ ਤੁਕ ਨੂੰ ਆਧਾਰ ਬਣਾ ਕੇ ਕਿਸੇ ਦਾ ਕਤਲ ਕਰ ਦੇਵੋਗੇ? ਹੁਣ ਤੱਕ ਦੀਆਂ ਤੁਹਾਡੇ ਵਰਗੇ ਦਸਮ ਗ੍ਰੰਥ ਵਿਰੋਧੀਆਂ ਦੀਆਂ ਜੋ ਲਿਖਤਾਂ ਉਪਲਬਧ ਹਨ ਨੂੰ ਵੀਚਾਰ ਕੇ ਤੱਤ ਇਹ ਨਿਕਲਦਾ ਹੈ ਕਿ ਤੁਹਾਡੇ ਸਾਰੇ ਸਮਰਥਕਾਂ ਦੀ ਮਾਨਸਿਕਤਾ ਦੇ ਦਰਸ਼ਨ ਇਸ ਤਰਾਂ ਹਨ:

(1) ਸਿੱਖ ਧਰਮ ਇਕ ਵਿਗਿਆਨਿਕ ਧਰਮ ਹੈ ।
(2) ਸੰਸਾਰ ਦੀ ਹਰ ਚੀਜ਼ ਵਿਗਿਆਨ ਦੇ ਆਧਾਰ 'ਤੇ ਹੈ।
(3) ਗੁਰਬਾਣੀ ਦੇ ਅਰਥ ਵਿਗਿਆਨਿਕ ਢੰਗ ਨਾਲ ਹੋਣੇ ਚਾਹੀਦੇ ਹਨ।
(4) ਇਤਿਹਾਸ ਭੀ ਵਿਗਿਆਨਿਕ ਕਸਵੱਟੀ ਤੇ ਪਰਖਣਾ ਚਾਹੀਦਾ ਹੈ ।
(5) ਮੂੰਹ ਨਾਲ ਵਾਹਿਗੁਰੂ-ਵਾਹਿਗੁਰੂ ਕਹਿਣਾ ਫ਼ਜ਼ੂਲ ਹੈ ਅਤੇ ਸਮਾਂ ਨਸ਼ਟ ਕਰਨਾ ਹੈ ।
(6) ਵਾਹਿਗੁਰੂ ਸ਼ਬਦ ਗੁਰੂ ਬਾਣੀ ਵਿਚ ਕਿਤੇ ਨਹੀਂ ਆਇਆ ਇਹ ਕੇਵਲ ਭੱਟਾਂ ਦੇ ਸਵੱਯੀਆਂ ਵਿਚ ਆਇਆ ਹੈ । ਗੁਰੂ ਸਾਹਿਬ ਆਪਣੀ ਸਿਫ਼ਤ ਆਪ ਦਰਜ ਨਹੀ ਕਰ ਸਕਦੇ ਇਹ ਗੁਰੂ ਸਾਹਿਬ ਤੋਂ ਪਿਛੋਂ ਕਿਸੇ ਨੇ ਦਰਜ ਕੀਤੇ ਹਨ ।
(7) ਪਰਮੇਸ਼ਰ ਵਿਗਿਆਨਿਕ ਨਿਯਮਾਂ ਤੋਂ ਬਾਹਰ ਨਹੀਂ ਜਾ ਸਕਦਾ ।
(8) ਪੰਜਾ ਸਾਹਿਬ, ਰੀਠਾ ਸਾਹਿਬ, ਮਾਤਾ ਸੁਲਖਣੀ ਦੀ ਸਾਖੀ ਦੁੱਖ ਭੰਜਨੀ ਬੇਰੀ ਵਾਲੀ ਸਾਖੀ, ਮਾਤਾ ਗੰਗਾ ਜੀ ਦਾ ਬਾਬਾ ਬੁੱਢਾ ਜੀ ਨੂੰ ਵਰਦਾਨ ਸਭ ਝੂਠੀਆਂ ਹਨ ।
(9) ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਪਰਾਭੌਤਿਕ ਗੱਲਾਂ ਗਪੌੜ ਹਨ ।
(10) ਮਿਸ਼ਨਰੀ ਕਾਲਜਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦਾ ਸਾਰਾ ਸਿੱਖ ਇਤਿਹਾਸ ਬ੍ਰਾਹਮਣਵਾਦੀ ਮਿਥਿਹਾਸਿਕ ਹੈ ।
(11) ਕੋਈ ਪ੍ਰਲੋਕ ਨਹੀਂ, ਧਰਮਰਾਜ ਨਹੀਂ, ਨਰਕ ਨਹੀ, ਸੁਰਗ ਨਹੀਂ, ਮਰਨ ਪਿਛੋਂ ਕੋਈ ਲੇਖਾ ਜੋਖਾ ਨਹੀਂ ਹੁੰਦਾ ।
(12) ਕੋਈ ਅੰਮ੍ਰਿਤ ਵੇਲਾ ਨਹੀਂ ਜਦੋਂ ਵੀਚਾਰ ਕੇ ਬਾਣੀ ਪੜ੍ਹੋ ਉਹ ਅੰਮ੍ਰਿਤ ਵੇਲਾ ਹੈ । ਨਿੱਤਨੇਮ ਕਰਨ ਦੀ ਲੋੜ ਨਹੀਂ । ਵੀਚਾਰ ਕੇ ਇਕ ਵਾਰ ਬਾਣੀ ਪੜ੍ਹਨੀ ਠੀਕ ਹੈ ।
(13) ਖੰਡਾ ਪਹੁਲ ਛਕਣਾ ਕੋਈ ਜ਼ਰੂਰੀ ਨਹੀਂ ।
(14) ਗੁਰਬਖਸ਼ ਸਿੰਘ ਕਾਲਾ ਅਫਗਾਨਾਂ ਤੋਂ ਪਹਿਲਾਂ ਦੇ ਸਾਰੇ ਸਿੱਖ ਵਿਦਵਾਨ ਅੰਧ-ਵਿਸ਼ਵਾਸੀ ਸੀ, ਅਗਿਆਨੀ ਅਤੇ ਨਿਰਮਲਿਆਂ ਦੇ ਪ੍ਰਭਾਵ ਹੇਠ ਸਨ, ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਜੋ ਤੁਹਾਡਾ ਟੋਲਾ ਪ੍ਰਚਾਰ ਰਿਹਾ ਹੈ, ਰੱਬ ਤੋਂ ਮੁਨਕਰ ਨਾਸਤਿਕ ਕਾਮਰੇਡੀ ਟੋਲਾ ਭੀ ਇਹੋ ਪ੍ਰਚਾਰ ਰਿਹਾ ਹੈ । ਫਿਰ ਕਮਿਊਨਿਸਟਾਂ ਵਿਚ ਅਤੇ ਤੁਹਾਡੇ ਵਿਚ ਕੀ ਫ਼ਰਕ ਹੈ ? ਕਾਮਰੇਡ ਸੱਚ ਬੋਲਦੇ ਹਨ ਕਿ ਭਗਵਾਨ ਮਨੋਕਲਪਿਤ ਹੈ ਅਸੀਂ ਕਿਸੇ ਰੱਬ ਨੂੰ ਨਹੀਂ ਮੰਨਦੇ ।



ਦਸਮ ਗ੍ਰੰਥ ਵਿਰੋਧੀ ਮਿਸ਼ਨਰੀ ਕਾਲਜ ਵਾਲੇ ਝੂਠ ਬੋਲਦੇ ਹਨ ਕਿ ਅਸੀਂ ਸਿੱਖ ਹਾਂ । ਕਿਉਂਕਿ ਤੁਸੀਂ ਗੱਲਾਂ ਸਾਰੀਆਂ ਕਾਮਰੇਡੀ ਟੋਲੇ ਦੀਆਂ ਕਰਦੇ ਹੋ ਜਦ ਕਿ ਸਿੱਖ ਧਰਮ ਪਰਮੇਸ਼ਰ ਦੀ ਹੋਂਦ ਪ੍ਰਗਟ ਕਰਨ ਲਈ ਸੰਸਾਰ ਵਿਚ ਬਣਿਆ ਹੈ । ਤੱਤ ਇਹ ਹੈ ਕਾਮਰੇਡਾਂ ਦਾ ਇਕ ਟੋਲਾ ਮਿਸ਼ਨਰੀਆਂ ਦਾ ਰੂਪ ਧਾਰ ਕੇ ਸਿੱਖੀ ਵਿਚ ਘੁਸਪੈਠ ਕਰ ਗਿਆ ਹੈ ।

ਅਸੀਂ ਇਨ੍ਹਾਂ ਸਾਰੀਆਂ ਗੱਲਾਂ ਦਾ ਪੂਰਨ ਤੌਰ ਤੇ ਖ਼ੁਲਾਸਾ ਕਾਮਰੇਡੀ ਸਿੱਖਾਂ ਦੇ ਕੌਤਕ (ਭਾਗ-੧ ਅਤੇ ਭਾਗ-੨) ਵਿੱਚ ਕਰ ਦਿੱਤਾ ਹੈ ਅਤੇ ਇਹ ਦੋਨੋਂ ਕਿਤਾਬਾਂ ਸਾਡੀ ਵੈੱਬ ਸਾਈਟ ਤੇ ਉਪਲਬਧ ਹਨ । ਸ੍ਰੀ ਦਸਮ ਗ੍ਰੰਥ ਦਾ ਪੰਥ ਵਿੱਚ ਪੁਆੜਾ ਪਾਇਆ ਹੀ ਕਾਮਰੇਡੀ ਟੋਲੇ ਅਤੇ ਮਿਸ਼ਨਰੀਆਂ ਨੇ ਹੈ । ਤੁਸੀ ਪੰਥ ਵਿਚ ਖ਼ਾਨਾਜੰਗੀ ਕਰਾਉਣ ਤੇ ਤੁਲੇ ਹੋਏ ਹੋ ।

ਜਦੋਂ ਤੱਕ ਸਾਡੇ ਸੁਆਸ ਹਨ ਅਸੀਂ ਤੁਹਾਡੇ ਪਰਦੇ ਫਾਸ਼ ਕਰ ਕੇ ਸਿੱਖ ਸੰਗਤ ਨੂੰ ਸਚਾਈ ਪ੍ਰਗਟ ਕਰਦੇ ਰਹਾਂਗੇ । ਸਾਡੀਆਂ ਲਿਖਤਾਂ ਦਾ ਤੁਹਾਡੇ 'ਤੇ ਕੋਈ ਅਸਰ ਨਹੀਂ ਹੋਵੇਗਾ ਇਹ ਸਾਨੂੰ ਪਤਾ ਹੈ । ਕਿਉਂਕਿ ਜਿਹੜਾ ਬੰਦਾ ਰੱਬ ਨੂੰ ਟੱਬ ਕਹੇ ਅਤੇ ਜਿਸ ਦੇ ਮਨ ਵਿਚ ਵਿਗਿਆਨ, ਹਉਂਮੈਂ, ਝੂਠ ਅਤੇ ਫਰੇਬ ਦੀ ਚਾਰ ਇੰਚ ਮੋਟੀ ਚਰਬੀ ਚੜ੍ਹੀ ਹੋਵੇ ਅਤੇ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਅੰਗਾਂ ਦਾ ਗਿਆਨ ਅਸਰ ਨਾ ਕਰੇ ਉਸ ਤੇ ਸਾਡੀ ਕਿਤਾਬ ਦਾ ਕੀ ਅਸਰ ਹੋਣਾ ਹੈ? ਪਰ

ਨਿਰਪੱਖ ਸੋਚ ਵਾਲੇ ਪਾਠਕ ਸਾਡੀਆਂ ਕਿਤਾਬਾਂ ਪੜ੍ਹ ਕੇ ਤੁਹਾਡੇ ਕੂੜ ਪ੍ਰਚਾਰ ਤੋਂ ਗੁਮਰਾਹ ਹੋ ਕੇ ਭਟਕਣਾ ਵਿਚ ਨਹੀ ਪੈਣਗੇ । ਐਸਾ ਸਾਡਾ ਵਿਸ਼ਵਾਸ ਹੈ ਅਤੇ ਇਸ ਦਾ ਅਸਰ ਸਿੱਖ ਸੰਗਤਾਂ ਤੋਂ ਸਾਨੂੰ ਮਿਲ ਰਹੀਆਂ ਅਸੀਸਾਂ ਤੋਂ ਪ੍ਰਗਟ ਹੋ ਰਿਹਾ ਹੈ । ਪਰ ਜਿਸ ਤਰ੍ਹਾਂ ਤੁਸੀਂ ਪਿਛਲੇ ਪੰਜਾਹ ਸਾਲਾਂ ਤੋਂ ਖੁੱਲ੍ਹੀਆਂ ਖੇਡਾਂ ਖੇਡੀਆਂ ਹਨ ਹੁਣ ਉਹ ਨਹੀਂ ਹੋਵੇਗਾ । ਤੁਹਾਡੀ ਹਰ ਗੱਲ ਦਾ ਢੁਕਵਾਂ ਉੱਤਰ ਦੇ ਕੇ ਤੁਹਾਡਾ ਮੁਕਾਬਲਾ ਕਰਾਂਗੇ । ਤੁਹਾਨੂੰ ਜਿੰਨੀ ਕੁ ਗੁਰਬਾਣੀ ਦੀ ਸੂਝ ਹੈ ਉਹ ਤੁਹਾਡੀ ਕਿਤਾਬ (Real facts about Dasam Granth) '**ਸਚ ਲਿਖਿ ਸਚਿ ਸਮਾਣਵਿਆਂ**' ਦੇ ਲੇਖ ਤੋਂ ਪ੍ਰਗਟ ਹੋ ਰਿਹਾ ਹੈ ।

**ਛਿਅ ਘਰ ਛਿਅ ਗੁਰ ਛਿਅ ਉਪਦੇਸ॥**
**ਗੁਰੁ ਗੁਰੁ ਏਕੋ ਵੇਸ ਅਨੇਕ॥੧॥**
**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**
**ਸੋ ਘਰੁ ਰਾਖੁ ਵਡਾਈ ਤੋਇ॥** (ਅੰਗ ੧੨)

ਅਰਥਾਤ: ਜੇ ਸਿੱਖ ਦੇ ਸਾਮ੍ਹਣੇ ਛੇ ਗ੍ਰੰਥ ਰੱਖ ਦਿਤੇ ਜਾਣ ਤਾਂ ਸੂਝਵਾਨ ਸਿੱਖ ਕਰਤੇ ਦੀ ਕੀਰਤ (ਨਾਮ) ਨਾਲ ਜੋੜਨ ਵਾਲੇ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਬਾਕੀ ਸਾਰੇ ਗ੍ਰੰਥ ਤਿਆਗ ਦੇਵੇਗਾ ।

ਤੁਸੀਂ ਇਹ ਅਰਥ ਕਿਸ ਵਿਆਕਰਨ ਅਤੇ ਕਿਸ ਕੋਸ਼ਕਾਰੀ ਅਧੀਨ ਕੀਤੇ ਹਨ? ਬਲਿਹਾਰ ਜਾਈਏ ਉਸ ਸਕੂਲ ਦੇ ਜਿੱਥੇ ਤੁਸੀਂ ਇਹ ਅਰਥ ਸਿੱਖੇ ਹਨ । ਅਜਿਹੀ ਮੱਤ ਵਾਲੀ ਕਸਵੱਟੀਆਂ ਨਾਲ ਜੇ ਸ੍ਰੀ ਦਸਮ ਗ੍ਰੰਥ ਨੂੰ ਘੋਖਿਆ ਜਾਵੇਗਾ ਤਾਂ ਨਤੀਜਾ ਇਹੀ ਨਿਕਲੇਗਾ । ਤੁਸੀਂ ਆਪਣੇ ਪਹਿਲੇ 27 ਸਵਾਲਾਂ ਦੇ ਪੁਲੰਦੇ ਵਿਚ ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਪੰਨਾ 616 ਦਾ ਹਵਾਲਾ ਦੇ ਕੇ ਲਿਖਿਆ ਸੀ ਕਿ ਭਾਈ ਮਨੀ ਸਿੰਘ ਜੀ ਨੇ ਐਧਰੋਂ-ਓਧਰੋਂ ਰਚਨਾਵਾਂ ਇਕੱਠੀਆਂ ਕਰ ਕੇ ਦਸਮ ਗ੍ਰੰਥ ਬਣਾਇਆ ਸੀ । ਕਿਤਾਬ ਵਿਚ ਲਿਖ ਰਹੇ ਹੋ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ-ਜੋਤ ਸਮਾਉਣ ਪਿਛੋਂ ਪੰਥ ਦੋਖੀਆਂ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨ ਲਈ ਗੁਰੂ ਗੋਬਿੰਦ ਸਿੰਘ ਨੂੰ ਦੇਵੀ ਪੂਜਣ ਸਿੱਧ ਕਰਨ ਲਈ ਇਹ ਗ੍ਰੰਥ ਬਣਾਇਆ ਹੈ । ਤੁਹਾਨੂੰ ਭਾਈ ਮਨੀ ਸਿੰਘ ਵਰਗੀ ਸੱਚੀ-ਸੁੱਚੀ ਪ੍ਰਮਾਣੀਕ ਹਸਤੀ ਨੂੰ ਪੰਥ ਵਿਰੋਧੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਤੋੜਨ ਵਾਲਾ ਕਹਿਣ ਵਿਚ ਰਤਾ ਵੀ ਸ਼ਰਮ ਨਹੀਂ ਆਈ?

ਤੁਸੀਂ ਆਪਣੀ ਲਿਖਤ ਵਿਚ ਹਰ ਜਗ੍ਹਾ ਸਹੀ ਤੱਥਾਂ ਨੂੰ ਛੁਪਾ ਕੇ ਪਾਠਕਾਂ ਨੂੰ ਗੁਮਰਾਹ ਕੀਤਾ ਹੈ ।

ਉਦਾਹਰਣ:



(1) ਚੰਡੀ ਦੀ ਵਾਰ ਵੇਲੇ ਤੁਸੀਂ ਭਗਉਤੀ ਦੇ ਅਰਥਾਂ ਲਈ ਮਹਾਨ ਕੋਸ਼ ਦਾ ਆਸਰਾ ਲੈ ਕੇ ਇਸ ਦੇ ਗੁਰਮਤਿ ਅਨੁਕੂਲ ਭਾਈ ਕਾਨ੍ਹ ਸਿੰਘ ਦੇ ਅਰਥਾਂ ਨੂੰ ਲੁਕਾ ਕੇ ਉਲਟ ਅਰਥ ਕੀਤੇ ਹਨ । ਭਾਈ ਕਾਨ੍ਹ ਸਿੰਘ ਜੀ ਨੇ ਆਪਣੀ ਪੁਸਤਕ ਗੁਰਮਤਿ ਸੁਧਾਖਰ (ਜਿਸ ਦਾ ਹਵਾਲਾ ਅਸੀਂ ਆਪਣੀ ਲਿਖਤ ਵਿਚ ਦਿੱਤਾ ਹੈ) ਵਿਚ ਇਸ ਦੇ ਅਰਥਾਂ ਲਈ ਚਾਰ ਪੰਨਿਆਂ ਦਾ ਫੁੱਟ-ਨੋਟ ਦੇ ਕੇ ਸਾਬਤ ਕੀਤਾ ਹੈ ਕਿ ਇੱਥੇ ਭਗਉਤੀ ਦੇ ਅਰਥ ਕਰਤਾਰ ਹਨ । ਤੁਸੀਂ ਇਹ ਅਰਥ ਆਪਣੀ ਲਿਖਤ ਵਿਚ ਕਿਉਂ ਨਹੀ ਕੀਤੇ?

(2) ਮਹਾਂਕਾਲ ਦੇ ਅਰਥਾਂ ਲਈ ਭਾਈ ਸਾਹਿਬ ਨੇ ਇਸ ਦੇ ਅਰਥ ਕਰਤਾਰ ਵਾਹਿਗੁਰੂ ਕੀਤੇ ਹਨ, ਨਾਲ ਹੀ ਤੁਕ ਲਿਖੀ ਹੈ 'ਕਾਲੁ ਕਾ ਕਾਲੁ ਨਿਰਜਨ ਜਚਨਾ' ਤੁਸੀਂ ਇਹ ਅਰਥ ਪ੍ਰਗਟ ਕਿਉਂ ਨਹੀ ਕੀਤੇ?

(3) ਤੁਸੀਂ ਆਪਣੀ ਕਿਤਾਬ ਦੇ ਅਧਿਆਇ ੩ ਵਿਚ '**ਸਰਬ ਕਾਲ ਹੈ ਪਿਤਾ ਹਮਾਰਾ॥ ਦੇਬਿ ਕਾਲਕਾ ਮਾਤ ਹਮਾਰਾ॥**' ਦੇ ਅਰਥ ਭਾਈ ਸਾਹਿਬ ਦੇ ਗੁਰਮਤਿ ਸੁਧਾਖਰ ਵਾਲੇ ਅਰਥ ਪ੍ਰਵਾਨ ਕਿਉਂ ਨਹੀ ਕੀਤੇ? ਕੀ ਭਾਈ ਕਾਨ੍ਹ ਸਿੰਘ ਪੰਥ ਦੋਖੀ ਸੀ?

(4) ਸਿੱਖ ਅਰਦਾਸ ਦੀ ਪਹਿਲੀ ਪਉੜੀ ਲਈ:
ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ॥
ਪ੍ਰੋ. ਸਾਹਿਬ ਸਿੰਘ ਜੀ ਨੇ ਜੋ ਅਰਥ ਕੀਤੇ ਹਨ ਤੁਸੀਂ ਉਹ ਕਿਉਂ ਨਹੀਂ ਦਿੱਤੇ?

(5) ਪ੍ਰੋ. ਸਾਹਿਬ ਸਿੰਘ ਜੀ ਨੇ ਜਾਪੁ ਸਾਹਿਬ, ਸਵੱਯੇ, ਚੌਪਈ ਸਟੀਕ ਵਿਚ ਇਨਾਂ ਰਚਨਾਵਾਂ ਨੂੰ ਗੁਰੂ ਕ੍ਰਿਤ ਮੰਨਿਆ ਹੈ ਇਸੇ ਤਰ੍ਹਾਂ ਅੱਜ ਤੱਕ ਦੇ ਬਾਕੀ ਸਾਰੇ ਵਿਦਵਾਨ ਇਸ ਨੂੰ ਕਬੂਲਦੇ ਹਨ ਪਰ ਤੁਸੀਂ ਕਹਿ ਰਹੇ ਹੋ ਕਿ ਇਹ ਸ਼ਿਵ ਪੁਰਾਣ ਵਿਚ ਹੈ । ਜਿਸ ਤਰੀਕੇ ਨਾਲ ਪੰਥ ਨੇ ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ ਜੀ, ਪ੍ਰਿੰਸੀਪਲ ਤੇਜਾ ਸਿੰਘ ਅਤੇ ਹੋਰ ਵਿਦਵਾਨਾਂ ਨੂੰ ਪ੍ਰਵਾਨ ਕੀਤਾ ਹੈ ਕੀ ਜੱਗੀ ਜੀ ਨੂੰ ਪ੍ਰਵਾਨਤਾ ਮਿਲੀ ਹੈ? ਇਨਾਂ ਸਾਰੇ ਵਿਦਵਾਨਾਂ ਨੂੰ ਤੁਸੀ ਪੰਥ ਦੋਖੀ ਸਿੱਧ ਕਰ ਕੇ ਰਤਨ ਸਿੰਘ ਜੱਗੀ ਦਾ ਪੱਲਾ ਕਿਉਂ ਫੜਿਆ ਹੈ?

(6) ਚੌਬੀਸ ਅਵਤਾਰ ਦੀ ਅਰੰਭਿਕ ਚੌਪਈ ਦਾ ਪਹਿਲਾ ਛੰਦ:

**ਅਬ ਚਉਬੀਸ ਉਚਰੋਂ ਅਵਤਾਰਾ॥**
**ਜਿੱਹ ਬਿਧ ਤਿਨ ਕਾ ਲਖਾ ਅਖਾਰਾ॥**
**ਸੁਨੀਅਹੁ ਸੰਤ ਸਬੈ ਚਿਤ ਲਾਈ॥**
**ਬਰਨਤ ਸਜਾਮ ਜਥਾ ਮਤ ਭਾਈ॥੧॥**

ਤੁਸੀਂ ਲਿਖਿਆ ਹੈ ਕਿ ਕਵੀ ਸਯਾਮ ਦੀ ਕਵੀ ਛਾਪ ਦੱਸ ਰਹੀ ਹੈ ਕਿ

ਇਹ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ।

**'ਜਹ ਬਿਧ ਤਿਨ ਕਾ ਲਖਾ ਅਖਾਰਾ'** ਕਹਿ ਕੇ ਰਚਨਹਾਰ ਦੱਸ ਰਿਹਾ ਹੈ ਕੀ ਜਿਸ ਤਰ੍ਹਾਂ ਮੈਂ ਇਨ੍ਹਾਂ ਦੀ ਖੇਡ (ਅਖਾੜਾ) ਦੇਖੀ ਮੈਂ ਉਹ ਦੱਸ ਰਿਹਾ ਹਾਂ । ਕੀ ਇਸ ਸਾਰੇ ਪ੍ਰਸੰਗ ਨੂੰ ਖੇਡ ਕਹਿਣ ਵਾਲਾ ਇਨਾਂ ਦਾ ਉਪਾਸਕ ਹੋਵੇਗਾ? ਤੁਸੀਂ ਇਹ ਲੁਕਾ ਕਿਉਂ ਗਏ? ਜਾਂ ਫਿਰ ਤੁਸੀਂ ਇਸ ਭੇਦ ਨੂੰ ਸਮਝਣ ਦੇ ਅਸਮਰਥ ਹੋ ।

ਫਿਰ ਇਸ ਤੋਂ ਅਗਲੇ ਛੰਦਾਂ ਵਿਚ ਜੋ ਲਿਖਿਆ ਹੈ:

**ਜੋ ਚਉਬੀਸ ਅਵਤਾਰ ਕਹਾਏ ॥ ਤਿਨ ਭੀ ਤੁਮ ਪ੍ਰਭ ਤਨਿਕ ਨ ਪਾਏ ॥**
**ਸਭ ਹੀ ਜਗ ਭਰਮੇ ਭਵਰਾਯੰ ॥ ਤਾ ਤੇ ਨਾਮੁ ਬਿਅੰਤ ਕਹਾਯੰ ॥੭॥**
**ਸਭ ਹੀ ਛਲਤ, ਨ ਆਪ ਛਲਾਜਾ ॥ ਤਾ ਤੇ ਛਲੀਆ ਆਪ ਕਹਾਯਾ ॥**
**ਸੰਤਨ ਦੁਖੀ ਨਿਰਖ ਅਕੁਲਾਵੈ ॥ ਦੀਨ ਬੰਧੁ ਤਾ ਤੇ ਕਹਲਾਵੈ ॥੮॥**
**ਅੰਤ ਕਰਤ ਸਭ ਜਗ ਕੌ ਕਾਲਾ ॥ ਨਾਮੁ ਕਾਲ ਤਾ ਤੇ ਜਗ ਡਾਲਾ ॥**

ਗੁਰੂ ਕਵੀ ਦੱਸ ਰਿਹਾ ਹੈ ਕਿ ਕਿਉਂਕਿ ਸਾਰੇ ਜਗਤ ਦਾ ਅੰਤ ਨੂੰ ਕਾਲ (ਖ਼ਤਮ) ਕਰਨ ਵਾਲਾ ਪਰਮੇਸ਼ਰ ਆਪ ਹੈ ਇਸ ਲਈ ਉਸ ਦਾ ਨਾਮ ਕਾਲ, ਮਹਾਂਕਾਲ ਅਤੇ ਕਾਲ ਕਾ ਕਾਲ ਪੈ ਗਿਆ ।

**ਸਮੈ ਸੰਤ ਪਰ ਹੋਤ ਸਹਾਈ ॥ ਤਾ ਤੇ ਸੰਖਯਾ ਸੰਤ ਸੁਨਾਈ ॥੯॥**
**ਕਿਨਹੂੰ ਕਹੂੰ ਨ ਤਾਹਿ ਲਖਾਯੋ ॥ ਇਹ ਕਰ ਨਾਮੁ ਅਲਖ ਕਹਾਜੋ ॥**
**ਜੋਨ ਜਗਤ ਮੈ ਕਬਹੂੰ ਨ ਆਜਾ ॥ ਯਾ ਤੇ ਸਭੌ ਅਜੋਨ ਬਤਾਜਾ ॥੧੩॥**
**ਬ੍ਰਹਮਾਦਕ ਸਬ ਹੀ ਪਚਹਾਰੇ ॥ ਬਿਸਨ ਮਹੇਸੂਰ ਕਉਨ ਬਿਚਾਰੇ ॥**
**ਇਕ ਮੜੀਅਨ ਕਬਰਨ ਵੇ ਜਾਂਹੀ ॥ ਦੁਹੂੰਅਨ ਮੈ ਪਰਮੇਸੂਰ ਨਾਹੀ ॥੧੮॥**
**ਏ ਦੋਊ ਮੋਹ ਬਾਦ ਮੋ ਪਚੇ ॥ ਇਨ ਤੇ ਨਾਥ ਨਿਰਾਲੇ ਬਚੇ ॥**
**ਜਾ ਤੇ ਛੂਟਿ ਗਯੋ ਭ੍ਰਮ ਉਰ ਕਾ ॥ ਤਿਹੈ ਆਗੇ ਹਿੰਦੂ ਕਿਆ ਤੁਰਕਾ ॥੧੯॥**

ਚੌਬੀਸ ਅਵਤਾਰ ਦੇ ਇਸ ਅਰੰਭਿਕ ਅਧਿਆਇ ਨੂੰ ਪੜ੍ਹ ਕੇ ਕੋਈ ਕਹੇਗਾ ਕਿ ਇਹ ਰਚਨਹਾਰ ਕਵੀ ਰਾਮ ਜਾਂ ਸਯਾਮ ਗੁਰੂ ਕਲਗੀਧਰ ਨਹੀਂ ਹਨ? ਤੁਸੀਂ ਆਪਣੇ ਕਪਟੀ ਮਨ ਨਾਲ ਇਹ ਤੱਥ ਪਾਠਕਾਂ ਨੂੰ ਕਿਉਂ ਨਹੀਂ ਦੱਸਦੇ? ਨਾ ਤੁਹਾਨੂੰ ਇਨ੍ਹਾਂ ਰਚਨਾਵਾਂ ਦੇ ਲਿਖਣ ਦੇ ਉਦੇਸ਼ ਦਾ ਪਤਾ ਹੈ ਅਤੇ ਨਾ ਹੀ ਇਸ ਦੇ ਵਿਸ਼ਾ-ਵਸਤੂ ਨੂੰ ਸਮਝਣ ਦੀ ਅਕਲ ਹੈ ।

ਤੁਸੀਂ ਦੱਸੋ ਉੱਪਰ ਲਿਖੇ ਛੰਦ ਭਾਗਵਤ ਪੁਰਾਣ ਦੇ ਕਿਸ ਪੰਨੇ ਤੇ ਦਰਜ ਹਨ । ਇਸੇ ਤਰ੍ਹਾਂ ਮੀਰ ਮਹਿੰਦੀ ਦਾ ਵਰਨਨ ਭਗਵਤ ਪੁਰਾਣ ਵਿਚ ਕਿੱਥੇ ਦਰਜ ਹੈ?

ਤੁਸੀਂ ਆਪਣੀ ਕਿਤਾਬ Real facts about Dasam Granth ਦੀ ਅੰਤਿਕਾ 2, 3 ਜੋ ਵਰਨਣ ਕੀਤਾ ਹੈ ਸਿੱਖ ਸੰਗਤਾਂ ਨੂੰ ਗੁਮਰਾਹ ਕਰਨ ਲਈ ਕੀਤਾ



ਹੈ । ਤੁਹਾਨੂੰ ਇਸ ਦੇ ਲਿਖਣ ਦੇ ਉਦੇਸ਼ ਦਾ ਬਿਲਕੁਲ ਪਤਾ ਨਹੀਂ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਪੁਰਾਣਿਕ ਹਵਾਲੇ ਆਏ ਹਨ ।

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥**
**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**

(ਅੰਗ ੪੭੦)

**ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥**

(ਅੰਗ ੧੩੪੪)

**ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥**
**ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥**

(ਅੰਗ ੯੫੩)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੫੩-੫੪ ਤੇ ਦਰਜ ਇਸ ਲੰਮੇ ਸ਼ਬਦ ਵਿਚ ਅਤੇ ਹੋਰ ਥਾਂ ਕੇਵਲ ਟੂਕ ਮਾਤਰ ਤੁਕਾਂ ਆਈਆਂ ਹਨ । ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਸਮਝਣ ਲਈ ਅਤੇ ਸ਼ਬਦ ਦੀ ਵਿਆਖਿਆ ਲਈ ਵਿਸਤਾਰ ਕਿੱਥੋਂ ਮਿਲੇਗਾ? ਜਿਸ ਜ਼ਮਾਨੇ ਵਿਚ ਇਹ ਸਾਰੇ ਗ੍ਰੰਥ ਬ੍ਰਾਹਮਣ ਦੀ ਨਿੱਜੀ ਜਾਇਦਾਦ ਸਨ ਕੋਈ ਹੋਰ ਪੜ੍ਹ ਨਹੀਂ ਸਕਦਾ ਸੀ, ਗੁਰੂ ਸਾਹਿਬ ਨੇ ਇਨ੍ਹਾਂ ਦਾ ਅਨੁਵਾਦ ਕਰ ਕੇ ਮਨੁੱਖਤਾ ਤੇ ਪਰਉਪਕਾਰ ਕੀਤਾ ਹੈ । ਇਹ ਗੁਰੂ ਸਾਹਿਬ ਦਾ ਇਸ਼ਟ ਨਹੀ ਇਸੇ ਲਈ ਜਗ੍ਹਾ-ਜਗ੍ਹਾ ਇਨ੍ਹਾਂ ਦਾ ਖੰਡਨ ਕੀਤਾ ਹੈ । ਪਰ ਇਹ ਠੋਸ ਸਚਾਈ ਤੁਹਾਡੀ ਸਮਝ ਵਿਚ ਨਹੀਂ ਆ ਰਹੀ । ਇਸੇ ਲਈ ਖਿੱਚ-ਧੂਹ ਕੇ ਅਰਥਾਂ ਨੇ ਅਨਰਥ ਕਰ ਕੇ ਦੇਵੀ-ਦੇਵਤਿਆਂ ਨੂੰ ਗੁਰੂ ਸਾਹਿਬ ਦੇ ਇਸ਼ਟ ਸਾਬਤ ਕਰਨ ਦੀ ਕੁਚੇਸ਼ਟਾ ਕਰ ਰਹੇ ਹੋ ।

ਤੁਸੀਂ ਆਪਣੀ ਪੁਸਤਕ ਦੇ ਪੰਨਾ ੧੯ ਤੇ ਲਿਖਿਆ ਹੈ:

ਇਸ ਪੁਸਤਕ ਮਹਾਂਕਾਲੀ ਉਪਾਸਨਾਂ ਦੇ ਲੇਖਕ ਨੇ ਪੰਨਾ ੨੩-੨੪ ਤੇ 'ਸ੍ਰੀ ਦੁਰਗਾ ਜੀ ਔਰ ਮਹਾਂਕਾਲੀ ਜੀ ਦੇ ਉਪਾਸ਼ਕ' ਸਿਰਲੇਖ ਹੇਠ ਲਿਖਿਆ ਹੈ ਕਿ "ਛਤ੍ਰਪਤਿ ਗੁਰੂ ਗੋਬਿੰਦ ਸਿੰਘ ਤਥਾ ਸ਼ਿਵਾ ਜੀ ਮਹਾਰਾਜ ਜਿਨਹੋ ਅਤਿਯੰਤ ਸੰਕਟ ਕਾਲ ਮੇ ਹਿੰਦੂ ਜਾਤਿ ਕੀ ਰਕਸ਼ਾ ਕੀ, ਅਨਯਥਾ ਨਰਾਧਮ ਔਰੰਗਜੇਬ ਬਾਦਸ਼ਾਹ ਕੇ ਅਤਯਾਚਾਰ ਕਾਲ ਮੇ ਹਿੰਦੂ ਜਾਤਿ ਕਾ ਲੇਸ਼ਮਾਤਰ ਭੀ ਨ ਬਚਤਾ । ਇਨ ਦੋਨੋ ਮਹਾਂਪੁਰਸ਼ੋਂ ਕੋ ਜਗਦੰਬਾ ਜੀ ਨੇ ਆਜ ਸੇ ੫੦੦ ਵਰਸ਼ ਪਹਿਲੇ ਸ਼ਾਕਸ਼ਾਤ ਦਰਸ਼ਨ ਦੀਯਾ ਥਾ ਜਿਨ ਕੇ ਪਰਿਣਾਮ-ਸਰੂਪ ਇਤਨੇ ਬੜੇ ਕਾਰਯ ਕੋ ਕਰ ਸਕੇ ।"

ਅੱਗੇ ਤੁਸੀਂ ਲਿਖਿਆ ਹੈ ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ "ਪੰਡਤ ਵਾਈ, ਐਨ ਝਾ ਵਰਗੇ ਬ੍ਰਾਹਮਣਵਾਦੀ ਲੋਕ ਅਤੇ ਸਿੱਖੀ ਸਰੂਪ ਵਾਲੇ ਬ੍ਰਾਹਮਣ ਗੁਰੂ

ਗੋਬਿੰਦ ਸਿੰਘ ਜੀ ਨੂੰ ਦੇਵੀ-ਪੂਜਕ ਸਿੱਧ ਕਰਨ ਲਈ ਪੂਰਾ ਜ਼ੋਰ ਲਾ ਰਹੇ ਹਨ।" ਦਾਸ ਨੇ ਇਕ ਟ੍ਰੈਕਟ ਲਿਖਿਆ ਸੀ ਮਹਾਂਕਾਲ ਕਾਲਿਕਾ ਅਰਾਧੀ? ਸਵਾਲੀਆਂ ਚਿੰਨ੍ਹ ਇਸ ਲਈ ਲਾਇਆ ਸੀ ਕਿ ਕੀ ਇਹ ਸਹੀ ਹੈ? ਗੁਰਬਾਣੀ ਅਤੇ ਦਸਮ ਗ੍ਰੰਥ ਵਿਚੋਂ ਪ੍ਰਮਾਣ ਦੇ ਕੇ ਸਿੱਧ ਕਰ ਦਿਤਾ ਸੀ ਕੀ ਇਹ ਕੂੜ ਪ੍ਰਚਾਰ ਹੈ । ਤੁਸੀਂ ਜੇ ਇਸ ਨੂੰ ਸਵੀਕਾਰ ਕਰ ਕੇ ਇਸ ਦਾ ਉੱਤਰ ਨਹੀ ਦੇ ਸਕੇ ਤਾਂ ਇਹ ਅਗਿਆਨਤਾ ਵਾਲਾ ਕੰਮ ਹੈ ।

ਅਸੀਂ ਬੇਨਤੀ ਕਰਾਂਗੇ ਕਿ ਇਕ ਕਦਮ ਹੋਰ ਅੱਗੇ ਪੁੱਟੋ ਬਿਰਲਾ ਦੇ ਬਣਾਏ ਬਿਰਲਾ ਮੰਦਰ ਵਿਚ ਜਾਵੋ ਅਤੇ ਬਨਾਰਸ ਹਿੰਦੂ ਯੂਨੀਵਰਸਟੀ ਦੇ ਮੰਦਰ ਵਿਚ ਜਾਵੋ ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਵੱਡੀ ਫ਼ੋਟੋ ਲਗਾ ਕੇ ਇਹ ਤੁਕ ਲਿਖੀ ਹੋਈ ਹੈ ।

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥** (ਅੰਗ ੧੪੨੯)

ਸ਼ਰਾਰਤੀ ਦਿਮਾਗ਼ ਨੇ ਸਿੱਧ ਕਰ ਦਿਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਰਘੁਨਾਥ (ਰਘੂ ਕੁਲ ਦੇ ਮਾਲਕ) ਸੀਆ ਪਤੀ ਰਾਮ ਚੰਦਰ ਜੀ ਦੀ ਸ਼ਰਨ ਮੰਗ ਰਹੇ ਹਨ । ਕੀ ਤੁਸੀਂ ਇਸ ਨੂੰ ਪ੍ਰਵਾਨ ਕਰ ਲਵੋਗੇ? ਜਾਂ ਇਹ ਤੁਕ ਪੜ੍ਹਨ ਲਿਖਣ ਵਾਲਿਆਂ ਨੂੰ ਬ੍ਰਾਹਮਣਵਾਦੀ ਕਹੋਗੇ ।

ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨ 1017 ਤੇ ਭੀ ਰਘੁਨਾਥ ਦੇ ਅਰਥ ਰਾਮ ਚੰਦਰ ਭੀ ਕੀਤੇ ਹਨ ਅਤੇ ਨਾਲ ਹੀ ਲਿਖਿਆ ਹੈ, ਇਹ ਕਰਤਾਰ ਦਾ ਬੋਧਕ ਭੀ ਹੈ ।

ਸਹੀ ਅਰਥਾਂ ਲਈ ਸਾਨੂੰ ਫਿਰ ਜਾਪੁ ਸਾਹਿਬ ਦਾ ਸਹਾਰਾ ਲੈਣਾ ਪਵੇਗਾ । 'ਰਘੁ' ਦਾ ਅਰਥ ਹੈ ਪ੍ਰਕਾਸ਼, ਜਿਸ ਦਾ ਮੂਲ ਸ੍ਰੋਤ ਹੈ ਸੂਰਜ । ਜੋ ਸੂਰਜ ਨੂੰ ਰੋਸ਼ਨੀ ਦਿੰਦਾ ਹੈ '**ਨਮੋ ਸੂਰਜ ਸੂਰਜੇ**' '**ਨਮੋ ਚੰਦ੍ਰ ਚੰਦ੍ਰੇ**' ਅਤੇ ਗਰਬਾਣੀ ਦੱਸ ਰਹੀ ਹੈ '**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**' (ਸੋਹਿਲਾ) ਇਸੇ ਤਰ੍ਹਾਂ 'ਨਮੋ ਕਾਲ ਕਾਲੈ' ਜੋ ਕਾਲ ਦਾ ਭੀ ਕਾਲ ਕਰਨ ਵਾਲਾ ਹੈ ਉਹ ਹੈ ਕਰਤਾਰ । ਪਰ ਖੋਟੀ ਮੱਤ ਵਾਲਿਆਂ ਨੇ ਇਸ ਨੂੰ ਸ਼ਿਵ-ਪੁਰਾਣ ਵਾਲਾ ਮਹਾਂਕਾਲ ਪ੍ਰਚਾਰ ਕੇ ਸਿੱਖ ਸੰਗਤ ਨੂੰ ਕੁਰਾਹੇ ਪਾਉਣ ਦਾ ਲੱਕ ਬੰਨ੍ਹਿਆ ਹੈ ਤੁਸੀਂ ਆਪਣੀ ਇਸ ਕਿਤਾਬ ਦੇ ਪੰਨਾ ੯੮ ਦੇ ਹੇਠਾਂ ਲਿਖਿਆ ਹੈ:

**ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥** ... ... ...ਅਰਥਾਤ 'ਭਾਗਵਤ ਪੁਰਾਣ ਦੇ ਦਸਵੇਂ ਸਕੰਧ ਕੀ ਕਥਾ ਲਿਖਾਰੀ ਕਵੀ ਸਯਾਮ ਨੇ ਆਪਣੀ ਭਾਖਾ (ਬੋਲੀ) ਵਿਚ ਲਿਖੀ ਹੈ । ਪਾਠਕ ਨੋਟ ਕਰਨ ।'



ਤੁਸੀਂ ਇਹ ਅੱਧੀ ਤੁਕ ਲਿਖ ਕੇ ਪਾਠਕਾਂ ਨੂੰ ਗੁਮਰਾਹ ਕੀਤਾ ਹੈ । ਪੂਰੀ ਤੁਕ ਇਸ ਤਰਾਂ ਹੈ:

**ਦਸਮ ਕਥਾ ਭਗੌਤ ਕੀ ਭਾਖਾ ਕਹੀ ਬਨਾਇ॥**
**ਅਵਰ ਬਾਸਨਾ ਨਾਹਿ ਕ੍ਰਿਛ ਧਰਮ ਜੁਧ ਕੈ ਚਾਇ॥**

ਦਸਮੇਸ਼ ਪਿਤਾ ਕਹਿ ਰਹੇ ਹਨ ਕਿ ਮੈਂ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਦੀ ਕਥਾ ਆਪਣੀ ਬੋਲੀ ਦੇ ਕਪੜੇ ਪਹਿਨਾ ਕੇ ਲਿਖੀ ਹੈ । ਮੇਰੀ ਹੋਰ ਕੋਈ ਇੱਛਾ ਇਸ ਪਿਛੇ ਨਹੀ ਹੈ ਕੇਵਲ ਧਰਮ ਲਈ ਜੂਝਣ ਲਈ ਜੋਸ਼ ਪੈਦਾ ਕਰਨ ਲਈ ਲਿਖ ਰਿਹਾ ਹਾਂ (ਇਹ ਮੇਰਾ ਇਸ਼ਟ ਨਹੀਂ) ।

ਇਸੇ ਲਈ ਸ਼ੁਰੂ ਵਿਚ ਦੱਸ ਦਿੱਤਾ:

**ਰੈ ਨ ਗਨੇਸਹਿ ਪ੍ਰਿਥਮ ਮਨਾਊਂ॥**
**ਕਿਸਨ ਬਿਸਨ ਕਬਹੂੰ ਨਹ ਧਿਆਊਂ॥੪੩੪॥** (ਕ੍ਰਿਸ਼ਨਾ ਅਵਤਾਰ)

ਜਦੋਂ ਤੁਹਾਡੇ ਮਨੋਕਲਪਿਤ ਰਾਮ, ਸਯਾਮ, ਕਾਲ, ਸੂਫੀ ਕਵੀਆਂ ਦੇ ਅਤੇ-ਪਤੇ ਬਾਰੇ ਪੁੱਛਦੇ ਹਾਂ ਤਾਂ ਤੁਸੀਂ ਚੁੱਪ ਵੱਟ ਲੈਂਦੇਂ ਹੋ । ਕਦੇ ਕਹਿੰਦੇ ਹੋ ਕਿ ਉਨਾਂ ਜਾਣ-ਬੁਝ ਕੇ ਆਪਣਾ ਨਾਉਂ-ਥਾਉਂ ਨਹੀਂ ਦੱਸਿਆ ਕਦੇ ਕੁੱਝ ਕਹਿੰਦੇ ਹੋ ਕਦੇ ਕੁੱਝ ਕਹਿੰਦੇ ਹੋ । ਪਰ ਸ੍ਰੀ ਦਸਮ ਗ੍ਰੰਥ ਦਾ ਕਰਤਾ ਸਾਫ਼ ਦੱਸ ਰਿਹਾ ਹੈ:

**ਸਤ੍ਰਹ ਸੈ ਚੁਤਾਵਲ ਮੈਂ ਸਾਵਨ ਸੁਦਿ ਬੁਧਵਾਰ॥**
**ਨਗਰ ਪਾਂਵਟਾ ਮੋਂ ਤੁਮੋ ਰਚਿਯੋਂ ਗ੍ਰੰਥ ਸੁਧਾਰਿ॥**

(ਦਸਮ ਗ੍ਰੰਥ ਪੰਨਾ ੯੪੩)

ਅਰਥ: ਸੰਮਤ ੧੭੪੪ ਦੇ ਮਹੀਨਾ ਸਾਵਨ ਸੁਦੀ ਵਿਚ ਬੁੱਧਵਾਰ ਵਾਲੇ ਦਿਨ ਪਾਉਂਟਾ (ਸਾਹਿਬ) ਨਗਰ ਵਿਚ ਇਸ ਗ੍ਰੰਥ (ਕ੍ਰਿਸ਼ਨਾ ਅਵਤਾਰ) ਸੋਧ ਕੇ ਲਿਖਿਆ ਹੈ ।

(2) **ਸਤ੍ਰਹ ਸੈ ਪੈਤਾਲ ਮੇ ਸਾਵਨ ਸੁਦਿ ਥਿਤਿ ਦੀਪ॥**
**ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥**

(3) **ਸੰਮਤ ਸਤ੍ਰਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮ ਸੁਖ ਦਾਵਨ॥**
**ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ॥ ਭੂਲ ਪਰੀ ਲਹੁ ਲੇਹੁ ਸੁਧਾਰਾ॥੮੬੦॥**

(ਰਾਮਾ ਅਵਤਾਰ)

ਅਰਥ: ਬ੍ਰਿਕਮੀ ਸੰਮਤ ੧੭੫੫ ਹਾੜ੍ਹ ਵਦੀ ਪਹਿਲੀ ਥਿਤ ਜੋ ਸੁੱਖ ਦੇਣ ਵਾਲੀ ਹੈ । ਹੇ (ਅਕਾਲ ਪੁਰਖ) ਤੇਰੀ ਕਿਰਪਾ ਨਾਲ ਗ੍ਰੰਥ ਸੋਧ ਕੇ ਲਿਖਿਆ ਹੈ । ਪਾਠਕੋ ਕੋਈ ਗ਼ਲਤੀ ਰਹਿ ਗਈ ਹੋਵੇ ਤੁਸੀਂ ਸੁਧਾਰ ਕੇ ਪੜ੍ਹ ਲੈਣਾ । ਇਹ ਦਸਮੇਸ਼ ਪਿਤਾ ਦੀ ਮਾਨਸਿਕ ਗ਼ਰੀਬੀ ਦੀ ਇੰਤਹਾ ਹੈ ।

**ਨੇਤ੍ਰ ਤੁੰਗ ਕੇ ਚਰਨ ਤਰ ਸਤੱਦ੍ਰਵ ਤੀਰ ਤਰੰਗ॥**
**ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ॥੮੬੧॥**

(ਰਾਮਾ ਅਵਤਾਰ)

ਅਰਥ: ਨੈਣਾਦੇਵੀ ਦੇ ਪਹਾੜ ਦੇ ਪੈਰਾਂ ਵਿਚ ਜਿੱਥੇ ਸਤਲੁਜ ਦਰਿਆ ਵਗਦਾ ਹੈ ਉਸ ਦੇ ਕਿਨਾਰੇ (ਅਨੰਦਪੁਰ ਸਾਹਿਬ) ਪ੍ਰਭੂ ਕੀ ਕਿਰਪਾ ਸਦਕਾ ਪੂਰਾ ਕੀਤਾ ਇਹ ਰਾਮ ਕਥਾ ਦਾ ਪ੍ਰਸੰਗ ।

ਪਰ ਤੁਸੀਂ ਮੈਨੂੰ ਸਵਾਲਾਂ ਦੇ ਜਵਾਬ ਵਿਚ ਲਿਖ ਕੇ ਭੇਜਿਆ ਹੈ ਕੇ ਕਵੀ ਰਾਮ-ਸ਼ਾਮ ਨੇ ਜਾਣ-ਬੁਝ ਕੇ ਆਪਣਾ ਅਤਾ-ਪਤਾ ਨਹੀ ਦੱਸਿਆ । ਇਸ ਤੋਂ ਬੜੀ ਅਗਿਆਨਤਾ ਕਿ ਚਲਾਕੀ ਜਾਂ ਝੂਠ ਕੋਈ ਹੋ ਸਕਦਾ ਹੈ?

ਇਸ ਤੋਂ ਅੱਗੇ ਮਹਾਰਾਜ ਲਿਖਦੇ ਹਨ:

**ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦਿ॥**
**ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥੮੬੨॥**

(ਰਾਮਾ ਅਵਤਾਰ)

ਅਰਥ: ਕੌਣ ਸਾਧ ਹੈ, ਕੌਣ ਚੋਰ ਹੈ ਇਹ ਮੇਰੀ ਗਿਣਤੀ ਵਿਚ ਕੋਈ ਨਹੀਂ । ਇਸ ਵਾਦ-ਵਿਵਾਦ ਵਿਚ ਮੈਂ ਨਹੀਂ ਪੈਂਦਾ । ਪਰਮੇਸ਼ਰ ਦੀ ਕਿਰਪਾ ਸਦਕਾ ਇਹ ਗ੍ਰੰਥ ਇੱਥੇ ਪੂਰਾ ਕਰਦਾ ਹਾਂ ।

ਅੱਗੇ ਇਹ ਸਵੱਯਾ ਹੈ:

**ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥**
**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ॥**
**ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥**

(ਅੰਗ ੮੬੩)

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀ॥**

ਇਸ ਤੋਂ ਅੱਗੇ ਦੋਹਰਾ:

**ਸਗਲ ਦੁਆਰ ਕਉ ਛਾਡਿ ਕੈ ਗਹਜੋ ਤੁਹਾਰੋ ਦੁਆਰ॥**
**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥੮੬੪॥**

(ਰਾਮਾ ਅਵਤਾਰ)

ਸ. ਦਲਬੀਰ ਸਿੰਘ ਜੀ ਇਸ ਤੋਂ ਵਧੀਕ ਪ੍ਰਮਾਣ ਕੀ ਹੋਵੇਗਾ ਜਿਸ ਤੋਂ ਸਿੱਧ ਹੋਵੇਗਾ ਕਿ ਰਾਮ ਅਵਤਾਰ ਦੀ ਕਥਾ ਦਸਮੇਸ਼ ਕ੍ਰਿਤ ਹੈ । ਪਰ ਤੁਸੀਂ ਅਗਿਆਨਤਾ ਕਿ ਸ਼ਰਾਰਤ ਵੱਸ ਰਾਮ-ਸਯਾਮ ਕਵੀ ਦੀ ਰੱਟ ਲਾ ਰਖੀ ਹੈ । ਅੱਗੇ



ਕ੍ਰਿਸ਼ਨਾ ਅਵਤਾਰ ਦੇ ਅਰੰਭ ਵਿਚ ਲਿਖਦੇ ਹਨ:

**ਜੇ ਜੇ ਕਿਸਨ ਚਰਿਤ੍ਰ ਦਿਖਾਏ॥ ਦਸਮ ਬੀਚ ਸਭ ਭਾਖ ਸੁਨਾਇ॥**
**ਗਜਾਰਾ ਸਹਸ ਬਾਨਵੇ ਛੰਦਾ॥ ਕਹੇ ਦਸਮ ਪੁਰ ਬੈਠ ਆਨੰਦਾ॥੪॥**

(ਕ੍ਰਿਸ਼ਨਾ ਅਵਤਾਰ)

ਅਰਥਾਤ ਜਿਹੜੇ ਕੌਤਕ ਕ੍ਰਿਸ਼ਨ ਨੇ (ਮਥਰਾ ਵਿਚ) ਦਿਖਾਏ ਅਤੇ ਜੋ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਵਿਚ ਵਰਨਣ ਕੀਤੇ ਹਨ । ਉਨ੍ਹਾਂ ਵਿਚੋਂ ੧੧੫੨ ਛੰਦ ਮੈ ਅਨੰਦਪੁਰ ਬੈਠ ਕੇ ਲਿਖੇ ਹਨ । ਜਦ ਕਿ ਕ੍ਰਿਸ਼ਨਾ ਅਵਤਾਰ ਦੇ ਕੁੱਲ ੨੪੯੨ ਛੰਦ ਹਨ ਅਤੇ ਬਾਕੀ ਦੇ ਛੰਦ ਪਾਉਂਟਾ ਸਾਹਿਬ ਬੈਠ ਕੇ ਲਿਖੇ ਹਨ । ਜਿਸ ਦੀ ਬਾਬਤ ਇਸ ਰਚਨਾ ਦੇ ਅਖ਼ੀਰ ਵਿੱਚ ਲਿਖਿਆ ਹੈ ।

**ਸਤ੍ਰਹ ਸੈ ਪੈਤਾਲ ਮੈ ਸਾਵਨ ਸੁਦਿ ਥਿਤਿ ਦੀਪ॥**
**ਨਗਰ ਪਾਂਵਟਾ ਸੁਭ ਕਰਨ ਜਮੁਨਾ ਬਹੈ ਸਮੀਪ॥**

ਤੁਹਾਨੂੰ ਇਹ ਠੋਸ ਸਚਾਈ ਵਾਲੇ ਵਾਕ ਦਿਖਦੇ ਕਿਉਂ ਨਹੀ? ਅਤੇ ਇਨ੍ਹਾਂ ਨੂੰ ਪਾਠਕਾਂ ਤੋਂ ਲੁਕਾ ਕੇ ਕਿਉਂ ਰੱਖਦੇ ਹੋ? ਫਿਰ ਤੁਹਾਡੇ ਬਾਰੇ ਸਾਡੀ ਟਿੱਪਣੀ (ਕਾਮਰੇਡੀ ਸਿੱਖ) ਸੁਣ ਕੇ (ਤਿਲਮਲਾਉਂਦੇ) ਹੋ ਜਿਹੜਾ ਬੰਦਾ ਸਿੱਖੀ ਦੇ ਮੁਢਲੇ ਸਿਧਾਂਤ ਗੁਰਮੁਖ ਨਾਮ, ਦਾਨ, ਇਸ਼ਨਾਨ ਤੋਂ ਮੁਨਕਰ ਹੋਵੇ ਤੇ ਖੰਡਾ ਪਹੁਲ, ਨਿੱਤਨੇਮ, ਅੰਮ੍ਰਿਤ ਵੇਲੇ ਦੀ ਸੰਭਾਲ ਤੋਂ ਮੂੰਹ ਫੇਰੇ ਅਤੇ ਸਿੱਖੀ ਅਰਦਾਸ ਨੂੰ ਟਿੱਚਰਾਂ ਕਰੇ, ਉਸ ਨੂੰ ਹੋਰ ਕੀ ਕਹਾਂਗੇ?

ਸ. ਦਲਬੀਰ ਸਿੰਘ ਜੀ ! ਕਾਮਰੇਡਾਂ, ਨਾਸਤਿਕਾਂ ਦੀਆਂ ਕੋਈ ਅੱਡ ਕਲੌਨੀਆਂ ਜਾਂ ਬਸਤੀਆਂ ਨਹੀ, ਅਤੇ ਨਾ ਹੀ ਖ਼ਾਲਸੇ ਵਾਂਗ ਉਨ੍ਹਾਂ ਦੀ ਕੋਈ ਪਹਿਚਾਨ ਹੈ, ਇਨ੍ਹਾਂ ਦੇ ਵਰਤ-ਵਰਤਾਰੇ ਅਤੇ ਗੱਲ-ਬਾਤ ਤੋਂ ਹੀ ਪਤਾ ਲੱਗਦਾ ਹੈ।

ਤੁਹਾਡਾ ਗੁਰ ਭਾਈ ਇੰਦਰ ਸਿੰਘ ਘੱਗਾ ਨੇ ਸਿੱਖ ਕਲਚਰਲ ਐਂਡ ਰਲਿਜਨ ਅਕੈਡਮੀ, ਢਿੱਲੋਂ ਰੋਡ ਪਟਿਆਲਾ ਵਿਚ ਐਲਾਨਿਆ ਆਖਿਆ ਕਿ ਹੁਣ ਸਾਨੂੰ ਐਡੀਸ਼ਨ (ਬਿਜਲੀ ਦਾ ਬਲਬ ਈਜਾਦ ਕਰਨ ਵਾਲਾ ਵਿਗਿਆਨੀ) ਵਰਗਿਆਂ ਦੇ ਜਨਮ ਦਿਹਾੜੇ ਮਨਾਉਣੇ ਚਾਹੀਦੇ ਹਨ ਨਾ ਕਿ ਧਾਰਮਿਕ ਪੁਰਸ਼ਾਂ ਦੇ ।

'ਗਰੁੜ ਚੜੇ ਗੋਬਿੰਦ ਆਇਲੇ' ਨਾਮੀ ਟ੍ਰੈਕਟ ਵਿਚ ਜਿਸ ਤਰ੍ਹਾਂ ਇੰਦਰ ਸਿੰਘ ਘੱਗਾ ਨੇ ਗੁਰਬਾਣੀ ਦੇ ਤਰੋੜ-ਮਰੋੜ ਕੇ ਮਨਭਾਉਂਦੇ ਅਰਥ ਕਰ ਕੇ ਬਾਣੀ ਨੂੰ ਕਾਮਰੇਡੀ ਰੰਗ ਚਾੜ੍ਹਿਆ ਹੈ ਕੌਣ ਇਸ ਨੂੰ ਗੁਰੂ ਦਾ ਸਿੱਖ ਕਹੇਗਾ ? 'ਸੰਤਾਂ ਦੇ ਕੌਤਕ' ਦੇ ਕਰਤਾ ਸੁਖਵਿੰਦਰ ਸਿੰਘ ਸਭਰਾ ਨੇ ਆਪਣੀ ਕਿਤਾਬ 'ਸੁਖਮਨੀ ਦਰਸ਼ਨ' ਦੇ ਅੰਤ ਵਿਚ ਵਿਗਿਆਨ ਅਤੇ ਵਿਗਿਆਨੀਆਂ ਦੇ ਗੁਣ ਗਾਏ ਹਨ ਅਤੇ

ਮੇਰੀ ਕਿਤਾਬ 'ਕਾਮਰੇਡੀ ਸਿੱਖਾਂ ਦੇ ਕੌਤਕ ਭਾਗ ੧' ਦੇ ਜਵਾਬ ਵਿਚ 'ਸੰਤਾਂ ਦੇ ਕੌਤਕ' ਭਾਗ ਛੇਵਾਂ ਵਿਚ ਟ੍ਰੇਡ ਯੂਨੀਅਨਾਂ ਅਤੇ ਵਿਗਿਆਨੀਆਂ ਦੀ ਵਕਾਲਤ ਕੀਤੀ ਹੈ, ਪੜ੍ਹ ਕੇ ਦੇਖ ਲਵੋ, ਸਭ ਸੱਚ ਪ੍ਰਗਟ ਹੋ ਜਾਵੇਗਾ । 1977 ਵਿਚ ਜਦੋਂ ਮੈਂ ਜੋਧਪੁਰ ਬਦਲ ਕੇ ਲੁਧਿਆਣੇ ਆਇਆ ਤਾਂ ਮਿਸ਼ਨਰੀ ਕਲਾਸ ਜੁਆਇੰਨ ਕਰ ਲਈ । ਇਕ ਦਿਨ ਮੈ ਭਾਈ ਵੀਰ ਸਿੰਘ ਦੀ ਗੱਲ ਕਰ ਦਿੱਤੀ, ਪ੍ਰਿੰਸੀਪਲ ਹਰਭਜਨ ਸਿੰਘ ਸਿੱਖ ਮਿਸ਼ਨਰੀ ਕਾਲਜ ਕੂਚਾ ਫ਼ੀਲਡ ਗੰਜ ਨੇ ਕਿਹਾ, "ਉਹੋ ਭਾਈ ਵੀਰ ਸਿੰਘ ਜੋ ਪ੍ਰੋ. ਸਾਹਿਬ ਸਿੰਘ ਦਾ ਵਿਆਕਰਨ ਚੁਰਾ ਕੇ ਲੈ ਗਿਆ ਸੀ" ? ਤੁਸੀਂ ਹੁਣ ਆਪਣੀ ਲਿਖਤ ਵਿਚ ਭਾਈ ਵੀਰ ਸਿੰਘ ਨੂੰ ਸਰਕਾਰੀ ਸਿੱਖ ਲਿਖਿਆ ਹੈ ।

ਜਿਹੜੀਆਂ ਸੰਸਥਾਵਾ ਦੇ ਬੰਦੇ ਤੁਹਾਡੇ ਵਾਂਗ ਭਾਈ ਮਨੀ ਸਿੰਘ ਨੂੰ ਪੰਥ ਵਿਰੋਧੀ ਕਹਿਣ, ਭਾਈ ਵੀਰ ਸਿੰਘ ਵਰਗੇ ਸਰਬ ਪ੍ਰਵਾਨਿਤ ਹਸਤੀ ਨੂੰ ਚੋਰ ਜਾਂ ਸਰਕਾਰੀ ਸਿੱਖ ਕਹਿਣ, ਸੰਤ ਅਤਰ ਸਿੰਘ ਜੀ ਨੂੰ ਹੱਡਹਰਾਮ ਵਿਹਲੜ ਸਾਧ ਕਹਿਣ, ਜਦੋਂ ਕਿ ਭਾਈ ਕਾਨ੍ਹ ਸਿੰਘ ਦਾ ਮਹਾਨ ਕੋਸ਼ ਇਨ੍ਹਾਂ ਨੂੰ ਕਰਮ ਜੋਗੀ ਕਹੇ ਅਤੇ ਸੰਤ ਜੀ ਦੇ ਅਕਾਲ ਚਲਾਣੇ ਦੇ ਤਕਰੀਬਨ 100 ਸਾਲ ਪਿਛੋਂ ਹੁਣ ਯੂਨੀਵਰਸਟੀਆਂ ਦੇ ਰਿਟਾਇਰਡ ਵਾਈਸ ਚਾਂਸਲਰ, ਵਿਭਾਗਾਂ ਦੇ ਮੁਖੀ ਉਨ੍ਹਾਂ ਦੇ ਨਾਉਂ ਤੇ ਧਰਮ ਕਾਰਜ ਅਤੇ ਅਕੈਡਮੀਆਂ ਖੋਲ੍ਹਣ, ਉਨ੍ਹਾਂ ਦੀ ਤੁਸੀਂ ਨਿੰਦਾ ਕਰੋ, ਭਾਈ ਰਣਧੀਰ ਸਿੰਘ ਵਰਗੇ ਤੱਤ-ਵੇਤਾ ਖ਼ਾਲਸੇ ਨੂੰ ਬ੍ਰਾਹਮਣਵਾਦੀ ਕਹੋ । ਫਿਰ ਤੁਹਾਨੂੰ ਅਸੀਂ ਕਾਮਰੇਡ ਨਾ ਕਹੀਏ ਤਾਂ ਹੋਰ ਕੀ ਕਹੀਏ?

ਜਿਨ੍ਹਾਂ ਲਈ ਪੈਰ-ਪੈਰ ਤੇ ਝੂਠ ਬੋਲਣ ਵਾਲਾ, ਰਿਸ਼ਵਤਖੋਰ, ਬਲਾਤਕਾਰੀ ਸਜ਼ਾ-ਯਾਫਤਾ ਗੁਰਬਖਸ਼ ਸਿੰਘ ਕਾਲਾ ਅਫਗਾਨਾਂ ਸਿੱਖਾਂ ਦੀ ਅਕਾਸ਼ ਗੰਗਾ ਦਾ ਧ੍ਰੂ ਤਾਰਾ ਹੈ ਅਤੇ ਜੁਗਿੰਦਰ ਸਿੰਘ ਐਡੀਟਰ ਸਪੋਕਸਮੈਨ ਪੰਥ ਸੇਵਕ ਹੈ, ਉਨ੍ਹਾਂ ਸਭਨਾਂ ਲਈ ਸਭ ਤੋਂ ਢੁਕਵਾਂ ਸ਼ਬਦ ਕਾਮਰੇਡ ਹੀ ਹੈ ।

ਤੁਹਾਡੇ ਸਾਰੇ ਟੋਲੇ ਦੀ ਮਾਨਸਿਕਤਾ ਅਸੀਂ ਆਪਣੀਆਂ ਕਿਤਾਬਾਂ ਕਾਮਰੇਡੀ ਸਿੱਖਾਂ ਦੇ ਕੌਤਕ (ਭਾਗ ੧ ਅਤੇ ੨) 'ਸਭ ਦੁਸਟ ਝਖ ਮਾਰਾ' ਅਤੇ ਸ੍ਰੀ ਦਸਮ ਗ੍ਰੰਥ ਪ੍ਰਸ਼ਨੋਤਰੀ ਵਿਚ ਖੋਲ੍ਹ ਦਿੱਤੀ ਹੈ ਅਤੇ ਤੁਹਾਡੇ ਵਲੋਂ ਪਾਏ ਭਰਮ ਇਨ੍ਹਾਂ ਕਿਤਾਬਾਂ ਨੇ ਪਾਠਕਾਂ ਦੇ ਮਨਾਂ ਵਿਚੋ ਕੱਢ ਦਿਤੇ ਹਨ ਅਤੇ ਤੁਹਾਡੇ ਮਨਾਂ ਵਿੱਚ ਖਲਬਲੀ ਮੱਚ ਗਈ ਹੈ । ਇਕ ਪਾਸੇ ਤੁਸੀਂ ਆਪਣੀਆਂ ਲਿਖਤਾਂ ਵਿਚ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਨੂੰ ਪ੍ਰਮਾਣੀਕ ਮੰਨ ਕੇ ਉਨ੍ਹਾਂ ਦੇ ਹਵਾਲੇ ਦਿੰਦੇ ਹੋ ਦੂਸਰੇ ਆਪਣੀ ਪੁਸਤਕ (ਦਸਮ ਗ੍ਰੰਥ ਦੀ ਅਸਲੀਅਤ) ਦੇ ਪੰਨਾ ੫੧, ੫੨ ਤੇ ਭਾਈ ਸਾਹਿਬ ਦੀਆਂ ਕ੍ਰਿਤਾਂ ਦਾ ਖੰਡਨ ਕਰਦੇ ਹੋ । ਫਿਰ ਤੁਸੀਂ ਇਸ ਕਿਤਾਬ ਦਾ ਪੰਨ ੫੮ ਤੇ ਲਿਖਿਆ ਹੈ ਕਿ ਭਾਈ ਰਣਧੀਰ ਸਿੰਘ ਜੀ ਨੇ ਅਖੌਤੀ ਦਸਮ ਗ੍ਰੰਥ ਦਾ ਤੁੱਕ ਤਤਕਰਾ ਲਿਖਦਿਆਂ ਬਹੁਤ ਸਮਾਂ ਜ਼ਾਇਆ ਕੀਤਾ ਹੈ ।



ਇਹ ਤੁਹਾਡੀ ਅਗਿਆਨਤਾ ਹੈ ਜਾਂ ਸ਼ਰਾਰਤ ਜਾਂ ਕਿ ਕੋਰਾ ਝੂਠ, ਪਾਠਕ ਨਿਰਨਾ ਕਰ ਲੈਣਗੇ ਜਦੋਂ ਉਨਾਂ ਨੂੰ ਪਤਾ ਲੱਗ ਜਾਵੇਗਾ ਕਿ ਸ੍ਰੀ ਦਸਮ ਗ੍ਰੰਥ ਦਾ ਤੁੱਕ ਤਤਕਰਾ ਭਾਈ ਰਣਧੀਰ ਸਿੰਘ ਜੀ ਨੇ ਕੋਈ ਲਿਖਿਆ ਹੀ ਨਹੀਂ । ਇਹ ਭਾਈ ਕਾਨ੍ਹ ਸਿੰਘ ਜੀ ਦੇ ਸਪੁੱਤਰ ਭਾਈ ਭਗਵੰਤ ਸਿੰਘ ਜੀ ਉਰਫ 'ਹਰਿ ਜੀ' ਨੇ ਲਿਖਿਆ ਹੈ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪਿਆ ਹੈ ।

ਤੁਸੀਂ ਆਪਣੀ ਕਿਤਾਬ ਦੇ ਪੰਨਾ ੯ 'ਤੇ 'ਛਿਅ ਘਰ ਛਿਅ ਗੁਰ ਛਿਅ ਉਪਦੇਸ' ਪਦ ਦੇ ਅਰਥ ਕਰਦਿਆਂ ਲਿਖਿਆ ਹੈ "ਛਿਅ ਘਰ=ਛੇ ਉਪਨਿਸ਼ਦ (ਘਰ ਬਹੁਵਚਨ) ।" ਇੱਥੋਂ ਤੁਹਾਡੀ ਲਿਆਕਤ ਦਾ ਪਾਜ ਉੱਘੜ ਗਿਆ । ਜਿਸ ਨੂੰ ਇਹੀ ਨਹੀਂ ਪਤਾ ਕਿ ਛਿਅ ਘਰ ਛੇ ਸ਼ਾਤਰਾਂ ਦਾ ਸੂਚਕ ਹੈ ਅਤੇ ਇਹ ਭੀ ਨਹੀਂ ਪਤਾ ਕਿ ਉਪਨਿਸ਼ਦ ਕਿੰਨੇ ਹਨ ਉਹ ਦਸਮ ਗ੍ਰੰਥ ਬਾਰੇ ਕੀ ਲਿਖ ਸਕਦਾ ਹੈ? ਮਹਾਨ ਕੋਸ਼ ਅਨੁਸਾਰ ਉਪਨਿਸ਼ਦ ਕੁੱਲ ੧੭੦ ਹਨ ਪਰ ਪ੍ਰਮੁੱਖ ੧੦ ਹਨ । (ਮਹਾਨਕੋਸ਼ ਪੰਨਾ ੨੩)

ਅਜਿਹੀ ਅਕਲ ਦੀਆਂ ਕਸਵਟੀਆਂ ਬਣਾ ਕੇ ਦਸਮ ਗ੍ਰੰਥ ਨੂੰ ਪੜਚੋਲਣ ਵਾਲਿਆਂ ਦੇ ਸਿੱਟੇ ਤੁਹਾਡੇ ਵਰਗੇ ਹੀ ਹੋਣਗੇ ।

ਸ. ਦਲਬੀਰ ਸਿੰਘ ਜੀ ! ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਸਮਝਣਾ ਤੁਹਾਡੇ ਵੱਸ ਦੀ ਗੱਲ ਨਹੀਂ ਹੈ । ਕਿਉਂ ਆਪਣਾ ਕੀਮਤੀ ਸਮਾਂ ਬਰਬਾਦ ਕਰ ਕੇ ਪਾਠਕਾਂ ਨੂੰ ਗੁਮਰਾਹ ਕਰਕੇ ਕੁਰਾਹੇ ਪਾ ਰਹੇ ਹੋ ।
ਇਸ ਲਈ ਮੈ ਦੁਬਾਰਾ ਕਹਾਂਗਾ:

(1) ਝੂਠ ਬੋਲਣਾ ਛੱਡ ਦੇਵੋ ।

(2) ਜਬਲੀਆਂ ਮਾਰਨੀਆਂ ਛੱਡ ਦੇਵੋ ।

(3) ਪੰਥ ਵਿਚ ਦਸਮ ਗ੍ਰੰਥ ਦੇ ਨਾਉਂ ਤੇ ਪੁਆੜੇ ਪਾ ਕੇ ਖ਼ਾਨਾ-ਜੰਗੀ ਦੀ ਨੌਬਤ ਨਾ ਲਿਆਵੋ ।

(4) ਮਨ ਚਿਤ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਘੱਟੋ-ਘੱਟ ਪੰਜ ਪਾਠ ਕਰੋ । ਕੁਫ਼ਰਗੜ੍ਹ ਦੇ ਮਾਲਕ ਡਾ. ਰਤਨ ਸਿੰਘ ਜੱਗੀ ਦਾ ਪੱਲਾ ਛੱਡ ਕੇ ਕਿਸੇ ਗੁਣਵਾਨ, ਵਿਦਵਾਨ ਅਤੇ ਗੁਰਮੁਖ ਪਿਆਰੇ ਕੋਲੋਂ ਸੰਥਿਆ ਲੈ ਕੇ ਸ੍ਰੀ ਦਸਮ ਗ੍ਰੰਥ ਦਾ ਪਾਠ ਕਰੋ । ਸਭ ਭਰਮ ਭੁਲੇਖੇ ਦੂਰ ਹੋ ਜਾਣਗੇ ।

ਭੁੱਲਾਂ-ਚੁੱਕਾਂ ਲਈ ਖਿਮਾ-ਜਾਚਕ,

ਦਾਸ
ਕੰਵਰ ਅਜੀਤ ਸਿੰਘ

❀❀❀

## ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ ਨੂੰ ਕੁਝ ਸਵਾਲ



ਮਹਾਨ ਕੋਸ਼ ਦੇ ਪੰਨਾ 616 ਅਨੁਸਾਰ, ਸੂਝਵਾਨ ਅਤੇ ਵਿਦਵਾਨ ਬੰਦਿਆਂ ਲਈ ਇਹ ਇਕ ਸਰਵ ਪ੍ਰਵਾਨਿਤ ਤੱਥ ਹੈ ਕਿ ਦਸ਼ਮੇਸ਼ ਪਿਤਾ ਦੇ ਜੋਤੀ-ਜੋਤਿ ਸਮਾਉਣ ਪਿੱਛੋਂ, ਮਾਤਾ ਸੁੰਦਰ ਕੌਰ ਜੀ ਦੀ ਪ੍ਰੇਰਨਾ ਅਨੁਸਾਰ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਜਿੱਥੋਂ ਕਿੱਥੋਂ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਰਚਿਤ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਉਤਾਰੇ ਲੱਭ ਕੇ ਮੌਜੂਦਾ ਬੀੜ ਦਾ ਰੂਪ ਦਿੱਤਾ । ਇਸ ਬਾਰੇ ਮਿਸਲ ਕਾਲ ਤੋਂ ਲੈ ਕੇ 1930 ਤੱਕ, ਭਸੌੜ ਦੇ ਬਾਬੂ ਤੇਜਾ ਸਿੰਘ ਤੋਂ ਪਹਿਲਾਂ ਕਿਸੇ ਇਕ ਬੰਦੇ ਨੇ ਭੀ ਇਸ ਗ੍ਰੰਥ ਦੇ ਗੁਰੂ ਕ੍ਰਿਤ ਹੋਣ ਬਾਰੇ ਕੋਈ ਸ਼ੰਕਾ ਨਹੀਂ ਕੀਤਾ ਬਲਕਿ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਭਾਈ ਦੇਸਾ ਸਿੰਘ ਦੇ ਰਚਿਤ ਰਹਿਤਨਾਮੇ ਅਨੁਸਾਰ :

**ਦੁਹੂੰ ਗ੍ਰੰਥ ਮੈਂ ਬਾਨੀ ਜੋਈ । ਚੁਨ ਚੁਨ ਕੰਠ ਕਰੇ ਨਿਤ ਸੋਈ ।੩੮**

ਦੇ ਆਧਾਰ ਤੇ ਆਦਿਕਾਲ ਵਿਚ ਸਭ ਸਿੰਘ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਕਲਿਆਣਕਾਰੀ ਬਾਣੀ ਦਾ ਪਾਠ ਕਰਦੇ ਸਨ। ਇਸੇ ਆਧਾਰ 'ਤੇ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੇ ਨਿੱਤਨੇਮ ਨਾਲ ਪਾਠ ਕਰਨ ਦੀ ਹਿਦਾਇਤ ਦਿੱਤੀ ਗਈ ਹੈ । ਬਦਕਿਸਮਤੀ ਨਾਲ ਅਗਿਆਨਤਾ ਵੱਸ, ਹੁਣ ਕੁਝ ਸੱਜਣ ਇਸ ਤੋਂ ਇਨਕਾਰੀ ਹਨ । ਉਨ੍ਹਾਂ ਦਾ ਤਰਕ ਹੈ ਕਿ ਦਸਮੇਸ਼ ਪਿਤਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਗਏ ਹਨ, ਇਸ ਲਈ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਾਂਗੇ । ਇਸ ਸੰਦਰਭ ਵਿਚ ਅਸੀਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ ਨੂੰ ਕੁਝ ਸਵਾਲ ਪੁੱਛ ਰਹੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਵਿਰੋਧੀ ਧਿਰ ਇਸ ਬਾਰੇ ਆਪਣਾ ਪੱਖ ਪੇਸ਼ ਕਰਕੇ ਖ਼ਾਲਸਾ ਸਿੱਖ ਸੰਗਤ ਦੀ ਸੇਵਾ ਕਰਨਗੇ ।

1. ਤਕਰੀਬਨ ਚਾਲੀ ਸਾਲ ਤੋਂ ਉੱਪਰ ਗੁਰੂ ਸਾਹਿਬ ਦੀ ਸ਼ਰਨ ਵਿਚ ਰਹਿ ਕੇ, ਗੁਰੂ ਸਾਹਿਬ ਦੇ ਵਿਸ਼ਵਾਸਪਾਤਰ, ਜਿਨ੍ਹਾਂ ਦੇ ਖ਼ਾਨਦਾਨ ਨੂੰ ਦਸਮੇਸ਼ ਜੀ ਦੇ ਆਪਣੇ ਕਰ-ਕਮਲਾਂ ਨਾਲ ਲਿਖੇ ਹੁਕਮਨਾਮੇ ਵਿਚ ਲਿਖਿਆ ਹੈ:

"ਤੁਸੀਂ ਮੇਰੇ ਪੁੱਤਰ ਫ਼ਰਜ਼ੰਦ ਹੋ, ਤੁਸਾਂ ਉੱਪਰ ਮੇਰੀ ਖੁਸ਼ੀ ਹੈ" ਕੀ ਭਾਈ ਮਨੀ ਸਿੰਘ ਜੀ ਨੂੰ ਨਹੀਂ ਪਤਾ ਸੀ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਗੁਰੂ ਕ੍ਰਿਤ ਨਹੀਂ ਹਨ? ਅਤੇ ਹੁਣ 300 ਸਾਲ ਪਿੱਛੋਂ ਹੁਣ ਦੇ ਅਖੌਤੀ ਬੁੱਧੀਜੀਵੀ ਵਰਗ,

ਜਿਨ੍ਹਾਂ ਦਾ ਨਿੱਜੀ ਜੀਵਨ ਭਾਈ ਮਨੀ ਸਿੰਘ ਜੀ ਦੀ ਆਤਮਿਕ ਔਜ ਦੇ ਪਾਸਕੂ ਭੀ ਨਹੀਂ, ਉਨ੍ਹਾਂ ਨੂੰ ਹੁਣ ਪਤਾ ਲੱਗਾ ਹੈ ਕਿ ਇਹ ਅਖੌਤੀ ਕਿਸੇ ਰਾਮ, ਸਿਆਮ ਕਵੀ ਦੀ ਕ੍ਰਿਤ ਹੈ ।

2. ਜਿਹੜੀ ਕਸਵੱਟੀ ਵਰਤ ਕੇ ਹੁਣ ਇਸ ਗ੍ਰੰਥ ਨੂੰ ਖੰਡਣ ਕੀਤਾ ਜਾ ਰਿਹਾ ਹੈ ਕੀ ਇਹ ਕਸਵੱਟੀ ਭਾਈ ਮਨੀ ਸਿੰਘ ਕੋਲ ਨਹੀਂ ਸੀ? ਜਾਂ ਭਾਈ ਸਾਹਿਬ ਨੂੰ ਇਹ ਕਸਵੱਟੀ ਨਾਲ ਪਰਖਣ ਦੀ ਅਕਲ ਨਹੀਂ ਸੀ?

3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਵਾਹਿਗੁਰੂ ਜੀ ਫ਼ਤਹਿ, ਬੋਲੇ ਸੋ ਨਿਹਾਲ ਦਾ ਜੈਕਾਰਾ, ਗੁਰਦਵਾਰਾ ਸਾਹਿਬ ਵਿਚ ਨਿਸ਼ਾਨ ਸਾਹਿਬ ਲਾਉਣ ਲਈ ਕਿੱਥੇ ਦਰਜ ਹੈ? ਤੁਸੀਂ ਕਿਸ ਆਧਾਰ 'ਤੇ ਇਨ੍ਹਾਂ ਗੱਲਾਂ ਨੂੰ ਪ੍ਰਵਾਨ ਕੀਤਾ ਹੈ?

4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਜਪਣ ਅਤੇ ਕੀਰਤਨ ਕਰਨ ਲਈ ਸਪਸ਼ਟ ਆਦੇਸ਼ ਹੈ । ਪਰ ਤੇਗ਼ ਚਲਾਉਣ ਲਈ ਕਿੱਥੇ ਲਿਖਿਆ ਹੈ? ਜਦਕਿ ਪੰਥ ਵਿਚ ਆਦਿ ਕਾਲ ਤੋਂ ਦੇਗ਼ ਤੇਗ਼ ਫ਼ਤਹਿ ਦਾ ਬੋਲਾ ਪ੍ਰਵਾਨ ਹੈ । ਇਸੇ ਤਰ੍ਹਾਂ ਅਰਦਾਸ ਵਿਚ ਹਮੇਸ਼ਾ ਪੜ੍ਹਦੇ ਹਾਂ ।

ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੇ ਜੀ ਵਾਹਿਗੁਰੂ ਜਦਕਿ ਇਹ ਬੋਲਾ ਸ੍ਰੀ ਦਸਮ ਗ੍ਰੰਥ ਵਿਚ ਦਰਜ ਹੈ:

**ਦੇਗ ਤੇਗ ਜਗ ਮੈ ਦੋਊ ਚਲੈ॥ ਰਾਖ ਆਪ ਮੁਹਿ ਅਉਰ ਨਾ ਦਲੈ॥**

(ਕ੍ਰਿਸਨ ਅਵਤਾਰ ਛੰਦ ੪੩੬)

5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਣੀ ਦੇ ਰਚੈਤਾ ਗੁਰੂਆਂ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਕੀ ਪਤਾ ਚਲਦਾ ਹੈ? ਜਦਕਿ ਬਚਿੱਤ੍ਰ ਨਾਟਕ ਵਿੱਚੋਂ ਸਾਰੇ ਗੁਰੂ ਸਾਹਿਬਾਨ ਤੋਂ ਇਲਾਵਾ ਦਸਮੇਸ਼ ਪਿਤਾ ਜੀ ਦੀ ਭੂਆ ਦੇ ਪੰਜੇ ਪੁੱਤਰਾਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵੇਰਵਾ ਵੀ ਮਿਲਦਾ ਹੈ ।

6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਸਿੱਖ ਨੂੰ ਦਇਆ, ਧੀਰਜ ਅਤੇ ਖਿਮਾਂ ਲਈ ਪ੍ਰੇਰ ਰਹੀ ਹੈ:

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥**

**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥** (ਅੰਗ ੧੩੭੮)

ਪਰ ਬਚਿੱਤ੍ਰ ਨਾਟਕ ਤੋਂ ਉਪਦੇਸ਼ ਮਿਲਦਾ ਹੈ:

**ਜਬੈ ਬਾਣ ਲਾਗਿਯੋ ਤਬੈ ਰੋਸ ਜਾਗਿਯੋ॥**

(ਬਚਿਤ੍ਰ ਨਾਟਕ ਭੰਗਾਣੀ ਜੁੱਧ ਅਧਿਆਏ ੩੧॥)

ਅਤੇ ਖ਼ਾਲਸਾ ਪੰਥ ਦਾ ਪਿਛਲਾ ੩੦੦ ਸਾਲ ਦਾ ਇਤਿਹਾਸ ਇਸੇ ਵੀਚਾਰਧਾਰਾ ਦੇ ਦੁਆਲੇ ਘੁੰਮ ਰਿਹਾ ਹੈ । ਤੁਸੀਂ ਇਸ ਨੂੰ ਕਿਸ ਤਰ੍ਹਾਂ ਨਕਾਰ ਦੇਵੋਗੇ ।

7. ਦਸਮੇਸ਼ ਜੀ ਦੇ ਜੀਵਨ ਸੰਬੰਧਿਤ ਘਟਨਾਵਾਂ ਦਾ ਵੇਰਵਾ, ਭੰਗਾਣੀ ਦਾ ਯੁੱਧ, ਨਦੌਣ ਅਤੇ ਹੁਸੈਨੀ ਯੁੱਧ, ਪਾਉਂਟਾ ਸ਼ਹਿਰ ਦਾ ਵਸਾਉਣਾ, ਗੁਰਦੁਆਰਾ ਸ਼ੇਰਗਾਹ ਦਾ ਇਤਿਹਾਸ ਬਚਿੱਤ੍ਰ ਨਾਟਕ ਤੋਂ ਇਲਾਵਾ ਕਿੱਥੋਂ ਮਿਲੇਗਾ?

8. ਦਸਮੇਸ਼ ਪਿਤਾ ਦੇ ਸਮਕਾਲੀ ਸਾਰੇ ਕਵੀ ਆਪਣੀਆਂ ਰਚਨਾਵਾਂ ਵਿਚ ਆਪਣੇ ਪਿੰਡ, ਆਪਣੀ ਕੁੱਲ ਅਤੇ ਹੋਰ ਕਾਫ਼ੀ ਕੁਝ ਆਪਣੀ ਪਹਿਚਾਣ ਦੱਸਣ ਬਾਰੇ ਲਿਖਦੇ ਸੀ, ਪਰ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਚਾਰੇ ਜਾ ਰਹੇ ਅਖੌਤੀ ਰਾਮ ਅਤੇ ਸਿਆਮ ਕਵੀ ਇਨ੍ਹਾਂ ਗੱਲਾਂ ਬਾਰੇ ਚੁੱਪ ਕਿਉਂ ਹਨ? ਜਦਕਿ ਦਸਮੇਸ਼ ਪਿਤਾ ਇਸ ਗ੍ਰੰਥ ਦੇ ਰਚੈਤਾ ਹੋਣ ਦੇ ਦਾਅਵੇ ਆਪਣੇ ਪਿਤਾ, ਪਿੰਡ, ਕੁੱਲ ਅਤੇ ਗੁਰ ਪ੍ਰਣਾਲੀ ਸੰਬੰਧਿਤ ਹੋਣ ਦਾ ਵੇਰਵਾ ਸਾਫ਼-ਸਾਫ਼ ਲਿਖ ਰਹੇ ਹਨ । ਇਸ ਤੋਂ ਇਲਾਵਾ ਰਾਮਾ ਅਵਤਾਰ, ਕ੍ਰਿਸ਼ਨਾ ਅਵਤਾਰ ਅਤੇ ਹੋਰ ਰਚਨਾਵਾਂ ਨਾਲ ਸੰਬੰਧਿਤ ਅਸਥਾਨ ਅਤੇ ਸੰਮਤ ਭੀ ਦੱਸ ਰਹੇ ਹਨ ।

9. ਕਲਗੀਧਰ ਮਹਾਰਾਜ ਦੇ ਜੀਵਨ ਸਬੰਧਿਤ ਰਚਨਾਵਾਂ ਵਿਚ ਮਹਾਰਾਜ ਨੇ ਉੱਤਮ ਪੁਰਖ ਵਿਚ ਗੱਲਾਂ ਕੀਤੀਆਂ ਹਨ ।

**ਅਬ ਮੈ ਅਪਨੀ ਕਥਾ ਬਖਾਨੋ॥**

**ਤਪ ਸਾਧਤ ਜਿਹ ਬਿਧਿ ਮੁਹਿ ਆਨੋ॥੧॥** (ਬਚਿਤ੍ਰ ਨਾਟਕ ਅਧਿਆਏ ੬)

**ਜੋ ਹਮ ਕੋ ਪਰਮੇਸਰ ਉਚਰਿਹੈਂ॥**

**ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥ ੩੨॥** (ਬਚਿਤ੍ਰ ਨਾਟਕ ਅਧਿਆਏ ੪)

**ਮੈ ਹੋਂ ਪਰਮ ਪੁਰਖ ਕੋ ਦਾਸਾ॥**

**ਦੇਖਨਿ ਆਯੋ ਜਗਤ ਤਮਾਸਾ॥੩੩॥** (ਬਚਿਤ੍ਰ ਨਾਟਕ ਅਧਿਆਏ ੪)

ਦਸਮੇਸ਼ ਪਿਤਾ ਤੋਂ ਬਿਨਾਂ ਕਿਹੜਾ ਕਵੀ ਇੰਞ ਲਿਖ ਸਕਦਾ ਹੈ? ਕਿਸ ਕਵੀ

ਨੇ ਭੰਗਾਣੀ, ਹੁਸੈਨੀ ਅਤੇ ਨਾਦੌਣ ਆਦਿ ਦੇ ਜੰਗ ਕੀਤੇ ਹਨ? ਕਿਸ ਕਵੀ ਨੇ ਪਾਉਂਟਾ ਸਾਹਿਬ, ਸ਼ੇਰ ਮਾਰਿਆ ਸੀ? ਜਿਸ ਦੀ ਯਾਦ ਵਿਚ ਗੁਰਦਵਾਰਾ ਸ਼ੇਰਗਾਹ ਸਥਾਪਿਤ ਹੈ ।

10. ਦੇਸ ਅਜ਼ਾਦ ਹੋਣ ਤੋਂ ਪਹਿਲਾਂ ਸਭ ਰਾਜਿਆਂ ਦੇ ਦਰਬਾਰ ਵਿਚ ਕਵੀ ਹੁੰਦੇ ਸੀ, ਜੋ ਰਾਜਿਆਂ ਦੇ ਸਿਰ 'ਤੇ ਪਲਦੇ ਸੀ । ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਵਿਚ ਆਪਣੇ ਮਾਲਕਾਂ ਦੀਆਂ ਸਿਫ਼ਤਾਂ ਭਰੀਆਂ ਹੁੰਦੀਆਂ ਸਨ । ਇਹੀ ਹਾਲ ਦਸਮੇਸ਼ ਜੀ ਦੇ ਦਰਬਾਰੀ ਕਵੀਆਂ ਦਾ ਹੈ । ਭਾਈ ਨੰਦ ਲਾਲ ਜੀ, ਕਵੀ ਸੈਨਾਪਤਿ, ਅੰਮ੍ਰਿਤ ਰਾਯ ਲਾਹੌਰੀ ਆਦਿ ਨੇ ਆਪਣੀਆਂ ਰਚਨਾਵਾਂ ਵਿਚ ਦਸਮੇਸ਼ ਪਿਤਾ ਦੀਆਂ ਰੱਜ ਕੇ ਸਿਫ਼ਤਾਂ ਕੀਤੀਆਂ ਹਨ । ਕੀ ਕਾਰਨ ਹੈ ਕਿ ਦਸਮ ਗ੍ਰੰਥ ਦੇ ਅਖੌਤੀ ਰਾਮ, ਬਿਆਮ ਕਵੀ ਨੇ ਸਾਰੇ ਗ੍ਰੰਥ ਵਿਚ ਨਾ ਤਾਂ ਆਪਣੇ ਪਾਲਕ ਦਾ ਨਾਉਂ ਲਿਖਿਆ ਹੈ ਨਾ ਹੀ ਦਸਮੇਸ਼ ਪਿਤਾ ਦੀ ਤਾਰੀਫ਼ ਵਿਚ ਇਕ ਭੀ ਲਾਈਨ ਹੀ ਲਿਖੀ ।

11. ਜਿਸ ਤਰ੍ਹਾਂ ਸ੍ਰੀ ਦਸਮ ਗ੍ਰੰਥ ਵਿਚ ਜਗ੍ਹਾ-ਜਗ੍ਹਾ ਇਸਲਾਮਿਕ ਸਿਧਾਂਤਾਂ ਦਾ ਖੰਡਣ ਕੀਤਾ ਹੈ:

**ਮਹਾਦੀਨ ਤਬ ਪ੍ਰਭ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥**
**ਤਿਨ ਭੀ ਏਕੁ ਪੰਥੁ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ॥੨੭॥**

(ਬਚਿਤ੍ਰ ਨਾਟਕ ਅਧਿਆਏ ੬)

**ਪ੍ਰੀਤਿ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ॥੧੦੦**

(ਬਚਿਤ੍ਰ ਨਾਟਕ ਅਧਿਆਏ ੧)

ਔਰੰਗਜ਼ੇਬ ਦੇ ਰਾਜ ਕਾਲ ਵਿਚ ਕੋਈ ਇਕ ਵੀ ਹਿੰਦੂ ਕਵੀ ਐਸਾ ਹੈ ਜਿਸ ਨੇ ਅਜਿਹੀ ਕਟਾਖਸ਼ ਇਸਲਾਮ 'ਤੇ ਕੀਤੀ ਹੋਵੇ?

12. ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਜਗ੍ਹਾ-ਜਗ੍ਹਾ ਸਨਾਤਨ ਧਰਮ ਦੀਆਂ ਪੁਸਤਕਾਂ ਬੇਦ, ਸ਼ਾਸਤਰ ਆਦਿ ਦਾ ਖੰਡਨ ਹੈ ਕੀ ਕੋਈ ਹਿੰਦੂ ਕਵੀ ਇਸ ਤਰ੍ਹਾਂ ਕਰ ਸਕਦਾ ਹੈ?

**ਏਕ ਸਿਵ ਭਏ ਏਕ ਗਏ ਏਕ ਫੇਰ ਭਏ**
**ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ ॥**
**ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ**
13. **ਸਿੰਮਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈ॥**



**ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,**
**ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈ॥**
**ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਕੇਤੇ**
**ਭੂਮ ਹੀ ਤੇ ਹੁਇਕੈ ਫੇਰਿ ਭੂਮ ਹੀ ਮਿਲਏ ਹੈ॥**॥੨॥੨੨॥

(ਅਕਾਲ ਉਸਤਤ)

ਕਿਹੜਾ ਸ਼ਿਵ ਭਗਤ ਰਾਮ ਜਾਂ ਸਿਆਮ ਕਵੀ ਇਹ ਲਿਖ ਸਕਦਾ ਹੈ? ਇਸੇ ਤਰ੍ਹਾਂ

**ਜਿਤੇ ਰਾਮ ਹੁਇ॥ ਸਭੈ ਅੰਤ ਮੂਏ॥**
**ਜਿਤੇ ਕ੍ਰਿਸਨ ਹੁਇ ਹੈ॥ ਸਭੈ ਅੰਤ ਜੈ ਹੈ॥੨॥**
**ਜਿਤੇ ਦੇਵ ਹੋਸੀ॥ ਸਭੈ ਅੰਤ ਜਾਸੀ॥**
**ਜਿਤੇ ਬੋਧ ਹੁਇ ਹੈ॥ ਸਭੈ ਅੰਤ ਛੈ ਹੈਂ॥੧੧॥**

(ਬਚਿਤ੍ਰ ਨਾਟਕ ਅਧਿਆਏ ੧)

ਕਿਹੜਾ ਹਿੰਦੂ ਕਵੀ ਇਹ ਲਿਖੇਗਾ?

14. ਦਸਮੇਸ਼ ਪਿਤਾ ਦੇ ਸਮੇਂ ਦੀ ਕੋਈ ਉਦਾਹਰਣ ਦੱਸੋ ਜਿੱਥੇ ਕਿਸੇ ਹਿੰਦੂ ਵਿਦਵਾਨ ਨੇ ਆਪਣੀ ਲਿਖਤ ਅਰੰਭ ਕਰਨ ਤੋਂ ਪਹਿਲਾਂ ਗਣੇਸ਼, ਸਰਸਵਤੀ ਦੇਵੀ ਆਦਿ ਨੂੰ ਨਾ ਧਿਆਇਆ ਹੋਵੇ ।

15. ਜਦ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਸਾਰੀਆਂ ਰਚਨਾਵਾਂ ੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ, ਸ੍ਰੀ ਅਕਾਲ ਜੀ ਸਹਾਇ ਜਾਂ ੧ੳ ਸਤਿਗੁਰ ਪ੍ਰਸਾਦਿ ਦੇ ਮੰਗਲਾਚਰਨ ਨਾਲ ਸ਼ੁਰੂ ਹੁੰਦੀਆਂ ਹਨ ।

16. ਕ੍ਰਿਸ਼ਨਾ ਅਵਤਾਰ ਦੇ ਚੀਰ ਹਰਨ ਦੇ ਕਾਂਡ ਵਿਚ ਕ੍ਰਿਸ਼ਨ ਜੀ ਦੀਆਂ ਜੋ-ਜੋ ਅਠਕੇਲੀਆਂ ਵਰਨਨ ਕੀਤੀਆਂ ਹਨ ਕਿਹੜਾ ਹਿੰਦੂ ਕਵੀ ਇਸ ਤਰ੍ਹਾਂ ਸਪਸ਼ਟ ਵਰਨਣ ਕਰੇਗਾ?

17. ਕੀ ਕਿਸੇ ਗ੍ਰੰਥ ਦਾ ਉਲੱਥਾ ਕਰਨ ਨਾਲ ਜਾਂ ਕਿਸੇ ਵਾਰਤਾ ਨੂੰ ਆਪਣੇ ਵੀਚਾਰਾਂ ਦੀ ਪੁਸ਼ਾਕ ਪਹਿਨਾ ਕੇ ਪੇਸ਼ ਕਰਨ ਨਾਲ ਲੇਖਕ ਦਾ ਧਰਮ ਜਾਂ ਇਸ਼ਟ ਬਦਲ ਜਾਂਦਾ ਹੈ?

18. ਕੀ ਜਪੁ ਜੀ ਸਾਹਿਬ ਦਾ ਟੀਕਾ ਕਰਨ ਵਾਲੇ ਓਸ਼ੋ ਰਜਨੀਸ਼, ਵਿਨੋਵਾ ਭਾਵੇ, ਖ਼ਵਾਜਾ ਦਿਲ ਮੁਹੰਮਦ ਅਤੇ ਗੰਜੇ ਸ਼ਹੀਦਾਂ (ਸਾਕਾ ਸਰਹੰਦ) ਲਿਖਣ ਵਾਲੇ ਸਿੱਖ ਬਣ

ਗਏ ?

ਇਸੇ ਤਰ੍ਹਾਂ ਜਦ ਦਸ਼ਮੇਸ਼ ਪਿਤਾ ਨੇ ਆਪ ਹੀ ਲਿਖ ਦਿੱਤਾ ਕਿ ਆਹ ਰਚਨਾ ਮਾਰਕੰਡੇ ਪੁਰਾਣ ਵਿੱਚੋਂ ਹੈ ਅਤੇ ਆਹ ਰਚਨਾ ਸ੍ਰੀਮਦ ਭਾਗਵਤ ਪੁਰਾਣ ਵਿੱਚੋਂ ਹਨ। ਫਿਰ ਕਿਸ ਆਧਾਰ 'ਤੇ ਦਸਮੇਸ਼ ਪਿਤਾ ਨੂੰ ਅਵਤਾਰਵਾਦ ਦਾ ਮੰਡਨ ਵਾਲਾ ਕਿਹਾ ਜਾ ਰਿਹਾ ਹੈ?

19. ਜੇ ਦਸਮੇਸ਼ ਜੀ ਨੇ ਕੋਈ ਰਚਨਾ ਕੀਤੀ ਹੀ ਨਹੀਂ ਤਾਂ ਫਿਰ ਕੀ ਕਰਦੇ ਰਹੇ? ਇਹੋ ਗੱਲ 1978 ਵਿਚ ਨਿਰੰਕਾਰੀ ਬਾਬੇ ਨੇ ਸ੍ਰੀ ਅੰਮ੍ਰਿਤਸਰ ਵਿਚ ਖੁੱਲ੍ਹੇ ਤੌਰ 'ਤੇ ਕੀਤੀ ਕਿ ਗੁਰੂ ਗੋਬਿੰਦ ਸਿੰਘ ਨੂੰ ਅਧਿਆਤਮਿਕਵਾਦ ਦਾ ਕੋਈ ਗਿਆਨ ਨਹੀਂ ਸੀ । ਉਹ ਸਾਰੀ ਉਮਰ ਜਾਂ ਸ਼ਿਕਾਰ ਮਾਰਦੇ ਰਹੇ ਜਾਂ ਲੜਾਈਆਂ ਲੜਦੇ ਰਹੇ ।

20. ਕੀ ਪ੍ਰਿੰਸੀਪਲ ਹਰਭਜਨ ਸਿੰਘ (ਮਿਸ਼ਨਰੀ ਕਾਲਜ) ਤੋਂ ਪਹਿਲਾਂ ਦੇ ਸਾਰੇ ਵਿਦਵਾਨ ਡਾ. ਭਾਈ ਵੀਰ ਸਿੰਘ ਜੀ, ਭਾਈ ਜੋਧ ਸਿੰਘ ਜੀ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਕਾਨ੍ਹ ਸਿੰਘ ਜੀ, ਪ੍ਰੋ. ਸਾਹਿਬ ਸਿੰਘ, ਸਿਰਦਾਰ. ਕਪੂਰ ਸਿੰਘ, ਅਕਾਲੀ ਕੌਰ ਸਿੰਘ ਅਤੇ ਇਸ ਤੋਂ ਪਹਿਲਾਂ ਦੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਆਦਿ ਇਸ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਵਾਲੇ ਸਭ ਬੇਵਕੂਫ਼ ਸਨ?

21. ਦਸਮ ਗ੍ਰੰਥ ਵਿਰੋਧੀਆਂ ਦੀ ਕਸਵੱਟੀ,

**ਜਬ ਲਗ ਖ਼ਾਲਸਾ ਰਹੈ ਨਿਆਰਾ,**
**ਤਬ ਲਗ ਤੇਜ ਦੀਯੋ ਮੈਂ ਸਾਰਾ॥**
**ਜਬ ਯਹ ਗਹੈਂ ਬਿਪਰਨ ਕੀ ਰੀਤ,**
**ਮੈਂ ਨ ਕਰਉ ਇਨ ਕੀ ਪਰਤੀਤ॥**

ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸ ਅੰਗ 'ਤੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਦਯਾ, ਧਰਮ, ਸਤ, ਸੰਤੋਖ-ਧਾਰ ਕੇ ਨਾਮ ਜਪਣ ਨਾਲ ਸੰਤ ਬਣਨ ਲਈ ਪ੍ਰੇਰਣਾ ਦੇ ਰਹੀ ਹੈ ਪਰ ਦਸਮ ਗ੍ਰੰਥ ਦੀ ਬਾਣੀ ਸਿੱਖ ਨੂੰ ਨਾਮ ਜਪਣ ਅਤੇ ਖੜਗ ਚਲਾਉਣ ਵਾਲਾ ਸੰਤ ਸਿਪਾਹੀ ਬਣਨ ਲਈ ਪ੍ਰੇਰਣਾ ਦੇ ਰਹੀ ਹੈ ।

**ਧੰਨ ਜੀਓ ਤਿਹਕੋ ਜਗ ਮੈ; ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥**
**ਦੇਹ ਅਨਿਤ ਨ ਨਿੱਤ ਰਹੈ; ਜਸੁ ਨਾਵ ਚੜੈ ਭਵ ਸਾਗਰ ਤਾਰੈ॥**



**ਧੀਰਜ ਧਾਮ ਬਨਾਇ ਇਹੈ ਤਨ; ਬੁੱਧਿ ਸੁ ਦੀਪਕ ਜਿਉ ਉਜੀਆਰੈ**
**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤੁਰਤਾ ਕੁਤਵਾਰ ਬੁਹਾਰੈ॥**

(ਕ੍ਰਿਸ਼ਨਾ ਅਵਤਾਰ ੨੪੯੨)

ਅਜਿਹੀ ਵੰਨਗੀ ਵਾਲੇ ਉਪਦੇਸ਼ ਦਾ ਸੁਮੇਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਥੇ ਹੈ?

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥**

(ਅੰਗ ੧੧੮੫)

ਇਸ ਪਵਿੱਤਰ ਉਪਦੇਸ਼ ਦੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਚਰਨ ਗੰਗਾ ਵਿਚ ਹੌਲਾ ਮਹੱਲੇ ਵਾਲੇ ਜੰਗੀ ਕਰਤਬ ਅਤੇ ਸ਼ਸਤਰ ਅਭਿਆਸ, ਜੋ ਦਸਮੇਸ਼ ਪਿਤਾ ਨੇ ਸਿੱਖਾਂ ਕੋਲੋਂ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਥੇ ਲਿਖਿਆ ਹੈ?

23. ਪਿਛਲੀ ਸਦੀ ਦੇ ਵੀਹ ਸਾਲ ਦੇ ਖ਼ਾਲਸਾਈ ਸੰਘਰਸ਼ ਵਿਚ ਦਸਮ ਗ੍ਰੰਥ ਦੇ ਵਿਰੋਧੀਆਂ ਦਾ ਕੀ ਯੋਗਦਾਨ ਹੈ? ਜਦਕਿ ਸ਼ਹੀਦ ਡਾਇਰੈਕਟਰੀ ਅਨੁਸਾਰ ਸਾਕਾ ਨੀਲਾ ਤਾਰਾ ਵੇਲੇ ਦਰਬਾਰ ਸਾਹਿਬ ਅੰਦਰ ਸ਼ਹੀਦੀਆਂ ਪਾਉਣ ਵਾਲੇ 80% ਸਿੰਘ ਸ੍ਰੀ ਦਸਮ ਗ੍ਰੰਥ ਨੂੰ ਮੰਨਣ ਵਾਲੇ ਦਮਦਮੀ ਟਕਸਾਲ ਦੇ ਸਿੰਘ ਸਨ ਬਾਕੀ ਕਾਰ ਸੇਵਾ ਵਾਲੇ, ਅਖੰਡ ਕੀਰਤਨੀ ਜਥਾ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਨ ।

24. ਪਿਛਲੀ ਸਦੀ ਦਾ ਸਰਵ ਪ੍ਰਮਾਣਿਤ ਸ਼੍ਰੋਮਣੀ ਸਿੱਖ, ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਭੀ ਅਨੁਆਈ ਸੀ । ਕੀ ਇਹ ਝੂਠ ਹੈ? ਅਤੇ ਜਿਹੜਾ ਗ੍ਰੰਥ ਅਜਿਹੇ ਸੂਰਬੀਰ ਪੰਥ ਨੂੰ ਦਿੰਦਾ ਹੈ, ਉਸ ਨੂੰ ਖੰਡਣ ਵਾਲਿਆਂ ਲਈ ਸਹੀ ਜਗ੍ਹਾ ਸ੍ਰੀ ਅੰਮ੍ਰਿਤਸਰ ਜੀ ਦਾ ਮੈਂਟਲ ਹਸਪਤਾਲ ਹੈ।

**ਸ੍ਰੀ ਦਸਮ ਗ੍ਰੰਥ ਸਾਹਿਬ ਦੀ ਵੀਚਾਰਧਾਰਾ:**

**ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥**
**ਆਦਿ ਪੁਰਖ ਅਬਗਤ ਅਬਿਨਾਸੀ॥**
**ਲੋਕ ਚੱਤ੍ਰ ਦਸ ਜੋਤਿ ਪ੍ਰਕਾਸੀ॥੧॥**
**ਅਨਹਦ ਰੂਪ ਅਨਾਹਦ ਬਾਨੀ॥**
**ਚਰਨ ਸਰਨ ਜਿਹ ਬਸਤ ਭਵਾਨੀ॥**

ਬ੍ਰਹਮਾ ਬਿਸਨ ਅੰਤੁ ਨਹੀ ਪਾਇਓ ॥
ਨੇਤ ਨੇਤ ਮੁਖ ਚਾਰ ਬਤਾਇਓ ॥ ੫ ॥ (ਅਕਾਲ ਉਸਤਤ)
ਏਕ ਸਿਵ ਭਏ ਏਕ ਗਏ ਏਕ ਫੇਰ ਭਏ
ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈ ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈ ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇਕੈ ਫੇਰਿ ਭੂਮ ਹੀ ਮਿਲਏ ਹੈ ॥ ੭ ॥ ॥ ੭੭ (ਅਕਾਲ ਉਸਤਤ)
ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥
ਰੁਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤਿ ਮੂਏ ॥ ੨੭ ॥ (ਬਚਿਤ੍ਰ ਨਾਟਕ ਅਧਿਆਏ ੧)
ਮਹਾਦੇਵ ਅਚੁੱਤ ਕਹਵਾਯੋ ॥
ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ ॥ ੮ ॥ (ਬਚਿਤ੍ਰ ਨਾਟਕ ਅਧਿਆਏ ੬)
ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ।
ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥
ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗੁ ਤਿਨੀ ਤਨੁ ਤਾਇਆ ॥



ਕਿਨੀ ਤੇਰਾ ਅੰਤੁ ਨ ਪਾਇਆ ॥ ੨ ॥ (ਚੰਡੀ ਦੀ ਵਾਰ)

ਸ੍ਰੀ ਦਸਮ ਗ੍ਰੰਥ ਜੀ ਦੇ ਕਰਤਾ ਦੇ ਇਸ਼ਟ ਜੋ ਉਨ੍ਹਾਂ ਦੀਆਂ ਰਚਨਾਵਾਂ ਵਿਚ ਦਰਜ ਹੈ।

**ਕ੍ਰਿਸ਼ਨਾ ਅਵਤਾਰ**

ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨਹਿ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥
(ਕ੍ਰਿਸ਼ਨਾ ਅਵਤਾਰ)
ਕਾਲ ਪੁਰਖ ਦੀ ਦੇਹਿ ਮੋ ਕੋਟਿਕ ਬਿਸਨ ਮਹੇਸ ॥
ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥ ੧ ॥ (ਚਤ੍ਰ ਦਸਵੋਂ)
ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤਮਰੀ ਕਰਿ
ਮੈ ਨ ਕਹਯੋ ਸਬ ਤੋਹਿ ਬਖਾਨਯੋ ॥ ੮੬੩ ॥ (ਰਾਮਾ ਅਵਤਾਰ)

**੩੩ ਸ੍ਵੱਯੇ**

ਜੌ ਕਹੋ ਰਾਮ ਅਜੋਨਿ ਅਜੈ ਅਤਿ;
ਕਾਹੇ ਕੋ ਕੌਸਲ ਕੁੱਖ ਜਯੋ ਜੂ ॥
ਕਾਲ ਹੂ ਕਾਨ੍ਹ ਕਹੈ ਜਿਹਿ ਕੋ;
ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੰਤ ਸਰੂਪ ਬਿਬੈਰ ਕਹਾਇ;
ਸੁ ਕਯੋਂ ਪਥ ਕੋ ਰਥ ਹਾਂਕ ਧਯੋ ਜੂ ॥
ਤਾਹੀ ਕੋ ਮਾਨਿ ਪ੍ਰਭੂ ਕਰਿਕੈ;
ਜਿਹ ਕੋ ਕੋਊ ਭੇਦ ਨ ਲੇ ਨ ਲਯੋ ਜੂ ॥ ੧੩ ॥ (੩੩ ਸ੍ਵੱਯੇ)
ਕਯੋਂ ਕਹੁ ਕ੍ਰਿਸਨ ਨਿਧ ਹੈ;
ਕਿਹ ਕਾਜ ਤੇ ਬਧਕ ਬਾਣੁ ਲਗਾਯੋ ॥
ਅਉਰ ਕੁਲੀਨ ਉਧਾਰਤ ਜੋ;

ਕਿਹ ਤੇ ਅਪਨੋ ਕੁਲ ਨਾਸ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ;
ਕਿਮ ਦੇਵਕੀ ਕੇ ਜਠਰੰਤਰ ਆਯੋ ॥
ਤਾਤ ਨ ਮਾਤ ਕਹੈ ਜਿਹਕੋ;
ਤਿਹ ਕਯੋਂ ਬਸੁਦੇਵਹਿ ਬਾਪ ਕਹਾਯੋ ॥੧੪॥ (੩੩ ਸ੍ਵੈਯੇ)
ਕਾਹੇ ਕੋ ਏਸ ਮਹੇਸਹਿ ਭਾਖਤ;
ਕਾਹੇ ਦਿਜੇਸ ਕੋ ਏਸ ਬਖਾਨਯੋ ॥
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ;
ਤੈ ਜਿਨ ਕੋ ਬਿਸ੍ਵਨਾਥ ਪਛਾਨਯੋ ॥
ਏਕ ਕੋ ਛਾਡਿ ਅਨੇਕ ਭਜੈ;
ਸੁਕਦੇਵ ਪਰਾਸਰ ਬਜਾਸ ਝੁਠਾਨਯੋ ॥
ਫੋਕਟ ਧਰਮ ਸਜੇ ਸਭ ਹੀ;
ਹਮ ਏਕ ਹੀ ਕੌ ਬਿਧ ਨੈਕ ਪ੍ਰਮਾਨਯੋ ॥੧੫॥ (ਤੇਤੀ ਸ੍ਵੈਯੇ)
ਕੋਊ ਦਿਜੇਸ ਕੌ ਮਾਨਤ ਹੈ;
ਅਰੁ ਕੋਊ ਮਹੇਸੁ ਕੋ ਏਸ ਬਤੈ ਹੈ ॥
ਕੋਊ ਕਹੈ ਬਿਸਨੋ ਬਿਸਨਾਇਕ;
ਜਾਹਿ ਭਜੇ ਅਘ ਓਘ ਕਟੈ ਹੈ ॥
ਬਾਰ ਹਜਾਰ ਬਿਚਾਰ ਅਰੇ ਜੜ;
ਅੰਤ ਸਮੈ ਸਭ ਹੀ ਤਜਿ ਜੇ ਹੈ ॥
ਤਾਹੀ ਕੋ ਧਯਾਨ ਪ੍ਰਮਾਨ ਹੀਏ;
ਜੋਊ ਥੇ ਅਬ ਹੈ, ਅਰੁ ਆਗੈ ਊ ਹ੍ਵੈਹੈ ॥ ੧੬॥ (ਤੇਤੀ ਸ੍ਵੈਯੇ)

ŒŒŒ

## ਗੁਰਮਤਿ ਵਿਚਾਰ ਕੇਂਦਰ ਦੀ ਸੇਵਾ ਦਾ ਵੇਰਵਾ

ਪਿਛਲੇ ਤਕਰੀਬਨ ਬਾਰਾਂ ਸਾਲਾਂ ਤੋਂ, ਸਿੱਖ ਧਰਮ ਦੇ ਇਤਿਹਾਸ, ਸਿੱਖੀ ਸਿਧਾਂਤ, ਗੁਰ ਸ਼ਬਦ ਵੀਚਾਰ ਅਤੇ ਚਲੰਤ ਮਾਮਲਿਆਂ ਬਾਰੇ ਛੋਟੇ-ਛੋਟੇ ਟ੍ਰੈਕਟ ਲਿਖ



ਕੇ, ਧਾਰਮਿਕ ਜੋੜ-ਮੇਲਿਆਂ 'ਤੇ ਭੇਟਾ ਰਹਿਤ ਵੰਡੇ ਜਾ ਰਹੇ ਹਨ । ਇਨ੍ਹਾਂ ਟ੍ਰੈਕਟਾਂ ਦੀ ਗਿਣਤੀ ਹੁਣ 106 ਤੱਕ ਪੁੱਜ ਗਈ ਹੈ । ਰਣਜੀਤ ਨਗਰ, ਸਿਊਨਾ ਰੋਡ ਦੇ ਗੁਰਦੁਆਰਾ ਸਾਹਿਬ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸ਼ੁੱਧ ਉਚਾਰਣ ਦੀ ਸੰਥਿਆ ਦੀ ਸੇਵਾ ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਹੈ । ਬਗ਼ੈਰ ਕਿਸੇ ਫ਼ੀਸ ਤੋਂ ਬੱਚਿਆਂ ਨੂੰ ਕੀਰਤਨ ਸਿਖਾਇਆ ਜਾ ਰਿਹਾ ਹੈ ਅਤੇ ਪਿਛਲੇ ਚਾਰ ਸਾਲਾਂ ਤੋਂ ਗਰਮੀਆਂ ਦੀਆ ਛੁੱਟੀਆਂ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਕੈਂਪ ਲਗਾਇਆ ਜਾ ਰਿਹਾ ਹੈ । ਇਸ ਤੋਂ ਇਲਾਵਾ ਸਮੇਂ-ਸਮੇਂ ਬੱਚਿਆਂ ਨੂੰ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਭੀ ਕਰਾਏ ਜਾਂਦੇ ਹਨ । ਸਿੱਖੀ ਪ੍ਰਚਾਰ ਅਤੇ ਸਿੱਖ ਵਿਰੋਧੀ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਹੇਠ ਲਿਖੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ:

1. ਸਭ ਦੁਸਟ ਝਖ ਮਾਰਾ
   (ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦਾ ਉੱਤਰ)
2. ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਿਕ ਅਤੇ ਅਧਿਆਤਮਿਕ ਪੱਖ
3. ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤ੍ਰੀ
4. ਕਾਮਰੇਡੀ ਸਿੱਖਾਂ ਦੇ ਕੌਤਕ ਭਾਗ-1(ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ
5. ਕਾਮਰੇਡੀ ਸਿੱਖਾਂ ਦੇ ਕੌਤਕ ਭਾਗ-2 ਸਿੰਘ ਸਭਰਾ ਦੀਆਂ ਲਿਖਤਾਂ ਦਾ ਉੱਤਰ)
6. "ਸਤਿਗੁਰ ਬਾਝਹੁ ਗੁਰ ਨਹੀ ਕੋਈ" (ਪਖੰਡੀ ਗੁਰੂਆਂ ਬਾਰੇ)
7. "ਗੰਜੇ ਸ਼ਹੀਦਾਂ" ਕ੍ਰਿਤ ਜੋਗੀ ਅਲ੍ਹਾ ਯਾਰ ਖਾਂ (ਔਖੇ ਅੱਖਰਾਂ ਦੇ ਅਰਥਾਂ ਸਮੇਤ)
8. ਗਿਆਨੀ ਦਿੱਤ ਸਿੰਘ ਦਾ ਸਾਧੂ ਦਯਾ ਨੰਦ ਨਾਲ ਸੰਵਾਦ
9. ਬਾਬੇ ਦੀ ਬਗ਼ਦਾਦ ਫੇਰੀ (ਅੱਖੀਂ ਦੇਖੀ, ਹੱਡ ਬੀਤੀ)
10. ਤੇ ਸੰਤ ਭਲੇ ਗੁਰ ਸਿੱਖ ਹੈ
11. ਅਬਿਨਾਸੀ ਲੀਲਾ
    ਹੁਣ ਤੱਕ ਦੇ ਛਪੇ ਟ੍ਰੈਕਟਾ ਨੂੰ ਇਕੱਠਾ ਕਰਕੇ ਚਾਰ ਭਾਗਾਂ ਵਿਚ ਵੰਡ ਕੇ ਛਪੀਆਂ ਪੁਸਤਕਾਂ:
12. ਗੁਰਮਤਿ ਸੇਧਾਂ ਭਾਗ 1 ......ਗੁਰੂ ਅਤੇ ਗੁਰਬਾਣੀ ਵੀਚਾਰ
13. ਗੁਰਮਤਿ ਸੇਧਾਂ ਭਾਗ 2...... ਰਹਿਤ ਮਰਯਾਦਾ
14. ਗੁਰਮਤਿ ਸੇਧਾਂ ਭਾਗ 3......ਇਤਿਹਾਸ ਬਾਰੇ
15. ਨਕਲੀ ਸਿੱਖ ਪ੍ਰਬੋਧ ਲੇਖ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ
16. ਪੰਥ ਕਰੂਗਾ ਫ਼ੈਸਲਾ

## ਸੰਸਥਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਮਿਲਣ ਦਾ ਪਤਾ

1. ਗੁਰਮਤਿ ਪੁਸਤਕ ਭੰਡਾਰ (31 ਨੰ. ਵਾਲੇ), 154 ਘੰਟਾ ਘਰ ਮਾਰਕੀਟ, ਅੰਮ੍ਰਿਤਸਰ ਮੋ. 98726-58302
2. ਸਿੰਘ ਬ੍ਰਦਰਜ਼, ਅੰਮ੍ਰਿਤਸਰ ।
3. ਡਾ. ਅਨੋਖ ਸਿੰਘ ਚੀਨੀ ਹਸਪਤਾਲ, ਬੀਬੀ ਵਾਲਾ ਰੋਡ, ਗਲੀ ਨੰ. 4, ਬਠਿੰਡਾ- ਮੋ. 94172-40974
4. ਸ. ਜਗਜੀਵਨ ਸਿੰਘ ਸਪੁੱਤਰ ਸ. ਵਕੀਲ ਸਿੰਘ, ਮਕਾਨ ਨੰ. 23593, ਹਰਬੰਸ ਨਗਰ, ਬਠਿੰਡਾ -ਮੋ. 94634-37236, 79801-131124
5. ਬਾਬਾ ਜੋਧ ਸਿੰਘ, ਨਿਰਮਲ ਆਸ਼ਰਮ, ਰਿਸ਼ੀਕੇਸ਼, ਉਤਰਾਖੰਡ । ਮੋ. 098379-99919
6. ਸ. ਚਰਨਰਜੀਤ ਸਿੰਘ ਸੰਧੂ, 1024, G.H 13. D.D.A. F-5 Flates Paschim Vihar New Delhi -87. Mb.098719-39422
   ਫੋਨ: 011-25285662, 098719-39422
7. ਗੁਰਦੁਆਰਾ ਦੂਖਨਿਵਾਰਨ ਸਹਿਬ ਪਟਿਆਲਾ ਦੀ ਦੁਕਾਨ ਨੰ. 13 ਅਤੇ ਦੁਕਾਨ ਨੰ. 15 ਤੋਂ ਮਿਲ ਸਕਦੀਆਂ ਹਨ ।
8. ਭਾਈ ਸੁਖਜਿੰਦਰ ਸਿੰਘ ਜੌੜਾ ਮੁੱਖ ਸੰਪਾਦਕ 'ਸਿੱਖ ਸੋਚ' 246-ਸੀ ਰਾਜਗੁਰੂ ਨਗਰ ਲੁਧਿਆਣਾ । ਮੋ. ਨੰ. 98150-32200